*ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ*

*SHABAD is an International Quarterly of Literature, Art and Culture*

# ਸ਼ਬਦ

**ਸਾਲ : 18** | **ਪੂ : ਲੜੀ : 72** | **ਅਕਤੂਬਰ-ਦਸੰਬਰ, 2015**



*ਮੁੱਖ ਸੰਪਾਦਕ*

**ਹਰਜੀਤ ਅਟਵਾਲ**

Email: harjeetatwal@yahoo.co.uk

harjeetatwal@gmail.com

Mobile : 00447782-265726

**ਪ੍ਰੇਮ ਮਾਨ**

Ph. 001-860-983-5002

Email:premmann@yahoo.com

**ਹਰਮਹਿੰਦਰ ਚਹਿਲ**

Email : chahals57@yahoo.com

Ph. 001-703-362-3239

*ਸੰਪਾਦਕ*

**ਜਿੰਦਰ**

984, Rajput Nagar, Model House,

Near Surinder Welding Works, Jalandhar-144003

Mobile : 98148 03254

Email : jinder340@gmail.com

*Managing Editor*

***Shiv, Vinod Kumar***

ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ

984, Rajput Nagar, Model House,

Near Surinder Welding Works, Jalandhar-144003



**ਵਿਸ਼ੇਸ਼ ਨੋਟ** : ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ*** : ਪੰਜ ਹਜ਼ਾਰ ਰੁਪਏ



ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।


## ਮੇਰਾ ਪੰਨਾ

ਕਹਿੰਦੇ ਹਨ ਕਿ ਘਰੋਂ ਬਾਹਰ ਨਿਕਲਣ ਵਾਲਾ ਵਿਅਕਤੀ ਉਸ ਵਿਅਕਤੀ ਨਾਲੋਂ ਬੁੱਧੀਮਾਨ ਹੁੰਦਾ ਹੈ ਜਿਸਨੇ ਕਦੇ ਸਰਦਲ ਤੋਂ ਬਾਹਰ ਪੈਰ ਨਾ ਰੱਖਿਆ ਹੋਵੇ। ਘਰੋਂ ਬਾਹਰ ਨਿਕਲਣਾ ਜਾਂ ਸਫਰ ਕਰਨਾ ਇਨਸਾਨ ਲਈ ਬਹੁਤ ਜ਼ਰੂਰੀ ਹੈ। ਸਫਰ ਕਰਨਾ ਤੁਹਾਡੀ ਬੁੱਧੀ ਤੇ ਯੋਗਤਾ ਨੂੰ ਤਿੱਖਿਆਂ ਕਰਦਾ ਹੈ। ਤੁਸੀਂ ਦੂਜੇ ਲੋਕਾਂ ਦੇ ਗੁਣ-ਔਗੁਣ ਦੇਖਦੇ ਆਪਣੇ ਗੁਣਾਂ ਉੱਤੇ ਮਾਣ ਮਹਿਸੂਸ ਕਰਨ ਲਗਦੇ ਹੋ। ਦੁਨੀਆਂ ਦੇਖਣ ਨਾਲ ਦੁਨੀਆਂ ਦੀਆਂ ਉਹ ਬਹੁਤ ਸਾਰੀਆਂ ਚੰਗੀਆਂ-ਮਾੜੀਆਂ ਗੱਲਾਂ ਨੂੰ ਸਮਝਣ ਦਾ ਮੌਕਾ ਮਿਲਦਾ ਹੈ ਜਿਹਨਾਂ ਤੋਂ ਤੁਸੀਂ ਅਣਜਾਣ ਹੁੰਦੇ ਹੋ। ਵੈਸੇ ਵੀ ਦੁਨੀਆਂ ਵਿਚ ਵਾਪਰ ਰਹੇ ਬਾਰੇ ਅਖਬਾਰਾਂ ਪੜ੍ਹਕੇ ਜਾਂ ਟੈਲੀ ਦੇਖਕੇ ਉਹ ਅਨੁਭਵ ਨਹੀਂ ਹਾਸਲ ਹੁੰਦਾ ਜੋ ਉਥੇ ਹਾਜ਼ਰ ਹੋ ਕੇ ਹੁੰਦਾ ਹੈ। ਭਾਵ ਕਿ ਪਰਦੇ ਉਪਰ ਠੰਢਾ ਪਾਣੀ ਦੇਖਣਾ ਜਾਂ ਪੈਰਾਂ ਦੀਆਂ ਉਂਗਲਾਂ ਦਰਮਿਆਨ ਰੇਤ ਦੇਖਣਾ ਤੇ ਇਹਨਾਂ ਨੂੰ ਸਰੀਰਕ ਤੌਰ 'ਤੇ ਮਹਿਸੂਸ ਕਰਨਾ ਦੋ ਵੱਖ ਵੱਖ ਪ੍ਰਕਿਰਿਆਵਾਂ ਹਨ। ਸੋ ਜ਼ਿੰਦਗੀ ਵਿਚ ਸਫਰ ਕਰਨਾ ਬਹੁਤ ਮਹੱਤਵਪੂਰਨ ਹੈ। ਇਥੇ ਸਫਰ/ਟਰੈਵਲ ਕਰਨਾ, ਟੂਰਿਜ਼ਮ/ਛੁੱਟੀਆਂ ਜਾਂ ਸੈਰਾਂ ਕਰਨਾ ਅਲੱਗ ਅਲੱਗ ਮਾਇਨੇ ਰੱਖਦੇ ਹਨ। ਕਿਸੇ ਚੀਜ਼ ਨੂੰ ਸਮਝਣ ਲਈ ਉਸਦੇ ਵਿਚ ਵਿਚਰਨਾ ਬਹੁਤ ਜ਼ਰੂਰੀ ਹੁੰਦਾ ਹੈ। ਗਾਂਧੀ ਨੇ ਆਜ਼ਾਦੀ ਦੀ ਲੜਾਈ ਵਿੱਢਣ ਤੋਂ ਪਹਿਲਾਂ ਸਾਰੇ ਹਿੰਦੁਸਤਾਨ ਦਾ ਦੌਰਾ ਕੀਤਾ ਸੀ।

ਸਫਰ ਕਰਨਾ ਆਮ ਬੰਦੇ ਲਈ ਹੀ ਬਹੁਤ ਮਹੱਤਵਪੂਰਨ ਹੈ ਤੇ ਇਹ ਇਕ ਲੇਖਕ ਲਈ ਤਾਂ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਕਿਸੇ ਚੀਜ਼ ਨੂੰ ਸਮਝਣ ਲਈ ਉਸ ਵਿਚ ਦੀ ਲੰਘਣਾਂ ਬਹੁਤ ਜ਼ਰੂਰੀ ਹੁੰਦਾ ਹੈ। ਵੱਡੇ ਵੱਡੇ ਲੇਖਕ ਕਿਸੇ ਮਸਲੇ ਬਾਰੇ, ਕਿਸੇ ਜਗ੍ਹਾ ਬਾਰੇ ਲਿਖਣ ਤੋਂ ਪਹਿਲਾਂ ਉਸ ਬਾਰੇ ਭਰਪੂਰ ਜਾਣਕਾਰੀ ਹਾਸਲ ਕਰਨੀ ਬਹੁਤ ਜ਼ਰੂਰੀ ਸਮਝਦੇ ਹਨ। ਹੈਮਿੰਗਵੇ ਨੇ 'ਬੁੱਢਾ ਤੇ ਸਮੁੰਦਰ' ਲਿਖਣ ਤੋਂ ਪਹਿਲਾਂ ਸੈਨਟਿਆਗੋ ਜਾਕੇ ਰਹਿਣਾ ਸ਼ੁਰੂ ਕਰ ਦਿੱਤਾ ਸੀ। ਸਗੋਂ ਮਛੇਰਿਆਂ ਦੀ ਜੀਵਨ-ਸ਼ੈਲੀ ਨੂੰ ਸਮਝਣ ਲਈ ਉਥੇ ਰਹਿਣ ਲਈ ਇਕ ਘਰ ਵੀ ਖਰੀਦ ਲਿਆ ਸੀ। ਮਾਕਰਟਵੈਨ ਵੀ ਐਦਾਂ ਹੀ ਕਰਦਾ ਸੀ। ਬਹੁਤ ਸਾਰੇ ਲੇਖਕ ਇਕ ਨਾਵਲ ਇਕ ਜਗ੍ਹਾ ਬੈਠ ਕੇ ਲਿਖਦੇ ਹਨ ਤੇ ਅਗਲਾ ਨਾਵਲ ਲਿਖਣ ਲਈ ਉਹਦੇ ਥਾਂ ਜਗ੍ਹਾ ਬਦਲ ਲੈਂਦੇ ਹਨ। ਚੰਗੇ ਲੇਖਕ ਜਾਣਦੇ ਹਨ ਕਿ ਉਹੀ ਲਿਖਣਾ ਚਾਹੀਦਾ ਹੈ ਜਿਸ ਬਾਰੇ ਤੁਹਾਨੂੰ ਸਹੀ ਸਹੀ ਅਨੁਭਵ ਹੋਵੇ। ਤੁਸੀਂ ਦੂਜੀ ਥਾਵੇਂ ਜਾਵੋਂਗੇ, ਨਵੇਂ ਲੋਕਾਂ ਨੂੰ ਮਿਲੋਂਗੇ, ਤੁਹਾਨੂੰ ਪਤਾ ਚਲੇਗਾ ਕਿ ਉਹ ਕਿਵੇਂ ਰਹਿੰਦੇ ਹਨ। ਕਿਵੇਂ ਰੋਂਦੇ-ਹੱਸਦੇ, ਜਾਗਦੇ ਸੌਂਦੇ, ਜੰਮਦੇ-ਮਰਦੇ ਹਨ। ਜਿੰਨਾ ਅਨੁਭਵ ਅਮੀਰ ਹੋਵੇਗਾ ਓਨੀ ਹੀ ਲਿਖਤ ਮਜ਼ਬੂਤ ਹੋਵੇਗੀ। ਬਾਬੇ ਨਾਨਕ ਨੇ ਚਾਰ ਉਦਾਸੀਆਂ ਕੀਤੀਆਂ ਤਾਂ ਹੀ ਤਾਂ ਉਹ ਸਿੱਧ ਗੋਸ਼ਟੀ ਕਰਨ ਕਾਬਲ ਹੋਇਆ। ਬ੍ਰਹਿਮੰਡ ਬਾਰੇ ਆਪਣੇ ਵਿਗਿਆਨਕ ਵਿਚਾਰ ਦੇਣ ਯੋਗ ਹੋਇਆ। ਤੇ ਸਦੀਵੀ ਕਵਿਤਾ ਲਿਖ ਸਕਿਆ। ਦੇਵਿੰਦਰ ਸਤਿਆਰਥੀ ਦਾ ਸਭ ਤੋਂ ਵੱਡਾ ਕੰਮ ਹਿੰਦੁਸਤਾਨ ਘੁੰਮਕੇ ਲੋਕਗੀਤ ਇਕੱਠੇ ਕਰਨਾ ਮੰਨਿਆਂ ਜਾਂਦਾ ਹੈ। ਨੋਬਲ ਪ੍ਰਾਈਜ ਜੇਤੂ ਵੀ. ਐਸ. ਨਾਯਪਾਲ ਨੇ India : A Million Mutinies Now ਤੋਂ ਪਹਿਲਾਂ ਭਾਰਤ 'ਚ ਕਈ ਸਾਲ ਬਿਤਾਏ ਸਨ। The Masque of Africa ਲਿਖਣ ਲਈ ਉਸ ਨੂੰ ਕੰਡਿਆਂ 'ਤੇ ਤੁਰਣਾ ਪਿਆ ਸੀ। William Dalrymple ਦੀ Nine Lives ਵੀ ਇਕ ਬਹੁਤ ਉੱਚ ਪਾਏ ਦੀ ਪੁਸਤਕ ਹੈ।ਸੋ ਸਫਰ ਕਰਨਾ ਤੁਹਾਡੇ ਦਿਮਾਗ ਵਿਚ ਜਾਣਕਾਰੀ ਭਰਦਾ ਹੈ। ਨਵੇਂ ਸਮਾਜਾਂ-ਸਭਿਆਚਾਰਾਂ, ਬੋਲੀਆਂ ਬਾਰੇ ਪਤਾ ਚਲਦਾ ਹੈ। ਲੇਖਕ ਦੀ ਸ਼ਬਦਾਵਲੀ ਵਿਚ ਨਵੇਂ ਸ਼ਬਦ ਵੀ ਆਉਂਦੇ ਹਨ।

ਪੰਜਾਬੀ ਦੇ ਲੇਖਕਾਂ ਲਈ ਵੀ ਸਫਰ ਕਰਨਾ ਬਹੁਤ ਜ਼ਰੂਰੀ ਹੈ ਪਰ ਇਹਨਾਂ ਦੇ ਹਿੱਸੇ ਇਹ ਨਹੀਂ ਆਇਆ। ਪੰਜਾਬੀ ਦੇ ਬਹੁਤ ਘੱਟ ਲੇਖਕ ਹਨ ਜੋ ਤਜਰਬਾ ਹਾਸਲ ਕਰਨ ਲਈ ਘੁੰਮਦੇ ਹੋਣ। ਗੁਰਦਿਆਲ ਸਿੰਘ, ਅਣਖੀ ਤੇ ਹੋਰ ਬਹੁਤ ਸਾਰੇ ਲੇਖਕ ਘਰਾਂ ਵਿਚ ਬੈਠੇ ਵੱਡੇ

ਵੱਡੇ ਨਾਵਲ ਲਿਖਦੇ ਰਹੇ। ਇਸ ਸਮੇਂ ਦੇ ਲਿਖੇ ਨਾਵਲਾਂ ਵਿਚ ਕੁਝ ਵੱਲ-ਫੇਰ ਨਾਲ ਇਕੋ ਕਹਾਣੀ ਹੀ ਲਿਖੀ ਜਾਂਦੀ ਰਹੀ ਹੈ। ਇਕੋ ਜਿਹਾ ਮਹੌਲ ਤੇ ਇਕੋ ਜਿਹੇ ਪਾਤਰ ਹੁੰਦੇ ਹਨ। ਉਹੀ ਜ਼ਰ-ਜ਼ੋਰੂ-ਜ਼ਮੀਨ ਤਕ ਸੀਮਤ ਕਨਸੈਪਟ। ਇਥੇ ਇਸ ਗੱਲ ਦਾ ਵਰਨਣ ਗਲਤ ਨਹੀਂ ਹੋਵੇਗਾ ਕਿ ਪਰਵਾਸੀ ਲੇਖਕਾਂ ਨੇ ਵੱਖ-ਵੱਖ ਵਿਸ਼ਿਆਂ ਨਾਲ ਪੰਜਾਬੀ ਸਾਹਿਤ ਨੂੰ ਕਾਫੀ ਅਮੀਰ ਬਣਾਇਆ ਹੈ। ਇਹ ਇਸੇ ਕਰਕੇ ਕਿ ਉਹ ਨਵੀਆਂ ਨਵੀਆਂ ਥਾਵਾਂ 'ਤੇ ਪੁੱਜੇ ਹਨ। ਇਥੇ ਅਸੀਂ ਇਕ ਵਾਰ ਸਫਰ/ਟਰੈਵਿਲ ਤੇ ਟੂਰਿਜ਼ਮ/ਛੁੱਟੀਆਂ ਵਿਚ ਫਰਕ ਸਾਫ ਕਰ ਦੇਈਏ। ਸਫਰ ਕਰਨਾ ਕਿਸੇ ਥਾਂ ਨੂੰ ਸਮਝਣਾ ਵੀ ਹੁੰਦਾ ਹੈ। ਛੁੱਟੀਆਂ ਕਟਣਾ ਇਕ ਤਫਰੀਹ ਹੈ। ਇਸੇ ਤਫਰੀਹ ਵਿਚੋਂ ਜਸਵੰਤ ਸਿੰਘ ਕੰਵਲ ਦਾ ਨਾਵਲ 'ਬਰਫ ਦੀ ਅੱਗ' ਨਿਕਲਿਆ ਸੀ ਜੋ ਇਕ ਵੱਡੇ ਲੇਖਕ ਦੀ ਨਿਹਾਇਤ ਕਮਜ਼ੋਰ ਰਚਨਾ ਸੀ। ਕਈ ਲੇਖਕ ਰਿਸ਼ਤੇਦਾਰਾਂ ਜਾਂ ਲੇਖਕਾਂ ਨੂੰ ਮਿਲਣ ਗਏ ਜਾਂ ਕਾਨਫਰੰਸਾਂ ਵਿਚ ਹਿੱਸਾ ਲੈਣ ਗਏ ਵਾਪਸ ਮੁੜ ਕੇ ਸਫਰਨਾਮਾ ਲਿਖ ਮਾਰਦੇ ਹਨ। ਇਹਨਾਂ ਵਿਚੋਂ ਬਹੁਤੇ ਸਫਰਨਾਮਿਆਂ ਨੂੰ ਪਰੌਂਠਾਨਾਮਾ ਦਾ ਖਿਤਾਬ ਹੀ ਦਿੱਤਾ ਜਾਂਦਾ ਰਿਹਾ ਹੈ।

ਇਹ ਵੀ ਸੱਚ ਹੈ ਕਿ ਸਫਰ ਬਹੁਤ ਮਹਿੰਗੇ ਹੁੰਦੇ ਹਨ ਪਰ ਅੱਜਕੱਲ੍ਹ ਬਹੁਤੇ ਲੇਖਕ ਨੌਕਰੀ ਪੇਸ਼ਾ ਹਨ ਤੇ ਤਨਖਾਹਾਂ ਠੀਕ ਠਾਕ ਹਨ ਤੇ ਸਫਰ 'ਤੇ ਨਿਕਲਿਆ ਜਾ ਸਕਦਾ ਹੈ। ਲੇਖਕਾਂ ਨੂੰ ਹੁਣ ਡਰਾਇੰਗ ਰੂਮਾਂ ਵਿਚੋਂ ਬਾਹਰ ਨਿਕਲਣ ਦੀ ਲੋੜ ਹੈ। ਅਸੀਂ ਸਮਝਦੇ ਹਾਂ ਕਿ ਇਹ ਅੰਤਰ-ਰਾਸ਼ਟਰੀ ਕਾਨਫਰੰਸਾਂ ਸਭ ਫਜ਼ੂਲ ਹਨ। ਇਹਨਾਂ ਦੇ ਪ੍ਰਬੰਧਕਾਂ ਨੇ ਜੇ ਕੁਝ ਕਰਨਾ ਹੀ ਹੈ ਤਾਂ ਇਹ ਕਰਨ ਕਿ ਹਰ ਸਾਲ ਪੰਜਾਬੀ ਦੇ ਕੁਝ ਲੇਖਕਾਂ ਨੂੰ ਦੁਨੀਆਂ ਦੇਖਣ ਦੇ ਮੌਕੇ ਉਪਲਭਧ ਕਰਵਾਉਣ। ਹਰ ਸਾਲ ਕੁਝ ਲੇਖਕਾਂ ਨੂੰ ਨਵੇਂ ਸਮਾਜਾਂ ਵਿਚ, ਨਵੀਂ ਦੁਨੀਆਂ ਵਿਚ ਨਵੇਂ ਅਨੁਭਵ ਹਾਸਲ ਕਰਨ ਦੇ ਮੌਕੇ ਪ੍ਰਾਪਤ ਕਰਵਾਉਣ ਤਾਂ ਜੋ ਉਹ ਪੰਜਾਬੀ ਸਾਹਿਤ ਨੂੰ ਅਮੀਰ ਕਰਨ ਵਿਚ ਸਹਾਈ ਹੋਣ।

ਅਵਾਰਡਾਂ ਬਾਰੇ ਗੱਲ ਕਰਨੀ ਐਵੇਂ ਸਮਾਂ ਬਰਬਾਦ ਕਰਨ ਵਾਲੀ ਗੱਲ ਸਿੱਧ ਹੋ ਰਹੀ ਹੈ। ਅੰਮ੍ਰਿਤਸਰ ਤੋਂ ਲੈ ਕੇ ਕੈਨੇਡਾ ਤੱਕ ਅਵਾਰਡ ਦੇਣ ਦੀ ਇਕੋ ਜਿਹੀ ਹੀ ਪ੍ਰਕ੍ਰਿਆ ਚਲ ਰਹੀ ਹੈ। ਆਪਣਿਆਂ ਨੂੰ ਛੱਡਣਾ ਨਹੀਂ, ਦੂਜੇ ਵੱਲ ਦੇਖਣਾ ਨਹੀਂ। ਨਾਂ ਪਹਿਲਾਂ ਆ ਜਾਂਦਾ ਹੈ ਤੇ ਰਚਨਾ ਪਿੱਛੇ ਰਹਿ ਜਾਂਦੀ ਹੈ। ਵੈਸੇ ਵੀ ਕਿਸੇ ਛੋਟੇ ਜਾਂ ਵੱਡੇ ਅਵਾਰਡ ਲਈ ਚਾਰ ਦਿਨ ਰੌਲਾ ਪੈਂਦਾ ਹੈ ਤੇ ਫੇਰ ਲੋਕ ਭੁੱਲ ਜਾਂਦੇ ਹਨ। ਸਥਾਪਤ ਲੇਖਕਾਂ ਨੂੰ ਹੁਣ ਇਨ੍ਹਾਂ ਗੱਲਾਂ ਨਾਲ ਕੋਈ ਸਰੋਕਾਰ ਨਹੀਂ ਰਿਹਾ। ਹਾਂ, ਨਵਿਆਂ ਨੂੰ ਥੋੜ੍ਹਾ ਚਿਰ ਚਾਅ ਰਹਿੰਦਾ ਹੈ। ਭਾਰਤੀ ਸਾਹਿਤ ਅਕੈਡਮੀ, ਦਿੱਲੀ ਵੱਲੋਂ ਹਰ ਸਾਲ ਯੁਵਾ ਲੇਖਕ ਨੂੰ ਅਵਾਰਡ ਦੇਣਾ ਇਕ ਚੰਗੀ ਪ੍ਰਥਾ ਹੈ। ਕਿਸੇ ਵੀ ਲੇਖਕ ਦੀ ਪਹਿਲੀ ਪੁਸਤਕ ਤਾਂ ਅਭਿਆਸ ਪੁਸਤਕ ਹੁੰਦੀ ਹੈ। ਸੁਜਾਨ ਸਿੰਘ ਜੀ ਦਾ ਕਥਨ ਹੈ : "ਪਹਿਲੇ ਬੱਚੇ ਦੇ ਜਨਮ ਵਾਂਗ, ਲੇਖਕ ਦੀ ਪਹਿਲੀ ਕਿਤਾਬ ਦੇ ਛਪਣ ਉਤੇ ,'ਚੰਗਾ ਚੰਗਾ' ਕਹਿਣਾ, ਵਧਾਈ ਕਹਿਣਾ ਹੀ ਯੋਗ ਹੁੰਦਾ ਹੈ।" ਲੇਖਕ ਦੀ ਸਮਰੱਥਾ ਦਾ ਪਤਾ ਤੀਜੀ ਜਾਂ ਚੌਥੀ ਪੁਸਤਕ ਤੋਂ ਲੱਗਦਾ ਹੈ। ਇਸ ਵਾਰ ਦਾ ਯੁਵਾ ਪੁਰਸਕਾਰ ਸਿਮਰਨ ਧਾਲੀਵਾਲ ਨੂੰ ਦਿੱਤਾ ਗਿਆ ਹੈ। ਉਹ ਸੰਭਾਵਨਾਵਾਂ ਭਰਭੂਰ ਕਹਾਣੀਕਾਰ ਹੈ।

**-ਜਿੰਦਰ**



**ਇਸ ਵਾਰ**

# ਅਫ਼ਸਾਨਾ-ਏ-ਅਫ਼ਗਾਨਿਸਤਾਨ

**-ਹਰਮਹਿੰਦਰ ਚਹਿਲ**

ਦੂਸਰਾ ਵਿਸ਼ਵ ਯੁੱਧ ਖਤਮ ਹੋਇਆ ਤਾਂ ਦੁਨੀਆਂ ਭਰ ਲੋਕਾਂ ਨੇ ਸੁੱਖ ਦਾ ਸਾਹ ਲਿਆ। ਆਮ ਆਦਮੀ ਨੇ ਸੋਚਿਆ ਕਿ ਸ਼ਾਇਦ ਹੁਣ ਦੁਨੀਆਂ ਵਿਚ ਕਦੇ ਵੀ ਲੜਾਈ ਨਾ ਹੋਵੇ। ਪਰ ਇਹ ਲੋਕਾਂ ਦਾ ਭੁਲੇਖਾ ਹੀ ਸੀ। ਕਿਉਂਕਿ ਦੂਜੀ ਵੱਡੀ ਜੰਗ ਦਾ ਖਾਤਮਾ ਇੱਕ ਹੋਰ ਜੰਗ ਦੀ ਸ਼ੁਰੂਆਤ ਸੀ। ਇਹ ਨਵੀਂ ਜੰਗ ਸੀ ਕੋਲਡ ਵਾਰ ਜਾਂ ਸੀਤ ਯੁੱਧ। ਵੱਡੀ ਜੰਗ ਦੇ ਖਾਤਮੇ ਉਪਰੰਤ, ਦੋ ਤਾਕਤਾਂ ਸੰਸਾਰ ਵਿਚ ਉੱਭਰ ਕੇ ਸਾਹਮਣੇ ਆਈਆਂ। ਇੱਕ ਅਮਰੀਕਾ ਅਤੇ ਦੂਸਰਾ ਰਸ਼ੀਆ। ਵਿਸ਼ਵ ਯੁੱਧ ਦਾ ਖਾਤਮਾ ਹੋਇਆ ਤਾਂ ਇਨ੍ਹਾਂ ਦੋ ਤਾਕਤਾਂ ਵਿਚ ਇਕ ਨਵੀਂ ਦੌੜ ਲੱਗ ਚੁੱਕੀ ਸੀ। ਇਹ ਦੌੜ ਸੀ ਦੁਨੀਆਂ ਦੀ ਇੱਕੋ ਇੱਕ ਸੁਪਰ ਪਾਵਰ ਬਣਨ ਦੀ। ਦੁਨੀਆਂ ਦੇ ਮੁਲਕਾਂ 'ਚ ਧੜੇਬੰਦੀ ਸ਼ੁਰੂ ਹੋ ਗਈ। ਅਮਰੀਕਾ ਦੁਆਰਾ, ਵੀਅਤਨਾਮ ਵਿੱਚ ਮਨੁੱਖਤਾ ਦਾ ਘਾਣ, ਇਸੇ ਧੜੇਬੰਦੀ ਦਾ ਨਤੀਜਾ ਸੀ। ਰਸ਼ੀਆ ਵੀ ਆਲੇ ਦੁਆਲੇ ਦੇ ਮੁਲਕਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਆਪਣੇ ਨਾਲ ਰਲਾਉਣ 'ਚ ਲੱਗਿਆ ਹੋਇਆ ਸੀ। ਅਫਗਾਨਿਸਤਾਨ ਨੂੰ ਆਪਣੇ ਗਲਬੇ ਹੇਠ ਲੈਣ ਦੀ ਰਸ਼ੀਆ ਦਾ ਚਿਰੋਕਣੀ ਚਾਹਤ ਸੀ। ਉਹ ਕਿਸੇ ਉੱਚਿਤ ਮੌਕੇ ਦੀ ਤਾੜ ਵਿਚ ਸੀ। ਸੱਤਰਵਿਆਂ 'ਚ ਜਦੋਂ ਅਫਗਾਨਿਸਤਾਨ ਅੰਦਰ, ਰਾਜਾਸ਼ਾਹੀ ਦਾ ਅੰਤ ਹੋਣ ਲੱਗਿਆ ਤਾਂ ਰਸ਼ੀਆ ਨੂੰ ਚਾਹਤ ਪੂਰੀ ਕਰਨ ਦਾ ਮੌਕਾ ਮਿਲ ਗਿਆ। ਉਸ ਪਿੱਛੋਂ ਉੱਥੇ ਜੋ ਵੀ ਹੋਇਆ ਉਹ ਦੁਨੀਆਂ ਦੇ ਸਾਹਮਣੇ ਹੀ ਹੈ....

ਤਕਰੀਬਨ ਢਾਈ ਲੱਖ ਵਰਗ ਮੀਲ ਦੇ ਏਰੀਏ 'ਚ ਫੈਲਿਆ ਅਫਗਾਨਿਸਤਾਨ, ਸਾਰੇ ਪਾਸਿਆਂ ਤੋਂ ਜ਼ਮੀਨ ਨਾਲ ਘਿਰਿਆ ਹੋਇਆ ਹੈ। ਭਾਵ ਇਸਦਾ ਕੋਈ ਵੀ ਪਾਸਾ ਸਮੁੰਦਰ ਨਾਲ ਨਹੀਂ ਲੱਗਦਾ। ਹਿੰਦੂਕੁਸ਼ ਪਹਾੜੀਆਂ ਨੇ ਇਸ ਨੂੰ ਉੱਤਰ ਅਤੇ ਦੱਖਣ ਦੇ ਦੋ ਭਾਗਾਂ ਵਿੱਚਕਾਰ ਵੰਡ ਹੋਇਆ ਹੈ। ਦੱਖਣ ਵੱਲ ਰਹਿਣ ਵਾਲੇ ਜ਼ਿਆਦਾ ਲੋਕ ਪਸ਼ਤੂਨ ਹਨ ਜਦੋਂ ਕਿ ਉੱਤਰ ਵੱਲ ਦੇ ਹਜ਼ਾਰਾ, ਤਜ਼ਕ, ਉਜ਼ਬਿਕ, ਤੁਰਕ ਅਤੇ ਫਾਰਸੀ ਬਗੈਰਾ ਹਨ। ਕਾਬਲ, ਹਿੰਦੂਕੁਸ਼ ਪਹਾੜਾਂ ਦੇ ਦੱਖਣ ਵੱਲ ਪੈਂਦਾ ਹੈ। ਦੱਖਣ-ਪੱਛਮੀ ਭਾਗ ਦੇ ਉੱਤਰ ਵੱਲ ਇਰਾਨ ਦੀ ਲੰਬੀ ਚੌੜੀ ਸਰਹੱਦ ਰਹਿ ਜਾਂਦੀ ਹੈ। ਇੱਧਰ ਦਾ ਜ਼ਿਆਦਾਤਰ ਇਲਾਕਾ ਭਿਆਨਕ ਰੇਗਸਿਤਾਨ ਹੈ। ਦੁਨੀਆਂ ਦਾ ਸਭ ਤੋਂ ਵੱਡਾ ਰੇਗਸਿਤਾਨ ਇਹੋ ਹੀ ਹੈ। ਹਿੰਦੂਕੁਸ਼ ਦੇ ਉੱਤਰ ਵੱਲੋਂ ਸ਼ੁਰੂ ਹੁੰਦੀ ਨੀਮ ਪਹਾੜੀ ਤੇ ਲੰਬੀ ਚੌੜੀ ਪਟੀ, ਧੁਰ ਸਾਈਬੇਰੀਆ ਤੱਕ ਪਹੁੰਚ ਜਾਂਦੀ ਹੈ। ਉੱਬੜ-ਖਾਬੜ ਇਲਾਕਾ ਹੋਣ ਕਾਰਨ ਇੱਥੇ ਦੇ ਲੋਕ ਪੁਜ ਕੇ ਲੜਾਕੇ ਅਤੇ ਸਖਤ ਜਾਨ ਹਨ। ਪੂਰਬ ਵੱਲ ਸੁਲੇਮਾਨ ਪਹਾੜੀਆਂ ਤੋਂ ਪਾਰ, ਪਾਕਿਸਤਾਨ ਹੈ ਅਤੇ ਇਸਦੇ ਦੋਨੋਂ ਪਾਸੇ ਪਸ਼ਤੂਨ ਲੋਕਾਂ ਦੇ ਗੜ੍ਹ ਹਨ। ਇਨ੍ਹਾਂ ਪਹਾੜਾਂ ਵਿੱਚ ਹੀ ਦੱਰਾ ਖੈਬਰ ਪੈਂਦਾ ਹੈ। ਜਿਸ ਨੂੰ ਪਾਰ ਕਰਕੇ ਸਦੀਆਂ ਤੋਂ ਇੱਧਰਲੇ ਧਾੜਵੀ ਹਿੰਦੁਸਤਾਨ ਨੂੰ ਪੈਰਾਂ ਥੱਲੇ ਰੌਂਦਦੇ ਰਹੇ। ਅਫਗਾਨਿਸਤਾਨ ਦੀ ਕੁੱਲ ਪੰਦਰਾਂ ਵੀਹ ਕੁ ਪ੍ਰਤੀਸ਼ਤ ਧਰਤੀ ਹੀ ਖੇਤੀ ਯੋਗ ਹੈ। ਬਾਕੀ ਸਭ ਉੱਬੜ-ਖਾਬੜ ਹੈ। ਸੱਤਰਵੇਂ ਦਹਾਕੇ ਤੱਕ ਖੇਤੀ ਤੋਂ ਇਲਾਵਾ ਬਹੁਤ ਸਾਰੇ ਲੋਕ, ਟੱਪਰੀਵਾਸ ਅਤੇ ਵਣਜਾਰਿਆਂ ਵਾਲੀ ਜ਼ਿੰਦਗੀ ਜਿਉਂਦੇ, ਭੇਡਾਂ ਬੱਕਰੀਆਂ ਊਠ ਬਗੈਰਾ ਪਾਲਦੇ ਸਨ। ਹਰ ਸਾਲ ਇਹ ਅਗਾਂਹ ਦੀ ਅਗਾਂਹ ਤੁਰਦੇ ਇਰਾਨ, ਪਾਕਿਸਤਾਨ ਅਤੇ ਦੂਰ ਦੇ ਇਲਾਕਿਆਂ ਤੱਕ ਹਜ਼ਾਰਾਂ ਮੀਲ ਗਾਹ ਮਾਰਦੇ ਸਨ। ਰਸ਼ੀਆ ਨਾਲ ਲੜਾਈ ਦੌਰਾਨ ਇਨ੍ਹਾਂ ਵਣਜਾਰਿਆਂ ਦਾ ਸਾਰਾ ਸੱਭਿਆਚਾਰ ਤਹਿਸ-ਨਹਿਸ ਹੋ ਗਿਆ। ਪਿੱਛੋਂ ਜਾ ਕੇ ਇਨ੍ਹਾਂ 'ਚੋਂ ਹੀ

ਬਹੁਤੇ ਲੋਕ ਡਰਾਈਵਰੀ ਦੇ ਕਿੱਤੇ ਵਿੱਚ ਆ ਗਏ।

ਅਫਗਾਨਿਸਤਾਨ ਬਹੁਤ ਸਾਰੇ ਸੱਭਿਆਚਾਰਾਂ ਦਾ ਮਿਲਗੋਭਾ ਹੈ। ਇੱਥੇ ਜੋ ਵੀ ਆਇਆ, ਨਾਲ ਆਪਣਾ ਸੱਭਿਆਚਰ ਲੈ ਕੇ ਆਇਆ। ਆਪਸ ਵਿੱਚ ਵਿਆਹ ਸ਼ਾਦੀਆਂ ਹੋਣ ਕਰਕੇ ਹਰ ਇੱਕ ਦੀਆਂ ਇੱਥੇ ਜੜ੍ਹਾਂ ਰਹਿ ਗਈਆਂ। ਪਹਿਲਾਂ ਇਹ ਇਲਾਕਾ ਬੋਧੀ ਧਰਮ ਦਾ ਗੜ੍ਹ ਸੀ। ਇੱਥੋਂ ਹੀ ਸਿਲਕ ਰਸਤੇ ਹੁੰਦਾ ਹੋਇਆ ਬੁੱਧ ਧਰਮ, ਵਪਾਰੀਆਂ ਰਾਹੀਂ ਚੀਨ ਅਤੇ ਜਪਾਨ ਤੱਕ ਪਹੁੰਚਿਆ। ਇਸਲਾਮ ਨੇ ਇੱਧਰ ਦਾ ਰੁਖ ਪਹਿਲੀ ਵਾਰ ਸੱਤਵੀਂ ਸਦੀ ਦੇ ਵਿਚਕਾਰ ਜਿਹੇ ਕੀਤਾ। ਉਦੋਂ ਹੀ ਅਰਬ ਫੌਜਾਂ ਦੇ ਨਾਲ ਉਨ੍ਹਾਂ ਦੇ ਮਜ਼ਬੀ ਰਹਿਨੁਮਾ ਇੱਧਰ ਆਏ ਤੇ ਉਨ੍ਹਾਂ ਨੇ ਦੁਨੀਆਂ ਦਾ ਨਵਾਂ ਚੱਲਿਆ ਧਰਮ ਇਸਲਾਮ, ਆਪਣੇ ਨਾਲ ਲਿਆਂਦਾ। ਇਸ ਵਿੱਚ ਬਰਾਬਰੀ, ਇਨਸਾਫ ਅਤੇ ਇਸਦੀਆਂ ਹੋਰ ਖੂਬੀਆਂ ਦਰਸਾ ਕੇ ਲੋਕਾਂ ਨੂੰ ਇਸਲਾਮ ਧਾਰਨ ਕਰਨ ਲਈ ਪ੍ਰੇਰਿਆ। ਇਹੀ ਮੌਕਾ ਸੀ ਜਦੋਂ ਪਹਿਲੀ ਵਾਰ ਇਸਲਾਮ ਧਰਮ ਇਸ ਖਿੱਤੇ 'ਚ ਦਾਖਲ ਹੋਇਆ।

ਅਫਗਾਨਿਸਤਾਨ ਵਿਚੋਂ ਲੰਘਦੇ ਰਾਹ ਰਸਤੇ ਦੂਰ-ਦੁਰਾਡੇ ਦੇ ਦੇਸ਼ਾਂ ਨੂੰ ਜਾਣ ਲਈ ਸਦੀਆਂ ਤੋਂ ਮਸ਼ਹੂਰ ਹਨ। ਮੱਧ ਪੂਰਬ ਦੇ ਹਮਲਾਵਰਾਂ ਤੋਂ ਲੈ ਕੇ ਮਹਾਨ ਸਿਕੰਦਰ ਤੱਕ ਇਸੇ ਰਸਤੇ ਲੰਘ ਕੇ ਹਿੰਦਸਤਾਨ 'ਤੇ ਧਾਵੀ ਹੋਏ। ਸਿਕੰਦਰ ਨੇ 329 ਬੀ. ਸੀ. ਵਿੱਚ ਮੱਧ ਏਸ਼ੀਆ 'ਤੇ ਕਾਬਜ਼ ਹੁੰਦਿਆਂ ਫਿਰ ਅਫਗਾਨਿਸਤਾਨ ਸਰ ਕੀਤਾ। ਪਿੱਛੋਂ ਹਿੰਦੁਸਤਾਨ ਵੱਲ ਧਾਵਾ ਕਰਨ ਲਈ ਉਹ ਅਗਾਂਹ ਲੰਘਿਆ। ਫਾਰਸੀ ਫੌਜਾਂ ਵੱਲੋਂ ਅਫਗਾਨਿਸਤਾਨ ਅੰਦਰ ਕਾਇਮ ਕੀਤਾ ਅਰਬ ਗਲਬਾ, ਨੌਵੀਂ ਸਦੀ ਦੇ ਅਖੀਰ ਤੱਕ ਰਿਹਾ। ਪਿੱਛੋਂ ਇੱਥੇ ਗਜ਼ਨੀਵਾਦ ਆ ਗਿਆ ਜਿਸਨੇ ਪੰਜਾਬ ਵਿੱਚੋਂ ਦੀ ਲੰਘ ਕੇ ਅੱਗੇ ਦਿੱਲੀ ਤੱਕ ਜਾ ਮੱਲਾਂ ਮਾਰੀਆਂ। ਫਿਰ 1219 ਈਸਵੀ ਵਿੱਚ ਚੰਗੇਜ਼ ਖਾਂ ਦੀਆਂ ਫੌਜਾਂ ਨੇ ਮੌਜੂਦਾ ਉਜ਼ਬਿਕਸਤਾਨ ਦੇ ਸਮਰਕੰਦ ਤੋਂ ਇੱਧਰ ਨੂੰ ਕੂਚ ਕੀਤਾ। ਉਹ ਲਾਸ਼ਾਂ ਦੇ ਢੇਰ ਲਾਉਂਦਾ ਤੇ ਮਨੁੱਖਤਾ ਦੀ ਤਬਾਹੀ ਕਰਦਾ ਹਿੰਦੁਸਤਾਨ ਤੱਕ ਗਿਆ। ਇਸਦੇ ਸੌ ਸਾਲ ਪਿੱਛੋਂ ਉਸੇ ਦੇ ਖਾਨਦਾਨ 'ਚੋਂ ਤੈਮੂਰ ਨੇ ਇਹ ਇਲਾਕਾ ਆਪਣੇ ਕਬਜ਼ੇ ਹੇਠ ਲੈਂਦਿਆਂ ਕੁਝ ਦੇਰ ਇੱਥੇ ਰਾਜ ਕੀਤਾ। ਪਿੱਛੋਂ ਚੌਦਵੀਂ ਸਦੀ ਦੇ ਆਖਰ ਤੱਕ ਇੱਥੇ ਵੱਖ ਵੱਖ ਕਬੀਲੇ ਰਾਜ ਕਰਦੇ ਰਹੇ। ਉਸ ਵੇਲੇ ਦਿੱਲੀ ਤਖਤ 'ਤੇ ਅਫਗਾਨਿਸਤਾਨ ਦੇ ਲੋਧੀ ਖਾਨਦਾਨ ਦਾ ਰਾਜ ਸੀ। ਉਦੋਂ ਜਿਹੇ ਹੀ ਮੌਜੂਦਾ ਉਜ਼ਬਿਕਸਤਾਨ ਦੀ ਫਰਗਾਨਾ ਘਾਟੀ ਦੇ ਬਾਬਰ ਨੂੰ, ਜੋ ਕਿ ਮੰਗੋਲ ਸੀ ਅਤੇ ਚੰਗੇਜ਼ ਖਾਂ ਦੇ ਖਾਨਦਾਨ ਨਾਲ ਸਬੰਧ ਰੱਖਦਾ ਸੀ, ਉਸਦੇ ਵਿਰੋਧੀਆਂ ਨੇ ਰਾਜਸਤਾ 'ਤੋਂ ਬਾਹਰ ਕੱਢ ਦਿੱਤਾ ਤਾਂ ਉਸਨੇ ਇੱਧਰ ਦਾ ਰੁੱਖ ਕੀਤਾ। ਛੇਤੀ ਹੀ ਉਸਨੇ ਕਾਬਲ 'ਤੇ ਕਬਜ਼ਾ ਕਰਕੇ ਇੱਥੇ ਆਪਣਾ ਰਾਜ ਕਾਇਮ ਕਰ ਲਿਆ। ਇੱਥੇ ਪੱਕੇ ਪੈਰੀਂ ਹੋਣ ਪਿੱਛੋਂ ਉਸਨੇ ਹਿੰਦੁਸਤਾਨ ਵੱਲ ਕੂਚ ਕੀਤਾ। ਫਿਰ 1526 ਈਸਵੀ ਵਿੱਚ ਉਸਨੇ ਪਾਨੀਪਤ ਦੇ ਮੈਦਾਨ ਅੰਦਰ ਇਬਰਾਹਿਮ ਲੋਧੀ ਨੂੰ ਹਰਾ ਕੇ ਦਿੱਲੀ 'ਤੇ ਕਬਜ਼ਾ ਕਰ ਲਿਆ। ਇਸ ਤਰ੍ਹਾਂ ਇੱਥੋਂ ਹੀ ਹਿੰਦੁਸਤਾਨ ਵਿੱਚ ਮੁਗਲ ਰਾਜ ਸ਼ੁਰੂ ਹੋਇਆ ਜੋ ਕਿ ਅਗਲੇ ਤਿੰਨ ਸਵਾ ਤਿੰਨ ਸੌ ਸਾਲ ਤੱਕ ਜਾਰੀ ਰਿਹਾ। ਜਾਂ ਇਉਂ ਕਹਿ ਲਵੋ ਕਿ ਆਖਰੀ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ, ਮੁਗਲ ਸਾਮਰਾਜ ਦਾ ਆਖਰੀ ਬਾਦਸ਼ਾਹ ਹੋ ਨਿਬੜਿਆ। ਉਸ ਪਿੱਛੋਂ ਹਿੰਦੁਸਤਾਨ, ਪੂਰਨ ਰੂਪ ਵਿੱਚ ਬਰਤਾਨਵੀ ਸਾਮਰਾਜ ਦਾ ਹਿੱਸਾ ਬਣ ਗਿਆ। ਪਰ ਉੱਧਰ ਸੋਲਵੀਂ ਸਦੀ ਤੱਕ ਅਫਗਾਨਿਸਤਾਨ ਮੁਗਲਾਂ ਹੱਥੋਂ ਨਿਕਲ ਗਿਆ ਸੀ ਤੇ ਇੱਥੇ ਫਿਰ ਤੋਂ ਫਾਰਸੀਆਂ ਦਾ ਦਬਦਬਾ ਸ਼ੁਰੂ ਹੋ ਗਿਆ ਸੀ। ਇਸ ਪਿੱਛੋਂ ਵੀ ਉੱਥੇ ਪੱਕੇ ਤੌਰ 'ਤੇ ਕਿਸੇ ਇੱਕ ਦਾ ਕਬਜ਼ਾ ਨਾ ਰਿਹਾ। ਕੋਈ ਆਇਆ ਤੇ ਕੋਈ ਗਿਆ। ਸਤਾਰਵੀਂ ਸਦੀ ਦੇ ਸ਼ੁਰੂ ਵਿੱਚ ਇਸਦੇ ਪੱਛਮ ਵੱਲ ਦਾ ਇਲਾਕਾ ਸਾਫੀਵਾਦ ਦੇ ਕਬਜ਼ੇ ਹੇਠ ਸੀ ਤੇ ਦੂਸਰਾ ਪਾਸਾ ਪਸ਼ਤੂਨਾਂ ਦੇ। ਅੱਗੇ ਪਸ਼ਤੂਨ ਕਬੀਲੇ ਦੋ ਧੜਿਆਂ ਵਿੱਚ ਵੰਡੇ ਹੋਏ ਸਨ। ਇਹ ਸਨ



ਗਿਲਜੀ ਅਤੇ ਅਬਦਾਲੀ। ਅਬਦਾਲੀ ਬਾਅਦ ਵਿੱਚ ਆਪਣੇ ਆਪ ਨੂੰ ਦੁਰਾਨੀ ਕਹਾਉਣ ਲੱਗ ਪਏ ਸਨ। ਦੋਨਾਂ ਧੜਿਆਂ 'ਚ ਨਿੱਤ, ਸਿਰ ਵੱਡਵੀਂ ਲੜਾਈ ਹੁੰਦੀ ਸੀ। ਇਸ ਵੇਲੇ ਇਰਾਨ ਦਾ ਬਾਦਸ਼ਾਹ ਨਾਦਰ ਸ਼ਾਹ ਸੀ। ਉਸਨੇ ਇਰਾਨ ਨਾਲ ਲੱਗਦੇ ਅਫਗਾਨਿਸਤਾਨ ਦੇ ਕਾਫੀ ਸਾਰੇ ਇਲਾਕੇ, ਆਪਣੇ ਅਧੀਨ ਰੱਖੇ ਹੋਏ ਸਨ। ਇਨ੍ਹਾਂ ਇਲਾਕਿਆਂ ਵਿਚੋਂ ਹੀ ਇਕ ਵੱਡੇ ਦੁਰਾਨੀ ਕਬੀਲੇ ਨਾਲ ਸੰਬੰਧ ਰੱਖਦਾ ਅਹਿਮਦ ਸ਼ਾਹ ਉਸਦੀ ਫੌਜ ਵਿਚ ਅਫਸਰ ਸੀ। ਅਹਿਮਦ ਸ਼ਾਹ ਜੋ ਬਾਅਦ ਵਿਚ ਅਹਿਮਦ ਸ਼ਾਹ ਅਬਦਾਲੀ ਅਖਵਾਇਆ, ਨਾਦਰ ਸ਼ਾਹ ਦੇ ਹਿੰਦੁਸਤਾਨ 'ਤੇ ਹਮਲੇ ਵੇਲੇ ਉਸਦੇ ਨਾਲ ਆਇਆ ਸੀ। ਕੁਝ ਸਾਲ ਪਿੱਛੋਂ ਜਦੋਂ ਨਾਦਰ ਸ਼ਾਹ ਦਾ ਕਤਲ ਹੋ ਗਿਆ ਤਾਂ ਅਹਿਮਦ ਸ਼ਾਹ ਦੇ ਕਬੀਲੇ ਵਾਲਿਆਂ ਅਤੇ ਹੋਰ ਨੇੜਲੇ ਤੇੜਲਿਆਂ ਨੇ ਆਪਣੇ ਆਪ ਨੂੰ ਇਰਾਨ ਤੋਂ ਵੱਖ ਕਰ ਲੈਣ ਦਾ ਫੈਸਲਾ ਕੀਤਾ। ਇਸਦੇ ਲਈ ਉਨ੍ਹਾਂ ਨੇ ਕਬੀਲਿਆਂ ਦੇ ਵਡੇਰਿਆਂ ਦਾ ਇਕੱਠ ਕੀਤਾ, ਜਿਸਨੂੰ ਕਿ ਲੋਹਾ ਜਿਰਗਾ ਕਿਹਾ ਗਿਆ। ਉਹ ਪਹਿਲਾ ਲੋਹਾ ਜਿਰਗਾ ਭਾਵ ਵਡੇਰਿਆਂ ਦਾ ਇਕੱਠ ਸੀ। ਇੱਥੋਂ ਹੀ ਉੱਥੇ ਲੋਹੇ ਜਿਰਗੇ ਦੀ ਪਿਰਤ ਪਈ। ਇਸ ਲੋਹੇ ਜਿਰਗੇ ਵਿੱਚ ਅਫਗਾਨਿਸਤਾਨ 'ਤੇ ਆਪਣਾ ਕਬਜ਼ਾ ਪੱਕਾ ਰੱਖਣ ਲਈ ਵੱਖ ਵੱਖ ਫੈਸਲੇ ਲਏ ਗਏ ਅਤੇ ਇਸੇ ਵੇਲੇ ਹੀ ਅਹਿਮਦ ਸ਼ਾਹ ਅਬਦਾਲੀ ਨੂੰ ਆਪਣਾ ਰਾਜਾ ਬਣਾਇਆ ਗਿਆ। ਸਾਰੇ ਕਬੀਲਿਆਂ ਨੇ ਅਹਿਮਦ ਸ਼ਾਹ ਅਬਦਾਲੀ ਪ੍ਰਤੀ ਵਫਾਦਾਰੀ ਪ੍ਰਗਟਾਉਂਦਿਆਂ ਉਸਦੇ ਸਿਰ 'ਤੇ ਆਪਣੀ ਆਪਣੀ ਪੱਗ ਬੰਨੀ। ਉਸ ਵੇਲੇ ਅਹਿਮਦ ਸ਼ਾਹ ਅਬਦਾਲੀ ਛੱਬੀ ਸਾਲਾਂ ਦਾ ਤੇਜ਼ ਤਰਾਰ ਨੌਜਵਾਨ ਸੀ। ਅਫਗਾਨਿਸਤਾਨ ਵਿਚ ਪੱਕੇ ਪੈਰੀਂ ਹੋਣ ਪਿੱਛੋਂ, ਆਲੇ-ਦੁਆਲੇ ਦੇ ਇਲਾਕੇ ਜਿੱਤਦਾ, ਉਹ ਹਿੰਦੁਸਤਾਨ ਵੱਲ ਵਧਿਆ ਅਤੇ ਉਸਨੇ ਮਰਾਠਿਆਂ ਨੂੰ ਹਰਾਇਆ। ਇਹ ਉਹੀ ਵਕਤ ਸੀ ਜਦੋਂ ਅਬਦਾਲੀ ਦੀਆਂ ਪੰਜਾਬ 'ਚੋਂ ਲੰਘਦਿਆਂ, ਸਿੱਖਾਂ ਨਾਲ ਲੜਾਈਆਂ ਹੁੰਦੀਆਂ ਸਨ। ਉਸਨੇ ਦਿੱਲੀ ਤੱਕ ਦਾ ਰਾਜ ਫਤਹਿ ਕੀਤਾ। ਪਰ ਆਪਣੀ ਆਖਰੀ ਉਮਰ ਵਿੱਚ ਉਹ ਇੱਧਰ ਪੱਕਾ ਕਬਜ਼ਾ ਨਾ ਰੱਖ ਸਕਿਆ। ਉਦੋਂ ਹੀ ਪੰਜਾਬ ਵਿੱਚ ਸਿੱਖ ਰਾਜ ਬਣਨ ਦੇ ਮੌਕੇ ਪੈਦਾ ਹੋਣ ਲੱਗੇ ਤੇ ਅੱਗੇ ਚੱਲ ਕੇ ਮਹਾਰਾਜਾ ਰਣਜੀਤ ਸਿੰਘ ਦੀ ਕਮਾਨ ਹੇਠ ਖਾਲਸਾ ਰਾਜ ਸਥਾਪਤ ਹੋਇਆ। ਅਬਦਾਲੀ ਦੀ ਮੌਤ ਮਗਰੋਂ ਉਸਨੂੰ ਕੰਧਾਰ ਵਿੱਚ ਦਫਨਾਇਆ ਗਿਆ। ਅਫਗਾਨੀ ਲੋਕ ਉਸਨੂੰ ਆਪਣੀ ਮੁਲਕ ਦਾ ਪਿਤਾਮਾ ਮੰਨਦੇ ਹਨ ਅਤੇ ਅੱਜ ਤੱਕ ਉਸਦੀ ਕਬਰ 'ਤੇ ਸਿਜਦਾ ਕਰਨ ਜਾਂਦੇ ਹਨ। ਅਬਦਾਲੀ ਦੀ ਮੌਤ ਪਿੱਛੋਂ ਕੋਈ ਕਾਬਲ ਵਿਅਕਤੀ ਨਾ ਹੋਣ ਕਰਕੇ ਅਫਗਾਨਿਸਤਾਨ ਦਾ ਰਾਜ ਕਮਜ਼ੋਰ ਹੋ ਗਿਆ। ਫਿਰ ਕਮਜ਼ੋਰ ਅਫਗਾਨਿਸਤਾਨ ਨੂੰ ਪੂਰਬ ਵੱਲ ਬਰਤਾਨਵੀ ਰਾਜ ਅਤੇ ਉੱਤਰ ਵੱਲ ਰਸ਼ੀਆ ਦੇ ਧੱਕੇ ਸਹਿਣੇ ਪਏ। ਉਨੀਵੀਂ ਸਦੀ 'ਚ ਰਸ਼ੀਆ ਦੇ ਇੱਧਰ ਵਧਣ ਦੇ ਡਰੋਂ ਅੰਗਰੇਜ਼ਾਂ ਨੇ ਅਫਗਾਨਿਸਤਾਨ ਨੂੰ ਆਪਣੇ ਕਬਜ਼ੇ 'ਚ ਲੈਣ ਲਈ ਕਈ ਲੜਾਈਆਂ ਲੜੀਆਂ ਪਰ ਉਹ ਕਾਮਯਾਬ ਨਾ ਹੋ ਸਕੇ। ਹਰ ਵਾਰ ਉਨ੍ਹਾਂ ਨੂੰ ਮੂੰਹ ਦੀ ਹੀ ਨ੍ਹੀਂ ਖਾਣੀ ਪਈ ਸਗੋਂ ਉਨ੍ਹਾਂ ਦਾ ਅੰਤਾਂ ਦਾ ਨੁਕਸਾਨ ਵੀ ਹੋਇਆ। ਅੰਗਰੇਜ਼ ਸਮਝ ਗਏ ਕਿ ਅਫਗਾਨਿਸਤਾਨ ਦੀ ਭੂਗੋਲਿਕ ਸਥਿਤੀ ਅਤੇ ਇਸ ਦੇ ਲੋਕਾਂ ਦੇ ਸੁਭਾਅ ਕਾਰਨ ਉਹ ਕਦੇ ਵੀ ਇੱਥੇ ਆਪਣਾ ਰਾਜ ਪੱਕਾ ਨ੍ਹੀਂ ਰੱਖ ਸਕਦੇ। ਇਸ ਪਿੱਛੋਂ ਉਨ੍ਹਾਂ ਇੱਕ ਹੋਰ ਲੂੰਬੜ ਚਾਲ ਚੱਲੀ। ਇਹ ਸੀ 'ਭਰਿਸ਼ਟਾਚਾਰ'। ਉਨ੍ਹਾਂ ਨੇ ਅਫਗਾਨਿਸਤਾਨ ਦੇ ਵੱਡੇ ਲੀਡਰ ਅਤੇ ਕਬੀਲਿਆਂ ਦੇ ਸਰਦਾਰਾਂ ਨੂੰ ਪੈਸੇ ਨਾਲ ਖਰੀਦ ਲਿਆ। ਇਸ ਤਰ੍ਹਾਂ ਉਨ੍ਹਾਂ ਪਰਦੇ ਪਿੱਛੇ ਰਹਿੰਦਿਆਂ ਅਫਗਾਨਿਸਤਾਨ ਰਾਜ ਅੰਦਰ ਆਪਣਾ ਅਸਰ ਰਸੂਖ ਕਾਇਮ ਕਰ ਲਿਆ। ਉੱਧਰੋਂ ਇਹੀ ਚਾਲ ਰਸ਼ੀਆ ਨੇ ਚੱਲੀ। ਇਸ ਤਰ੍ਹਾਂ ਅਫਗਾਨਿਸਤਾਨ ਦੋ ਵੱਡੀਆਂ ਸ਼ਕਤੀਆਂ ਵਿਚਕਾਰ ਸੈਂਡਵਿੱਚ ਬਣ ਕੇ ਰਹਿ ਗਿਆ। ਰਾਜ ਅਤੇ ਫੌਜ ਅੰਦਰ ਬ੍ਰਿਟਿਸ਼ ਦੇ ਖਰੀਦੇ ਹੋਏ ਬਹੁਤ ਸਾਰੇ ਵੱਡੇ ਅਫਸਰ ਸਨ। ਪੂਰਬ ਵੱਲ ਪਸ਼ਤੂਨਾਂ ਦਾ ਦਬਦਬਾ ਹੋਣ ਕਰਕੇ

ਉੱਤਰ ਵੱਲ ਦੇ ਗੈਰ ਪਸ਼ਤੂਨ ਲੋਕਾਂ 'ਚ ਬਿਗਾਨਗੀ ਦੀ ਭਾਵਨਾ ਪਨਪਣ ਲੱਗੀ ਅਤੇ ਉਹ ਆਪਣੇ ਇਲਾਕੇ ਲਈ ਵੱਧ ਅਧਿਕਾਰਾਂ ਦੀ ਮੰਗ ਕਰਨ ਲੱਗੇ। ਇੱਥੇ ਅੰਗਰੇਜ਼ ਨੇ ਪਸ਼ਤੂਨਾਂ ਨੂੰ ਕਮਜ਼ੋਰ ਕਰਨ ਲਈ ਇੱਕ ਹੋਰ ਚਾਲ ਚੱਲੀ। ਉਨ੍ਹਾਂ ਅਫਗਾਨਿਸਤਾਨ ਦੇ ਪੂਰਬ ਵੱਲ ਦੇ ਇਲਾਕੇ ਨੂੰ ਵੰਡ ਕੇ ਵਿਚਕਾਰ ਲਾਈਨ ਖਿੱਚ ਕੇ ਉੱਪਰਲੇ ਇਲਾਕੇ ਨੂੰ ਬ੍ਰਿਟਿਸ਼ ਇੰਡੀਆ ਵਿੱਚ ਮਿਲਾ ਦਿੱਤਾ ਜੋ ਕਿ ਪਿੱਛੋਂ ਜਾ ਕੇ ਪਾਕਿਸਤਾਨ ਦੇ ਪਿਸ਼ਾਵਰ ਵੱਲ ਦਾ ਇਲਾਕਾ ਕਹਿਲਾਇਆ। ਇਸ ਵੰਡ ਲਾਈਨ ਨੂੰ ਡੁਰੈਂਡ ਲਾਈਨ ਕਿਹਾ ਜਾਂਦਾ ਹੈ। ਇਹ ਲਾਈਨ ਬਾਅਦ ਵਿੱਚ ਜਾ ਕੇ ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਕਾਰ ਝਗੜੇ ਦਾ ਕਾਰਨ ਬਣੀ। ਅਫਗਾਨ ਲੋਕਾਂ ਨੂੰ ਇਸ ਗੱਲ ਦਾ ਤਾਂ ਮਾਣ ਹੈ ਕਿ ਉਹ ਕਦੇ ਅੰਗਰੇਜ਼ਾਂ ਦੇ ਗੁਲਾਮ ਨਹੀਂ ਰਹੇ ਪਰ ਜਿਹੜੀ ਖਰੀਦੋ-ਫਰੋਖ਼ਤ ਦੀ ਰਾਜਨੀਤੀ ਅੰਗਰੇਜ਼ਾਂ ਨੇ ਸ਼ੁਰੂ ਕੀਤੀ ਉਹ ਅੱਜ ਤੱਕ ਬਿਮਾਰੀ ਬਣ ਕੇ ਅਫਗਾਨੀ ਸਮਾਜ ਅੰਦਰ ਫੈਲੀ ਹੋਈ ਹੈ। ਇਸ ਤੋਂ ਇਲਾਵਾ ਅਫਗਾਨਿਸਤਾਨ ਅੰਦਰ ਜਦੋਂ ਕਦੇ ਵੀ ਸੱਤਾ ਪ੍ਰੀਵਰਤਨ ਹੋਇਆ ਤਾਂ ਹਰੇਕ ਨਵੇਂ ਲੀਡਰ ਨੇ ਬਜਾਏ ਆਪਣੇ ਲੋਕਾਂ ਦੇ ਦਿਲ ਜਿੱਤਣ ਦੇ ਜਾਂ ਅਜਿਹਾ ਹੀ ਕੋਈ ਹੋਰ ਢੰਗ ਅਪਨਾਉਣ ਦੇ, ਹਮੇਸ਼ਾ ਇੱਕ ਹੋਰ ਤਰੀਕਾ ਅਪਣਾਇਆ। ਇਹ ਸੀ ਬਾਹਰਲੀ ਮੱਦਦ। ਮੌਕੇ ਮੌਕੇ 'ਤੇ ਆਏ ਵੱਖੋ ਵੱਖ ਲੀਡਰਾਂ ਨੇ ਕਦੇ ਪਾਕਿਸਤਾਨ, ਕਦੇ ਅਮਰੀਕਾ, ਕਦੇ ਰਸ਼ੀਆ ਤੇ ਕਦੇ ਕਿਸੇ ਹੋਰ ਨਾਲ ਦੋਸਤੀ ਗੰਢੀ, ਅਤੇ ਇਸ ਦੋਸਤੀ ਨੂੰ ਆਪਣੀ ਰਾਜਸੀ ਸੱਤਾ ਪੱਕੀ ਰੱਖਣ ਲਈ ਵਰਤਿਆ। ਪਰ ਇਹ ਢੰਗ ਕਿਸੇ ਨੂੰ ਵੀ ਰਾਸ ਨਾ ਆਇਆ। ਸਗੋਂ ਬਜਾਏ ਕੋਈ ਫਾਇਦਾ ਹੋਣ ਦੇ, ਇਹ ਦੋਸਤੀਆਂ ਜ਼ਿਆਦਾਤਰ ਬਰਬਾਦੀਆਂ ਦਾ ਕਾਰਨ ਬਣੀਆਂ, ਅਤੇ ਅਜਿਹੇ ਲੀਡਰਾਂ ਨੇ ਖੁਦ ਵੀ ਤੇ ਜਨਤਾ ਨੇ ਵੀ ਹਮੇਸ਼ਾ ਦੁੱਖ ਹੀ ਝੱਲੇ। ਕਿਉਂਕਿ ਰਾਜਨੀਤੀ 'ਚ ਯਾਰੀਆਂ ਦੋਸਤੀਆਂ ਦੀ ਕੋਈ ਥਾਂ ਨਹੀਂ ਹੁੰਦੀ।

ਸਾਲ 1933 'ਚ ਗੱਦੀ 'ਤੇ ਬਹਿ ਕੇ ਅਗਲੇ ਤਕਰਬੀਨ ਚਾਲੀ ਸਾਲ ਰਾਜਭਾਗ ਚਲਾਉਣ ਵਾਲਾ ਬਾਦਸ਼ਾਹ ਜਹੀਰ ਸ਼ਾਹ, ਅਹਿਮਦ ਸ਼ਾਹ ਅਬਦਾਲੀ ਦਾ ਵੰਸ਼ਜ਼ ਸੀ। 1973 ਵਿੱਚ ਜਾਹਿਰ ਸ਼ਾਹ ਦੇ ਚਚੇਰੇ ਭਰਾ, ਸਰਦਾਰ ਮੁਹੰਮਦ ਦਾਊਦ ਸ਼ਾਹ ਨੇ ਉਸਨੂੰ ਗੱਦੀਉਂ ਲਾਹ ਕੇ ਅਫਗਾਨਿਸਤਾਨ ਨੂੰ ਰਿਪਬਲਿਕ ਐਲਾਨ ਦਿੱਤਾ ਤੇ ਆਪ ਰਾਸ਼ਟਰਪਤੀ ਬਣ ਗਿਆ। ਅਫਗਾਨਿਸਤਾਨ ਦੀ ਦੁਰਗਤੀ ਤਕਰੀਬਨ ਇੱਥੋਂ ਹੀ ਸ਼ੁਰੂ ਹੁੰਦੀ ਹੈ। ਜਹੀਰ ਸ਼ਾਹ ਇਟਲੀ 'ਚ ਜਲਾਵਤਨੀ ਜ਼ਿੰਦਗੀ ਬਿਤਾਉਣ ਲੱਗਿਆ। ਸਰਦਾਰ ਦਾਊਦ ਖਾਂ ਨੇ ਅਫਗਾਨਿਸਤਾਨ ਨੂੰ ਨਵੀਆਂ ਛੋਹਾਂ ਦੇਣ ਦੀ ਕੋਸ਼ਿਸ਼ ਕੀਤੀ। ਇਸਲਾਮੀ ਮੂਲਵਾਦੀ ਕੱਟੜ ਲੋਕ, ਜਿਹੜੇ ਉਸ ਵੇਲੇ ਬਹੁਤ ਜ਼ੋਰ ਨਾਲ ਇੱਕ ਨਵੀਂ ਲਹਿਰ ਖੜ੍ਹੀ ਕਰ ਰਹੇ ਸਨ, ਉਨ੍ਹਾਂ ਨੂੰ ਕੁਚਲਣ ਲਈ ਸਰਦਾਰ ਦਾਊਦ ਨੇ ਪੂਰੀ ਤਾਕਤ ਲਗਾ ਦਿੱਤੀ। ਜ਼ਿਆਦਾ ਜ਼ੋਰ ਪਿਆ ਤਾਂ ਇਨ੍ਹਾਂ ਕੱਟੜਵਾਦੀਆਂ ਵਿੱਚੋਂ ਬਹੁਤਿਆਂ ਨੇ ਪਾਕਿਸਤਾਨ ਵਿੱਚ ਪਨਾਹ ਲੈ ਲਈ। ਉਸ ਵੇਲੇ ਦਾ ਪਾਕਿਸਤਾਨੀ ਸਦਰ, ਜ਼ੁਲਫਕਾਰ ਅਲੀ ਭੁੱਟੋ, ਇਨ੍ਹਾਂ ਕੱਟੜਵਾਦੀਆਂ ਦੀ ਪੂਰੀ ਮੱਦਦ ਕਰ ਰਿਹਾ ਸੀ। ਇਨ੍ਹਾਂ ਪਨਾਹਗੀਰਾਂ ਵਿੱਚ ਗੁਲਬਦਨ ਹਿਕਮਤਿਆਰ, ਬਰਹਾਨੁਦੀਨ ਰੁਬਾਨੀ, ਜਲਾਲੁਦੀਨ ਹਕੀਨੀ ਅਤੇ ਅਹਿਮਦ ਸ਼ਾਹ ਮਾਸੂਦ ਵਰਗੇ ਹੋਰ ਕਈ ਲੀਡਰ ਸ਼ਾਮਲ ਸਨ ਜਿਹੜੇ ਪਿੱਛੋਂ ਜਾ ਕੇ ਮੁਜਾਹਦੀਨ ਲਹਿਰ ਦੇ ਲਹਿਰ ਦੇ ਮੁਖੀ ਬਣੇ। ਇੱਧਰੋਂ ਥੋੜ੍ਹਾ ਦਬਾਅ ਘਟਿਆ ਤਾਂ ਸਰਦਾਰ ਦਾਊਦ ਨੇ ਮੁਲਕ ਦੀ ਤਰੱਕੀ ਲਈ ਰਸ਼ੀਆ ਤੋਂ ਮੱਦਦ ਮੰਗੀ।

ਰਸ਼ੀਆ ਪਹਿਲਾਂ ਹੀ ਘਾਤ ਲਗਾ ਕੇ ਬੈਠਾ ਹੋਇਆ ਸੀ। ਰਸ਼ੀਅਨ ਏਜੈਂਸੀ, ਕੇ. ਜੀ. ਬੀ. ਨੇ, ਬਹੁਤ ਪਹਿਲਾਂ ਹੀ ਅਫਗਾਨਿਸਤਾਨ ਅੰਦਰ ਕਮਿਉਨਿਸਟ ਪਾਰਟੀ ਸਥਾਪਤ ਕਰਵਾ ਲਈ ਸੀ। ਕੇ. ਜੀ. ਬੀ. ਤਾਣੇ-ਬਾਣੇ ਬੁਣਦਿਆਂ, ਬੜੀ ਖਾਮੋਸ਼ੀ ਨਾਲ ਅਫਸਰਸ਼ਾਹੀ ਅਤੇ ਫੌਜ ਅੰਦਰ ਘੁੱਸਪੈਂਠ ਕਰਦੀ ਆ ਰਹੀ ਸੀ। ਅਫਗਾਨਿਸਤਾਨੀ ਕਮਿਉਨਿਸਟ ਪਾਰਟੀ ਵੀ, ਦਿਨੋ-ਦਿਨ ਤਾਕਤ ਫੜਦੀ ਗਈ। ਪਰ ਇਹ ਪਾਰਟੀ ਵੀ ਅੱਗੇ ਦੋ ਧੜਿਆਂ 'ਚ ਵੰਡੀ ਹੋਈ ਸੀ। ਖਲਕ ਧੜੇ ਦਾ ਲੀਡਰ ਨੂਰ ਮੁਹੰਮਦ ਤਰਾਕੀ ਸੀ ਅਤੇ ਪਰਛਮ ਧੜੇ ਦਾ ਬਬਰਾਕ ਕਮਾਲ। ਸਰਦਾਰ ਦਾਊਦ ਭਾਵੇਂ ਸਮਝਦਾ ਸੀ ਕਿ ਰਸ਼ੀਆ, ਅਫਗਾਨਿਸਤਾਨ ਅੰਦਰ ਦਖਲ ਦੇ ਰਿਹਾ ਹੈ ਪਰ ਉਸਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਸਥਿਤੀ ਉਸ ਲਈ ਖਤਰਨਾਕ ਬਣਦੀ ਜਾ ਰਹੀ ਹੈ। ਅਪਰੈਲ 1978 ਵਿਚ, ਕਮਿਉਨਿਸਟ ਪਾਰਟੀ ਨੇ ਉਸਦੇ ਖਿਲਾਫ ਵੱਡੇ ਪੱਧਰ 'ਤੇ ਵਿਰੋਧ ਸ਼ੁਰੂ ਕਰ ਦਿੱਤਾ ਤਾਂ ਉਸਨੇ ਉੱਚ ਕੋਟੀ ਦੇ ਲੀਡਰ ਗ੍ਰਿਫਤਾਰ ਕਰ ਲਏ। ਇਸੇ ਵੇਲੇ ਫੌਜ ਅੰਦਰ ਘੁੱਸਪੈਠ ਕਰ ਚੁੱਕੀ ਕੇ. ਜੀ. ਬੀ. ਨੇ ਮੌਕਾ ਵੇਖਦਿਆਂ ਆਪਣੇ ਪੱਖੀ ਅਫਸਰਾਂ ਤੋਂ ਉਸਦੇ ਘਰ ਅੰਦਰ ਹੀ, ਦਾਊਦ ਦਾ ਕਤਲ ਕਰਵਾ ਦਿੱਤਾ। ਇਸ ਪਿੱਛੋਂ ਅਫਗਾਨਿਸਤਾਨ ਅੰਦਰ, ਨੂਰ ਮੁਹੰਦਮ ਤਰਾਕੀ ਦੀ ਅਗਵਾਈ 'ਚ ਕਮਿਉਨਿਸਟ ਪਾਰਟੀ ਦੇ ਖਲਕ ਧੜੇ ਨੇ ਸਤਾ ਸੰਭਾਲ ਲਈ। ਸੱਤਾ ਸੰਭਾਲਦਿਆਂ ਹੀ ਇਹ ਸਰਕਾਰ, ਵਿਰੋਧੀਆਂ ਦਾ ਸਫਾਇਆ ਸ਼ੁਰੂ ਕਰਨ ਲੱਗੀ। ਹਜ਼ਾਰਾਂ ਦੀ ਗਿਣਤੀ 'ਚ ਧਾਰਮਿਕ ਲੀਡਰ ਜੇਲ੍ਹਾਂ ਵਿਚ ਡੱਕ ਦਿੱਤੇ ਗਏ। ਵਿਰੋਧੀਆਂ ਨੂੰ ਖਤਮ ਕਰਨ ਲਈ ਸ਼ੁਰੂ ਕੀਤੀ ਗਈ ਕਤਲੋਗਾਰਦ ਵੱਡੇ ਪੱਧਰ 'ਤੇ ਸ਼ੁਰੂ ਹੋ ਗਈ। ਅਸਲ 'ਚ ਨਾ ਰਸ਼ੀਆ ਤੇ ਨਾ ਹੀ ਅਫਗਾਨਿਸਤਾਨ ਦੀ ਕਮਿਉਨਿਸਟ ਸਰਕਾਰ ਇਹ ਸਮਝ ਸਕੀ ਕਿ ਅਜੇ ਅਫਗਾਨਿਸਤਾਨ ਅੰਦਰ ਕਮਿਉਨਿਜ਼ਮ ਲਿਆਉਣ ਲਈ ਹਾਲਾਤ ਸਾਜ਼ਗਾਰ ਨਹੀਂ ਹਨ। ਮੁਲਕ ਦੀ ਜਨਤਾ, ਅਣਪੜ੍ਹ ਅਤੇ ਬਹੁਤ ਹੀ ਜ਼ਿਆਦਾ ਧਾਰਮਿਕ ਸੀ। ਇਸੇ ਕਰਕੇ ਲੋਕਾਂ ਅੰਦਰ ਲਾਵਾ ਭੜਕ ਉੱਠਿਆ ਤੇ ਮੁਲਕ ਅੰਦਰ ਹਨੇਰਗਰਦੀ ਮੱਚ ਗਈ। ਸਰਕਾਰੀ ਦਮਨ ਤੋਂ ਡਰਦੇ ਵਿਰੋਧੀ ਲੀਡਰ ਦੂਸਰੇ ਦੇਸ਼ਾਂ ਖਾਸ ਕਰਕੇ ਪਾਕਿਸਤਾਨ ਵੱਲ ਨਿਕਲ ਗਏ। ਜੋ ਪਿੱਛੇ ਰਹਿ ਗਏ ਉਨ੍ਹਾਂ ਲਈ ਨੂਰ ਮੁਹੰਮਦ ਤਰਾਕੀ, ਬੁੱਚੜ ਬਣ ਗਿਆ। ਉਂਝ ਭਾਵੇਂ ਨੂਰ ਮੁਹੰਮਦ ਤਰਾਕੀ ਆਪਣੇ ਆਪ ਨੂੰ ਗਰੇਟ ਟੀਚਰ ਅਖਵਾਉਂਦਾ ਸੀ ਪਰ ਉਸਦੀ ਲਾਲਸਾ, ਛੇਤੀ ਤੋਂ ਛੇਤੀ ਹਾਲਾਤ ਕਾਬੂ ਵਿਚ ਕਰ ਕੇ ਮੁਲਕ ਦਾ ਇਕੋ ਇਕ ਮੋਢੀ ਆਗੂ ਬਣਨ ਦੀ ਸੀ। ਪਰ ਹਾਲਾਤ ਇਸ ਵੇਲੇ ਬਿਲਕੁਲ ਇਸਦੇ ਉਲਟ ਸਨ। ਗੁਆਂਢੀ ਮੁਲਕ ਇਰਾਨ ਅੰਦਰ, ਖਾਮੇਨੀ ਦੀ ਅਗਵਾਈ 'ਚ ਨਵੀਂ ਨਵੀਂ ਕਰਾਂਤੀ ਆਈ ਸੀ ਤੇ ਉਸਦਾ ਅਸਰ ਅਫਗਾਨਿਸਤਾਨ ਅੰਦਰ ਵੀ ਪਿਆ। ਇਰਾਨ ਦੇ ਨਾਲ ਲੱਗਦੇ ਇਲਾਕੇ ਹੈਰਾਤ ਵਿਚ ਹਾਲਾਤ ਉਦੋਂ ਹੱਦੋਂ ਵੱਧ ਖਰਾਬ ਹੋ ਗਏ ਜਦੋਂ ਇਸਮਾਇਲ ਖਾਂ ਨਾਂ ਦੇ ਅਫਗਾਨੀ ਫੌਜੀ ਅਫਸਰ ਨੇ ਵਿਦਰੋਹ ਸ਼ੁਰੂ ਕਰ ਦਿੱਤਾ। ਲੋਕ ਉਸਦੇ ਨਾਲ ਜੁੜ ਗਏ ਤੇ ਉਸਨੇ, ਇਲਾਕੇ ਵਿੱਚ ਰਹਿ ਰਹੇ ਸਾਰੇ ਰਸ਼ੀਅਨ ਮਾਰ ਮੁਕਾਏ। ਰਾਜਧਾਨੀ ਕਾਬਲ ਤੋਂ ਹਵਾਈ ਜਹਾਜ਼ਾਂ ਨਾਲ ਹਮਲਾ ਕਰਕੇ ਇਸ ਵਿਦਰੋਹ ਨੂੰ ਕਾਬੂ ਕਰਨ ਦੇ ਯਤਨ ਕੀਤੇ ਗਏ। ਇਨ੍ਹਾਂ ਹਮਲਿਆਂ ਵਿਚ ਵੀਹ ਹਜ਼ਾਰ ਅਫਗਾਨੀ ਲੋਕ ਮਾਰੇ ਗਏ ਤੇ ਇਸਮਾਇਲ ਖਾਂ ਨੇ ਇਰਾਨ ਜਾ ਕੇ ਪਨਾਹ ਲੈ ਲਈ। ਹਾਲਾਤ ਹੱਥੋਂ ਨਿਕਲਦੇ ਵੇਖ ਕੇ ਨੂਰ ਮੁਹੰਮਦ ਤਰਾਕੀ ਨੇ ਰਸ਼ੀਆ ਨੂੰ ਬੇਨਤੀ ਕੀਤੀ ਕਿ ਉਹ ਫੌਜ ਭੇਜ ਕੇ ਉਸਦੀ ਸਿੱਧੀ ਮੱਦਦ ਕਰੇ। ਪਰ ਰਸ਼ੀਆ ਉਸ ਵੇਲੇ ਇਹ ਨਹੀਂ ਸੀ ਕਰਨਾ ਚਾਹੁੰਦਾ।

ਉੱਧਰ ਅਮਰੀਕਾ ਵੀ ਇਸ ਵੇਲੇ ਚੁੱਪ ਨਹੀਂ ਬੈਠਾ ਸੀ। ਪਰ ਉਸਦੇ ਲਈ ਇਸ ਇਲਾਕੇ 'ਚ ਹਾਲਾਤ ਸਾਜ਼ਗਾਰ ਨਹੀਂ ਸਨ। ਕਿਉਂਕਿ ਇਰਾਨ ਉਸਦੇ ਹੱਥੋਂ ਨਿਕਲ ਚੁੱਕਾ ਸੀ। ਉੱਧਰ ਸੀਰੀਆ ਅਤੇ ਇਰਾਕ ਪਹਿਲਾਂ ਹੀ ਰਸ਼ੀਆ ਪੱਖੀ ਸਨ। ਪਾਕਿਸਤਾਨ ਵਿਚ ਵੀ ਕੱਟੜਪੰਥੀਆਂ ਨੇ ਕੁਝ ਵਕਤ ਪਹਿਲਾਂ ਹੀ ਉੱਥੇ ਹੀ ਅਮਰੀਕਣ ਅੰਬੈਸੀ 'ਤੇ ਹਮਲਾ ਕਰਕੇ ਆਪਣਾ ਵਿਰੋਧ ਵਿਖਾ ਦਿੱਤਾ ਸੀ। ਇਸ ਵੇਲੇ ਪਾਕਿਸਤਾਨੀ ਸਦਰ, ਜਨਰਲ ਜ਼ਿਆ ਉਲ ਹੱਕ ਵੀ ਚੁੱਪ ਚਾਪ ਬੈਠਾ ਅਮਰੀਕਾ ਵਿਰੋਧੀ ਲਹਿਰ ਨੂੰ ਹਵਾ ਦੇ ਰਿਹਾ ਸੀ। ਹੁਣ ਜਦੋਂ ਅਫਗਾਨਿਸਤਾਨ 'ਤੇ ਵੀ

ਤਕਰੀਬਨ ਰਸ਼ੀਆ ਦਾ ਕਬਜ਼ਾ ਹੋ ਚੱਲਿਆ ਤਾਂ ਅਮਰੀਕਾ ਕਿਸੇ ਗੁਪਤ ਸਕੀਮ ਬਾਰੇ ਸੋਚਣ ਲੱਗਿਆ, ਜਿਸ ਨਾਲ ਕਿ ਉਹ ਅਫਗਾਨਿਸਤਾਨ ਸਰਕਾਰ ਵਿਰੋਧੀ ਗੁਰੀਲਿਆਂ ਦੀ ਮੱਦਦ ਕਰ ਸਕੇ। ਪਰ ਅਜੇ ਕੋਈ ਰਾਹ ਨਹੀਂ ਨਿਕਲ ਰਿਹਾ ਸੀ। ਰਸ਼ੀਆ ਵੀ ਇਹ ਗੱਲ ਸਮਝਦਾ ਸੀ ਕਿ ਅਮਰੀਕਾ ਚੁੱਪ ਨਹੀਂ ਬੈਠੇਗਾ। ਇਸ ਕਰਕੇ ਰਸ਼ੀਅਨ ਸਰਕਾਰ ਵੀ ਬੜੀ ਨੀਝ ਨਾਲ ਸਥਿਤੀ ’ਤੇ ਅੱਖ ਰੱਖ ਰਹੀ ਸੀ। ਸਿੱਧੇ ਤੌਰ ’ਤੇ ਅਫਗਾਨਿਸਤਾਨ ਅੰਦਰ ਫੌਜ ਭੇਜ ਕੇ ਰਸ਼ੀਆ ਵੀ ਕੋਈ ਖਤਰਾ ਮੁੱਲ ਨਹੀਂ ਲੈਣਾ ਚਾਹੁੰਦਾ ਸੀ। ਉਸਨੂੰ ਪਤਾ ਸੀ ਕਿ ਅਜਿਹਾ ਹੋਣ ਦੀ ਸਥਿਤੀ ਵਿਚ ਪਾਕਿਸਤਾਨ, ਚੀਨ ਅਤੇ ਅਮਰੀਕਾ ਇਕਦਮ ਹਰਕਤ ਵਿਚ ਆ ਜਾਣਗੇ। ਖਤਰਾ ਇਹ ਵੀ ਸੀ ਕਿ ਕਿਧਰੇ ਇੱਥੇ ਤੀਸਰਾ ਸੰਸਾਰ ਯੁੱਧ ਹੀ ਨਾ ਲੱਗ ਜਾਵੇ। ਸੋ ਅਮਰੀਕਾ, ਰਸ਼ੀਆ ਵੱਲੋਂ ਸਿੱਧੀ ਦਖਲਅੰਦਾਜ਼ੀ ਤੋਂ ਡਰਦਾ ਸੀ ਤੇ ਰਸ਼ੀਆ ਅਮਰੀਕਾ ਤੋਂ। ਕੋਈ ਵੀ ਪਹਿਲ ਨਹੀਂ ਕਰਨੀ ਚਾਹੁੰਦਾ ਸੀ। ਦੋਨਾਂ ਮੁਲਕਾਂ ਦੀਆਂ ਇੰਟੈਲੀਜੈਂਸ ਏਜੰਸੀਆਂ, ਸੀ. ਆਈ. ਏ. ਅਤੇ ਕੇ. ਜੀ. ਬੀ. ਇਕ ਦੂਜੇ ’ਤੇ ਬਾਜ ਅੱਖ ਰੱਖ ਰਹੀਆਂ ਸਨ। ਉਂਝ ਦੋਨਾਂ ਮੁਲਕਾਂ ਨੂੰ ਇਹ ਸੀ ਕਿ ਜੇਕਰ ਅਫਗਾਨਿਸਤਾਨ ਅੰਦਰ ਫੌਜੀ ਦਖਲਅੰਦਾਜ਼ੀ ਕਰਨੀ ਹੀ ਪਵੇ ਤਾਂ ਦੂਸਰਾ ਕਿਧਰੇ ਪਹਿਲ ਨਾ ਕਰ ਜਾਵੇ। ਉੱਧਰ ਪਾਕਿਸਤਾਨ ਵਿਚ ਭਾਵੇਂ ਜਨਰਲ ਜ਼ਿਆ ਉਲ ਹੱਕ, ਅਮਰੀਕਾ ਵਿਰੋਧੀ ਪੱਤਾ ਖੇਡ ਕੇ ਆਪਣੀ ਗੱਦੀ ਪੱਕੀ ਰੱਖ ਰਿਹਾ ਸੀ, ਪਰ ਇਸ ਗੱਲ ਦਾ ਉਸਨੂੰ ਵੀ ਡਰ ਸੀ ਕਿ ਜੇਕਰ ਰਸ਼ੀਆ ਅਫਗਾਨਿਸਤਾਨ ਵਿਚ ਕਾਮਯਾਬ ਹੋ ਗਿਆ ਤਾਂ ਉਸਦਾ ਅਗਲਾ ਨਿਸ਼ਾਨ ਪਾਕਿਸਤਾਨ ਹੀ ਹੋਵੇਗਾ। ਨਾਲ ਹੀ ਇਹ ਵੀ ਕਿ ਜੇਕਰ ਅਜਿਹਾ ਹੋਇਆ ਤਾਂ ਉਸਦੇ ਭੱਜਣ ਲਈ ਰਾਹ ਵੀ ਨਹੀਂ ਬਚੇਗਾ। ਕਿਉਂਕਿ ਇਧਰੋਂ ਰਸ਼ੀਆ ਆਵੇਗਾ ਤਾਂ ਦੂਸਰੇ ਪਾਸੇ ਹਿੰਦਸਤਾਨ ਹੋਵੇਗਾ, ਜੋ ਕਿ ਰਸ਼ੀਆ ਦਾ ਪੱਕਾ ਹਿਮਾਇਤੀ ਹੈ। ਇਸ ਕਰਕੇ ਉਹ ਇਹ ਚਾਹੁੰਦਾ ਵੀ ਸੀ ਕਿ ਉਹ, ਅਫਗਾਨ ਕਮਿਉਨਿਸਟ ਸਰਕਾਰ  ਵਿਰੋਧੀ ਮੁਜਾਹੇਦੀਨਾਂ ਦੀ ਮੱਦਦ ਕਰੇ ਪਰ ਨਾਲ ਹੀ ਰਸ਼ੀਆ ਤੋਂ ਡਰਦਾ ਵੀ ਸੀ। ਕੁਝ ਸਾਲ ਪਹਿਲਾਂ ਹੀ ਪਾਕਿਸਤਾਨ, ਹਿੰਦਸਤਾਨ ਨਾਲ ਲੜਾਈ ਦਰਮਿਆਨ ਆਪਣਾ ਅੱਧਾ ਮੁਲਕ ਖੁਹਾ ਬੈਠਾ ਸੀ। ਇਸ ਕਰਕੇ ਇਸ ਵੇਲੇ ਪਾਕਿਸਤਾਨ, ਅਤੀ ਕਮਜ਼ੋਰ ਮੁਲਕ ਸੀ। ਸਿੱਧਾ ਕਿਸੇ ਨਾਲ ਲੜਾਈ ਲੜਨ ਦੇ ਕਾਬਲ ਨਹੀਂ ਸੀ। ਲੁਕਾ ਛੁਪੀ ਦੇ ਖੇਡ ਤਾਂ ਇਹ ਖੇਡ ਸਕਦਾ ਸੀ ਪਰ ਕਿਸੇ ਨਾਲ ਸਿੱਧੀ ਲੜਾਈ ਨਹੀਂ ਲੜ ਸਕਦਾ ਸੀ। ਜ਼ਿਆ ਉਲ ਹੱਕ ਸੋਚੀ ਬੈਠਾ ਸੀ ਕਿ ਜੇਕਰ ਅਮਰੀਕਣ ਮੱਦਦ ਮਿਲ ਜਾਵੇ ਤਾਂ ਉਹ ਅਫਗਾਨਿਤਾਨ ਅੰਦਰ ਪਰੋਕਸੀ ਵਾਰ ਲੜ ਸਕਦਾ ਹੈ। ਇਸ ਲਈ ਉਸਨੇ ਅਮਰੀਕਣ ਮੱਦਦ ਦੀ ਵੀ ਆਸ ਰੱਖੀ ਹੋਈ ਸੀ। ਅਮਰੀਕਾ ਨੂੰ ਵੀ ਇਸ ਗੱਲ ਦਾ ਅੰਦਾਜ਼ਾ ਸੀ ਕਿ ਜੇਕਰ ਅਫਗਾਨ ਸਰਕਾਰ ਵਿਰੋਧੀਆਂ ਦੀ ਗੁਪਤ ਮੱਦਦ ਕਰਨੀ ਪਈ ਤਾਂ ਉਸਨੂੰ ਪਾਕਿਸਤਾਨ ਵਰਗਾ ਸਹਿਯੋਗੀ ਚਾਹੀਦਾ ਹੋਵੇਗਾ। ਇਸੇ ਕਰਕੇ ਪਾਕਿਸਤਾਨ ਵਿਚ ਅਮਰੀਕਾ ਵਿਰੋਧੀ ਹਨੇਰੀ ਹੋਣ ਦੇ ਬਾਵਜੂਦ ਅਮਰੀਕਾ ਸਰਕਾਰ ਨੇ ਉਸ ਨਾਲ ਗੁਪਤ ਤਾਲਮੇਲ ਰੱਖਿਆ ਹੋਇਆ ਸੀ।

ਅਫਗਾਨਿਸਤਾਨ ਅੰਦਰ ਬੜੀ ਤੇਜ਼ੀ ਨਾਲ ਹਾਲਾਤ ਬਦਲ ਰਹੇ ਸਨ। ਜਿਉਂ-ਜਿਉਂ ਸਰਕਾਰ ਦਮਨ ਵਧਾ ਰਹੀ ਸੀ ਲੋਕਾਂ ’ਚ ਵਿਰੋਧ ਦੀ ਭਾਵਨਾ ਤੇਜ਼ ਹੁੰਦੀ ਜਾ ਰਹੀ ਸੀ। ਧਾਰਮਿਕ ਲੀਡਰਾਂ ਨੇ ਅਫਗਾਨਿਸਤਾਨ ਦੀ ਕਮਿਉਨਿਸਟ ਸਰਕਾਰ ਖਿਲਾਫ ਜੇਹਾਦ ਲੜਨ ਦਾ ਫਤਵਾ ਜਾਰੀ ਕਰ ਦਿੱਤਾ ਸੀ। ਫਿਰ ਜਿਵੇਂ ਪਹਿਲਾਂ ਹੈਰਾਤ ਵਿਚ ਹੋ ਚੁੱਕਿਆ ਸੀ ਉਵੇਂ ਹੀ ਜਲਾਲਬਾਦ ਵਿਚ ਸ਼ੁਰੂ ਹੋ ਗਿਆ। ਫੌਜ, ਬੈਰਕਾਂ ਛੱਡ ਕੇ ਮੁਜਾਹੇਦੀਨਾਂ ਦੇ ਹੱਕ ਵਿਚ ਹੋ ਗਈ। ਥਾਂ ਪੁਰ ਥਾਂ ਸਰਕਾਰ ਪੱਖੀਆਂ ਨੂੰ ਮਾਰਿਆ ਜਾਣ ਲੱਗ ਪਿਆ। ਇਸ ਇਲਾਕੇ ਵਿਚ ਮੌਜੂਦ ਰਸ਼ੀਅਨ ਅਫਸਰ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਹੈਰਾਤ ਦੀ ਤਰ੍ਹਾਂ ਨੂੰ ਮਾਰ ਦਿੱਤਾ ਗਿਆ। ਇਸ ਵਿਦਰੋਹ ਦੀ ਖ਼ਬਰ



ਅਫਗਾਨਿਸਤਾਨ ਦੇ ਦੂਰ-ਦੁਰਾਡੇ ਦੇ ਪਿੰਡਾਂ ਤੱਕ ਪਹੁੰਚੀ ਤਾਂ ਪੇਂਡੂ ਲੋਕ ਵੀ ਸਰਕਾਰ ਦੇ ਖਿਲਾਫ ਹੋ ਗਏ। ਹੈਰਾਤ ਵੱਲੋਂ ਚੱਲੀ ਵਿਦਰੋਹ ਦੀ ਹਨੇਰੀ, ਜਲਾਲਬਾਦ ਵਿਚ ਦੀ ਹੁੰਦੀ ਹੋਈ ਸਾਰੇ ਮੁਲਕ ਵਿਚ ਫੈਲਣ ਲੱਗੀ। ਇਸ ਵੇਲੇ ਰਸ਼ੀਅਨ ਸਰਕਾਰ ਨੇ ਗੁਪਤ ਸਰਵੇ ਕਰਵਾਇਆ ਤਾਂ ਪਤਾ ਲੱਗਿਆ ਕਿ ਨੂਰ ਮੁਹੰਮਦ ਤਰਾਕੀ ਹੱਦੋਂ ਵੱਧ ਸਖਤੀ ਕਰ ਰਿਹਾ ਹੈ। ਉਹ ਅਫਗਾਨ ਕਮਿਉਨਿਸਟ ਪਾਰਟੀ ਨਾਲੋਂ ਆਪਣੇ ਆਪ ਨੂੰ ਪਹਿਲ ਦੇ ਰਿਹਾ ਹੈ। ਉਸਦਾ ਇੱਕੋ ਇਕ ਏਜੰਡਾ ਆਪਣੇ ਆਪ ਨੂੰ ਲੈਨਿਨ ਵਰਗਾ ਸੁਪਰੀਮ ਲੀਡਰ ਸਥਾਪਤ ਕਰਨ ਦਾ ਹੈ। ਇਹ ਵੇਖਿਦਿਆਂ ਰਸ਼ੀਆ ਨੇ ਉਸਨੂੰ ਸਲਾਹ ਦਿੱਤੀ ਕਿ ਉਹ ਲੋਕਾਂ ਦਾ ਦਿਲ ਜਿੱਤਣ ਦੀ ਕੋਸ਼ਿਸ਼ ਕਰੇ। ਧਾਰਮਿਕ ਮੁਲਾਂ ਮੁਲਾਣਿਆਂ ਨੂੰ ਆਪਣੇ ਨਾਲ ਰਲਾਵੇ ਅਤੇ ਪਾਰਟੀ ਦੇ ਸਾਰੇ ਵਰਕਰਾਂ ਨੂੰ ਨਾਲ ਲੈ ਕੇ ਚਲਦਿਆਂ ਸਰਕਾਰ ਨੂੰ ਸਥਿਰ ਬਣਾਉਣ ਦੀ ਕੋਸ਼ਿਸ਼ ਕਰੇ। ਪਰ ਤਰਾਕੀ ਉਸੇ ਪੁਰਾਣੀ ਗੱਲ ’ਤੇ ਅੜਿਆ ਰਿਹਾ ਕਿ ਰਸ਼ੀਆ ਸਿੱਧੀ ਫੌਜੀ ਦਖਲਅੰਦਾਜ਼ੀ ਕਰਦਿਆਂ ਉਸਦੀ ਮੱਦਦ ਕਰੇ। ਰਸ਼ੀਆ ਨੂੰ ਲੱਗਿਆ ਕਿ ਤਰਾਕੀ ਆਪ ਕੁਝ ਨਹੀਂ ਕਰਨਾ ਚਾਹੁੰਦਾ। ਉਹ ਸਾਰਾ ਕੁਝ ਬਣਿਆਂ ਬਣਾਇਆ ਭਾਲਦਾ ਹੈ। ਉੱਧਰ ਅਮਰੀਕਾ ਨੇ ਥੋੜ੍ਹਾ ਅਗਾਂਹ ਵਧਦਿਆਂ ਅਫਗਾਨ ਗੁਰੀਲਿਆਂ ਦੇ ਇਲਾਜ ਅਤੇ ਦਵਾਈਆਂ ਬਗੈਰਾ ਦੀ ਮੱਦਦ ਕਰਨ ਲਈ ਫੈਸਲਾ ਕਰ ਲਿਆ। ਇਸਦੇ ਲਈ ਪੈਸਾ, ਜ਼ਿਆ ਉਲ ਹੱਕ ਤੱਕ ਵੀ ਪਹੁੰਚਣ ਲੱਗਿਆ।

ਰਸ਼ੀਆ ਦੀਆਂ ਸਮਝੌਤੀਆਂ ਦੇ ਬਾਵਜੂਦ, ਨੂਰ ਮੁਹੰਦਮ ਤਰਾਕੀ ਨੇ ਆਪਣਾ ਰਸਤਾ ਨਾ ਬਦਲਿਆ। ਇੱਥੋਂ ਤੱਕ ਕਿ ਉਸਦੀ, ਆਪਣੀ ਹੀ ਪਾਰਟੀ ਦੇ ਉਚੇਰੇ ਅਹੁਦਿਆਂ ’ਤੇ ਬੈਠੇ ਲੋਕਾਂ ਨਾਲ ਅਣਬਣ ਹੋਣ ਲੱਗੀ। ਉਸਨੇ ਪਾਰਟੀ ਦੇ ਵੱਡੇ ਲੀਡਰ, ਹਫੀਜ਼ਉਲਾ ਅਮੀਨ ਨਾਲ ਆਢਾ ਲਾ ਲਿਆ। ਹਫੀਜ਼ਉਲਾ ਅਮੀਨ, ਅਮਰੀਕਾ ਦਾ ਪੜ੍ਹਿਆ ਲਿਖਿਆ ਸੀ ਤੇ ਉਸਦਾ ਅਫਗਾਨਿਸਤਾਨ ਵਿਚ ਕਮਿਉਨਿਸਟ ਸਰਕਾਰ ਸਥਾਪਤ ਕਰਨ ਵਿਚ ਵੱਡਾ ਯੋਗਦਾਨ ਸੀ। ਇਕ ਮੌਕੇ ’ਤੇ ਆ ਕੇ ਦੋਨਾਂ ਵਿਚਕਾਰ ਝਗੜਾ ਇੰਨਾ ਵਧ ਗਿਆ ਕਿ ਦੋਨੋਂ ਸੋਚਣ ਲੱਗੇ ਕਿ ਉਨ੍ਹਾਂ ਵਿਚੋਂ ਇਕ ਜਣੇ ਨੂੰ ਪਾਸੇ ਹਟਣਾ ਪਵੇਗਾ। ਹਫੀਜ਼ਉਲਾ-ਆਮੀਨ ਪਹਿਲ ਕਰ ਗਿਆ ਤੇ ਉਸਨੇ 1979 ਵਿਚ, ਆਪਣੇ ਆਪ ਨੂੰ ਮਹਾਨ ਟੀਚਰ ਕਹਾਉਣ ਵਾਲੇ ਨੂਰ ਮੁਹੰਮਦ ਤਰਾਕੀ ਦਾ ਕਤਲ ਕਰਵਾ ਕੇ ਸਤਾ ਹਥਿਆ ਲਈ। ਹਫੀਜ਼ਉਲਾ ਆਮੀਨ ਨੇ ਪੂਰੀ ਤਰ੍ਹਾਂ ਤਾਕਤ ਆਪਣੇ ਹੱਥ ਕੀਤੀ ਤਾਂ ਉਸਦਾ ਵਰਤਾਅ ਬਦਲਣ ਲੱਗਿਆ। ਉਸਨੂੰ ਰਸ਼ੀਆ ਦਾ ਪਿੱਠੂ ਬਣ ਕੇ ਚੱਲਣਾ ਮਨਜ਼ੂਰ ਨਾ ਹੋਣ ਲੱਗਿਆ। ਉਹ ਰਸ਼ੀਅਨ ਕੇ. ਜੀ. ਬੀ. ਨੂੰ ਅੱਖਾਂ ਵਿਖਾਉਣ ਲੱਗਿਆ। ਨਾਲ ਹੀ ਉਹ ਅਮਰੀਕਣ ਡਿਪਲੋਮੈਟਾਂ ਨਾਲ ਵੀ ਮੇਲ ਜੋਲ ਵਧਾਉਣ ਲੱਗਿਆ। ਉਸਦਾ ਪੜ੍ਹਾਈ ਦੌਰਾਨ ਕਾਫੀ ਦੇਰ ਅਮਰੀਕਾ ਰਿਹਾ ਹੋਣ ਕਰਕੇ, ਰਸ਼ੀਆ ਨੂੰ ਸ਼ੱਕ ਹੋਇਆ ਕਿ ਉਹ ਅਮਰੀਕਣ ਸੀ. ਆਈ. ਏ. ਨਾਲ ਮਿਲਿਆ ਹੋਇਆ ਹੈ। ਹਫੀਜ਼ਉਲਾ-ਆਮੀਨ ਦਾ ਅਮਰੀਕਣਾਂ ਨਾਲ ਮੇਲ-ਜੋਲ, ਰਸ਼ੀਆ ਦੀਆਂ ਅੱਖਾਂ ਵਿਚ ਰੜਕਣ ਲੱਗਿਆ। ਇਕ ਮੌਕੇ ’ਤੇ ਆ ਕੇ ਰਸ਼ੀਆ ਨੂੰ ਜਾਪਿਆ ਕਿ ਹਫੀਜ਼ਉਲਾ ਆਮੀਨ, ਵਾਕਿਆ ਹੀ ਅਮਰੀਕਾ ਅਤੇ ਪਾਕਸਿਤਾਨ ਨਾਲ ਮਿਲ ਕੇ ਆਪਣੀ ਸਰਕਾਰ ਪੱਕੀ ਕਰਨ ਦੇ ਚੱਕਰ ਵਿਚ ਹੈ। ਪਰ ਅਸਲ ਵਿਚ ਸਥਿਤੀ ਹੋਰ ਸੀ। ਜੋ ਉਸ ਬਾਰੇ ਰਸ਼ੀਆ ਸੋਚਦਾ ਸੀ ਅਜਿਹਾ ਕੁਝ ਵੀ ਨਹੀਂ ਸੀ। ਅਮਰੀਕਾ ਵੀ ਹਫੀਜ਼ਉਲਾ ਆਮੀਨ ’ਤੇ ਇਤਬਾਰ ਨਹੀਂ ਕਰਦਾ ਸੀ। ਪਰ ਰਸ਼ੀਆ ਨੂੰ ਜਾਪਣ ਲੱਗਿਆ ਕਿ ਉਸਦੀ ਦਹਾਕਿਆਂ ਦੀ ਕੀਤੀ ਕਰਾਈ ਖੂਹ ਵਿਚ ਪੈਣ ਲੱਗੀ ਹੈ ਕਿਉਂਕਿ ਹਫੀਜ਼ਉਲਾ ਆਮੀਨ, ਅਮਰੀਕਾ ਨਾਲ ਰਲ ਗਿਆ ਹੈ। ਕੇ. ਜੀ. ਬੀ. ਨੇ ਹਫੀਜ਼ਉਲਾ ਬਾਰੇ ਪੂਰੀ ਰਿਪੋਰਟ ਤਿਆਰ ਕਰਕੇ ਆਪਣੀ ਸਰਕਾਰ ਨੂੰ ਭੇਜਦਿਆਂ, ਪੂਰੇ ਜ਼ੋਰ ਸ਼ੋਰ ਨਾਲ ਸਲਾਹ ਦਿੱਤੀ ਕਿ ਜੇਕਰ ਹਫੀਜ਼ਉਲਾ ਨੂੰ ਛੇਤੀ ਪਾਸੇ ਨਾ

ਹਟਾਇਆ ਗਿਆ ਤਾਂ ਉਹ ਅਮਰੀਕਾ ਨਾਲ ਮਿਲ ਕੇ ਰਸ਼ੀਆ ਦਾ ਪਾਸਾ ਪਲਟ ਦੇਵੇਗਾ। ਰਸ਼ੀਆ ਸਰਕਾਰ ਨੇ ਇਸ ਰਿਪੋਰਟ ਨੂੰ ਬੜੀ ਸੰਜੀਦਗੀ ਨਾਲ ਲਿਆ। ਨਾਲ ਹੀ ਹਫੀਜ਼ਉਲਾ ਨੂੰ ਰਸਤੇ 'ਚੋਂ ਪਾਸੇ ਕਰਕੇ ਅਫਗਾਨ ਕਮਿਉਨਿਸਟ ਸਰਕਾਰ ਬਚਾਉਣ ਦਾ ਆਦੇਸ਼ ਦੇ ਦਿੱਤੇ। ਹਫੀਜ਼ਉਲਾ ਦੇ ਵਰਤਾਅ ਕਾਰਨ ਹਾਲਾਤ ਤੇਜ਼ੀ ਨਾਲ ਖਰਾਬ ਹੁੰਦੇ ਜਾ ਰਹੇ ਸਨ। ਇਸ ਕਰਕੇ ਰਸ਼ੀਆ ਨੇ ਸਿੱਧੀ ਫੌਜ ਭੇਜਣ ਦਾ ਫੈਸਲਾ ਕਰ ਲਿਆ। ਭਾਵੇਂ ਇਸਦੇ ਲਈ ਰਸ਼ੀਅਨ ਸਰਕਾਰ ਨੂੰ ਡਰ ਸੀ ਕਿ ਕਿਤੇ ਇਸ ਨਾਲ ਵੱਡੀ ਲੜਾਈ ਨਾ ਭੜਕ ਪਵੇ ਤੇ ਸਾਰਾ ਸੰਸਾਰ ਇਸ ਵਿਚ ਨਾ ਉਲਝ ਜਾਵੇ। ਪਰ ਨਾਲ ਹੀ ਉਸਨੂੰ ਇਹ ਵੀ ਖਤਰਾ ਸੀ ਕਿ ਜੇਕਰ ਛੇਤੀ ਕੋਈ ਕਦਮ ਨਾ ਚੁੱਕਿਆ ਤਾਂ ਅਮਰੀਕਾ ਪਹਿਲ ਕਰ ਜਾਵੇਗਾ। ਇਸ ਫੈਸਲੇ ਪਿੱਛੋਂ ਰਸ਼ੀਅਨ ਫੌਜ ਟੁਕੜੀਆਂ ਵਿਚ, ਗੁਪਤ ਢੰਗ ਨਾਲ ਅਫਗਾਨਿਸਤਾਨ ਵਿਚ ਦਾਖਲ ਹੋਣੀ ਸ਼ੁਰੂ ਹੋ ਗਈ। ਉੱਧਰ ਹਫੀਜ਼ਉਲਾ-ਆਮੀਨ ਨੂੰ ਮਾਰਨ ਦੇ ਯਤਨ ਵੀ ਤੇਜ਼ ਕਰ ਦਿੱਤੇ। ਪਰ ਉਹ ਧੱਕੇ ਨਹੀਂ ਚੜ੍ਹ ਰਿਹਾ ਸੀ। ਸਿੱਧਾ ਦਖਲ ਦੇਣ ਦੇ ਫੈਸਲੇ ਤੋਂ ਬਾਅਦ ਰਸ਼ੀਅਨ ਫੌਜ, ਭਾਵੇਂ ਗੁਪਤ ਰੂਪ 'ਚ ਅਫਗਾਨਿਸਤਾਨ ਅੰਦਰ ਪਹਿਲਾਂ ਹੀ ਜਾਣੀ ਸ਼ੁਰੂ ਹੋ ਚੁੱਕੀ ਸੀ ਪਰ ਉਸ ਦਿਨ ਰਸ਼ੀਆ ਜਾ ਸਿੱਧਾ ਹਮਲਾ ਜਨਤਕ ਹੋ ਗਿਆ ਜਿਸ ਦਿਨ ਰਸ਼ੀਅਨ ਫੌਜਾਂ ਨੇ, ਅਮੂ ਦਾਰੀਆ ਦਰਿਆ 'ਤੇ ਆਰਜੀ ਪੁਲ ਬਣਾ ਕੇ ਆਪਣੇ ਟੈਂਕ ਅਫਗਾਨਿਸਤਾਨ ਅੰਦਰ ਦਾਖਲ ਕੀਤੇ। ਨਾਲ ਹੀ ਕਾਬਲ ਏਅਰਪੋਰਟ 'ਤੇ ਰਸ਼ੀਅਨ ਫੌਜਾਂ ਦੇ ਸਪੈਸ਼ਿਲ ਦਸਤੇ ਉਤਰਨੇ ਸ਼ੁਰੂ ਹੋ ਗਏ। ਹਫੀਜ਼ਉਲਾ-ਆਮੀਨ ਨੂੰ ਮਾਰਨ ਲਈ ਜਦੋਂ ਕੋਈ ਲੁਕਵਾਂ ਢੰਗ ਕਾਰਗਾਰ ਨਾ ਹੋਇਆ ਤਾਂ ਕੇ. ਜੀ. ਬੀ. ਦੇ ਸਪੈਸ਼ਿਲ ਦਸਤਿਆਂ ਨੇ ਸਿੱਧਾ ਉਸਦੇ ਮਹਿਲ 'ਤੇ ਹਮਲਾ ਬੋਲ ਦਿੱਤਾ। ਇਹ ਇਸ ਲਈ ਵੀ ਜ਼ਰੂਰੀ ਸੀ ਕਿਉਂਕਿ ਰਸ਼ੀਆ ਨੇ ਜਲਾਵਤਨੀ ਭੁਗਤ ਰਹੇ ਬਬਰਾਕ ਕਰਮਾਲ ਨੂੰ ਹਵਾਈ ਜਹਾਜ਼ ਰਾਹੀਂ ਬੈਗਰਾਮ ਏਅਰਪੋਰਟ 'ਤੇ ਲਿਆ ਉਤਾਰਿਆ ਸੀ। ਸੋ ਛੇਤੀ ਤੋਂ ਛੇਤੀ ਹਫੀਜ਼ਉਲਾ-ਆਮੀਨ ਦਾ ਖਾਤਮਾ ਕਰਕੇ ਬਬਰਾਕ ਕਰਮਾਲ ਨੂੰ ਪ੍ਰਧਾਨ ਬਣਾਉਣ ਦੀ ਕਾਹਲੀ ਸੀ। ਹਫੀਜ਼ਉਲਾ ਦੇ ਮਹਿਲ ਵਿਚ ਘੁਸ ਜਾਣ ਪਿੱਛੋਂ ਦੋਨਾਂ ਧਿਰਾਂ ਵਿਚ ਲਹੂ ਡੋਲਵੀਂ ਲੜਾਈ ਹੋਈ ਜਿਸ ਵਿੱਚ ਦਰਜਨਾਂ ਰਸ਼ੀਅਨ ਫੌਜੀ ਮਾਰੇ ਗਏ। ਪਰ ਆਖਰ 'ਤੇ ਹਫੀਜ਼ਉਲਾ ਨੂੰ ਕਮਰੇ ਵਿਚ ਲੁਕੇ ਨੂੰ ਕੱਢ ਕੇ ਮਾਰ ਦਿੱਤਾ ਗਿਆ। 1979 ਦੀ ਕ੍ਰਿਸਮਿਸ ਦੀ ਸਵੇਰ ਸਾਰੀ ਦੁਨੀਆਂ ਨੇ ਰਸ਼ੀਅਨ ਫੌਜਾਂ ਅਫਗਾਨਿਸਤਾਨ ਵਿਚ ਘੁੰਮਦੀਆਂ ਅਤੇ ਇਸਦੇ ਲੜਾਕੇ ਜਹਾਜ਼ ਅਸਮਾਨ ਵਿਚ ਉਡਦੇ ਵੇਖੇ ਤਾਂ ਸਾਰੀ ਦੁਨੀਆਂ ਹੈਰਾਨ ਰਹਿ ਗਈ। ਖਾਸ ਕਰਕੇ ਅਮਰੀਕਾ ਨੂੰ ਤਾਂ ਰਸ਼ੀਆ ਦੇ ਇਸ ਫੈਸਲੇ ਨੇ ਸੁੰਨ ਹੀ ਕਰ ਦਿੱਤਾ। ਉਸਨੂੰ ਉਮੀਦ ਨਹੀਂ ਸੀ ਕਿ ਰਸ਼ੀਆ ਇੰਨੀ ਜਲਦੀ ਇਹ ਕਦਮ ਚੁੱਕੇਗਾ। ਪਰ ਹੁਣ ਸੋਚਣ ਦਾ ਮੌਕਾ ਨਹੀਂ ਸੀ। ਇਸ ਹਮਲੇ ਦਾ ਮੋੜਵਾਂ ਜੁਆਬ ਦੇਣ ਲਈ ਅਮਰੀਕਾ ਨੂੰ ਜਿਸ ਸਾਥੀ ਦੀ ਸਭ ਤੋਂ ਵੱਧ ਲੋੜ ਸੀ ਉਹ ਸੀ ਪਾਕਿਸਤਾਨ ਦਾ ਪ੍ਰਧਾਨ, ਜਨਰਲ ਜ਼ਿਆ ਉਲ ਹੱਕ। ਜ਼ਿਉ ਉਲ ਹੱਕ ਦੀਆਂ ਤਾਂ ਵਾਸ਼ਾਂ ਹੀ ਖਿੱਲਰ ਗਈਆਂ। ਉਸਦੀਆਂ ਉਮੀਦਾਂ ਦੀ ਪ੍ਰਾਪਤੀ ਦਾ ਰਾਹ ਖੁੱਲ੍ਹ ਚੁੱਕਿਆ ਸੀ। ਅਮਰੀਕਾ ਨੇ ਸਾਊਦੀ ਅਰਬ ਨੂੰ ਨਾਲ ਲੈਂਦਿਆਂ ਅਤੇ ਪਾਕਿਸਤਾਨ ਨੂੰ ਮੋਹਰਾ ਬਣਾਉਂਦਿਆਂ ਅੱਗੇ ਦੀ ਤਿਆਰੀ ਸ਼ੁਰੂ ਕਰ ਦਿੱਤੀ।

ਅਫਗਾਨਿਸਤਾਨ ਅੰਦਰ, ਰਸ਼ੀਅਨ ਫੌਜਾਂ ਬਬਰਾਕ ਕਰਮਾਲ ਦੀ ਮੱਦਦ ਕਰਦੀਆਂ ਉਸ ਖਿਲਾਫ ਸਿਰ ਚੁੱਕ ਰਹੇ ਲੋਕਾਂ 'ਤੇ ਸਖਤੀ ਕਰਨ ਲੱਗੀਆਂ। ਇਸ ਨਾਲ ਲੋਕਾਂ ਦਾ ਗੁੱਸਾ ਹੋਰ ਵਧ ਗਿਆ ਅਤੇ ਬਬਰਾਕ ਕਮਾਲ ਦੇ ਖਿਲਾਫ ਵਿਦਰੋਹ ਉੱਠ ਖੜ੍ਹਾ ਹੋਇਆ। ਰਸ਼ੀਅਨ ਫੋਰਸਾਂ ਜਦੋਂ ਹੋਰ ਵੀ ਜ਼ੋਰ-ਸ਼ੋਰ ਨਾਲ ਇਸ ਵਿਦਰੋਹ ਨੂੰ ਕੁਚਲਣ ਲੱਗੀਆਂ ਤਾਂ ਲੋਕ ਲੜਨ ਲਈ ਇੱਕ-ਮੁੱਠ ਹੋਣ ਲੱਗੇ। ਇਸੇ ਵੇਲੇ ਮੁਲਾਣਿਆਂ ਨੇ ਇਸ ਸੰਘਰਸ਼ ਨੂੰ ਜੇਹਾਦ ਦਾ ਨਾਂ ਦਿੱਤਾ ਤੇ ਲੋਕਾਂ



ਨੂੰ ਰਸ਼ੀਅਨਾਂ ਅਤੇ ਬਬਰਾਕ ਕਰਮਾਲ ਖਿਲਾਫ ਲੜਨ ਦਾ ਫਤਵਾ ਜਾਰੀ ਕਰ ਦਿੱਤਾ। ਪਿਛਲੇ ਕਿੰਨੇ ਹੀ ਸਾਲਾਂ ਤੋਂ ਅੰਦਰੇ ਅੰਦਰ ਧੁਖ ਰਿਹਾ ਲੋਕਾਂ ਦਾ ਗੁੱਸਾ, ਲਾਵਾ ਬਣ ਖੜੋਤਾ। ਵੱਖੋ-ਵੱਖ ਇਲਾਕਿਆਂ ਤੋਂ ਲੋਕ ਗਰੁੱਪ ਬਣਾ ਕੇ ਲਾਮਬੰਦ ਹੋ ਗਏ। ਉਦੋਂ ਹੀ ਪਾਕਿਸਤਾਨ ਨੇ ਉੱਥੇ ਪਨਾਹ ਲਈ ਬੈਠੇ ਮੁਜਾਹਦੀਨਾਂ ਨੂੰ ਅਫਗਾਨਿਸਤਾਨ ਵੱਲ ਜਾਣ ਦਾ ਸੁਝਾਅ ਦਿੱਤਾ। ਸਾਰੇ ਅਫਗਾਨਿਸਤਾਨ ਵਿੱਚ ਭੁਚਾਲ ਆ ਗਿਆ। ਲੋਕ ਰੋਹ ਦੀ ਅਗਵਾਈ ਕਰਦੇ ਮੁਜਾਹਦੀਨ ਜ਼ੋਰ-ਸ਼ੋਰ ਨਾਲ ਲੜਨ ਲੱਗੇ। ਪਰ ਇੱਥੇ ਪਾਕਿਸਤਾਨ ਨੇ ਭਵਿੱਖ ਦੀ ਰਣਨੀਤੀ ਤਹਿ ਕਰਦਿਆਂ ਇੱਕ ਘਿਨਾਉਣੀ ਚਾਲ ਚੱਲ ਦਿੱਤੀ। ਉਸਨੇ ਮੁਜਾਹਦੀਨ ਗਰੁੱਪਾਂ ਨੂੰ ਇੱਕ ਝੰਡੇ ਹੇਠ ਇਕੱਠਾ ਨਾ ਹੋਣ ਦਿੱਤਾ। ਸਗੋਂ ਪਹਿਲਾਂ ਤੋਂ ਹੀ ਵਖਰੇਵਿਆਂ 'ਚ ਫਸੇ ਅਫਗਾਨ ਸਮਾਜ ਨੂੰ ਹੋਰ ਅੱਡ-ਅੱਡ ਕਰ ਦਿੱਤਾ। ਇਹ ਚਾਲ ਅੱਗੇ ਜਾ ਕੇ ਬਹੁਤ ਮਾਰੂ ਸਾਬਤ ਹੋਈ। ਅਫਗਾਨਿਸਤਾਨ ਸਦੀਆਂ ਤੋਂ ਬਹੁਤ ਸਾਰੇ ਧਰਮਾਂ, ਕਬੀਲਿਆਂ ਅਤੇ ਸੱਭਿਆਚਾਰਾਂ ਦਾ ਮਿਲਿਆ ਜੁਲਿਆ ਸਮਾਜ ਹੈ। ਸਦੀਆਂ ਤੋਂ ਵੱਖ-ਵੱਖ ਫਿਰਕਿਆਂ ਦੇ ਲੋਕ ਸੰਪੂਰਨ ਆਜ਼ਾਦੀ ਲਈ ਝਗੜਦੇ ਆ ਰਹੇ ਹਨ। ਕਈ ਵਾਰੀ ਬਹੁਤੇਰੀ ਤਾਕਤ ਵਰਤ ਕੇ ਮੌਕੇ ਦੇ ਸ਼ਾਸਿਕਾਂ ਨੇ ਇਸ ਬਗਾਵਤ ਨੂੰ ਕੁਚਲਿਆ। ਉਵੇਂ ਹੀ ਇਸ ਵੇਲੇ ਵੀ ਦੁਰਾਨੀ ਪਸ਼ਤੂਨ, ਗਿਲਜ਼ੀਆ ਪਸ਼ਤੂਨ, ਹਜਾਰਾ, ਸ਼ੀਆ ਅਤੇ ਸੁੰਨੀ, ਤਜਕ, ਉਜ਼ਬਿਕ, ਤੁਰਕ ਅਤੇ ਹੋਰ ਕਈ ਸਮਾਜਾਂ 'ਚੋਂ ਲੜਾਕੇ, ਇਸ ਸਾਂਝੀ ਲੜਾਈ ਲੜਨ ਲਈ ਵੱਖੋ-ਵੱਖਰੇ ਗਰੁੱਪਾਂ ਵਿੱਚ ਤਿਆਰ ਹੋ ਗਏ। ਉਨ੍ਹਾਂ ਦੀ ਅਗਵਾਈ ਵੀ ਉਵੇਂ ਹੀ ਪਸ਼ਤੂਨ ਲੀਡਰ ਗੁਲਬਦਿਨ ਹੇਕਮਤਿਆਰ, ਪੀਰ ਸਈਅਦ ਅਹਿਮਦ ਗਿਲਾਨੀ, ਤਜਿਕ ਲੀਡਰ ਬਰਹਾਨੂੰਦੀਨ ਰੁਬਾਨੀ, ਮੁਜ਼ਾਰੇ ਸ਼ਰੀਫ ਵੱਲੋਂ ਫੌਜੀ ਜਨਰਲ ਅਹਿਮਦ ਸ਼ਾਹ ਮਸੂਦ, ਉਜ਼ਬਿਕ ਲੀਡਰ ਜਨਰਲ ਰਸ਼ੀਦ ਦੋਸਤਮ, ਬਹੁਤ ਹੀ ਤਾਕਤਵਰ ਪਸ਼ਤੂਨ ਲੀਡਰ ਜਲਾਲੁਦੀਨ ਹਕੀਨੀ ਅਤੇ ਅਜਿਹੇ ਕਿੰਨੇ ਹੀ ਹੋਰ। ਸ਼ਾਇਦ ਪਾਕਿਸਤਾਨ ਨੇ ਭਵਿੱਖ 'ਚ ਅਫਗਾਨਿਸਤਾਨ ਨੂੰ ਆਪਣੇ ਕਬਜ਼ੇ ਵਿੱਚ ਰੱਖਣ ਦੀ ਚਾਹਤ ਅਧੀਨ ਉਨ੍ਹਾਂ ਨੂੰ ਇੱਕ ਝੰਡੇ ਹੇਠ ਨਾ ਲੜਨ ਦਿੱਤਾ। ਖਾਸ ਤੌਰ 'ਤੇ ਪਾਕਿਸਤਾਨ, ਅਫਗਾਨ ਸਮਾਜ ਅੰਦਰ ਡੂੰਘੀਆਂ ਜੜ੍ਹਾਂ ਰੱਖਣ ਵਾਲੇ ਅਤੇ ਸਦੀਆਂ ਤੋਂ ਅਫਗਾਨਿਸਤਾਨ 'ਤੇ ਰਾਜ ਕਰਦੇ ਆ ਰਹੇ ਦੱਖਣ ਵੱਲ ਦੇ ਦੁਰਾਨੀ ਪਸ਼ਤੂਨਾਂ ਨੂੰ ਸੱਤਾ ਤੋਂ ਦੂਰ ਰੱਖਣਾ ਚਾਹੁੰਦਾ ਸੀ। ਇਸੇ ਕਰਕੇ ਪਸ਼ਤੂਨਾਂ ਨੂੰ ਦੋ ਧੜਿਆਂ ਵਿੱਚ ਵੰਡਦਿਆਂ ਉਸਨੇ ਗਿਲਜ਼ੀਆ ਪਸ਼ਤੂਨਾਂ ਨੂੰ ਅੱਗੇ ਰੱਖਿਆ ਜਿਨ੍ਹਾਂ ਦਾ ਕਿ ਪੂਰਬ ਵੱਲ ਪਾਕਿਸਤਾਨ ਦੇ ਨਾਲ ਲੱਗਦੇ ਇਲਾਕੇ ਅਤੇ ਪਿਸ਼ਾਵਰ ਵਿੱਚ ਵੱਡਾ ਆਧਾਰ ਹੈ। ਇਹੋ ਵੰਡੀਆਂ ਅੱਗੇ ਜਾ ਕੇ ਵੱਡੇ ਸੰਕਟ ਦਾ ਕਾਰਨ ਬਣਿਆਂ ਜੋ ਅੱਜ ਤੱਕ ਮੌਜੂਦ ਹੈ।

ਮੁਲਕ ਵੱਖੋ-ਵੱਖਰੇ ਵਾਰਲੋਰਡਾਂ ਜਾਂ ਸਿਪਾਸਿਲਾਰਾਂ ਅਧੀਨ ਵੰਡਿਆ ਜਾ ਚੁੱਕਿਆ ਸੀ। ਜਦੋਂ ਲੜਾਈ ਭਖ ਉੱਠੀ ਤਾਂ ਸ਼ਹਿ ਲਾ ਕੇ ਬੈਠਾ ਅਮਰੀਕਾ ਹਰਕਤ ਵਿੱਚ ਆ ਗਿਆ। ਇਸ ਦੇ ਲਈ ਉਹ ਸਮਾਂ ਆ ਚੁੱਕਿਆ ਸੀ ਜਿਸਦੀ ਕਿ ਬੜੇ ਸਮੇਂ ਤੋਂ ਉਡੀਕ ਕਰ ਰਿਹਾ ਸੀ। ਸਾਊਦੀ ਅਰਬ ਨਾਲ ਮਿਲ ਕੇ ਅਮਰੀਕਾ ਨੇ ਸਾਂਝੀ ਨੀਤੀ ਤਿਆਰ ਕੀਤੀ, ਜਿਸ ਅਨੁਸਾਰ ਪੈਸਾ ਇਨ੍ਹਾਂ ਦੋਨਾਂ ਨੇ ਦੇਣਾ ਸੀ ਤੇ ਅੱਗੇ ਲੜਾਈ ਦੀ ਵਿਉਂਤਬੰਦੀ ਸਾਰੀ ਪਾਕਿਸਤਾਨ ਨੇ ਕਰਨੀ ਸੀ। ਇਹ ਤਜਵੀਜ਼ ਸੁਣਦਿਆਂ ਪਾਕਿਸਤਾਨੀ ਡਿਕਟੇਟਰ ਜ਼ਿਆ ਉਲ ਹੱਕ ਬਾਗੋ-ਬਾਗ ਹੋ ਗਿਆ। ਪਰ ਉਸਨੇ ਇੱਕ ਸ਼ਰਤ ਰੱਖੀ। ਉਹ ਇਹ ਸੀ ਕਿ ਅਮਰੀਕਾ, ਅਫਗਾਨਿਸਤਾਨ ਅੰਦਰ ਆਪਣੇ ਸੈਨਕ ਨਹੀਂ ਭੇਜੇਗਾ। ਅਮਰੀਕਾ ਨੂੰ ਇਸ ਨਾਲ ਕੋਈ ਫਰਕ ਨਾ ਪਿਆ ਸਗੋਂ ਉਸਦੇ ਇਹ ਸਕੀਮ ਫਿੱਟ ਬੈਠ ਗਈ। ਵੀਅਤਨਾਮ ਦੇ ਘਾਤਕ ਨਤੀਜਿਆਂ ਤੋਂ ਸਬਕ ਸਿੱਖ ਕੇ ਅਮਰੀਕਾ ਵੀ ਕਿਧਰੇ ਸਿੱਧੀਆਂ ਫੌਜਾਂ ਭੇਜਣ ਤੋਂ ਕਤਰਾਉਣ ਲੱਗ ਪਿਆ ਸੀ। ਖੈਰ ਪੈਸਾ ਆਉਣ ਲੱਗਿਆ ਤਾਂ

ਪਾਕਿਸਤਾਨ ਆਪਣੇ ਹਿਸਾਬ ਇਸਨੂੰ ਖਰਚਣ ਲੱਗਿਆ। ਇੱਥੇ ਵੀ ਉਹ ਆਪਣੀ ਮਰਜ਼ੀ ਅਨੁਸਾਰ ਹੀ ਚਹੇਤੇ ਮੁਜਾਹਦੀਨਾਂ ਦੀ ਵੱਧ ਤੇ ਦੂਸਰਿਆਂ ਦੀ ਘੱਟ ਮੱਦਦ ਕਰਦਾ ਸੀ। ਕਈ ਵਾਰ ਉਨ੍ਹਾਂ ਨੂੰ ਇੱਕ ਦੂਜੇ ਦੇ ਖਿਲਾਫ ਵੀ ਲੜਾ ਦਿੰਦਾ ਸੀ। ਅਫਗਾਨਿਸਤਾਨ ਅੰਦਰ ਚੱਲ ਰਹੀ ਜੰਗ ਨੂੰ ਪਾਕਿਸਤਾਨ ਪੂਰੀ ਤਰ੍ਹਾਂ ਆਪਣੀ ਮਰਜ਼ੀ ਨਾਲ ਚਲਾ ਰਿਹਾ ਸੀ। ਸਾਰੇ ਲੜਾਕੇ ਸਰਦਾਰ ਉਸਦੀਆਂ ਕਠਪੁਤਲੀਆਂ ਸਨ। ਅਫਗਾਨਿਸਤਾਨ ਦੇ ਦੁਰਾਨੀ ਪਸ਼ਤੂਨ ਲੋਕਾਂ ਨੂੰ ਉਸਨੇ ਸ਼ੁਰੂ ਤੋਂ ਹੀ ਠਿੱਬੀ ਲਾਉਣ ਦੀ ਸੋਚ ਲਈ ਸੀ ਜੋ ਕਿ ਉੱਥੇ ਦੀ ਸਭ ਤੋਂ ਵੱਡੀ ਧਿਰ ਸੀ ਤੇ ਅਹਿਮਦ ਸ਼ਾਹ ਅਬਦਾਲੀ ਤੋਂ ਲੈ ਕੇ ਜਹੀਰ ਸ਼ਾਹ ਤੱਕ ਇਹੀ ਰਾਜ ਕਰਦੀ ਆ ਰਹੀ ਸੀ। ਸ਼ੁਰੂ ਵਿੱਚ ਦੁਨੀਆਂ ਨੂੰ ਇਹ ਸੀ ਕਿ ਰਸ਼ੀਆ, ਰਾਜਧਾਨੀ ਕਾਬਲ ਨੂੰ ਘੇਰਾ ਪਾ ਕੇ ਬੈਠ ਜਾਵੇਗਾ ਤੇ ਉੱਥੇ ਦੀ ਸਰਕਾਰ ਨੂੰ ਸੁਰੱਖਿਆ ਮੁਹੱਈਆ ਕਰਵਾਏਗਾ। ਪਰ ਰਸ਼ੀਆ ਨੇ ਜੋ ਕੀਤਾ, ਫੌਜੀ ਮਾਹਰਾਂ ਮੁਤਾਬਕ ਉਹ ਬਹੁਤ ਵੱਡੀ ਗਲਤੀ ਸੀ। ਉਸਨੇ ਸਾਰੇ ਅਫਗਾਨਿਸਤਾਨ ਨੂੰ ਹੀ ਆਪਣੇ ਘੇਰੇ ਵਿੱਚ ਲੈ ਲਿਆ। ਮੁਲਕ ਦੇ ਦੂਰ ਦੁਰਾਡੇ ਇਲਾਕਿਆਂ ਤੱਕ ਵੀ ਉਸਨੇ ਫੌਜ ਭੇਜ ਦਿੱਤੀ। ਫੌਜ ਦੇ ਖਿਲਰਨ ਨਾਲ ਉਸਨੂੰ ਬਹੁਤ ਮੁਸ਼ਕਲਾਂ ਆਈਆਂ। ਕਿਉਂਕਿ ਜਿੱਡੀ ਵੱਡੀ ਫੌਜੀ ਨਿਯੁਕਤੀ ਉਸਨੂੰ ਕਰਨੀ ਪਈ ਸੀ ਇਸਦੇ ਲਈ ਨਾਂ ਉਹ ਤਿਆਰ ਸੀ, ਨਾ ਉਸ ਕੋਲ ਲੋੜੀਂਦੀ ਸਿਖਲਾਈ ਸੀ ਤੇ ਨਾਂ ਇੰਨੇ ਵੱਡੇ ਪੈਮਾਨੇ ’ਤੇ ਸਾਧਨ ਸਨ। ਇਸਦਾ ਨਤੀਜਾ ਇਹ ਹੋਇਆ ਕਿ ਰਸ਼ੀਆ ਦਾ ਖਰਚਾ ਬਹੁਤ ਵਧ ਗਿਆ। ਲੜਾਈ ਦਾ ਸਾਰਾ ਖਰਚ ਉਸਨੂੰ ਆਪ ਹੀ ਚੁੱਕਣਾ ਪੈ ਰਿਹਾ ਸੀ। ਜ਼ਿਆਦਾ ਖਰਚ ਨੇ ਉਸਦਾ ਅਰਥਚਾਰਾ ਡਗਮਗਾ ਦਿੱਤਾ। ਇਹੀ ਅਮਰੀਕਾ ਦੀ ਚਾਲ ਸੀ ਕਿ ਰਸ਼ੀਆ ਦਾ ਇੰਨਾ ਖਰਚ ਕਰਵਾਉ ਕਿ ਉਸਦਾ ਖਜ਼ਾਨਾ ਖਾਲੀ ਹੋ ਜਾਵੇ, ਇਹ ਲੜਾਈ ਉਸਦਾ ਦਿਵਾਲਾ ਕੱਢ ਦੇਵੇ। ਸ਼ੁਰੂ ਵਿੱਚ ਰਸ਼ੀਆ ਨੇ ਬਹੁਤੀ ਪ੍ਰਵਾਹ ਨਾ ਕੀਤੀ ਤਾਂ ਅਮਰੀਕਾ ਵੀ ਚਿੰਤਾਤੁਰ ਹੋਣ ਲੱਗਿਆ। ਇਉਂ 1985 ਤੱਕ ਰਸ਼ੀਆ ਦਾ ਹੱਥ ਉੱਪਰ ਰਿਹਾ। ਅਮਰੀਕਾ ਨੇ ਸੋਚ ਵਿਚਾਰ ਕੀਤੀ ਤਾਂ ਪਾਇਆ ਕਿ ਉਸਦਾ ਇੰਨਾ ਪੈਸਾ ਬੇਕਾਰ ਬਹਿ ਰਿਹਾ ਹੈ ਤੇ ਰਸ਼ੀਆ ਦੇ ਕੰਨ ’ਤੇ ਜੂੰਅ ਨਹੀਂ ਸਰਕ ਰਹੀ। ਅਮਰੀਕਾ ਕੋਈ ਨਵੀਂ ਜੁਗਤ ਸੋਚਣ ਲੱਗਿਆ। ਇਨ੍ਹੀਂ ਹੀ ਦਿਨੀਂ ਅਫਗਾਨੀ ਮੁਜਾਹਦੀਨਾਂ ਨੇ ਸਬੱਬੀਂ ਇੱਕ ਨੀਵਾਂ ਉੱਡਿਆ ਜਾਂਦਾ ਹਿੰਦ-ਡੀ ਹੈਲੀਕਾਪਟਰ, ਜਿਸਨੂੰ ਰਸ਼ੀਅਨ ਏਅਰ ਟੈਂਕ ਵੀ ਕਿਹਾ ਜਾਂਦਾ ਸੀ, ਗੋਲੀਆਂ ਨਾਲ ਛਲਣੀ ਕਰ ਦਿੱਤਾ। ਤੇਜ਼-ਤਰਾਰ ਅਮਰੀਕਨ ਫੌਜੀ ਮਾਹਰਾਂ ਨੂੰ ਅਚਾਨਕ ਇਹ ਗੱਲ ਔੜੀ ਕਿ ਜੇਕਰ ਮੁਜਾਹਦੀਨ ਉੱਡਦੇ ਹੈਲੀਕਾਪਟਰ ਅਤੇ ਲੜਾਕੇ ਜਹਾਜ਼ ਡੇਗਣ ਲੱਗ ਪੈਣ ਤਾਂ ਉਹ ਰਸ਼ੀਆ ਦਾ ਕਾਫੀ ਨੁਕਸਾਨ ਕਰ ਸਕਦੇ ਹਨ। ਪਰ ਉੱਪਰ ਉੱਡਦਾ ਜਹਾਜ਼ ਡੇਗਣ ਲਈ ਅਮਰੀਕਾ ਕੋਲ ਜੋ ਹਥਿਆਰ ਸੀ ਉਸਨੂੰ ਨਾ ਹੀ ਸੀ. ਆਈ. ਏ. ਤੇ ਨਾ ਹੀ ਡਿਫੈਂਸ ਡਿਪਾਰਟਮੈਂਟ ਕਿਸੇ ਬਾਹਰਲੇ ਨੂੰ ਦੇਣ ਵਾਸਤੇ ਤਿਆਰ ਸੀ। ਇਹ ਹਥਿਆਰ ਸੀ, ਸਟਿੰਗਰ ਐਂਟੀ-ਏਅਰਕਰਾਫਟ ਮਿਸਾਇਲ। ਇੱਧਰੋਂ ਉੱਧਰੋਂ ਦਬਾ ਪਾ ਕੇ ਅਮਰੀਕਨ ਨੀਤੀ ਮਾਹਿਰਾਂ ਨੇ ਆਖਰ ਡਿਫੈਂਸ ਡਿਪਾਰਟਮੈਂਟ ਨੂੰ ਇਹ ਮਿਸਲ ਦੇਣ ਲਈ ਮਨਾ ਲਿਆ। ਅਮਰੀਕਾ ਨੇ ਸਟਿੰਗਰ ਦੇਣੀ ਤਾਂ ਵਿਚਾਰ ਲਈ ਪਰ ਇਹ ਬਿਨਾਂ ਟਰੇਨਿੰਗ ਦੇ ਚਲਾਈ ਨਹੀਂ ਜਾ ਸਕਦੀ ਸੀ। ਪਾਕਿਸਤਾਨ ਨਾਲ ਸ਼ੁਰੂ ਵਿੱਚ ਹੋਏ ਸਮਝੌਤੇ ਅਨੁਸਾਰ ਅਮਰੀਕਾ ਉੱਥੇ ਆਪਣੇ ਟਰੇਨਰ ਭੇਜ ਨਹੀਂ ਸਕਦਾ ਸੀ। ਇਸਦਾ ਹੱਲ ਇਹ ਕੱਢਿਆ ਕਿ ਟਰੇਨਰ ਪਾਕਿਸਤਾਨ ਭੇਜੇ ਜਾਣ। ਟਰੇਨਰ ਪਾਕਿਸਤਾਨ ਚਲੇ ਗਏ ਤੇ ਉੱਧਰੋਂ ਲੋੜੀਂਦੇ ਮੁਜਾਹਦੀਨ ਉੱਥੇ ਆ ਗਏ। ਅਗਲੇ ਛੇ ਮਹੀਨਿਆਂ ਵਿੱਚ ਉਨ੍ਹਾਂ ਨੂੰ ਸਟਿੰਗਰ ਮਿਸਾਇਲ ਚਲਾਉਣ ਦੀ ਸਾਰੀ ਸਿਖਲਾਈ ਦੇ ਕੇ ਵਾਪਸ ਭੇਜ ਦਿੱਤਾ। ਹਫਤੇ ਪਿੱਛੋਂ ਉਨ੍ਹਾਂ ਕੋਲ ਮਿਸਾਇਲ ਵੀ ਪਹੁੰਚਾ ਦਿੱਤੀ ਗਈ। ਇਸਦੇ ਅਗਲੇ ਦੋ ਦਿਨਾਂ ਵਿੱਚ ਹੀ ਉਨ੍ਹਾਂ ਦੋ ਹਿੰਦ-ਡੀ ਹੈਲੀਕਾਪਟਰ ਡੇਗ ਲਏ। ਅਮਰੀਕਾ ਨੂੰ ਜਾਪਿਆ ਕਿ ਇਹ



ਹਥਿਆਰ ਕਾਰਗਾਰ ਸਾਬਤ ਹੋਵੇਗਾ। ਅਸਲ ਵਿੱਚ ਸਟਿੰਗਰ ਮਿਸਾਇਲ ਸਿਰਫ ਕਾਮਯਾਬ ਹੀ ਨਾ ਹੋਈ ਸਗੋਂ ਉਸਨੇ ਰਸ਼ੀਅਨ ਏਅਰ ਪਾਵਰ ਦਾ ਲੱਕ ਤੋੜ ਦਿੱਤਾ। ਇੱਕਾ ਦੁੱਕਾ ਘਟਨਾਵਾਂ ਤੋਂ ਸ਼ੁਰੂ ਹੋ ਕੇ ਹਰ ਰੋਜ਼ ਈ ਲੜਾਕੇ ਜਹਾਜ਼ ਸਟਿੰਗਰ ਮਿਸਾਇਲ ਦਾ ਨਿਸ਼ਾਨਾ ਬਣਨ ਲੱਗੇ। ਅਗਲੇ ਦੋ ਢਾਈ ਸਾਲਾਂ ’ਚ ਮੁਜਾਹਦੀਨਾਂ ਨੇ ਢਾਈ ਸੌ ਤੋਂ ਉੱਪਰ ਮਿੱਗ ਲੜਾਕੇ ਜਹਾਜ਼ ਅਤੇ ਹੈਲੀਕਾਪਟਰ ਡੇਗ ਲਏ। ਰਸ਼ੀਆ ਦਾ ਲੱਕ ਟੁੱਟ ਗਿਆ ਤੇ ਉਸਨੇ ਉੱਥੇ ਜਹਾਜ਼ ਉਡਾਉਣੇ ਬੰਦ ਕਰ ਦਿੱਤੇ।

ਇੱਥੋਂ ਹੀ ਸ਼ੁਰੂ ਹੋਈ ਰਸ਼ੀਆ ਦੀ ਹਾਰ। ਜਦੋਂ ਉੱਪਰੋਂ ਗੋਲਾਬਾਰੀ ਦਾ ਡਰ ਨਾ ਰਿਹਾ ਤਾਂ ਮੁਜਾਹਦੀਨਾਂ ਦੇ ਹੌਂਸਲੇ ਵਧ ਗਏ। ਉਹ ਬਿਨਾਂ ਡਰ ਭੌਅ ਦੇ ਰਸ਼ੀਅਨਾਂ ਫੌਜਾਂ ਨੂੰ ਖਦੇੜਨ ਲੱਗੇ। ਪੇਂਡੂ ਅਤੇ ਦੂਰ ਦਰਾਜ ਦੇ ਇਲਾਕਿਆਂ ਤੋਂ ਰਸ਼ੀਅਨ ਫੌਜਾਂ ਪਿੱਛੇ ਹਟਣ ਲੱਗੀਆਂ। ਆਖਰ ਪਿੱਛੇ ਹਟਦੀਆਂ ਹਟਦੀਆਂ ਉਹ ਕਾਬਲ ਤੱਕ ਪਹੁੰਚ ਗਈਆਂ। ਵੱਡੇ ਸ਼ਹਿਰਾਂ ਨੂੰ ਛੱਡ ਕੇ ਹਰ ਪਾਸੇ ਮੁਜਾਹਦੀਨਾਂ ਦਾ ਬੋਲ-ਬਾਲਾ ਹੋ ਗਿਆ। ਸਾਰਿਆਂ ਨੇ ਸੋਚਿਆ ਕਿ ਰਸ਼ੀਆ ਹੁਣ ਸਿਰਫ ਕਾਬਲ ਵਿੱਚ ਅੱਡੇ ਲਾ ਕੇ ਬੈਠ ਜਾਵੇਗਾ। ਪਰ ਇਸ ਲੜਾਈ ਨੇ ਰਸ਼ੀਆ ਦੀ ਅੰਦਰੂਨੀ ਹਾਲਤ ਇੰਨੀ ਪੇਤਲੀ ਕਰ ਦਿੱਤੀ ਕਿ ਉਹ ਅਫਗਾਸਿਤਾਨ ਵਿੱਚੋਂ ਖਹਿੜਾ ਛੁਡਾ ਕੇ ਭੱਜਣ ਦਾ ਰਾਹ ਲੱਭਣ ਲੱਗ ਪਿਆ। ਆਖਰ ਯੂ. ਐਨ. ਓ. ਨੇ ਸਮਝੌਤੇ ਦਾ ਰਾਹ ਕੱਢਿਆ। 1988 ਵਿੱਚ ਹੋਏ ਸਮਝੌਤੇ ਅਨੁਸਾਰ ਰਸ਼ੀਆ ਨੇ ਫੌਜਾਂ ਵਾਪਸ ਬੁਲਾਉਣ ਦੀ ਸਹੀ ਪਾ ਦਿੱਤੀ ਤੇ ਅਗਲੇ ਸਾਲ ਤੱਕ ਸਾਰੀ ਫੌਜ ਅਫਗਾਨਿਸਤਾਨ ਵਿੱਚੋਂ ਕੱਢ ਲਈ। ਇਸ ਪਿੱਛੋਂ ਰਸ਼ੀਆ ਨੇ ਬਾਹਰੋਂ ਥੋੜੀ ਬਹੁਤ ਮੱਦਦ ਕੀਤੀ ਤੇ ਨਜੀਬਉੱਲਾ ਦੀ ਕਮਾਂਡ ਹੇਠ ਸਰਕਾਰ ਚਲਾ ਰਹੀ ਅਫਗਾਨ ਸਰਕਾਰ ਆਪਣੇ ਤੌਰ ’ਤੇ ਮੁਜਾਹਦੀਨਾਂ ਨਾਲ ਲੜਦੀ ਰਹੀ। (ਬਬਰਾਕ ਕਮਾਲ ਪਿੱਛੋਂ 1986 ’ਚ ਉੱਥੇ ਨਜੀਬਉੱਲਾ ਰਾਸ਼ਟਰਪਤੀ ਬਣ ਗਿਆ ਸੀ)। ਪਰ ਦਿਨੋ-ਦਿਨ ਇਸਦੀ ਸਮੱਰਥਾ ਘਟਦੀ ਗਈ। ਆਖਰ 1992 ਵਿੱਚ ਇਹ ਸਰਕਾਰ ਡਿੱਗ ਪਈ ਅਤੇ ਮੁਜਾਹਦੀਨਾਂ ਦੁਆਰਾ ਗ੍ਰਿਫਤਾਰ ਹੋਣੋਂ ਬਚਦਿਆਂ ਨਜੀਬਉੱਲਾ ਨੇ ਯੂ. ਐਨ. ਓ. ਦੀ ਬਿਲਡਿੰਗ ’ਚ ਜਾ ਕੇ ਪਨਾਹ ਲੈ ਲਈ। ਇੱਥੇ ਆ ਕੇ ਰਸ਼ੀਅਨ ਪੱਖੀ ਸਰਕਾਰ ਦਾ ਭੋਗ ਪੈਣ ਉਪਰੰਤ ਇੱਕ ਵੱਡਾ ਅਧਿਆਏ ਬੰਦ ਹੋ ਗਿਆ। ਹਰ ਇੱਕ ਨੇ ਸੋਚਿਆ ਕਿ ਹੁਣ ਅਫਗਾਨਿਸਤਾਨ ਵਿੱਚ ਸ਼ਾਂਤੀ ਹੋ ਜਾਵੇਗੀ। ਪਰ ਹੋਇਆ ਇਸ ਦੇ ਉਲਟ।

ਰਸ਼ੀਆ ਨੇ ਆਪਣੀਆਂ ਫੌਜਾਂ ਵਾਪਸ ਬੁਲਾ ਲਈਆਂ ਤਾਂ ਅਮਰੀਕਾ ਵੀ ਹੱਥ ਝਾੜਨ ਲਈ ਤਿਆਰ ਹੋ ਗਿਆ। ਅਸਲ ’ਚ ਅਮਰੀਕਾ ਦਾ ਮਸਲਾ ਹੱਲ ਹੋ ਚੁੱਕਿਆ ਸੀ। ਇਸ ਮੁਤਾਬਕ ਰਸ਼ੀਅਨ ਫੌਜ ਸਾਹ-ਸਤ ਹੀਣ ਹੋ ਗਈ ਸੀ ਤੇ ਲਾਲ ਰਿੱਛ ਦਾ ਸਾਰਾ ਖੂਨ ਨੁੱਚੜ ਚੁੱਕਾ ਸੀ। ਅਮਰੀਕਾ ਦਾ ਨਿਸ਼ਾਨਾ ਬਸ ਇੰਨਾ ਹੀ ਸੀ ਕਿ ਰਸ਼ੀਆ ਨੂੰ ਅੰਦਰੋਂ ਤੋੜਨਾ ਹੈ। ਉਹ ਨਿਸ਼ਾਨਾ ਪੂਰਾ ਹੋ ਗਿਆ ਤਾਂ ਅਮਰੀਕਾ ਨੇ ਆਪਣੇ ਖਜ਼ਾਨੇ ਦਾ ਮੂੰਹ ਬੰਦ ਕਰ ਦਿੱਤਾ। ਇਸ ਨਾਲ ਪਾਕਿਸਤਾਨ ਤਿਲਮਿਲਾ ਉੱਠਿਆ। ਡਿਕਟੇਟਰ ਜ਼ਿਆ ਉਲ ਹੱਕ ਟੱਪਣ ਲੱਗਿਆ। ਪਰ ਉਸ ਨੂੰ ਵੀ ਛੇਤੀ ਹੀ ਸ਼ਾਂਤ ਕਰ ਦਿੱਤਾ ਗਿਆ। ਜਿੱਤ ਮਿਲਣ ਉਪਰੰਤ ਮੁਜਾਹਦੀਨਾਂ ਵਿੱਚ ਰਾਜ ਸੱਤਾ ਸੰਭਾਲਣ ਲਈ ਦੌੜ ਲੱਗ ਗਈ। ਹਰ ਇੱਕ ਨੂੰ ਇਹ ਸੀ ਕਿ ਜੋ ਵੀ ਰਾਜਧਾਨੀ ਕਾਬਲ ’ਤੇ ਕਾਬਜ਼ ਹੋ ਜਾਵੇਗਾ, ਤਾਕਤ ਦਾ ਧੁਰਾ ਉਸੇ ਕੋਲ ਹੋਵੇਗਾ। ਜ਼ੋਰ-ਸ਼ੋਰ ਨਾਲ ਲੜਦੇ ਤੇ ਆਪਸ ਵਿੱਚ ਖਹਿੰਦੇ ਕਮਾਂਡਰ ਕਾਬਲ ਵੱਲ ਨੂੰ ਵਧਣ ਲੱਗੇ। ਆਖਰ ਤਾਕਤਵਰ ਤਜ਼ਕ ਲੀਡਰ ਬਰਹਾਨੂੰਦੀਨ ਰੁਬਾਨੀ ਅਤੇ ਉਸਦਾ ਬਹੁਤ ਹੀ ਯੋਗ ਕਮਾਂਡਰ, ਅਹਿਮਦ ਸ਼ਾਹ ਮਾਸੂਦ ਕਾਬਲ ’ਤੇ ਕਾਬਜ਼ ਹੋ ਗਏ। ਹਾਲਾਂ ਕਿ ਸਭ ਤੋਂ ਵੱਡੇ ਧੜੇ ਅਤੇ ਸੱਤਾ ਦੇ ਹੱਕਦਾਰ ਪਸ਼ਤੂਨ ਗਰੁੱਪ ਸਨ। ਪਰ ਉਨ੍ਹਾਂ ਨੂੰ ਇਹ ਹੱਕ ਮਿਲ ਨਾ ਸਕਿਆ। ਇਸ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਤੋਂ ਸਥਾਪਤ ਹੋਏ ਸਿੰਘਾਸਨ

ਦਾ ਕਬਜ਼ਾ ਪਹਿਲੀ ਵਾਰ ਗੈਰ-ਪਸ਼ਤੂਨਾਂ ਕੋਲ ਚਲਾ ਗਿਆ। ਇਸ ਨਾਲ ਅਫਗਾਨਿਸਤਾਨ ਦੇ ਸਭ ਤੋਂ ਵੱਡੇ ਫਿਰਕੇ ਪਸ਼ਤੂਨਾਂ ਵਿੱਚ ਰੋਸ ਅਤੇ ਗੁੱਸਾ ਫੈਲ ਗਿਆ। ਇਹੋ ਵਰਤਾਰਾ ਅੱਗੇ ਜਾ ਕੇ ਅਫਗਾਨਿਸਤਾਨ ਨੂੰ ਕਦੇ ਵੀ ਨਾ ਮੁੱਕਣ ਵਾਲੀ ਖਾਨਾਜੰਗੀ ਵਿੱਚ ਲੈ ਵੜਿਆ। ਗਿਲਜ਼ੀਆ ਪਸ਼ਤੂਨਾਂ ਦੇ ਸਭ ਤੋਂ ਵੱਡੇ ਧੜੇ ਦੇ ਲੀਡਰ ਗੁਲਬਦਨ ਹਿਕਮਤਿਆਰ ਨੇ, ਆਪਣੀ ਸਾਰੀ ਫੌਜ ਨਾਲ ਕਾਬਲ 'ਤੇ ਚੜ੍ਹਾਈ ਕਰ ਦਿੱਤੀ। ਸ਼ਹਿਰ ਨੂੰ ਘੇਰ ਕੇ ਉਹ ਤੋਪਾਂ ਦੇ ਗੋਲੇ ਵਰਸਾਉਣ ਲੱਗਿਆ। ਹੁਣ ਤੱਕ ਸਾਂਝੇ ਦੁਸ਼ਮਣ ਵਿਰੁੱਧ ਲੜਦੇ ਆ ਰਹੇ ਗੁਰੀਲੇ, ਆਹਮੋ-ਸਾਹਮਣੇ ਹੋ ਖੜੋਤੇ। ਹਿਕਮਤਿਆਰ ਨੇ ਬਹੁਤ ਜ਼ੋਰ ਲਾਇਆ ਪਰ ਉਹ ਆਪਣੇ ਮਿਸ਼ਨ ਵਿੱਚ ਕਾਮਯਾਬ ਨਾ ਹੋ ਸਕਿਆ। ਇਸ ਪਿੱਛੋਂ, ਅਹਿਮਦ ਸ਼ਾਹ ਮਸੂਦ ਦਾ ਪਹਿਲਾਂ ਰਹਿ ਚੁੱਕਿਆ ਜੋਟੀਦਾਰ ਜਨਰਲ ਰਸ਼ੀਦ ਦੋਸਤਮ, ਹਿਕਮਤਿਆਰ ਦੀ ਮੱਦਦ 'ਤੇ ਆ ਗਿਆ। ਦੋਨਾਂ ਵਿਚਕਾਰ ਕਾਬਲ ਨੂੰ ਅੱਧੋ-ਅੱਧ ਕਰ ਲੈਣ ਦਾ ਸਮਝੌਤਾ ਹੋ ਗਿਆ ਤੇ ਦੋਸਤਮ ਨੇ ਕਾਬਲ ਸ਼ਹਿਰ ਵਿੱਚ ਤਬਾਹੀ ਮਚਾ ਦਿੱਤੀ। ਪਰ ਕਾਮਯਾਬੀ ਫਿਰ ਵੀ ਨਾ ਮਿਲੀ। ਦੂਜੇ ਪਾਸੇ ਉੱਤਰ ਵੱਲ ਦੋਸਤਮ, ਵਧੇਰੇ ਇਲਾਕਿਆਂ ਦੇ ਕਬਜੇ ਨੂੰ ਲੈ ਕੇ ਉੱਧਰ ਦੇ ਜਰਨੈਲ ਇਸਮਾਇਲ ਖਾਂ ਨਾਲ ਨੌਂਹ ਪੰਜਾ ਲੜਾਉਣ ਲੱਗਿਆ ਹੋਇਆ ਸੀ। ਬਰਹਾਨੁੰਦੀਨ ਰੁਬਾਨੀ ਨੇ, ਇਸਮਾਇਲ ਖਾਂ ਦੇ ਖਿਲਾਫ ਉਸਦੀ ਮੱਦਦ ਕਰਕੇ ਉਸਨੂੰ ਫਿਰ ਤੋਂ ਆਪਣੇ ਵੱਲ ਕਰ ਲਿਆ ਤੇ ਉਹ ਫੌਜਾਂ ਪਿੱਛੇ ਹਟਾਉਂਦਾ ਮੁਜ਼ਾਰੇ ਸ਼ਰੀਫ ਵੱਲ ਪਰਤ ਗਿਆ। ਕਾਬਲ ਦੀ ਇਹ ਕਹਾਣੀ ਹਰ ਪਾਸੇ ਦੁਹਰਾਈ ਜਾ ਰਹੀ ਸੀ। ਕਿਤੇ ਕਿਸੇ ਸ਼ਹਿਰ ਨੂੰ ਲੈ ਕੇ ਦੋ ਧਿਰਾਂ ਵਿਚਕਾਰ ਯੁੱਧ ਹੋ ਰਿਹਾ ਸੀ ਤੇ ਕਿਤੇ ਦੋ ਤੋਂ ਵੱਧ ਵਿਚਕਾਰ। ਕਿਧਰੇ ਦੋ ਧਿਰਾਂ ਕਿਸੇ ਇੱਕ ਇਲਾਕੇ ਵਿੱਚ ਦੋਸਤ ਸਨ ਤੇ ਕਿਸੇ ਦੂਸਰੇ ਵਿੱਚ ਦੁਸ਼ਮਣ। ਕਦੇ ਕਿਤੇ ਇੱਕ ਧਿਰ ਦਾ ਕਬਜ਼ਾ ਹੋ ਜਾਂਦਾ ਤੇ ਫਿਰ ਥੋੜੇ ਵਕਤ ਬਾਅਦ ਕੋਈ ਦੂਸਰਾ ਉਸਨੂੰ ਖਿਦੇੜ ਦਿੰਦਾ। ਇਸ ਤਰ੍ਹਾਂ ਸਾਰੇ ਅਫਗਾਨਿਸਤਾਨ ਦਾ ਸ਼ਹਿਰ ਸ਼ਹਿਰ ਅਤੇ ਪਿੰਡ ਪਿੰਡ ਲੜਾਈ ਦਾ ਮੈਦਾਨ ਬਣ ਗਿਆ। ਲੋਕਾਂ ਨੇ ਜਿਹੜੀਆਂ ਉਮੀਦਾਂ ਨਾਲ ਜੇਹਾਦ ਵਿੱਚ ਹਿੱਸਾ ਲਿਆ ਸੀ ਉਹ ਪੂਰੀਆਂ ਨਾ ਹੋਈਆਂ। ਸਗੋਂ ਲੋਕ ਪਹਿਲਾਂ ਨਾਲੋਂ ਵੀ ਵੱਧ ਨੁਕਸਾਨ ਉਠਾਉਣ ਲੱਗੇ।

ਸਭ ਤੋਂ ਪਹਿਲਾਂ ਰਸ਼ੀਆ ਦੀ ਗੱਲ ਕਰੀਏ ਤਾਂ ਉਸਨੇ ਇਹ ਸਾਰਾ ਕੁਝ ਆਪਣੇ ਨਿੱਜੀ ਹਿੱਤਾਂ ਖਾਤਰ ਕੀਤਾ। ਇੱਕ ਆਜ਼ਾਦ ਮੁਲਕ ਦੇ ਘਰੇਲੂ ਮਸਲਿਆਂ ਵਿੱਚ ਦਖਲ ਦੇਣਾ ਕਿਸੇ ਤਰ੍ਹਾਂ ਵੀ ਉੱਚਿਤ ਨਹੀਂ ਸੀ। ਉਸ ਤੋਂ ਵੀ ਅੱਗੇ ਜਾਂਦਿਆਂ ਆਪਣੀਆਂ ਫੌਜਾਂ ਉੱਥੇ ਭੇਜ ਕੇ ਮਾਮਲੇ ਨੂੰ ਹੋਰ ਪੇਚੀਦਾ ਬਣਾਉਣਾ ਤਾਂ ਬਹੁਤ ਵੱਡਾ ਜ਼ੁਰਮ ਸੀ। ਉਸ ਪਿੱਛੋਂ ਅਮਰੀਕਾ ਆਉਂਦਾ ਹੈ। ਅਮਰੀਕਾ ਨੇ ਸਿਰਫ ਅਤੇ ਸਿਰਫ ਰਸ਼ੀਆ ਨਾਲ ਨੌਂਹ ਪੰਜਾ ਲੈਣ ਲਈ ਅਫਗਾਨਿਸਤਾਨ ਦੀ ਧਰਤੀ ਨੂੰ ਚੁਣਿਆਂ। ਨਹੀਂ ਤਾਂ ਉਸਦਾ ਅਫਗਾਨ ਲੋਕਾਂ ਨਾਲ ਕੋਈ ਵਾਹ ਵਾਸਤਾ ਨਹੀਂ ਸੀ। ਉਸ ਵੇਲੇ ਅਫਗਾਨ ਲੋਕਾਂ ਨੂੰ ਇਹ ਕਿਹਾ ਗਿਆ ਕਿ ਅਮਰੀਕਾ ਉਨ੍ਹਾਂ ਦੀ ਮੱਦਦ ਲਈ ਆਇਆ ਹੈ ਪਰ ਇਹ ਸੱਚ ਨ੍ਹੀਂ ਸੀ। ਅਮਰੀਕਾ ਦਾ ਆਪਣਾ ਨਿੱਜੀ ਸਵਾਰਥ ਸੀ। ਪਾਕਿਸਤਾਨ ਆਪਣੇ ਸੌੜੇ ਹਿਤਾਂ ਖਾਤਰ ਅਮਰੀਕਾ ਦਾ ਹਥਿਆਰ ਬਣਿਆਂ। ਉਹ ਕਿਸੇ ਵੀ ਹਾਲਤ ਵਿੱਚ ਆਪਣੇ ਗੁਆਂਢ, ਕਿਸੇ ਸ਼ਾਂਤ ਮੁਲਕ ਨੂੰ ਸਵੀਕਾਰ ਨਹੀਂ ਕਰ ਸਕਦਾ। ਪਾਕਿਸਤਾਨ ਦੀ ਫੌਜ ਦਾ ਨਿਸ਼ਾਨਾ ਸ਼ਾਂਤੀ ਨਹੀਂ ਹੈ। ਚਲਦੀ ਲੜਾਈ ਹੀ ਉਸਦੀ ਖੁਰਾਕ ਹੈ। ਇਸੇ ਕਰਕੇ ਉਹ ਅਫਗਾਨਿਸਤਾਨ 'ਚ ਮੂਹਰੇ ਲੱਗਿਆ ਤਾਂ ਕਿ ਉੱਥੇ ਆਪਣੀ ਪਸੰਦ ਦੀ ਸਰਕਾਰ ਰੱਖ ਸਕੇ। ਇਵੇਂ ਹੀ ਸਾਊਦੀ ਅਰਬ ਦੇ ਆਪਣੇ ਸਵਾਰਥ ਸਨ। ਇਸ ਤੋਂ ਇਲਾਵਾ ਅਰਬ ਖਿੱਤੇ ਦੇ ਹੋਰ ਮੁਲਕਾਂ ਤੋਂ ਬਹੁਤ ਸਾਰੇ ਲੜਾਕੂ, ਜੋ ਇੱਥੇ ਲੜਨ ਲਈ ਆਏ, ਉਹ ਸਿਰਫ ਜੇਹਾਦ ਦੇ ਨਾਂ 'ਤੇ ਇੱਥੇ ਆਏ। ਵੈਸੇ ਵੀ ਇਹ ਨੌਜਵਾਨ ਆਪਣਿਆਂ ਮੁਲਕਾਂ ਵਿੱਚ ਬਰਦਾਸ਼ਤ ਨਹੀਂ ਕੀਤੇ ਜਾ ਰਹੇ ਸਨ। ਇਨ੍ਹਾਂ ਵਿੱਚੋਂ ਬਹੁਤਿਆਂ 'ਤੇ ਅੱਤਵਾਦੀ ਕਾਰਵਾਈਆਂ ਕਰਨ ਦੇ ਦੋਸ਼ ਲੱਗੇ ਹੋਏ ਸਨ। ਇਸ ਕਰਕੇ ਇਨ੍ਹਾਂ ਲਈ ਇੱਕੋ ਹੀ ਥਾਂ ਠੀਕ ਸੀ, ਉਹ ਸੀ ਲੜਾਈ ਦਾ ਮੈਦਾਨ। ਜੇਹਾਦ ਦੇ ਨਾਂ ਹੇਠਾਂ ਇਨ੍ਹਾਂ ਨੂੰ ਲੜਨਾ ਹੋਰ ਵੀ ਸੌਖਾ ਹੋ ਗਿਆ। ਇਨ੍ਹਾਂ ਵਿੱਚੋਂ ਉਸਾਮਾ ਬਿਨ ਲਾਦਿਨ ਸਾਊਦੀ ਸਰਕਾਰ ਦੇ ਕਹਿਣ 'ਤੇ ਆਪਣੇ ਨਿੱਜੀ ਲੜਾਕੇ ਲੈ ਕੇ ਇੱਥੇ ਆਇਆ। ਉਸ ਵਰਗੇ ਹੋਰ ਵੀ ਕਾਫੀ ਸਨ। ਪਰ ਇਹ ਸਾਰੇ, ਰਸ਼ੀਅਨ ਫੌਜਾਂ ਦੇ ਅਫਗਾਨਿਸਤਾਨ 'ਚੋਂ ਨਿਕਲਣ ਪਿੱਛੋਂ ਵਿਹਲੇ ਹੋ ਗਏ। ਵਾਪਸ ਆਪਣੇ ਮੁਲਕਾਂ ਨੂੰ ਇਹ ਜਾ ਨਹੀਂ ਸਕਦੇ ਸਨ ਤੇ ਹੋਰ ਇਨ੍ਹਾਂ ਕੋਲ ਹੁਣ ਕੋਈ ਕੰਮ ਨਹੀਂ ਸੀ। ਲੜਾਕੇ ਲੜਾਈ ਤੋਂ ਬਿਨਾਂ ਹੋਰ ਕੁਝ ਕਰ ਵੀ ਨਹੀਂ ਸਕਦੇ। ਇਹ ਲੋਕ ਵੀ ਇੱਕ ਸਮੱਸਿਆ ਬਣ ਗਏ। ਅਮਰੀਕਾ ਚੁੱਪ ਚਾਪ ਖਿਸਕਣ ਲੱਗਿਆ ਤਾਂ ਅਫਗਾਨ ਲੋਕ ਫਿਕਰਮੰਦ ਹੋ ਗਏ। ਜੇਕਰ ਅਮਰੀਕਾ ਚਾਹੁੰਦਾ ਤਾਂ ਰਸ਼ੀਆ ਦੇ ਨਿਕਲ ਜਾਣ ਪਿੱਛੋਂ ਸਾਰੇ ਮੁਜਾਹਦੀਨ ਗਰੁੱਪਾਂ ਵਿਚਕਾਰ ਕੋਈ ਸਮਝੌਤਾ ਕਰਵਾਕੇ, ਉਹ ਉੱਥੇ ਸਥਿਰ ਸਰਕਾਰ ਬਣਵਾ ਸਕਦਾ ਸੀ। ਪਰ ਜਿਵੇਂ ਪਹਿਲਾਂ ਦੱਸਿਆ ਗਿਆ ਹੈ ਇਹ ਉਸਦਾ ਨਿਸ਼ਾਨਾ ਨਹੀਂ ਸੀ। ਇਸੇ ਕਰਕੇ ਸਾਰਾ ਖਿਲਾਰਾ ਉਵੇਂ ਦਾ ਉਵੇਂ ਛੱਡ ਕੇ ਉਹ ਆਪਣੇ ਰਾਹ ਪੈ ਗਿਆ। ਪਿੱਛੇ ਰਹਿ ਗਈ ਬਰਬਾਦੀ। ਇੱਕ ਦੂਜੇ ਨੂੰ ਲਤਾੜਦੇ ਪਛਾੜਦੇ ਸਿਪਾਸਲਾਰਾਂ ਨੇ ਮੁਲਕ ਨੂੰ ਅੰਦਰੂਨੀ ਖਾਨਾਜੰਗੀ ਵਿੱਚ ਧੱਕ ਦਿੱਤਾ, ਜਿਹੜੀ ਕਦੇ ਵੀ ਨਾ ਖਤਮ ਹੋਣ ਵਾਲੇ ਅਧਿਆਏ ਵਿੱਚ ਦਾਖਲ ਹੋ ਗਈ। ਜਿੱਥੇ ਕੋਈ ਜਿੱਤ ਜਾਂਦਾ ਉੱਥੇ ਹੀ ਆਪਣੀ ਸਰਕਾਰ ਕਾਇਮ ਕਰ ਲੈਂਦਾ।

ਗੁਲਬਦਨ ਹਿਕਮਤਿਆਰ ਦਾ ਪੂਰੇ ਕਾਬਲ ਸ਼ਹਿਰ 'ਤੇ ਕਾਬਜ਼ ਤਾਂ ਨਾ ਹੋ ਸਕਿਆ ਪਰ ਉਸਨੇ ਸ਼ਹਿਰ ਦੇ ਪੂਰਬ ਵੱਲ ਦਾ ਕੁਝ ਭਾਗ ਹਥਿਆ ਲਿਆ। ਇਸ ਤੋਂ ਬਿਨਾਂ ਉਸਦਾ ਅਫਗਾਨਿਸਤਾਨ ਦੇ ਦੱਖਣ ਵੱਲ ਦੇ ਕੁਝ ਇਲਾਕੇ 'ਤੇ ਕਬਜ਼ਾ ਹੋ ਗਿਆ। ਪਰ ਉਹ ਕਾਬਲ ਜਿੱਤਣ ਲਈ ਲਗਾਤਾਰ ਲੜਦਾ ਰਿਹਾ। ਸਭ ਤੋਂ ਜ਼ਿਆਦਾ ਇਲਾਕੇ 'ਤੇ ਕਬਜ਼ਾ ਕਰਨ ਵਾਲਾ ਤਜ਼ਕ ਲੀਡਰ ਬਰਹਾਨੁੰਦੀਨ ਰੁਬਾਨੀ ਸੀ, ਜਿਸਦਾ ਰਾਜਧਾਨੀ ਕਾਬਲ 'ਤੇ ਮੁਕੰਮਲ ਕਬਜ਼ਾ ਸੀ ਤੇ ਉਹੋ ਹੀ ਪਰੈਜ਼ੀਡੈਂਟ ਸੀ। ਇਸ ਤੋਂ ਇਲਾਵਾ ਅਫਗਾਨਿਸਤਾਨ ਦੇ ਉੱਤਰ ਪੂਰਬ ਵੱਲ ਦੇ ਕਾਫੀ ਸਾਰੇ ਸੂਬੇ ਵੀ ਉਸਦੇ ਦੇ ਕਬਜ਼ੇ ਹੇਠ ਸਨ। ਹੈਰਾਤ ਵੱਲ ਦੇ ਪੰਜ ਸੂਬੇ ਉੱਧਰ ਦੇ ਤਾਕਤਵਰ ਲੀਡਰ ਇਸਮਾਇਲ ਖਾਂ ਕੋਲ ਸਨ। ਪਾਕਿਸਤਾਨ ਨਾਲ ਲੱਗਦੇ ਪੂਰਬੀ ਇਲਾਕਿਆਂ 'ਤੇ ਇੱਕ ਸਾਂਝੀ ਕੌਂਸਲ ਨੇ ਕਬਜ਼ਾ ਜਮਾ ਲਿਆ। ਕਈ ਛੋਟੇ ਪਸ਼ਤੂਨ ਕਮਾਂਡਰ ਇਸ ਕੌਂਸਲ ਦੇ ਮੈਂਬਰ ਸਨ। ਉੱਤਰ ਵੱਲ ਦੇ ਛੇ ਸੂਬੇ ਉਜ਼ਬਿਕ ਕਮਾਂਡਰ, ਜਨਰਲ ਰਸ਼ੀਦ ਦੋਸਤਮ ਦੀ ਕਮਾਂਡ ਵਿੱਚ ਸਨ। ਮੱਧ ਅਫਗਾਨਿਸਤਾਨ 'ਚ ਕਰੀਮ ਖਲੀਲੀ ਵਰਗੇ ਹਜ਼ਾਰੇ ਦੇ ਕਈ ਕਮਾਂਡਰ ਇਕੱਠੇ ਹੋ ਗਏ ਸਨ ਤੇ ਉਨ੍ਹਾਂ ਉੱਥੇ ਆਪਣਾ ਕਬਜ਼ਾ ਕਰ ਲਿਆ ਸੀ। ਦੱਖਣ ਵੱਲ ਵੀ ਇਹੀ ਹਾਲ ਸੀ। ਉੱਥੇ ਥਾਂ ਥਾਂ ਛੋਟੇ ਦੁਰਾਨੀ ਪਸ਼ਤੂਨ ਲੀਡਰ ਆਪਣੇ ਨਾਕੇ ਲਾ ਕੇ ਬੈਠ ਗਏ ਸਨ। ਗੱਲ ਕੀ ਸਮੁੱਚਾ ਅਫਗਾਨਿਸਤਾਨ ਦਰਜਣਾਂ ਹਿੱਸਿਆਂ ਵਿੱਚ ਵੰਡਿਆ ਜਾ ਚੁੱਕਿਆ ਸੀ। ਹਰ ਕੋਈ ਕਮਾਂਡਰ ਦੂਸਰੇ ਦੇ ਖੂਨ ਦਾ ਪਿਆਸਾ ਸੀ। ਰੋਜ਼ਾਨਾ ਉਨ੍ਹਾਂ ਵਿਚਕਾਰ ਕਦੇ ਵੀ ਨਾ ਮੁਕਣ ਵਾਲੀ ਲੜਾਈ ਚਲਦੀ ਰਹਿੰਦੀ ਸੀ। ਅਜਿਹੇ ਹਾਲਾਤਾਂ ਵਿੱਚ ਮੁਲਕ ਦਾ ਕੀ ਸੰਵਰ ਸਕਦਾ ਸੀ। ਆਮ ਜਨਤਾ ਜਿਹੜੀ ਜੇਹਾਦ ਦੇ ਨਾਂ ਹੇਠ ਰਸ਼ੀਆ ਖਿਲਾਫ ਲੜੀ ਸੀ ਉਹ ਨਿਰਾਸ਼ ਹੋ ਗਈ। ਕਿਸੇ ਪਾਸੇ ਸ਼ਾਂਤੀ ਨ੍ਹੀਂ ਸੀ। ਇਸ ਅਫਰਾ-ਤਫਰੀ 'ਚ ਮੁਲਕ ਦੀ ਤਰੱਕੀ ਅਸੰਭਵ ਸੀ। ਸਗੋਂ ਇਸ ਦੀ ਬਜਾਇ ਸਥਾਨਕ ਕਮਾਂਡਰ ਅਤੇ ਵਾਰਲੋਰਡ ਲੋਕਾਂ 'ਤੇ ਅੰਨ੍ਹਾਂ ਜ਼ੁਲਮੋਂ ਸਿਤਮ ਕਰ ਰਹੇ ਸਨ। ਕਤਲੋ-ਗਾਰਦ, ਉਧਾਲੇ, ਲੁੱਟ-ਖੋਹ ਅਤੇ ਗੁੰਡਾਗਰਦੀ ਸਾਰੇ ਹੱਦਾਂ ਬੰਨੇ ਟੱਪ ਗਈ। ਮੁਲਕ ਛੱਡ ਕੇ ਭੱਜੇ ਲੋਕ ਜਿਹੜੇ ਪਾਕਿਸਤਾਨ ਜਾਂ ਇਰਾਨ ਅੰਦਰ ਰਿਫਿਊਜ਼ੀ ਬਣੇ ਬੈਠੇ ਸਨ, ਉਨ੍ਹਾਂ ਸੋਚਿਆ ਸੀ ਕਿ

ਰਸ਼ੀਆ ਦੇ ਜਾਣ ਪਿੱਛੋਂ ਉਹ ਸ਼ਾਇਦ ਘਰਾਂ ਨੂੰ ਮੁੜ ਸਕਣਗੇ ਪਰ ਅਜਿਹਾ ਨਾ ਹੋਇਆ। ਸਗੋਂ ਇਨ੍ਹਾਂ ਵਾਰਲੋਰਡਾਂ ਦੇ ਸਤਾਏ ਲੋਕ ਹੁਣ ਵੀ ਭੱਜ ਰਹੇ ਸਨ। ਸੱਤਰਵਿਆਂ ਦਰਮਿਆਨ ਸ਼ੁਰੂ ਹੋਈ ਲੜਾਈ ਤੇ ਪਿੱਛੋਂ ਬਣੀ ਇਸ ਘਰੇਲੂ ਜੰਗ ਵਿੱਚ ਪੰਦਰਾਂ ਲੱਖ ਦੇ ਕਰੀਬ ਲੋਕ ਮਾਰੇ ਜਾ ਚੁੱਕੇ ਸਨ ਤੇ ਹਰ ਰੋਜ਼ ਸੈਂਕੜੇ ਮਰ ਰਹੇ ਸਨ। ਇਸ ਤਰ੍ਹਾਂ ਦੇ ਹਾਲਾਤਾਂ ਵਿੱਚ ਕੁਝ ਲੋਕ ਅਜਿਹੇ ਵੀ ਸਨ ਜੋ ਅਫਗਾਨਿਸਤਾਨ ਦੀ ਬਰਬਾਦੀ ਬਾਰੇ ਚਿੰਤਾਤੁਰ ਸਨ। ਇਹ ਉਹ ਨੌਜਵਾਨ ਲੜਾਕੇ ਸਨ ਜਿਹੜੇ ਰਸ਼ੀਆ ਖਿਲਾਫ ਲੜੇ ਸਨ ਅਤੇ ਪਿੱਛੋਂ ਜਾ ਕੇ ਤਾਲੀਬਾਨ ਲਹਿਰ ਦੇ ਕਰਤਾ-ਧਰਤਾ ਬਣੇ। ਮੁੱਲਾ ਉਮਰ, ਮੁੱਲਾ ਮੁਹੰਮਦ ਹਸਨ ਰਹਿਮਾਨੀ, ਨੂਰਦੀਨ ਤਰਾਬੀ, ਮੁਹੰਮਦ ਗੌਸ, ਮੁੱਲਾ ਵਕੀਲ ਅਹਿਮਦ, ਅਬਦਲ ਮਜ਼ੀਦ ਅਤੇ ਬਹੁਤ ਸਾਰੇ ਹੇਠਲੀ ਸੱਤਰ ਦੇ ਲੜਾਕੇ ਇਨ੍ਹਾਂ ਵਿੱਚੋਂ ਇੱਕ ਸਨ। ਇਨ੍ਹਾਂ ਦਾ ਸੋਚਣਾ ਸੀ ਰਸ਼ੀਆ ਖਿਲਾਫ ਇੰਨੀ ਭਿਆਨਕ ਲੜਾਈ ਲੜਨ ਦਾ ਫਾਇਦਾ ਕੀ ਹੋਇਆ ਜਦੋਂ ਇੱਥੇ ਕੋਈ ਵੀ ਹਾਲਤ ਸੁਧਰ ਨ੍ਹੀਂ ਸਕੀ। ਇਨ੍ਹਾਂ ਦੀ ਸਭ ਦੀ ਸੋਚ ਸੀ ਕਿ ਮੌਜੂਦਾ ਵਾਰਲੌਰਡ ਅਤੇ ਲੀਡਰ ਕਿਸੇ ਸਾਂਝੇ ਕੰਮ ਲਈ ਨਹੀਂ ਸਗੋਂ ਆਪੋ ਆਪਣੇ ਹਿਤਾਂ ਲਈ ਕਬਜ਼ੇ ਜਮਾਈ ਬੈਠੇ ਹਨ। ਇਨ੍ਹਾਂ ਨੂੰ ਲੱਗਦਾ ਸੀ ਕਿ ਉਨ੍ਹਾਂ ਲੀਡਰਾਂ ਨੂੰ ਸਤਾ ਤੋਂ ਪਾਸੇ ਕਰਨਾ ਉਤਨਾ ਹੀ ਜ਼ਰੂਰੀ ਹੈ ਜਿੰਨਾ ਰਸ਼ੀਆ ਨੂੰ ਭਜਾਉਣਾ ਸੀ। ਇਹ ਲੋਕ ਸਾਂਝੀਆਂ ਮੀਟਿੰਗਾਂ ਬਗੈਰਾ ਕਰਕੇ ਇਕ ਦੂਜੇ ਦੇ ਰਾਬਤੇ ਵਿੱਚ ਸਨ ਅਤੇ ਅਫਗਾਨਿਸਤਾਨ ਬਾਰੇ ਫਿਕਰਮੰਦ ਸਨ। ਇਨ੍ਹਾਂ ਦੀ ਸੋਚ ਸੀ ਕਿ ਅਫਗਾਨਿਸਤਾਨ ਅੰਦਰ ਪੱਕੇ ਤੌਰ ’ਤੇ ਸੁਖ ਸ਼ਾਂਤੀ ਸਥਾਪਤ ਕਰਨ ਲਈ ਇੱਕ ਹੋਰ ਵੱਡੀ ਲੜਾਈ ਲੜਨੀ ਪਵੇਗੀ। ਉਸ ਦੇ ਲਈ ਜਿਨ੍ਹਾਂ ਲੜਾਕਿਆਂ ਦੀ ਲੋੜ ਪੈਣੀ ਸੀ ਉਹ ਵੀ ਇਨ੍ਹਾਂ ਦੀ ਨਜ਼ਰ ਵਿੱਚ ਸਨ। ਉਹ ਸਨ ਪਾਕਿਸਤਾਨ ਦੇ ਪਿਸ਼ਾਵਰ ਇਲਾਕੇ ਵਿਚਲੇ ਮਦਰੱਸਿਆਂ ਅੰਦਰ ਤਾਲੀਮ ਹਾਸਲ ਕਰਨ ਵਾਲੇ ਅਫਗਾਨੀ ਰਿਫਿਊਜ਼ੀ ਬੱਚੇ। ਇਨ੍ਹਾਂ ਵਿੱਚ ਬਹੁਤੇ ਯਤੀਮ ਬੱਚੇ ਸਨ ਜੋ ਜ਼ਿਆਦਾਤਰ ਜਨਮੇ ਹੀ ਪਾਕਿਸਤਾਨ ਵਿੱਚ ਸਨ ਜਾਂ ਫਿਰ ਬਹੁਤ ਛੋਟੀ ਉਮਰ ’ਚ ਅਫਗਾਨਿਸਤਾਨ ਵਿੱਚੋਂ ਪਰਿਵਾਰਾਂ ਨਾਲ ਭੱਜ ਕੇ ਗਏ ਸਨ ਅਤੇ ਇਨ੍ਹਾਂ ’ਚੋਂ ਬਹੁਤਿਆਂ ਦੇ ਮਾਪੇ ਜੰਗ ਦੌਰਾਨ ਮਾਰੇ ਜਾ ਚੁੱਕੇ ਸਨ। ਇਨ੍ਹਾਂ ਨੂੰ ਮਦਰੱਸਿਆਂ ਅੰਦਰ ਮਜ਼ਬੀ ਤਾਲੀਮ ਦੇ ਨਾਲ ਨਾਲ ਜੇਹਾਦ ਦੀ ਸਿੱਖਿਆ ਦਿੱਤੀ ਜਾ ਰਹੀ ਸੀ। ਪਾਕਿਸਤਾਨੀ ਆਈ. ਐੱਸ. ਆਈ. ਇਨ੍ਹਾਂ ਨੂੰ ਆਉਣ ਵਾਲੇ ਸਮੇਂ ਲਈ ਤਿਆਰ ਕਰ ਰਹੀ ਸੀ। ਇਹ ਸਾਰੇ ਨਵੀਂ ਪਨੀਰੀ ਸਨ, ਜੋ ਜ਼ਿਆਦਾ ਤੌਰ ’ਤੇ ਬੀਹ ਸਾਲ ਤੋਂ ਛੋਟੀ ਉਮਰ ਦੇ ਸਨ। ਇਨ੍ਹਾਂ ਨੂੰ ਤਾਲਿਬ ਕਿਹਾ ਜਾਂਦਾ ਸੀ। (ਸਥਾਨਕ ਭਾਸ਼ਾ ਅਨੁਸਾਰ ਤਾਲਿਬ ਦਾ ਮਤਲਬ ਸਿੱਖਿਆ ਲੈਣ ਵਾਲਾ। ਇਹ ਸ਼ਬਦ ਮੁੱਲਾ ਦੇ ਉਲਟ ਹੈ। ਮੁੱਲਾ ਦਾ ਮਤਲਬ ਹੈ ਸਿੱਖਿਆ ਦੇਣ ਵਾਲਾ।) ਮੁੱਲਾ ਉਮਰ ਅਤੇ ਉਸਦੇ ਦੂਸਰੇ ਸਾਥੀਆਂ ਨੇ ਇਨ੍ਹਾਂ ਨੂੰ ਸੰਭਾਲਣ ਵਾਲਿਆਂ ਨਾਲ ਨੇੜਲਾ ਸਬੰਧ ਬਣਾ ਕੇ ਰੱਖਿਆ ਹੋਇਆ ਸੀ। ਉਹ ਕਿਸੇ ਉਚਿਤ ਮੌਕੇ ਦੀ ਭਾਲ ਵਿੱਚ ਸਨ ਕਿ ਜਿੱਥੋਂ ਲੜਾਈ ਸ਼ੁਰੂ ਕੀਤੀ ਜਾਵੇ। ਪਰ ਕੋਈ ਢੁੱਕ ਨ੍ਹੀਂ ਢੁੱਕ ਰਿਹਾ ਸੀ। ਫਿਰ ਅਚਨਚੇਤ ਹੀ ਉਨ੍ਹਾਂ ਲਈ ਢੁਕਵਾਂ ਵਕਤ ਆ ਪਹੁੰਚਿਆ।

ਮੁੱਲਾ ਉਮਰ ਗਰੀਬ ਪਰਿਵਾਰ ਵਿੱਚ ਜਨਮਿਆਂ ਇੱਕ ਸਾਧਾਰਨ ਪੇਂਡੂ ਕ੍ਰਿਸਾਨ ਸੀ। ਉਹ ਕੰਧਾਰ ਦੇ ਜਿਲ੍ਹਾ ਮੇਵੰਡ ਵਿੱਚ ਪੈਂਦੇ ਇੱਕ ਪਿੰਡ ਸਿੰਗੇਸਰ ਅੰਦਰ ਛੋਟਾ ਜਿਹਾ ਮਦਰੱਸਾ ਚਲਾਉਂਦਾ ਸੀ। ਉਸਨੇ 1989 ਤੋਂ 1992 ਤੱਕ ਹਿਜ਼ਬੇ ਇਸਲਾਮੀ ਪਾਰਟੀ ਦੀ ਕਮਾਂਡ ਵਿੱਚ ਜੇਹਾਦ ’ਚ ਹਿੱਸਾ ਲਿਆ ਸੀ। ਹਜੀਬਉੱਲਾ ਦੀ ਸਰਕਾਰ ਖਤਮ ਹੋਣ ਪਿੱਛੋਂ ਉਹ ਆਪਣੇ ਪਿੰਡ ਮੁੜ ਆਇਆ ਤੇ ਫਿਰ ਤੋਂ ਮਦਰੱਸਾ ਚਲਾਉਣ ਲਿਆ। ਉਦੋਂ ਤੱਕ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਇਹੋ ਇਨਸਾਨ ਇੱਕ ਦਿਨ ਤਾਲੀਬਾਨਾਂ ਦਾ ਸਭ ਤੋਂ ਵੱਡਾ ਅਤੇ ਤਾਕਤਵਰ ਲੀਡਰ ਬਣੂੰਗਾ। ਉਸ ਵੇਲੇ ਨਵੇਂ ਤਾਲਿਬ, ਗਰੁੱਪ ਬਣਾ ਕੇ ਇੱਧਰ ਉੱਧਰ ਘੁੰਮ ਰਹੇ ਸਨ। ਪਰ



ਯੋਗ ਅਗਵਾਈ ਅਤੇ ਬਿਨਾਂ ਕਿਸੇ ਸੇਧ ਦੇ ਉਨ੍ਹਾਂ ਨੂੰ ਪਤਾ ਨ੍ਹੀਂ ਲੱਗ ਰਿਹਾ ਸੀ ਕਿ ਉਹ ਕੀ ਕਰਨ ਤੇ ਕਿੱਥੋਂ ਸ਼ੁਰੂ ਕਰਨ। ਫਿਰ ਉਸ ਵੇਲੇ ਸਬੱਬੀਂ ਇੱਕ ਅਜਿਹੀ ਘਟਨਾ ਘਟ ਗਈ ਜਿਸਨੇ ਨਾ ਸਿਰਫ ਇਸ ਦਿਸ਼ਾਹੀਣ ਨਵੀਂ ਲਹਿਰ ਨੂੰ ਸੇਧ ਦਿੱਤੀ ਸਗੋਂ ਮੁੱਲਾ ਉਮਰ ਦੇ ਉਚਾਈਆਂ ਵੱਲ ਜਾਣ ਦਾ ਰਾਹ ਵੀ ਖੁੱਲ੍ਹ ਗਿਆ। ਹੋਇਆ ਇਹ ਕਿ ਕੰਧਾਰ ਇਲਾਕੇ ਦੇ ਇੱਕ ਫੌਜੀ ਕਮਾਂਡਰ ਨੇ ਨੇੜਲੇ ਕਿਸੇ ਪਿੰਡ ਦੀ ਨੌਜਵਾਨ ਕੁੜੀ ਅਗਵਾ ਕਰ ਲਈ। ਉੱਥੇ ਦੇ ਲੋਕਾਂ ਦੀਆਂ ਨਜ਼ਰਾਂ ਵਿੱਚ ਮੁੱਲਾ ਉਮਰ ਇੱਕ ਨੇਕ ਮਜ਼ਬੀ ਸ਼ਖਸ਼ੀਅਤ ਅਤੇ ਇੱਕ ਚੰਗਾ ਲੜਾਕਾ ਸੀ। ਪਿੰਡ ਵਾਲਿਆਂ ਨੇ ਉਸਦੀ ਮੱਦਦ ਮੰਗੀ। ਸਮਾਜਿਕ ਕੰਮ ਹੋਣ ਕਰਕੇ ਉਹ ਇਸਨੂੰ ਕਰਨਾ ਮੰਨ ਗਿਆ। ਉਸਨੇ ਇਲਾਕੇ ’ਚੋਂ ਪੰਝੀ ਤੀਹ ਤਾਲਿਬ ਮੁੰਡੇ ਇਕੱਠੇ ਕੀਤੇ ਤੇ ਰਾਤ ਦੇ ਹਨੇਰੇ ਵਿੱਚ ਕਮਾਂਡਰ ਦੀ ਪੋਸਟ ’ਤੇ ਹੱਲਾ ਬੋਲ ਦਿੱਤਾ। ਫਿਰ ਨਾਂ ਸਿਰਫ ਉਸਨੇ ਕੁੜੀ ਹੀ ਰਿਹਾ ਕਰਵਾਈ ਸਗੋਂ ਦੋਸ਼ੀ ਕਮਾਂਡਰ ਨੂੰ ਮਾਰ ਕੇ ਉਸਦੀ ਲਾਸ਼ ਟੈਂਕ ਦੀ ਨਾਲੀ ਨਾਲ ਟੰਗ ਦਿੱਤੀ। ਉਸਦਾ ਸਾਰਾ ਅਸਲਾ ਵੀ ਚੁੱਕ ਲਿਆਂਦਾ। ਅਗਲੇ ਦਿਨ ਲੋਕਾਂ ਨੇ ਕਮਾਂਡਰ ਦੀ ਲਾਸ਼ ਲਮਕਦੀ ਵੇਖੀ ਤੇ ਪੂਰੀ ਘਟਨਾ ਸੁਣੀ ਤਾਂ ਹਰ ਪਾਸੇ ਮੁੱਲਾ ਉਮਰ ਦਾ ਗੁਣਗਾਨ ਹੋਣ ਲੱਗਿਆ। ਫਿਰ ਤਾਂ ਹਰ ਦੂਜੇ ਤੀਜੇ ਦਿਨ, ਮੁਕਾਮੀ ਕਮਾਂਡਰਾਂ ਦੇ ਸਤਾਏ ਲੋਕ, ਮੁੱਲਾ ਉਮਰ ਕੋਲ ਪਹੁੰਚਣ ਲੱਗੇ। ਉਹ ਵੀ ਪੂਰੀ ਤਨਦੇਹੀ ਨਾਲ ਲੋਕਾਂ ਦੀ ਮੱਦਦ ਕਰਨ ਲੱਗਿਆ। ਹੌਲੀ ਹੌਲੀ ਇਲਾਕੇ ਵਿੱਚ ਉਸਦਾ ਨਾਂ ਗੂੰਜਣ ਲੱਗਿਆ ਤੇ ਇੱਧਰ ਉੱਧਰ ਘੁੰਮਦੇ ਤਾਲਿਬਾਂ ਦੀ ਉਹ ਨਜ਼ਰ ਚੜ੍ਹ ਗਿਆ। ਸਾਰਿਆਂ ਇਕੱਠਿਆਂ ਹੋ ਕੇ ਉਸਨੂੰ ਆਪਣਾ ਨੇਤਾ ਬਣਨ ਲਈ ਬੇਨਤੀ ਕੀਤੀ। ਮੁੱਲਾ ਉਮਰ ਮੰਨ ਗਿਆ। ਥੋੜੇ ਦਿਨਾਂ ਪਿੱਛੋਂ ਹੀ ਉਸਨੇ ਸਾਰਿਆਂ ਦੀ ਇੱਕ ਵੱਡੀ ਮੀਟਿੰਗ ਬੁਲਾਈ ਜਿਸ ਵਿੱਚ ਦੂਰ ਪਾਰ ਦੇ ਸਭ ਤਾਲਿਬ ਪਹੁੰਚੇ। ਇੱਥੇ ਹੀ ਉਨ੍ਹਾਂ ਨੇ ਅੱਗੇ ਦੀ ਰਣਨੀਤੀ ਬਣਾਉਂਦਿਆਂ ਆਪਣਾ ਏਜੰਡਾ ਤਹਿ ਕੀਤਾ ਜੋ ਇਸ ਪ੍ਰਕਾਰ ਸੀ....।

ਅਫਗਾਨਿਸਤਾਨ ਵਿੱਚ ਪੂਰੀ ਤਰ੍ਹਾਂ ਸ਼ਾਂਤੀ ਸਥਾਪਤ ਕਰਨਾ, ਲੋਕਾਂ ਕੋਲੋਂ ਨਜਾਇਜ਼ ਅਸਲਾ ਜਮਾਂ ਕਰਵਾਉਣਾ, ਸ਼ਰੀਅਤ ਕਾਨੂੰਨ ਲਾਗੂ ਕਰਨਾ ਅਤੇ ਅਫਗਾਨਿਸਤਾਨ ਦੀ ਗੁਆਚੀ ਹੋਈ ਅਣਖ ਵਾਪਸ ਹਾਸਿਲ ਕਰਨਾ ਸੀ। ਇੱਕ ਸਾਂਝਾ ਏਜੰਡਾ ਬਣ ਗਿਆ ਤਾਂ ਇੱਧਰ ਉੱਧਰ ਖਿੰਡੇ ਫਿਰਦੇ ਅਤੇ ਪਾਕਿਸਤਾਨ ਦੇ ਮਦਰੱਸਿਆਂ ਵਿੱਚ ਤਾਲੀਮ ਹਾਸਿਲ ਕਰ ਰਹੇ ਸਾਰੇ ਤਾਲਿਬ, ਮੁੱਲਾ ਉਮਰ ਦੇ ਝੰਡੇ ਹੇਠਾਂ ਇਕੱਠੇ ਹੋਣ ਲੱਗੇ। ਪਹਿਲਾਂ ਲੋਕਾਂ ਨੇ ਇਸਨੂੰ ਤਾਲਿਬਾਂ ਦੀ ਫੌਜ ਦਾ ਨਾਂ ਦਿੱਤਾ ਪਰ ਫਿਰ ਇਸਦਾ ਨਾਂ ਤਾਲੀਬਾਨ ਪੈ ਗਿਆ। ਹੁਣ ਇਨ੍ਹਾਂ ਦਾ ਪਹਿਲਾ ਕੰਮ ਹਰ ਪਾਸੇ ਪੈਰ ਜਮਾਈ ਬੈਠੇ ਭਰਿਸ਼ਟ ਤੇ ਜ਼ਾਲਮ ਕਮਾਂਡਰਾਂ ਤੋਂ ਅਫਗਾਨਿਸਤਾਨ ਨੂੰ ਆਜਾਦ ਕਰਵਾਉਣਾ ਸੀ। ਇੱਕ ਗੱਲ ਹੋਰ ਸੀ ਕਿ ਪਾਕਿਸਤਾਨ ਨੇ ਵੀ ਇਸ ਤਾਲੀਬਾਨ ਲਹਿਰ ਨੂੰ ਉਤਸ਼ਾਹ ਨਾਲ ਵੇਖਿਆ। ਤਾਲੀਬਾਨਾਂ ਦੇ ਗਰੁੱਪ ਨੇ ਪਹਿਲਾ ਫੌਜੀ ਹਮਲਾ, ਪਾਕਿਸਤਾਨ ਦੇ ਚਮਨ ਬਾਡਰ ’ਤੇ ਪੈਂਦੀ ਅਫਗਾਨਿਸਤਾਨ ਅੰਦਰਲੀ ਸਪਿਨ ਬਾਲਡਿਕ ਨਾਮੀਂ ਚੈੱਕ ਪੋਸਟ ’ਤੇ ਕੀਤਾ। ਇਸ ਇਲਾਕੇ ਵਿੱਚ ਗੁਲਬਦਨ ਹਿਕਮਤਿਆਰ ਦਾ ਕਬਜ਼ਾ ਸੀ ਤੇ ਇਹ ਚੈੱਕ ਪੋਸਟ ਉਸੇ ਦੀ ਨਿਗਰਾਨੀ ਹੇਠ ਸੀ। ਦੋ ਕੁ ਸੌ ਦੇ ਕਰੀਬ ਤਾਲੀਬਾਨਾਂ ਨੇ ਨਵੀਨ ਹਥਿਆਰਾਂ ਨਾਲ ਹੱਲਾ ਬੋਲਿਆ ਤੇ ਹਿਕਮਤਿਆਰ ਦੀ ਪੁਲੀਸ ਨੂੰ ਖਦੇੜ ਦਿੱਤਾ। ਇੱਥੇ ਉਹ ਕਾਮਯਾਬ ਹੋ ਗਏ ਤਾਂ ਪਾਕਿਸਤਾਨ ਨੇ ਸ਼ਹਿ ਦੇ ਕੇ ਉਨ੍ਹਾਂ ਤੋਂ ਹਿਕਮਤਿਆਰ ਦੇ ਨੇੜਲੇ ਲੁਕਵੇਂ ਫੌਜੀ ਡਿੱਪੂ ਦੇ ਹੱਲਾ ਕਰਵਾ ਦਿੱਤਾ। ਤਾਲੀਬਾਨ ਇਸ ਵਿੱਚ ਵੀ ਕਾਮਯਾਬ ਹੋ ਗਏ ਤੇ ਉਨ੍ਹਾਂ ਨੇ ਹਿਕਮਤਿਆਰ ਦਾ ਬਹੁਤ ਸਾਰਾ ਫੌਜੀ ਸਾਜੋ ਸਮਾਨ ਹਥਿਆ ਲਿਆ ਜਿਸ ਵਿੱਚ ਹਜ਼ਾਰਾਂ ਏ. ਕੇ. ਸੰਤਾਲੀ ਰਾਈਫਲਾਂ ਅਤੇ ਵੱਡੇ ਹਥਿਆਰ ਸ਼ਾਮਲ ਸਨ। ਇਸਨੇ ਘਟਨਾ ਨੇ ਤਾਲੀਬਾਨਾਂ ਦੇ ਹੌਸਲੇ ਬੁਲੰਦ ਕਰ ਦਿੱਤੇ। ਇਸ ਵੇਲੇ ਇਲਾਕੇ

ਦੇ ਵਾਰਲੌਰਡਾਂ ਨੇ ਇਸ ਘਟਨਾ ਨੂੰ ਚਿੰਤਾ ਨਾਲ ਜ਼ਰੂਰ ਵੇਖਿਆ ਪਰ ਉਨ੍ਹਾਂ ਆਪਣਾ ਆਪ ਸੰਭਾਲਣ ਲਈ ਕੁਝ ਨਾ ਕੀਤਾ। ਉਹ ਖੁਦ ਅਤੇ ਉਨ੍ਹਾਂ ਦੀ ਫੌਜ ਸ਼ਾਇਦ ਲੰਬੀ ਲੜਾਈ ਲੜਦੇ ਹੰਭੇ ਪਏ ਸਨ ਜਦੋਂ ਕਿ ਤਾਲੀਬਾਨ, ਤਾਜ਼ਾ ਦਮ, ਨਵਾਂ ਜੋਸ਼ ਅਤੇ ਚੜ੍ਹਦੀ ਉਮਰ ਹੋਣ ਕਾਰਨ ਕੁਦਾੜੀਆਂ ਮਾਰ ਰਹੇ ਸਨ।

ਤਾਲੀਬਾਨਾਂ ਦਾ ਅਗਲਾ ਨਿਸ਼ਾਨਾ ਕੰਧਾਰ ਏਅਰਪੋਰਟ ਨੇੜੇ ਡੇਰਾ ਜਮਾਈ ਬੈਠੀ ਇੱਕ ਵੱਡੇ ਕਮਾਂਡਰ ਦੀ ਫੌਜ ਸੀ। ਉਨ੍ਹਾਂ ਅਚਨਚੇਤ ਹਮਲਾ ਬੋਲਿਆ ਤਾਂ ਫੌਜ ਦੇ ਪੈਰ ਉੱਖੜ ਗਏ। ਕਮਾਂਡਰ ਖੁਦ ਭੱਜ ਨਿਕਲਿਆ। ਪਰ ਤਾਲੀਬਾਨਾਂ ਨੇ ਉਸਨੂੰ ਫੜ੍ਹ ਕੇ ਮਾਰ ਮੁਕਾਇਆ। ਉਸਦੇ ਹੋਰ ਕਾਫੀ ਸਾਰੇ ਅਫਸਰ ਮਾਰੇ ਗਏ ਅਤੇ ਏਅਰਪੋਰਟ, ਤਾਲੀਬਾਨਾਂ ਦੇ ਹੱਥ ਆ ਗਿਆ। ਇਸ ਦੇ ਅਗਲੇ ਦਿਨ ਹੀ ਤਾਲੀਬਾਨਾਂ ਨੇ ਕੰਧਾਰ ਸ਼ਹਿਰ ’ਤੇ ਹੱਲਾ ਬੋਲ ਦਿੱਤਾ। ਇੱਥੇ ਵੀ ਕਮਾਂਡਰ ਫੌਜ ਲੈ ਕੇ ਭੱਜ ਗਿਆ ਅਤੇ ਤਾਲੀਬਾਨਾਂ ਦਾ ਸ਼ਹਿਰ ’ਤੇ ਮੁਕੰਮਲ ਕਬਜ਼ਾ ਹੋ ਗਿਆ। ਅਸਲ ਵਿੱਚ ਇਸ ਕਮਾਂਡਰ ਦੇ ਹੇਠਲੇ ਅਫਸਰ, ਤਾਲੀਬਾਨਾਂ ਨੇ ਖਰੀਦ ਲਏ ਸਨ। ਇਸ ਲਈ ਉਹ ਬਿਨਾਂ ਲੜਿਆਂ ਹੀ ਪਿੱਛੇ ਹਟ ਗਏ। ਇੱਥੇ ਤਾਲੀਬਾਨਾਂ ਨੇ ਨਾ ਸਿਰਫ ਜਿੱਤ ਹਾਸਲ ਕੀਤੀ ਸਗੋਂ ਉਨ੍ਹਾਂ ਦੇ ਹੱਥ ਬਹੁਤ ਸਾਰਾ ਲੜਾਈ ਦਾ ਸਾਜ਼ੋ-ਸਾਮਾਨ ਵੀ ਆ ਗਿਆ, ਜਿਸ ਵਿੱਚ ਅੱਧੀ ਦਰਜਣ ਲੜਾਕੇ ਜਹਾਜ਼ ਅਤੇ ਹੈਲੀਕਾਪਟਰ ਸਨ। ਹੁਣ ਤਾਲੀਬਾਨ ਜੋਸ਼ੋ ਖਰੋਸ਼ ਨਾਲ ਹੋਰਨਾਂ ਸ਼ਹਿਰਾਂ ਵੱਲ ਵਧਣ ਲੱਗੇ। ਹਰ ਪਾਸੇ ਤਾਲੀਬਾਨਾਂ ਦੀ ਚੜ੍ਹਾਈ ਦੀਆਂ ਖਬਰਾਂ ਘੁੰਮਣ ਲੱਗੀਆਂ। ਤਾਲੀਬਾਨਾਂ ਦੀ ਚੜ੍ਹਤ ਤੋਂ ਪ੍ਰਭਾਵਤ ਹੋ ਕੇ ਪਾਕਿਸਤਾਨ ਦੇ ਮਦਰੱਸਿਆਂ ’ਚੋਂ ਅਫਗਾਨੀ ਤਾਲਬਾਂ ਤੋਂ ਇਲਾਵਾ, ਪਾਕਿਸਤਾਨੀ ਨੌਜਵਾਨ ਵੀ ਤਾਲੀਬਾਨ ਲਹਿਰ ਵਿੱਚ ਹਿੱਸਾ ਲੈਣ ਲਈ ਇੱਧਰ ਨੂੰ ਭੱਜ ਤੁਰੇ। ਇਨ੍ਹਾਂ ਵਿੱਚ ਬਲੋਚਸਿਤਾਨ ਅਤੇ ਨਾਰਥ ਵੈਸਟ ਫਰੰਟੀਅਰ ਇਲਾਕੇ ਦੇ ਵੀ ਬਹੁਤ ਲੜਾਕੇ ਸਨ। ਛੇਤੀ ਹੀ ਤਾਲੀਬਾਨ ਫੌਜ ਦੀ ਗਿਣਤੀ ਪੰਦਰਾਂ ਹਜ਼ਾਰ ਤੱਕ ਪਹੁੰਚ ਗਈ। ਅੱਗੇ ਤਾਲੀਬਾਨਾਂ ਦੀ ਗਿਣਤੀ ਦਿਨੋ ਦਿਨ ਵਧਦੀ ਗਈ ਅਤੇ ਉਨ੍ਹਾਂ ਹੋਰ ਇਲਾਕੇ ਜਿੱਤਣ ਦੀ ਮੁਹਿਮ ਤੇਜ਼ੀ ਨਾਲ ਜਾਰੀ ਰੱਖੀ। ਕੁਝ ਹੀ ਮਹੀਨਿਆਂ ਵਿੱਚ ਦੱਖਣ ਵੱਲ ਅਤੇ ਮੱਧ ਦਾ ਸਾਰਾ ਇਲਾਕਾ ਉਨ੍ਹਾਂ ਦੇ ਕਬਜ਼ੇ ਹੇਠ ਆ ਗਿਆ। ਬਹੁਤੇ ਪੁਰਾਣੇ ਕਮਾਂਡਰ, ਬਿਨਾਂ ਲੜ੍ਹੇ ਹਥਿਆਰ ਸੁੱਟ ਦਿੰਦੇ ਸਨ। ਤਾਲੀਬਾਨ ਇੱਕ ਲਹਿਰ ਬਣ ਚੁੱਕੇ ਸਨ ਤੇ ਉਹ ਹਨੇਰੀ ਦੀ ਤਰ੍ਹਾਂ ਅੱਗੇ ਹੀ ਅੱਗੇ ਵਧਦੇ ਜਾ ਰਹੇ ਸਨ। ਨੇੜੇ ਤੇੜੇ ਦੇ ਇਲਾਕੇ ਜਿੱਤਣ ਪਿੱਛੋਂ 1995 ਸਾਲ ਦੇ ਸ਼ੁਰੂਆਤੀ ਮਹੀਨਿਆਂ ਵਿੱਚ ਦੂਰ ਦੇ ਸ਼ਹਿਰਾਂ ਵੱਲ ਵਧਣ ਦਾ ਸੋਚਦਿਆਂ ਤਾਲੀਬਾਨਾਂ ਨੇ ਉੱਧਰ ਵੱਲ ਚੜ੍ਹਾਈ ਕਰ ਦਿੱਤੀ। ਇਸ ਵੇਲੇ ਲੋਕ ਬੜੀ ਉਮੀਦ ਨਾਲ ਤਾਲੀਬਾਨਾਂ ਵੱਲ ਵੇਖ ਰਹੇ ਸਨ। ਸਭ ਨੂੰ ਇਹੋ ਸੀ ਕਿ ਇਹ ਨੌਜਵਾਨ, ਮੁਲਕ ਦਾ ਕੁਝ ਨਾ ਕੁਝ ਜ਼ਰੂਰ ਸੰਵਾਰਨਗੇ। ਪਰ ਕਿਸੇ ਨੂੰ ਇਹ ਖਾਬੋ-ਖਿਆਲ ਵੀ ਨਹੀਂ ਸੀ ਆਉਣ ਵਾਲਾ ਸਮਾਂ ਤਾਂ ਭਿਆਨਕ ਖਾਨਾਜੰਗੀ ਅਤੇ ਤਬਾਹੀ ਲੈ ਕੇ ਆ ਰਿਹਾ ਹੈ।

ਪੱਛਮ ਵੱਲ, ਸਭ ਤੋਂ ਪਹਿਲਾਂ ਤਾਲੀਬਾਨਾਂ ਨੇ ਦੂਰ ਹੈਰਾਤ ਵੱਲ ਧਾਵਾ ਬੋਲਿਆ। ਹੈਰਾਤ ਦਾ ਤਾਕਤਵਰ ਲੀਡਰ, ਇਸਮਾਇਲ ਖਾਂ ਉੱਥੇ ਪੰਜ ਸੂਬਿਆਂ ’ਤੇ ਕਾਬਜ਼ ਸੀ। ਭਾਵੇਂ ਹੈ ਤਾਂ ਉਹ ਵੀ ਇੱਕ ਵਾਰਲੋਰਡ ਹੀ ਸੀ ਪਰ ਉਹ ਲੋਕਾਂ ਦਾ ਚਹੇਤਾ ਸੀ। ਉਸਨੇ ਥਾਂ ਥਾਂ ਸਕੂਲ ਅਤੇ ਹਸਪਤਾਲ ਖੋਲ੍ਹੇ ਹੋਏ ਸਨ। ਅਫਗਾਨਿਸਤਾਨ ਦੇ ਇਸ ਇਲਾਕੇ ਵਿੱਚ ਕਾਫੀ ਖੁਸ਼ਹਾਲੀ ਸੀ। ਇੱਥੇ ਸ਼ਾਂਤੀ ਸੀ ਤੇ ਲੋਕ ਸੁਖ ਆਰਾਮ ਨਾਲ ਰਹਿ ਰਹੇ ਸਨ। ਪਰ ਤਾਲੀਬਾਨਾਂ ਦੀ ਚੜ੍ਹਤ ਮੂਹਰੇ ਕੋਈ ਵੀ ਚੀਜ਼ ਖੜ੍ਹੋ ਨਾ ਸਕੀ। ਇਸਮਾਇਲ ਖਾਂ ਨੇ ਬੜੇ ਚੰਗੇ ਢੰਗ ਨਾਲ ਲੜਾਈ ਲੜੀ ਪਰ ਆਖਰ ਹਾਰ ਗਿਆ ਅਤੇ ਆਪਣੇ ਜਨਰਲਾਂ ਸਮੇਤ ਇਰਾਨ ਭੱਜ ਗਿਆ। ਤਾਲੀਬਾਨਾਂ ਨੇ



ਹੈਰਾਤ ’ਤੇ ਕਬਜ਼ਾ ਕਰਕੇ ਸ਼ਰੀਅਤ ਕਾਨੂੰਨ ਅਤੇ ਸਖਤ ਲਾਅ ਐਂਡ ਆਰਡਰ ਕਾਇਮ ਕਰ ਦਿੱਤਾ। ਇਸ ਪ੍ਰਕਾਰ ਉਨ੍ਹਾਂ ਦਾ ਦੂਰ ਪੱਛਮ ਤੱਕ ਦਬਦਬਾ ਕਾਇਮ ਹੋ ਗਿਆ। ਦੱਖਣ-ਪੱਛਮ ਵੱਲ ਪੈਰ ਜਮਾਉਣ ਪਿੱਛੋਂ ਉਨ੍ਹਾਂ ਕਾਬਲ ਵੱਲ ਵੇਖਿਆ। ਕਿਉਂਕਿ ਉਹ ਜਾਣਦੇ ਸਨ ਕਿ ਅਫਗਾਨਿਸਤਾਨ ਨੂੰ ਪੱਕੇ ਤੌਰ ’ਤੇ ਆਪਣੇ ਰਾਜ ਹੇਠ ਰੱਖਣ ਲਈ ਰਾਜਧਾਨੀ ਕਾਬਲ, ਉਨ੍ਹਾਂ ਦੇ ਕਬਜ਼ੇ ’ਚ ਹੋਣੀ ਜ਼ਰੂਰੀ ਹੈ। ਕਾਬਲ ਵਿੱਚ ਅਹਿਮਦ ਸ਼ਾਹ ਮਾਸੂਦ ਦੀ ਫੌਜ ਪੱਕੇ ਡੇਰੇ ਲਾਈ ਬੈਠੀ ਸੀ। ਤਾਲੀਬਾਨਾਂ ਕਈ ਹਮਲੇ ਕੀਤੇ ਪਰ ਉਨ੍ਹਾਂ ਦੀ ਪੇਸ਼ ਨਾ ਗਈ। ਖੈਰ ਉਨ੍ਹਾਂ ਨੇ ਹੌਂਸਲਾ ਨਾ ਹਾਰਿਆ ਤੇ ਅਗਲੇ ਹਮਲੇ ਦੀ ਤਿਆਰੀ ਕਰਨ ਲੱਗੇ।

ਪਾਕਿਸਤਾਨ ਇਸ ਵੇਲੇ ਤਾਲੀਬਾਨਾਂ ਦੀ ਧਿਰ ਸੀ। ਉਸਨੇ ਤਾਲੀਬਾਨਾਂ ਨੂੰ ਵਧੇਰੇ ਲੜਾਕਾ ਸਾਜ਼ੋ-ਸਮਾਨ ਦੇਣ ਦਾ ਪ੍ਰੋਗਰਾਮ ਉਲੀਕਿਆ। ਸਾਊਦੀ ਅਰਬ ਵੀ ਉਸਦੇ ਨਾਲ ਸੀ। ਅਸਲ ਵਿੱਚੋਂ ਇਹ ਦੋਨੋਂ ਮੁਲਕ ਇਸ ਵੇਲੇ ਪੂਰੀ ਜੀਅ ਜਾਨ ਨਾਲ ਤਾਲੀਬਾਨਾਂ ਦੀ ਮੱਦਦ ਕਰ ਰਹੇ ਸਨ ਤੇ ਚਾਹੁੰਦੇ ਸਨ ਕਿ ਤਾਲੀਬਾਨ ਛੇਤੀ ਪੂਰੇ ਅਫਗਾਨਿਸਤਾਨ ’ਤੇ ਕਾਬਜ਼ ਹੋ ਜਾਣ। ਪਾਕਿਸਤਾਨ ਨੇ ਨਾ ਸਿਰਫ ਮਾਲੀ ਅਤੇ ਫੌਜੀ ਮੱਦਦ ਕੀਤੀ ਸਗੋਂ ਮੁਲਕ ਅੰਦਰਲੇ ਰਫਿਊਜ਼ੀ ਕੈਂਪਾਂ ਦੇ ਤਾਲਿਬਾਂ ਨੂੰ ਅਫਗਾਨਿਸਤਾਨ ਜਾਣ ਲਈ ਕਿਹਾ। ਸਾਰੇ ਮਦਰੱਸੇ ਬੰਦ ਕਰ ਦਿੱਤੇ ਗਏ। ਨੌਜਵਾਨ ਹਜ਼ਾਰਾਂ ਦੀ ਗਿਣਤੀ ’ਚ ਅਫਗਾਨਿਸਤਨ ਪਹੁੰਚ ਗਏ। ਸਤੰਬਰ ਮਹੀਨੇ ਤਾਲੀਬਾਨ ਫੌਜ ਨੇ ਨਵੇਂ ਢੰਗ ਤਰੀਕੇ ਨਾਲ ਲੜਾਈ ਸ਼ੁਰੂ ਕੀਤੀ। ਇਸ ਵਾਰ ਉਸਨੇ ਪਹਿਲਾਂ ਜਲਾਲਾਬਾਦ ’ਤੇ ਹਮਲਾ ਕੀਤਾ। ਇੱਥੇ ਕਬਜ਼ਾ ਜਮਾਉਣ ਪਿੱਛੋਂ ਨਾਲ ਲੱਗਦੇ ਤਿੰਨ ਸੂਬੇ, ਨੰਗਰਹਰ, ਲਗਮਨ ਅਤੇ ਕੁਨਾਰ ਵੀ ਆਪਣੇ ਕਬਜ਼ੇ ਹੇਠ ਕਰ ਲਏ। ਇਨ੍ਹਾਂ ਤਿੰਨੋ ਸੂਬਿਆਂ ਦੀ ਕਾਬਲ ਨਾਲ ਹੱਦ ਲੱਗਦੀ ਹੈ। ਇਸ ਪ੍ਰਕਾਰ ਤਾਲੀਬਾਨਾਂ ਨੇ ਕਾਬਲ ਨੂੰ ਤਿੰਨ ਪਾਸਿਆਂ ਤੋਂ ਘੇਰ ਲਿਆ। ਉਹ ਰੁਕੇ ਨਹੀਂ ਸਗੋਂ ਤੇਜ਼ ਲੜਾਈ ਲੜਦੇ ਕਾਬਲ ਵੱਲ ਨੂੰ ਵਧੇ। ਐਤਕੀ ਵਾਰ ਉਨ੍ਹਾਂ ਨੂੰ ਜਿੱਤ ਪ੍ਰਾਪਤ ਹੋਈ। ਅਹਿਮਦ ਸ਼ਾਹ ਮਾਸੂਦ ਨੇ ਆਪਣੀ ਫੌਜ, ਸ਼ਹਿਰ ਦੇ ਅੰਦਰਵਾਰ ਸੱਦ ਲਈ। ਜਦੋਂ ਤਾਲੀਬਾਨ ਕਾਬਲ ਦੀਆਂ ਗਲੀਆਂ ’ਚ ਜਾ ਪਹੁੰਚੇ ਤਾਂ ਮਾਸੂਦ ਨੇ ਸ਼ਹਿਰ ਖਾਲੀ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ। ਉਹ ਲੋਕ ਹਿਤਾਂ ਦੀ ਰਾਖੀ ਕਰਨ ਵਾਲਾ ਜਰਨੈਲ ਸੀ ਤੇ ਉਹ ਕਾਬਲ ਦੀ ਜਨਤਾ ਨੂੰ ਲੜਾਈ ਵਿੱਚ ਦਰੜਨਾਂ ਨਹੀਂ ਚਾਹੁੰਦਾ ਸੀ। ਉਸਨੇ ਸ਼ਹਿਰ ਖਾਲੀ ਕਰ ਦਿੱਤਾ ਤਾਂ ਤਾਲੀਬਾਨਾਂ ਦਾ ਰਾਹ ਪੱਧਰਾ ਹੋ ਗਿਆ। ਅਹਿਮਦ ਸ਼ਾਹ ਮਾਸੂਦ ਆਪਣੀ ਫੌਜ ਲੈ ਕੇ ਪੰਜਸ਼ੀਰ ਵਾਦੀ ਵੱਲ ਤੁਰ ਗਿਆ। ਪੰਜਸ਼ੀਰ ਵਾਦੀ, ਤਜਕ ਤੇ ਉਜ਼ਬਿਕ ਜਨਤਾ ਦੀ ਬਹੁਤਾਤ ਅਤੇ ਮਾਸੂਦ ਦਾ ਪੱਕਾ ਗੜ੍ਹ ਸੀ।

ਕਾਬਲ ਸ਼ਹਿਰ ’ਤੇ ਕਬਜ਼ਾ ਕਰਦਿਆਂ ਹੀ ਤਾਲੀਬਾਨਾਂ ਨੇ ਆਪਣੇ ਆਪ ਨੂੰ ਹੋਰ ਹੀ ਰੂਪ ’ਚ ਵੇਖਿਆ। ਪਹਿਲੀ ਵਾਰ ਉਨ੍ਹਾਂ ਨੂੰ ਅਫਗਾਨਿਸਤਾਨ ਦੇ ਹੁਕਮਰਾਨ ਹੋਣ ਦਾ ਅਹਿਸਾਸ ਹੋਇਆ, ਕਿਉਂਕਿ ਹੁਣ ਰਾਜਧਾਨੀ ਉਨ੍ਹਾਂ ਕੋਲ ਸੀ। ਪਰ ਜਿਹੜਾ ਪਹਿਲਾ ਕੰਮ ਉਨ੍ਹਾਂ ਨੇ ਕੀਤਾ ਉਹ ਅਤੀ ਘਿਨਾਉਣਾ ਸੀ ਤੇ ਦੁਨੀਆਂ ਨੇ ਉਸ ਕਾਰੇ ਨੂੰ ਨਿੰਦਿਆ। ਤਾਲੀਬਾਨਾਂ ਨੇ ਪਿਛਲੇ ਕਈ ਸਾਲਾਂ ਤੋਂ ਯੂ. ਐਨ. ਓ. ਦੀ ਬਿਲਡਿੰਗ ਵਿੱਚ ਪਨਾਹ ਲਈ ਬੈਠੇ ਅਫਗਾਨਿਸਾਨ ਦੇ ਪਿਛਲੇ ਪਰੈਜ਼ੀਡੈਂਟ, ਨਜੀਬਉੱਲਾ ਨੂੰ ਮਾਰ ਸੁੱਟਿਆ। ਇੰਨਾ ਹੀ ਨਹੀਂ ਸਗੋਂ ਉਸਨੂੰ ਜਲੀਲ ਕਰਕੇ ਮਾਰਿਆ ਗਿਆ ਅਤੇ ਮਾਰਨ ਪਿੱਛੋਂ ਉਸਦੀ ਲਾਸ਼ ਟਰੈਫਿਕ ਲਾਈਟ ਦੇ ਖੰਭੇ ਨਾਲ ਟੰਗ ਦਿੱਤੀ। ਫਿਰ ਉਹ ਕਾਬਲ ਵੱਲ ਆਹੁਲੇ ਤੇ ਇੱਥੇ ਸ਼ਾਂਤੀ ਵਿਵਸਥਾ ਸਥਾਪਤ ਕਰਨ ਦੀ ਬਜਾਇ ਉਨ੍ਹਾਂ ਨੇ ਨਵਾਂ ਸ਼ਰੀਅਤ ਕਾਨੂਨ ਲਾਗੂ ਕਰ ਦਿੱਤਾ। ਸਿਰਫ ਲਾਗੂ ਹੀ ਨ੍ਹੀਂ ਕੀਤਾ ਸਗੋਂ ਬਹੁਤ ਹੀ ਸਖਤੀ ਨਾਲ ਇਸਦੀ ਪਾਲਣਾ ਕਰਨ ਦੇ ਆਦੇਸ਼ ਦੇ ਦਿੱਤੇ। ਸਭ ਤੋਂ ਪਹਿਲਾਂ ਔਰਤਾਂ ਨੂੰ ਘਰਾਂ ਅੰਦਰ ਬੰਦ

ਕਰਨ ਦੀ ਸੋਚ ਕੇ ਉਨ੍ਹਾਂ ਦੇ ਸਕੂਲ ਕਾਲਜ ਆਦਿ ਬੰਦ ਕਰ ਦਿੱਤੇ। ਔਰਤਾਂ ਦੇ ਕੰਮ ਕਰਨ 'ਤੇ ਪਾਬੰਦੀ ਲਾ ਦਿੱਤੀ। ਉਨ੍ਹਾਂ ਦੇ ਹਾਰ ਸ਼ਿੰਗਾਰ ਅਤੇ ਪਹਿਨਣ-ਪੱਚਰਣ ਤੇ ਬੰਦਸ਼ਾਂ ਲਾ ਦਿੱਤੀਆਂ। ਔਰਤ ਘਰੋਂ ਇਕੱਲੀ ਬਾਹਰ ਨਹੀਂ ਨਿਕਲ ਸਕਦੀ ਸੀ, ਕਿਸੇ ਗੈਰ ਸਾਹਮਣੇ ਗੱਲ ਨ੍ਹੀਂ ਕਰ ਸਕਦੀ ਸੀ ਅਤੇ ਸਜ-ਸੰਵਰ ਨ੍ਹੀਂ ਸਕਦੀ ਸੀ। ਮਰਦਾਂ ਨੂੰ ਦਾੜ੍ਹੀ ਵਧਾਉਣ ਅਤੇ ਕਾਲੀ ਪੱਗ ਬੰਨਣ ਲਈ ਹੁਕਮ ਕਰ ਦਿੱਤਾ ਗਿਆ। ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਕੋੜੇ ਮਾਰਨ ਦੀ ਸਜਾ ਸੀ। ਸੰਗੀਤ, ਅਤੇ ਹੋਰ ਮਨੋਰੰਜਨ ਦੇ ਸਾਧਨਾਂ ਨੂੰ ਨਸ਼ਟ ਕਰ ਦਿੱਤਾ ਗਿਆ। ਟੀਵੀ, ਵੀਡੀਉ, ਸੈਟੇਲਾਈਟ ਡਿਸ਼ ਦੀਆਂ ਦੁਕਾਨਾਂ ਬਗੈਰਾ ਅਤੇ ਸਿਨਮਾਂ ਘਰ ਸਾੜ ਦਿੱਤੇ ਗਏ। ਫੁੱਟਵਾਲ ਅਤੇ ਦੂਸਰੀਆਂ ਖੇਡਾਂ 'ਤੇ ਪਾਬੰਦੀ ਲਾ ਦਿੱਤੀ ਅਤੇ ਤਾਸ਼, ਚੈੱਸ ਖੇਡਣਾ ਅਤੇ ਪਤੰਗ ਆਦਿ ਉਡਾਉਣਾ ਜੁਰਮ ਕਰਾਰ ਦੇ ਦਿੱਤਾ ਗਿਆ। ਕਈ ਜੁਰਮਾਂ ਦੀ ਸਜ਼ਾ ਸ਼ਰੇਆਮ ਕੋੜੇ ਮਾਰਨੇ, ਅੰਗ ਕੱਟਣੇ, ਅਤੇ ਪੱਥਰ ਮਾਰ ਕੇ ਖਤਮ ਕਰ ਦੇਣਾ ਐਲਾਣ ਦਿੱਤੀ ਗਈ।

ਇੰਨੀਆਂ ਪਾਬੰਦੀਆਂ ਨਾਲ ਨਿੱਤ ਦਾ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ। ਕਾਬਲ ਵਰਗੇ ਵੱਡੇ ਸ਼ਹਿਰ ਅੰਦਰ, ਜਿੱਥੇ ਕਿ ਸਰਕਾਰੀ ਨੌਕਰੀਆਂ ਵਿੱਚ ਔਰਤਾਂ ਦੀ ਗਿਣਤੀ ਇੱਕ ਚੌਥਾਈ ਦੇ ਲੱਗਭਗ ਸੀ, ਇਨ੍ਹਾਂ ਪਾਬੰਦੀਆਂ ਕਾਰਨ ਸਭ ਕੁਝ ਬਦਲ ਗਿਆ। ਮਜ਼ਬੀ ਪੁਲਸ ਹਰਲ-ਹਰਲ ਕਰਦੀ ਘੁੰਮਣ ਲੱਗੀ ਤੇ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿੱਚ ਆਮ ਲੋਕਾਂ ਨੂੰ ਜੇਲ੍ਹਾਂ ਵਿੱਚ ਸੁੱਟਣ ਲੱਗ ਪਈ। ਤਕਰੀਬਨ ਬਾਰਾਂ ਲੱਖ ਦੀ ਆਬਾਦੀ ਵਾਲਾ ਕੌਮਾਂਤਰੀ ਸ਼ਹਿਰ ਬਰਬਾਦੀ ਦੇ ਰਾਹ ਪੈ ਗਿਆ। ਕਾਬਲ 'ਤੇ ਕਬਜ਼ਾ ਕਰਨ ਦੇ ਅਗਲੇ ਤਿੰਨ ਚਾਰ ਮਹੀਨਿਆਂ ਵਿੱਚ ਹੀ ਤਾਲੀਬਾਨਾਂ ਦਾ ਅਫਗਾਨਿਸਤਾਨ ਦੇ ਇਕੱਤੀ ਸੂਬਿਆਂ ਵਿੱਚੋਂ ਬਾਰਾਂ 'ਤੇ ਕਬਜ਼ਾ ਹੋ ਚੁੱਕਿਆ ਸੀ। ਉਨ੍ਹਾਂ ਦੀ ਇਸ ਜਿੱਤ ਦਾ ਵੱਡਾ ਕਾਰਨ ਇਹ ਸੀ ਕਿ ਤਾਲੀਬਾਨ ਫੌਜੀ, ਲੜਾਈ ਲਈ ਸਮੱਰਪਤ ਸਨ। ਉਨ੍ਹਾਂ ਵਿੱਚ ਲੜਨ ਲਈ ਡਾਹਢਾ ਜੋਸ਼ ਅਤੇ ਉਤਸ਼ਾਹ ਸੀ। ਇੱਕ ਕਾਰਨ ਇਹ ਵੀ ਸੀ ਕਿ ਉਨ੍ਹਾਂ ਕੋਲ ਹੋਰ ਕੋਈ ਕੰਮ ਨਹੀਂ ਸੀ। ਇਸ ਵੇਲੇ ਉਨ੍ਹਾਂ ਨੂੰ ਸਭ ਤੋਂ ਵੱਡਾ ਕੰਮ ਜੇਹਾਦ ਵਿੱਚ ਹਿੱਸਾ ਲੈਣਾ ਲੱਗ ਰਿਹਾ ਸੀ। ਉਹ ਜੋ ਕੁਝ ਵੀ ਕਰ ਰਹੇ ਸਨ ਆਪਣੇ ਲੀਡਰ, ਮੁੱਲਾ ਉਮਰ ਦੇ ਹੁਕਮ ਵਿੱਚ ਕਰ ਰਹੇ ਸਨ। ਮੁੱਲਾ ਉਮਰ ਨੇ ਇੱਕ ਵੱਡਾ ਇਕੱਠ ਕਰਕੇ ਅਤੇ ਮੁਲਕ ਦੇ ਮਜ਼ਬੀ ਲੀਡਰਾਂ ਨੂੰ ਬੁਲਾ ਕੇ ਇਸ ਲੜਾਈ ਨੂੰ ਜੇਹਾਦ ਕਰਾਰ ਕਰਵਾਇਆ ਸੀ। ਇਸੇ ਇਕੱਠ ਵਿੱਚ ਇਨ੍ਹਾਂ ਮਜ਼ਬੀ ਲੀਡਰਾਂ ਨੇ ਉਸਨੂੰ 'ਅਮੀਰ ਉਲ ਮੋਮੀਨੀਨ' ਦੇ ਖਿਤਾਬ ਨਾਲ ਨਿਵਾਜ ਕੇ ਇਸ ਜੇਹਾਦ ਦੀ ਅਗਵਾਈ ਲਈ ਚੁਣਿਆਂ ਸੀ। ਇਸੇ ਕਰਕੇ ਹਰ ਇੱਕ ਤਾਲੀਬਾਨ ਦੀਆਂ ਨਜ਼ਰਾਂ ਵਿੱਚ ਮੁੱਲਾ ਉਮਰ ਦਾ ਰੁਤਬਾ, ਲੀਡਰ ਤੋਂ ਬਿਨਾਂ ਸਰਬ ਉੱਚ ਮਜ਼ਬੀ ਰਹਿਨੁਮਾ ਦਾ ਸੀ। ਉਸ ਦੇ ਇੱਕ ਇਸ਼ਾਰੇ 'ਤੇ ਤਾਲੀਬਾਨ ਲੜਾਕੇ ਮਰ ਮਿਟਣ ਲਈ ਤਿਆਰ ਸਨ। ਤਕਰੀਬਨ ਸਾਰੇ ਤਾਲੀਬਾਨ, ਪਾਕਿਸਤਾਨ ਦੇ ਪਿਸ਼ਾਵਰ ਇਲਾਕਿਆਂ ਵਿੱਚ ਪੈਂਦੇ ਮਦਰੱਸਿਆਂ ਤੋਂ ਤਿਆਰ ਹੋ ਕੇ ਆਏ ਸਨ। ਇਹ ਮਦਰੱਸੇ ਕੱਟੜਵਾਦੀ ਮੁਲਾਣਿਆਂ ਵੱਲੋਂ ਚਲਾਏ ਜਾਂਦੇ ਸਨ। ਇਨ੍ਹਾਂ ਨੂੰ ਪਾਕਿਸਤਾਨੀ ਖੁਫੀਆ ਏਜੈਂਸੀ, ਆਈ. ਐੱਸ. ਆਈ. ਦੀ ਪੂਰੀ ਸਰਪ੍ਰਸਤੀ ਹਾਸਲ ਸੀ। ਇੱਥੇ ਤਾਲੀਬਾਨਾਂ ਨੂੰ ਮਜ਼ਬੀ ਤਾਲੀਮ ਦਿੱਤੀ ਜਾਂਦੀ ਸੀ। ਇਹ ਮਦਰੱਸੇ, ਇਸਲਾਮ ਦੇ ਆਮ ਮਦਰੱਸਿਆਂ ਤੋਂ ਬਿਲਕੁਲ ਵੱਖਰੇ ਸਨ। ਆਮ ਮਦਰੱਸਿਆਂ ਵਿੱਚ ਹਰ ਮੁਸਲਿਮ ਬੱਚੇ ਨੂੰ ਮਜ਼ਬ ਦੀ ਮੁਢਲੀ ਤਾਲੀਮ ਦਿੱਤੀ ਜਾਂਦੀ ਹੈ ਤੇ ਇਸ ਪਿੱਛੋਂ ਬੱਚਾ ਅੱਗੇ ਦੀ ਰਿਵਾਇਤੀ ਪੜ੍ਹਾਈ ਸ਼ੁਰੂ ਕਰਦਾ ਹੈ। ਪਰ ਇਨ੍ਹਾਂ ਮਦਰੱਸਿਆਂ ਵਿੱਚ ਮੁਢਲੀ ਪੜ੍ਹਾਈ ਪਿੱਛੋਂ ਸ਼ੁਰੂ ਹੁੰਦਾ ਸੀ ਕੱਟੜਵਾਦਤਾ ਦਾ ਪਾਠ, ਗੈਰ ਮੁਸਲਮਾਂ ਖਿਲਾਫ ਨਫਰਤ ਦਾ ਪਾਠ। ਇਸ ਤੋਂ ਬਿਨਾਂ ਹੋਰ ਕੁਝ ਨਹੀਂ ਸਿਖਾਇਆ ਜਾਂਦਾ ਸੀ। ਉਦਾਹਰਣ ਦੇ ਤੌਰ 'ਤੇ ਇਨ੍ਹਾਂ ਨੂੰ ਹਿਸਾਬ, ਸਾਇੰਸ, ਇਤਿਹਾਸ ਜਾਂ ਭੂਗੋਲ ਬਾਰੇ ਕੁਝ ਪਤਾ ਨਹੀਂ ਸੀ। ਇਨ੍ਹਾਂ



ਵਿੱਚੋਂ ਬਹੁਤਿਆਂ ਨੂੰ ਤਾਂ ਆਪਣੇ ਮੁਲਕ ਦੇ ਇਤਿਹਾਸ ਬਾਰੇ ਵੀ ਪਤਾ ਨਹੀਂ ਸੀ। ਇਹ ਨੌਜਵਾਨ ਤਾਲੀਬਾਨ, ਅੱਸੀਵਿਆਂ ਵਿੱਚ ਰਸ਼ੀਆ ਖਿਲਾਫ ਲੜ ਚੁੱਕੇ ਮੁਜਾਹਦੀਨਾਂ ਤੋਂ ਬਿਲਕੁਲ ਵੱਖਰੇ ਸਨ। ਉਨ੍ਹਾਂ ਮੁਜਾਹਦੀਨਾਂ ਵਿੱਚ ਭਾਈਚਾਰਕ, ਆਪਣੇ ਕਬੀਲਿਆਂ ਦੀਆਂ, ਜਾਂ ਇਲਾਕਿਆਂ ਦੀਆਂ ਸਾਂਝਾ ਸਨ। ਉਹ ਆਪਣੇ ਛੱਡ ਚੁੱਕੇ ਪਿੰਡਾਂ ਨੂੰ ਯਾਦ ਕਰਕੇ ਉੱਥੇ ਵਾਪਸ ਪਰਤਣਾ ਲੋਚਦੇ ਸਨ। ਉਨ੍ਹਾਂ ਵਿੱਚ ਆਪਣੀ ਧਰਤੀ ਲਈ ਪਿਆਰ ਸੀ, ਖਿੱਚ ਸੀ। ਪਰ ਇਨ੍ਹਾਂ ਤਾਲੀਬਾਨਾਂ ਵਿੱਚ ਅਜਿਹੀ ਕੋਈ ਗੱਲ ਨਹੀਂ ਸੀ। ਇਨ੍ਹਾਂ ਨੂੰ ਕੋਈ ਪਤਾ ਨਹੀਂ ਸੀ ਕਿ ਸ਼ਾਂਤ ਵੇਲਿਆਂ ਵਿੱਚ ਉਨ੍ਹਾਂ ਦਾ ਮੁਲਕ ਕਿਹੋ ਜਿਹਾ ਸੀ। ਨਾਂ ਹੀ ਉਹ ਕਿਸੇ ਕਬੀਲੇ, ਪੁਰਖਿਆਂ ਜਾਂ ਗੁਆਂਢੀਆਂ ਪ੍ਰਤੀ ਆਪਸੀ ਆਮ ਮੁਹੱਬਤ ਤੋਂ ਵਾਕਫ ਸਨ। ਜੋ ਕੁਝ ਉਹ ਜਾਣਦੇ ਸਨ ਤਾਂ ਉਹ ਸੀ ਸਿਰਫ ਲੜਾਈ। ਉਨ੍ਹਾਂ ਨੇ ਆਪਣੀ ਉਮਰ ਵਿੱਚ ਅਫਗਾਨਿਸਤਾਨ ਦੀ ਧਰਤੀ 'ਤੇ ਹੁੰਦੀ ਲੜਾਈ ਹੀ ਸੁਣੀ ਸੀ। ਇਨ੍ਹਾਂ ਕੋਲ ਯਾਦ ਕਰਨ ਲਈ ਕੋਈ ਪਿਛਲੀਆਂ ਯਾਦਾਂ ਨਹੀਂ ਸਨ, ਅੱਗੇ ਚੰਗੇਰੀ ਜ਼ਿੰਦਗੀ ਦੀਆਂ ਕੋਈ ਸਕੀਮਾਂ ਨਹੀਂ ਸਨ। ਜੋ ਕੁਝ ਸੀ ਉਨ੍ਹਾਂ ਦਾ ਵਰਤਮਾਨ ਹੀ ਸੀ। ਇਹ ਸਾਰੇ ਲੜਾਈ ਦੀ ਵਜ੍ਹਾ ਕਾਰਨ ਹੋਏ ਯਤੀਮਾਂ ਦੇ ਡੂੰਘੇ ਸਮੁੰਦਰ ਵਿੱਚ ਆ ਡਿੱਗੇ ਸਨ। ਨਾ ਕੁਝ ਉਨ੍ਹਾਂ ਨੂੰ ਸਿਖਾਇਆ ਗਿਆ ਸੀ ਤੇ ਨਾਂ ਹੀ ਉਨ੍ਹਾਂ ਨੂੰ ਕੁਝ ਹੋਰ ਪਤਾ ਸੀ। ਉਨ੍ਹਾਂ ਨੂੰ ਸਿਖਾਇਆ ਗਿਆ ਸੀ ਤਾਂ ਸਿਰਫ ਲੜਨਾਂ। ਲੜਾਈ ਹੀ ਉਨ੍ਹਾਂ ਦਾ ਵਰਤਮਾਨ ਸੀ, ਲੜਾਈ ਹੀ ਉਨ੍ਹਾਂ ਦਾ ਭਵਿੱਖ ਸੀ। ਉਨ੍ਹਾਂ ਨੂੰ ਤਾਂ ਇਹ ਵੀ ਪਤਾ ਨਹੀਂ ਸੀ ਕਿ ਲੜਾਈ ਪਿੱਛੋਂ ਕੀ ਹੋਵੇਗਾ, ਉਹ ਕਿਧਰੇ ਆਰਾਮ ਨਾਲ ਰਹਿ ਸਕਣਗੇ ਜਾਂ ਉਹ ਕਿਧਰੇ ਘਰ ਵਸਾਉਣਗੇ। ਕਿਉਂਕਿ ਜ਼ਿੰਦਗੀ ਦੀ ਅਸਲੀਅਤ ਬਾਰੇ ਤਾਂ ਉਨ੍ਹਾਂ ਨੂੰ ਸਿਖਾਇਆ ਹੀ ਗਿਆ ਨਹੀਂ ਸੀ। ਸਭ ਤੋਂ ਵੱਡੀ ਗੱਲ ਇਹ ਸੀ ਕਿ ਇਨ੍ਹਾਂ ਦੇ ਆਲੇ ਦੁਆਲੇ ਸਿਰਫ ਉਨ੍ਹਾਂ ਵਰਗੇ ਹੀ ਸਨ। ਕਹਿਣ ਦਾ ਭਾਵ ਉਹ ਮਰਦ ਸਮਾਜ ਵਿੱਚ ਪਲੇ ਤੇ ਵੱਡੇ ਹੋਏ ਸਨ। ਜਿੱਥੇ ਉਨ੍ਹਾਂ ਜ਼ਿੰਦਗੀ ਦਾ ਹੁਣ ਤੱਕ ਦਾ ਸਾਰਾ ਸਮਾਂ ਬਿਤਾਇਆ ਸੀ ਉੱਥੇ ਔਰਤ ਦਾ ਕਿਧਰੇ ਨਾਮੋ ਨਿਸ਼ਾਨ ਵੀ ਨਹੀਂ ਸੀ। ਇਨ੍ਹਾਂ ਨੂੰ ਕੋਈ ਪਤਾ ਨਹੀਂ ਸੀ ਕਿ ਮਾਂ ਦਾ ਪਿਆਰ ਕੀ ਹੁੰਦਾ ਹੈ, ਭੈਣ ਦਾ ਰਿਸ਼ਤਾ ਕੀ ਹੁੰਦਾ ਹੈ ਜਾਂ ਚਾਚੀ, ਤਾਈ, ਦਾਦੀ ਨਾਨੀ, ਭਰਜਾਈ ਦੀ ਕੀ ਮਹੱਤਤਾ ਹੁੰਦੀ ਹੈ। ਬੱਸ ਇਨ੍ਹਾਂ ਨੂੰ ਜੇਕਰ ਔਰਤ ਬਾਰੇ ਸਿਖਾਇਆ ਗਿਆ ਸੀ ਤਾਂ ਉਹ ਇਹ ਸੀ ਕਿ ਔਰਤ ਇਨਸਾਨ ਦੀ ਜ਼ਿੰਦਗੀ ਵਿੱਚ ਵਾਧਾ ਬਣਦੀ ਹੈ। ਖੁਦਾ ਦੀ ਇਬਾਦਤ ਦੇ ਰਾਹ ਵਿੱਚ ਰੋੜਾ ਬਣਦੀ ਹੈ। ਇਨਸਾਨ ਦਾ ਮਨ ਡੋਲਾਉਂਦੀ ਹੈ। ਕਹਿਣ ਦਾ ਭਾਵ ਇਨ੍ਹਾਂ ਦੇ ਮਨ ਵਿੱਚ ਔਰਤ ਪ੍ਰਤੀ ਵੀ ਨਫਰਤ ਕੁੱਟ ਕੁੱਟ ਕੇ ਭਰੀ ਗਈ ਸੀ। ਇਸੇ ਕਰਕੇ ਜਦੋਂ ਪਿੱਛੋਂ ਜਾ ਕੇ ਇਹ ਔਰਤਾਂ 'ਤੇ ਅੱਤਿਆਚਾਰ ਕਰਦੇ ਰਹੇ ਤਾਂ ਇਨ੍ਹਾਂ ਦੇ ਮਨ ਵਿੱਚ ਕੋਈ ਤਰਸ ਭਾਵਨਾ ਪੈਦਾ ਨਹੀਂ ਹੁੰਦੀ ਸੀ। ਕਿਉਂਕਿ ਇਨ੍ਹਾਂ ਨੂੰ ਦਿੱਤੀ ਸਿੱਖਿਆ ਮੁਤਾਬਕ ਔਰਤ ਇੱਕ ਵਸਤੂ ਸੀ ਜਿਸ ਨੂੰ ਕਿਸੇ ਤਰ੍ਹਾਂ ਵੀ ਵਰਤਿਆ ਜਾ ਸਕਦਾ ਸੀ। ਇਸ ਤੋਂ ਇਲਾਵਾ ਜੋ ਉਨ੍ਹਾਂ ਨੂੰ ਸਿਖਾਇਆ ਗਿਆ ਸੀ ਉਹ ਸੀ ਕਿ ਉਹ ਸਾਰੇ ਅੱਲਾ ਦੀ ਪਾਰਟੀ ਹਨ ਅਤੇ ਜੇਹਾਦ ਲੜਦੇ ਅੱਲਾ ਦੀ ਖਿਦਮਤ ਕਰ ਰਹੇ ਹਨ। ਇਸੇ ਲਈ ਵਿਰੋਧੀਆਂ ਪ੍ਰਤੀ ਉਨ੍ਹਾਂ ਦੇ ਮਨਾਂ ਵਿੱਚ ਕਦੇ ਹਮਦਰਦੀ ਨਹੀਂ ਉਪਜਦੀ ਸੀ। ਉਹ ਫੜੇ ਗਏ ਵਿਰੋਧੀ ਜਾਂ ਆਮ ਲੋਕਾਂ ਨੂੰ, ਪਸ਼ੂਬਿਰਤੀ ਦੀ ਤਰ੍ਹਾਂ ਬਿਨਾਂ ਕਿਸੇ ਮਨੋਭਾਵ ਦੇ ਮਾਰ ਮੁਕਾਉਂਦੇ ਸਨ। ਉਦੋਂ ਵੀ ਉਨ੍ਹਾਂ ਦੇ ਮਨਾਂ ਵਿੱਚ ਇਹੀ ਹੁੰਦਾ ਸੀ ਕਿ ਉਹ ਦੀਨ ਦਾ ਕੰਮ ਕਰ ਰਹੇ ਹਨ।

ਸ਼ੁਰੂਆਤੀ ਦਿਨ੍ਹਾਂ ਵਿੱਚ ਤਾਲੀਬਾਨਾਂ ਦੀ ਚੜ੍ਹਤ ਅਤੇ ਜਿੱਤਾਂ ਨੇ ਉਨ੍ਹਾਂ ਦੀ ਇਹ ਸੋਚ ਹੋਰ ਵੀ ਪੱਕੀ ਕਰ ਦਿੱਤੀ ਕਿ ਸੰਸਾਰ ਅੰਦਰ ਜੇਕਰ ਕਿਸੇ ਦੀ ਜਿੱਤ ਹੋਣੀ ਹੈ ਤਾਂ ਉਹ ਸਿਰਫ ਉਨ੍ਹਾਂ ਦੀ ਹੋਣੀ ਹੈ ਕਿਉਂਕਿ ਉਹ ਹੀ ਅੱਲਾ ਦੀ ਅਸਲੀ ਪਾਰਟੀ ਹਨ। ਇਸੇ ਸੋਚ ਅਤੇ ਜੋਸ਼ ਦੀ ਵਜ੍ਹਾ ਕਰਕੇ ਉਹ ਬਹੁਤ ਹੀ ਮਜ਼ਬੂਤ ਇਰਾਦੇ ਵਾਲੇ ਤੇ ਤਕੜੇ ਲੜਾਕੇ ਸਨ।

ਖ਼ੈਰ ਕਾਬਲ 'ਤੇ ਮੁਕੰਮਲ ਕਬਜ਼ਾ ਕਰਨ ਪਿੱਛੋਂ ਤਾਲੀਬਾਨਾਂ ਨੇ ਪਿਛਾਂਹ ਹਟ ਰਹੇ ਅਹਿਮਦ ਸ਼ਾਹ ਮਾਸੂਦ ਦੀਆਂ ਫੌਜਾਂ ਦਾ ਪਿੱਛਾ ਕਰਨਾ ਜਾਰੀ ਰੱਖਿਆ। ਸਲੰਗ ਹਾਈਵੇ 'ਤੇ ਜਾਂਦੀ ਮਾਸੂਦ ਦੀ ਫੌਜ, ਤਾਲੀਬਾਨਾਂ ਦਾ ਮੁਕਬਲਾ ਕਰਦੀ ਪਿੱਛੇ ਹਟਦੀ ਰਹੀ ਪਰ ਉਹ ਧੁੱਸ ਦੇਈ ਤੁਰੇ ਗਏ ਤੇ ਰਸਤੇ 'ਚ ਪੈਂਦੇ ਸ਼ਹਿਰਾਂ ਕਸਬਿਆਂ ਨੂੰ ਆਪਣੇ ਕਬਜ਼ੇ 'ਚ ਕਰਦੇ ਗਏ। ਆਖਰ ਤਾਲੀਬਾਨ, ਪੰਜਸ਼ੀਰ ਵਾਦੀ ਨੂੰ ਮਿਲਾਉਂਦੀ, ਸਲੰਗ ਹਾਈਵੇ 'ਤੇ ਪੈਂਦੀ ਵੱਡੀ ਸੁਰੰਗ 'ਤੇ ਜਾ ਪਹੁੰਚੇ। ਪਰ ਇੱਥੇ ਉਨ੍ਹਾਂ ਦਾ ਰਾਹ, ਜਨਰਲ ਰਸ਼ੀਦ ਦੋਸਤਮ ਦੀ ਫੌਜ ਨੇ ਰੋਕ ਲਿਆ। ਤਾਲੀਬਾਨਾਂ ਨੂੰ ਰੁਕਣਾ ਪਿਆ ਕਿਉਂਕਿ ਉਨ੍ਹਾਂ ਨੂੰ ਦੋਸਤਮ ਨਾਲ ਲੜਨ ਦਾ ਹੁਕਮ ਨਹੀਂ ਸੀ। ਇੰਨੇ 'ਚ ਅਹਿਮਦ ਸ਼ਾਹ ਮਾਸੂਦ ਦੀਆਂ ਫੌਜਾਂ ਨੂੰ ਸੰਭਲਣ ਦਾ ਮੌਕਾ ਮਿਲ ਗਿਆ। ਉਂਞ ਭਾਵੇਂ ਜਨਰਲ ਰਸ਼ੀਦ ਦੋਸਤਮ ਦੇ ਮਾਸੂਦ ਨਾਲ ਕਾਫੀ ਵਖਰੇਵੇਂ ਸਨ ਪਰ ਇੰਨੀ ਗੱਲ ਉਹ ਵੀ ਸਮਝਦਾ ਸੀ ਕਿ ਤਾਲੀਬਾਨਾਂ ਦਾ ਉੱਤਰ ਵੱਲ ਆਉਣਾ ਠੀਕ ਨਹੀਂ ਹੈ। ਜੇਕਰ ਅੱਜ ਉਹ ਮਾਸੂਦ ਨੂੰ ਖਤਮ ਕਰਨਗੇ ਤਾਂ ਕੱਲ੍ਹ ਨੂੰ ਉਸ ਨਾਲ ਵੀ ਮੱਥਾ ਲਾਉਣਗੇ। ਇਸੇ ਕਰਕੇ ਉਸਨੇ ਉਨ੍ਹਾਂ ਨੂੰ ਅੱਗੇ ਵਧਣੋ ਰੋਕ ਦਿੱਤਾ। ਇਹ ਵੇਖ ਕੇ ਕਾਬਲ ਵੱਲੋਂ ਤਾਲੀਬਾਨ ਲੀਡਰ ਆ ਗਏ। ਉਨ੍ਹਾਂ ਨੇ ਜਨਰਲ ਰਸ਼ੀਦ ਦੋਸਤਮ ਨਾਲ ਸਮਝੌਤੇ ਦੀ ਗੱਲਬਾਤ ਚਲਾ ਲਈ। ਪਰ ਇਹ ਗੱਲਬਾਤ ਸਿਰੇ ਨਾ ਚੜ੍ਹ ਸਕੀ ਕਿਉਂਕਿ ਦੋਸਤਮ ਨੇ ਆਪਣੇ ਇਲਾਕੇ ਲਈ ਅਟਾਨਮੀ ਦੀ ਮੰਗ ਰੱਖ ਦਿੱਤੀ। ਇਸ ਗੱਲਬਾਤ ਵਿੱਚ ਕਈ ਦਿਨ ਲੰਘ ਗਏ। ਇਸ ਨਾਲ ਅਹਿਮਦ ਸ਼ਾਹ ਮਾਸੂਦ ਦੀ ਫੌਜ ਪੂਰੀ ਤਰ੍ਹਾਂ ਸੰਭਲ ਗਈ। ਇੰਨਾ ਹੀ ਨਹੀਂ ਸਗੋਂ ਉਹ ਹਮਲਾਵਰ ਰੁਖ ਅਖਤਿਆਰ ਕਰਨ ਲੱਗੀ। ਕੁਝ ਹੀ ਦਿਨਾਂ 'ਚ ਮਾਸੂਦ ਨੇ ਤਾਲੀਬਾਨਾਂ 'ਤੇ ਮੁੜਵਾਂ ਹਮਲਾ ਕਰ ਦਿੱਤਾ ਤੇ ਉਨ੍ਹਾਂ ਨੂੰ ਕਾਬਲ ਤੱਕ ਧੱਕ ਕੇ ਪਿੱਛੇ ਲੈ ਗਿਆ। ਇਸ ਹਮਲੇ ਵਿੱਚ ਮਾਸੂਦ ਨੇ ਉਹ ਸਾਰੇ ਪਿੰਡ ਅਤੇ ਕਸਬੇ ਵਾਪਸ ਲੈ ਲਏ ਜਿਹੜੇ ਤਾਲੀਬਾਨਾਂ ਨੇ ਇੱਧਰ ਨੂੰ ਆਉਂਦਿਆਂ ਆਪਣੇ ਅਧਿਕਾਰ ਵਿੱਚ ਕਰ ਲਏ ਸਨ। ਇਸ ਤੋਂ ਇਲਾਵਾ ਉਸ ਦਾ ਫਿਰ ਤੋਂ ਬੈਗਰਾਮ ਏਅਰਪੋਰਟ 'ਤੇ ਕਬਜ਼ਾ ਹੋ ਗਿਆ ਤੇ ਉਹ ਕਾਬਲ ਸ਼ਹਿਰ ਦੇ ਬਾਹਰ ਡੇਰੇ ਲਾ ਕੇ ਬੈਠ ਗਿਆ।

ਇਸ ਪਿੱਛੋਂ ਅਹਿਮਦ ਸ਼ਾਹ ਮਾਸੂਦ, ਜਨਰਲ ਰਸ਼ੀਦ ਦੋਸਤਮ, ਕਰੀਮ ਖਲੀਲੀ, ਇਸਮਾਇਲ ਖਾਂ (ਤਾਲੀਬਾਨਾਂ ਨਾਲ ਪਿਛਲੀ ਲੜਾਈ ਹਾਰ ਕੇ ਇਸਮਾਇਲ ਖਾਂ ਇਰਾਨ ਚਲਾ ਗਿਆ ਸੀ। ਪਰ ਹੁਣ ਮਜ਼ਬੂਤ ਹੋ ਕੇ ਉਹ ਫਿਰ ਵਾਪਸ ਮੁੜ ਆਇਆ ਸੀ) ਅਤੇ ਇੱਧਰ ਦੇ ਹੋਰਨਾਂ ਲੀਡਰਾਂ ਨੇ ਆਪਣੇ ਇਲਾਕੇ ਨੂੰ ਤਾਲੀਬਾਨਾ ਤੋਂ ਮੁਕਤ ਰੱਖਣ ਲਈ ਇੱਕ ਸਾਂਝੀ ਕੌਂਸਲ ਬਣਾ ਲਈ। ਇਸਦਾ ਨਾਂ ਉਨ੍ਹਾਂ ਨਾਰਦਰਨ ਅਲਾਇੰਸ ਰੱਖਿਆ। ਨਾਰਦਰਨ ਅਲਾਇੰਸ ਬਣਨ ਕਰਕੇ, ਵਕਤੀ ਤੌਰ 'ਤੇ ਤਾਲੀਬਾਨਾ ਦਾ ਇੱਧਰ ਦਾ ਰਾਹ ਬੰਦ ਹੋ ਗਿਆ। ਉਪਰੋਕਤ ਲੜਾਈ ਵਿੱਚ ਤਾਲੀਬਾਨਾ ਦਾ ਬਹੁਤ ਨੁਕਸਾਨ ਹੋ ਗਿਆ ਸੀ। ਇਸ ਲੜਾਈ ਦੀ ਵਜ੍ਹਾ ਕਰਕੇ ਲੱਖਾਂ ਲੋਕ ਘਰ ਛੱਡ ਕੇ ਗੁਆਂਢੀ ਮੁਲਕਾਂ ਵਿੱਚ ਚਲੇ ਗਏ। ਪਰ ਤਾਲੀਬਾਨਾਂ ਨੇ ਹਿੰਮਤ ਨਹੀਂ ਹਾਰੀ ਤੇ ਉਹ ਫਿਰ ਤੋਂ ਤਿਆਰੀ ਕਰਨ ਲੱਗੇ। ਉਨ੍ਹਾਂ ਨੇ ਕਾਬਲ ਸ਼ਹਿਰ ਅਤੇ ਇਲਾਕੇ ਦੇ ਨੌਜਵਾਨਾਂ ਨੂੰ ਧੱਕੇ ਨਾਲ ਘਰਾਂ 'ਚੋਂ ਕੱਢ ਲਿਆਂਦਾ ਅਤੇ ਉੱਧਰ ਪਾਕਿਸਤਾਨ ਵੱਲੋਂ ਹੋਰ ਨਵੇਂ ਰੰਗਰੂਟ ਪਹੁੰਚਣ ਲੱਗੇ। ਛੇਤੀ ਹੀ ਨਵੰਬਰ ਮਹੀਨੇ ਵਿੱਚ ਤਾਲੀਬਾਨਾਂ ਨੇ ਹੈਰਾਤ ਵੱਲੋਂ ਬਾਘਦੀਸ ਸੂਬੇ 'ਤੇ ਹਮਲਾ ਕਰ ਦਿੱਤਾ। ਇੱਥੇ ਉਨ੍ਹਾਂ ਦੇ ਮੁਕਾਬਲੇ 'ਤੇ ਪਿਛਲੇ ਮਹੀਨੇ ਬਣੀ ਨਾਰਦਰਨ ਅਲਾਇੰਸ ਪਹੁੰਚ ਗਈ। ਦੋਨਾਂ ਧਿਰਾਂ ਵਿਚਕਾਰ ਘਮਸਾਣ ਦਾ ਜੰਗ ਹੋਣ ਲੱਗਿਆ। ਹੁਣ ਤੱਕ ਤਕਰੀਬਨ ਸ਼ਾਂਤ ਰਿਹਾ ਇਹ ਇਲਾਕਾ ਯੁੱਧ ਦਾ ਮੈਦਾਨ ਬਣ ਗਿਆ। ਸਥਾਨਕ ਲੋਕ ਘਰ ਛੱਡ ਕੇ ਭੱਜਣ ਲੱਗੇ। ਲੜਾਈ ਫਸ ਗਈ ਤਾਂ ਇਰਾਨ, ਰਸ਼ੀਆ ਅਤੇ ਦੂਸਰੇ ਮੱਧ ਏਸ਼ੀਅਨ ਮੁਲਕ ਫਿਕਰਮੰਦ ਹੋ



ਗਏ। ਉਨ੍ਹਾਂ ਮੁਤਾਬਕ, ਜੇਕਰ ਤਾਲੀਬਾਨਾਂ ਨੂੰ ਅੱਗੇ ਵਧਣੋ ਨਾ ਰੋਕਿਆ ਗਿਆ ਤਾਂ ਉਹ, ਉਨ੍ਹਾਂ ਦੇ ਬਰੂਹਾਂ ਤੱਕ ਆ ਪਹੁੰਚਣਗੇ। ਉਨ੍ਹਾਂ ਨੇ ਤਾਲੀਬਾਨਾਂ ਨੂੰ ਸਿੱਧੀ ਧਮਕੀ ਦੇ ਦਿੱਤੀ ਕਿ ਜੇਕਰ ਉਹ ਨਾ ਰੁਕੇ ਤਾਂ ਉਹ ਖੁੱਲਮ ਖੁੱਲ੍ਹਾ ਨਾਰਦਰਨ ਅਲਾਇੰਸ ਦੀ ਮੱਦਦ ਕਰਨਗੇ। ਦੂਸਰੇ ਪਾਸੇ ਪਹਿਲਾਂ ਤੋਂ ਹੀ ਤਾਲੀਬਾਨਾਂ ਦਾ ਪੱਖ ਪੂਰ ਰਹੇ ਪਾਕਿਸਤਾਨ ਅਤੇ ਸਾਊਦੀ ਅਰਬ ਨੇ ਹੋਰ ਵੀ ਜ਼ੋਰ-ਸ਼ੋਰ ਨਾਲ ਮੱਦਦ ਵਧਾ ਦਿੱਤੀ। ਇਸ ਤਰ੍ਹਾਂ ਇਹ ਲੜਾਈ ਬਹੁਤ ਹੀ ਭਿਆਨਕ ਬਣ ਗਈ ਅਤੇ ਅਫਗਾਨਿਸਤਾਨ ਦੀ ਖਾਨਾਜੰਗੀ ਹੋਰ ਵੀ ਖਤਰਨਾਕ ਰੂਪ ਅਖਤਿਆਰ ਕਰ ਗਈ। ਯੂ. ਐਨ. ਓ. ਵਰਗੀਆਂ ਸੰਸਥਾਵਾਂ ਨੇ ਕੋਈ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਕੋਈ ਸਫਲਤਾ ਨਾ ਮਿਲੀ। ਵੱਡੀ ਗੱਲ ਇਹ ਸੀ ਕਿ ਤਾਲੀਬਾਨ ਕਿਸੇ ਦੀ ਸੁਣਦੇ ਹੀ ਨ੍ਹੀਂ ਸਨ। ਦੁਨੀਆਂ ਨੂੰ ਸਮਝ ਨ੍ਹੀਂ ਲੱਗ ਰਹੀ ਸੀ ਕਿ ਇਨ੍ਹਾਂ ਨਾਲ ਕਿਵੇਂ ਨਜਿੱਠਿਆ ਜਾਵੇ।

ਜਨਵਰੀ ਮਹੀਨੇ, ਤਾਲੀਬਾਨਾਂ ਨੇ ਫਿਰ ਤੋਂ ਅਹਿਮਦ ਸ਼ਾਹ ਮਾਸੂਦ ਦੀਆਂ ਫੌਜਾਂ ਨਾਲ ਦੋ ਦੋ ਹੱਥ ਕਰਨ ਦੀ ਸੋਚਦਿਆਂ ਉਨ੍ਹਾਂ ਨੇ ਜ਼ਬਰਦਸਤ ਹਮਲਾ ਕਰ ਦਿੱਤਾ। ਮਾਸੂਦ ਨੂੰ ਫਿਰ ਪਿੱਛੇ ਹਟਣਾ ਪਿਆ ਤੇ ਤਾਲੀਬਾਨਾਂ ਨੇ ਦੂਸਰੀ ਵਾਰ ਉਸ ਨੂੰ ਪੰਜਸ਼ੀਰ ਵਾਦੀ ਤੱਕ ਪਿੱਛੇ ਹਟਾ ਦਿੱਤਾ। ਤਾਲੀਬਾਨਾਂ ਦੇ ਸੱਜੇ ਹੱਥ ਦੇ ਪੰਜ ਸੂਬਿਆਂ 'ਤੇ ਜਨਰਲ ਰਸ਼ੀਦ ਦੋਸਤਮ ਦਾ ਕਬਜ਼ਾ ਸੀ। ਦੋਨਾਂ ਧਿਰਾਂ ਵਿਚਕਾਰ ਚੱਲ ਰਹੀ ਸਮਝੌਤਾ ਗੱਲਬਾਤ ਖਤਮ ਹੋ ਚੁੱਕੀ ਸੀ। ਅਗਲੀ ਲੜਾਈ ਦੋਸਤਮ ਨਾਲ ਲੜਨ ਦੀ ਸੋਚ ਕੇ ਤਾਲੀਬਾਨ ਫੌਜ, ਉਸਦੇ ਇਲਾਕੇ ਦੀ ਘੇਰਾਬੰਦੀ ਕਰ ਕੇ ਬੈਠ ਗਈ। ਜਨਰਲ ਰਸ਼ੀਦ ਦੋਸਤਮ, ਆਪਣੇ ਲੋਕਾਂ ਦਾ ਮਹਿਬੂਬ ਲੀਡਰ ਸੀ। ਇਸ ਤੋਂ ਬਿਨਾਂ ਉਹ ਬਹੁਤ ਹੀ ਕਾਬਲ ਫੌਜੀ ਕਮਾਂਡਰ ਸੀ। ਉਹ ਗਰੀਬ ਪਰਿਵਾਰ ਵਿੱਚ ਜਨਮਿਆਂ ਤੇ ਆਪਣੇ ਬਲਬੂਤੇ ਇਸ ਅਹੁਦੇ ਤੱਕ ਪਹੁੰਚਿਆ ਸੀ। ਇੱਕ ਆਮ ਸਿਪਾਹੀ ਭਰਤੀ ਹੋ ਕੇ ਉਸਨੇ ਇੱਥੋਂ ਤੱਕ ਦੀ ਤਰੱਕੀ ਕੀਤੀ ਸੀ। ਹੁਣ ਤੱਕ ਉਸਦਾ ਇਲਾਕਾ ਨਾਂ ਸਿਰਫ ਸ਼ਾਂਤ ਹੀ ਰਿਹਾ ਸੀ ਸਗੋਂ ਅਫਗਾਨਿਸਾਤਨ ਦਾ ਇੱਕੋ ਇੱਕ ਇਲਾਕਾ ਸੀ ਜਿੱਥੇ ਕੱਟੜਵਾਦ ਨਹੀਂ ਸੀ। ਇਹ ਇਲਾਕਾ ਤੁਰਕਮਿਨਸਤਾਨ ਅਤੇ ਉਜ਼ਬਿਕਸਤਾਨ ਨਾਲ ਲੱਗਦਾ ਹੋਣ ਕਰਕੇ ਇੱਥੇ ਖੁਸ਼ਹਾਲੀ ਸੀ। ਕਿਉਂਕਿ ਬਹੁਤ ਸਾਰਾ ਘਰੇਲੂ ਸਾਮਾਨ ਟਰਾਂਸਪੋਰਟ ਹੋ ਕੇ ਦੋਨਾਂ ਮੁਲਕਾਂ ਵਿੱਚ ਆਉਂਦਾ ਜਾਂਦਾ ਸੀ ਅਤੇ ਕਸਟਮ ਦੀ ਆਮਦਨ ਦਾ ਵੱਡਾ ਜ਼ਰੀਆ ਸੀ।

ਰਸ਼ੀਦ ਦੋਸਤਮ ਜਿੱਥੇ ਇੱਕ ਕਾਬਲ ਜਨਰਲ ਸੀ ਉੱਥੇ ਹੀ ਉਸਦੇ ਕਈ ਔਗਣ ਵੀ ਸਨ। ਉਹ ਇਸ ਗੱਲੋਂ ਬਦਨਾਮ ਸੀ ਕਿ ਉਹ ਆਪਣੇ ਫਾਇਦੇ ਲਈ ਕਿਸੇ ਵੀ ਵਿਰੋਧੀ ਨਾਲ ਹੱਥ ਮਿਲਾ ਲੈਂਦਾ ਸੀ। ਅਫਗਾਨਿਸਤਾਨ ਵਿੱਚ ਜਿੰਨੇ ਵੀ ਲੜਾਕੇ ਜਨਰਲ ਸਨ, ਦੋਸਤਮ ਕਿਸੇ ਨਾ ਕਿਸੇ ਮੌਕੇ ਹਰ ਇੱਕ ਦਾ ਸਾਥੀ ਰਿਹਾ ਸੀ। ਇੰਨਾ ਹੀ ਨਹੀਂ, ਇਵੇਂ ਹੀ ਹਰ ਇਕ ਦੇ ਖਿਲਾਫ ਵੀ ਲੜਿਆ ਸੀ। ਕਈ ਵਾਰੀ ਤਾਂ ਉਹ, ਕਿਸੇ ਇੱਕ ਦੇ ਹੱਕ ਵਿੱਚ ਲੜ ਰਿਹਾ ਹੁੰਦਾ ਤੇ ਚਲਦੀ ਲੜਾਈ ਦੌਰਾਨ ਹੀ ਦੂਸਰੇ ਪਾਸੇ ਹੱਥ ਮਿਲਾ ਲੈਂਦਾ। ਪਰ ਉਸਨੇ ਆਪਣੇ ਇਲਾਕੇ ਨੂੰ ਅੱਜ ਤੱਕ ਮਹਿਫੂਜ਼ ਰੱਖਿਆ ਸੀ। ਹੁਣ ਤਾਲੀਬਾਨ ਇੱਧਰ ਆਏ ਤਾਂ ਉਸਦੀ ਫੌਜ ਵਿੱਚ ਪਾਟ ਪੈ ਗਿਆ। ਉਸਦਾ ਦੋ ਨੰਬਰ ਦਾ ਕਮਾਂਡਰ, ਮਲਕ ਪਹਿਲਵਾਨ ਅੰਦਰਖਾਤੇ ਤਾਲੀਬਾਨਾਂ ਨਾਲ ਰਲ ਗਿਆ। ਇਹ ਗੰਢ ਤਰੁੱਪ ਹੋਣ ਦੀ ਦੇਰ ਸੀ ਕਿ ਤਾਲੀਬਾਨਾਂ ਨੇ ਮਜ਼ਾਰੇ ਸ਼ਰੀਫ 'ਤੇ ਹਮਲਾ ਕਰ ਦਿੱਤਾ। ਦੋਸਤਮ ਮੌਕੇ ਦੀ ਨਜ਼ਾਕਤ ਵੇਖਦਿਆਂ ਸਾਰਾ ਕੁਝ ਛੱਡ ਛਡਾ ਕੇ ਭੱਜ ਨਿਕਲਿਆ। ਉਹ ਪਹਿਲਾਂ ਉਜ਼ਬਿਕਸਤਾਨ ਗਿਆ ਤੇ ਪਿੱਛੋਂ ਤੁਰਕੀ ਪਹੁੰਚ ਗਿਆ। ਉਸਦੇ ਸ਼ਹਿਰ ਛੱਡਦਿਆਂ ਹੀ ਤਾਲੀਬਾਨਾਂ ਨੇ ਮਜ਼ਾਰ 'ਤੇ ਕਬਜ਼ਾ ਕਰ ਲਿਆ। ਪਰ ਮਲਕ ਨੂੰ ਮੂੰਹ ਦੀ ਖਾਣੀ ਪਈ ਜਦੋਂ ਤਾਲੀਬਾਨਾਂ ਨੇ ਉਸ ਨਾਲ ਕੀਤੇ ਵਾਅਦੇ ਪੂਰੇ ਨਾ ਕੀਤੇ। ਉਹ ਆਪਣਾ ਬਚਾਅ ਕਰਦਾ ਤੇ

ਫੌਜਾਂ ਪਿੱਛੇ ਹਟਾਉਂਦਾ, ਆਪਣੇ ਜੱਦੀ ਸੂਬੇ ਫਰਿਆਬ ਚਲਾ ਗਿਆ। ਤਾਲੀਬਾਨਾਂ ਨੇ ਮਜ਼ਾਰ ’ਤੇ ਕਬਜ਼ਾ ਕਰਦਿਆਂ ਹੀ ਸ਼ਰੀਅਤ ਕਨੂੰਨ ਲਾਗੂ ਕਰ ਦਿੱਤਾ। ਸ਼ਾਂਤ ਰਹਿ ਰਹੇ ਲੋਕ ਪਰੇਸ਼ਾਨ ਹੋ ਉੱਠੇ। ਦੂਜਾ ਕਦਮ ਚੁੱਕਦਿਆਂ ਤਾਲੀਬਾਨਾਂ ਨੇ, ਉਜ਼ਬਿਕ ਅਤੇ ਹਜ਼ਾਰਾ ਮੂਲ ਦੇ ਫੌਜੀਆਂ ਨੂੰ ਨਿਹੱਥੇ ਕਰਨ ਦੇ ਮੰਤਵ ਨਾਲ ਉਨ੍ਹਾਂ ਨੂੰ ਹਥਿਆਰ ਜਮਾ ਕਰਵਾਉਣ ਦੇ ਹੁਕਮ ਦੇ ਦਿੱਤੇ। ਇਸ ਨਾਲ ਇਨ੍ਹਾਂ ਫੌਜੀਆਂ ਵਿੱਚ ਗੁੱਸਾ ਭੜਕ ਉੱਠਿਆ ਤੇ ਬਗਾਵਤ ਫੈਲ ਗਈ। ਉਨ੍ਹਾਂ ਨੇ ਤਾਲੀਬਾਨਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਤਾਲੀਬਾਨ ਇਸ ਇਲਾਕੇ ’ਚ ਨਵੇਂ ਸਨ। ਉਹ ਲੋਕਾਂ ਦੇ ਸੁਭਾਅ ਬਗੈਰਾ ਤੋਂ ਅਣਜਾਣ ਸਨ। ਇਸ ਕਰਕੇ ਉਹ ਇਸ ਸਥਿਤੀ ਨੂੰ ਸੰਭਾਲਣ ਵਿੱਚ ਅਸਫਲ ਰਹੇ। ਇਸ ਲਈ ਅਚਾਨਕ ਉੱਠਿਆ ਵਿਦਰੋਹ ਸਿਖਰਾਂ ’ਤੇ ਪਹੁੰਚ ਗਿਆ ਤੇ ਸਥਾਨਕ ਲੋਕ ਵੀ ਇਸ ਵਿੱਚ ਸ਼ਾਮਲ ਹੋ ਗਏ। ਇਲਾਕੇ ਤੋਂ ਅਣਜਾਣ ਤਾਲੀਬਾਨਾਂ ਦੀਆਂ ਲਾਸ਼ਾਂ ਦੇ ਢੇਰ ਲੱਗ ਗਏ। ਸਥਾਨਕ ਫੌਜ ਅਤੇ ਲੋਕਾਂ ਨੇ ਰੱਜ ਕੇ ਗੁੱਸਾ ਕੱਢਿਆ। ਹਜ਼ਾਰਾਂ ਤਾਲੀਬਾਨ ਫੌਜੀ ਮਾਰੇ ਗਏ ਅਤੇ ਬਹੁਤ ਜ਼ਿਆਦਾ ਜ਼ਖ਼ਮੀ ਹੋਏ। ਬਚੇ ਹੋਏ ਪਿੱਛੇ ਭੱਜਣ ਲੱਗੇ ਤਾਂ ਅਹਿਮਦ ਸ਼ਾਹ ਮਸੂਦ ਨੇ ਪਹਾੜਾਂ ਵਿੱਚੋਂ ਲੰਘਦੀ ਸੜਕ ’ਤੇ ਪੈਂਦੀ ਸੁਰੰਗ ਉਡਾ ਕੇ ਉਨ੍ਹਾਂ ਦਾ ਰਾਹ ਬੰਦ ਕਰ ਦਿੱਤਾ। ਇਸ ਨਾਲ ਉਹ ਚਾਰਾਂ ਪਾਸਿਆਂ ਤੋਂ ਘਿਰ ਗਏ ਅਤੇ ਵਿਰੋਧੀਆਂ ਹੱਥੋਂ ਬੁਰੀ ਤਰ੍ਹਾਂ ਹਾਰੇ। ਕੁੱਲ ਮਿਲਾ ਕੇ ਇਸ ਵਿਦਰੋਹ ਵਿੱਚ ਤਾਲੀਬਾਨਾਂ ਦਾ ਭਿਅੰਕਰ ਨੁਕਸਾਨ ਹੋਇਆ।

ਮਲਕ ਪਹਿਲਵਾਨ ਨੇ ਤਾਲੀਬਾਨਾਂ ਦੁਆਰਾ ਜਿੱਤੇ ਇਲਾਕਿਆਂ ’ਤੇ ਫਿਰ ਤੋਂ ਆਪਣਾ ਕਬਜ਼ਾ ਜਮਾ ਲਿਆ। ਪਰ ਉਹ ਕੋਈ ਬਹੁਤਾ ਯੋਗ ਕਮਾਂਡਰ ਜਾਂ ਚੰਗਾ ਲੀਡਰ ਨਹੀਂ ਸੀ। ਫਿਰ ਵੀ ਉਸਨੇ ਤਾਲੀਬਾਨਾਂ ਦੀ ਇਸ ਹਾਲਤ ਦਾ ਫਾਇਦਾ ਉਠਾਉਂਦਿਆਂ ਨੇੜਲੇ ਸੂਬਿਆਂ ਵੱਲ ਧਾਵਾ ਬੋਲ ਕੇ ਉਨ੍ਹਾਂ ਨੂੰ ਉੱਥੋਂ ਖਦੇੜ ਦਿੱਤਾ। ਇਸ ਪ੍ਰਕਾਰ, ਕੁੰਦਜ ਸੂਬੇ ਨੂੰ ਛੱਡ ਕੇ, ਇੱਧਰ ਵੱਲ ਦੇ ਸਾਰੇ ਇਲਾਕੇ ਨਾਰਦਰਨ ਅਲਾਂਇੰਸ ਦੇ ਕਬਜ਼ੇ ਵਿੱਚ ਆ ਗਏ। ਇੱਥੇ ਮਲਕ ਦਾ ਕਬਜ਼ਾ ਹੋ ਗਿਆ ਤੇ ਦੱਖਣ ਵੱਲ ਅਹਿਮਦ ਸ਼ਾਹ ਮਸੂਦ ਨੇ ਅੱਡਾ ਪੱਕਾ ਕਰ ਲਿਆ। ਦੂਸਰੇ ਪਾਸੇ ਬਾਮੀਆਨ ਸੂਬੇ ਵੱਲ ਵਧ ਆਈ ਤਾਲੀਬਾਨ ਫੌਜ ਨੂੰ ਇੱਧਰ ਦੇ ਮਜ਼ਬੂਤ ਕਮਾਂਡਰ ਕਰੀਮ ਖਲੀਲੀ ਨੇ ਪਿੱਛੇ ਧੱਕ ਦਿੱਤਾ। ਤਾਲੀਬਾਨ ਫੌਜ ਪਿਛਾਂਹ ਤਾਂ ਹਟ ਗਈ ਪਰ ਉਹ ਬਾਮੀਆਨ ਦੁਆਲੇ ਘੇਰਾ ਪਾ ਕੇ ਬੈਠ ਗਈ । ਉੱਧਰ ਕੁੰਦਜ ਸੂਬੇ ਵਿੱਚ ਇੱਕ ਫੌਜੀ ਏਅਰਪੋਰਟ ਸੀ ਜਿਸਨੇ ਤਾਲੀਬਾਨਾਂ ਦੀ ਉੱਥੇ ਕਬਜ਼ਾ ਰੱਖਣ ਵਿੱਚ ਬਹੁਤ ਮੱਦਦ ਕੀਤੀ। ਆਲੇ ਦੁਆਲੇ ਦੇ ਰਸਤੇ ਬੰਦ ਹੋ ਜਾਣ ਪਿੱਛੋਂ ਉਨ੍ਹਾਂ ਹਵਾਈ ਰਸਤੇ ਢੋਆ ਢੁਆਈ ਜਾਰੀ ਰੱਖੀ। ਪਰ ਦੂਸਰੇ ਇਲਾਕਿਆਂ ਵਿੱਚ ਉਨ੍ਹਾਂ ਦੀ ਬੁਰੀ ਹਾਰ ਹੋਈ। ਤਕਰੀਬਨ ਢਾਈ ਸਾਲ ਪਹਿਲਾਂ ਉੱਠੇ ਤਾਲੀਬਾਨਾਂ ਲਈ ਇਹ ਪਹਿਲੀ ਵੱਡੀ ਹਾਰ ਸੀ। ਇਸ ਲੜਾਈ ਵਿੱਚ ਉਨ੍ਹਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਗਿਆ। ਜਨਤਾ ਦਾ ਵੀ ਹੱਦੋਂ ਵੱਧ ਨੁਕਸਾਨ ਹੋਇਆ ਸੀ। ਇਸ ਲੜਾਈ ਨੇ ਲੱਖਾਂ ਲੋਕ ਹੋਰ ਬੇਘਰ ਕਰ ਦਿੱਤੇ ਜਿਨ੍ਹਾਂ ਨੇ ਗੁਆਂਢੀ ਮੁਲਕਾਂ ਵਿਚ ਪਨਾਹ ਲਈ।

ਉਦੋਂ ਹੀ ਮੁੱਲਾ ਉਮਰ ਨੇ ਨੌਜਵਾਨਾਂ ਨੂੰ ਇਸ ਲੜਾਈ ਵਿੱਚ ਹਿੱਸਾ ਲੈਣ ਲਈ ਫਤਵਾ ਜਾਰੀ ਕਰ ਦਿੱਤਾ। ਪਾਕਿਸਤਾਨ ਨੇ ਵੀ ਪਿਸ਼ਾਵਰ ਵੱਲ ਚੱਲ ਰਹੇ ਸਾਰੇ ਮਦਰੱਸੇ ਬੰਦ ਕਰ ਦਿੱਤੇ ਅਤੇ ਨੌਜਵਾਨਾਂ ਨੂੰ ਤਾਲੀਬਾਨਾਂ ਨਾਲ ਰਲਣ ਲਈ ਪ੍ਰੇਰਿਆ। ਮਜ਼ੇ ਦੀ ਗੱਲ ਇਹ ਸੀ ਕਿ ਤਾਲੀਬਾਨ ਆਪਣੇ ਹੀ ਹਮਵਤਨ ਅਤੇ ਮੁਸਲਮ ਭਾਈਚਾਰੇ ਖਿਲਾਫ ਲੜ੍ਹ ਰਹੇ ਸਨ, ਪਰ ਪ੍ਰਚਾਰ ਇਹ ਕੀਤਾ ਜਾ ਰਿਹਾ ਸੀ ਕਿ ਇਹ ਜੇਹਾਦ ਹੈ। ਬਜ਼ੁਰਗ ਅਫਗਾਨੀ ਸੋਚਣ ਲਈ ਮਜਬੂਰ ਸਨ ਕਿ ਇਹ ਕਿਹੋ ਜਿਹਾ ਜੇਹਾਦ ਹੈ ਜਿਸ ਵਿੱਚ ਆਪਣੇ ਮੁਸਲਮ ਭਾਈਆਂ ਨੂੰ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਦੋਂ ਕਿ ਇਸਲਾਮ ਇਸਦੀ ਇਜਾਜ਼ਤ ਹੀ ਨਹੀਂ ਦਿੰਦਾ। ਤਾਲੀਬਾਨ ਆਪਣੀ ਫੌਜ



ਵਿੱਚ ਵਾਧਾ ਅਤੇ ਹੋਰ ਸਾਜ਼ੋ-ਸਮਾਨ ਤਿਆਰ ਕਰਨ ਵਿੱਚ ਲੱਗੇ ਹੋਏ ਸਨ ਤਾਂ ਨਾਰਦਰਨ ਅਲਾਂਇੰਸ ਦੇ ਸਾਰੇ ਕਮਾਂਡਰਾਂ ਨੇ ਇਕੱਠੇ ਹੋ ਕੇ ਕਾਬਲ ’ਤੇ ਹੱਲਾ ਬੋਲਣ ਦੀ ਤਿਆਰੀ ਸ਼ੁਰੂ ਕਰ ਦਿੱਤੀ। ਅਗਾਂਹ ਵਧਦੇ ਉਹ ਕਾਬਲ ਨੂੰ ਘੇਰਾ ਪਾ ਕੇ ਬੈਠ ਗਏ। ਪਰ ਤਾਲੀਬਾਨ ਸਮਝਦੇ ਸਨ ਕਿ ਵੱਖੋ ਵੱਖਰੇ ਕਮਾਂਡਰ ਆਪੋ ਆਪਣੇ ਹਿਤਾਂ ਲਈ ਲੜ੍ਹ ਰਹੇ ਹਨ ਇਸ ਕਰਕੇ ਉਹ ਜਿੱਤ ਪ੍ਰਾਪਤ ਨਹੀਂ ਕਰ ਸਕਦੇ। ਉਨ੍ਹਾਂ ਦੀ ਇਹ ਸੋਚਣੀ ਸਹੀ ਸਾਬਤ ਹੋਈ ਤੇ ਇਹ ਕਮਾਂਡਰ, ਕਾਬਲ ਜਿੱਤਣ ਪਿੱਛੋਂ ਹੋਣ ਵਾਲੇ ਕਬਜ਼ੇ ਲਈ ਕੋਈ ਸਹਿਮਤੀ ਨਾ ਬਣਾ ਸਕੇ। ਇੰਨੇ ਨੂੰ ਤਾਲੀਬਾਨ ਮਜ਼ਬੂਤ ਹੋ ਗਏ ਤੇ ਉਨ੍ਹਾਂ ਨੇ ਪਹਿਲ ਕਰਦਿਆਂ ਹਮਲਾ ਕਰ ਦਿੱਤਾ। ਉਨ੍ਹਾਂ ਨੂੰ ਜਿੱਤ ਪ੍ਰਾਪਤ ਹੋਈ ਤੇ ਨਾਰਦਰਨ ਅਲਾਂਇੰਸ ਦੀਆਂ ਫੌਜਾਂ ਨੂੰ ਪਿੱਛੇ ਹਟਣ ਲਈ ਮਜ਼ਬੂਰ ਹੋਣਾ ਪਿਆ। ਇੱਥੋਂ ਤਾਲੀਬਾਨਾਂ ਨੇ ਫਿਰ ਤੋਂ ਉੱਤਰ ਵੱਲ ਜਾਣ ਦੀ ਸੋਚ ਲਈ। ਉੱਧਰ ਵੱਲ ਦਾ ਕੁੰਦਜ ਸੂਬਾ ਪਹਿਲਾਂ ਹੀ ਉਨ੍ਹਾਂ ਦੇ ਕਬਜ਼ੇ ਹੇਠ ਸੀ। ਸਤੰਬਰ 1997 ਵਿੱਚ ਉਨ੍ਹਾਂ ਨੇ ਕਰੜਾ ਹਮਲਾਵਰ ਰੁਖ ਅਪਣਾਇਆ ਤਾਂ ਮਲਕ ਪਹਿਲਵਾਨ ਭੱਜ ਨਿਕਲਿਆ। ਉਹ ਮੁਲਕ ਛੱਡ ਕੇ ਭੱਜਦਾ ਤੁਰਕੀ ਚਲਾ ਗਿਆ। ਉਸਦੇ ਕੁਝ ਇਲਾਕੇ ’ਤੇ ਤਾਲੀਬਾਨਾਂ ਨੇ ਤੁਰੰਤ ਕਬਜ਼ਾ ਕਰ ਲਿਆ। ਇੱਥੋਂ ਅੱਗੇ ਉਨ੍ਹਾਂ ਨੇ ਮੁਜ਼ਾਰੇ ਸ਼ਰੀਫ ਵੱਲ ਕਦਮ ਪੁਟਣੇ ਸ਼ੁਰੂ ਕੀਤੇ ਤਾਂ ਉੱਥੇ ਦੀ ਜਨਤਾ ਵਿੱਚ ਭੈਅ ਫੈਲ ਗਿਆ। ਲੋਕ ਸਮਝਦੇ ਸਨ ਕਿ ਜਦੋਂ ਹੀ ਤਾਲੀਬਾਨਾਂ ਦਾ ਮੁਜ਼ਾਰ ’ਤੇ ਕਬਜਾ ਹੋ ਗਿਆ ਤਾਂ ਉਹ ਪਿਛਲੇ ਸਾਲ ਦੇ ਵਿਦਰੋਹ ਦੌਰਾਨ ਹੋਏ ਆਪਣੇ ਨੁਕਸਾਨ ਦਾ ਬਦਲਾ ਸਭ ਤੋਂ ਪਹਿਲਾਂ ਲੈਣਗੇ। ਪਰ ਤਾਲੀਬਾਨ ਅਜੇ ਪਿੱਛੇ ਹੀ ਸਨ ਕਿ ਮਜ਼ਾਰੇ ਸ਼ਰੀਫ ਦੁਆਲੇ ਬੈਠੀਆਂ ਉਜ਼ਬਿਕ ਅਤੇ ਹਜ਼ਾਰਾ ਫੌਜਾਂ ਵਿਚਕਾਰ ਲੜਾਈ ਛਿੜ ਗਈ। ਇੱਥੇ ਬੜੀ ਦਿਲਚਸਪ ਘਟਨਾ ਵਾਪਰੀ। ਇਨਾਂ ਆਪਸੀ ਝੜਪਾਂ ਦੌਰਾਨ ਹੀ ਜਨਰਲ ਰਸ਼ੀਦ ਦੋਸਤਮ ਦਾ ਆਗਮਨ ਹੋ ਗਿਆ। ਉਸਨੇ ਆਉਂਦਿਆਂ ਹੀ ਮਲਕ ਪੱਖੀਆਂ ਦੇ ਦਿਲ ਜਿੱਤਣੇ ਸ਼ੁਰੂ ਕਰ ਦਿੱਤੇ ਤੇ ਆਪਣੇ ਖੁਰਿਆ ਹੋਇਆ ਆਧਾਰ ਫਿਰ ਤੋਂ ਵਾਪਸ ਲੈ ਲਿਆ। ਉਸਨੇ ਇੱਕ ਹੋਰ ਚਾਲ ਖੇਡਦਿਆਂ ਤਾਲੀਬਾਨਾਂ ਨਾਲ ਗੁਪਤ ਸਮਝੌਤਾ ਕਰ ਲਿਆ। ਉਸਨੇ ਆਪਣਾ ਗੜ੍ਹ ਮਜ਼ਾਰੇ ਸ਼ਰੀਫ ਛੱਡ ਕੇ ਨੇੜਲੇ ਸੂਬੇ ਸ਼ਿਬਰਘਨ ਵਿੱਚ ਅੱਡਾ ਜਮਾ ਲਿਆ। ਇਸ ਪਿੱਛੋਂ ਤਾਲੀਬਾਨ ਪਿਛਾਂਹ ਹਟਦੇ ਫਿਰ ਤੋਂ ਕੁੰਦਜ ਵਿੱਚ ਸ਼ਹਿ ਕੇ ਬੈਠ ਗਏ। ਕੁਝ ਚਿਰ ਤਾਜ਼ਾ ਦਮ ਹੋ ਕੇ ਤਾਲੀਬਾਨਾਂ ਨੇ ਨੇੜਲੇ ਸੂਬੇ ਬਾਮੀਆਨ ਨੂੰ ਜਿੱਤਣ ਦੀ ਸਕੀਮ ਬਣਾਈ। ਇੱਥੇ ਦਾ ਵਾਰ ਲੌਰਡ ਅਤੇ ਲੀਡਰ ਕਰੀਮ ਖਲੀਲੀ ਸੀ ਅਤੇ ਇੱਥੇ ਹਜ਼ਾਰੇ ਲੋਕਾਂ ਦਾ ਦਬਦਬਾ ਸੀ। ਫੌਜ ਵਿੱਚ ਵੀ ਉਹੀ ਜ਼ਿਆਦਾ ਸਨ। ਪਰ ਇੱਥੇ ਦੀ ਜਨਤਾ ਅਤੀ ਗਰੀਬ ਸੀ। ਤਾਲੀਬਾਨਾਂ ਨੇ ਪਹਿਲਾਂ ਤੋਂ ਹੀ ਕੀਤੀ ਘੇਰਾਬੰਦੀ ਹੋਰ ਤੰਗ ਕਰ ਦਿੱਤੀ। ਲੋਕ ਭੁੱਖੇ ਮਰਨ ਲੱਗੇ ਪਰ ਤਾਲੀਬਾਨਾਂ ਨੇ ਘੇਰਾ ਨਾ ਚੁੱਕਿਆ। ਰੈੱਡ ਕਰਾਸ ਅਤੇ ਹੋਰ ਸੰਸਥਾਵਾਂ ਦੀ ਅਪੀਲ ਦੀ ਵੀ ਉਨ੍ਹਾਂ ਪ੍ਰਵਾਹ ਨਾ ਕੀਤੀ। ਕਰੀਮ ਖਰੀਲੀ ਨੇ ਇਰਾਨ, ਤਜਕਿਸਤਾਨ ਅਤੇ ਉਜ਼ਬਿਕਸਤਾਨ ਮੁਲਕਾਂ ਦਾ ਦੌਰਾ ਕਰਕੇ ਉਨ੍ਹਾਂ ਤੋਂ ਕਾਫੀ ਸਹਾਇਤਾ ਪ੍ਰਾਪਤ ਕੀਤੀ। ਪਰ ਹਜ਼ਾਰਾ ਫੌਜਾਂ ਵਿੱਚ ਅੱਗੇ ਕਾਫੀ ਤਰੇੜਾਂ ਸਨ ਅਤੇ ਕਈ ਗਰੁੱਪ ਸਨ। ਇਸ ਕਰਕੇ ਉਹ ਆਪਣੇ ਇਲਾਕੇ ਨੂੰ ਤਾਲੀਬਾਨਾਂ ਤੋਂ ਬਚਾਉਣ ਲਈ ਕੋਈ ਸਾਂਝੀ ਸਕੀਮ ਬਣਾਉਣ ਵਿੱਚ ਅਸਫਲ ਰਹੇ। ਅੱਗੇ ਸਿਆਲ ਰੁੱਤ ਆ ਗਈ ਸੀ। ਭਾਰੀ ਬਰਫਵਾਰੀ ਸ਼ੁਰੂ ਹੋ ਗਈ ਪਰ ਤਾਲੀਬਾਨਾਂ ਨੇ ਅੱਗੇ ਵਧਣਾ ਜਾਰੀ ਰੱਖਿਆ। ਜਨਵਰੀ, ਫਰਵਰੀ ਮਹੀਨੇ ਉਨ੍ਹਾਂ ਨੇ ਫਰਿਆਬ ਸੂਬੇ ’ਤੇ ਕਬਜ਼ਾ ਕੀਤਾ। ਉੱਥੇ ਦੇ ਪੰਜ ਸੌ ਦੇ ਲੱਗਭਗ ਪਿੰਡ ਆਪਣੇ ਕਬਜ਼ੇ ਹੇਠ ਕਰਦਿਆਂ, ਤਾਲੀਬਾਨਾਂ ਨੇ ਇੱਥੇ ਦੇ ਜ਼ਿਆਦਾਤਰ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਬਚਦੇ ਲੋਕ ਮੁਲਕ ਛੱਡ ਕੇ ਗੁਆਂਢੀ ਦੇਸ਼ਾਂ ਨੂੰ ਭੱਜ ਗਏ। ਜਿੱਥੇ ਕਿਤੇ ਤਾਲੀਬਾਨ ਕਬਜ਼ਾ ਕਰਦੇ ਸਨ ਪਹਿਲਾਂ ਅੰਨੇਵਾਹ ਲੋਕਾਂ ਦਾ ਕਤਲ ਕਰਦੇ ਸਨ ਤੇ ਫਿਰ ਉੱਥੇ ਸ਼ਰੀਅਤ

ਕਨੂੰਨ ਲਾਗੂ ਕਰ ਦਿੰਦੇ ਸਨ। ਉਨ੍ਹਾਂ ਦੀ ਭਵਿੱਖ ਦੀ ਕੋਈ ਸਕੀਮ ਨਹੀਂ ਸੀ। ਭੁੱਖੇ ਮਰਦੇ ਲੋਕਾਂ ਨੂੰ ਉਹ ਖਾਣ ਪੀਣ ਦੀਆਂ ਚੀਜ਼ਾਂ ਵੀ ਮੁਹੱਈਆ ਨਹੀਂ ਕਰਵਾਉਣ ਦਿੰਦੇ ਸਨ। ਯੂ. ਐੱਨ. ਓ. ਅਤੇ ਕਈ ਹੋਰ ਸਮਾਜਸੇਵੀ ਜਥੇਬੰਦੀਆਂ ਲੋਕਾਂ ਦੀਆਂ ਮੱਦਦ ਕਰਨੀ ਚਾਹੁੰਦੀਆਂ ਸਨ ਪਰ ਤਾਲੀਬਾਨ ਉਨ੍ਹਾਂ ਦੀ ਕੋਈ ਗੱਲ ਨਹੀਂ ਸੁਣਦੇ ਸਨ। ਹਾਂ ਉਨ੍ਹਾਂ ਦੀ ਇੱਕੋ ਇੱਕ ਮੰਗ ਸੀ ਕਿ ਅਫਗਾਨਿਸਤਾਨ ਦੀ ਤਾਲੀਬਾਨ ਸਰਕਾਰ ਨੂੰ ਸੰਸਾਰ ਮਾਣਤਾ ਦੇਵੇ, ਤਾਂ ਹੀ ਉਹ ਕੋਈ ਗੱਲ ਕਰਨਗੇ। ਪਰ ਜਿੱਥੇ ਇੰਨੇ ਭਿਆਨਕ ਅੱਤਿਆਚਾਰ ਹੋ ਰਹੇ ਸਨ ਉਸ ਸਰਕਾਰ ਨੂੰ ਕਿਵੇਂ ਕੋਈ ਮਾਨਤਾ ਦੇ ਸਕਦਾ ਹੈ। ਸੋ ਲੋਕਾਈ ਦਾ ਘਾਣ ਜਾਰੀ ਸੀ।

ਬਾਮੀਆਨ ਦੁਆਲੇ ਬੈਠੀਆਂ ਤਾਲੀਬਾਨ ਫੌਜਾਂ ਨੇ ਸਮਝੌਤਾ ਤੋੜਦਿਆਂ, 1998 ਦੇ ਪਹਿਲੇ ਅੱਧ ਵਿੱਚ ਜਨਰਲ ਰਸ਼ੀਦ ਦੋਸਤਮ ਦੇ ਇਲਾਕੇ ’ਤੇ ਹਮਲਾ ਕਰ ਦਿੱਤਾ। ਅੰਦਰੋ ਅੰਦਰੀ, ਦੋਸਤਮ ਦੇ ਕਾਫੀ ਵੱਡੇ ਜਨਰਲ, ਤਾਲੀਬਾਨਾਂ ਦੁਆਰਾ ਖਰੀਦੇ ਜਾ ਚੁੱਕੇ ਸਨ। ਉਹ ਬਿਨਾਂ ਲੜਿਆਂ ਹੀ ਪਿੱਛੇ ਹਟ ਗਏ। ਇਸ ਨਾਲ ਬਾਕੀ ਫੌਜ ਦਾ ਵੀ ਮਨੋਬਲ ਟੁੱਟ ਗਿਆ। ਕਾਫੀ ਫੌਜ ਹਥਿਆਰ ਸੁੱਟ ਗਈ ਤੇ ਬਾਕੀ ਭੱਜ ਗਈ। ਜਨਰਲ ਰਸ਼ੀਦ ਦੋਸਤਮ ਵੀ ਮੁਲਕ ਛੱਡ ਕੇ ਭੱਜ ਨਿਕਲਿਆ ਤੇ ਤੁਰਕੀ ਪਹੁੰਚ ਗਿਆ। ਫੜ੍ਹੇ ਗਏ ਫੌਜੀਆਂ ਦੀ ਬਹੁਗਿਣਤੀ ਮਾਰ ਮੁਕਾਈ ਗਈ। ਇੱਥੋਂ ਤਾਲੀਬਾਨਾਂ ਲਈ ਮਜ਼ਾਰੇ ਸ਼ਰੀਫ ਵੱਲ ਜਾਣ ਦਾ ਰਾਹ ਪੱਧਰਾ ਹੋ ਗਿਆ ਸੀ। ਉਨ੍ਹਾਂ ਨੇ ਕਾਫੀ ਸਾਰੇ ਕਮਾਂਡਰ ਉੱਥੇ ਵੀ ਖਰੀਦ ਲਏ। ਆਖਰ ਅਗਸਤ ਮਹੀਨੇ ਤਾਲੀਬਾਨਾਂ ਨੇ ਭਿਆਨਕ ਹੱਲਾ ਬੋਲਿਆ ਤੇ ਬੜੀ ਛੇਤੀ ਮਜਾਰੇ ਸ਼ਰੀਫ ’ਤੇ ਕਬਜ਼ਾ ਕਰ ਲਿਆ। ਐਤਕੀ ਇੱਥੇ ਆਉਣ ਤੋਂ ਪਹਿਲਾਂ ਤਾਲੀਬਾਨ ਬੜੀ ਤਿਆਰੀ ਨਾਲ ਆਏ ਸਨ। ਉਨ੍ਹਾਂ ਦੇ ਦਿਲ ਵਿੱਚ ਪਿਛਲੇ ਵਿਦਰੋਹ ਦੇ ਬਦਲੇ ਦੀ ਚਿੰਗਾੜੀ ਭੜਕ ਰਹੀ ਸੀ। ਇੱਥੇ ਕਾਬਜ਼ ਹੁੰਦਿਆਂ ਹੀ, ਉਨ੍ਹਾਂ ਨੇ ਕਤਲੇਆਮ ਸ਼ੁਰੂ ਕਰ ਦਿੱਤਾ ਜੋ ਅਗਲੇ ਚਾਰ ਪੰਜ ਦਿਨ ਜਾਰੀ ਰਿਹਾ। ਸਾਰੇ ਸੰਸਾਰ ਨੇ ਲੋਕਾਈ ਮਰਦੀ ਵੇਖੀ, ਪਰ ਕਿਸੇ ਕੋਲ ਕੋਈ ਰਾਹ ਨਹੀਂ ਜਿਸ ਨਾਲ ਲੋਕਾਂ ਨੂੰ ਬਚਾਇਆ ਜਾ ਸਕਦਾ। ਆਖਰ ਪੰਜ ਦਿਨਾਂ ਪਿੱਛੋਂ ਸ਼ਹਿਰ ਵਿੱਚ ਕੋਈ ਵੀ ਬੰਦਾ ਪਰਿੰਦਾ ਨਾ ਬਚਿਆ ਤਾਂ ਤਾਲੀਬਾਨਾਂ ਨੇ ਖੰਜਰਾਂ ਦੇ ਮੂੰਹ ਪੂੰਝੇ। ਉਨ੍ਹਾਂ ਨੇ ਸ਼ਹਿਰ ਦੇ ਲੋਕਾਂ ਨੂੰ ਘਰਾਂ ’ਚੋਂ ਕੱਢ ਕੱਢ ਕੇ ਮਾਰ ਮੁਕਾਇਆ ਸੀ। ਕਿਸੇ ਦਾ ਅੰਤਮ ਕਿਰਿਆ ਕਰਮ ਵੀ ਨਾ ਹੋ ਸਕਿਆ। ਲਾਸ਼ਾਂ ਨੂੰ ਟਰੱਕਾਂ ’ਚ ਲੱਦ ਕੇ ਬਾਹਰ ਰੇਗਸਤਾਨ ਵਿੱਚ ਵੱਡੇ ਵੱਡੇ ਟੋਏ ਪੁੱਟ ਕੇ ਦੱਬ ਦਿੱਤਾ ਗਿਆ। ਅਫਗਾਨਿਸਤਾਨ ਦੀ ਧਰਤੀ ਨੇ ਇਸ ਵਕਤ ਭਿਆਨਕ ਕਤਲੇਆਮ ਵੇਖਿਆ। ਪਰ ਇਸ ਦਿਨ ਸ਼ਾਇਦ ਕੁਦਰਤ ਵੀ ਤਾਲੀਬਾਨਾਂ ਸਾਹਮਣੇ ਬੇਵਸ ਹੋ ਗਈ ਸੀ। ਤਾਲੀਬਾਨਾਂ ਨੇ ਚੰਗੇਜ਼ ਖਾਂ ਅਤੇ ਤੈਮੂਰ ਵਰਗਿਆਂ ਨੂੰ ਮਾਤ ਪਾ ਦਿੱਤਾ।

ਇਸ ਪਿੱਛੋਂ ਤਾਲੀਬਾਨਾਂ ਨੇ ਸਾਰਾ ਜ਼ੋਰ ਲਾ ਕੇ ਬਾਮੀਆਨ ’ਤੇ ਹੱਲਾ ਬੋਲਿਆ। ਸਥਾਨਕ ਫੌਜਾਂ ਇਹ ਹਮਲਾ ਝੱਲ ਨਾ ਸਕੀਆਂ ਤੇ ਭੱਜ ਗਈਆਂ। ਕਰੀਮ ਖਲੀਲੀ ਅਤੇ ਉਸਦੀ ਫੌਜ ਪਿੱਛੇ ਹਟਦੇ ਪਹਾੜ੍ਹਾਂ ਵੱਲ ਭੱਜ ਗਏ। ਇਸ ਤਰ੍ਹਾਂ ਲੰਬੇ ਸਮੇ ਤੋਂ ਚਲਿਆ ਆ ਰਿਹਾ ਘੇਰਾ ਖਤਮ ਕਰਕੇ ਤਾਲੀਬਾਨਾਂ ਨੇ ਇੱਥੇ ਪੱਕਾ ਕਬਜ਼ਾ ਕਰ ਲਿਆ। ਹੁਣ ਅਫਗਾਨਿਸਤਾਨ ਦਾ ਬਹੁਤ ਜ਼ਿਆਦਾ ਹਿੱਸਾ ਤਾਲੀਬਾਨਾਂ ਦੇ ਕਬਜ਼ੇ ਹੇਠ ਆ ਚੁੱਕਿਆ ਸੀ। ਇਸ ਪਿੱਛੋਂ ਤਾਲੀਬਾਨਾਂ ਦੇ ਖਾਸ ਮੱਦਦਗਾਰਾਂ ਨੇ ਉਨ੍ਹਾਂ ਨੂੰ ਦੁਨੀਆਂ ਤੋਂ ਮਾਣਤਾ ਦਵਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਪਰ ਰਾਜਨੀਤੀ ਤੋਂ ਬਿਲਕੁਲ ਕੋਰੇ ਤਾਲੀਬਾਨਾਂ ਨੇ ਇੱਥੇ ਇੱਕ ਹੋਰ ਚੰਦ ਚੜ੍ਹਾ ਦਿੱਤਾ ਜਿਸ ਨਾਲ ਉਨ੍ਹਾਂ ਨੂੰ ਮਾਣਤਾ ਮਿਲਣ ਦੀ ਮਾੜੀ ਮੋਟੀ ਸੰਭਾਵਨਾ ਵੀ ਖਤਮ ਹੋ ਗਈ। ਉਨ੍ਹਾਂ ਨੇ ਮਜ਼ਾਰ ਸ਼ਹਿਰ ’ਚ ਸਥਿਤ ਇਰਾਨੀ ਦੂਤਾਵਾਸ ’ਤੇ ਹਮਲਾ ਕਰਕੇ ਉਨ੍ਹਾਂ ਦਾ ਦਰਜਨ ਦੇ ਕਰੀਬ ਅਮਲਾ



ਗ੍ਰਿਫਤਾਰ ਕਰ ਲਿਆ। ਇੰਨਾ ਹੀ ਨਹੀਂ, ਨਾਲ ਦੀ ਨਾਲ ਹੀ ਸਾਰਾ ਅਮਲਾ ਮਾਰ ਮੁਕਾਇਆ। ਇਸ ਘਟਨਾ ਨਾਲ ਇਰਾਨ ਬਹੁਤ ਹੀ ਗੁੱਸੇ ਵਿੱਚ ਆ ਗਿਆ। ਅਜੇ ਇਹ ਗੱਲ ਚੱਲ ਹੀ ਰਹੀ ਸੀ ਕਿ ਉਦੋਂ ਨੂੰ ਇੱਕ ਪੰਗਾ ਹੋਰ ਪੈ ਗਿਆ। ਅਗਸਤ 1998 ਦੇ ਪਹਿਲੇ ਹਫਤੇ ਤਾਲੀਬਾਨਾਂ ਦੇ ਖਾਸ ਮਹਿਮਾਨ ਉਸਾਮਾ ਬਿਨ ਲਾਦਿਨ ਨੇ ਕੀਨੀਆਂ ਅਤੇ ਤਿਨਜ਼ਾਨੀਆਂ ਵਿਚਲੇ ਮੁਲਕਾਂ ਦੀਆਂ ਅਮਰੀਕਣ ਅੰਬੇਸੀਆਂ ’ਤੇ ਹਮਲਾ ਕਰਵਾ ਦਿੱਤਾ। ਇਨ੍ਹਾਂ ਬੰਬ ਧਮਾਕਿਆਂ ’ਚ ਤਕਰੀਬਨ ਸਵਾ ਦੋ ਸੌ ਲੋਕ ਮਾਰੇ ਗਏ ਅਤੇ ਚਾਰ ਹਜ਼ਾਰ ਦੇ ਨੇੜੇ ਜ਼ਖ਼ਮੀ ਹੋ ਗਏ। ਅਮਰੀਕਾ ਨੇ ਉਸਾਮਾ ਬਿਨ ਲਾਦੇਨ ਅਤੇ ਉਸਦੇ ਸਾਥੀਆਂ ਨੂੰ ਸਜ਼ਾ ਦੇਣ ਲਈ ਸਤਾਈ ਅਗਸਤ ਦੇ ਦਿਨ ਉਸਦੇ ਅਫਗਾਨਿਸਤਾਨ ਵਿਚਲੇ ਕੈਂਪਾਂ ’ਤੇ ਕਰੂਜ਼ ਮਿਸਾਇਲਾਂ ਨਾਲ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਬੀਹ ਦੇ ਲਗਭਗ ਅੱਤਵਾਦੀ ਮਾਰੇ ਗਏ ਪਰ ਲਾਦੇਨ ਬਚ ਰਿਹਾ। ਦੁਨੀਆਂ ਸੋਚ ਰਹੀ ਸੀ ਕਿ ਸ਼ਾਇਦ ਹੁਣ ਤਾਲੀਬਾਨ ਕੁਝ ਸੰਭਲਣਗੇ ਪਰ ਉਨ੍ਹਾਂ ਨੇ ਇਕ ਵਾਰ ਫਿਰ ਦੁਨੀਆਂ ਨੂੰ ਚੌਂਕਾ ਦਿੱਤਾ।

ਦਰਅਸਲ ਬਾਮੀਆਨ ’ਤੇ ਕਬਜ਼ਾ ਹੋਣ ਦੇ ਦਿਨ ਤੋਂ ਹੀ ਉਨ੍ਹਾਂ ਨੇ ਉੱਥੇ ਪਹਾੜਾਂ ’ਚ ਖੜ੍ਹੀਆਂ ਮਹਾਤਮਾ ਬੁੱਧ ਦੀਆਂ ਦੋ ਵੱਡੀਆਂ ਮੂਰਤੀਆਂ ਨੂੰ ਢਾਹ ਦੇਣ ਦੀ ਚਿਤਾਵਨੀ ਦਿੱਤੀ ਹੋਈ ਸੀ। ਦੁਨੀਆਂ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਰਹੀ ਸੀ ਪਰ ਉਹ ਕਿਸੇ ਦੀ ਗੱਲ ਨਹੀਂ ਸੁਣ ਰਹੇ ਸਨ। ਇਹ ਮੂਰਤੀਆਂ ਤਕਰੀਬਨ ਦੋ ਹਜ਼ਾਰ ਸਾਲ ਪੁਰਾਣੀਆਂ ਸਨ ਜੋ ਕਿ ਪਹਾੜ ਖੋਦ ਕੇ ਬਣਾਈਆਂ ਹੋਈਆਂ ਸਨ। ਇੱਕ ਮੂਰਤੀ 165 ਫੁੱਟ ਤੇ ਦੂਸਰੀ 114 ਫੁੱਟ ਉਚੀ ਸੀ। ਦੂਰ ਤੋਂ ਹੀ ਨਜ਼ਰੀ ਪੈਂਦੀਆਂ ਇਹ ਮੂਰਤੀਆਂ ਅਫਗਾਨਿਸਤਾਨ ਦਾ ਮਾਣ ਸਨ। ਤਾਲੀਬਾਨਾਂ ਨੇ ਕਿਸੇ ਦੇ ਪ੍ਰਵਾਹ ਨਾ ਮੰਨੀ ਤੇ ਇਨ੍ਹਾਂ ਨੂੰ ਬੰਬਾਂ ਨਾਲ ਉਡਾ ਕੇ ਮੁਲਕ ਦਾ ਮਾਣ ਤੋੜ ਦਿੱਤਾ। ਉੱਧਰ ਅਮਰੀਕਾ ਦੇ ਹਮਲੇ ਤੋਂ ਬਾਅਦ ਇਰਾਨ ਨੂੰ ਇੱਕ ਚੰਗਾ ਬਹਾਨਾ ਮਿਲ ਗਿਆ ਤੇ ਉਸਨੇ ਵੀ ਅਮਰੀਕਾ ਦੀ ਤਰਜ਼ ’ਤੇ ਹੀ ਅਫਗਾਨਿਸਤਾਨ ’ਤੇ ਹਮਲਾ ਕਰਨ ਦੀ ਯੋਜਨਾ ਬਣਾ ਲਈ। ਇਰਾਨ ਦਾ ਕਹਿਣਾ ਸੀ ਕਿ ਜੇਕਰ ਅਮਰੀਕਾ ਆਪਣੀ ਸੁਰੱਖਿਆ ਲਈ ਕਿਸੇ ਦੂਸਰੇ ਮੁਲਕ ’ਤੇ ਮਿਸਾਇਲੀ ਹਮਲਾ ਕਰ ਸਕਦਾ ਹੈ ਤਾਂ ਉਸ ਨੂੰ ਵੀ ਅਧਿਕਾਰ ਹੈ ਕਿ ਆਪਣੀ ਰੱਖਿਆ ਕਰੇ। ਅਗਲੇ ਹੀ ਦਿਨੀਂ, ਆਪਣੀ ਗੱਲ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਇਰਾਨ ਨੇ ਲੱਖਾਂ ਦੀ ਗਿਣਤੀ ’ਚ ਫੌਜ ਅਤੇ ਟੈਂਕਾਂ ਦਾ ਕਾਫਲਾ ਅਫਗਾਨਿਸਤਾਨ ਦੀ ਸਰਹੱਦ ਵੱਲ ਰਵਾਨਾ ਕਰ ਦਿੱਤਾ। ਇਰਾਨ ਦੀ ਇਸ ਕਾਰਵਾਈ ਨਾਲ ਤਾਲੀਬਾਨਾਂ ਦੇ ਹੋਸ਼ ਉੱਡ ਗਏ ਤੇ ਉਨ੍ਹਾਂ ਨੇ ਨਰਮ ਪੈਂਦਿਆਂ ਯੂ. ਐਨ. ਓ. ਨੂੰ ਦਖਲ ਦੇਣ ਦੀ ਬੇਨਤੀ ਕੀਤੀ। ਯੂ. ਐਨ. ਓ. ਵੀ ਡਰਦੀ ਸੀ ਕਿ ਅਫਗਾਨਿਸਤਾਨ ਦੀ ਘਰੇਲੂ ਖਾਨਾਜੰਗੀ ਹੁਣ ਕਿਧਰੇ ਦੋ ਮੁਲਕਾਂ ਦੀ ਜੰਗ ਨਾ ਬਣ ਜਾਵੇ। ਉਸਨੇ ਆਪਣੇ ਨੁਮਾਇੰਦੇ ਉੱਧਰ ਨੂੰ ਰਵਾਨਾ ਕਰ ਦਿੱਤੇ। ਤਾਲੀਬਾਨ ਮੁਖੀ ਮੁੱਲਾ ਉਮਰ, ਪਹਿਲੀ ਵਾਰ ਕਿਸੇ ਬਾਹਰ ਦੇ ਲੀਡਰ ਨੂੰ ਮਿਲਿਆ। ਉਸਨੇ ਯੂ. ਐਨ. ਓ. ਦੇ ਨੁਮਾਇੰਦੇ ਨਾਲ ਬੜੀ ਚੰਗੀ ਤਰ੍ਹਾਂ ਗੱਲਬਾਤ ਕੀਤੀ ਅਤੇ ਮਨੁੱਖੀ ਅਧਿਕਾਰਾਂ ਬਾਰੇ ਬਹੁਤ ਸਾਰੀਆਂ ਸੋਧਾਂ ਕਰਨੀਆਂ ਮੰਨ ਗਿਆ। ਇਸ ਤੋਂ ਇਲਾਵਾ ਉਸਨੇ ਹੋਰ ਬਹੁਤ ਸਾਰੀਆਂ ਗੱਲਾਂ ਮੰਨਣ ਦੀ ਹਾਮੀ ਭਰ ਦਿੱਤੀ। ਯੂ. ਐਨ. ਓ. ਅਤੇ ਹੋਰ ਸੰਸਾਰਕ ਲੀਡਰਾਂ ਦੇ ਦਖਲ ਨਾਲ ਇਰਾਨ-ਅਫਗਾਨਿਸਤਾਨ ਲੜਾਈ ਦਾ ਮਸਲਾ ਟਲ ਗਿਆ। ਪਰ ਇਸ ਵੇਲੇ ਤਾਲੀਬਾਨਾਂ ਦੀ ਮੌਜੂਦਾ ਮੁਸ਼ਕਲ ਵੱਲ ਗੌਹ ਨਾਲ ਵੇਖਦਿਆਂ, ਦੂਰ ਉੱਤਰ ਵੱਲ ਬੈਠਾ ਅਹਿਮਦ ਸ਼ਾਹ ਮਾਸੂਦ ਹਰਕਤ ਵਿੱਚ ਆ ਗਿਆ। ਉਸਨੇ ਪਹਿਲਾਂ ਹੀ ਉਜ਼ਬਿਕ, ਤਜ਼ਕ ਅਤੇ ਹਜ਼ਾਰਾ ਮੂਲ ਦੇ ਅਫਗਾਨੀ ਫੌਜੀਆਂ ਨੂੰ ਇਕੱਠਾ ਕਰਨਾ ਸ਼ੁਰੂ ਕੀਤਾ ਹੋਇਆ ਸੀ। ਇਸ ਤੋਂ ਇਲਾਵਾ ਤਾਲੀਬਾਨਾਂ ਹੱਥੋਂ ਸਤਿਆ ਇਰਾਨ ਵੀ ਉਸਦੀ ਦਿਲ

ਖੋਲ੍ਹ ਕੇ ਮੱਦਦ ਕਰ ਰਿਹਾ ਸੀ। ਇਰਾਨ ਵੱਲੋਂ ਲਗਾਤਾਰ ਦਿਨ ਰਾਤ ਚੱਲ ਰਹੀਆਂ ਫਲਾਈਟਾਂ ਉਸ ਲਈ ਫੌਜੀ ਸਮਾਨ ਢੋਣ ਵਿੱਚ ਮਸ਼ਰੂਫ ਸਨ। ਮੌਕੇ ਦਾ ਫਾਇਦਾ ਉਠਾਉਂਦਿਆਂ ਮਾਸੂਦ ਨੇ ਭਰਵਾਂ ਹੱਲਾ ਕਰ ਦਿੱਤਾ ਤੇ ਕੁਝ ਹੀ ਦਿਨਾਂ ਵਿੱਚ ਉਜ਼ਬਿਕਸਤਾਨ ਅਤੇ ਤਜ਼ਕਸਤਾਨ ਨਾਲ ਲੱਗਦੇ ਇਲਾਕੇ ਜਿੱਤ ਲਏ। ਇਸ ਵਿੱਚ ਇਰਾਨ ਤੋਂ ਇਲਾਵਾ ਉਸਦੀ ਰਸ਼ੀਆ ਨੇ ਭਰਵੀਂ ਹਿਮਾਇਤ ਕੀਤੀ। ਹਰ ਕੋਈ ਚਾਹੁੰਦਾ ਸੀ ਕਿ ਤਾਲੀਬਾਨਾਂ ਨੂੰ ਨਾਰਥ ਵੱਲ ਵਧਣ ਤੋਂ ਰੋਕਿਆ ਜਾਵੇ। ਮਾਸੂਦ ਨੇ ਇਸ ਇਲਾਕੇ ’ਤੇ ਫਿਰ ਤੋਂ ਕਬਜ਼ਾ ਕਰਕੇ ਤਾਲੀਬਾਨਾਂ ਦੇ ਇੱਧਰ ਨੂੰ ਹੋ ਰਹੇ ਵਾਧੇ ਨੂੰ ਰੋਕ ਦਿੱਤਾ। ਮਾਸੂਦ ਦੇ ਇਸ ਕਦਮ ਦਾ ਉਸਨੂੰ ਖੁਦ ਨੂੰ ਇੱਕ ਹੋਰ ਫਾਇਦਾ ਹੋਇਆ। ਉਹ ਇਹ ਕਿ ਇਸ ਇਲਾਕੇ ਦੇ ਤਾਲੀਬਾਨਾਂ ਹੱਥੋਂ ਹਾਰੇ ਕਮਾਂਡਰਾਂ ਨੇ ਮਾਸੂਦ ਨੂੰ ਨਾਰਦਰਨ ਅਲਾਂਇੰਸ ਦਾ ਚੀਫ ਇਨ ਕਮਾਂਡਰ ਬਣਾ ਦਿੱਤਾ। ਇਸ ਇਕੱਠ ਨਾਲ ਦੁਨੀਆਂ ਨੂੰ ਥੋੜੀ ਰਾਹਤ ਹੋਈ ਕਿ ਸ਼ਾਇਦ ਹੁਣ ਤਾਲੀਬਾਨਾਂ ਨੂੰ ਠੱਲ ਪਾਈ ਜਾ ਸਕੇ। ਅਹਿਮਦ ਸ਼ਾਹ ਮਾਸੂਦ ਦੀ ਕਮਾਂਡ ਹੇਠ, ਨਾਰਦਰਨ ਅਲਾਂਇੰਸ ਨੇ ਅੱਗੇ ਵਧਣਾ ਜਾਰੀ ਰੱਖਿਆ। ਇਸ ਮੌਕੇ ਤਾਲੀਬਾਨਾਂ ਨੂੰ ਇੱਕ ਝਟਕਾ ਹੋਰ ਲੱਗਿਆ। ਜਦੋਂ ਉਸਾਮਾ ਬਿਨ ਲਾਦੇਨ ਹਮਲੇ ਵਿੱਚ ਬਚ ਰਿਹਾ ਤਾਂ ਅਮਰੀਕਾ ਨੇ ਤਾਲੀਬਾਨਾਂ ਨੂੰ ਕਿਹਾ ਕਿ ਉਹ ਉਸਨੂੰ ਫੜ੍ਹ ਕੇ ਅਮਰੀਕਾ ਦੇ ਹਵਾਲੇ ਕਰ ਦੇਣ ਕਿਉਂਕਿ ਉਹ ਅਫਰੀਕੀ ਮੁਲਕਾਂ ਦੀਆਂ ਅੰਬੈਸੀਆਂ ਵਿੱਚ ਬੰਬ ਧਮਾਕਿਆਂ ਦਾ ਦੋਸ਼ੀ ਹੈ। ਪਰ ਤਾਲੀਬਾਨਾਂ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਹ ਉਨ੍ਹਾਂ ਦਾ ਮਹਿਮਾਨ ਹੈ ਅਤੇ ਅਫਗਾਨੀ ਰਸਮੋ ਰਿਵਾਜ ਇਸ ਗੱਲ ਦੀ ਇਜ਼ਾਜਤ ਨਹੀਂ ਦਿੰਦੇ ਕਿ ਮਹਿਮਾਨ ਨੂੰ ਕਿਸੇ ਦੇ ਹਵਾਲੇ ਕੀਤਾ ਜਾਵੇ। ਇਸ ਨਾਲ ਸਾਊਦੀ ਅਰਬ ਵੀ ਮਾਯੂਸ ਹੋ ਗਿਆ ਕਿਉਂਕਿ ਉਸਨੇ ਉਸਾਮਾ ਬਿਨ ਲਾਦੇਨ ਦੀਆਂ ਦੇਸ਼ ਵਿਰੋਧੀ ਕਾਰਵਾਈਆਂ ਕਰਕੇ ਉਸਨੂੰ ਦੇਸ਼ ਨਿਕਾਲਾ ਦਿੱਤਾ ਹੋਇਆ ਸੀ। ਹੁਣ ਲਾਦੇਨ ਖੁੱਲਮ ਖੁੱਲ੍ਹਾ ਅਮਰੀਕਾ ਦੇ ਖਿਲਾਫ ਬੋਲਣ ਲੱਗਿਆ ਤਾਂ ਸਾਊਦੀ ਅਰਬ ਨੇ ਪੂਰੇ ਤੌਰ ’ਤੇ ਤਾਲੀਬਾਨਾਂ ਨਾਲੋਂ ਸਬੰਧ ਤੋੜ ਲਏ। ਇਸ ਪਿੱਛੋਂ ਦੁਨੀਆਂ ਦਾ ਇੱਕੋ ਇਕ ਮੁਲਕ, ਪਾਕਿਸਤਾਨ ਉਨ੍ਹਾਂ ਦੀ ਮੱਦਦ ’ਤੇ ਰਹਿ ਗਿਆ। ਇਸ ਨਾਲ ਤਾਲੀਬਾਨ ਇੱਕ ਤਰ੍ਹਾਂ ਨਾਲ ਘੁਟਣ ਵਿੱਚ ਆ ਗਏ। 1999 ਦੇ ਸ਼ੁਰੂਆਤੀ ਦੌਰ ਵਿੱਚ ਹੀ ਉਨ੍ਹਾਂ ’ਤੇ ਇੱਕ ਹੋਰ ਆਫਤ ਆਣ ਪਈ। ਮੁਲਕ ’ਚ ਬਹੁਤ ਭੈੜਾ ਸੋਕਾ ਪੈ ਗਿਆ। ਸਾਰੀ ਫਸਲ ਖੜ੍ਹੀ ਹੀ ਮੱਚ ਗਈ। ਪਹਿਲਾਂ ਤੋਂ ਹੀ ਖਾਣ ਪੀਣ ਦੀਆਂ ਵਸਤਾਂ ਦੀ ਕਮੀ ਝੱਲ ਰਹੀ ਜਨਤਾ, ਭੁੱਖੀ ਮਰਨ ਲੱਗੀ। ਤਾਲੀਬਾਨਾਂ ਨੇ ਪਹਿਲੀ ਵਾਰੀ ਦੁਨੀਆਂ ਨੂੰ ਮੱਦਦ ਲਈ ਪੁਕਾਰਿਆ। ਬਹੁਤ ਥੋੜੀ ਮੱਦਦ ਮਿਲੀ ਕਿਉਂਕਿ ਹਰ ਇੱਕ ਨੇ ਇਹੀ ਕਿਹਾ ਕਿ ਪਹਿਲਾਂ ਲੋਕਾਂ ’ਤੇ ਘੋਰ ਅਤਿਆਚਾਰ ਕਰਨੇ ਬੰਦ ਕਰੋ।

ਹਰ ਪਾਸੇ ਖਰਾਬ ਹਾਲਾਤਾਂ ਦੇ ਹੁੰਦਿਆਂ ਵੀ ਤਾਲੀਬਾਨਾਂ ਨੇ ਨਾਰਥ ਅਲਾਂਇੰਸ ਦੇ ਖਿਲਾਫ ਲੜਨਾ ਜਾਰੀ ਰੱਖਿਆ ਹੋਇਆ ਸੀ। ਕਿਉਂਕਿ ਉਨ੍ਹਾਂ ਦਾ ਹੁਣ ਇੱਕੋ ਇੱਕ ਨਿਸ਼ਾਨਾ ਸੀ, ਉਹ ਸੀ ਅਹਿਮਦ ਸ਼ਾਹ ਮਾਸੂਦ ਨੂੰ ਹਰਾ ਕੇ ਸਾਰੇ ਮੁਲਕ ’ਤੇ ਮੁਕੰਮਲ ਕਬਜ਼ਾ ਕਰਨਾ। ਇਸ ਦੇ ਲਈ ਉਨ੍ਹਾਂ ਬਹੁਤ ਤਿਆਰੀ ਕੀਤੀ ਤੇ ਆਖਰ ਜੁਲਾਈ 1999 ਵਿੱਚ ਉਨ੍ਹਾਂ ਨੇ ਵੱਡਾ ਹੱਲਾ ਬੋਲਿਆ। ਇਹ ਹਮਲਾ ਬਹੁਤ ਜ਼ੋਰਦਾਰ ਸੀ ਤੇ ਮਾਸੂਦ ਨੂੰ ਪਿੱਛੇ ਧੱਕਦੇ ਉਹ ਤਾਲਕੋਨ ਤੱਕ ਜਾ ਪਹੁੰਚੇ। ਇੱਥੇ ਅਫਗਾਨਿਸਤਾਨ ਦੀ ਤਜ਼ਕਿਸਤਾਨ ਨਾਲ ਹੱਦ ਲੱਗਣ ਕਰਕੇ ਉੱਧਰੋਂ ਮਾਸੂਦ ਨੂੰ ਭਾਰੀ ਮੱਦਦ ਇਸੇ ਰਸਤੇ ਆ ਰਹੀ ਸੀ। ਤਾਲੀਬਾਨ ਉਸਦਾ ਇਹ ਰਾਹ ਬੰਦ ਕਰਨਾ ਚਾਹੁੰਦੇ ਸਨ। ਇਸਦੇ ਲਈ ਉਨ੍ਹਾਂ ਬਹੁਤ ਕੋਸ਼ਿਸ਼ ਕੀਤੀ ਪਰ ਸਫਲ ਨਾ ਹੋ ਸਕੇ। ਉਹ ਮਾਸੂਦ ਦੀ ਕਮਜ਼ੋਰੀ ਜਾਣਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਮਾਸੂਦ ਲੋਕ ਪੱਖੀ ਜਰਨੈਲ ਹੈ ਤੇ ਲੋਕਾਂ ’ਤੇ ਅੱਤਿਆਚਾਰ ਬਰਦਾਸ਼ਤ ਨਹੀਂ ਕਰ ਸਕਦਾ। ਉਸਦੀ ਇਸੇ ਕਮਜ਼ੋਰੀ ਦਾ ਫਾਇਦਾ ਉਠਾਉਂਦਿਆਂ ਉਨ੍ਹਾਂ ਨੇ



ਪਬਲਿਕ ’ਤੇ ਬੰਬਾਰੀ ਸ਼ੁਰੂ ਕਰ ਦਿੱਤੀ। ਅੰਨੀ ਕਤਲੋਗਾਰਦ ਕਰਦਿਆਂ, ਉਨ੍ਹਾਂ ਨੇ ਸਾਰਾ ਸ਼ਹਿਰ ਸ਼ਮਸ਼ਾਨ ਘਾਟ ਬਣਾ ਦਿੱਤਾ। ਇਹ ਕੰਮ ਉਨ੍ਹਾਂ ਤਿੰਨ ਹਫਤੇ ਜਾਰੀ ਰੱਖਿਆ। ਆਖਰ ਲੋਕਾਂ ਦੀ ਜਾਨਮਾਲ ਦਾ ਖਿਆਲ ਕਰਦਿਆਂ, ਮਾਸੂਦ ਨੇ ਆਪਣੀਆਂ ਫੌਜਾਂ ਪਿੱਛੇ ਹਟਾ ਲਈਆਂ ਤਾਂ ਨਾਲ ਦੀ ਨਾਲ ਸ਼ਹਿਰ ’ਤੇ ਤਾਲੀਬਾਨਾਂ ਦਾ ਕਬਜ਼ਾ ਹੋ ਗਿਆ। ਉਨ੍ਹਾਂ ਸ਼ਹਿਰ ਅੰਦਰ ਦਾਖਲ ਹੁੰਦਿਆਂ ਹੀ ਆਪਣਾ ਪੁਰਾਣਾ ਹਥਿਆਰ ਕੱਢ ਲਿਆ। ਉਹ ਸੀ ਲੋਕਾਂ ਦਾ ਘਾਣ। ਉਨ੍ਹਾਂ ਅੰਨੇਵਾਹ ਕਤਲੇਆਮ ਸ਼ੁਰੂ ਕਰ ਦਿੱਤਾ ਤਾਂ ਹਜ਼ਾਰਾਂ ਲੋਕ ਘਰ-ਘਾਟ ਛੱਡ ਕੇ ਤਜ਼ਕਸਿਤਾਨ ਭੱਜ ਗਏ। ਅਹਿਮਦ ਸ਼ਾਹ ਮਾਸੂਦ ਪਿੱਛੇ ਹਟਦਾ ਆਪਣੇ ਮੁੱਢ ਦੇ ਇਲਾਕੇ ਵਿੱਚ ਜਾ ਵੜਿਆ। ਹੁਣ ਤਾਲੀਬਾਨ ਫਿਰ ਤੋਂ ਥੋੜੇ ਜਿਹੇ ਇਲਾਕੇ ਨੂੰ ਛੱਡ ਕੇ ਸਾਰੇ ਅਫਗਾਨਿਸਤਾਨ ਦੇ ਮਾਲਕ ਬਣ ਗਏ ਸਨ। ਉਨ੍ਹਾਂ ਦੁਨੀਆਂ ਨੂੰ ਬਥੇਰਾ ਕਿਹਾ ਕਿ ਹੁਣ ਉਹ ਮੁਲਕ ਦੇ ਮਾਲਕ ਹਨ ਅਤੇ ਉਨ੍ਹਾਂ ਨੂੰ ਮਾਨਤਾ ਦਿੱਤੀ ਜਾਵੇ ਪਰ ਉਨ੍ਹਾਂ ਦੁਆਰਾ ਜਨਤਾ ’ਤੇ ਕੀਤੇ ਜਾ ਰਹੇ ਅੱਤਿਆਚਾਰਾਂ ਕਰਕੇ ਕਿਸੇ ਨੇ ਉਨ੍ਹਾਂ ਦੀ ਗੱਲ ਨਾ ਸੁਣੀ।

ਤਕਰੀਬਨ ਬੀਹ ਸਾਲ ਹੋ ਗਏ ਸਨ ਅਫਗਾਨੀਆਂ ਨੂੰ ਲੜਦਿਆਂ। ਪਹਿਲਾਂ ਦਸ ਸਾਲ ਉਹ ਰਸ਼ੀਆ ਖਿਲਾਫ ਲੜੇ ਤੇ ਉਸ ਪਿੱਛੋਂ ਆਪਸ ਵਿੱਚ ਭਿੜਨ ਲੱਗੇ। ਦਸ ਸਾਲ ਤੱਕ ਉਨ੍ਹਾਂ ਦੀ ਆਪਸੀ ਲੜਾਈ ਨਾ ਮੁੱਕੀ। ਕਦੇ ਇੱਕ ਕਮਾਂਡਰ ਦੂਜੇ ਨੂੰ ਹਰਾ ਕੇ ਉਸਦੇ ਇਲਾਕੇ ’ਤੇ ਕਬਜ਼ਾ ਕਰ ਲੈਂਦਾ ਸੀ ਤੇ ਕਦੇ ਦੂਸਰਾ ਕਮਾਂਡਰ ਆਪਣਾ ਖੋਇਆ ਹੋਇਆ ਇਲਾਕਾ ਫਿਰ ਤੋਂ ਜਿੱਤਾ ਲੈਂਦਾ ਸੀ। ਲਗਾਤਾਰ ਇਹੀ ਕਰਮ ਚੱਲਦਾ ਰਿਹਾ ਪਰ ਕਦੇ ਇਹ ਫੈਸਲਾ ਨਾ ਹੋ ਸਕਿਆ ਕਿ ਮੁਲਕ ਦਾ ਅਸਲੀ ਹਾਕਮ ਕੌਣ ਹੈ। ਕਮਾਂਡਰਾਂ ਦੀ ਆਪਸੀ ਲੜਾਈ ਕਾਰਨ ਛਿੜੀ ਘਰੇਲੂ ਜੰਗ ਵਿੱਚ ਅਫਗਾਨਿਸਤਾਨ ਦਾ ਸਭ ਕੁਝ ਤਬਾਹ ਹੋ ਗਿਆ। ਪਤਾ ਨਹੀਂ ਕਿੰਨੇ ਫਿਰਕੇ ਇੱਕ ਦੂਜੇ ਨਾਲ ਲੜ੍ਹ ਰਹੇ ਸਨ। ਜਦੋਂ ਇੱਕ ਫਿਰਕੇ ਵਾਲੇ ਦੂਜੇ ਕੋਲੋਂ ਜਿੱਤ ਜਾਂਦੇ ਤਾਂ ਉਹ ਆਪਸ ਵਿੱਚ ਹੀ ਲੜਨਾ ਸ਼ੁਰੂ ਕਰ ਦਿੰਦੇ। ਅੱਕ ਥੱਕ ਕੇ ਦੁਨੀਆਂ ਨੇ ਵੀ ਇੱਥੋਂ ਪਾਸਾ ਵੱਟ ਲਿਆ। ਅਫਗਾਨਿਸਤਾਨ ਇੱਕ ਮੁਲਕ ਦੇ ਤੌਰ ’ਤੇ ਆਪਣੀ ਹੋਂਦ ਗੁਆ ਬੈਠਾ ਸੀ। ਉੱਥੇ ਸਿਵਲ ਸੁਸਾਇਟੀ ਜਾਂ ਬੁੱਧੀਜੀਵੀ ਵਰਗ ਦੀ ਕੋਈ ਹੋਂਦ ਨ੍ਹੀਂ ਰਹਿ ਗਈ ਸੀ। ਪਹਿਲਾਂ ਦੇ ਪੜ੍ਹੇ ਲਿਖੇ ਲੋਕ, ਚਰੋਕੇ ਮੁਲਕ ਛੱਡ ਕੇ ਪੱਛਮ ਦੇ ਦੇਸ਼ਾਂ ਵਿੱਚ ਜਾ ਵਸੇ ਸਨ। ਨਵੀਂ ਪੀੜੀ ਬਿਨਾਂ ਕਿਸੇ ਸਮਾਜਿਕ ਜੜ੍ਹਾਂ ਦੇ ਪੈਦਾ ਹੋ ਰਹੀ ਸੀ। ਨੌਜਵਾਨਾਂ ਦੇ ਅਣਪੜ੍ਹ ਟੋਲੇ ਵਿਹਲੇ ਘੁੰਮਦੇ ਸਨ। ਕਿਉਂਕਿ ਉਨਾਂ ਨੂੰ ਲੜਨ ਤੋਂ ਬਿਨਾਂ ਹੋਰ ਕੁਝ ਸਿਖਾਇਆ ਹੀ ਨ੍ਹੀਂ ਗਿਆ ਸੀ। ਲੋਕ ਸਿਰਫ ਲੜਾਈ ਅਤੇ ਵਾਰ ਲੋਰਡਾਂ ਦੀ ਧੱਕੇ ਸ਼ਾਹੀ ਬਾਰੇ ਹੀ ਜਾਣਦੇ ਸਨ। ਕਿਸੇ ਕੋਲ ਕੋਈ ਉਮੀਦ ਨਹੀਂ ਸੀ। ਕਿਸੇ ਦਾ ਕੋਈ ਸੁਪਨਾ ਨਹੀਂ ਸੀ। ਕਿਸੇ ਨੂੰ ਭਵਿੱਖ ’ਚ ਕੁਝ ਨਹੀਂ ਦਿਸ ਰਿਹਾ ਸੀ। ਖਾਲੀ ਪੇਟ ਭੁੱਖੇ ਮਰਦੇ ਲੋਕਾਂ ਨੂੰ ਤਾਂ ਰੋਟੀ ਤੋਂ ਬਿਨਾਂ ਹੋਰ ਕੁਝ ਸੁਝ ਵੀ ਨਹੀਂ ਸਕਦਾ। ਦੁਨੀਆਂ ਦੀ ਨਜ਼ਰ ਵਿੱਚ ਅਫਗਾਨਿਸਤਾਨ ਇੱਕ ਉਸ ਜ਼ਖ਼ਮ ਦੀ ਤਰ੍ਹਾਂ ਸੀ ਜਿਸ ਵਿੱਚ ਰਾਧ ਪੈ ਚੁੱਕੀ ਹੋਵੇ ਤੇ ਉਸਦੇ ਠੀਕ ਹੋਣ ਦਾ ਕੋਈ ਹੱਲ ਨਾ ਦਿਸਦਾ ਹੋਵੇ। ਲੱਖਾਂ ਲੋਕ ਘਰ-ਬਾਰ ਛੱਡ ਕੇ ਦੂਸਰੇ ਮੁਲਕਾਂ ਵਿੱਚ ਪਨਾਹਗੀਰ ਬਣੇ ਬੈਠੇ ਸਨ। 1998 ਦੇ ਅੰਕੜਿਆਂ ਮੁਤਾਬਕ ਅਫਗਾਨਿਸਤਾਨ ਅੰਦਰ ਰਸ਼ੀਆ ਦੇ ਦਾਖਲੇ ਉਪਰੰਤ ਸ਼ੁਰੂ ਹੋਈ ਲੜਾਈ ਤੋਂ ਬਾਅਦ, ਦੂਸਰੇ ਦੇਸ਼ਾਂ ਵਿੱਚ ਪਨਾਹ ਲੈਣ ਵਾਲੇ ਲੋਕਾਂ ਦੀ ਗਿਣਤੀ ਕਰੋੜਾਂ ਵਿੱਚ ਸੀ। ਪੰਦਰਾਂ ਲੱਖ ਦੇ ਕਰੀਬ ਲੋਕ ਮਰ ਚੁੱਕੇ ਸਨ ਤੇ ਅਜੇ ਲਗਾਤਾਰ ਮਰੀ ਜਾ ਰਹੇ ਸਨ। ਉਸ ਵੇਲੇ ਅਫਗਾਨਿਸਤਾਨ ਅੰਦਰ ਸਿਰਫ ਇੱਕੋ ਹੀ ਫੈਕਟਰੀ ਸੀ ਜਿੱਥੇ ਕਿ ਬਨਾਉਟੀ ਅੰਗ, ਜਾਣੀ ਕਿ ਪਲਾਸਟਿਕ ਦੀਆਂ ਲੱਤਾਂ ਜਾਂ ਹੱਥ ਬਗੈਰਾ ਬਣਦੇ ਸਨ। ਲੋਕਾਂ ਦਾ ਇੱਕੋ ਇੱਕ ਧੰਦਾ ਖੇਤੀਬਾੜੀ, ਖਤਮ ਹੋ ਚੁੱਕਿਆ ਸੀ। ਚੰਗੀਆਂ ਜ਼ਮੀਨਾਂ ਵਾਰਲੋਰਡਾਂ

ਨੇ ਦੱਬ ਲਈਆਂ ਸਨ। ਲੋਕਾਂ ਦੇ ਘਰਾਂ ਅੰਦਰ ਫੌਜਾਂ ਨੇ ਡੇਰੇ ਲਾ ਲਏ ਸਨ। ਨਹਿਰਾਂ, ਸੂਏ, ਤੇ ਸੜਕਾਂ ਬਗੈਰਾ ਸਭ ਕੁਝ ਲੜਾਈ ਦਰਮਿਆਨ ਢਹਿ ਢਹਾ ਗਏ ਸਨ। ਇਸ ਵੇਲੇ ਇੱਥੇ ਜੋ ਵੀ ਖੇਤੀਬਾੜੀ ਹੁੰਦੀ ਸੀ ਉਹ ਅਫੀਮ ਦੀ ਖੇਤੀ ਸੀ। ਅਫਗਾਨਿਸਤਾਨ ਦੁਨੀਆਂ ਦਾ ਸਭ ਤੋਂ ਵੱਧ ਅਫੀਮ ਉਗਾਉਣ ਵਾਲਾ ਮੁਲਕ ਬਣ ਚੁੱਕਿਆ ਸੀ। ਕਿਉਂਕਿ ਇਸ ਤੋਂ ਬਹੁਤ ਜ਼ਿਆਦਾ ਆਮਦਨ ਹੁੰਦੀ ਸੀ ਇਸ ਕਰਕੇ ਵਾਰਲੋਰਡ ਹੋਰ ਕੋਈ ਖੇਤੀ ਕਰਨ ਹੀ ਨਹੀਂ ਦਿੰਦੇ ਸਨ। ਤਾਲੀਬਾਨਾਂ ਨੇ ਤਾਂ ਫਤਵਾ ਜਾਰੀ ਕਰਕੇ ਅਫੀਮ ਦੀ ਖੇਤੀ ਕਰਨ ਦਾ ਹੁਕਮ ਦਿੱਤਾ ਹੋਇਆ ਸੀ। ਅਫੀਮ ਨੂੰ ਹੀਰੋਇਨ ਵਿੱਚ ਤਬਦੀਲ ਕਰਕੇ ਇਹ, ਦੁਨੀਆਂ ਭਰ ਵਿੱਚ ਸਪਲਾਈ ਕੀਤੀ ਜਾਂਦੀ ਸੀ। ਤਾਲੀਬਾਨਾਂ ਦੀ ਆਮਦਨ ਦਾ ਸਭ ਤੋਂ ਵੱਡਾ ਵਸੀਲਾ ਅਫੀਮ ਤੋਂ ਹੋਣ ਵਾਲੀ ਆਮਦਨ ਸੀ। ਅਫਗਾਨਿਸਤਾਨ ਜਿਹੜਾ ਕਦੇ ਕਬੀਲਾ ਸੱਭਿਆਚਾਰ ਕਰਕੇ ਮਸ਼ਹੂਰ ਸੀ ਤੇ ਜਿੱਥੇ ਵੱਡਿਆਂ ਦੀ ਗੱਲ ਬੜੇ ਮਾਣ ਸਤਿਕਾਰ ਨਾਲ ਸੁਣੀ ਜਾਂਦੀ ਸੀ, ਉੱਥੇ ਹੁਣ ਕੋਈ ਕਬੀਲਾ ਅਜਿਹਾ ਨਹੀਂ ਰਿਹਾ ਸੀ ਜਿਸ ਕੋਲ ਮਾੜੀ ਮੋਟੀ ਤਾਕਤ ਹੋਵੇ। ਸਿਆਣੇ ਤੇ ਪੁੱਛ ਪ੍ਰਤੀਤ ਵਾਲੇ ਵਡੇਰੇ ਮਾਰ ਮੁਕਾ ਦਿੱਤੇ ਗਏ ਸਨ। ਪਹਿਲਾਂ ਦੱਸੇ ਅਨੁਸਾਰ ਸਰਦੇ ਪੁਜਦੇ ਲੋਕ ਬਾਹਰ ਦੇ ਮੁਲਕਾਂ ਨੂੰ ਚਲੇ ਗਏ ਸਨ ਤੇ ਪਿੱਛੇ ਗਰੀਬ ਰਹਿ ਗਏ ਸਨ ਜਿਹੜੇ ਤਾਲੀਬਾਨਾਂ ਦਾ ਨਵਾਲਾ ਬਣੇ ਹੋਏ ਸਨ। ਵੰਡੀਆਂ ਇੰਨੀਆਂ ਪੈ ਚੁੱਕੀਆਂ ਸਨ ਕਿ ਹੁਣ ਕੋਈ ਆਪਣੇ ਆਪ ਨੂੰ ਅਫਗਾਨੀ ਨਹੀਂ ਕਹਾਉਂਦਾ ਸੀ। ਸਗੋਂ ਦੁਰਾਨੀ ਪਸ਼ਤੂਨ, ਗਿਲਜੀਏ ਪਸ਼ਤੂਨ, ਤਜ਼ਕੀ, ਕੰਧਾਰੀਏ, ਪੰਜਸ਼ੀਰੀ, ਹੈਰਾਤੀ, ਹਜ਼ਾਰੇ ਅਤੇ ਕਾਬਲੀ ਬਗੈਰਾ ਕਹਾਉਂਦੇ ਸਨ।

ਅਫਗਾਨਿਸਤਾਨ ਦੀ ਬਰਬਾਦੀ ਲਈ ਕਸੂਰਵਾਰ, ਤਕਰੀਬਨ ਬਾਹਰਲੇ ਹੀ ਹਨ। ਸ਼ੁਰੂਆਤ, ਸੋਵੀਅਤ ਯੂਨੀਅਨ ਨੇ ਕੀਤੀ। ਭਾਵੇਂ ਉਸਨੂੰ ਮੂੰਹ ਦੀ ਖਾਣੀ ਪਈ ਪਰ ਅਫਗਾਨਿਸਤਾਨ ਬਰਬਾਦ ਹੋ ਗਿਆ। ਉਸ ਤੋਂ ਬਾਅਦ ਪਾਕਿਸਤਾਨ ਵਰਗੇ ਇਸਦੇ ਗੁਆਂਢੀ ਅਤੇ ਅਮਰੀਕਾ ਤੱਕ ਦੂਰ ਦੇ ਮੁਲਕ ਆਉਂਦੇ ਹਨ। ਪਰ ਇਹ ਗੱਲ ਵੀ ਸੱਚ ਹੋ ਨਿੱਬੜੀ ਕਿ ਜਿਸ ਕਿਸੇ ਨੇ ਵੀ ਅਫਗਾਨਿਸਤਾਨ ਅੰਦਰ ਮੱਚ ਰਹੀ ਅੱਗ 'ਤੇ ਰੋਟੀਆਂ ਸੇਕਣੀਆਂ ਚਾਹੀਆਂ, ਬਚਿਆ ਉਹ ਖੁਦ ਵੀ ਨਹੀਂ। ਅਮਰੀਕਾ ਦੀ ਜੋ ਬਰਬਾਦੀ ਅਲਕਾਇਦਾ ਹੱਥੋਂ ਹੋਈ ਉਹ ਸਭ ਦੇ ਸਾਹਮਣੇ ਹੈ। ਪਾਕਿਸਤਾਨ ਨੇ ਇਹੀ ਏਜੰਡਾ ਰੱਖਿਆ ਕਿ ਅਫਗਾਨਿਸਤਾਨ ਹਮੇਸ਼ਾ ਉਸਦੇ ਥੱਲੇ ਲੱਗ ਕੇ ਚੱਲੇ। ਇਸੇ ਕਰਕੇ ਉਹ ਹਰ ਵਕਤ ਇਸ ਕੋਸ਼ਿਸ਼ ਵਿੱਚ ਰਿਹਾ ਕਿ ਉੱਥੇ ਜੋ ਵੀ ਸਰਕਾਰ ਬਣੇ ਉਹ ਉਸਦੀ ਪਸੰਦ ਦੀ ਬਣੇ। ਇਸ ਤੋਂ ਇਲਾਵਾ ਪਾਕਿਸਤਾਨ ਦਾ ਵੱਡਾ ਕੰਮ ਸੀ ਇੰਡੀਆ ਲਈ ਪਖਰੋਣ ਵਾਰ ਚਲਾਉਣ ਲਈ ਲੋੜੀਂਦੇ ਜੇਹਾਦੀ। ਇਸ ਕੰਮ ਲਈ ਉਸਨੇ, ਅਫਗਾਨਿਸਤਾਨ ਅੰਦਰ ਆਪਣੀ ਦੇਖ ਰੇਖ ਹੇਠ ਟਰੇਨਿੰਗ ਕੈਂਪ ਸਥਾਪਤ ਕੀਤੇ ਹੋਏ ਸਨ। ਵੱਡੇ ਪੱਧਰ 'ਤੇ ਇੰਡੀਆ ਨੂੰ ਜ਼ਖ਼ਮ ਦੇਣ ਲਈ, ਉਹ ਗੁਰੀਲੇ ਉੱਥੇ ਹੀ ਪੈਦਾ ਕਰਦਾ ਸੀ। ਵੱਡੇ ਵੱਡੇ ਅੱਤਵਾਦੀ ਗਰੁੱਪ ਪੈਦਾ ਕਰਨ ਵਿੱਚ ਪਾਕਿਸਤਾਨ ਦਾ ਖਾਸ ਰੋਲ ਰਿਹਾ। ਉਸਦੀਆਂ ਅੱਖਾਂ ਉਦੋਂ ਖੁੱਲ੍ਹੀਆਂ ਜਦੋਂ ਇਹੀ ਅੱਤਵਾਦੀ ਗਰੁੱਪ ਉਸਦੀ ਆਪਣੀ ਹੀ ਧਰਤੀ 'ਤੇ ਆ ਕੇ ਮਾਸੂਮਾਂ ਦੇ ਖੂਨ ਦੀਆਂ ਨਦੀਆਂ ਵਹਾਉਣ ਲੱਗ ਪਏ। ਜੇਕਰ ਪਾਕਿਸਤਾਨ ਸਿਆਣਪ ਵਰਤਦਾ ਤਾਂ ਉਹ ਹਰ ਹੀਲੇ ਅਫਗਾਨਿਸਤਾਨ ਵਿੱਚ ਇਹੋ ਜਿਹੀ ਸਰਕਾਰ ਬਣਾਉਂਦਾ ਜਿਹੜੀ ਮੁਲਕ ਦੀ ਬਿਹਤਰੀ ਲਈ ਕੰਮ ਕਰਦੀ। ਪਾਕਿਸਤਾਨ ਇਹ ਗੱਲ ਯਕੀਨੀ ਬਣਾਉਂਦਾ ਕਿ ਚੰਗੀ ਸਰਕਾਰ ਬਣਨ ਪਿੱਛੋਂ ਉੱਥੇ ਸੜਕਾਂ, ਸਕੂਲਾਂ, ਹਸਪਤਾਲਾਂ ਅਤੇ ਫੈਕਟਰੀਆਂ ਬਗੈਰਾ ਉਸਾਰੀਆਂ ਜਾਣ। ਇਸ ਸਭ ਦਾ ਉਸਨੂੰ ਸਿੱਧਾ ਲਾਭ ਹੋਣਾ ਸੀ। ਕਿਉਂਕਿ ਅਫਗਾਨਿਸਤਾਨ ਕੋਲ ਸਮੁੰਦਰੀ ਰਸਤਾ ਨਹੀਂ ਹੈ। ਉਸਨੇ ਜੋ ਵੀ ਸਮਾਨ ਬਾਹਰੋਂ ਲਿਆਉਣਾ ਹੈ ਜਾਂ ਬਾਹਰ ਭੇਜਣਾ ਹੈ ਉਹ ਪਾਕਿਸਤਾਨ ਰਾਹੀਂ ਹੀ ਜਾਵੇ



ਆਵੇਗਾ। ਇਸ ਨਾਲ ਪਾਕਿਸਤਾਨ ਦੇ ਲੋਕਾਂ ਨੂੰ ਵੱਡੇ ਪੱਧਰ 'ਤੇ ਕੰਮ ਮਿਲਣਾ ਸੀ ਅਤੇ ਮੁਲਕ ਦੀ ਆਮਦਨ ਵਿੱਚ ਚੋਖਾ ਵਾਧਾ ਹੋਣਾ ਸੀ। ਪਰ ਪਾਕਿਸਤਾਨ ਦਾ ਉਹ ਗਰੁੱਪ ਜੋ ਮੁਲਕ ਵਿੱਚ ਰਾਜ ਕਰਦਾ ਹੈ (ਸਿੱਧੇ ਜਾਂ ਅਸਿੱਧੇ ਤੌਰ 'ਤੇ ਇਹ ਪਾਕਿਸਤਾਨੀ ਫੌਜ ਹੀ ਹੈ ) ਉਹ ਸ਼ਾਂਤੀ ਤਾਂ ਚਾਹੁੰਦਾ ਹੀ ਨਹੀਂ। ਉਸਦਾ ਇੱਕੋ ਇੱਕ ਨਿਸ਼ਾਨਾ ਹੈ ਲੜਾਈ। ਚਲਦੀ ਲੜਾਈ ਹੀ ਪਾਕਿਸਤਾਨੀ ਫੌਜ ਦੀ ਖੁਰਾਕ ਹੈ। ਨਾਲੇ ਇੰਡੀਆ ਨਾਲ ਸ਼ਰੀਕਪੁਣੇ ਵਾਲੀ ਸੋਚ ਤੋਂ ਉਹ ਕਦੇ ਨਿਜ਼ਾਤ ਨਹੀਂ ਪਾ ਸਕਦਾ। ਉਹ ਹਰ ਹੀਲੇ ਇੰਡੀਆ ਨੂੰ ਬਰਬਾਦ ਵੇਖਣਾ ਚਾਹੁੰਦਾ ਹੈ। ਉਹ ਹਰ ਹਰਬਾ ਵਰਤਦਾ ਹੈ ਇੰਡੀਆ ਨੂੰ ਜ਼ਖ਼ਮ ਦੇਣ ਲਈ ਤੇ ਉਸਦਾ ਖੂਨ ਨਿਚੋੜਨ ਲਈ। ਪਰ ਉਹ ਇਹ ਨਹੀਂ ਸਮਝਦਾ ਕਿ ਜਦੋਂ ਤੱਕ ਉਹ ਮੁਕਾਬਲੇ ਵਾਲੀ ਸੋਚ 'ਚੋਂ ਬਾਹਰ ਨਿਕਲ ਕੇ ਆਪਣਾ ਖੁਦ ਦਾ ਰਾਹ ਤੈਅ ਨਹੀਂ ਕਰਦਾ ਉਦੋਂ ਤੱਕ ਉਸਦੀ ਤਰੱਕੀ ਸੰਭਵ ਨਹੀਂ ਹੈ। ਸੋ ਅਫਗਾਨਿਸਤਾਨ ਦੀ ਧਰਤੀ ਨੂੰ ਅੱਤਵਾਦੀ ਅੱਡਿਆਂ ਵਿੱਚ ਤਬਦੀਲ ਕਰਨ ਦਾ ਪਾਕਿਸਤਾਨ ਦਾ ਆਪਣਾ ਏਜੰਡਾ ਹੈ। ਸੋ ਕੁਝ ਇੱਕ ਨੂੰ ਛੱਡ ਕੇ ਬਾਕੀ ਸਾਰੇ ਸੰਗੀ ਸਾਥੀ ਮੁਲਕ, ਅਫਗਾਨਿਸਤਾਨੀ ਰੂਪੀ ਅੰਬ ਦੀ ਗੁਠਲੀ 'ਚੋਂ ਕੁਝ ਨਾ ਕੁਝ ਚੂਸਣਾ ਚਾਹੁੰਦੇ ਸਨ। ਸਾਊਦੀ ਅਰਬ ਦਾ ਆਪਣਾ ਏਜੰਡਾ ਸੀ। ਉਸਨੂੰ ਨਾ ਤਾਂ ਸੁੰਨੀ ਪ੍ਰਭਾਵ ਵਾਲਾ ਅਫਗਾਨਿਸਤਾਨ ਭਾਉਂਦਾ ਸੀ ਤੇ ਨਾ ਹੀ ਸ਼ੀਆ ਬਹੁਤਾਤ ਵਾਲਾ। ਉਹ ਹਰ ਪਾਸੇ ਵਹਾਬੀਇਜ਼ਮ ਫੈਲਾਉਣਾ ਚਾਹੁੰਦਾ ਸੀ। ਇੱਥੋਂ ਤੱਕ ਕਿ ਉਸਨੇ ਇਸਦੇ ਲਈ ਅਰਬ ਸੰਸਾਰ ਦੀ ਬਦਨਾਮ ਅੱਤਵਾਦੀ ਜਥੇਬੰਦੀ, ਮੁਸਲਮ ਬਰੱਦਰਹੁੱਡ ਦੀ ਪੁਸ਼ਤ ਪਨਾਹੀ ਵੀ ਕੀਤੀ ਹੋਈ ਸੀ।

ਅੱਸੀਵਿਆਂ 'ਚ ਅਫਗਾਨਿਸਤਾਨ ਅੰਦਰ, ਸੋਵੀਅਤ ਖਿਲਾਫ ਲੜੇ ਜਾ ਰਹੇ ਜੇਹਾਦ ਵਿੱਚ ਬਦੇਸ਼ੀ, ਖਾਸ ਕਰਕੇ ਅਰਬ ਲੜਾਕਿਆਂ ਨੂੰ ਸ਼ਾਮਲ ਕਰਨ ਦਾ ਫੈਸਲਾ ਪਾਕਿਸਤਾਨੀ ਆਈ. ਐੱਸ. ਆਈ. ਦਾ ਸੀ ਪਰ ਇਸ ਨੂੰ ਅਮਰੀਕਣ ਸੀ. ਆਈ. ਏ. ਦੀ ਵੀ ਪੂਰੀ ਹਿਮਾਇਤ ਹਾਸਲ ਸੀ। ਉਸ ਵੇਲੇ ਪਾਕਿਸਤਾਨ ਨੇ ਦੁਨੀਆਂ ਭਰ ਦੀਆਂ ਆਪਣੀਆਂ ਅੰਬੈਸੀਆਂ ਨੂੰ ਹਿਦਾਇਤ ਕੀਤੀ ਹੋਈ ਸੀ ਕਿ ਅਫਗਾਨਿਸਤਾਨ ਅੰਦਰਲੇ ਜੇਹਾਦ ਵਿੱਚ ਸ਼ਾਮਲ ਹੋਣ ਲਈ ਆ ਰਹੇ ਲੜਾਕਿਆਂ ਨੂੰ ਬੇਰੋਕ ਪਾਕਿਸਤਾਨ ਵਿੱਚ ਦਾਖਲਾ ਦਿੱਤਾ ਜਾਵੇ, ਜਿੱਥੇ ਆ ਕੇ ਉਨ੍ਹਾਂ ਟਰੇਨਿੰਗ ਲੈਣੀ ਹੁੰਦੀ ਸੀ ਤੇ ਫਿਰ ਅੱਗੇ ਅਫਗਾਨਿਸਤਾਨ ਵਿੱਚ ਲੜਨ ਜਾਣਾ ਹੁੰਦਾ ਸੀ। ਮਿਡਲ ਈਸਟ 'ਚੋਂ ਮੁਸਲਿਮ ਬਰੱਦਰਹੁੱਡ, ਫਸਲਤੀਨੀ ਲੜਾਕੇ ਅਤੇ ਸਾਊਦੀ ਅਰਬ ਦੇ ਵਰਲਡ ਮੁਸਲਿਮ ਲੀਗੀ ਜੇਹਾਦੀ, ਧੜਾ ਧੜਾ ਪਾਕਿਸਤਾਨ ਪਹੁੰਚ ਰਹੇ ਸਨ। 1982 ਤੋਂ 1992 ਦਰਮਿਆਨ ਤਕਰੀਬਨ ਚਾਲੀ ਮੁਲਕਾਂ 'ਚੋਂ, ਪੰਜਾਹ ਹਜ਼ਾਰ ਦੇ ਲੱਗਭੱਗ ਕੱਟੜਵਾਦੀ ਲੜਾਕੇ ਪਾਕਿਸਤਾਨ ਪਹੁੰਚੇ। ਆਈ. ਐੱਸ. ਆਈ. ਦੀ ਦੇਖ ਰੇਖ ਹੇਠ ਪਿਸ਼ਾਵਰ ਵਿਚਲੇ ਕੈਂਪਾਂ 'ਚ ਉਨ੍ਹਾਂ ਨੂੰ ਟਰੇਨਿੰਗ ਦਿੱਤੀ ਗਈ। ਵੱਖੋ ਵੱਖਰੇ ਮੁਲਕਾਂ ਦੇ ਇਹ ਇੰਤਹਾਪਸੰਦ ਕੱਟੜਪੰਥੀ ਪਹਿਲੀ ਵਾਰ ਮਿਲੇ। ਫਿਰ ਇਨ੍ਹਾਂ ਇਕੱਠਿਆਂ ਨੇ ਜੇਹਾਦ ਦੇ ਨਾਂ ਹੇਠ ਟਰੇਨਿੰਗ ਲਈ ਅਤੇ ਪਿੱਛੋਂ ਇਕੱਠੇ ਲੜੇ ਵੀ। ਇੱਥੇ ਹੀ ਇਨ੍ਹਾਂ ਲੋਕਾਂ 'ਚ ਇਸਲਾਮ ਲਈ ਮਰਨ ਮਿਟਣ ਦਾ ਜਜ਼ਬਾ ਪੈਦਾ ਹੋਇਆ। ਇੱਕ ਤਰ੍ਹਾਂ ਨਾਲ ਇਹ ਕੈਂਪ ਜੇਹਾਦ ਦੇ ਨਾਂ ਹੇਠ ਲੜਨ ਵਾਲਿਆਂ ਦੀ ਯੂਨੀਵਰਸਿਟੀ ਬਣ ਗਏ। ਇੱਥੇ ਇੱਕੋ ਇੱਕ ਸਾਂਝਾ ਕਾਰਜ ਸੀ ਇਸਲਾਮ ਲਈ ਲੜਨਾ। ਫਿਰ ਭਾਵੇਂ ਉਹ ਕਿਸੇ ਵੀ ਮੁਲਕ ਵਿੱਚ ਹੋਵੇ। ਉਸ ਵੇਲੇ ਵੱਡੇ ਮੁਲਕਾਂ ਦੀਆਂ ਇੰਟੈਲੀਜੈਂਸ ਏਜੰਸੀਆਂ ਨੇ ਇਹ ਗੱਲ ਸੋਚੀ ਤੱਕ ਨਾ ਕਿ ਦੁਨੀਆਂ ਭਰ ਦੇ ਇਸਲਾਮੀ ਕੱਟੜਪੰਥੀਆਂ ਨੂੰ ਇੱਥੇ ਇੱਕ ਥਾਂ ਇਕੱਠੇ ਕਰ ਕੇ, ਅਤੇ ਇੱਕ ਸਾਂਝਾ ਮੁਹਾਜ ਬਣਾ ਕੇ ਉਹ ਕਿੱਡੀ ਵੱਡੀ ਭੁੱਲ ਕਰ ਰਹੇ ਹਨ। ਕਿਉਂਕਿ ਇਨ੍ਹਾਂ ਕੱਟੜਪੰਥੀਆਂ ਵਿੱਚ ਜ਼ਿਆਦਾ ਗਿਣਤੀ ਉਨ੍ਹਾਂ ਨੌਜਵਾਨਾਂ ਦੀ ਸੀ ਜਿਹੜੇ ਅੱਤਵਾਦੀ ਗਤੀਵਿਧੀਆਂ ਕਰਕੇ ਆਪਣੇ ਮੁਲਕਾਂ

ਵਿੱਚ ਕਾਨੂੰਨ ਲਈ ਖਤਰਾ ਸਨ ਅਤੇ ਬਹੁਤੇ ਤਾਂ ਸਰਕਾਰਾਂ ਨੂੰ ਮੁਜ਼ਰਮਾਨਾਂ ਕਾਰਵਾਈਆਂ ਲਈ ਲੋੜੀਂਦੇ ਸਨ। ਪਰ ਉਦੋਂ ਅਫਗਾਨਿਸਤਾਨ ਅੰਦਰ ਚੱਲ ਰਹੀ ਜੰਗ ਵਿੱਚ ਹਿੱਸਾ ਲੈ ਰਹੇ ਅਮਰੀਕਾ, ਸਾਊਦੀ ਅਰਬ ਜਾਂ ਪਾਕਿਸਤਾਨ ਵਰਗਿਆਂ ਦਾ ਮੌਕੇ ਦਾ ਇੱਕੋ ਏਜੰਡਾ ਸੀ, ਸੋਵੀਅਤ ਯੂਨੀਅਨ ਨੂੰ ਹਰਾਉਣਾ।

ਸਾਊਦੀ ਅਰਬ, ਅਫਗਾਨਿਸਤਾਨ ਅੰਦਰ ਚੱਲ ਰਹੀ ਜੰਗ ਦਾ ਇੱਕ ਵੱਡਾ ਸਹਿਯੋਗੀ ਸੀ। ਉੱਥੋਂ ਦੇ ਆਮ ਲੜਾਕੇ ਜਿਨ੍ਹਾਂ ਵਿੱਚ ਵਿਦਿਆਰਥੀ, ਟੈਕਸੀ ਡਰਾਈਵਰ, ਨਿੱਤ ਦਾ ਕੰਮ ਕਾਜ ਕਰਨ ਵਾਲੇ ਜਾਂ ਛੋਟੇ ਕਬੀਲਿਆਂ ਦੇ ਨੌਜਵਾਨ, ਆਪਣੇ ਤੌਰ 'ਤੇ ਤਾਂ ਬੜੇ ਪਹੁੰਚ ਰਹੇ ਸਨ ਪਰ ਪਾਕਿਸਤਾਨ ਚਾਹੁੰਦਾ ਸੀ ਕਿ ਸਾਊਦੀ ਅਰਬ ਆਪਣੇ ਵੱਲੋਂ ਇਨ੍ਹਾਂ ਲੜਾਕਿਆਂ ਦੀ ਸਰਪਰਸਤੀ ਕਰੇ। ਇਸਦੇ ਲਈ ਆਈ. ਐੱਸ. ਆਈ. ਦਾ ਮੌਕੇ ਦਾ ਮੁਖੀ ਜਨਰਲ ਹਮੀਦ ਗੁਲ, ਸਾਊਦੀ ਅਰਬ ਦੀ ਇੰਟੈਲੀਜੈਂਸੀ ਏਜੰਸੀ ਦੇ ਮੁਖੀ ਸ਼ਹਿਜਾਦਾ ਟਰਕੀ 'ਤੇ ਜੋਰ ਪਾ ਰਿਹਾ ਸੀ। ਸ਼ਹਿਜਾਦਾ ਟਰਕੀ ਦੀ ਨਜ਼ਰ, ਸ਼ਾਹੀ ਪਰਿਵਾਰ ਦੇ ਇੱਕ ਕਾਫੀ ਨਜ਼ਦੀਕੀ ਅਤੇ ਬਹੁਤ ਹੀ ਅਮੀਰ ਇਨਸਾਨ 'ਤੇ ਪਈ। ਉਹ ਸੀ ਸਾਊਦੀ ਕਿੰਗ ਦਾ ਦੋਸਤ ਮੁਹੰਮਦ ਬਿਨ ਲਾਦੇਨ, ਜੋ ਕਿ ਯਮਨੀ ਸੀ ਤੇ ਹੁਣ ਸਾਊਦੀ ਅਰਬ ਵਿੱਚ ਰਹਿੰਦਾ ਸੀ। ਮੁਹੰਮਦ ਬਿਨ ਲਾਦੇਨ ਦਾ ਕਨਸਟਰੱਕਸ਼ਨ ਦਾ ਬਹੁਤ ਵੱਡਾ ਕੰਮ ਸੀ ਤੇ ਉਹ ਹੱਦ ਦਰਜੇ ਦਾ ਅਮੀਰ ਸੀ। ਕਿੰਗ ਨੇ ਮੁਹੰਮਦ ਬਿਨ ਲਾਦੇਨ ਨਾਲ ਗੱਲ ਕੀਤੀ ਤਾਂ ਉਹ ਇਸ ਕੰਮ ਲਈ ਮੰਨ ਗਿਆ। ਉਸਨੇ ਸਾਊਦੀ ਅਰਬ ਤੋਂ ਅਫਗਾਨਿਸਤਾਨ ਅੰਦਰ ਜਾ ਰਹੇ ਜੇਹਾਦੀਆਂ ਦੀ ਵਾਂਗ ਡੋਰ ਆਪਣੇ ਨੌਜਵਾਨ ਪੁੱਤਰ ਉਸਾਮਾ ਬਿਨ ਲਾਦੇਨ ਨੂੰ ਸੌਂਪ ਦਿੱਤੀ। ਸ਼ੁਰੂ ਵਿੱਚ ਉਸਾਮਾ ਬਿਨ ਲਾਦੇਨ ਦਾ ਕੰਮ, ਸਰਕਾਰ ਦੁਆਰਾ ਅਤੇ ਲੋਕਾਂ ਦੁਆਰਾ ਅਫਗਾਨਿਸਤਾਨ ਜੰਗ ਲਈ ਕੀਤੇ ਇਕੱਠੇ ਫੰਡ ਨੂੰ ਸਹੀ ਢੰਗ ਨਾਲ ਇਸਤੇਮਾਲ ਕਰਨ ਤੱਕ ਸੀਮਤ ਸੀ। ਉਦੋਂ ਪਿਸ਼ਾਵਰ ਵਿਚਲੇ ਕੈਂਪ ਨੂੰ, ਜਿਸ ਵਿੱਚ ਸਾਊਦੀ ਅਰਬ ਤੋਂ ਆਏ ਲੜਾਕੇ ਠਹਿਰਦੇ ਸਨ, ਜਿਸਨੂੰ ਕਿ ਮੁਖਾਤਬ ਅਲ ਖਿਦਾਮਤ ਕਿਹਾ ਜਾਂਦਾ ਸੀ, ਸਾਊਦੀ ਅਰਬ ਦਾ ਬਾਸ਼ਿੰਦਾ, ਅਬਦੁੱਲਾ ਆਜ਼ਮ ਚਲਾ ਰਿਹਾ ਸੀ। ਉਸਾਮਾ ਬਿਨ ਲਾਦੇਨ, ਅਬਦੁੱਲਾ ਆਜ਼ਮ ਨੂੰ ਸਾਊਦੀ ਅਰਬ ਦੀ ਜਿਧਾ ਯੂਨੀਵਰਸਿਟੀ ਵਿੱਚ ਮਿਲ ਚੁੱਕਿਆ ਸੀ। ਇਸ ਲਈ ਲਾਦੇਨ ਦਾ ਕੰਮ ਹੋਰ ਵੀ ਸੌਖਾ ਹੋ ਗਿਆ। ਸਾਊਦੀ ਅਰਬ ਸਰਕਾਰ ਵੱਲੋਂ ਵੱਡੀ ਜ਼ਿੰਮੇਵਾਰੀ ਲੈ ਕੇ ਲਾਦੇਨ ਪਿਸ਼ਾਵਰ ਸਥਿਤ, ਮੁਖਾਤਬ ਅਲ ਖਿਦਾਮਤ ਦੇ ਦਫਤਰ ਪਹੁੰਚ ਗਿਆ। ਉਸਨੇ ਹੁਣ ਤੱਕ ਦੀ ਜ਼ਿੰਦਗੀ ਇੱਕ ਸ਼ਹਿਜਾਦੇ ਦੀ ਤਰ੍ਹਾਂ ਗੁਜ਼ਾਰੀ ਸੀ ਤੇ ਉਸਨੇ ਬਿਜ਼ਨਸ ਐਡਮਨਿਸਟਰੇਸ਼ਨ ਵਿੱਚ ਪੜ੍ਹਾਈ ਕੀਤੀ ਹੋਈ ਸੀ। ਸ਼ੁਰੂ 'ਚ ਉਹ ਜੇਹਾਦੀਆਂ ਲਈ ਫੰਡ ਦੇ ਸਿਲਸਿਲੇ ਵਿੱਚ ਆਮ ਹੀ ਸਾਊਦੀ ਅਰਬ ਦੇ ਫੇਰੇ ਮਾਰਦਾ ਰਹਿੰਦਾ ਸੀ। ਫਿਰ ਹੌਲੀ ਹੌਲੀ ਉਹ ਖੁਦ ਵੀ ਜੇਹਾਦ ਵੱਲ ਪ੍ਰੇਰਤ ਹੋਣ ਲੱਗਿਆ ਤੇ ਪੱਕੇ ਤੌਰ 'ਤੇ ਪਿਸ਼ਾਵਰ ਹੀ ਰਹਿਣ ਲੱਗ ਪਿਆ। ਇਸੇ ਸਮੇਂ ਦਰਮਿਆਨ ਉਸਨੇ ਆਪਣੀ ਹੀ ਕੰਪਨੀ ਦੇ ਇੰਜੀਨੀਅਰਾਂ ਦੁਆਰਾ ਆਪਣੀ ਰਿਹਾਇਸ਼ ਵਾਲੇ ਇਲਾਕੇ ਵਿੱਚ ਸੜਕਾਂ ਬਗੈਰਾ ਦਾ ਨਿਰਮਾਣ ਕਰਵਾਇਆ ਅਤੇ ਮੁਜਾਹਦੀਨਾਂ ਲਈ ਹਸਪਤਾਲ, ਟਰੇਨਿੰਗ ਕੈਂਪ ਅਤੇ ਅਸਲੇ ਦੇ ਡਿਪੋ ਬਗੈਰਾ ਬਣਵਾਏ। ਕੁਝ ਸਮੇਂ ਬਾਅਦ ਉਸਨੇ ਆਪਣੇ ਮੁਲਕ ਦੇ ਲੜਾਕਿਆਂ ਲਈ ਵੱਖਰਾ ਟਰੇਨਿੰਗ ਕੈਂਪ ਬਣਾ ਲਿਆ। ਹੁਣ ਤੱਕ ਉਹ ਜੋ ਵੀ ਕਰ ਰਿਹਾ ਸੀ ਸਾਊਦੀ ਅਰਬ ਸਰਕਾਰ ਲਈ ਕਰ ਰਿਹਾ ਸੀ ਜੋ ਕਿ ਉਸਨੂੰ ਸਾਰਾ ਫੰਡ ਮੁਹੱਈਆ ਕਰਵਾ ਰਹੀ ਸੀ। ਚੰਗੀਆਂ ਸੁਖ ਸਹੂਲਤਾਂ ਦੀ ਵਜ੍ਹਾ ਕਰਕੇ ਹੌਲੀ ਹੌਲੀ ਬਾਹਰਲੇ ਲੜਾਕੇ, ਲਾਦੇਨ ਦੇ ਕੈਂਪ ਵਿੱਚ ਪਹੁੰਚਣ ਲੱਗੇ ਜਿੱਥੇ ਉਨ੍ਹਾਂ ਨੂੰ ਅਮਰੀਕਨਾਂ ਅਤੇ ਪਾਕਿਸਤਾਨੀ ਫੌਜੀ ਅਫਸਰਾਂ ਦੁਆਰਾ ਅੱਵਲ ਦਰਜੇ ਦੀ ਟਰੇਨਿੰਗ ਦਿੱਤੀ ਜਾਂਦੀ ਸੀ। ਉਸ ਵੇਲੇ ਅਮਰੀਕਾ ਅਤੇ ਪਾਕਿਸਤਾਨ ਲਈ ਲਾਦੇਨ ਇੱਕ ਹੀਰੋ



ਸੀ। ਇਨ੍ਹਾਂ ਹੀ ਦਿਨਾਂ ਵਿੱਚ ਅਬਦੁੱਲਾ ਆਜ਼ਮ ਦੀ ਮੌਤ ਹੋ ਗਈ ਤਾਂ ਉਸਦੀ ਜਥੇਬੰਦੀ ਦਾ ਚਾਰਜ ਵੀ ਲਾਦੇਨ ਨੇ ਸੰਭਾਲ ਲਿਆ। ਉਦੋਂ ਹੀ ਉਸਨੇ ਸਾਰੀਆਂ ਜਥੇਬੰਦੀਆਂ ਨੂੰ ਇਕੱਠੀਆਂ ਕਰਕੇ ਇੱਕ ਝੰਡੇ ਹੇਠ ਲਿਆਂਦਾ ਤੇ ਇਸਨੂੰ 'ਅਲ ਕਾਇਦਾ' ਦਾ ਨਾਂ ਦਿੱਤਾ। ਹੁਣ ਤੱਕ ਇਹ ਕੈਂਪ ਅਤੇ ਰਿਹਾਇਸ਼ੀ ਇਲਾਕੇ ਬਹੁਤ ਵਧਾ ਦਿੱਤੇ ਗਏ ਸਨ ਤੇ ਜੇਹਾਦੀਆਂ ਦੇ ਪਰਿਵਾਰ ਵੀ ਇੱਥੇ ਆ ਕੇ ਰਹਿਣ ਲੱਗੇ ਸਨ।

ਰਸ਼ੀਆ ਅਫਗਾਨਿਸਤਾਨ ਵਿੱਚੋਂ ਨਿਕਲ ਗਿਆ ਤਾਂ ਲੜਾਈ ਵੀ ਤਕਰੀਬਨ ਖਤਮ ਹੋ ਗਈ। ਫਿਰ ਉਸਾਮਾ ਬਿਨ ਲਾਦੇਨ ਵੀ ਸਾਊਦੀ ਅਰਬ ਪਰਤ ਗਿਆ। ਉੱਥੇ ਜਾ ਕੇ ਉਸਨੇ ਅਰਬ-ਅਫਗਾਨ ਵੈਟਰਨ ਨਾਂ ਦੀ ਸੰਸਥਾ ਬਣਾ ਲਈ ਤੇ ਅਫਗਾਨ ਜੰਗ ਵਿੱਚ ਮਾਰੇ ਗਏ ਜੇਹਾਦੀਆਂ ਦੇ ਪਰਿਵਾਰਾਂ ਦੀ ਮੱਦਦ ਕਰਨ ਲੱਗਿਆ। ਚਾਰ ਹਜ਼ਾਰ ਦੇ ਲੱਗਭੱਗ ਲੜਾਕੇ ਜੋ ਉਸ ਨਾਲ ਮੁੜ ਆਏ ਸਨ ਉਹ ਵੀ ਉਸਦੀ ਦੇਖ-ਰੇਖ ਹੇਠ ਰਹਿਣ ਲੱਗੇ। ਇਸ ਦਰਮਿਆਨ 1990 ਵਿੱਚ ਇਰਾਕ ਨੇ ਕੁਵੈਤ 'ਤੇ ਹਮਲਾ ਕਰ ਦਿੱਤਾ। ਇੱਥੇ ਕਬਜ਼ਾ ਕਰਨ ਪਿੱਛੋਂ ਇਰਾਕ ਨੇ ਸਾਊਦੀ ਅਰਬ ਵੱਲ ਵਧਣ ਦੀ ਧਮਕੀ ਦੇ ਦਿੱਤੀ। ਸਾਊਦੀ ਅਰਬ ਖਤਰੇ ਹੇਠ ਆ ਗਿਆ ਤਾਂ ਉਸਾਮਾ ਬਿਨ ਲਾਦੇਨ, ਸਾਊਦੀ ਕਿੰਗ ਨੂੰ ਮਿਲਿਆ। ਉਦੋਂ ਸਾਰੇ ਪਾਸੇ ਇਹ ਗੱਲ ਉੱਡ ਰਹੀ ਸੀ ਕਿ ਅਮਰੀਕਾ ਸਾਊਦੀ ਅਰਬ ਦੀ ਮੱਦਦ 'ਤੇ ਆਵੇਗਾ। ਪਰ ਲਾਦੇਨ ਦਾ ਸੋਚਣਾ ਸੀ ਕਿ ਸਾਊਦੀ ਅਰਬ ਦੀ ਪਵਿੱਤਰ ਧਰਤੀ 'ਤੇ ਅਮਰੀਕਾ ਜਾਂ ਕਿਸੇ ਵੀ ਪੱਛਮੀ ਮੁਲਕ ਦੇ ਕਾਫਰਾਂ ਨੂੰ ਨਹੀਂ ਆਉਣ ਦੇਣਾ ਚਾਹੀਦਾ। ਉਸਨੇ ਕਿੰਗ ਫਾਹਦ ਨੂੰ ਅਫਗਾਨ ਜੰਗ ਦੀ ਤਰ੍ਹਾਂ ਹੀ ਇਰਾਕ ਨਾਲ ਨਜਿੱਠਣ ਦੀ ਸਲਾਹ ਦਿੱਤੀ ਤੇ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਉਸ ਦਾ ਕਹਿਣਾ ਸੀ ਕਿ ਇਹ ਜ਼ਿੰਮੇਵਾਰੀ ਉਸਨੂੰ ਸੌਂਪੀ ਜਾਵੇ ਤਾਂ ਉਹ ਆਪਣੇ ਲੜਾਕਿਆਂ ਨਾਲ ਸਾਊਦੀ ਅਰਬ ਦੀ ਰੱਖਿਆ ਕਰੇਗਾ। ਪਰ ਕਿੰਗ ਨੂੰ ਲਾਦੇਨ ਦੀ ਇਹ ਗੱਲ ਬਚਕਾਨਾ ਜਿਹੀ ਲੱਗੀ ਤੇ ਉਸ ਨੇ ਖਾਸ ਧਿਆਨ ਨਾ ਦਿੱਤਾ। ਥੋੜ੍ਹੀ ਦੇਰ ਬਾਅਦ ਹੀ ਸਾਊਦੀ ਸਰਕਾਰ ਨੇ ਅਮਰੀਕਨਾਂ ਨੂੰ ਬੁਲਾ ਲਿਆ। ਇਸ ਨਾਲ ਲਾਦੇਨ ਗੁੱਸੇ ਵਿੱਚ ਆ ਗਿਆ ਤੇ ਉਸਨੇ ਸ਼ਰੇਆਮ ਸਾਊਦੀ ਰਾਜ ਘਰਾਣੇ ਵਿਰੁੱਧ ਪ੍ਰਚਾਰ ਆਰੰਭ ਦਿੱਤਾ। ਇਰਾਕ ਨਾਲ ਲੜਾਈ ਪਿੱਛੋਂ ਵੀ ਜਦੋਂ ਕੁਝ ਅਮਰੀਕੀ ਫੌਜ ਸਾਊਦੀ ਅਰਬ ਵਿੱਚ ਡੇਰਾ ਲਾ ਕੇ ਬੈਠੀ ਰਹੀ ਤਾਂ ਲਾਦੇਨ ਦਾ ਗੁੱਸਾ ਹੋਰ ਵੀ ਵਧ ਗਿਆ। ਉਸਨੇ ਸਰਕਾਰ ਖਿਲਾਫ ਜਲਸੇ ਜਲੂਸ ਕੱਢਣ ਦੀ ਧਮਕੀ ਦੇ ਦਿੱਤੀ। ਉਸਦੇ ਇਸ ਵਰਤਾਅ ਤੋਂ ਚਿੜ੍ਹ ਕੇ ਸਰਕਾਰ ਨੇ ਉਸ ਦੀ ਨਾਗਰਿਕਤਾ ਖਤਮ ਕਰ ਦਿੱਤੀ ਤੇ ਉਸਨੂੰ ਦੇਸ਼ ਛੱਡਣ ਦਾ ਹੁਕਮ ਦੇ ਦਿੱਤਾ। ਉਸਾਮਾ ਬਿਨ ਲਾਦੇਨ ਆਪਣੇ ਸਾਥੀਆਂ ਨਾਲ ਸੁਡਾਨ ਚਲਿਆ ਗਿਆ। ਉਹ ਚਲਿਆ ਤਾਂ ਗਿਆ ਪਰ ਉਸਦੇ ਦਿਲ ਵਿੱਚ ਆਪਣੇ ਮੁਲਕ ਦੇ ਨਾਲ ਨਾਲ ਅਮਰੀਕਾ ਖਿਲਾਫ ਵੀ ਬਹੁਤ ਨਫਰਤ ਭਰ ਚੁੱਕੀ ਸੀ। ਉਹ ਸ਼ਰੇਆਮ ਗੈਰ ਮੁਸਲਮਾਂ ਦੇ ਖਿਲਾਫ ਹੋ ਚੁੱਕਿਆ ਸੀ। ਸੁਡਾਨ ਵਿੱਚ ਉਸ ਵੇਲੇ ਘਰੇਲੂ ਜੰਗ ਚੱਲ ਰਹੀ ਸੀ ਤੇ ਲਾਦੇਨ ਨੇ ਮੌਕੇ ਦੇ ਲੀਡਰ, ਹਸਨ ਤਰਾਬੀ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ। ਉਸਨੇ ਸੁਡਾਨ ਵਿੱਚ ਵੀ ਜੇਹਾਦੀਆਂ ਲਈ ਵੱਖਰੇ ਕੈਂਪ ਸ਼ੁਰੂ ਕੀਤੇ ਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨ ਇੱਥੇ ਪਹੁੰਚਣੇ ਸ਼ੁਰੂ ਹੋ ਗਏ। ਇੱਕ ਪ੍ਰਕਾਰ ਨਾਲ ਲਾਦੇਨ ਦੀ ਆਪਣੀ ਫੌਜ ਤਿਆਰ ਹੋ ਗਈ ਸੀ। ਉਹ ਸਾਊਦੀ ਰਾਜ ਘਰਾਣੇ ਦੀ ਲਗਾਤਾਰ ਨਿੰਦਾ ਕਰਦਾ ਰਹਿੰਦਾ ਸੀ ਜਿਸ ਕਰਕੇ ਸਾਊਦੀ ਸਰਕਾਰ ਨੇ ਹਸਨ ਤਾਰਾਬੀ 'ਤੇ ਜ਼ੋਰ ਪਾ ਕੇ ਲਾਦੇਨ ਨੂੰ ਸੁਡਾਨ ਵਿੱਚੋਂ ਕੱਢ ਦੇਣ ਨੂੰ ਕਿਹਾ। ਉਦੋਂ ਤੱਕ ਅਫਗਾਨਿਸਤਾਨ 'ਚ ਤਾਲੀਬਾਨ ਸਥਾਪਤ ਹੋ ਚੁੱਕੇ ਸਨ ਅਤੇ ਲਾਦੇਨ ਨੇ ਉਨ੍ਹਾਂ ਨਾਲ ਅੰਦਰਖਾਤੇ ਗੱਲਬਾਤ ਚਲਾ ਰੱਖੀ ਸੀ। ਆਖਰ ਉਸਨੂੰ ਤਾਲੀਬਾਨਾਂ ਦੁਆਰਾ ਉੱਥੇ ਪਹੁੰਚਣ ਦਾ ਸੱਦਾ ਮਿਲ ਗਿਆ ਤੇ 1996 ਦੇ ਮਈ ਮਹੀਨੇ ਉਹ

ਆਪਣੇ ਲਾਮ-ਲਸ਼ਕਰ ਸਮੇਤ ਅਫਗਾਨਿਸਤਾਨ ਦੇ ਜਲਾਲਬਾਦ ਸ਼ਹਿਰ ਵਿੱਚ ਜਾ ਉਤਰਿਆ। ਉਂਝ ਤਾਂ 1993 ਵਾਲੇ ਵਰਲਡ ਟਰੇਡ ਸੈਂਟਰ ਦੇ ਬੰਬ ਧਮਾਕੇ ਵਿੱਚ ਵੀ ਲਾਦੇਨ ਦੀ ਭੂਮਿਕਾ ਸਮਝੀ ਜਾਂਦੀ ਸੀ ਪਰ ਹੁਣ ਤਾਂ ਉਹ ਖੁਲ੍ਹ ਕੇ ਅਮਰੀਕਾ ਅਤੇ ਪੱਛਮ ਖਿਲਾਫ ਬੋਲਣ ਲੱਗਿਆ ਸੀ। ਅਗਸਤ 1996 ਵਿੱਚ ਪਹਿਲੀ ਵਾਰ ਉਸਨੇ ਇਹ ਕਹਿੰਦਿਆਂ ਕਿ ਅਮਰੀਕਨ, ਸਾਊਦੀ ਅਰਬ ਦੀ ਪਵਿੱਤਰ ਧਰਤੀ 'ਤੇ ਕਬਜ਼ਾ ਕਰੀ ਬੈਠੇ ਹਨ, ਅਮਰੀਕਾ ਦੇ ਖਿਲਾਫ ਜੇਹਾਦ ਲੜਨ ਦਾ ਐਲਾਨ ਕੀਤਾ। ਅਫਗਾਨਿਸਤਾਨ ਵਿੱਚ ਪਹੁੰਚ ਕੇ ਲਾਦੇਨ ਹੌਲੀ ਹੌਲੀ ਮੁੱਲਾ ਉਮਰ ਨਾਲ ਸੰਪਰਕ ਵਧਾਉਣ ਲੱਗਿਆ ਤੇ ਉਸਦੇ ਨੇੜੇ ਆਉਂਦਾ ਗਿਆ। ਆਖਰ 1997 ਤੱਕ ਉਹ ਉਸਦੇ ਇੰਨਾ ਕੁ ਨੇੜੇ ਹੋ ਗਿਆ ਕਿ ਮੁੱਲਾ ਉਮਰ ਨੇ ਉਸਨੂੰ ਕੰਧਾਰ, ਜਿੱਥੇ ਕਿ ਮੁੱਲਾ ਉਮਰ ਦਾ ਆਧਾਰ ਅਤੇ ਰਿਹਾਇਸ਼ ਸੀ, ਆ ਕੇ ਰਹਿਣ ਦਾ ਸੱਦਾ ਦਿੱਤਾ। ਉਸਾਮਾ ਬਿਨ ਲਾਦੇਨ ਆਪਣੇ ਸਾਰੇ ਲੜਾਕਿਆਂ ਨਾਲ ਕੰਧਾਰ ਚਲਾ ਗਿਆ ਤੇ ਉੱਥੇ ਹੀ ਆਪਣੇ ਟਰੇਨਿੰਗ ਕੈਂਪ ਬਗੈਰਾ ਸਥਾਪਤ ਕਰ ਲਏ। ਹੁਣ ਤੱਕ ਉਹ ਅਮਰੀਕਨਾਂ ਦਾ ਕਾਫੀ ਨੁਕਸਾਨ ਕਰ ਚੁੱਕਿਆ ਸੀ ਤੇ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਲਈ ਵੱਡਾ ਖਤਰਾ ਬਣਦਾ ਜਾ ਰਿਹਾ ਸੀ। 1996 ਵਿੱਚ ਪਰੈਜ਼ੀਡੈਂਟ ਕਲਿੰਟਨ ਨੇ ਐਂਟੀ ਟੈਰੋਰਿਜ਼ਮ ਐਕਟ 'ਤੇ ਦਸਤਖਤ ਕੀਤੇ ਜਿਸ ਦੀ ਵੱਡੀ ਮੱਦ ਸੀ ਅੱਤਵਾਦੀ ਜਥੇਬੰਦੀਆਂ ਨੂੰ ਪੈਸਾ ਟਕਾ ਮੁਹੱਈਆ ਕਰਵਾਉਣ ਤੋਂ ਰੋਕ ਲਾਉਣੀ। ਇਹ ਐਕਟ ਬਣਦਿਆਂ ਹੀ ਲਾਦੇਨ ਦਾ ਤਕਰਬੀਨ ਤਿੰਨ ਸੌ ਮਿਲੀਅਨ ਡਾਲਰ ਬੈਂਕਾਂ ਨੇ ਬਲਾਕ ਕਰ ਦਿੱਤਾ ਜਿਸ ਨਾਲ ਲਾਦੇਨ ਹੋਰ ਵੀ ਭੜਕ ਉੱਠਿਆ ਤੇ ਹਰ ਵਕਤ ਅਮਰੀਕਾ ਨੂੰ ਨੁਕਸਾਨ ਪਹੁੰਚਾਉਣ ਦਾ ਸੋਚਣ ਲੱਗ ਪਿਆ। ਉੱਧਰ ਅਮਰੀਕਾ ਵੀ ਚੁੱਪ ਨਹੀਂ ਬੈਠਾ ਸੀ। ਉਸਨੇ ਲਾਦੇਨ ਨੂੰ ਫੜਨ ਜਾਂ ਮਾਰਨ ਲਈ ਖਾਸ ਦਸਤਾ ਤਿਆਰ ਕੀਤਾ ਜਿਸਨੇ ਪਾਕਿਸਤਾਨ ਵਾਲੇ ਪਾਸਿਉਂ ਐਕਸ਼ਨ ਕਰਨਾ ਸੀ। ਇਸ ਵਿੱਚ ਪਾਕਿਸਤਾਨ ਅਤੇ ਅਫਗਾਨਿਸਤਾਨ ਦੇ ਏਜੈਂਟ ਸ਼ਾਮਲ ਸਨ। ਪਰ ਇਹ ਮਿਸ਼ਨ ਕਾਮਯਾਬ ਨਾ ਹੋਇਆ ਤੇ ਲਾਦੇਨ ਹੋਰ ਤਿਲਮਿਲਾ ਉੱਠਿਆ। ਉਸਨੇ ਸਾਰੇ ਜੇਹਾਦੀ ਗਰੁੱਪਾਂ ਦੀ ਮੀਟਿੰਗ ਬੁਲਾ ਕੇ ਇੱਕ ਹੋਰ ਫਤਵਾ ਜਾਰੀ ਕਰਵਾ ਦਿੱਤਾ। ਇਸ ਵਿੱਚ ਇਹ ਕਿਹਾ ਗਿਆ, "ਅਮਰੀਕਾ ਅਤੇ ਉਸਦੀ ਧਿਰ ਦੇ ਮੁਲਕਾਂ ਦੇ ਫੌਜੀਆਂ ਅਤੇ ਆਮ ਨਾਗਿਰਕਾਂ ਨੂੰ ਮਾਰਨਾ ਹਰ ਮੁਸਲਮਾਨ ਦਾ ਧਾਰਮਿਕ ਕਰਤੱਵ ਹੈ। ਇਨ੍ਹਾਂ ਨੂੰ ਦੁਨੀਆਂ ਦੇ ਕਿਸੇ ਵੀ ਖਿੱਤੇ ਵਿੱਚ ਜਾਂ ਉਨ੍ਹਾਂ ਦੇ ਆਪਣੇ ਮੁਲਕ ਵਿੱਚ ਜਾ ਕੇ ਮਾਰੋ। ਜਿੱਥੇ ਕਿਤੇ ਵੀ ਸੰਭਵ ਹੈ ਇਨ੍ਹਾਂ ਦਾ ਖਾਤਮਾ ਕਰੋ।" ਉਸਨੇ ਆਪਣੇ ਇਸ ਐਲਾਣ ਨੂੰ, ਅਫਰੀਕਣ ਅੰਬੈਸੀਆਂ ਵਿੱਚ ਬੰਬ ਧਮਾਕੇ ਕਰਕੇ ਅਮਲੀ ਜਾਮਾ ਪਹਿਨਾਇਆ। ਅਗਸਤ 1998 ਵਿੱਚ ਅਲ ਕਾਇਦਾ ਨੇ ਕੀਨੀਆਂ ਅਤੇ ਤਨਜ਼ਾਨੀਆਂ ਵਿਚਲੀਆਂ ਅਮਰੀਕਣ ਅੰਬੈਸੀਆਂ ਵਿੱਚ ਬੰਬ ਧਮਾਕੇ ਕਰਕੇ 220 ਜਾਨਾਂ ਲੈ ਲਈਆਂ ਤੇ ਹਜਾਰਾਂ ਜ਼ਖ਼ਮੀ ਹੋ ਗਏ। ਮਰਨ ਵਾਲਿਆਂ ਵਿੱਚ ਬਹੁ ਗਿਣਤੀ ਅਮਰੀਕਣ ਸਟਾਫ ਮੈਂਬਰ ਸਨ।

ਅਲਕਾਇਦਾ ਦੀ ਇਸ ਕਾਰਵਾਈ ਪਿੱਛੋਂ ਉਸਾਮਾ ਬਿਨ ਲਾਦੇਨ ਅਰਬ ਸੰਸਾਰ ਦਾ ਨਾਇਕ ਬਣ ਗਿਆ। ਉਸਦਾ ਨਾਂ ਘਰ ਘਰ ਪਹੁੰਚ ਗਿਆ। ਬੱਚਾ ਬੱਚਾ ਲਾਦੇਨ ਦੇ ਨਾਂ ਤੋਂ ਵਾਕਿਫ ਹੋ ਗਿਆ। ਇਨ੍ਹਾਂ ਬੰਬ ਧਮਾਕਿਆਂ ਤੋਂ ਬਾਅਦ ਅਮਰੀਕਾ ਨੇ ਲਾਦੇਨ ਦੇ ਸਿਰ ਦਾ ਇਨਾਮ ਪੰਜ ਮਿਲੀਅਨ ਰੱਖ ਦਿੱਤਾ। ਇਸ ਦੇ ਨਾਲ ਹੀ ਅਮਰੀਕਾ ਨੇ ਲਾਦੇਨ ਦੇ ਅਫਗਾਨਿਸਤਾਨ ਵਿਚਲੇ ਕੈਂਪਾਂ 'ਤੇ ਕਰੂਜ ਮਿਸਾਇਲਾਂ ਨਾਲ ਹਮਲਾ ਵੀ ਕੀਤਾ ਪਰ ਲਾਦੇਨ ਸਾਫ ਬਚ ਨਿਕਲਿਆ। ਲਾਦੇਨ ਦੇ ਜੁਰਮਾਂ ਦੀ ਲਿਸਟ ਲੰਬੀ ਹੁੰਦੀ ਜਾ ਰਹੀ ਸੀ। ਹੁਣ ਤੱਕ ਉਸਦੇ ਖਾਤੇ ਵਿੱਚ 1993 ਦਾ ਵਰਲਡ ਟਰੇਡ ਸੈਂਟਰ ਹਮਲਾ, ਮਗੋਦੀਸ਼ਾ ਵਿੱਚ ਅਠਾਰਾਂ ਅਮਰਕੀਣਾ ਦਾ ਕਤਲ, ਰਿਆਦ ਵਿੱਚ 1995 ਦੌਰਾਨ ਅਮਰੀਕੀ ਫੌਜੀਆਂ ਦਾ ਕਤਲ ਅਤੇ ਪਿੱਛੋਂ ਇੱਥੇ ਹੀ ਦਹਰਾਨ ਵਿੱਚ 19



ਅਮਰੀਕਣ ਫੌਜੀਆਂ ਦਾ ਮਾਰਨਾ, 1994 ਦੌਰਾਨ ਪੈਸੇਫਿਕ ਸਮੁੰਦਰ ਉੱਪਰ ਦਰਜਣਾਂ ਅਮਰੀਕਣ ਏਅਰਲਾਈਨਰਾਂ ਨੂੰ ਤਬਾਹ ਕਰਨ ਦੀ ਸਾਜਿਸ਼ ਬਗੈਰਾ। ਕਈਆਂ ਦਾ ਖਿਆਲ ਸੀ ਕਿ ਇਨ੍ਹਾਂ ਅੱਤਵਾਦੀ ਕਾਰਵਾਈਆਂ ਦਾ ਮੁੱਢ ਉਦੋਂ ਹੀ ਬੱਝ ਗਿਆ ਸੀ ਜਦੋਂ ਅਮਰੀਕਾ ਇਨ੍ਹਾਂ ਜਿਹਾਦੀਆਂ ਨੂੰ ਪਿਸ਼ਾਵਰ ਦੇ ਟਰੇਨਿੰਗ ਸੈਂਟਰਾਂ ਵਿੱਚ ਸਿਖਲਾਈ ਦੇ ਕੇ ਰਸ਼ੀਆ ਖਿਲਾਫ ਲੜਨ ਲਈ ਤਿਆਰ ਕਰ ਰਿਹਾ ਸੀ। ਜਦੋਂ ਅਫਗਾਨਿਸਤਾਨ 'ਚੋਂ ਰਸ਼ੀਆ ਹਾਰ ਕੇ ਨਿਕਲ ਗਿਆ ਤਾਂ ਇਹ ਜੇਹਾਦੀ ਵਿਹਲੇ ਹੋ ਗਏ। ਉਦੋਂ ਹੀ ਇਨ੍ਹਾਂ ਜੇਹਾਦੀਆਂ ਨੂੰ ਖਿਆਲ ਆਇਆ ਕਿ ਜੇਕਰ ਇੰਨੇ ਵੱਡੇ ਰਸ਼ੀਆ ਨੂੰ ਹਰਾਇਆ ਜਾ ਸਕਦਾ ਹੈ ਤਾਂ ਅਮਰੀਕਾ ਨੂੰ ਕਿਉਂ ਨਹੀਂ। ਅਮਰੀਕਾ ਨੇ ਲਾਦੇਨ ਨੂੰ ਫੜਨ ਦੀ ਜੋ ਵੀ ਕੋਸ਼ਿਸ਼ ਕੀਤੀ, ਉਹ ਤਕਰਬੀਨ ਸਾਰੀ ਹੀ ਅਜਾਈਂ ਗਈ। ਵੱਡਾ ਕਾਰਨ ਇਹ ਵੀ ਸੀ ਕਿ ਅਮਰੀਕਾ ਪਾਕਿਸਤਾਨ ਦੀ ਮੱਦਦ ਬਿਨਾਂ ਅਫਗਾਨਿਸਤਾਨ ਅੰਦਰ ਕੁਝ ਕਰ ਨਹੀਂ ਸਕਦਾ ਸੀ ਤੇ ਪਾਕਿਸਤਾਨ ਦਿਲੋਂ ਸਾਫ ਨਹੀਂ ਸੀ। ਜਦੋਂ ਹੀ ਅਮਰੀਕਾ ਅੰਦਰਖਾਤੇ ਕੋਈ ਕੋਸ਼ਿਸ਼ ਕਰਦਾ ਸੀ ਤਾਂ ਪਾਕਿਸਤਾਨ ਉਸਨੂੰ ਸਿਰੇ ਨ੍ਹੀਂ ਚੜ੍ਹਨ ਦਿੰਦਾ ਸੀ। ਅਮਰੀਕਾ ਨੇ ਸਾਊਦੀ ਅਰਬ 'ਤੇ ਜ਼ੋਰ ਪਾਇਆ ਤੇ ਉਨ੍ਹਾਂ ਅੱਗੇ ਤਾਲੀਬਾਨਾਂ ਨਾਲ ਰਾਬਤਾ ਕਾਇਮ ਕੀਤਾ। ਭਾਵੇਂ ਹੁਣ ਤੱਕ ਸਾਊਦੀ ਅਰਬ ਨੇ ਤਾਲੀਬਾਨਾਂ ਦੀ ਬਹੁਤ ਮੱਦਦ ਕੀਤੀ ਸੀ ਪਰ ਲਾਦੇਨ ਦੇ ਮੁੱਦੇ 'ਤੇ ਤਾਲੀਬਾਨ ਜੁਆਬ ਦੇ ਗਏ। ਇਸ ਤੋਂ ਚਿੜ੍ਹ ਕੇ ਸਾਊਦੀ ਅਰਬ ਨੇ ਤਾਲੀਬਾਨਾਂ ਨਾਲੋਂ ਨਾਤਾ ਤੋੜ ਲਿਆ। ਹੁਣ ਤੱਕ ਤਾਲੀਬਾਨਾਂ ਦਾ ਬਾਹਰਲਿਆਂ ਨਾਲ ਜ਼ਿਆਦਾ ਵਾਹ ਵਾਸਤਾ ਨਹੀਂ ਸੀ ਪਰ ਲਾਦੇਨ ਦੇ ਮਸਲੇ ਨੇ ਉਨ੍ਹਾਂ ਨੂੰ ਵੀ ਅਮਰੀਕਾ ਅਤੇ ਪੱਛਮ ਦੇ ਖਿਲਾਫ ਜ਼ਹਿਰ ਉਗਲਣ ਲਾ ਦਿੱਤਾ। ਆਖਰ ਅਮਰੀਕਣ ਸਰਕਾਰ ਨੇ ਤਾਲੀਬਾਨਾਂ ਨਾਲ ਸਿੱਧਾ ਰਾਬਤਾ ਕਾਇਮ ਕਰਕੇ ਉਸਾਮਾ ਬਿਨ ਲਾਦੇਨ ਦੀ ਹਵਾਲਗੀ ਮੰਗੀ। ਪਰ ਤਾਲੀਬਾਨਾਂ ਨੇ ਇਹ ਕਹਿੰਦਿਆਂ ਇਨਕਾਰ ਕਰ ਦਿੱਤਾ ਕਿ ਉਹ ਸਾਡਾ ਮਹਿਮਾਨ ਹੈ ਤੇ ਅਫਗਾਨੀ ਰਸਮੋ ਰਿਵਾਜ ਮੁਤਾਬਕ ਮਹਿਮਾਨ ਦੀ ਰਾਖੀ ਕੀਤੀ ਜਾਂਦੀ ਹੈ। ਜਦੋਂ ਅਮਰੀਕਾ ਨੇ ਲਾਦੇਨ ਦੀ ਵਜ੍ਹਾ ਕਰਕੇ ਅਫਗਾਨਿਸਤਾਨ 'ਤੇ ਮਿਸਾਇਲੀ ਹਮਲਾ ਕਰਨ ਦੀ ਧਮਕੀ ਦਿੱਤੀ ਤਾਂ ਪਹਿਲੀ ਵਾਰ ਤਾਲੀਬਾਨਾਂ ਨੇ ਸਿਆਸਤ ਕਰਨ ਦੀ ਸੋਚੀ। ਉਨ੍ਹਾਂ ਨੇ ਅਮਰੀਕਨਾਂ ਨੂੰ ਸੁਨੇਹਾ ਭੇਜਿਆ ਕਿ ਜੇਕਰ ਅਮਰੀਕਾ ਤਾਲੀਬਾਨ ਸਰਕਾਰ ਨੂੰ ਮਾਨਤਾ ਦੇ ਦੇਵੇ ਤਾਂ ਉਹ ਲਾਦੇਨ ਨੂੰ ਅਫਗਾਨਿਸਤਾਨ ਛੱਡ ਜਾਣ ਲਈ ਕਹਿ ਦੇਣਗੇ। ਇਸ ਗੱਲਬਾਤ ਦਾ ਲਾਦੇਨ ਨੂੰ ਪਤਾ ਲੱਗ ਗਿਆ। ਉਹ ਹੁਣ ਤੱਕ ਤਾਲੀਬਾਨਾਂ ਦੇ ਵਿਚਕਾਰ ਰਹਿੰਦਾ ਆਪਣਾ ਗਲਬਾ ਕਾਇਮ ਕਰ ਚੁੱਕਿਆ ਸੀ। ਉਸਨੇ ਇਸ ਚਲਦੀ ਗੱਲ ਵਿੱਚ ਰੋੜੇ ਅਟਕਾ ਦਿੱਤੇ। ਜਦੋਂ ਅਮਰੀਕਾ ਨੇ ਮਹਿਸੂਸ ਕੀਤਾ ਕਿ ਤਾਲੀਬਾਨ, ਲਾਦੇਨ ਨੂੰ ਬਾਰਗੇਨਿੰਗ ਚਿਪ ਦੇ ਤੌਰ 'ਤੇ ਵਰਤ ਰਹੇ ਹਨ ਤਾਂ ਉਸਨੇ ਆਪਣਾ ਕੰਮ ਹੋਰ ਜ਼ੋਰ ਨਾਲ ਵਧਾ ਦਿੱਤਾ। ਇੱਥੋਂ ਤੱਕ ਕਿ ਇੱਕ ਮੌਕੇ ਅਮਰੀਕਾ ਦਾ ਵਿਦੇਸ਼ ਵਿਭਾਗ, ਸਿੱਧਾ ਮੁੱਲਾ ਉਮਰ ਨਾਲ ਵੀ ਗੱਲ ਕਰ ਰਿਹਾ ਸੀ। ਕਾਫੀ ਚਿਰ ਗੱਲ ਚੱਲਦੀ ਰਹੀ ਪਰ ਮੁੱਲਾ ਉਮਰ ਦੇ ਅੜਬਪੁਣੇ ਕਰਕੇ ਗੱਲ ਕਿਸੇ ਸਿਰੇ ਨਾ ਲੱਗ ਸਕੀ। ਆਖਰ ਅਮਰੀਕਾ ਨੇ ਤਾਰੀਖ ਮਿੱਥ ਦਿੱਤੀ ਕਿ ਜਾਂ ਤਾਂ ਇਸ ਤਾਰੀਖ ਤੋਂ ਪਹਿਲਾਂ ਲਾਦੇਨ ਨੂੰ ਸਾਡੇ ਹਵਾਲੇ ਕਰੋ ਜਾਂ ਫਿਰ ਨਤੀਜ਼ੇ ਭੁਗਤਣ ਲਈ ਤਿਆਰ ਰਹੋ। ਤਾਲੀਬਾਨ ਵੀ ਸਮਝ ਗਏ ਕਿ ਹੁਣ ਗੱਲ ਕਿਸੇ ਸਿਰੇ ਨਹੀਂ ਲੱਗ ਰਹੀ। ਉਨ੍ਹਾਂ ਨੇ ਉਸਾਮਾ ਬਿਨ ਲਾਦੇਨ ਨੂੰ ਬਚਾਉਣ ਲਈ ਪੂਰੀ ਵਾਹ ਲਾ ਦਿੱਤੀ। ਵੈਸੇ ਵੀ ਲਾਦੇਨ ਹੁਣ ਤੱਕ ਬਹੁਤ ਜ਼ੋਰ ਫੜ੍ਹ ਚੁੱਕਿਆ ਸੀ। ਤਾਲੀਬਾਨ ਸਰਕਾਰ ਵਿੱਚ ਉਸਦੀ ਪੂਰੀ ਪੁੱਛ ਪ੍ਰਤੀਤ ਸੀ। ਸਿਆਣੇ ਲੋਕੀ ਸਮਝ ਰਹੇ ਸਨ ਕਿ ਰਸ਼ੀਆ ਦੇ ਨਿਕਲ ਜਾਣ ਪਿੱਛੋਂ ਅਮਰੀਕਾ ਇੱਕਦਮ ਅਫਗਾਨਿਸਤਾਨ ਦੇ ਸੰਕਟ ਨੂੰ ਵਿੱਚ ਵਿਚਕਾਰ ਹੀ ਛੱਡ ਕੇ ਭੱਜ ਗਿਆ ਸੀ, ਅੱਜ ਉਹ ਉਸੇ ਗਲਤੀ ਦੀ ਸਜ਼ਾ ਭੁਗਤ ਰਿਹਾ ਹੈ।

ਘਰੇਲੂ ਲੜਾਈ ਤੋਂ ਉੱਠ ਕੇ ਤਾਲੀਬਾਨ, ਸੰਸਾਰਕ ਮਸਲਾ ਬਣ ਗਏ। ਉਨ੍ਹਾਂ ਦਾ ਇਕੱਲੇ ਅਮਰੀਕਾ ਨਾਲ ਹੀ ਝਗੜਾ ਨਹੀਂ ਸੀ, ਸਗੋਂ ਉਨ੍ਹਾਂ ਦੀ ਨੀਤੀਆਂ ਕਾਰਨ ਹੋਰ ਬਹੁਤ ਸਾਰੇ ਮੁਲਕ ਉਨ੍ਹਾਂ ਤੋਂ ਅੱਕੇ ਪਏ ਸਨ। ਲਾਦੇਨ ਅਤੇ ਤਾਲੀਬਾਨਾਂ ਦੀ ਸ਼ਹਿ 'ਤੇ ਹੋਰਨਾਂ ਮੁਲਕਾਂ ਵਿੱਚ ਵੀ ਇਸਲਾਮੀ ਮੂਲਵਾਦੀ ਕੱਟੜ ਲੋਕ ਮੁਸ਼ਕਲਾਂ ਖੜ੍ਹੀਆਂ ਕਰਨ ਲੱਗ ਪਏ ਸਨ। ਉਦਾਹਰਣ ਦੇ ਤੌਰ 'ਤੇ ਨਵੇਂ ਨਵੇਂ ਹੋਂਦ ਵਿੱਚ ਆਏ ਮੱਧ ਪੂਰਬ ਦੇ ਮੁਲਕ ਇਸ ਸਮੱਸਿਆ ਦਾ ਸੰਤਾਪ ਝੱਲ ਰਹੇ ਸਨ। ਇਸ ਤੋਂ ਇਲਾਵਾ ਚੀਨ, ਉਜ਼ਬਿਕਸਤਾਨ, ਚੇਚਨੀਆਂ, ਫਿਲਪੀਨ ਅਤੇ ਇੰਡੀਆ ਦੇ ਕਸ਼ਮੀਰ ਸੂਬੇ ਵਿੱਚ ਅੱਤਵਾਦ ਦੀ ਨਵੀਂ ਹਨੇਰੀ ਪਹੁੰਚ ਚੁੱਕੀ ਸੀ। ਪਾਕਿਸਤਾਨ ਵਿੱਚ ਸਤਾ ਪ੍ਰੀਵਰਤਨ ਹੋ ਚੁੱਕਿਆ ਸੀ। ਅਕਤੂਬਰ 1999 ਵਿੱਚ ਜਨਰਲ ਪਰਵੇਜ਼ ਮੁਸ਼ੱਰਫ ਨੇ ਰਾਜ ਪਲਟਾ ਲਿਆ ਕੇ ਸਤਾ ਆਪਣੇ ਹੱਥ ਕਰ ਲਈ ਸੀ। ਉਸਨੇ ਤਾਲੀਬਾਨਾਂ ਦੀ ਪਹਿਲਾਂ ਨਾਲੋਂ ਵੀ ਜ਼ੋਰ-ਸ਼ੋਰ ਨਾਲ ਮੱਦਦ ਸ਼ੁਰੂ ਕਰ ਦਿੱਤੀ। ਨਾਲ ਹੀ ਉਸਨੇ ਅਫਗਾਨਿਸਤਾਨ ਅੰਦਰ ਚੱਲ ਰਹੇ ਉਹ ਕੈਂਪ, ਜਿੱਥੇ ਕਿ ਕਸ਼ਮੀਰੀ ਜੇਹਾਦੀਆਂ ਨੂੰ ਟਰੇਨਿੰਗ ਦਿੱਤੀ ਜਾਂਦੀ ਸੀ, ਉਨ੍ਹਾਂ ਦੀ ਮਾਲੀ ਅਤੇ ਹਰ ਤਰ੍ਹਾਂ ਦੀ ਮੱਦਦ ਤੇਜ਼ ਕਰ ਦਿੱਤੀ। ਇਸ ਵੇਲੇ ਤਾਲੀਬਾਨਾਂ ਦੀ ਮੱਦਦ ਇਕੱਲਾ ਪਾਕਿਸਤਾਨ ਹੀ ਕਰ ਰਿਹਾ ਸੀ। ਯੂ. ਐੱਨ. ਓ. ਨੇ ਤਾਲੀਬਾਨਾਂ 'ਤੇ ਬਹੁਤ ਸਾਰੀਆਂ ਪਾਬੰਦੀਆਂ ਆਇਦ ਕਰ ਦਿੱਤੀਆਂ, ਜਿਨ੍ਹਾਂ ਵਿੱਚੋਂ ਇੱਕ ਇਹ ਵੀ ਸੀ ਕਿ ਜੇ ਕੋਈ ਮੁਲਕ ਉਨ੍ਹਾਂ ਦੀ ਮੱਦਦ ਕਰੂਗਾ ਉਸ 'ਤੇ ਵੀ ਐਕਸ਼ਨ ਲਿਆ ਜਾਵੇਗਾ। ਤਾਲੀਬਾਨਾਂ ਨੇ ਤਾਂ ਇਹ ਗੱਲ ਗੌਲਣੀ ਹੀ ਕੀ ਸੀ, ਸਗੋਂ ਪਾਕਿਸਤਾਨ ਨੇ ਵੀ ਇਸ ਗੱਲ ਦੀ ਕੋਈ ਪ੍ਰਵਾਹ ਨਾ ਕੀਤੀ। ਉਹ ਉਵੇਂ ਜਿਵੇਂ ਤਾਲੀਬਾਨਾਂ ਨੂੰ ਹਥਿਆਰਾਂ ਦੀ ਸਪਲਾਈ ਕਰਦਾ ਰਿਹਾ। ਇੱਥੋਂ ਤੱਕ ਕਿ ਯੂ. ਐੱਨ. ਓ. ਵੱਲੋਂ ਲਾਈਆਂ ਪਾਬੰਦੀਆਂ ਦੇ ਵਿਰੋਧ ਵਿੱਚ ਜਨਰਲ ਪਰਵੇਜ਼ ਮੁਸ਼ੱਰਫ ਨੇ ਆਪਣੇ ਮੁਲਕ ਅੰਦਰ ਅਮਰੀਕਾ ਅਤੇ ਯੂ. ਐੱਨ. ਓ. ਦੇ ਖਿਲਾਫ ਵੱਡੇ ਰੋਸ ਮੁਜਾਹਰੇ ਕਰਵਾਏ। ਇਹ ਨਹੀਂ ਕਿ ਤਾਲੀਬਾਨ ਜਥੇਬੰਦੀ ਦੇ ਅੰਦਰ ਸਭ ਅੱਛਾ ਸੀ। ਮੁੱਲਾ ਉਮਰ ਤੋਂ ਅਗਲਾ ਦੋ ਨੰਬਰ ਦਾ ਲੀਡਰ, ਮੁੱਲਾ ਮੁਹੰਮਦ ਰਬਾਨੀ ਸੁਧਾਰਵਾਦੀ ਰੁਚੀਆਂ ਦੀ ਸੋਚ ਦਾ ਸੀ। ਸਰਕਾਰ ਵਿੱਚ ਉਸਦਾ ਆਪਣਾ ਧੜਾ ਸੀ। ਉਸਦਾ ਮੰਨਣਾ ਸੀ ਕਿ ਅਸੀਂ ਲੜ ਲੜ ਕੇ ਅੱਕੇ-ਥੱਕੇ ਪਏ ਹਾਂ ਅਤੇ ਇਸ ਵੇਲੇ ਲੜਾਈ ਬੰਦ ਕਰਕੇ ਮੁਲਕ ਦਾ ਕੁਝ ਸੋਚਣਾ ਚਾਹੀਦਾ ਹੈ। ਇੱਥੋਂ ਤੱਕ ਕਿ ਉਹ ਉਸਾਮਾ ਬਿਨ ਲਾਦੇਨ ਅਤੇ ਉਸਦੇ ਅਰਬ ਲੜਾਕਿਆਂ ਨੂੰ ਚੰਗਾ ਨਹੀਂ ਸਮਝਦਾ ਸੀ। ਉਸਦਾ ਸੋਚਣਾ ਸੀ ਕਿ ਬਾਹਰ ਦੇ ਲੋਕਾਂ ਨੂੰ ਅਫਗਾਨਿਸਤਾਨ ਦੇ ਘਰੇਲੂ ਮਸਲੇ ਵਿੱਚ ਦਖਲ ਨਹੀਂ ਦੇਣਾ ਚਾਹੀਦਾ। ਦੂਸਰਾ ਉਹ ਉਨ੍ਹਾਂ ਦੇ ਸੰਸਾਰਕ ਜੇਹਾਦ ਦੇ ਹੱਕ ਵਿੱਚ ਵੀ ਨਹੀਂ ਸੀ। ਉਹ ਤਾਂ ਇਸ ਵੇਲੇ ਅਮਰੀਕਾ ਅਤੇ ਯੂ. ਐੱਨ. ਓ. ਨਾਲ ਵੀ ਕਿਸੇ ਸਮਝੌਤੇ 'ਤੇ ਪਹੁੰਚਣਾ ਚਾਹੁੰਦਾ ਸੀ। ਪਰ ਉਸਦੀ ਕੈਂਸਰ ਨਾਲ ਮੌਤ ਹੋ ਗਈ। ਇਸ ਪਿੱਛੋਂ ਉਸਦਾ ਧੜਾ ਚੁੱਪ ਕਰਕੇ ਬੈਠ ਗਿਆ। ਲਾਦੇਨ ਦੇ ਰਾਹ ਦਾ ਰੋੜਾ ਵੀ ਸਾਫ ਹੋ ਗਿਆ। ਹੁਣ ਉਸਨੂੰ ਰੋਕਣ-ਟੋਕਣ ਵਾਲਾ ਕੋਈ ਨਹੀਂ ਸੀ। ਉਸਨੇ ਮੁੱਲਾ ਉਮਰ ਨੂੰ ਖੁਸ਼ ਕਰਨ ਲਈ ਵੱਡਾ ਤੋਹਫਾ ਦੇਣ ਦੀ ਸਕੀਮ ਬਣਾਈ। ਇਹ ਤੋਹਫਾ ਸੀ ਨਾਰਥ ਅਲਾਂਇੰਸ ਦੇ ਸੁਪਰੀਮ ਕਮਾਂਡਰ, ਅਹਿਮਦ ਸ਼ਾਹ ਮਾਸੂਦ ਦਾ ਕਤਲ। ਲਾਦੇਨ ਨੇ ਆਪਣੇ ਆਤਮਘਾਤੀ ਹਮਲਵਰਾਂ ਦੁਆਰਾ ਨੌਂ ਸਤੰਬਰ 2001 ਨੂੰ, ਮਾਸੂਦ ਦਾ ਕਤਲ ਕਰਵਾ ਕੇ ਨਾਰਥ ਅਲਾਂਇੰਸ ਨੂੰ ਲੀਡਰ ਰਹਿਤ ਕਰ ਦਿੱਤਾ। ਹੁਣ ਤਾਲੀਬਾਨਾਂ ਨੂੰ ਨਾਰਥ 'ਤੇ ਕਬਜ਼ਾ ਕਰਨੋ ਕੋਈ ਨਹੀਂ ਸੀ ਰੋਕ ਸਕਦਾ। ਕੁੰਦਜ ਸੂਬੇ ਵਿੱਚ ਕਬਜ਼ਾ ਜਮਾਈ ਬੈਠੇ ਤਾਲੀਬਾਨਾਂ ਨੇ ਹਵਾਈ ਰਸਤੇ ਫੌਜੀ ਸਪਲਾਈ ਵਧਾ ਦਿੱਤੀ ਤੇ ਸਾਲ ਦੇ ਅਖੀਰ ਤੋਂ ਪਹਿਲਾਂ ਪਹਿਲਾਂ ਨਾਰਥ ਜਿੱਤ ਲੈਣ ਦਾ ਟੀਚਾ ਮਿੱਥ ਲਿਆ। ਇਸ ਮੁਹਿਮ ਵਿੱਚ ਪਾਕਿਸਤਾਨ ਉਨ੍ਹਾਂ ਦੀ ਪੂਰੀ ਮੱਦਦ ਕਰ ਰਿਹਾ ਸੀ। ਪਾਕਿਸਤਾਨੀ ਫੌਜ ਅਤੇ ਆਈ. ਐੱਸ. ਆਈ. ਦੇ ਬਹੁਤ



ਸਾਰੇ ਅਧਿਕਾਰੀ ਤਾਲੀਬਾਨਾਂ ਨਾਲ ਕੁੰਦਜ ਸੂਬੇ ਵਿੱਚ ਅੱਡੇ ਜਮਾਈ ਬੈਠੇ ਸਨ। ਉਨ੍ਹਾਂ ਨੇ ਨਾਰਥ ਵੱਲ ਦੇ ਹਮਲੇ ਵੇਲੇ ਤਾਲੀਬਾਨਾਂ ਨੂੰ ਸੇਧ ਦੇਣੀ ਸੀ। ਪਰ ਅੱਗੇ ਭਵਿੱਖ ਵਿੱਚ ਜੋ ਹੋਣਾ ਸੀ ਉਸ ਤੋਂ ਤਾਲੀਬਾਨ ਪੂਰੀ ਤਰ੍ਹਾਂ ਅਣਭਿੱਗ ਸਨ।

ਲਾਦੇਨ ਨੇ ਅਮਰੀਕਾ ਦੇ ਵਰਲਡ ਟਰੇਡ ਸੈਂਟਰ ਵਾਲਾ ਹਮਲਾ ਅਤੀ ਗੁਪਤ ਰੱਖਿਆ ਹੋਇਆ ਸੀ। ਲੋਕਾਂ ਦੇ ਨਾਲ ਨਾਲ ਤਾਲੀਬਾਨਾਂ ਨੂੰ ਵੀ ਉਸੇ ਦਿਨ ਹੀ ਪਤਾ ਲੱਗਿਆ ਕਿ ਉਸਾਮਾ ਬਿਨ ਲਾਦੇਨ ਨੇ ਅਮਰੀਕਾ ਦੇ ਧੁਰ ਅੰਦਰ ਜਾ ਕੇ ਇੰਨਾ ਵੱਡਾ ਕਾਰਾ ਕਰ ਦਿੱਤਾ ਹੈ। ਨਾਈਨ ਅਲੈਵਨ ਦੇ ਤੀਸਰੇ ਦਿਨ ਹੀ ਅਮਰੀਕਾ ਨੇ ਤਾਲੀਬਾਨਾਂ ਨੂੰ ਚਿਤਾਵਨੀ ਦੇ ਦਿੱਤੀ ਕਿ ਜਾਂ ਤਾਂ ਲਾਦੇਨ ਨੂੰ ਫੜ ਕੇ ਸਾਡੇ ਹਵਾਲੇ ਕਰੋ ਤੇ ਜਾਂ ਫਿਰ ਹਮਲੇ ਲਈ ਤਿਆਰ ਰਹੋ। ਤਾਲੀਬਾਨਾਂ ਨੇ ਲਾਦੇਨ ਦੇ ਮਸਲੇ ਵਿੱਚ ਪਹਿਲਾਂ ਦੀ ਤਰ੍ਹਾਂ ਹੀ ਜੁਆਬ ਦੇ ਦਿੱਤਾ ਤਾਂ ਦੁਨੀਆਂ ਨੂੰ ਇਹ ਗੱਲ ਜਚ ਗਈ ਕਿ ਹੁਣ ਅਮਰੀਕਾ ਅਫਗਾਨਿਸਤਾਨ ਵਿੱਚ ਜ਼ਰੂਰ ਪਹੁੰਚੂਗਾ। ਅਮਰੀਕਾ ਨੇ ਦੁਨੀਆਂ ਨੂੰ ਅੱਤਵਾਦ ਖਿਲਾਫ ਲੜਾਈ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ ਤਾਂ ਸਾਰਾ ਸੰਸਾਰ ਹੀ ਅਮਰੀਕਾ ਨਾਲ ਆ ਖੜ੍ਹੋਤਾ। ਕਿਉਂਕਿ ਦੁਨੀਆਂ ਸਮਝਦੀ ਸੀ ਕਿ ਤਾਲੀਬਾਨਾਂ ਦਾ ਖਾਤਮਾ ਬਹੁਤ ਜ਼ਰੂਰੀ ਹੈ। ਨਹੀਂ ਤਾਂ ਜਿੰਨੇ ਅੱਤਵਾਦੀ ਮਾਰੇ ਜਾਣਗੇ ਉਸ ਤੋਂ ਜ਼ਿਆਦਾ ਅਫਗਾਨਿਸਤਾਨ ਦੇ ਟਰੇਨਿੰਗ ਸੈਂਟਰਾਂ ਵਿੱਚ, ਅਲਕਾਇਦਾ ਵਰਗੇ ਪੈਦਾ ਕਰਦੇ ਰਹਿਣਗੇ। ਅਫਗਾਨਿਸਤਾਨ ਉੱਪਰ ਅਮਰੀਕਾ ਵੱਲੋਂ ਹਮਲੇ ਦਾ ਸੁਣ ਕੇ ਪਾਕਿਸਤਾਨ ਵੀ ਝਾੜ 'ਚ ਫਸੇ ਬਿੱਲੇ ਵਾਂਗੂੰ ਝਾਕਣ ਲੱਗਿਆ। ਉਸਦੇ ਇੱਕ ਪਾਸੇ ਖਾਤਾ ਤੇ ਦੂਜੇ ਪਾਸੇ ਖੂਹ ਵਾਲੀ ਗੱਲ ਬਣ ਗਈ। ਇੰਨੇ ਨੂੰ ਅਮਰੀਕਾ ਦੇ ਉਪ ਵਿਦੇਸ਼ ਮੰਤਰੀ ਨੇ ਜਨਰਲ ਪਰਵੇਜ਼ ਮੁਸ਼ੱਰਫ ਨੂੰ ਫੋਨ ਕਰਕੇ ਕਿਹਾ ਕਿ ਤੂੰ ਸਾਡਾ ਸਾਥ ਦੇਹ। ਮੁਸ਼ਰਫ ਨੇ ਆਨਾ ਕਾਨੀ ਕੀਤੀ ਤਾਂ ਵਿਦੇਸ਼ ਮੰਤਰੀ ਨੇ ਸਿੱਧਾ ਕਿਹਾ ਕਿ ਜੇਕਰ ਤੂੰ ਸਾਡੇ ਨਾਲ ਰਲ ਕੇ ਨਾ ਚੱਲਿਆ ਤਾਂ ਮਾਰ ਮਾਰ ਬੰਬ ਤੇਰੇ ਪਾਕਿਸਤਾਨ ਨੂੰ ਪੱਥਰ ਯੁੱਗ 'ਚ ਬਦਲ ਦਿਆਂਗੇ। ਅਗਲੇ ਦਿਨ ਮੁਸ਼ੱਰਫ ਨੂੰ ਪੈਸੇ ਦਾ ਲਾਲਚ ਦਿੱਤਾ ਗਿਆ ਤਾਂ ਉਹ ਝੱਟ ਮੰਨ ਗਿਆ ਤੇ ਤਾਲੀਬਾਨਾਂ ਨਾਲ ਸਾਲਾਂ ਦੀ ਯਾਰੀ ਛੱਡ ਕੇ ਬੁਸ਼ ਮੂਹਰੇ ਹੱਥ ਜੋੜ ਕੇ ਖੜ੍ਹੋ ਗਿਆ।

ਤਾਲੀਬਾਨਾਂ ਵੱਲੋਂ ਜੁਆਬ ਮਿਲਣਸਾਰ ਹੀ ਅਮਰੀਕਾ ਨੇ ਅਫਗਾਨਿਸਤਾਨ ਦੇ ਉੱਤਰ ਵੱਲ ਦੇ ਛੋਟੇ ਮੁਲਕ, ਉਜ਼ਬਿਕਸਤਾਨ ਅਤੇ ਤਜ਼ਕਸਤਾਨ ਬਗੈਰਾ ਵਿੱਚ ਫੌਜੀ ਸਾਜੋ ਸਮਾਨ ਉਤਾਰਨਾ ਸ਼ੁਰੂ ਕਰ ਦਿੱਤਾ। ਨਾਲ ਹੀ ਅਮਰੀਕਾ ਨੇ ਇਹ ਐਲਾਨ ਕਰ ਦਿੱਤਾ ਕਿ ਇਹ ਲੜਾਈ ਅੱਤਵਾਦ ਦੇ ਖਿਲਾਫ ਹੈ ਅਤੇ ਉਹ ਇਸ ਲੜਾਈ ਦੌਰਾਨ ਅਫਗਾਨਿਸਤਾਨ ਅੰਦਰ ਆਪਣੀਆਂ ਫੌਜਾਂ ਨਹੀਂ ਲੜਾਏਗਾ। ਸਗੋਂ ਉਹ ਨਾਰਥ ਅਲਾਂਇੰਸ ਦੀ ਮੱਦਦ ਨਾਲ ਅੱਤਵਾਦੀਆਂ ਨੂੰ ਕਾਬੂ ਕਰੇਗਾ। ਅਮਰੀਕਾ ਨੇ ਅਫਗਾਨੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਤਾਲੀਬਾਨਾਂ ਦੇ ਖਿਲਾਫ ਇੱਕਮੁੱਠ ਹੋ ਜਾਣ ਕਿਉਂਕਿ ਅਸੀਂ ਤੁਹਾਡੀ ਮੱਦਦ ਲਈ ਆ ਰਹੇ ਹਾਂ ਅਤੇ ਤੁਹਾਡਾ ਇਨ੍ਹਾਂ ਜਾਲਮਾਂ ਤੋਂ ਖਹਿੜਾ ਛੁਡਵਾ ਕੇ ਜਾਵਾਂਗੇ। ਪਰ ਅਫਗਾਨੀਆਂ ਨੇ ਅਮਰੀਕਾ ਦਾ ਰੱਤੀ ਭਰ ਵੀ ਭਰੋਸਾ ਨਾ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਅਮਰੀਕਾ ਦੀ ਅਸਲੀਅਤ ਉਦੋਂ ਦੇ ਜਾਣਦੇ ਹਨ ਜਦੋਂ ਉਹ ਰਸ਼ੀਆ ਨੂੰ ਹਰਾਉਣ ਪਿੱਛੋਂ ਅਫਗਾਨਿਸਤਾਨ ਅੰਦਰੀ ਮੱਚਦੀ ਅੱਗ ਵਿਚਕਾਰ ਹੀ ਛੱਡ ਕੇ ਆਪਣੇ ਰਾਹ ਪੈ ਗਿਆ ਸੀ। ਅਤੇ ਹੁਣ ਤੱਕ ਅਫਗਾਨੀ ਲੋਕ ਅਮਰੀਕਾ ਦੀ ਉਸੇ ਕਰਨੀ ਦਾ ਖਮਿਆਜ਼ਾ ਭੁਗਤ ਰਹੇ ਹਨ। ਅਫਗਾਨਿਸਤਾਨ ਦੇ ਲੋਕਾਂ ਦੀ ਸੋਚਣੀ ਸੀ ਕਿ ਅਮਰੀਕਾ ਦਾ ਅਫਗਾਨਿਸਤਾਨ ਦੀ ਅੰਦਲਰੀ ਸਮੱਸਿਆ ਸੁਲਝਾਉਣ ਦਾ ਕੋਈ ਇਰਾਦਾ ਨਹੀਂ ਹੈ। ਉਹ ਤਾਂ ਤਾਲੀਬਾਨਾਂ ਤੋਂ ਤਾਕਤ ਖੋਹ ਕੇ ਨਾਰਥ ਅਲਾਂਇੰਸ ਦੇ ਹਵਾਲੇ ਕਰ ਦੇਵੇਗਾ। ਇਸ ਵੇਲੇ ਪਾਕਿਸਤਾਨ ਨੇ ਕਾਫੀ ਕੋਸ਼ਿਸ਼ ਕੀਤੀ ਮੁੱਲਾ ਉਮਰ ਨੂੰ ਸਮਝਾਉਣ ਦੀ ਕਿ ਉਹ ਲਾਦੇਨ ਨੂੰ

ਅਮਰੀਕਾ ਦਾ ਹਵਾਲੇ ਕਰ ਦੇਵੇ। ਕਿਉਂਕਿ ਪਾਕਿਸਤਾਨ ਦੇ ਤਾਲੀਬਾਨ ਸਰਕਾਰ ਫਿੱਟ ਬੈਠਦੀ ਸੀ। ਅਮਰੀਕਾ ਦੀ ਮੱਦਦ ਕਰਨ ਕਰਕੇ ਉਸਦੇ ਆਪਣੇ ਲੋਕ ਵੀ ਉਸ ਖਿਲਾਫ ਰੋਹ ਵਿੱਚ ਸਨ। ਪਰ ਇਹ ਗੱਲਬਾਤ ਕਾਮਯਾਬ ਨਾ ਹੋਈ।

ਅਮਰੀਕਣ ਸਮੁੰਦਰੀ ਬੇੜੇ ਪਹਿਲਾਂ ਹੀ ਹਿੰਦ ਮਹਾਂਸਾਗਰ ਵੱਲ ਕੂਚ ਕਰ ਚੁੱਕੇ ਸਨ। ਜਦੋਂ ਕੋਈ ਵੀ ਗੱਲ ਸਿਰੇ ਨਾ ਚੜ੍ਹੀ ਤਾਂ ਅਮਰੀਕਾ ਨੇ ਸੱਤ ਅਕਤੂਬਰ 2001 ਨੂੰ ਪਹਿਲਾ ਬੰਬ ਅਫਗਾਨਿਸਤਾਨ ਉੱਪਰ ਸੁੱਟ ਕੇ ਲੜਾਈ ਦਾ ਬਿਗਲ ਵਜਾ ਦਿੱਤਾ। ਫਿਰ ਕੀ ਸੀ, ਅਮਰੀਕੀ ਬੰਬਾਰ ਜਹਾਜ਼ਾਂ ਦੇ ਬੰਬ, ਅਫਗਾਨਿਸਤਾਨ ਦੀ ਧਰਤੀ ’ਤੇ ਗੜਿਆਂ ਵਾਂਗੂੰ ਵਰਨ ਲੱਗੇ। ਗੋਲ਼ੇ ਵਰ੍ਹਾ ਵਰ੍ਹਾ ਕੇ ਤਾਲੀਬਾਨਾਂ ਦੇ ਫੌਜੀ ਸਾਜੋ ਸਮਾਨ ਦੀ ਤਬਾਹੀ ਕਰਨ ਪਿੱਛੋਂ ਅਮਰੀਕਾ ਨੇ ਦੂਸਰੇ ਨੀਤੀ ਸ਼ੁਰੂ ਕੀਤੀ। ਇਹ ਸੀ ਨਾਰਥ ਅਲਾਂਇੰਸ ਵੱਲੋਂ ਹਮਲਾ। ਅਮਰੀਕਾ ਦੀ ਦੇਖ-ਰੇਖ ਹੇਠ ਨਾਰਥ ਅਲਾਂਇੰਸ ਦੀ ਫੌਜ ਨੇ ਤਾਲੀਬਾਨਾਂ ’ਤੇ ਹੱਲਾ ਬੋਲ ਦਿੱਤਾ। ਜਨਰਲ ਰਸ਼ੀਦ ਦੋਸਤਮ ਅਤੇ ਮੁਹੰਮਦ ਅੱਤਾ ਇਸ ਫੌਜ ਦੀ ਕਮਾਂਡ ਸੰਭਾਲ ਰਹੇ ਸਨ। ਇੱਕ ਇੱਕ ਕਰਕੇ ਤਾਲੀਬਾਨ ਆਪਣੇ ਗੜ੍ਹ ਹਾਰਦੇ ਗਏ। ਕੁਝ ਹੀ ਦਿਨਾਂ ਵਿੱਚ ਨਾਰਥ ਅਲਾਂਇੰਸ ਨੇ ਪੱਛਮ, ਮੱਧ ਅਫਗਾਨਿਸਤਾਨ ਅਤੇ ਨਾਰਥ ਵੱਲ ਦਾ ਸਾਰਾ ਇਲਾਕਾ ਤਾਲੀਬਾਨਾਂ ਤੋਂ ਆਜ਼ਾਦ ਕਰਵਾ ਲਿਆ ਗਿਆ। ਪਰ ਕੁੰਦਜ ਵਿੱਚ ਉਨ੍ਹਾਂ ਦਾ ਬੜਾ ਤਕੜਾ ਗੜ ਸੀ। ਨਾਰਥ ਅਲਾਂਇੰਸ ਨੇ ਕੁੰਦਜ ਨੂੰ ਚਾਰਾਂ ਪਾਸਿਆਂ ਤੋਂ ਘੇਰ ਲਿਆ। ਇਸ ਨਾਲ ਉੱਥੇ ਤਾਲੀਬਾਨਾਂ ਦੀ ਮੱਦਦ ਕਰ ਰਹੇ ਪਾਕਿਸਤਾਨੀ ਫੌਜ ਦੇ ਅਧਿਕਾਰੀ ਵੀ ਘਿਰ ਗਏ। ਇੱਥੇ ਬੜੀ ਦਿਲਚਸਪ ਘਟਨਾ ਵਾਪਰੀ। ਜਨਰਲ ਪਰਵੇਜ਼ ਮੁਸ਼ੱਰਫ ਨੇ ਬੁਸ਼ ਨਾਲ ਰਾਬਤਾ ਕਾਇਮ ਕਰਕੇ ਆਪਣੇ ਅਧਿਕਾਰੀ, ਜਹਾਜ਼ ਰਾਹੀਂ ਕੱਢਣ ਦੀ ਆਗਿਆ ਮੰਗੀ। ਬੁਸ਼ ਇਸ ਗੱਲ ਲਈ ਮੰਨ ਗਿਆ। ਪੂਰੇ ਚਾਰ ਦਿਨ ਪਾਕਿਸਤਾਨੀ ਫੌਜ ਦੇ ਜਹਾਜ਼ ਗੇੜੇ ਲਾਉਂਦਾ ਰਹੇ। ਉਸਦੇ ਅਧਿਕਾਰੀ ਤਾਂ ਇੱਕ ਫਲਾਈਟ ਵਿੱਚ ਹੀ ਚਲੇ ਗਏ ਸਨ। ਇਸ ਪਿੱਛੋਂ ਲਗਾਤਾਰ ਤਿੰਨ ਦਿਨ ਉਹ ਤਾਲੀਬਾਨ ਲੀਡਰਾਂ ਨੂੰ ਢੋਂਦੇ ਰਹੇ। ਅਗਲੇ ਦਿਨੀਂ ਜਦੋਂ ਨਾਰਥ ਅਲਾਂਇੰਸ ਵਾਲੇ ਉੱਥੇ ਪੁੱਜੇ ਤਾਂ ਉੱਥੇ ਕੋਈ ਵੀ ਨਹੀਂ ਸੀ। ਇਹ ਸਾਰੇ ਤਾਲੀਬਾਨ, ਪਾਕਿਸਤਾਨ ਦੇ ਵਜ਼ੀਰਾਬਾਦ ਇਲਾਕੇ ’ਚ ਜਾ ਕੇ ਲੁਕ ਗਏ। ਹਾਰੀ ਹੋਈ ਫੌਜ ਦੇ ਤਾਲੀਬਾਨ ਅਧਿਕਾਰੀ, ਜਿਹੜੇ ਕਿ ਬਚ ਗਏ ਸਨ, ਉਹ ਵੀ ਬਾਡਰ ਲੰਘ ਕੇ ਪਾਕਿਸਤਾਨ ਜਾ ਪਹੁੰਚੇ। ਆਮ ਸਿਪਾਹੀ ਬਗੈਰਾ ਸਭ ਕੁਝ ਛੱਡ-ਛਡਾ ਕੇ ਆਪਣੇ ਪਿੰਡਾਂ ਨੂੰ ਭੱਜ ਗਏ। ਮੁੱਲਾ ਉਮਰ, ਮੋਟਰਸਾਈਕਲ ’ਤੇ ਸਵਾਰ ਹੋ ਕੇ ਆਪਣੇ ਤਕੜੇ ਆਧਾਰ ਵਾਲੇ ਸੂਬੇ ਹੈਲਮੰਡ ਵਿੱਚ ਜਾ ਲੁਕਿਆ। ਕੰਧਾਰ ’ਤੇ ਹਮਲਾ ਹੋਇਆ ਤਾਂ ਇੱਥੇ ਤਕੜੀ ਲੜਾਈ ਹੋਈ ਪਰ ਆਖਰ ਇਹ ਵੀ ਨਾਰਥ ਅਲਾਂਇੰਸ ਨੇ ਜਿੱਤ ਲਿਆ। ਮਹੀਨੇ ਕੁ ਭਰ ਦੀ ਲੜਾਈ ਵਿੱਚ ਹੀ ਸਾਰਾ ਅਫਗਾਨਿਸਤਾਨ ਨਾਰਥ ਅਲਾਂਇੰਸ ਦੇ ਕਬਜ਼ੇ ਹੇਠ ਆ ਗਿਆ। ਉੱਧਰ ਉਸਾਮਾ ਬਿਨ ਲਾਦੇਨ ਤੇ ਉਸਦੇ ਦੋ ਢਾਈ ਸੌ ਅਲਕਾਇਦਾ ਮੈਂਬਰ ਪਿੱਛੇ ਬਚ ਗਏ ਸਨ। ਇਨ੍ਹਾਂ ਦੀ ਖਾਤਰ ਹੀ ਤਾਂ ਅਮਰੀਕਾ ਨੇ ਇਹ ਲੜਾਈ ਵਿੱਢੀ ਸੀ। ਪਰ ਉਹ ਪਹਿਲੀਆਂ ’ਚ ਹੀ ਤੋਰਾ ਬੋਰਾ ਪਹਾੜੀਆਂ ਵਿੱਚ ਬਣਾਈਆਂ ਸੁਰੱਖਿਆਤ ਥਾਵਾਂ ਵਿੱਚ ਜਾ ਲੁਕੇ ਸਨ। ਅਮਰੀਕਾ ਨੇ ਖੁਸ਼ਕ ਪਹਾੜਾਂ ਉੱਪਰ ਬੜੇ ਬੰਬ ਵਰਾਏ ਪਰ ਅਲਕਾਇਦਾ ਵਾਲਿਆਂ ਦਾ ਵਾਲ ਵੀ ਵਿੰਗਾ ਨਾ ਹੋਇਆ। ਜੇਕਰ ਅਮਰੀਕਾ ਇਨ੍ਹਾਂ ਪਹਾੜੀਆਂ ਦੀ ਘੇਰਾਬੰਦੀ ਕਰ ਲੈਂਦਾ ਤਾਂ ਇਹ ਸਾਰੇ ਫੜ੍ਹੇ ਜਾ ਸਕਦੇ ਸਨ। ਪਰ ਅਮਰੀਕਾ ਨੇ ਨੀਤੀ ਬਣਾਈ ਹੋਈ ਸੀ ਕਿ ਉਸਨੇ ਆਪਣੇ ਫੌਜੀ ਅੰਦਰ ਨਹੀਂ ਭੇਜਣੇ। ਤੋਰਾ ਬੋਰਾ ਵਿੱਚ ਘਿਰੇ ਅਲਕਾਇਦਾ ਵਾਲਿਆਂ ਨੂੰ ਫੜ੍ਹਨ ਲਈ ਅਮਰੀਕਾ ਨੇ ਮੁਕਾਮੀ ਵਾਰ ਲੌਰਡ ‘ਜਲਾਲੂਦੀਨ ਹਕੀਨੀ’ ਦੀ ਮੱਦਦ ਲਈ। ਉਸਨੂੰ ਕਈ ਮਿਲੀਅਨ ਡਾਲਰ ਇਸ ਕੰਮ ਲਈ ਦਿੱਤੇ ਗਏ। ਉਸਨੇ



ਪਹਾੜੀਆਂ ਘੇਰ ਲਈਆਂ। ਪਰ ਜਿੰਨੇ ਪੈਸੇ ਅਮਰੀਕਾ ਨੇ ਉਸਨੂੰ ਦਿੱਤੇ ਸਨ ਉਸ ਨਾਲੋਂ ਵੱਧ ਉਸਨੇ ਅਲਕਾਇਦਾ ਵਾਲਿਆਂ ਤੋਂ ਲੈ ਕੇ ਉਨ੍ਹਾਂ ਨੂੰ ਠੀਕ ਠਾਕ, ਆਪਣੀ ਦੇਖ ਰੇਖ ਹੇਠ, ਪਾਕਿਸਤਾਨ ਪਹੁੰਚਾ ਦਿੱਤਾ। ਇੱਧਰੋਂ ਪਾਕਿਸਤਾਨ ਵੱਲ ਆ ਰਹੇ ਅੱਤਵਾਦੀਆਂ ਨੂੰ ਆਈ. ਐੱਸ. ਆਈ. ਖਿੜੇ ਮੱਥੇ ਜੀ ਆਇਆਂ ਕਹਿ ਰਹੀ ਸੀ, ਕਿਉਂਕਿ ਉਸ ਮੁਤਾਬਕ ਇਨ੍ਹਾਂ ਜੇਹਾਦੀਆਂ ਨੇ ਬਾਅਦ ਵਿੱਚ ਉਸਦੇ ਕੰਮ ਆਉਣਾ ਸੀ। ਖੈਰ ਜਦੋਂ ਨੂੰ ਅਮਰੀਕਾ ਨੂੰ ਪਤਾ ਲੱਗਿਆ ਕਿ ਲਾਦੇਨ ਨਿਕਲ ਚੁੱਕਿਆ ਹੈ ਉਦੋਂ ਨੂੰ ਦੇਰ ਹੋ ਚੁੱਕੀ ਸੀ। ਇਸ ਪਿੱਛੋਂ ਅਮਰੀਕਾ ਦੀ ਦਿਲਚਸਪੀ ਇਸ ਲੜਾਈ ਵਿੱਚ ਘਟ ਗਈ। ਪਰ ਦੂਸਰੇ ਮੁਲਕਾਂ ਨੇ ਇਕੱਠੇ ਹੋ ਕੇ ਅਫਗਾਨਿਸਤਾਨ ਦੇ ਮੋਹਰੀ ਲੀਡਰਾਂ ਨੂੰ ਇਕੱਠਿਆਂ ਕੀਤਾ ਤੇ ਆਪਸੀ ਸਮਝੌਤੇ ਦੀ ਗੱਲਬਾਤ ਚਲਾਈ। ਸਮਝੌਤਾ ਹੋ ਗਿਆ ਤਾਂ ਹਮੀਦ ਕਾਰਜਾਈ ਨੂੰ ਵਕਤੀ ਤੌਰ ’ਤੇ ਪਰੈਜ਼ੀਡੈਂਟ ਬਣਾ ਦਿੱਤਾ ਗਿਆ। ਪੱਕੀ ਚੋਣ ਅਗਲੇ ਸਾਲ ’ਤੇ ਪਾ ਦਿੱਤੀ ਗਈ। ਆਰਜੀ ਸਰਕਾਰ ਤਾਂ ਬਣ ਗਈ ਪਰ ਇਸ ਵਿੱਚ ਬਹੁਤਾਤ ਨਾਰਥ ਅਲਾਂਇੰਸ ਦੇ ਲੋਕਾਂ ਦੀ ਸੀ। ਕਿਉਂਕਿ ਇਸ ਵੇਲੇ ਸਾਰੇ ਅਫਗਾਨਿਸਤਾਨ ’ਤੇ ਉਨ੍ਹਾਂ ਦਾ ਕਬਜ਼ਾ ਸੀ ਇਸ ਕਰਕੇ ਸਰਕਾਰ ਵਿੱਚ ਵੀ ਉਨ੍ਹਾਂ ਦਾ ਗਲਬਾ ਹੋ ਗਿਆ। ਖੈਰ ਸਾਰੇ ਅਫਗਾਨੀ ਮੋਹਤਬਰ ਸਮਝਦੇ ਸਨ ਕਿ ਹੁਣ ਅਫਗਾਨਿਸਤਾਨ ਵਿੱਚ ਸ਼ਾਂਤੀ ਦੇ ਦਿਨ ਆਉਣਗੇ। ਪਰ ਇੱਥੇ ਸਾਰਿਆਂ ਨੇ ਇੱਕ ਭੁੱਲ ਕਰ ਦਿੱਤੀ। ਉਹ ਸੀ ਤਾਲੀਬਾਨਾਂ ਨੂੰ ਇਸ ਸਮਝੌਤੇ ਤੋਂ ਦੂਰ ਰੱਖਣਾ। ਜੇਕਰ ਉਨ੍ਹਾਂ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਜਾਂਦਾ ਤਾਂ ਆਉਣ ਵਾਲੇ ਸਮੇਂ ਵਿੱਚ ਮੁਸ਼ਕਲਾਂ ਖੜ੍ਹੀਆਂ ਹੋਣ ਤੋਂ ਬਚਿਆ ਜਾ ਸਕਦਾ ਸੀ। ਇਹ ਗੱਲ ਪਾਕਿਸਤਾਨ ਦੇ ਵੀ ਗਲੇ ਨਾ ਉੱਤਰੀ। ਉਸਦੀ ਖਾਸ ਧਿਰ, ਤਾਲੀਬਾਨ ਤਾਕਤ ’ਚੋਂ ਬਾਹਰ ਹੋ ਚੁੱਕੇ ਸਨ। ਇਸੇ ਇੱਕ ਵਜ੍ਹਾ ਕਰਕੇ ਪਰਤੱਖ ਦਿਸ ਰਿਹਾ ਸੀ ਕਿ ਪਾਕਿਸਤਾਨ ਇੱਥੇ ਸਰਕਾਰ ਦੇ ਰਾਹ ਵਿੱਚ ਰੋੜੇ ਅਟਕਾਏਗਾ। ਇਸੇ ਲਈ ਉਹ ਇੱਥੋਂ ਭੱਜੇ ਤਾਲੀਬਾਨਾਂ ਅਤੇ ਅਲਕਾਇਦਾ ਵਾਲਿਆਂ ਨੂੰ ਬੜੀ ਚੰਗੀ ਤਰ੍ਹਾਂ ਸੰਭਾਲ ਰਿਹਾ ਸੀ।

ਕੁਝ ਦੇਰ ਬਾਅਦ ਲੋਹਾ ਜਿਰਗਾ ਬੁਲਾਇਆ ਗਿਆ ਜਿਸ ਵਿੱਚ ਹਮੀਦ ਕਾਰਜਾਈ ਨੂੰ ਇਨਟਰੀਮ ਪਰੈਜ਼ੀਡੈਂਟ ਬਣਾ ਦਿੱਤਾ ਗਿਆ। ਅਫਗਾਨਿਸਤਾਨ ਵਿੱਚ ਆਰਜੀ ਸਰਕਾਰ ਬਣਦਿਆਂ ਹੀ ਸਭ ਤੋਂ ਪਹਿਲਾਂ ਤਾਲੀਬਾਨਾਂ ਵੱਲੋਂ ਆਇਦ ਕੀਤੀਆਂ ਸਖਤੀਆਂ ਵਾਪਸ ਲਈਆਂ ਗਈਆਂ। ਚੌਵੀ ਘੰਟੇ ਡਰ ਦੇ ਸਾਏ ਹੇਠ ਜਿਉਂ ਰਹੇ ਲੋਕਾਂ ਨੇ ਸੁੱਖ ਦਾ ਸਾਹ ਲਿਆ। ਪਰ ਲੋਕ ਅਜੇ ਵੀ ਡਰਦੇ ਸਨ ਕਿਉਂਕਿ ਨਾਰਥ ਅਲਾਂਇੰਸ ਦੇ ਜਿਹੜੇ ਲੀਡਰ ਸਰਕਾਰ ਵਿੱਚ ਲਏ ਗਏ ਸਨ ਉਹ ਪੁਰਾਣੇ ਵਾਰ ਲੌਰਡ ਹੀ ਸਨ ਜਿਹੜੇ ਖਾਨਾਜੰਗੀ ਦੌਰਾਨ ਲੋਕਾਂ ਦਾ ਘਾਣ ਕਰਦੇ ਰਹੇ ਸਨ। ਸਿਰਫ ਹਮੀਦ ਕਰਜਾਈ ਹੀ ਇੱਕ ਅਜਿਹਾ ਪਸ਼ਤੂਨ ਲੀਡਰ ਸੀ ਜਿਹੜਾ ਕਦੇ ਵਾਰਲੌਰਡ ਨਹੀਂ ਰਿਹਾ ਸੀ। ਪਰ ਇਸ ਵੇਲੇ ਹੋਰ ਕੋਈ ਚਾਰਾ ਵੀ ਨਹੀਂ ਸੀ। ਲੋਕਾਂ ਨੂੰ ਭਰੋਸਾ ਦਵਾਇਆ ਗਿਆ ਕਿ ਚੋਣਾਂ ਦੌਰਾਨ ਉਹ ਆਪਣੀ ਮਰਜ਼ੀ ਦੇ ਲੀਡਰ ਚੁਣ ਸਕਣਗੇ। ਇਸਦੇ ਅਗਲੇ ਸਾਲ ਜਾਣੀ ਕਿ 2002 ਵਿੱਚ ਲੋਹੇ ਜਿਰਗੇ ਦਾ ਇਕੱਠ ਕਰਕੇ ਇਸ ਆਰਜੀ ਸਰਕਾਰ ਦੀ ਮਿਆਦ ਵਧਾਉਣ ਦੀ ਵਿਉਂਤ ਬਣਾਈ ਗਈ। ਇਸ ਪਿੱਛੋਂ ਇੱਕ ਹੋਰ ਲੋਹਾ ਜਿਰਗਾ ਕਰਵਾਉਣ ਦਾ ਸੋਚਿਆ ਗਿਆ ਜਿਸ ਨੇ ਮੁਲਕ ਦਾ ਨਵਾਂ ਸੰਵਿਧਾਨ ਬਣਾਉਣ ਦਾ ਕਾਰਜ ਆਰੰਭਣਾ ਸੀ ਅਤੇ ਅਗਲੀਆਂ ਚੋਣਾਂ ਕਰਵਾਉਣ ਦਾ ਫੈਸਲਾ ਕਰਨਾ ਸੀ। ਪਰ ਨਾਰਥ ਦੇ ਵਾਰਲੌਰਡ ਆਪਣੀ ਔਕਾਤ ਤੋਂ ਨਹੀਂ ਟਲ ਸਕਦੇ ਸਨ। ਉਨ੍ਹਾਂ ਨੂੰ ਤਾਂ ਸਾਰਾ ਅਫਗਾਨਿਸਤਾਨ ਥਾਲੀ ਵਿੱਚ ਪਰੋਸ ਕੇ ਮਿਲ ਗਿਆ ਸੀ। ਇੰਨਾ ਹੀ ਨਹੀਂ, ਤਾਲੀਬਾਨਾਂ ਨੂੰ ਟੱਕਰ ਦੇਣ ਲਈ ਅਮਰੀਕਾ ਨੇ ਉਨ੍ਹਾਂ ਦੀ ਮਾਲੀ ਮੱਦਦ ਵੀ ਖੁੱਲ੍ਹ ਕੇ ਕੀਤੀ ਸੀ। ਇਸ ਕਰਕੇ ਉਹ ਭੂਤਰ ਗਏ। ਉਨ੍ਹਾਂ ਨੇ ਆਪਣੇ ਪੁਰਾਣੇ ਨਜਾਇਜ਼ ਕੰਮ ਸ਼ੁਰੂ ਕਰ ਦਿੱਤੇ। ਇਨ੍ਹਾਂ ਵਿੱਚ ਸਭ ਤੋਂ ਵੱਡਾ ਸੀ ਨਸ਼ਿਆਂ ਦੀ ਸਮੱਗਲਿੰਗ। ਇਸ

ਵੇਲੇ ਅਫਗਾਨਿਸਤਾਨ ਦੁਨੀਆਂ ਵਿੱਚ ਸਭ ਤੋਂ ਵੱਧ ਅਫੀਮ ਉਗਾਉਣ ਵਾਲਾ ਦੇਸ਼ ਸੀ। ਇਹ ਵਾਰ ਲੌਰਡ ਖੁਲਮ ਖੁੱਲ੍ਹਾ ਡਰੱਗ ਦਾ ਧੰਦਾ ਕਰ ਰਹੇ ਸਨ। ਇਸ ਵੇਲੇ ਸਾਰੇ ਬਾਹਰ ਦੇ ਮੁਲਕਾਂ ਨੇ ਇਹ ਕੰਮ ਬੰਦ ਕਰਵਾਉਣ ਦੀ ਸੋਚੀ। ਅਫੀਮ ਦੀ ਖੇਤੀ ਬੰਦ ਕਰਕੇ ਲੋਕਾਂ ਨੂੰ ਹੋਰ ਫਸਲਾਂ ਬੀਜਣ ਨੂੰ ਪ੍ਰੇਰਿਆ ਗਿਆ। ਲੋਕ ਤਿਆਰ ਵੀ ਹੋ ਗਏ। ਪਰ ਇਸ ਲਈ ਉਨ੍ਹਾਂ ਨੂੰ ਲੋੜੀਂਦੇ ਵਸੀਲੇ ਮੁਹੱਈਆ ਨਾ ਕਰਵਾਏ ਗਏ। ਲੋਕ ਅੱਕ ਕੇ ਫਿਰ ਤੋਂ ਅਫੀਮ ਦੀ ਖੇਤੀ ਕਰਨ ਲੱਗ ਪਏ।

ਖੈਰ ਜਦੋਂ ਉਸਾਮਾ ਬਿਨ ਲਾਦੇਨ ਆਪਣੀ ਜਥੇਬੰਦੀ ਸਮੇਤ ਭੱਜ ਨਿਕਲਿਆ ਤਾਂ ਅਮਰੀਕਾ ਦਾ ਜੋਸ਼ ਠੰਢਾ ਪੈ ਗਿਆ। ਦੂਸਰੇ ਭਾਈਵਾਲ ਮੁਲਕ ਫਿਕਰਮੰਦ ਹੋ ਗਏ। ਕਿਉਂਕਿ ਉਨ੍ਹਾਂ ਦਾ ਮੁੱਖ ਨਿਸ਼ਾਨਾ ਸੀ ਅਫਗਾਨਿਸਤਾਨ ਵਿੱਚ ਪੱਕੇ ਤੌਰ 'ਤੇ ਸ਼ਾਂਤੀ ਸਥਾਪਤ ਕਰਨੀ ਅਤੇ ਮੁਲਕ ਨੂੰ ਤਰੱਕੀ ਦੇ ਰਾਹ ਪਾਉਣਾ। ਇਹ ਸਾਰਾ ਕੰਮ ਬਹੁਤ ਵੱਡਾ ਸੀ ਅਤੇ ਕਿਸੇ ਇੱਕ ਮੁਲਕ ਦੇ ਵੱਸ ਦਾ ਨਹੀਂ ਸੀ। ਪਰ ਉਦੋਂ ਨੂੰ ਅਮਰੀਕਾ, ਲੜਾਈ ਦਾ ਮੂੰਹ ਇਰਾਕ ਵੱਲ ਮੋੜਨ ਲੱਗ ਪਿਆ ਸੀ। ਥੋੜਾ ਟਿਕਾਅ ਹੋਇਆ ਤਾਂ ਤਾਲੀਬਾਨ ਮੁੱਖੀ, ਮੁੱਲਾ ਉਮਰ ਹੈਲਮੰਡ ਸੂਬੇ 'ਚੋਂ ਨਿਕਲ ਕੇ ਪਾਕਿਸਤਾਨ ਦੇ ਕੁਏਟਾ ਸ਼ਹਿਰ ਜਾ ਪਹੁੰਚਿਆ। ਉੱਥੇ ਜਾ ਕੇ ਉਸਨੇ ਖਿੰਡੇ ਪੁੰਡੇ ਤਾਲੀਬਾਨਾਂ ਨੂੰ ਇਕੱਠੇ ਕਰਨਾ ਸ਼ੁਰੂ ਕਰ ਦਿੱਤਾ। ਉਸਨੂੰ ਇਸ ਕੰਮ ਵਿਚ ਕਾਮਯਾਬੀ ਵੀ ਮਿਲਣ ਲੱਗੀ। ਕਿਉਂਕਿ ਪਾਕਿਸਤਾਨ ਖੁਦ ਇਹ ਕੰਮ ਚਾਹੁੰਦਾ ਸੀ। ਮੁੱਲਾ ਉਮਰ ਨੇ ਛੇਤੀ ਹੀ ਇੱਕ ਕੌਂਸਲ ਬਣਾ ਕਿ ਕਮਾਂਡਰਾਂ ਨੂੰ ਅਫਗਾਨਿਸਤਾਨ ਦੇ ਏਰੀਏ ਵੰਡ ਦਿੱਤੇ ਤੇ ਉੱਥੇ ਜਾ ਕੇ ਗੁਪਤ ਢੰਗ ਨਾਲ ਲੜਾਈ ਦੀ ਤਿਆਰੀ ਵਿੱਢਣ ਦਾ ਹੁਕਮ ਦੇ ਦਿੱਤਾ। ਵੈਸੇ ਤਾਂ ਪਾਕਿਸਤਾਨ ਪਹਿਲਾਂ ਹੀ ਐੱਫ. ਏ. ਟੀ. ਏ. (ਫੈਡਰਲ ਐਡਮਿਨਿਸਟਰਡ ਟਰਾਈਵਲ ਏਜੈਂਸੀਜ਼) ਅਤੇ ਐੱਨ. ਡਵਲਿਊ. ਐੱਫ. ਪੀ. ( ਨਾਰਥ ਵੈਸਟਰਨ ਫਰੰਟੀਅਰ ਪਰੋਵਿਨਸ) ਦੁਆਲੇ ਘੱਟ ਸਖਤੀ ਰੱਖਦਾ ਸੀ। ਇਸੇ ਕਰਕੇ ਅਫਗਾਨਿਸਤਾਨ 'ਚੋਂ ਭੱਜੇ ਤਾਲੀਬਾਨ ਅਤੇ ਅਲਕਾਇਦਾ ਵਾਲੇ ਇੱਥੇ ਬਹੁਤਾਤ ਵਿੱਚ ਪਹੁੰਚ ਰਹੇ ਸਨ। ਉੱਪਰੋਂ ਪਾਕਿਸਤਾਨੀ ਅੱਤਵਾਦੀਆਂ ਵੱਲੋਂ, ਭਾਰਤੀ ਪਾਰਲੀਮੈਂਟ ਅੰਦਰ ਕੀਤੇ ਬੰਬ ਧਮਾਕਿਆਂ ਕਾਰਨ ਦੋਨਾਂ ਮੁਲਕਾਂ ਵਿਚਕਾਰ ਟਕਰਾ ਪੈਦਾ ਹੋ ਗਿਆ। ਜਦੋਂ ਭਾਰਤੀ ਫੌਜਾਂ ਨੇ ਸਰਹੱਦ ਵੱਲ ਕੂਚ ਕਰ ਦਿੱਤਾ ਤਾਂ ਪਾਕਿਸਤਾਨ ਨੂੰ ਵੀ ਆਪਣੀਆਂ ਫੌਜਾਂ ਸਰਹੱਦ 'ਤੇ ਲਾਉਣੀਆਂ ਪਈਆਂ। ਇਨ੍ਹਾਂ ਹਾਲਤਾਂ ਵਿੱਚ ਉਪਰੋਕਤ ਇਲਾਕਿਆਂ ਵਿੱਚ ਕੋਈ ਸਖਤੀ ਨਾ ਰਹੀ ਅਤੇ ਤਾਲੀਬਾਨ ਤੇ ਅਲਕਾਇਦਾ ਵਾਲੇ ਆਰਾਮ ਨਾਲ ਇੱਥੇ ਆਪਣੇ ਅੱਡੇ ਬਣਾ ਕੇ ਅੱਗੇ ਦਾ ਕੰਮ-ਕਾਜ ਕਰਨ ਲੱਗੇ। ਜਦੋਂ ਅਮਰੀਕਾ ਦੀ ਦਿਲਚਸਪੀ ਇੱਧਰੋਂ ਘਟ ਗਈ ਤਾਂ ਪਾਕਿਸਤਾਨੀ ਸਰਕਾਰ ਸਮਝ ਗਈ ਕਿ ਛੇਤੀ ਹੀ ਅਮਰੀਕਾ ਇੱਥੋਂ ਚਲਾ ਜਾਵੇਗਾ ਤੇ ਉਨ੍ਹਾਂ ਲਈ ਫਿਰ ਤੋਂ ਖੁੱਲ੍ਹ ਹੋਵੇਗੀ। ਇਸੇ ਕਰਕੇ ਉਹ ਤਾਲੀਬਾਨਾਂ ਅਤੇ ਅਲਕਾਇਦਾ ਦੀ ਪੁਸ਼ਤ ਪਨਾਹੀ ਕਰ ਰਹੇ ਸਨ ਤਾਂ ਕਿ ਮੌਕਾ ਮਿਲਦਿਆਂ ਹੀ ਫਿਰ ਤੋਂ ਉਨ੍ਹਾਂ ਦਾ ਕਬਜ਼ਾ ਅਫਗਾਨਿਸਤਾਨ 'ਤੇ ਕਰਵਾਇਆ ਜਾ ਸਕੇ। ਇਸਦੇ ਲਈ ਪਾਕਿਸਤਾਨ, ਤਾਲੀਬਾਨਾਂ ਉੱਪਰ ਪ੍ਰੋਕਸੀ ਵਾਰ ਚਲਾਉਣ ਦਾ ਦਬਾਅ ਪਾਉਣ ਲੱਗਿਆ। ਇਸ ਗੱਲ ਦਾ ਪਤਾ ਅਮਰੀਕਾ ਨੂੰ ਲੱਗਿਆ ਤਾਂ ਉਸਨੇ ਮੁਸ਼ਰਫ ਦੀ ਜੁਆਬ ਤਲਬੀ ਕੀਤੀ। ਮੁਸ਼ਰਫ ਨੇ ਇਸ ਦਬਾਅ ਹੇਠਾਂ ਆ ਕੇ ਤੇ ਜ਼ਰਾ ਕੁ ਸੱਚਾ ਹੋਣ ਲਈ ਕੁਝ ਅਲਕਾਇਦਾ ਮੈਂਬਰ ਗ੍ਰਿਫਤਾਰ ਕਰਵਾ ਕੇ ਅਮਰੀਕਾ ਦੇ ਹਵਾਲੇ ਕਰ ਦਿੱਤੇ। ਇਨ੍ਹਾਂ ਵਿੱਚ ਨਾਈਨ ਅਲੈਵਨ ਦਾ ਮਾਸਟਰ ਮਾਈਂਡਡ ਖਾਲਿਦ ਸ਼ੇਖ ਮੁਹੰਮਦ ਅਤੇ ਅਬੂ ਜ਼ੁਬੇਦ ਸ਼ਾਮਲ ਸਨ। ਮੁਸ਼ੱਰਫ ਦੀ ਇਸ ਹਰਕਤ ਤੋਂ ਚਿੜ੍ਹ ਕੇ ਅਲਕਾਇਦਾ ਵਾਲਿਆਂ ਨੇ ਉਸ 'ਤੇ ਦੋ ਹਮਲੇ ਕਰਵਾਏ। ਪਰ ਉਹ ਦੋਨਾਂ ਵਿੱਚ ਹੀ ਬਚ ਰਿਹਾ। ਉਂਝ ਉਹ ਸਮਝ ਗਿਆ ਸੀ ਕਿ ਉਹ ਅੱਗ ਨਾਲ ਖੇਡ ਰਿਹਾ ਹੈ। ਜਿਨ੍ਹਾਂ ਅਲਕਾਇਦਾ ਵਾਲਿਆਂ ਦੀ ਉਹ ਪੁਸ਼ਤ ਪਨਾਹੀ ਕਰ ਰਿਹਾ ਸੀ ਉਨ੍ਹਾਂ ਨੇ ਹੀ ਉਸਨੂੰ



ਮਾਰਨ ਦੀ ਕੋਸ਼ਿਸ਼ ਕੀਤੀ ਸੀ। ਇੰਨਾ ਹੀ ਨਹੀਂ ਪਾਕਿਸਤਾਨ ਵਿੱਚ ਪਨਾਹ ਲੈਣ ਵਾਲਿਆਂ ਨੇ ਇੱਥੇ ਵੀ ਪਾਕਿਸਤਾਨੀ ਅਲਕਾਇਦਾ ਅਤੇ ਪਾਕਿਸਤਾਨੀ ਤਾਲੀਬਾਨ ਦੇ ਨਾਂ ਹੇਠਾਂ ਨੌਜਵਾਨਾਂ ਦੀ ਭਰਤੀ ਸ਼ੁਰੂ ਕਰ ਦਿੱਤੀ। ਅੱਤਵਾਦੀ ਰੂਪੀ ਇਹ ਕੈਂਸਰ ਪਾਕਿਸਤਾਨ ਵਿੱਚ ਵੀ ਆਪਣੀਆਂ ਜੜ੍ਹਾਂ ਫੈਲਾਉਣ ਲੱਗ ਪਿਆ ਸੀ।

ਕੁਏਟਾ ਵਿੱਚ ਮੁੱਲਾ ਉਮਰ ਦੁਆਰਾ ਤਾਲੀਬਾਨਾਂ ਨੂੰ ਇਕੱਠੇ ਕਰਕੇ ਫਿਰ ਤੋਂ ਲੜਾਈ ਸ਼ੁਰੂ ਕਰਨ ਦੀਆਂ ਕੋਸ਼ਿਸ਼ਾਂ ਛੇਤੀ ਹੀ ਰੰਗ ਦਿਖਾਉਣ ਲੱਗੀਆਂ। ਸਭ ਤੋਂ ਪਹਿਲਾਂ ਉਹ ਸਰਹੱਦੋਂ ਪਾਰ, ਅਫਗਾਨਿਸਤਾਨ ਅੰਦਰ ਲੁਕਾ ਛੁਪਾ ਕੇ ਹਥਿਆਰ ਭੇਜਣ ਲੱਗੇ। ਸਾਲ 2002 ਦੇ ਅਖੀਰ ਤੱਕ, ਕਾਫੀ ਮਾਤਰਾ ਵਿੱਚ ਹਥਿਆਰਾਂ ਦੇ ਜ਼ਖੀਰੇ ਅਫਗਾਨਿਸਤਾਨ ਵਿੱਚ ਇਕੱਠੇ ਕਰ ਲਏ ਗਏ ਸਨ। ਪਤਾ ਉਦੋਂ ਹੀ ਲੱਗਿਆ ਜਦੋਂ 2003 ਦੇ ਜਨਵਰੀ ਮਹੀਨੇ ਤਾਲੀਬਾਨਾਂ ਨੇ ਪਾਕਿਸਤਾਨ ਨਾਲ ਲੱਗਦੇ ਸੂਬੇ ਜ਼ਾਬਲ ਅਤੇ ਹੈਲਮਡ ਵਿੱਚ ਗੁਰੀਲੇ ਐਕਸ਼ਨ ਸ਼ੁਰੂ ਕਰ ਦਿੱਤੇ। ਅਮਰੀਕਾ ਅਤੇ ਉਸਦੇ ਸਹਿਯੋਗੀ ਮੁਲਕ ਤਾਂ ਹੈਰਾਨ ਹੀ ਰਹਿ ਗਏ, ਜਦੋਂ ਤਾਜ਼ਾ ਦਮ ਤਾਲੀਬਾਨਾਂ ਨੇ ਹਾਰ ਦੇ ਸਿਰਫ ਡੇਢ ਕੁ ਸਾਲ ਬਾਅਦ ਹੀ ਸਭ ਦੀਆਂ ਭਾਜੜਾਂ ਪੁਆ ਦਿੱਤੀਆਂ। ਤਾਲੀਬਾਨਾਂ ਨੇ ਇਨ੍ਹਾਂ ਇਲਾਕਿਆਂ ਵਿੱਚ ਵਿਦੇਸ਼ੀ ਮੱਦਦ ਕਰਨ ਵਾਲੇ ਲੋਕ ਜਾਂ ਯੂ. ਐਨ. ਓ. ਦੇ ਕਾਮੇ ਮਾਰਨੇ ਸ਼ੁਰੂ ਕਰ ਦਿੱਤੇ। ਇਸ ਵੇਲੇ ਭਾਵੇਂ ਅਮਰੀਕਾ ਦਾ ਸਾਰਾ ਧਿਆਨ ਇਰਾਕ ਵੱਲ ਲੱਗਿਆ ਹੋਇਆ ਸੀ ਪਰ ਫਿਰ ਵੀ ਉਸਨੇ ਜ਼ਾਬਲ ਸੂਬੇ ਵਿੱਚ ਭਰਵਾਂ ਮੋੜਵਾਂ ਹਮਲਾ ਕੀਤਾ ਜਿਸ ਵਿੱਚ ਹਵਾਈ ਜਹਾਜ਼ਾਂ ਦੀ ਵਰਤੋਂ ਕੀਤੀ ਗਈ। ਪਰ ਪੂਰੇ ਨੌਂ ਦਿਨ ਤਾਲੀਬਾਨਾਂ ਨੇ ਉਨ੍ਹਾਂ ਨੂੰ ਨੇੜੇ ਨਾ ਲੱਗਣ ਦਿੱਤਾ। ਫਿਰ ਉਹ ਥੋੜਾ ਪਿੱਛੇ ਹਟ ਗਏ ਪਰ ਕੁਝ ਦਿਨਾਂ ਪਿੱਛੋਂ ਹੀ ਉਨ੍ਹਾਂ ਨੇ ਫਿਰ ਤੋਂ ਇਨ੍ਹਾਂ ਇਲਾਕਿਆਂ 'ਤੇ ਪੱਕਾ ਕਬਜ਼ਾ ਕਰ ਲਿਆ।

ਇੱਥੇ ਤਾਲੀਬਾਨਾਂ ਨੂੰ ਵੱਡਾ ਫਾਇਦਾ ਇਹ ਸੀ ਕਿ ਇੱਕ ਤਾਂ ਇਹ ਨੀਮ ਪਹਾੜੀ ਇਲਾਕਾ ਸੀ ਤੇ ਦੂਸਰਾ ਦੂਜੇ ਪਾਸੇ ਪਾਕਿਸਤਾਨ ਲੱਗਦਾ ਸੀ। ਜਦੋਂ ਹੀ ਅਮਰੀਕਨ ਫੌਜ ਦਾ ਜ਼ੋਰ ਵਧਦਾ ਤਾਂ ਉਹ ਬਾਡਰ ਲੰਘ ਕੇ ਪਾਕਿਸਤਾਨ ਜਾ ਵੜਦੇ ਸਨ, ਜਿੱਥੇ ਕਿ ਉਨ੍ਹਾਂ ਨੂੰ ਡਰ ਹੀ ਕੋਈ ਨਹੀਂ ਸੀ। ਉੱਧਰ ਪਾਕਿਸਤਾਨ ਦੀ ਦੂਹਰੀ ਖੇਡ ਕਿਸੇ ਗੱਲ ਨੂੰ ਸਿਰੇ ਨਹੀਂ ਲੱਗਣ ਦੇ ਰਹੀ ਸੀ। ਨਾਲ ਹੀ ਅਮਰੀਕਾ ਦੀ ਵੀ ਕੋਈ ਸਿੱਧੀ ਸਾਫ ਨੀਤੀ ਨਹੀਂ ਸੀ ਜੋ ਕਿ ਅਫਗਾਨਿਸਤਾਨ ਦੀ ਸ਼ਾਂਤੀ ਵਿੱਚ ਮੱਦਦ ਕਰਦੀ। ਪਹਿਲਾਂ ਪੂਰੇ ਜ਼ੋਰ-ਸ਼ੋਰ ਨਾਲ ਅਮਰੀਕਾ ਇੱਥੇ ਆਇਆ ਸੀ, ਪਰ ਫਿਰ ਛੇਤੀ ਹੀ ਆਪਣੀਆਂ ਫੌਜਾਂ ਇਰਾਕ ਵੱਲ ਲੈ ਤੁਰਿਆ। ਬੜੀ ਸਾਫ ਜਿਹੀ ਗੱਲ ਸੀ ਕਿ ਜਿਵੇਂ ਇੱਥੋਂ ਤਾਲੀਬਾਨਾਂ ਨੂੰ ਭਜਾਇਆ ਗਿਆ ਸੀ ਜੇਕਰ ਉਸ ਪਿੱਛੋਂ ਚੰਗੇ ਪ੍ਰਬੰਧ ਕੀਤੇ ਜਾਂਦੇ ਤਾਂ ਉਹ ਉਸ ਤਾਕਤ ਨਾਲ ਵਾਪਸ ਨਹੀਂ ਮੁੜ ਸਕਦੇ ਸਨ ਜਿਵੇਂ ਕਿ ਹੁਣ ਮੁੜ ਰਹੇ ਸਨ। ਸਿਰਫ ਉਨ੍ਹਾਂ ਤੋਂ ਤਾਕਤ ਖੋਹ ਕੇ ਕਿਸੇ ਦੂਸਰੇ ਗਰੁੱਪ ਨੂੰ ਦੇਣ ਨਾਲ ਅਫਗਾਨਿਸਤਾਨ ਦਾ ਮਸਲਾ ਹੱਲ ਨਹੀਂ ਹੋ ਜਾਣਾ ਸੀ। ਇੱਕ ਅਜਿਹਾ ਮੁਲਕ ਜਿੱਥੇ ਪਿਛਲੇ ਬੀਹ ਬਾਈ ਸਾਲਾਂ ਤੋਂ ਲੜਾਈ ਚੱਲ ਰਹੀ ਸੀ, ਜਿੱਥੇ ਦਾ ਸਾਰਾ ਸਮਾਜ, ਸੱਭਿਆਚਾਰ ਤੇ ਕੰਮ ਕਿੱਤਾ ਬਗੈਰਾ ਤਬਾਹ ਹੋ ਚੁੱਕੇ ਸਨ, ਉੱਥੇ ਇੱਕ ਅੱਧ ਸਾਲ ਵਿੱਚ ਸਾਰਾ ਕੁਝ ਆਮ ਵਰਗਾ ਨਹੀਂ ਹੋ ਸਕਦਾ ਸੀ। ਲੋਕਾਂ ਕੋਲ ਕੰਮ ਨਹੀਂ ਸੀ, ਕਿਧਰੇ ਕੰਮ ਦਾ ਮਾਹੌਲ ਨਹੀਂ ਸੀ। ਕਿਧਰੇ ਕੋਈ ਸਕੂਲ ਨਹੀਂ ਸੀ, ਹਸਪਤਾਲ ਨਹੀਂ ਸੀ। ਸਭ ਤੋਂ ਵੱਡੀ ਗੱਲ, ਵਾਰਲੌਰਡਾਂ ਵਰਗੇ ਤਾਕਤ ਦੇ ਭੁੱਖੇ ਲੋਕ ਜਿਹੜੇ ਪਿਛਲੇ ਕਿੰਨੇ ਹੀ ਸਾਲਾਂ ਤੋਂ ਲੋਕਾਂ 'ਤੇ ਰਾਜ ਕਰਦੇ ਆ ਰਹੇ ਸਨ ਉਹ ਇੱਕਦਮ ਨਹੀਂ ਬਦਲ ਸਕਦੇ ਸਨ। ਲੋੜ ਸੀ ਅਫਗਾਨਿਸਤਾਨ ਵਿੱਚ ਸਭ ਤੋਂ ਪਹਿਲਾਂ ਮੁਲਕ ਦੀ ਫੌਜ ਬਣਾਈ ਜਾਂਦੀ ਜਿਹੜੀ ਇੱਕ ਕਮਾਂਡ ਹੇਠ ਲੜਦੀ। ਫਿਰ ਲੋਕਲ ਪੁਲਸ ਵਿੱਚ ਸੁਧਾਰ ਕਰਨ ਦੀ ਬੜੀ ਲੋੜ ਸੀ। ਇਨ੍ਹਾਂ ਗੱਲਾਂ ਤੋਂ

ਇਲਾਵਾ ਲੋੜ ਸੀ ਮੁਲਕ ਨੂੰ ਤਰੱਕੀ ਦੇ ਰਾਹ ਪਾਉਣ ਦੀ। ਜਦੋਂ ਇਨ੍ਹਾਂ ਵਿੱਚੋਂ ਕੋਈ ਵੀ ਗੱਲ ਨਾ ਵਾਪਰੀ ਤਾਂ ਲੋਕਾਂ ਵਿੱਚ ਬੇਭਰੋਸਗੀ ਵਧਣ ਲੱਗੀ। ਉਨ੍ਹਾਂ ਦੇ ਭਾਅ ਦੇ ਤਾਲੀਬਾਨ ਗਏ ਤਾਂ ਕੋਈ ਹੋਰ ਆ ਗਏ। ਤਾਲੀਬਾਨਾਂ ਨੇ ਇਸ ਸਥਿਤੀ ਦਾ ਪੂਰਾ ਪੂਰਾ ਫਾਇਦਾ ਉਠਾਇਆ। ਉਹ ਜਿੱਥੇ ਕਿਤੇ ਵੀ ਪੱਕੇ ਪੈਰੀਂ ਹੋਏ, ਉੱਥੇ ਉਨ੍ਹਾਂ ਸਭ ਤੋਂ ਪਹਿਲਾਂ ਅਫੀਮ ਦੀ ਖੇਤੀ ਉਗਾਉਣ ਨੂੰ ਉਤਸ਼ਾਹਤ ਕੀਤਾ। ਇਸ ਨਾਲ ਇੱਕ ਤਾਂ ਉਨ੍ਹਾਂ ਦੀ ਆਪਣੀ ਆਮਦਨ ਵਧ ਗਈ ਦੂਸਰਾ ਲੋਕ ਵੀ ਖੁਸ਼ ਹੋ ਗਏ। ਕਿਉਂਕਿ ਇਹ ਇੱਕ ਅਜਿਹੀ ਖੇਤੀ ਸੀ ਜਿਸ ਵਿੱਚ ਮਿਹਨਤ ਘੱਟ ਅਤੇ ਆਮਦਨ ਬਹੁਤ ਜ਼ਿਆਦਾ ਹੁੰਦੀ ਸੀ। ਕ੍ਰਿਸਾਨਾਂ ਤੋਂ ਸਸਤੀ ਅਫੀਮ ਖਰੀਦ ਕੇ, ਉਸਨੂੰ ਮਸ਼ੀਨਾਂ ਰਾਹੀਂ ਪਰਾਸੈੱਸ ਕਰਕੇ ਹੀਰੋਇਨ ਵਿੱਚ ਤਬਦੀਲ ਕੀਤਾ ਜਾਂਦਾ ਸੀ। ਪਿੱਛੋਂ ਇਹ ਹੀਰੋਇਨ ਦੁਨੀਆਂ ਭਰ ਅੰਦਰ ਕਰੋੜਾਂ ਡਾਲਰਾਂ 'ਚ ਵਿਕਦੀ ਸੀ। ਇਸੇ ਕਰਕੇ ਇਹ ਕਿੱਤਾ ਤਾਲੀਬਾਨਾਂ ਲਈ ਬੜਾ ਫਾਇਦੇਮੰਦ ਸਾਬਤ ਹੋ ਰਿਹਾ ਸੀ। ਅਫੀਮ ਦੀ ਖੇਤੀ ਕਰਨ ਵਾਲੇ ਕ੍ਰਿਸਾਨਾਂ ਨੂੰ ਤਾਲੀਬਾਨਾਂ ਨੇ ਪੂਰੀ ਪੂਰੀ ਸੁਰੱਖਿਆ ਮੁਹੱਈਆ ਕਰਵਾਉਣ ਦਾ ਵਾਅਦਾ ਕੀਤਾ। ਉਨ੍ਹਾਂ ਦੇ ਇਸ ਵਾਅਦੇ ਤੋਂ ਪ੍ਰਭਾਵਤ ਹੋ ਕੇ ਹੋਰ ਜ਼ਿਆਦਾ ਲੋਕ ਅਫੀਮ ਦੀ ਖੇਤੀ ਕਰਨ ਲੱਗੇ। 2003 ਵਿੱਚ ਤਾਲੀਬਾਨ ਫਿਰ ਤੋਂ ਅਫਗਾਨਿਸਤਾਨ ਅੰਦਰ ਘੁਸਣੇ ਸ਼ੁਰੂ ਹੋਏ ਸਨ ਅਤੇ ਇਸਦੇ ਅਗਲੇ ਸਾਲ ਹੀ ਅਫਗਾਨਿਸਤਾਨ ਵਿੱਚ 4200 ਮੀਟਰਕ ਟਨ ਅਫੀਮ ਦੀ ਪੈਦਾਵਾਰ ਰਿਕਾਰਡ ਕੀਤੀ ਗਈ। ਯੂ. ਐਨ. ਓ. ਦੀ ਉਸ ਸਾਲ ਦੀ ਰਿਪੋਰਟ ਮੁਤਾਬਕ ਅਫਗਾਨਿਸਤਾਨ ਦੇ 34 ਸੂਬਿਆਂ ਵਿੱਚ ਅਫੀਮ ਦੀ ਖੇਤੀ ਫਿਰ ਤੋਂ ਸ਼ੁਰੂ ਹੋ ਗਈ ਸੀ। ਦੁਨੀਆਂ ਹੈਰਾਨ, ਪਰੇਸ਼ਾਨ ਸੀ ਕਿ ਇੰਨਾ ਕੁਝ ਕਰਨ ਦਾ ਫਾਇਦਾ ਕੀ ਹੋਇਆ ਜੇਕਰ ਹਾਲਾਤ ਉੱਥੇ ਦੇ ਉੱਥੇ ਹੀ ਖੜ੍ਹੇ ਹਨ। ਇੱਕ ਗੱਲ ਇਹ ਵੀ ਸੀ ਕਿ ਇਕੱਲੇ ਤਾਲੀਬਾਨ ਹੀ ਅਫੀਮ ਦੀ ਖੇਤੀ 'ਚੋਂ ਫਾਇਦਾ ਨਹੀਂ ਉਠਾ ਰਹੇ ਸਨ ਸਗੋਂ ਹਮੀਦ ਕਾਰਜਾਈ ਦੀ ਸਰਕਾਰ ਦੇ ਬਹੁਤ ਸਾਰੇ ਮੰਤਰੀ ਤੇ ਅਫਸਰ ਵੀ ਇਸ ਵਪਾਰ ਵਿੱਚ ਸ਼ਾਮਲ ਸਨ। ਇੱਥੋਂ ਤੱਕ ਕਿ ਕਰਜਾਈ ਦੇ ਸਕੇ ਭਰਾ 'ਤੇ ਅਫੀਮ ਸਮੱਗਲਿੰਗ ਦਾ ਰਿੰਗ ਚਲਾਉਣ ਦੇ ਇਲਜ਼ਾਮ ਲੱਗ ਰਹੇ ਸਨ। ਲੋਕਾਂ ਦਾ ਤਾਂ ਸਿੱਧਾ ਹੀ ਜੁਆਬ ਸੀ ਕਿ ਜਦੋਂ ਹੋਰ ਕੋਈ ਕੰਮ ਹੀ ਨਹੀਂ ਹੈ ਕਰਨ ਨੂੰ ਤਾਂ ਉਹ ਅਫੀਮ ਦੀ ਖੇਤੀ ਕਰਨ ਲਈ ਮਜ਼ਬੂਰ ਹਨ। ਹਰ ਪਾਸੇ ਕੁਰੱਪਸ਼ਨ ਦਾ ਬੋਲਬਾਲਾ ਸੀ। ਬਾਹਰਲੇ ਮੁਲਕ ਸੋਚ ਰਹੇ ਸਨ ਕਿ ਅਜਿਹੇ ਹਾਲਾਤਾਂ ਵਿੱਚ ਉਹ ਕੀ ਕਰਨ। ਅਫਗਾਨਿਸਤਾਨ ਫਿਰ ਤੋਂ ਉਲਟੀ ਦਿਸ਼ਾ ਵੱਲ ਜਾ ਰਿਹਾ ਸੀ। ਤਾਲੀਬਾਨ ਵਾਪਸ ਮੁੜ ਰਹੇ ਸਨ। ਸਭ ਨੂੰ ਲੱਗਦਾ ਸੀ ਕਿ ਜੇਕਰ ਕੰਮ ਇਵੇਂ ਹੀ ਜਾਰੀ ਰਿਹਾ ਤਾਂ ਇੱਕ ਹੋਰ ਤਰ੍ਹਾਂ ਦੀ ਲੜਾਈ ਸ਼ੁਰੂ ਹੋ ਜਾਵੇਗੀ। ਜਿਸ ਵਿੱਚ ਬਾਹਰਲੇ ਮੁਲਕ ਤਾਂ ਲਪੇਟੇ ਹੀ ਜਾਣਗੇ ਪਰ ਅਫਗਾਨਿਸਤਾਨ ਵੀ ਕੱਖ ਨਹੀਂ ਬਚੇਗਾ।

ਇਸ ਵਿਚਕਾਰ 2004 ਵਿੱਚ ਚੋਣ ਹੋਈ ਤਾਂ ਹਾਮੀਦ ਕਾਰਜਾਈ ਫਿਰ ਤੋਂ ਪਰੈਜ਼ੀਡੈਂਟ ਚੁਣਿਆ ਗਿਆ। ਉਸ ਉੱਪਰ ਚੋਣਾਂ 'ਚ ਵੱਡੇ ਪੱਧਰ 'ਤੇ ਘਪਲਾ ਕਰਵਾਉਣ ਦੇ ਦੋਸ਼ ਲੱਗੇ। ਤਾਲੀਬਾਨਾਂ ਨੇ ਵੀ ਇਸ ਚੋਣ ਪ੍ਰਕਿਰਿਆ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਜਿਸ ਦਰਮਿਆਨ ਸੈਂਕੜੇ ਲੋਕ ਮਾਰੇ ਗਏ। ਤਾਲੀਬਾਨ ਦਾ ਅੱਗੇ ਵਧਣਾ ਜਾਰੀ ਸੀ। ਇਸ ਵਿਚਕਾਰ ਨਾਟੋ ਮੁਲਕਾਂ ਦੀਆਂ ਇੰਟੈਲੀਜੈਂਸੀਆਂ ਨੇ ਰਿਪੋਰਟ ਦਿੱਤੀ ਕਿ ਪਾਕਿਸਤਾਨੀ ਆਈ. ਐੱਸ. ਆਈ. ਖੁਦ ਪੂਰੀ ਦਿਲਚਸਪੀ ਲੈ ਕੇ ਕੁਏਟਾ ਵਿੱਚ ਤਾਲੀਬਾਨਾਂ ਦੇ ਕੈਂਪ ਚਲਾ ਰਹੀ ਹੈ। ਉਨ੍ਹਾਂ ਨੂੰ ਪੈਸਾ ਟਕਾ ਅਤੇ ਹਥਿਆਰ ਸਭ ਕੁਝ ਮੁਹੱਈਆ ਕਰਵਾ ਰਹੀ ਹੈ। ਇੰਨਾ ਹੀ ਨਹੀਂ, ਜਦੋਂ ਉਹ ਅਫਗਾਨਿਸਤਾਨ ਵੱਲ ਲੰਘਦੇ ਹਨ ਤਾਂ ਪਾਕਿਸਤਾਨੀ ਫੌਜ ਉਨ੍ਹਾਂ ਨੂੰ ਕਵਰ ਫਾਇਰ ਦਿੰਦੀ ਹੈ। ਨਾਟੋ ਮੁਲਕਾਂ ਦੀ ਸੋਚ ਸੀ ਕਿ ਅਜਿਹੇ ਹਾਲਾਤਾਂ ਵਿੱਚ ਉਹ ਕੀ ਕਰ ਸਕਦੇ ਹਨ ਜਦੋਂ ਕਿ



ਪਾਕਿਸਤਾਨ ਉਨ੍ਹਾਂ ਦੇ ਸਾਰੇ ਕੀਤੇ ਕਰਾਏ 'ਤੇ ਪਾਣੀ ਫੇਰ ਰਿਹਾ ਹੈ। ਅਮਰੀਕਾ ਨੇ ਵੀ ਇਸ ਵੇਲੇ ਪਾਕਿਸਤਾਨ ਉੱਪਰ ਬਣਦਾ ਦਬਾਅ ਨਾ ਪਾਇਆ ਕਿਉਂਕਿ ਇਸ ਵੇਲੇ ਉਸਦੀ ਇਰਾਕ ਅੰਦਰ ਸਿਰ ਧੜ ਦੀ ਬਾਜੀ ਲੱਗੀ ਹੋਈ ਸੀ। ਇਨ੍ਹੀਂ ਦਿਨੀਂ ਹਮੀਦ ਕਾਰਜਾਈ ਨੇ ਤਾਲੀਬਾਨਾਂ ਨਾਲ ਕੋਈ ਸਮਝੌਤਾ ਕਰਨਾ ਚਾਹਿਆ ਪਰ ਪਾਕਿਸਤਾਨ ਨੇ ਇਸਨੂੰ ਸਿਰੇ ਨਾ ਚੜ੍ਹਨ ਦਿੱਤਾ। ਵੈਸੇ ਸਾਰੇ ਮੁਲਕ ਥੋੜੀ ਥੋੜੀ ਫੌਜ ਭੇਜ ਰਹੇ ਸਨ ਤਾਂ ਕਿ ਸ਼ਾਂਤੀ ਰੱਖੀ ਜਾ ਸਕੇ। ਪਰ ਕੋਈ ਸਾਂਝੀ ਸਕੀਮ ਨਾ ਹੋਣ ਕਰਕੇ ਇਹ ਜ਼ਿਆਦਾ ਅਸਰ ਨਹੀਂ ਦਿਖਾ ਰਹੀ ਸੀ। ਜਿੱਥੇ ਜਿੱਥੇ ਤਾਲੀਬਾਨ ਕਾਬਜ਼ ਹੋ ਰਹੇ ਸਨ ਉੱਥੇ ਉਹ ਸਰਕਾਰ ਦੇ ਸਮਾਨਾਤਰ ਸਰਕਾਰ ਚਲਾਉਣ ਲਈ ਆਪਣੇ ਜੱਜ, ਪੁਲਸ ਅਫਸਰ ਅਤੇ ਹੋਰ ਅਧਿਕਾਰੀ ਨਿਯੁਕਤ ਕਰ ਰਹੇ ਸਨ। ਕਾਰਜਾਈ ਸਰਕਾਰ ਦੁਆਰਾ ਸ਼ੁਰੂ ਕੀਤੇ ਸਕੂਲ ਜਾਂ ਹੋਰ ਕੰਮਾਂ ਨੂੰ ਉਹ ਤਬਾਹ ਕਰ ਰਹੇ ਸਨ। ਸਰਕਾਰ ਪੱਖੀ ਅਧਿਕਾਰੀਆਂ ਨੂੰ ਚੁਣ ਚੁਣ ਕੇ ਮਾਰ ਰਹੇ ਸਨ। ਜਨਤਾ ਵਿੱਚ ਦਹਿਸ਼ਤ ਪਾਉਣ ਲਈ ਉਹ ਬਿਨਾਂ ਮਤਲਬੋਂ ਲੋਕਾਂ ਨੂੰ ਮਾਰ ਸੁੱਟਦੇ ਸਨ।

ਹੁਣ ਤੱਕ ਮੀਡੀਏ ਦੇ ਖਿਲਾਫ ਰਹੇ ਤਾਲੀਬਾਨਾਂ ਨੇ ਆਪਣੀ ਨੀਤੀ ਬਦਲ ਲਈ ਸੀ। ਉਹ ਆਪਣੇ ਲੀਡਰਾਂ ਦੀਆਂ ਟੇਪਾਂ ਆਦਿ ਰਿਕਾਰਡ ਕਰਵਾ ਕੇ ਲੋਕਾਂ ਵਿੱਚ ਵੰਡ ਰਹੇ ਸਨ। ਹੋਰ ਤਾਂ ਹੋਰ ਉਨ੍ਹਾਂ ਆਪਣਾ ਐਫ. ਐਮ. ਰੇਡੀਉ ਵੀ ਸਥਾਪਤ ਕਰ ਲਿਆ ਸੀ। ਜਿਸ ਰਾਹੀਂ ਉਹ ਸਾਰਾ ਦਿਨ ਵਿਰੋਧੀਆਂ ਦੇ ਖਿਲਾਫ ਧੂੰਆਂ ਧਾਰ ਪ੍ਰਚਾਰ ਕਰਦੇ ਸਨ। ਇਹ ਉਨ੍ਹਾਂ ਲਈ ਸੌਖਾ ਵੀ ਸੀ। ਪਿੱਕ ਅੱਪ ਟਰੱਕ ਵਿੱਚ ਚਲਦਾ ਫਿਰਦਾ ਰੇਡੀਉ ਸਟੇਸ਼ਨ ਲੈ ਕੇ ਉਹ ਇੱਧਰ ਉੱਧਰ ਘੁੰਮਦੇ ਰਹਿੰਦੇ ਸਨ। ਅਮਰੀਕਾ ਅਤੇ ਮਿੱਤਰ ਦੇਸ਼ਾਂ ਦੁਆਰਾ ਕੋਈ ਸਾਂਝੀ ਵਜ਼ਨਦਾਰ ਸਕੀਮ ਨਾ ਬਣਾ ਸਕਣਾ, ਕਰਜਾਈ ਸਰਕਾਰ ਦਾ ਨਿਕੰਮਾਪਣ, ਕੁਰੱਪਸ਼ਨ ਅਤੇ ਲੋਕਾਂ ਵਿੱਚ ਵਿਹਲੇਪਣ ਕਰਕੇ ਫੈਲ ਰਹੀ ਅਰਾਜਕਤਾ, ਤਾਲੀਬਾਨਾਂ ਦੇ ਫਿੱਟ ਬੈਠ ਰਹੀ ਸੀ। ਜਿੰਨਾ ਉਨ੍ਹਾਂ ਦੇ ਵਿਰੋਧੀ ਖਿੰਡੇ-ਪੁੰਡੇ ਹੋਏ ਸਨ, ਉਨਾਂ ਹੀ ਤਾਲੀਬਾਨ ਅੱਗੇ ਵਧ ਰਹੇ ਸਨ। 2006 ਵਿੱਚ ਤਾਲੀਬਾਨਾਂ ਨੇ ਕੰਧਾਰ ਸ਼ਹਿਰ 'ਚੋਂ ਬਾਹਰਵੱਲ ਹਮਲਾ ਕੀਤਾ ਤਾਂ ਨਾਟੋ ਮੁਲਕ ਅਤੇ ਦੂਸਰੇ ਹੈਰਾਨ ਰਹਿ ਗਏ। ਉਨ੍ਹਾਂ ਨੂੰ ਪਤਾ ਹੀ ਨਾ ਲੱਗ ਸਕਿਆ ਕਿ ਕਦੋਂ ਤਾਲੀਬਾਨਾਂ ਨੇ ਕੰਧਾਰ ਸ਼ਹਿਰ ਅੰਦਰ ਫੌਜੀ ਸਾਜੋ ਸਮਾਨ ਢੋਇਆ ਤੇ ਕਦੋਂ ਇਸ ਲੜਾਈ ਦੀ ਤਿਆਰੀ ਕੀਤੀ। ਪਰ ਤਾਲੀਬਾਨਾਂ ਦੇ ਹਮਲੇ ਨੇ ਸਭ ਦੇ ਕੰਨ ਖੋਲ੍ਹ ਦਿੱਤੇ। ਸਾਰੇ ਦੇਸ਼ਾਂ ਨੇ ਰਲ ਕੇ ਪਾਕਿਸਤਾਨ 'ਤੇ ਦੋਸ਼ ਲਾਇਆ ਕਿ ਉਹ ਤਾਲੀਬਾਨਾਂ ਦੀ ਖੁਲ੍ਹ ਕੇ ਮੱਦਦ ਕਰਦਾ ਹੋਇਆ ਦੁਨੀਆਂ ਦੇ ਖਿਲਾਫ ਭੁਗਤ ਰਿਹਾ ਹੈ। ਪਰ ਪਾਕਿਸਤਾਨ ਨੇ ਗੱਲ ਨਾ ਗੌਲੀ। ਕਿਉਂਕਿ ਮੁਸ਼ਰਫ ਨੂੰ ਬੁਸ਼ ਦਾ ਥਾਪੜਾ ਸੀ ਅਤੇ ਬੁਸ਼ ਅਜੇ ਇਰਾਕ ਵੱਲੋਂ ਵਿਹਲਾ ਨਹੀਂ ਹੋਇਆ ਸੀ।

ਉਦੋਂ ਹੀ ਇੱਕ ਦਿਨ ਤਾਲੀਬਾਨਾਂ ਨੇ ਹਾਮੀਦ ਕਾਰਜਾਈ ਦੇ ਕਾਫਲੇ 'ਤੇ ਹਮਲਾ ਕਰ ਦਿੱਤਾ। ਉਹ ਭਾਵੇਂ ਤਾਂ ਬਚ ਰਿਹਾ ਪਰ ਇਸ ਨਾਲ ਤਾਲੀਬਾਨਾਂ ਦੇ ਹੌਂਸਲੇ ਹੋਰ ਵਧ ਗਏ। ਇਸ ਦੇ ਅਗਲੇ ਹੀ ਮਹੀਨੇ ਉਨ੍ਹਾਂ ਨੇ ਕੰਧਾਰ ਸ਼ਹਿਰ ਦੀ ਜੇਲ੍ਹ 'ਤੇ ਹਮਲਾ ਕਰਕੇ ਆਪਣੇ ਹਜ਼ਾਰ ਤੋਂ ਵੀ ਉੱਪਰ ਕੈਦੀ ਛੁੜਵਾ ਲਏ। ਇਸ ਹਮਲੇ ਵਿੱਚ ਦਰਜਣਾਂ ਅਫਗਾਨੀ ਫੋਰਸ ਵਾਲੇ ਅਤੇ ਨੌਂ ਅਮਰੀਕੀ ਫੌਜੀ ਮਾਰੇ ਗਏ। ਇਸਦੇ ਅਗਲੇ ਮਹੀਨੇ ਤਾਲੀਬਾਨਾਂ ਨੇ, ਦੋ ਦਰਜਣ ਦੇ ਕਰੀਬ ਬਾਹਰਲੇ ਮੁਲਕਾਂ ਦੇ ਸਮਾਜ ਸੇਵੀ ਕਾਮੇ ਮਾਰ ਦਿੱਤੇ। ਫਿਰ ਤਾਂ ਇਹ ਕੰਮ ਰੋਜ਼ ਹੀ ਹੋਣ ਲੱਗ ਪਿਆ। ਇੰਨੇ ਨੂੰ ਅਮਰੀਕੀ ਪਰੈਜ਼ੀਡੈਂਟ ਦੀ ਚੋਣ ਆ ਗਈ। ਬਰਾਕ ਉਬਾਮਾ ਜਿੱਤ ਗਿਆ ਤੇ ਬੁਸ਼ ਸੱਤ ਅੱਠ ਸਾਲ ਦਾ ਪਾਇਆ ਹੋਇਆ ਖਿਲਾਰਾ ਉਵੇਂ ਦਾ ਉਵੇਂ ਛੱਡ ਕੇ ਤੁਰਦਾ ਬਣਿਆਂ। ਉਬਾਮਾ ਨੇ ਆਪਣੇ ਢੰਗ ਨਾਲ ਚੱਲਣ ਦੀ ਸਕੀਮ ਬਣਾਈ। ਉਸਨੇ ਆਪਣੇ ਸਾਰੇ ਮਹਿਕਮਿਆਂ ਨਾਲ ਵਿਚਾਰਾਂ ਕੀਤੀਆਂ। ਵੱਡੇ ਵੱਡੇ ਫੌਜੀ ਅਫਸਰਾਂ ਅਤੇ ਰਾਜਨੀਤਕ ਲੀਡਰਾਂ ਨਾਲ ਬੈਠਕਾਂ

ਕੀਤੀਆਂ ਗਈਆਂ। ਆਖਰ ਉਬਾਮਾ ਨੇ ਇਹੋ ਜਿਹੀ ਪਾਲਿਸੀ ਤਿਆਰ ਕਰਨ ਦੀ ਸੋਚੀ ਜਿਸ ਦੇ ਤਹਿਤ ਅਮਰੀਕਾ, ਅਫਗਾਨਿਸਤਾਨ ਵਿੱਚੋਂ ਆਪਣੀਆਂ ਫੌਜਾਂ ਘਰ ਵਾਪਸ ਲਿਆ ਸਕੇ। ਉਸਨੇ ਇਸ ਮਿਸ਼ਨ ਦਾ ਮੋਢੀ, ਹੰਢੇ ਵਰਤੇ ਕੂਟਨੀਤਕ, ਰਿਚਰਡ ਹਾਲਬਰੁੱਕ ਨੂੰ ਬਣਾ ਦਿੱਤਾ ਅਤੇ ਫੌਜ ਦੀ ਕਮਾਂਡ, ਇਰਾਕ ਜੰਗ ਦੇ ਹੀਰੋ ਜਨਰਲ ਪੇਟਰੇਅਸ ਦੇ ਹੱਥ ਸੌਂਪ ਦਿੱਤੀ। ਉਬਾਮਾ ਨੇ ਮਾਰਚ 2009 ਵਿੱਚ ਪੰਝੀ ਤੀਹ ਹਜ਼ਾਰ ਹੋਰ ਫੌਜ ਉੱਥੇ ਲਾ ਦਿੱਤੀ ਅਤੇ ਇਸ ਤੋਂ ਇਲਾਵਾ ਉੱਥੇ ਦੀ ਫੌਜ ਨੂੰ ਟਰੇਨਿੰਗ ਦੇਣ ਲਈ ਵੱਡੇ ਪੱਧਰ 'ਤੇ ਕੰਮ ਸ਼ੁਰੂ ਕਰ ਦਿੱਤਾ। ਇਸ ਵੇਲੇ ਦੂਸਰੇ ਮੁਲਕਾਂ ਨੇ ਵੀ ਆਪਣੀਆਂ ਫੌਜਾਂ ਦੀ ਗਿਣਤੀ ਉੱਥੇ ਵਧਾ ਦਿੱਤੀ। ਉੱਪਰੋਂ ਅਫਗਾਨਿਸਤਾਨ ਵਿੱਚ ਪਰੈਜ਼ੀਡੈਂਟ ਦੀ ਚੋਣ ਆ ਰਹੀ ਸੀ। ਹਮੀਦ ਕਾਰਜਾਈ ਫਿਰ ਤੋਂ ਚੋਣ ਵਿੱਚ ਖੜ੍ਹਾ ਹੋ ਰਿਹਾ ਸੀ। ਪਰ ਉਬਾਮਾ ਦੇ ਆਉਣ ਨਾਲ ਜਿੱਥੇ ਅਫਗਾਨਿਸਤਾਨ ਦੇ ਹਾਲਤ ਸੁਧਰਨ ਦੀ ਉਮੀਦ ਹੋਣ ਲੱਗੀ ਸੀ, ਉੱਥੇ ਹੀ ਇੱਕ ਹੋਰ ਮਾੜੀ ਗੱਲ ਸ਼ੁਰੂ ਹੋ ਗਈ। ਉਹ ਸੀ ਉਬਾਮਾ ਅਤੇ ਕਾਰਜਾਈ ਵਿੱਚ ਚੰਗੇ ਸਬੰਧ ਨਾ ਸਥਾਪਤ ਹੋ ਸਕਣਾਂ। ਇੱਕ ਮੋੜ 'ਤੇ ਆ ਕੇ ਇਹ ਹਾਲਾਤ ਇੰਨੇ ਖਰਾਬ ਹੋ ਗਏ ਕਿ ਕਾਰਜਾਈ ਨੂੰ ਜਾਪਣ ਲੱਗ ਪਿਆ ਕਿ ਅਮਰੀਕਾ ਉਸਨੂੰ ਪਰੈਜ਼ੀਡੈਂਟਸ਼ਿਪ ਤੋਂ ਪਾਸੇ ਕਰਨਾ ਚਾਹੁੰਦਾ ਹੈ। ਉਸ ਦੇ ਇਸ ਸ਼ੱਕ ਨੂੰ ਪੱਕਾ ਕਰਨ ਵਿੱਚ ਉਸਦੇ ਭਰਾਵਾਂ ਅਤੇ ਹੋਰ ਉਨ੍ਹਾਂ ਸਾਰੇ ਲੋਕਾਂ ਦਾ ਖਾਸ ਰੋਲ ਸੀ ਜਿਹੜੇ ਅਫਗਾਨਿਸਤਾਨ ਦੇ ਹਾਲਾਤ ਜਿਉਂ ਦੇ ਤਿਉਂ ਰੱਖਣ ਵਿੱਚ ਦਿਸਚਸਪੀ ਰੱਖਦੇ ਸਨ। ਕਿਉਂਕਿ ਇਸੇ ਗੱਲ ਵਿੱਚ ਉਨ੍ਹਾਂ ਦੀ ਜੇਬ ਭਰਦੀ ਸੀ। ਇੱਥੋਂ ਤੱਕ ਕਿ ਕਾਰਜਾਈ ਦੇ ਇੱਕ ਭਰਾ ਬਾਰੇ ਤਾਂ ਇਹ ਗੱਲ ਵੀ ਮਸ਼ਹੂਰ ਹੋ ਚੁੱਕੀ ਸੀ ਕਿ ਉਸਦੇ ਤਾਲੀਬਾਨਾਂ ਨਾਲ ਵੀ ਗੂਹੜੇ ਰਿਸ਼ਤੇ ਹਨ। ਉਹ ਦੋਨੋਂ ਪਾਸੇ ਬਣਾ ਕੇ ਰੱਖਦਾ ਹੈ।

ਅਗਸਤ ਮਹੀਨੇ ਵਿੱਚ ਅਫਗਾਨੀ ਪਰੈਜ਼ੀਡੈਂਟ ਦੀ ਚੋਣ ਹੋਣੀ ਸੀ। ਅਮਰੀਕਾ ਅਤੇ ਦੂਸਰੇ ਮੁਲਕਾਂ ਨੇ ਸਕਿਊਰਟੀ ਦੇ ਬੜੇ ਪੁਖਤਾ ਪ੍ਰਬੰਧ ਕੀਤੇ ਸਨ। ਪਰ ਉੱਧਰ ਤਾਲੀਬਾਨਾਂ ਨੇ ਵੀ ਸਿੱਧੀ ਧਮਕੀ ਦਿੱਤੀ ਹੋਈ ਸੀ ਕਿ ਉਹ ਕਿਸੇ ਵੀ ਕੀਮਤ 'ਤੇ ਇਹ ਚੋਣ ਸਿਰੇ ਨ੍ਹੀਂ ਚੜ੍ਹਨ ਦੇਣਗੇ। ਉਨ੍ਹਾਂ ਨੇ ਮਾਰਾ ਮਾਰੀ ਤੇਜ਼ ਕਰ ਦਿੱਤੀ ਤੇ ਸਕਿਊਰਟੀ ਫੋਰਸਾਂ 'ਤੇ ਹਮਲੇ ਵਧਾ ਦਿੱਤੇ। ਇਸ ਚੋਣ ਤੋਂ ਪਹਿਲੇ ਦੋ ਮਹੀਨਿਆਂ ਵਿੱਚ ਨੱਬੇ ਦੇ ਕਰੀਬ ਅਮਰੀਕੀ ਫੌਜੀ ਮਾਰੇ ਗਏ, ਜੋ ਕਿ ਹੁਣ ਤੱਕ ਦੀ ਸਭ ਤੋਂ ਵੱਡੀ ਗਿਣਤੀ ਸੀ। ਹੋਰਨਾਂ ਮੁਲਕਾਂ ਦੀ ਫੌਜ ਦਾ ਵੀ ਇਵੇਂ ਹੀ ਨੁਕਸਾਨ ਹੋਇਆ। ਤਾਲੀਬਾਨਾਂ ਨੇ ਚੋਣਾਂ ਵਾਲੇ ਦਿਨ ਖੂਨ ਦੀਆਂ ਨਦੀਆਂ ਵਹਾ ਦਿੱਤੀਆਂ। ਸਾਰੇ ਮੁਲਕ ਵਿੱਚ ਉਨ੍ਹਾਂ ਨੇ ਘਾਤ ਲਾ ਕੇ ਹਮਲੇ ਕੀਤੇ, ਚੋਣ ਅਮਲਾ ਮਾਰਿਆ, ਵੋਟਾਂ ਪਾਉਣ ਜਾ ਰਹੇ ਲੋਕਾਂ 'ਤੇ ਅੰਧਾਧੁੰਦ ਗੋਲੀਬਾਰੀ ਕੀਤੀ। ਚੋਣਾਂ ਭਾਵੇਂ ਹੋ ਗਈਆਂ ਪਰ ਬਹੁਤੇ ਸ਼ਹਿਰਾਂ ਵਿੱਚ ਇੱਕ ਵੀ ਵੋਟ ਪੋਲ ਨਾ ਹੋਈ। ਤਾਲੀਬਾਨਾਂ ਦੇ ਜ਼ੋਰ ਵਾਲੇ ਸੂਬਿਆਂ ਵਿੱਚ ਦੋ ਚਾਰ ਪ੍ਰਤੀਸ਼ਤ ਵੋਟਿੰਗ ਹੀ ਹੋਈ। ਕੁਲ ਮਿਲਾ ਕੇ ਇਹ ਚੋਣਾਂ, ਫੇਲ ਚੋਣਾਂ ਸਨ। ਪਰ ਕਾਰਜਾਈ ਸਮਰਥਕਾਂ ਨੇ ਇਸ ਗੱਲ ਦਾ ਵੀ ਲਾਹਾ ਲਿਆ ਤੇ ਜਾਅਲੀ ਵੋਟਾਂ ਦੇ ਬਕਸੇ ਭਰ ਭਰ ਕੇ ਕਾਬਲ ਨੂੰ ਤੋਰ ਦਿੱਤੇ। ਸਭ ਨੂੰ ਪਤਾ ਸੀ ਕਿ ਕਾਰਜਾਈ ਸਮੱਰਥਕ ਚੋਣਾਂ ਵਿੱਚ ਘਪਲਾ ਕਰ ਰਹੇ ਹਨ ਪਰ ਇਸ ਦਾ ਕੋਈ ਫਾਇਦਾ ਨਾ ਹੋਇਆ। ਬਹੁਤ ਸਾਰੀਆਂ ਸ਼ਿਕਾਇਤਾਂ ਰਿਕਾਰਡ ਹੋਈਆਂ ਪਰ ਚੋਣ ਕਮਿਸ਼ਨ ਤਾਂ ਕਾਰਜਾਈ ਦਾ ਬਣਾਇਆ ਹੋਇਆ ਸੀ ਇਸ ਕਰਕੇ ਉਹ ਉਸੇ ਦੇ ਹੱਕ ਵਿੱਚ ਭੁਗਤਿਆ। ਆਪਣੀ ਪਿਛਲੀ ਸਰਕਾਰ ਦੇ ਦੋ ਮੰਤਰੀਆਂ, ਅਬਦੁੱਲਾ ਅਬਦੁੱਲਾ ਅਤੇ ਅਸ਼ਰਫ ਘਾਨੀ ਵਰਗੇ ਮਜ਼ਬੂਤ ਉਮੀਦਵਾਰਾਂ ਨੂੰ ਹਰਾ ਕੇ ਹਮੀਦ ਕਾਰਜਾਈ ਪਰੈਜ਼ੀਡੈਂਟ ਬਣ ਤਾਂ ਗਿਆ ਪਰ ਚੋਣ ਘਪਲਿਆਂ ਕਾਰਨ ਉਸਦਾ ਆਪਣੇ ਲੋਕਾਂ ਅਤੇ ਦੁਨੀਆਂ ਦੀਆਂ ਨਜ਼ਰਾਂ ਵਿੱਚ ਅਕਸ਼ ਧੁੰਦਲਾ ਪੈ ਗਿਆ। ਉਹ ਇੱਕ ਕਮਜ਼ੋਰ ਪਰੈਜ਼ੀਡੈਂਟ ਬਣ ਕੇ ਰਹਿ ਗਿਆ। ਇਸ ਗੱਲ ਦਾ ਤਾਲੀਬਾਨਾਂ ਨੂੰ ਬਹੁਤ ਫਾਇਦਾ



ਹੋਇਆ।

ਉਬਾਮੇ ਦੀ ਨਵੀਂ ਪਾਲਸੀ ਵਿੱਚ ਇਹ ਵੀ ਸ਼ਾਮਲ ਸੀ ਕਿ ਅਗਾਂਹਵਧੂ ਅਤੇ ਚੰਗੀ ਸੋਚ ਵਾਲੇ ਤਾਲੀਬਾਨਾਂ ਨਾਲ ਸਮਝੌਤਾ ਕੀਤਾ ਜਾਵੇ ਤਾਂ ਜੋ ਅਫਗਾਨਿਸਤਾਨ ਵਿੱਚ ਸ਼ਾਂਤੀ ਹੋ ਜਾਵੇ। ਕਾਰਜਾਈ ਵੀ ਇਸ ਗੱਲ ਦੇ ਹੱਕ ਵਿੱਚ ਸੀ। ਸਾਊਦੀ ਅਰਬ ਨੂੰ ਮੂਹਰੇ ਲਾ ਕੇ ਇਸ ਤਰ੍ਹਾਂ ਦੇ ਯਤਨ ਆਰੰਭੇ ਵੀ ਗਏ। ਪਰ ਪਾਕਿਸਤਾਨ ਵਰਗੇ ਬੁੱਕਲ ਦੇ ਸੱਪ, ਕੋਈ ਨਤੀਜਾ ਨਿਕਲਣ ਤੋਂ ਪਹਿਲਾਂ ਹੀ ਗੱਲਬਾਤ ਵਿੱਚ ਰੋੜੇ ਅਟਕਾ ਦਿੰਦੇ ਸਨ। (ਪਾਕਿਸਤਾਨ ਦੇ ਇਸ ਵਤੀਰੇ ਤੋਂ ਉਬਾਮਾ ਬਹੁਤ ਗੁੱਸੇ ਵਿੱਚ ਸੀ। ਅੱਗੇ ਚੱਲ ਕੇ ਉਸਨੇ ਡਰੋਨ ਹਮਲੇ ਬਗੈਰਾ ਕਰਨ ਵੇਲੇ ਪਾਕਿਸਤਾਨ ਦੀ ਖੂਬ ਸੰਘੀ ਨੱਪੀ)। ਪਾਕਿਸਤਾਨ ਵਿੱਚ ਭਾਵੇਂ ਸਤਾ ਪ੍ਰੀਵਰਤਨ ਹੋ ਚੁੱਕਿਆ ਸੀ। ਮੁਸ਼ੱਰਫ ਦੀ ਜਗ੍ਹਾ ਬੇਨਜ਼ੀਰ ਭੁੱਟੋ ਦੇ ਘਰਵਾਲਾ, ਆਸਿਫ ਅਲੀ ਜ਼ਰਦਾਰੀ ਸਦਰ ਬਣ ਚੁੱਕਿਆ ਸੀ। ਬੇਨਜ਼ੀਰ ਕਾਫੀ ਦੇਰ ਬਾਅਦ ਚੋਣਾਂ ਵਿੱਚ ਹਿੱਸਾ ਲੈਣ ਮੁਲਕ ਪਰਤੀ, ਦਸੰਬਰ 2007 ਵਿੱਚ ਅੱਤਵਾਦੀਆਂ ਦੁਆਰਾ ਕਤਲ ਕਰ ਦਿੱਤੀ ਗਈ ਸੀ। ਉਸ ਪਿੱਛੋਂ ਹੀ ਜ਼ਰਦਾਰੀ ਪ੍ਰਧਾਨ ਬਣਿਆਂ। ਪਰ ਇਸ ਸਤਾ ਪ੍ਰੀਵਰਤਨ ਦਾ ਵਿਦੇਸ਼ੀ ਨੀਤੀ 'ਤੇ ਕੋਈ ਪ੍ਰਭਾਵ ਨਾ ਪਿਆ। ਕਿਉਂਕਿ ਵਿਦੇਸ਼ ਨੀਤੀ, ਖਾਸ ਕਰਕੇ ਅਫਗਾਨਿਸਤਾਨ ਅਤੇ ਭਾਰਤ ਪ੍ਰਤੀ ਜੋ ਵੀ ਨੀਤੀ ਸੀ, ਉਹ ਫੌਜ ਅਤੇ ਆਈ. ਐੱਸ. ਆਈ. ਦੁਆਰਾ ਤਹਿ ਕੀਤੀ ਜਾਂਦੀ ਸੀ। ਖੈਰ ਹੋਰ ਭਾਵੇਂ ਕੁਝ ਨਾ ਹੋਇਆ ਪਰ ਪਾਕਿਸਤਾਨ ਜਿਸ ਅੱਤਵਾਦ ਰੂਪੀ ਅੱਗ ਨੂੰ ਦੇਵਤਾ ਕਹਿੰਦਾ ਆ ਰਿਹਾ ਸੀ, ਉਹ ਅੱਗ ਹੁਣ ਉਸਨੂੰ ਵੀ ਸੇਕ ਦੇਣ ਲੱਗ ਪਈ।

ਪਾਕਿਸਤਾਨ ਦਾ ਫਾਤਾ ਇਲਾਕਾ ਜਾਣੀ ਕਿ ਐਫ. ਏ. ਟੀ. ਏ. (ਫੈਡਰਲ ਐਡਮਨਿਸਟਰਡ ਟਰਾਈਬਲ ਏਜੰਸੀਜ਼), ਅਫਗਾਨਿਸਤਾਨ ਦੀ ਸਰਹੱਦ 'ਤੇ ਪੈਂਦਾ ਹੈ। ਖੈਬਰ, ਕੁਰਮ, ਉਰਾਕਜ਼ਾਈ, ਮੁਹੰਮਦ, ਬਾਜੌਰ, ਨਾਰਥ ਵਜੀਰਾਸਥਾਨ ਅਤੇ ਸਾਊਥ ਵਜੀਰਾਸਥਾਨ ਜਿਹੇ ਛੋਟੇ ਇਲਾਕੇ ਜਾਂ ਏਜੈਂਸੀਆਂ ਨੂੰ ਇਕੱਠਾ ਕਰਕੇ ਅੰਗਰੇਜਾਂ ਨੇ 1901 ਵਿੱਚ ਇਸਨੂੰ ਇੱਕ ਪ੍ਰਾਂਤ ਦੇ ਰੂਪ ਵਿੱਚ ਸਥਾਪਤ ਕੀਤਾ ਸੀ। ਇਸਨੂੰ ਉਨ੍ਹਾਂ ਨੋ ਮੈਨਜ਼ ਲੈਂਡ ਦਾ ਦਰਜਾ ਦਿੱਤਾ ਸੀ। ਉਦੋਂ ਨਾ ਇਹ ਅਫਗਾਨਿਸਤਾਨ ਹੇਠ ਆਉਂਦਾ ਸੀ ਤੇ ਨਾ ਹੀ ਬਰਿਟਸ਼ ਇੰਡੀਆ ਦੇ। ਅੰਗਰੇਜ਼ਾਂ ਦੁਆਰਾ ਇਸ ਤਰ੍ਹਾਂ ਕਰਨ ਦਾ ਆਪਣਾ ਰਾਜਨੀਤਕ ਕਾਰਨ ਸੀ। ਇਨ੍ਹਾਂ ਏਜੈਂਸੀਆਂ ਦੇ ਮੁਖੀ, ਗਵਰਨਰ ਜਨਰਲ ਦੁਆਰਾ ਨਿਯੁਕਤ ਕੀਤੇ ਜਾਂਦੇ ਸਨ ਅਤੇ ਉਹ ਉਸੇ ਦੇ ਇਸ਼ਾਰੇ 'ਤੇ ਕੰਮ ਕਰਦੇ ਸਨ। ਵਕਤ ਦੇ ਨਾਲ ਇੱਥੇ ਦੇ ਵਡੇਰੇ ਜਾਂ ਕਬੀਲਿਆਂ ਦੇ ਮੁਖੀਆਂ ਦੀ ਪੁੱਛ ਪ੍ਰਤੀਤ ਜ਼ਿਆਦਾ ਹੋਣ ਲੱਗੀ ਤਾਂ ਉਨ੍ਹਾਂ ਨੂੰ ਵੀ ਇਹ ਸਿਸਟਮ ਭਾਅ ਗਿਆ। ਆਜਾਦੀ ਪਿੱਛੋਂ ਵੀ ਪਾਕਿਸਤਾਨ ਸਰਕਾਰ ਨੇ ਇੱਥੇ ਦਾ ਸਿਸਟਮ ਨਾ ਬਦਲਿਆ। ਕਿਉਂਕਿ ਇੱਥੇ ਦੇ ਲੋਕੀਂ ਇਸਦੇ ਆਦੀ ਹੋ ਚੁੱਕੇ ਸਨ। ਹੁਣ ਇਹ ਸਿਸਟਮ ਫੌਜ ਦੇ ਬਹੁਤ ਫਿੱਟ ਬੈਠਦਾ ਹੈ ਜੋ ਅੱਤਵਾਦੀ ਤਿਆਰ ਕਰਕੇ ਕਿਸੇ ਵੀ ਮੁਲਕ ਦੀ ਤਬਾਹੀ ਲਈ ਤੋਰ ਦਿੰਦੀ ਹੈ। ਇੱਥੇ ਦਾ ਇਲਾਕਾ ਵੀ ਉਵੇਂ ਦਾ ਹੀ ਹੈ, ਭਾਵ ਉੱਚੀਆਂ ਪਹਾੜੀਆਂ, ਕੱਚੇ ਅਤੇ ਲੁਕਵੇਂ ਰਾਹ ਰਸਤੇ ਜੋ ਕਿ ਅੱਤਵਾਦੀਆਂ ਦੀਆਂ ਲੁਕਣਗਾਹਾਂ ਬਣਨ ਵਿੱਚ ਮੱਦਦ ਕਰਦੇ ਹਨ। ਕਸ਼ਮੀਰ ਵਿੱਚ ਅੱਤਵਾਦੀ ਕਾਰਵਾਈਆਂ ਕਰਨ ਵਾਲੇ ਜ਼ਿਆਦਾ ਅੱਤਵਾਦੀ, ਇੱਥੋਂ ਹੀ ਟਰੇਨਿੰਗ ਲੈ ਕੇ ਜਾਂਦੇ ਹਨ। ਇਸ ਸਦੀ ਦੇ ਸ਼ੁਰੂ ਹੁੰਦਿਆਂ ਪਾਕਿਸਤਾਨ ਲਈ ਇਸਦੀ ਲੋੜ ਹੋਰ ਵੀ ਵਧ ਗਈ। ਅਲਕਾਇਦਾ ਅਤੇ ਤਾਲੀਬਾਨ ਇੱਥੇ ਬੇਖੌਫ ਹੋ ਕੇ ਰਹਿੰਦੇ ਹਨ। ਦੁਨੀਆਂ ਭਰ ਵਿੱਚ ਮੌਤ ਵੰਡ ਰਹੇ ਇਨ੍ਹਾਂ ਅੱਤਵਾਦੀਆਂ ਨੂੰ ਪਾਕਿਸਤਾਨ, ਜੇਹਾਦੀ ਜਾਂ ਆਜਾਦੀ ਘੁਲਾਟੀਏ ਕਹਿੰਦਾ ਹੈ।

ਸਾਲ 2001 ਵਿੱਚ, ਅਫਗਾਨਿਸਤਾਨ 'ਚੋਂ ਭੱਜ ਕੇ ਆਏ ਤਾਲੀਬਾਨ ਤੇ ਅਲਕਾਇਦਾ

ਵਾਲੇ, ਪਾਕਿਸਤਾਨ ਦੇ ਇਸ ਫਾਤਾ ਇਲਾਕੇ ਵਿੱਚ ਮਜ਼ੇ ਨਾਲ ਰਹਿ ਰਹੇ ਸਨ। ਪਾਕਿਸਤਾਨੀ ਫੌਜ ਅਤੇ ਆਈ. ਐੱਸ. ਆਈ. ਉਨ੍ਹਾਂ ਨਾਲ ਮਹਿਮਾਨਾਂ ਵਾਂਗੂੰ ਵਿਵਹਾਰ ਕਰਦੀ ਸੀ। ਉਨ੍ਹਾਂ ਨੂੰ ਟਰੇਨਿੰਗ, ਹਥਿਆਰ, ਪੈਸਾ ਬਗੈਰਾ ਸਭ ਕੁਝ ਮੁਹੱਈਆ ਕਰਵਾਉਂਦੀ ਸੀ। ਇਨ੍ਹਾਂ ਗਰੁੱਪਾਂ ਨੇ ਹੋਰ ਨਵੀਤਨ ਢੰਗ ਨਾਲ ਆਪਣੇ ਤਰੀਕੇ ਬਦਲ ਲਏ। ਅਲਕਾਇਦਾ ਅਤੇ ਤਾਲੀਬਾਨਾਂ ਦੀ ਮੋਢੀ ਲੀਡਰਸ਼ਿਪ ਭੂਮੀਗਤ ਹੁੰਦੀ ਪਰਦੇ ਪਿੱਛੇ ਹੋ ਗਈ। ਕੰਮ ਕਰਨ ਲਈ ਉਨ੍ਹਾਂ ਨੇ ਲੋਕਲ ਨੌਜਵਾਨ ਅੱਗੇ ਲਾ ਲਏ। ਫਾਤਾ ਇਲਾਕਾ, ਅਤੀ ਪਛੜਿਆ ਹੋਇਆ ਅਤੇ ਗਰੀਬ ਸੀ। ਜਦੋਂ ਨੌਜਵਾਨਾਂ ਨੂੰ ਖੁੱਲ੍ਹਾ ਪੈਸਾ ਅਤੇ ਤਾਕਤ ਮਿਲਣ ਲੱਗੀ ਤਾਂ ਉਨ੍ਹਾਂ ਦੇ ਦਿਨ ਹੀ ਬਦਲ ਗਏ। ਜਿਨ੍ਹਾਂ ਦੀ ਆਵਾਜਾਈ ਦਾ ਸਾਧਨ, ਕਦੇ ਗਧੇ ਜਾਂ ਖੱਚਰਾਂ ਹੁੰਦੀਆਂ ਸੀ, ਉਨ੍ਹਾਂ ਨੂੰ ਲੈਂਡ ਕਰੂਜਰ ਟਰੱਕ ਮਿਲ ਗਏ। ਨਵੇਂ ਹਥਿਆਰ, ਫੋਨ, ਵਾਕੀ ਟਾਕੀ ਬਗੈਰਾ ਨਾਲ ਲੈੱਸ ਅਤੇ ਪਿੱਕਅੱਪ ਟਰੱਕਾਂ ’ਚ ਚੜ੍ਹੇ ਇਹ ਨੌਜਵਾਨ, ਬੜੇ ਰੋਅਬ ਨਾਲ ਬਾਹਰ ਨਿਕਲਦੇ। ਇਨ੍ਹਾਂ ਦੀ ਇਹ ਟੌਅਰ, ਹੋਰਨਾਂ ਨੂੰ ਵੀ ਪ੍ਰਭਾਵਤ ਕਰਦੀ ਤੇ ਨਵੇਂ ਮੁੰਡਿਆਂ ਅੰਦਰ ਇਨ੍ਹਾਂ ਨਾਲ ਰਲਣ ਲਈ ਖਿੱਚ ਪਾਉਂਦੀ। ਫਿਰ ਤਾਂ ਇੱਥੇ, ਇਨ੍ਹਾਂ ਅੱਤਵਾਦੀ ਗਰੁੱਪਾਂ ਵਿੱਚ ਰਲਣਾ ਇੱਕ ਫੈਸ਼ਨ ਬਣ ਗਿਆ। ਪਾਕਿਸਤਾਨੀ ਸਰਕਾਰ ਅਤੇ ਫੌਜ ਨੇ ਇਸ ਪਾਸਿਉਂ ਜਾਣ ਬੁੱਝ ਕੇ ਅੱਖਾਂ ਮੀਚੀਆਂ ਹੋਈਆਂ ਸਨ। ਉਨ੍ਹਾਂ ਦੇ ਭਾਅ ਦਾ ਇਹ ਸਭ ਕੁਝ ਅਫਗਾਨਿਸਤਾਨ ਵਾਸਤੇ ਤਿਆਰ ਹੋ ਰਿਹਾ ਸੀ। ਪਰ ਪਾਕਿਸਤਾਨ ਨੇ ਸ਼ਾਇਦ ਕਦੇ ਇਹ ਨਹੀਂ ਸੋਚਿਆ ਸੀ ਕਿ ਇਨ੍ਹਾਂ ਅੱਤਵਾਦੀ ਬਿਰਖਾਂ ਦੀ ਛਾਂ ਹੇਠਾਂ ਉੱਗੇ ਅਤੇ ਪਲ ਰਹੇ ਬੂਟੇ ਵੀ ਕਦੇ ਨਾ ਕਦੇ ਵੱਡੇ ਹੋਣਗੇ ਹੀ। ਅੱਗੇ ਚੱਲ ਕੇ ਇਹ ਬੂਟੇ ਪਾਕ ਤਾਲੀਬਾਨ ਜਾਣੀ ਕਿ ਪਾਕਿਸਤਾਨੀ ਤਾਲੀਬਾਨ ਅਤੇ ਪਾਕ ਅਲਕਾਇਦਾ ਦੇ ਰੂਪ ਵਿੱਚ ਦਰਖਤ ਬਣ ਖੜੋਤੇ। ਪਹਿਲੀ ਵਾਰ ਪਾਕਿਸਤਾਨ ਦੀਆਂ ਅੱਖਾਂ ਉਦੋਂ ਖੁਲ੍ਹੀਆਂ ਜਦੋਂ ਜਨਰਲ ਪਰਵੇਜ਼ ਮੁਸ਼ੱਰਫ ’ਤੇ ਅੱਤਵਾਦੀ ਹਮਲੇ ਹੋਏ। ਸਰਕਾਰ ਨੇ ਨੀਮ ਫੌਜੀ ਦਸਤੇ, ਵਜ਼ੀਰਾਸਥਾਨ ਇਲਾਕੇ ਵਿੱਚ ਅੱਤਵਾਦੀਆਂ ਨੂੰ ਖਦੇੜਨ ਲਈ ਭੇਜੇ ਤਾਂ ਅੱਗੋਂ ਹਜ਼ਾਰਾਂ ਪਾਕ ਤਾਲੀਬਾਨਾਂ ਨੇ ਉਨ੍ਹਾਂ ਦੇ ਬੜਾ ਡਟਵਾਂ ਮੁਕਾਬਲਾ ਕੀਤਾ। ਇਸ ਵਿੱਚ ਦੋ ਸੌ ਦੇ ਕਰੀਬ ਨੀਮ ਫੌਜੀ ਦਸਤਿਆਂ ਦੇ ਲੜਾਕੇ ਮਾਰੇ ਗਏ ਅਤੇ ਸੈਂਕੜੇ ਫੜ੍ਹ ਲਏ ਗਏ। ਫੜ੍ਹੇ ਹੋਇਆਂ ਨੂੰ ਵੀ ਪਿੱਛੋਂ ਤਾਲੀਬਾਨਾਂ ਨੇ ਮਾਰ ਮੁਕਾਇਆ। ਇਹ ਪਾਕਿਸਤਾਨੀ ਫੌਜ ਲਈ ਵੱਡੀ ਨਾਮੋਸ਼ੀ ਸੀ। ਇਸ ਲੜਾਈ ਵਿੱਚੋਂ ਪਾਕ ਤਾਲੀਬਾਨਾਂ ਦਾ ਸਤਾਈ ਸਾਲਾ ਲੀਡਰ, ਨੇਕ ਮੁਹੰਮਦ ਇੱਕ ਹੀਰੋ ਬਣ ਕੇ ਉੱਭਰਿਆ ਅਤੇ ਉਸ ਦੇ ਲੜਾਕਿਆਂ ਦੇ ਹੌਂਸਲੇ ਹੋਰ ਵੀ ਬੁਲੰਦ ਹੋ ਗਏ। ਆਖਰ ਪਾਕਿਸਤਾਨੀ ਸਰਕਾਰ ਨੇ ਆਪਣੇ ਹੀ ਖੇਤਰ ਅੰਦਰ ਪਾਕ ਤਾਲੀਬਾਨਾਂ ਨਾਲ ਸਮਝੌਤਾ ਵਾਰਤਾ ਚਲਾਈ, ਜਿਸ ਵਿੱਚ ਤਾਲੀਬਾਨਾਂ ਨੇ ਆਪਣੇ ਸਾਰੇ ਕੈਦੀ ਰਿਹਾ ਕਰਵਾ ਲਏ ਅਤੇ ਆਪਣੇ ਇਲਾਕੇ ਵਿੱਚ ਸਰਕਾਰ ਦਾ ਦਖਲ ਬੰਦ ਕਰਨ ਦੀ ਮੰਗ ਰੱਖੀ। ਸਰਕਾਰ ਨੇ ਇਹ ਮੰਗ ਮੰਨ ਲਈ। ਇਸਦੇ ਇਵਜ਼ ਵਿੱਚ ਪਾਕ ਤਾਲੀਬਾਨ ਇੱਕ ਵਾਰ ਤਾਂ ਚੁੱਪ ਹੋ ਗਏ ਪਰ ਉਨ੍ਹਾਂ ਫਿਰ ਤੋਂ ਵਧੀਕੀਆਂ ਸ਼ੁਰੂ ਕਰ ਦਿੱਤੀਆਂ। ਸਰਕਾਰ ਨੇ ਫਿਰ ਫੌਜੀ ਹਮਲਾ ਕਰ ਦਿੱਤਾ। ਪਰ ਇਸ ਵਾਰ ਵੀ ਸਰਕਾਰ ਨੂੰ ਹਾਰ ਹੋਈ ਅਤੇ ਉਸਦੇ ਸੈਂਕੜੇ ਫੌਜੀ, ਤਾਲੀਬਾਨਾਂ ਦੁਆਰਾ ਫੜ੍ਹ ਲਏ ਗਏ। ਸਰਕਾਰ ਨੇ ਫਿਰ ਸਮਝੌਤਾ ਵਾਰਤਾ ਚਲਾਈ। ਇਸ ਵਾਰ ਵੀ ਪਾਕ ਤਾਲੀਬਾਨਾਂ ਨੂੰ ਕਾਫੀ ਫਾਇਦੇ ਹੋ ਗਏ। ਫਿਰ ਤਾਂ ਇਹ ਦਸਤੂਰ ਹੀ ਬਣ ਗਿਆ। ਸਰਕਾਰ ਆਪਣੀ ਛਵੀ ਬਚਾਉਣ ਲਈ ਕਦੇ ਕਿਤੇ ਸਮਝੌਤਾ ਕਰ ਲੈਂਦੀ ਤੇ ਕਦੇ ਕਿਤੇ। ਇਸ ਨਾਲ ਇਹ ਅੱਤਵਾਦੀ ਗਰੁੱਪ, ਦਿਨੋਂ ਦਿਨ ਮਜ਼ਬੂਤ ਹੁੰਦੇ ਗਏ। ਸਰਕਾਰ ਦੇ ਫੇਲ ਹੋਣ ਦਾ ਇੱਕ ਕਾਰਨ ਇਹ ਵੀ ਸੀ ਕਿ ਅੱਤਵਾਦੀ, ਪਾਕਿਸਤਾਨੀ ਫੌਜ ਦੇ ਉੱਚੇ ਅਹੁਦਿਆਂ ਤੱਕ ਘੁਸਪੈਠ ਕਰ ਚੁੱਕੇ ਸਨ।

ਦਿਨੋ ਦਿਨ ਮਜ਼ਬੂਤ ਹੁੰਦੇ ਇਨ੍ਹਾਂ ਅੱਤਵਾਦੀਆਂ ਨੇ 2007 ਵਿੱਚ ਇੱਕ ਨਵੀਂ ਜਥੇਬੰਦੀ



ਬਣਾ ਲਈ ਜਿਸ ਦਾ ਨਾਂ ਸੀ ਤਹਿਰਕੇ ਤਾਲੀਬਾਨ। ਇਸ ਵਿੱਚ ਜਲਾਲੂਦੀਨ ਹਕੀਨੀ ਦਾ ਗਰੁੱਪ, ਬੈਤਉੱਲਾ ਮਾਸੂਦ ਦੀ ਕਮਾਂਡ ਹੇਠਲਾ ਪਾਕਿਸਤਾਨੀ ਤਾਲੀਬਾਨ ਗਰੁੱਪ, ਕਸ਼ਮੀਰ ਵਿੱਚ ਲੜ੍ਹ ਰਹੇ ਅੱਤਵਾਦੀ ਅਤੇ ਬਾਕੀ ਸਾਰੇ ਛੋਟੇ ਮੋਟੇ ਗਰੁੱਪ ਸ਼ਾਮਲ ਸਨ। ਤਹਿਰੀਕੇ ਤਾਲੀਬਾਨ ਦੀ ਕਮਾਂਡ ਹੇਠ, ਇੱਕ ਵਾਰ ਫਿਰ ਤੋਂ ਇਨ੍ਹਾਂ ਪਾਕਿਸਤਾਨ ਸਰਕਾਰ ਨਾਲ ਵੱਡੀ ਲੜਾਈ ਵਿੱਢ ਲਈ, ਜਿਸ ਵਿੱਚ ਦੋ ਹਜ਼ਾਰ ਦੇ ਕਰੀਬ ਪਾਕਿਸਤਾਨੀ ਫੌਜੀ ਮਾਰੇ ਗਏ। ਪਾਕਿਸਤਾਨ ਸਰਕਾਰ ਲਈ ਇਹ ਇੱਕ ਵੱਡਾ ਝਟਕਾ ਸੀ। ਤਹਿਰੀਕੇ ਤਾਲੀਬਾਨ ਦਾ ਨਿਸ਼ਾਨਾ, ਸਾਰੇ ਪਾਕਿਸਤਾਨ ’ਤੇ ਕਬਜ਼ਾ ਕਰਕੇ ਇੱਥੇ ਸ਼ਰੀਅਤ ਕਨੂੰਨ ਲਾਗੂ ਕਰਨਾ ਸੀ। ਅਫਗਾਨ ਤਾਲੀਬਾਨਾਂ ਦੀ ਤਰਜ਼ ’ਤੇ ਉਹ ਇੱਥੇ ਇਸਲਾਮਿਕ ਰਾਜ ਕਾਇਮ ਕਰਨਾ ਚਾਹੁੰਦੇ ਸਨ। ਫਾਤਾ ਇਲਾਕੇ ਵਿੱਚ ਤਹਿਰੀਕੇ ਤਾਲੀਬਾਨ ਨੇ ਆਪਣੀ ਸਰਕਾਰ ਕਾਇਮ ਕਰ ਲਈ ਸੀ। ਜੱਜ, ਪੁਲਸ ਅਤੇ ਜੇਲ੍ਹਾਂ, ਸਭ ਕੁਝ ਉਨ੍ਹਾਂ ਆਪਣੇ ਹਿਸਾਬ ਨਾਲ ਚਲਾ ਲਿਆ ਸੀ। ਸਕੂਲ, ਜਾਂ ਮਨੋਰੰਜਨ ਆਦਿ ਦੇ ਸਭ ਸਾਧਨ ਬੰਦ ਕਰ ਦਿੱਤੇ ਗਏ ਸਨ। ਜੋ ਕੁਝ ਆਪਣੀ ਚੜਤ ਵੇਲੇ ਤਾਲੀਬਾਨਾਂ ਨੇ ਅਫਗਾਨਿਸਤਾਨ ਵਿੱਚ ਕੀਤਾ ਸੀ ਉਹੀ ਕੁਝ ਇੱਥੇ ਹੋ ਚੁੱਕਿਆ ਸੀ। ਇਸੇ ਵਿਚਕਾਰ ਇਨ੍ਹਾਂ ਤਾਲੀਬਾਨਾਂ ਨੇ, ਅਗਾਂਹ ਵਧਦਿਆਂ ਇਸਲਾਮਾਬਾਦ ਦੀ ਲਾਲ ਮਸਜਿਦ ’ਤੇ ਕਬਜ਼ਾ ਕਰ ਲਿਆ। ਇੰਨਾ ਹੁੰਦਿਆਂ ਹੀ ਉਨ੍ਹਾਂ ਨੇ ਆਲੇ ਦੁਆਲੇ ਦੇ ਲੋਕਾਂ ਉੱਤੇ ਤਾਲੀਬਾਨ ਨੀਤੀਆਂ ਲਾਗੂ ਕਰ ਦਿੱਤੀਆਂ। ਪਹਿਲਾਂ ਤਾਂ ਮੁਸ਼ੱਰਫ ਸਰਕਾਰ ਕਬੂਤਰ ਵਾਂਗੂੰ ਅੱਖਾਂ ਮੀਚੀ ਬੈਠੀ ਰਹੀ, ਪਰ ਉਦੋਂ ਨੂੰ ਅੱਤਵਾਦੀ ਇਸ ਮਸਜਿਦ ਵਿੱਚ ਬਹੁਤ ਜ਼ੋਰ ਫੜ੍ਹ ਗਏ। ਆਖਰ ਜਦੋਂ ਫੌਜ ਨੇ ਇੱਥੇ ਕਾਰਵਾਈ ਕੀਤੀ ਤਾਂ ਸੈਂਕੜਿਆਂ ਦੀ ਗਿਣਤੀ ਵਿੱਚ ਕਤਲੇਆਮ ਹੋਇਆ। ਅਸਲ ਵਿੱਚ ਤਾਲੀਬਾਨਾਂ ਨੇ ਲਾਲ ਮਸਜਿਦ ’ਤੇ ਕਬਜ਼ਾ ਕਰਦਿਆਂ, ਇੱਕ ਕੋਸ਼ਿਸ ਕਰਕੇ ਵੇਖੀ ਸੀ ਕਿ ਅੱਗੇ ਦੀ ਲੜਾਈ ਕਿਵੇਂ ਰਹੇਗੀ। ਪਰ ਇਸ ਲਾਲ ਮਸਜਿਦ ਵਾਲੇ ਹਮਲੇ ਨੇ, ਬਚ ਰਹੇ ਨਵੇਂ ਲੜਾਕਿਆਂ ਦੇ ਮਨ ਵਿੱਚ ਸਰਕਾਰ ਖਿਲਾਫ ਜ਼ਹਿਰ ਭਰ ਦਿੱਤੀ। ਇਸ ਤੋਂ ਬਿਨਾਂ ਪੰਜਾਬ ਦੇ ਜਿਹੜੇ ਗਰੁੱਪ ਹੁਣ ਤੱਕ ਸਿਰਫ ਕਸ਼ਮੀਰ ਅੰਦਰ ਲੜਨ ਤੱਕ ਸੀਮਤ ਸਨ, ਉਹ ਵੀ ਬੈਤਉੱਲਾ ਮਾਸੂਦ ਦੇ ਗਰੁੱਪ ਵਿੱਚ ਰਲ ਗਏ। ਹੁਣ ਤਹਿਰੀਕੇ ਤਾਲੀਬਾਨਾਂ ਨੇ ਫਾਤਾ ਇਲਾਕੇ ਤੋਂ ਬਾਹਰ ਨਿਕਲ ਕੇ ਫੌਜ ’ਤੇ ਹੱਲੇ ਬੋਲਣੇ ਸ਼ੁਰੂ ਕਰ ਦਿੱਤੇ। ਸਰਕਾਰ ਕੋਈ ਠੋਸ ਕਦਮ ਨਹੀਂ ਚੁੱਕ ਰਹੀ ਸੀ। ਤਾਲੀਬਾਨ ਇਸਦਾ ਪੂਰਾ ਪੂਰਾ ਫਾਇਦਾ ਉਠਾ ਰਹੇ ਸਨ। ਫਾਤਾ ਤੋਂ ਬਾਹਰ ਨਿਕਲ ਕੇ ਉਹ ਅਗਾਂਹ ਦੇ ਸ਼ਹਿਰਾਂ ਵੱਲ ਵਧ ਰਹੇ ਸਨ। ਸਭ ਤੋਂ ਵੱਧ ਉਹ ਸਵਾਤ ਵਾਦੀ ਵੱਲ ਵਧ ਰਹੇ ਸਨ। ਕਿਉਂਕਿ ਇੱਧਰ ਦਾ ਖੁੱਲ੍ਹਾ ਅਤੇ ਡਿਵੈਲਪਡ ਇਲਾਕਾ, ਜਿੱਥੇ ਵੱਡੀਆਂ ਸੜਕਾਂ ਅਤੇ ਬਿਜਲੀ ਬਗੈਰਾ ਸਭ ਕੁਝ ਸੀ, ਉਨ੍ਹਾਂ ਦੇ ਫਿੱਟ ਬੈਠਦਾ ਸੀ। ਇੱਧਰੋਂ ਦੀ ਲੰਘ ਕੇ ਉਹ ਅੱਗੇ ਪੰਜਾਬ ਵੱਲ ਵਧਣ ਦਾ ਸੁਪਨਾ ਸਜੋਈ ਬੈਠੇ ਸਨ। ਫਿਰ ਜਦੋਂ ਪਾਕਿਸਤਾਨੀ ਫੌਜ ਨੇ ਸਵਾਤ ਵੱਲੋਂ ਇਨ੍ਹਾਂ ਤਾਲੀਬਾਨਾਂ ਨੂੰ ਪਿੱਛੇ ਧੱਕਣ ਲਈ ਹਮਲਾ ਕੀਤਾ ਤਾਂ ਉਸਨੂੰ ਬੁਰੀ ਹਾਰ ਮਿਲੀ। ਹੁਣ ਤੱਕ ਇੱਥੇ ਇਹ ਤਾਲੀਬਾਨ ਬਹੁਤ ਮਜ਼ਬੂਤ ਹੋ ਚੁੱਕੇ ਸਨ। ਸਾਲ 2008 ਵਿੱਚ ਫੌਜ ਨੇ ਫਿਰ ਤੋਂ ਪੰਦਰਾਂ ਸੋਲਾਂ ਹਜ਼ਾਰ ਦੀ ਗਿਣਤੀ ਵਿੱਚ ਹਮਲਾ ਕੀਤਾ ਤਾਂ ਮੌਲਾਨਾ ਫਜ਼ਲਉੱਲਾ ਦੀ ਕਮਾਨ ਹੇਠ ਤਕਰੀਬਨ ਤਿੰਨ ਕੁ ਹਜ਼ਾਰ ਤਾਲੀਬਾਨਾਂ ਨੇ, ਫੌਜ ਦੀਆਂ ਭਾਜੜਾਂ ਪੁਆ ਦਿੱਤੀਆਂ ਤੇ ਉਸਨੂੰ ਪਿੱਛੇ ਹਟਣਾਂ ਪਿਆ। ਇਸ ਨਵੀਂ ਸ਼ੁਰੂ ਹੋਈ ਲੜਾਈ ਵਿੱਚ ਪੰਝੀ ਲੱਖ ਦੇ ਕਰੀਬ ਲੋਕ ਘਰ ਛੱਡ ਕੇ, ਸੁਰੱਖਿਅਤ ਥਾਵਾਂ ਵੱਲ ਭੱਜ ਗਏ। ਸਰਕਾਰ ਲਈ ਇਹ ਬੜੀ ਸ਼ਰਮ ਵਾਲੀ ਗੱਲ ਸੀ। ਮਜ਼ਬੂਤ ਹੁੰਦੇ ਤਾਲੀਬਾਨਾਂ ਨੂੰ ਇੱਥੋਂ ਅਗਾਂਹ ਵਧਣੋ ਰੋਕਣ ਲਈ ਫੌਜ ਨੇ ਫਿਰ ਤੋਂ ਉਨ੍ਹਾਂ ਨਾਲ ਸਮਝੌਤਾ ਕਰ ਲਿਆ, ਜਿਸ ਵਿੱਚ ਤਾਲੀਬਾਨ ਆਪਣਾ ਪੂਰਾ ਫਾਇਦਾ ਉਠਾ ਗਏ। ਇੱਥੋਂ ਤੱਕ ਕਿ ਤਾਲੀਬਾਨਾਂ ਦੇ ਜ਼ੋਰ ਸਦਕਾ ਇਹ ਸਮਝੌਤਾ

ਪਾਰਲੀਮੈਂਟ ਵਿੱਚ ਪੇਸ਼ ਹੋਇਆ ਤੇ ਸਦਰ ਜ਼ਰਦਾਰੀ ਦੇ ਦਸਤਖਤ ਹੋਣ ਪਿੱਛੋਂ ਕਾਨੂੰਨ ਬਣ ਗਿਆ। ਇਸ ਸਮਝੌਤੇ ਅਨੁਸਾਰ ਸਰਕਾਰ ਨੇ ਫਾਤਾ ਦੇ ਨਾਲ ਨਾਲ ਸਵਾਤ ਵਾਦੀ ਵੀ ਇਨ੍ਹਾਂ ਤਾਲੀਬਾਨਾਂ ਦੇ ਹਵਾਲੇ ਕਰ ਦਿੱਤੀ। ਇਸ ਨਾਲ ਇੱਥੇ ਦਾ ਐਡਮਸਿਟਰੇਸ਼ਨ, ਪੁਲਸ ਅਤੇ ਕੋਰਟਾਂ ਬਗੈਰਾ ਸਭ ਕੁਝ ਤਾਲੀਬਾਨਾਂ ਦੇ ਕਬਜ਼ੇ ਹੇਠ ਆ ਗਿਆ। ਉਨ੍ਹਾਂ ਨਾਲ ਦੀ ਨਾਲ ਸ਼ਰੀਅਤ ਕਨੂੰਨ ਲਾਗੂ ਕਰ ਦਿੱਤਾ। ਜਿਸ ਕਿਸੇ ਨੇ ਵੀ ਉਨ੍ਹਾਂ ਦਾ ਵਿਰੋਧ ਕੀਤਾ ਉਸਨੂੰ ਜਾਨੋ ਮਾਰ ਦਿੱਤਾ ਗਿਆ। ਪਾਕਿਸਤਾਨੀ ਸਰਕਾਰ ਦੁਆਰਾ ਚੁੱਕਿਆ ਗਿਆ ਇਹ ਸਮਝੌਤੇ ਵਾਲਾ ਕਦਮ ਉਸਦੇ ਲਈ ਇੱਕ ਸ਼ਰਮਨਾਕ ਕਾਰਜ ਬਣ ਗਿਆ। ਨਾ ਸਿਰਫ ਲੋਕਾਂ ਨੇ ਇਸਨੂੰ ਨਿੰਦਿਆ ਸਗੋਂ ਸੰਸਾਰ ਭਰ ਦੇ ਮੀਡੀਆ ਨੇ ਇਸਦੀ ਸਖਤ ਆਲੋਚਨਾ ਕੀਤੀ। ਤਾਲੀਬਾਨ ਆਪਣੀ ਆਦਤ ਮੁਤਾਬਕ, ਫਿਰ ਤੋਂ ਅਗਾਂਹ ਨੂੰ ਵਧਣ ਲੱਗੇ। ਅਮਰੀਕਾ, ਬਰਿਟਨ ਅਤੇ ਹੋਰਨਾਂ ਮੁਲਕਾਂ ਨੇ ਪਾਕਿਸਤਾਨ ’ਤੇ ਦੋਸ਼ ਲਾਇਆ ਕਿ ਉਹ ਇੱਕ ਸਰਕਾਰ ਦੇ ਤੌਰ ’ਤੇ ਫੇਲ ਹੋ ਚੁੱਕਿਆ ਹੈ, ਅਤੇ ਉਹ ਦੁਨੀਆਂ ਲਈ ਨਵੇਂ ਖਤਰੇ ਪੈਦਾ ਕਰ ਰਿਹਾ ਹੈ। ਇਸ ਦਬਾਅ ਨੇ ਪਾਕਿਸਤਾਨ ਫੌਜ ਨੂੰ ਇੱਕ ਵਾਰ ਫਿਰ ਤੋਂ ਸਵਾਤ ਵਾਦੀ ਵਿੱਚ ਹਮਲਾ ਕਰਨ ਲਈ ਮਜ਼ਬੂਰ ਕਰ ਦਿੱਤਾ। ਇਸ ਵਾਰ ਉਹ ਬਹੁਤ ਹੀ ਤਿਆਰੀ ਨਾਲ ਅੱਗੇ ਵਧੀ। ਉਸਨੇ ਆਮ ਫੌਜ ਤੋਂ ਇਲਾਵਾ ਹਵਾਈ ਜਹਾਜ਼ਾਂ ਦਾ ਵੀ ਇਸਤੇਮਾਲ ਕੀਤਾ ਤੇ ਤਾਲੀਬਾਨਾਂ ਦੇ ਅੱਡਿਆਂ ’ਤੇ ਭਾਰੀ ਬੰਬਾਰੀ ਕੀਤੀ। ਕਈ ਦਿਨ ਚੱਲੇ ਇਸ ਐਕਸ਼ਨ ਵਿੱਚ ਬਹੁਤ ਸਾਰੇ ਤਾਲੀਬਾਨ ਮਾਰੇ ਗਏ ਤੇ ਬਚੇ ਹੋਏ, ਸਵਾਤ ਵਾਦੀ ਛੱਡ ਕੇ ਪਿੱਛੇ ਹਟਦੇ ਹੋਏ ਫਾਤਾ ਇਲਾਕੇ ਵਿੱਚ ਜਾ ਲੁਕੇ। ਪਰ ਉਨ੍ਹਾਂ ਨੇ ਇਸ ਹਾਰ ਦਾ ਬਦਲਾ, ਥਾਂ ਥਾਂ ਆਤਮਘਾਤੀ ਹਮਲੇ ਕਰ ਕੇ ਲਿਆ। ਲਗਾਤਾਰ ਦਸ ਦਿਨ ਹੋਏ ਆਤਮਘਾਤੀ ਹਮਲਿਆਂ ਨੇ ਸਾਰਾ ਮੁਲਕ ਹਿਲਾ ਕੇ ਰੱਖ ਦਿੱਤਾ ਤੇ ਸੈਂਕੜੇ ਲੋਕ ਮਾਰੇ ਗਏ। ਇੱਥੋਂ ਤੱਕ ਕਿ ਤਾਲੀਬਾਨਾਂ ਦੇ ਆਤਮਘਾਤੀ ਦਸਤੇ ਨੇ, ਰਾਵਲਪਿੰਡੀ ਵਿਚਲੇ ਆਰਮੀ ਹੈੱਡ ਕੁਆਰਟਰ ਵਿੱਚ ਘੁਸ ਪੈਂਠ ਕਰਕੇ ਪੰਜਾਹ ਦੇ ਕਰੀਬ ਆਰਮੀ ਅਫਸਰ ਬੰਧੀ ਬਣਾ ਲਏ ਜਿਹੜੇ ਦੋ ਦਿਨਾਂ ਦੀ ਲੜਾਈ ਪਿੱਛੋਂ ਆਜ਼ਾਦ ਕਰਵਾਏ ਗਏ। ਇਸ ਨਾਲੋਂ ਵੱਡੀ ਸ਼ਰਮ ਦੀ ਗੱਲ ਕੀ ਹੋ ਸਕਦੀ ਹੈ ਕਿ ਉਸ ਵੇਲੇ ਪਾਕਿਸਤਾਨੀ ਆਰਮੀ ਦਾ ਮੁਖੀ ਵੀ ਹੈੱਡਕੁਆਰਟਰ ਦੇ ਅੰਦਰ ਮੌਜੂਦ ਸੀ।

ਸਾਲ ਦੋ ਹਜ਼ਾਰ ਇੱਕ ਵੇਲੇ, ਜਿਨ੍ਹਾਂ ਗਿਣਤੀ ਦੇ ਤਾਲੀਬਾਨਾਂ ਅਤੇ ਅਲਕਾਇਦਾ ਵਾਲਿਆਂ ਨੂੰ ਪਾਕਿਸਤਾਨ ਨੇ ਮਹਿਮਾਨ ਬਣਾ ਕੇ ਫਾਤਾ ਵਿੱਚ ਠਹਿਰਾਇਆ ਸੀ ਇਹ ਉਸੇ ਦਾ ਨਤੀਜਾ ਸੀ ਕਿ ਪਾਕਿਸਤਾਨੀ ਤਾਲੀਬਾਨ, ਸਾਰੇ ਪਾਕਿਸਤਾਨ ’ਤੇ ਕਬਜ਼ਾ ਕਰਨ ਦੇ ਮਨਸੂਬੇ ਬਣਾ ਰਹੇ ਸਨ। ਪੂਰਾ ਫਾਤਾ ਇਲਾਕਾ ਤਾਲੀਬਾਨਾਂ ਦੇ ਮੁਕੰਮਲ ਕਬਜ਼ੇ ਵਿੱਚ ਸੀ। ਉਨ੍ਹਾਂ ਦਾ ਸੁਪਨਾ ਸੀ, ਪਾਕਿਸਤਾਨੀ ਸਰਕਾਰ ਨੂੰ ਖਤਮ ਕਰਕੇ ਉੱਥੇ ਇਸਲਾਮੀ ਰਾਜ ਸਥਾਪਤ ਕਰਨਾ, ਸ਼ਰੀਅਤ ਕਾਨੂੰਨ ਲਾਗੂ ਕਰਨੇ। ਸ਼ੁਰੂ ਵਿੱਚ ਸਿਰਫ ਤਾਲੀਬਾਨਾਂ ਦਾ ਜ਼ਿਕਰ ਹੁੰਦਾ ਸੀ। ਉਦੋਂ ਤਾਂ ਉਨ੍ਹਾਂ ਨਾਲ ਅਫਗਾਨ ਤਾਲੀਬਾਨ ਲਫਜ਼ ਵੀ ਨਹੀਂ ਲੱਗਦਾ ਸੀ। ਪਰ ਹੁਣ ਫਾਤਾ ਵਿੱਚ ਤਾਲੀਬਾਨਾਂ ਦੀਆਂ ਦਰਜਣਾਂ ਇਕਾਈਆਂ ਸਨ। ਫਾਤਾ ਵਿੱਚ ਤਾਲੀਬਾਨਾਂ ਦਾ ਮੁਕੰਮਲ ਕਬਜ਼ਾ, ਅਫਗਾਨਿਸਤਾਨ ਵਿੱਚ ਸਰਕਾਰ ਨੂੰ ਸਥਿਰ ਨਹੀਂ ਹੋਣ ਦੇ ਰਿਹਾ ਸੀ। ਉੱਥੇ ਇੰਨੇ ਮੁਲਕ ਇਕੱਠੇ ਹੋ ਕੇ ਲੜ ਰਹੇ ਸਨ ਪਰ ਤਾਲੀਬਾਨ ਉਨ੍ਹਾਂ ਦੀ ਵਾਹ ਨਹੀਂ ਚੱਲਣ ਦੇ ਰਹੇ ਸਨ। ਪਾਕਿਸਤਾਨੀ ਫੌਜ ਅਤੇ ਆਈ. ਐੱਸ. ਆਈ. ਫਿਰ ਉਹੀ ਪੁਰਾਣੇ ਏਜੰਡੇ ’ਤੇ ਕੰਮ ਕਰ ਰਹੀ ਸੀ। ਜਿਨ੍ਹਾਂ ਤਾਲੀਬਾਨਾਂ ਨਾਲ ਉਹ ਆਪਣੇ ਹੀ ਮੁਲਕ ਵਿੱਚ ਲੜ ਰਹੀ ਸੀ, ਉਨ੍ਹਾਂ ਦੀ ਹੀ ਅਫਗਾਨਿਸਤਾਨ ਵਿਚ ਮੱਦਦ ਕਰ ਰਹੀ ਸੀ। ਉੱਪਰੋਂ ਅਮਰੀਕਾ ਦੀ ਕੋਈ ਸਿੱਧੀ ਠੋਸ ਨੀਤੀ ਵੀ ਕਾਮਯਾਬੀ ਹਾਸਲ ਨਹੀਂ ਹੋਣ ਦੇ ਰਹੀ ਸੀ।



ਉੱਧਰ ਮੱਧ ਏਸ਼ੀਆ ਦੇ ਮੁਲਕ, ਉਜ਼ਬਿਕਸਤਾਨ, ਟਰਕਮਨਿਸਤਾਨ, ਕਜ਼ਕਸਤਾਨ, ਤਜ਼ਕਸਤਾਨ, ਕਾਇਰਗਸਤਾਨ ਅਤੇ ਭਾਰਤੀ ਕਸ਼ਮੀਰ, ਗੱਲ ਕੀ ਹਰ ਪਾਸੇ ਫਾਤਾ ਤੋਂ ਟਰੇਨਿੰਗ ਪ੍ਰਾਪਤ ਅੱਤਵਾਦੀ ਮੁਸ਼ਕਲਾਂ ਖੜ੍ਹੀਆਂ ਕਰ ਰਹੇ ਹਨ ਅਤੇ ਮਾਸੂਮਾਂ ਦਾ ਖੂਨ ਵਹਾ ਰਹੇ ਹਨ। ਕੌਣ ਹੈ ਇਸ ਸਭ ਦਾ ਲਈ ਜਿੰਮਵਾਰ ? ਜੇ ਸ਼ੁਰੂ ਵਿੱਚ ਹੀ ਅਫਗਾਨਿਸਤਾਨ ਦੇ ਹਾਲਾਤ ਸੰਭਾਲ ਕੇ ਕਾਬੂ ਹੇਠ ਰੱਖੇ ਹੁੰਦੇ ਤਾਂ ਇਸ ਪਨੀਰੀ ਨੂੰ ਵਧਣ ਫੁੱਲਣ ਲਈ ਧਰਤੀ ਨਹੀਂ ਮਿਲਣੀ ਸੀ। ਅਫਗਾਨਿਸਤਾਨ ਅੰਦਰ ਸ਼ੁਰੂ ਹੋਈ ਸਾਲ 1979 ਦੀ ਲੜਾਈ ਨਾਲ ਹੀ ਇੱਕ ਨਵੇਂ ਵਰਤਾਰੇ ਦੀ ਸ਼ੁਰੂਆਤ ਹੋਈ। ਜਦੋਂ ਵੀ ਕਿਤੇ ਮੌਕਾ ਆਇਆ ਕਿ ਅਫਗਾਨਿਸਤਾਨ ਅੰਦਰ ਸਥਿਰ ਸਰਕਾਰ ਬਣਵਾਈ ਜਾਵੇ ਤਾਂ ਅਮਰੀਕਾ ਵਰਗੇ ਵੱਡੇ ਮੁਲਕਾਂ ਨੇ ਇਸ ਪਾਸਿਉਂ ਅੱਖਾਂ ਮੀਚ ਲਈਆਂ। ਜਦੋਂ ਕਦੇ ਉਨ੍ਹਾਂ ਥੋੜੀ ਬਹੁਤ ਕੋਸ਼ਿਸ਼ ਕੀਤੀ ਵੀ ਤਾਂ ਪਾਕਿਸਤਾਨ ਨੇ ਕਿਸੇ ਦੀ ਪੇਸ਼ ਨਾ ਚੱਲਣ ਦਿੱਤੀ। ਕਾਰਜਾਈ ਸਰਕਾਰ ਪਾਕਿਸਤਾਨ ਦੀ ਪਸੰਦੀਦਾ ਸਰਕਾਰ ਨਹੀਂ ਸੀ। ਇਸ ਵਿੱਚ ਬਹੁਤਾਤ ਨਾਰਦਰਨ ਅਲਾਂਇੰਸ ਦੇ ਪੁਰਾਣੇ ਲੀਡਰਾਂ ਹੀ ਸਨ, ਜਿਹੜੇ ਕਿ ਇੰਡੀਆ ਵੱਲ ਝੁਕਾਅ ਰੱਖਦੇ ਸਨ। ਇਸ ਕਰਕੇ ਪਾਕਿਸਤਾਨ ਉਨ੍ਹਾਂ ਨੂੰ ਕਿਵੇਂ ਬਹਦਾਸ਼ਤ ਕਰ ਸਕਦਾ ਸੀ। ਤਾਲੀਬਾਨਾਂ ਦੀ ਇਹ ਨੀਤੀ, ਕਿ ਮੌਜੂਦਾ ਕਰੱਪਟ ਸਰਕਾਰਾਂ ਖਤਮ ਕਰਕੇ ਹਰ ਪਾਸੇ ਸ਼ਰੀਅਤ ਕਾਨੂੰਨ ਲਾਗੂ ਕੀਤੇ ਜਾਣ, ਨਵੀਂ ਪੀਹੜੀ ਨੂੰ ਬੜੀ ਭਾਉਂਦੀ ਹੈ। ਇਸਦਾ ਵੱਡਾ ਕਾਰਨ ਹੈ ਕਿ ਸਾਲਾਂ ਤੋਂ ਚਲੇ ਆ ਰਹੇ ਡਿਕਟੇਟਰ ਲੋਕਾਂ ਦਾ ਲਹੂ ਚੂਸ ਰਹੇ ਹਨ। ਅੱਜ ਜਦੋਂ ਅਸੀਂ ਇੱਕੀਵੀਂ ਸਦੀ ਵਿਚ ਦਾਖਲ ਹੋ ਗਏ ਹਾਂ ਤਾਂ ਡਿਕਟੇਟਰ ਅਜੇ ਵੀ ਲੋਕਾਂ ਨੂੰ ਬੰਨ ਕੇ ਰੱਖਣਾ ਚਾਹੁੰਦੇ ਹਨ। ਤਬਦੀਲੀਆਂ ਕਿਵੇਂ ਲੋਕਾਂ ਨੂੰ ਲੁਭਾਉਂਦੀਆਂ ਹਨ ਇਸਦੀ ਤਾਜ਼ਾ ਉਦਾਹਰਣ ਇਰਾਕ, ਟਿਊਨਿਸ਼ੀਆ, ਮਿਸਰ ਅਤੇ ਲਿਬੀਆ ਵਰਗੇ ਮੁਲਕਾਂ ਦੀ ਮਿਲਦੀ ਹੈ। ਸੀਰੀਆ ਵੀ ਉਸੇ ਰਾਹ ’ਤੇ ਜਾ ਰਿਹਾ ਹੈ ਜਿੱਥੇ ਪਿਛਲੇ ਕਈ ਸਾਲਾਂ ਤੋਂ ਚੱਲ ਰਹੀ ਘਰੇਲੂ ਜੰਗ ਖਤਮ ਹੋਣ ਦਾ ਨਾਂ ਨਹੀਂ ਲੈ ਰਹੀ, ਕਿਉਂਕਿ ਡਿਕਟੇਟਰ ਨਾ ਕੋਈ ਤਬਦੀਲੀ ਕਰਨੀ ਚਾਹੁੰਦਾ ਹੈ ਤੇ ਨਾਂ ਹੀ ਗੱਦੀ ਛੱਡਣੀ ਚਾਹੁੰਦਾ ਹੈ। ਉਹ ਇਹ ਗੱਲ ਨਹੀਂ ਸਮਝ ਰਿਹਾ ਕਿ ਲੋਕ ਵਿਦਰੋਹ ਨੂੰ ਗੈਸ ਬੰਬ ਨਹੀਂ ਦਬਾ ਸਕਦੇ। ਆਖਰ ਲੋਕਾਂ ਮੂਹਰੇ ਉਸਨੂੰ ਇੱਕ ਦਿਨ ਝੁਕਣਾਂ ਪੈਣਾ ਹੈ।

ਮਈ 2011 ਵਿੱਚ, ਅਲਕਾਇਦਾ ਮੁਖੀ ਉਸਾਮਾ ਬਿਨ ਲਾਦੇਨ ਨੂੰ ਅਮਰੀਕਾ ਨੇ ਪਾਕਿਸਤਾਨ ਵਿਚਲੇ ਉਸ ਦੇ ਆਪਣੇ ਹੀ ਘਰ ਵਿੱਚ ਮਾਰ ਮੁਕਾਇਆ ਸੀ। ਇਸ ਨਾਲ ਉਸਦੀਆਂ ਵਹਿਸ਼ੀ ਕਾਰਵਾਈਆਂ ਵਿਚ ਪਰਿਵਾਰਕ ਮੈਂਬਰ ਗੁਆ ਚੁੱਕੇ ਲੋਕਾਂ ਨੂੰ ਕੁਝ ਸਕੂਨ ਮਿਲਿਆ। ਪਰ ਉਸਦਾ ਇੰਨਾ ਜ਼ਿਆਦਾ ਚਿਰ ਲੁਕੇ ਰਹਿ ਕੇ ਅਲਕਾਇਦਾ ਨੂੰ ਅਗਵਾਈ ਦੇਣਾ ਬਹੁਤ ਨੁਕਸਾਨ ਕਰ ਚੁੱਕਿਆ ਸੀ। ਨਾਈਨ ਅਲੈਵਨ ਵੇਲੇ ਉਸਦੀ ਜਥੇਬੰਦੀ ਅਤੇ ਉਹ ਖੁਦ ਇੱਕ ਜ਼ਹਿਰੀਲਾ ਬੂਟਾ ਸੀ। ਪਰ ਜਦੋਂ ਉਹ ਮਾਰਿਆ ਤਾਂ ਉਦੋਂ ਤੱਕ ਇਹ ਜ਼ਹਿਰੀਲਾ ਬੂਟਾ ਵੱਡਾ ਰੁੱਖ ਬਣ ਚੁੱਕਿਆ ਸੀ, ਜਿਸਦੀਆਂ ਟਹਿਣੀਆਂ ਇਰਾਕ ਤੱਕ ਜਾ ਫੈਲੀਆਂ ਸਨ। ਅੱਜ ਅਰਬ ਖਿੱਤੇ ਵਿਚ ਮੌਤ ਵੰਡ ਰਹੀ ਅੱਤਵਾਦੀ ਜਥੇਬੰਦੀ ਆਈ. ਐੱਸ. ਆਈ. ਐੱਸ., ਉਸਾਮਾ ਬਿਨ ਲਾਦੇਨ ਦੀ ਹੀ ਦੇਣ ਹੈ। ਸੋ ਕਹਿ ਸਕਦੇ ਹਾਂ ਕਿ ਉਸਦੇ ਮਰਨ ਨਾਲ ਅੱਤਵਾਦੀ ਕਾਰਵਾਈਆਂ ਨੂੰ ਠੱਲ ਪੈਣ ਦੀ ਕੋਈ ਸੰਭਾਵਨਾ ਨਾ ਬਣੀ ਕਿਉਂਕਿ ਉਹ ਮਰ ਤਾਂ ਭਾਵੇਂ ਗਿਆ ਪਰ ਆਪਣੇ ਪਿੱਛੇ ਅੱਤਵਾਦੀਆਂ ਦੀ ਉਹ ਬੜੀ ਵੱਡੀ ਕਤਾਰ ਛੱਡ ਗਿਆ।

ਗੱਲ ਫਿਰ ਅਫਗਾਨਿਸਾਤਨ ਵੱਲ ਲੈ ਚੱਲੀਏ ਤਾਂ ਉੱਥੇ ਪੱਕੀ ਸ਼ਾਂਤੀ ਹੋਣ ਦੇ ਕੋਈ ਆਸਾਰ ਨਹੀਂ ਹਨ। ਸਰਕਾਰ ਉੱਥੇ ਕੋਈ ਵੀ ਬਣੀ ਪਰ ਹਾਲਤਾਂ ’ਚੋ ਸੁਧਾਰ ਨਹੀਂ ਹੋਇਆ। ਕਿਉਂਕਿ ਅਸਲੀ ਸਮੱਸਿਆ ਦਾ ਕੋਈ ਹੱਲ ਨਹੀਂ ਕੀਤਾ ਜਾ ਰਿਹਾ। ਲੋਕ ਉਵੇਂ ਹੀ ਗਰੀਬੀ ਅਤੇ

ਭੁੱਖਮਰੀ ਨਾਲ ਘੁਲ ਰਹੇ ਹਨ ਅਤੇ ਸਰਕਾਰ ਦੀਆਂ ਬੇਇਨਸਾਫੀਆਂ ਤੋਂ ਤੰਗ ਹਨ। ਅਮਰੀਕਾ ਕਹਿੰਦਾ ਹੈ ਕਿ ਦੋ ਹਜ਼ਾਰ ਸੋਲਾਂ ਤੱਕ ਅਫਗਾਨਿਸਤਾਨ ਦੀ ਆਪਣੀ ਮੁਕੰਮਲ ਵਧੀਆ ਫੌਜ ਤਿਆਰ ਹੋ ਜਾਵੇਗੀ ਤੇ ਉਦੋਂ ਤੱਕ ਉੱਥੇ ਸ਼ਾਂਤੀ ਵੀ ਸਥਾਪਤ ਹੋ ਜਾਵੇਗੀ। ਉਸ ਪਿੱਛੋਂ ਉਬਾਮਾ ਦੀ ਪਾਲਿਸੀ ਮੁਤਾਬਕ, ਅਮਰੀਕਾ ਉੱਥੋਂ ਆਪਣੀਆਂ ਫੌਜਾਂ ਕੱਢ ਲਵੇਗਾ। ਤਾਂ ਕੀ ਇਹ ਸੋਚਿਆ ਜਾਵੇ ਕਿ ਉਸ ਪਿੱਛੋਂ ਅਫਗਾਨਿਸਤਾਨ ਇੱਕ ਸ਼ਾਂਤ ਅਤੇ ਸਥਿਰ ਮੁਲਕ ਬਣ ਜਾਵੇਗਾ? ਨਹੀਂ, ਇਹ ਇੱਕ ਬਹੁਤ ਵੱਡਾ ਭੁਲੇਖਾ ਹੈ। ਕਿਉਂਕਿ ਫਾਤਾ ਇਲਾਕੇ ਵਿੱਚ ਤਾਲੀਬਾਨ ਇਸ ਵੇਲੇ ਇਕੱਠੇ ਹੋ ਰਹੇ ਹਨ ਅਤੇ ਆਪਣੀ ਟਰੇਨਿੰਗ ਪੂਰੇ ਜ਼ੋਰ ਸ਼ੋਰ ਨਾਲ ਕਰੀ ਜਾ ਰਹੇ ਹਨ। ਅਮਰੀਕਾ ਨੂੰ ਲੱਗਦਾ ਹੈ ਕਿ ਸ਼ਾਇਦ ਤਾਲੀਬਾਨ ਖਤਮ ਹੋ ਰਹੇ ਹਨ। ਪਰ ਅਸਲ ਵਿੱਚ ਤਾਲੀਬਾਨ ਉਸ ਮੌਕੇ ਦੀ ਉਡੀਕ ਵਿੱਚ ਹਨ, ਜਦੋਂ ਅਮਰੀਕੀ ਫੌਜਾਂ ਅਫਗਾਨਿਸਤਾਨ ਵਿੱਚੋਂ ਨਿਕਲ ਜਾਣਗੀਆਂ। ਫਿਰ ਤਾਲੀਬਾਨਾਂ ਨੂੰ ਇੱਧਰ ਆਉਣੋ ਕੋਈ ਨਹੀਂ ਰੋਕ ਸਕੇਗਾ। ਅਸਲ ਵਿੱਚ ਅਫਗਾਨਿਸਤਾਨ ਅੰਦਰ, ਇੱਕ ਹੋਰ ਘਰੇਲੂ ਜੰਗ ਦੀ ਹਨੇਰੀ ਬੜੀ ਤੇਜ਼ੀ ਨਾਲ ਚੜ੍ਹੀ ਆ ਰਹੀ ਹੈ। ਦੁਨੀਆਂ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

---

## ਕੈਲਾਸ਼/ਗੁਰਪ੍ਰੀਤ ਅਨੰਦੀ

ਇੱਛਾਵਾਂ...
ਵਾਸ਼ਨਾਵਾਂ...
ਤ੍ਰਿਸ਼ਨਾਵਾਂ ਦੇ ਉਸ ਪਾਰ
ਸ਼ੁਰੂ ਹੁੰਦਾ ਹੈ
ਅੰਦਰਲਾ ਕੈਲਾਸ਼...।

ਅੰਤਰਮਨ ਦੀਆਂ
ਉੱਚੀਆਂ ਚੋਟੀਆਂ...
ਗਹਿਰੀਆਂ ਖਾਈਆਂ...
ਲੰਘਦਿਆਂ-ਲੰਘਦਿਆਂ
ਮਨ...ਰਹਿ ਜਾਂਦਾ
ਕਿਤੇ ਦੂਰ
ਤੇ ਅੰਤਰ 'ਚ ਉਤਰਦਾ
ਅਨੰਦ ਦਾ ਮਾਨਸਰੋਵਰ।

ਇੱਛਾਵਾਂ...
ਵਾਸ਼ਨਾਵਾਂ...
ਤ੍ਰਿਸ਼ਨਾਵਾਂ ਦੇ ਉਸ ਪਾਰ
ਸ਼ੁਰੂ ਹੁੰਦਾ ਹੈ
ਅੰਦਰਲਾ ਕੈਲਾਸ਼...।



## ਰੁੱਖ ਕਿੱਥੇ ਨੇ ?/ਖ਼ਾਲਿਦ ਹੁਸੈਨੀ
## ਅਨੁਵਾਦ : ਮਹਿੰਦਰ ਬੇਦੀ, ਜੈਤੋ

ਫਰੀਦ ਨੇ ਮੈਨੂੰ ਸਾਵਧਾਨ ਕੀਤਾ ਸੀ। ਉਸੇ ਨੇ ਕੀਤਾ ਸੀ—ਪਰ ਪਤਾ ਲੱਗਾ ਉਸਨੇ ਬੇਕਾਰ ਹੀ ਮਿਹਨਤ ਕੀਤੀ ਸੀ।

ਅਸੀਂ ਜਲਾਲਾਬਾਦ ਤੋਂ ਕਾਬੁਲ ਜਾਣ ਵਾਲੀ ਟੋਇਆਂ ਭਰੀ ਸੜਕ 'ਤੇ ਜਾ ਰਹੇ ਸਾਂ। ਆਖ਼ਰੀ ਵਾਰ ਮੈਂ ਇਸ ਸੜਕ ਉੱਤੇ ਤਿਰਪਾਲ ਨਾਲ ਢਕੇ ਹੋਏ ਇਕ ਟਰੱਕ ਉੱਤੇ ਸਫ਼ਰ ਕੀਤਾ ਸੀ। ਉਦੋਂ ਮੈਂ ਇਸ ਦੇ ਉਲਟੇ ਪਾਸੇ ਜਾ ਰਿਹਾ ਸੀ। ਉਦੋਂ ਬਾਬਾ ਇਕ ਗਾਉਣ ਵਾਲੇ ਧੁੱਤ ਰੂਸੀ ਫ਼ੌਜੀ ਦੀ ਗੋਲੀ ਖਾਣ ਨੂੰ ਤਿਆਰ ਹੋ ਗਿਆ ਸਨ। ਉਸ ਰਾਤ ਬਾਬਾ ਨੇ ਮੈਨੂੰ ਪਾਗਲ ਕਰ ਛੱਡਿਆ ਸੀ। ਉਹਨਾਂ ਮੈਨੂੰ ਏਨਾ ਡਰਾਇਆ ਸੀ ਤੇ ਆਖ਼ਰ ਵਿਚ ਮੈਨੂੰ ਮਾਣ ਨਾਲ ਭਰ ਦਿੱਤਾ ਸੀ। ਕਾਬੁਲ ਤੇ ਜਲਾਲਾਬਾਦ ਦੇ ਵਿਚਕਾਰਲਾ ਸਫ਼ਰ, ਹੱਡੀਆਂ ਜਰਕਾ ਦੇਣ ਵਾਲਾ ਸੀ। ਅਸੀਂ ਚੱਟਾਨਾਂ ਵਿਚਕਾਰੋਂ ਡਿੱਕ-ਡੋਲੇ ਖਾਂਦੇ ਹੋਏ ਰੀਂਘਦੇ ਜਾ ਰਹੇ ਸਾਂ। ਹੁਣ ਇਹ ਸੜਕ ਆਪਣਾ ਖੰਡਰ ਹੀ ਰਹਿ ਗਈ ਸੀ। ਦੋ ਜੰਗਾਂ ਦਾ ਮਾਰਿਆ ਖੰਡਰ। ਵੀਹ ਸਾਲ ਪਹਿਲਾਂ ਮੈਂ ਪਹਿਲੀ ਜੰਗ ਆਪਣੀਆਂ ਅੱਖਾਂ ਨਾਲ ਦੇਖੀ ਸੀ। ਉਸ ਦੀ ਯਾਦ ਦੁਆਉਣ ਵਾਲੀਆਂ ਮਨਹੂਸ ਚੀਜ਼ਾਂ ਸੜਕ ਦੇ ਦੋਵੇਂ ਪਾਸੇ ਖਿੱਲਰੀਆਂ ਹੋਈਆਂ ਸਨ—ਪੁਰਾਣੀਆਂ ਸੋਵੀਅਤ ਤੋਪਾਂ ਦੇ ਢਾਂਚੇ, ਜਰ ਖਾਧੇ ਉਲਟੇ ਹੋਏ ਫ਼ੌਜੀ ਟਰੱਕ, ਪਹਾੜੀ ਢਲਵਾਨਾਂ 'ਤੇ ਉਲਟੀਆਂ ਪਈਆਂ ਟੁੱਟੀਆਂ ਰੂਸੀ ਜੀਪਾਂ। ਦੂਜੀ ਜੰਗ ਮੈਂ ਆਪਣੇ ਟੀਵੀ 'ਤੇ ਦੇਖੀ ਸੀ। ਤੇ ਇਸ ਨੂੰ ਫਰੀਦ ਦੀਆਂ ਅੱਖਾਂ ਨਾਲ ਦੇਖਿਆ ਸੀ।

ਟੁੱਟੀ ਹੋਈ ਸੜਕ ਦੇ ਟੋਇਆਂ ਤੋਂ ਬਚਣ ਲਈ ਸਹਿਜ ਨਾਲ ਗੱਡੀ ਨੂੰ ਤੋਰ ਰਿਹਾ ਇਹ ਫਰੀਦ ਵੀ ਇਕ ਸ਼ੈ ਹੈ। ਉਹ ਰਾਤ ਭਰ ਵਹੀਦ ਦੇ ਘਰ ਠਹਿਰਣ ਪਿੱਛੋਂ ਵਧੇਰੇ ਗਾਲੜੀ ਹੋ ਗਿਆ ਹੈ। ਉਸਨੇ ਮੈਨੂੰ ਪੈਸਿੰਜਰ ਸੀਟ ਉੱਤੇ ਬੈਠਾ ਦਿੱਤਾ ਹੈ ਤੇ ਗੱਲਾਂ ਕਰਦਾ ਹੋਇਆ ਵਾਰੀ ਵਾਰੀ ਮੇਰੇ ਵੱਲ ਦੇਖਦਾ ਹੈ। ਉਹ ਇਕ ਜਾਂ ਦੋ ਵਾਰੀ ਮੁਸਕੁਰਾਇਆ ਵੀ ਹੈ। ਆਪਣੇ ਅਪਾਹਜ ਹੱਥ ਨਾਲ ਸਟੇਰਿੰਗ ਨੂੰ ਬਾਖ਼ੂਬੀ ਸੰਭਾਲਦਿਆਂ ਉਹ ਸੜਕ ਦੇ ਕਿਨਾਰੇ ਇਕ ਪਿੰਡ ਵੱਲ ਇਸ਼ਾਰਾ ਕਰਦਾ ਹੈ। ਮਿੱਟੀ ਦੇ ਘਰਾਂ ਵਾਲੇ ਇਸ ਪਿੰਡ ਵਿਚ ਕਈ ਸਾਲ ਪਹਿਲਾਂ ਉਸਦੀ ਜਾਣ-ਪਛਾਣ ਵਾਲੇ ਲੋਕ ਰਹਿੰਦੇ ਹੁੰਦੇ ਸਨ। ਉਸਨੇ ਦੱਸਿਆ ਕਿ ਉਹਨਾਂ ਵਿਚੋਂ ਵਧੇਰੇ ਜਾਂ ਤਾਂ ਮਰ ਚੁੱਕੇ ਨੇ ਜਾਂ ਹੁਣ ਪਾਕਿਸਤਾਨ ਦੇ ਸ਼ਰਨਾਰਥੀ ਸਿਵਰਾਂ ਵਿਚ ਰਹਿ ਰਹੇ ਨੇ। "ਤੇ ਮਰ ਗਏ ਲੋਕ ਨਸੀਬਾਂ ਵਾਲੇ ਨੇ।" ਉਹ ਕਹਿੰਦਾ ਹੈ।

ਉਸਨੇ ਇਕ ਛੋਟੇ-ਜਿਹੇ ਪਿੰਡ ਦਾ ਇਕ ਸੜਿਆ, ਢੱਠਿਆ ਹੋਇਆ ਖੰਡਰ ਦਿਖਾਇਆ। ਉੱਥੇ ਹੁਣ ਕਾਲੀਆਂ, ਨੰਗੀਆਂ ਕੰਧ ਬਚੀਆਂ ਹੀ ਸਨ। ਮੈਂ ਕੰਧਾਂ ਵਿਚਕਾਰ ਇਕ ਕੁੱਤਾ ਸੁੱਤਾ ਦੇਖਿਆ। "ਉੱਥੇ ਕਦੀ ਮੇਰਾ ਇਕ ਦੋਸਤ ਰਹਿੰਦਾ ਸੀ।" ਫਰੀਦ ਨੇ ਦੱਸਿਆ। "ਉਹ ਸਈਕਲਾਂ ਦਾ ਮਿਸਤਰੀ ਸੀ। ਤਬਲਾ ਵੀ ਬੜਾ ਵਧੀਆ ਵਜਾਉਂਦਾ ਸੀ। ਤਾਲਿਬਾਨ ਨੇ ਉਸਨੂੰ ਤੇ ਉਸਦੇ ਪਰਿਵਾਰ ਨੂੰ ਮਾਰ ਦਿੱਤਾ ਤੇ ਪਿੰਡ ਨੂੰ ਅੱਗ ਲਾ ਦਿੱਤੀ।"

ਅਸੀਂ ਉਸ ਸੜੇ ਹੋਏ ਪਿੰਡ ਨੂੰ ਪਿੱਛੇ ਛੱਡ ਦਿੱਤਾ। ਕੁੱਤਾ ਬਿਨਾਂ ਹਿੱਲੇ-ਜੁੱਲੇ ਉੱਥੇ ਹੀ ਪਿਆ ਰਿਹਾ।

ਪੁਰਾਣੇ ਦਿਨਾਂ ਵਿਚ ਜਲਾਲਾਬਾਦ ਤੋਂ ਕਾਬੁਲ ਜਾਣ ਲਈ ਦੋ ਘੰਟੇ ਲੱਗਦੇ ਸਨ। ਹੋ ਸਕਦਾ ਹੈ ਥੋੜਾ ਵੱਧ ਲੱਗਦੇ ਹੋਣ। ਇਸ ਵਾਰੀ ਮੈਨੂੰ ਤੇ ਫਰੀਦ ਨੂੰ ਕਾਬੁਲ ਪਹੁੰਚਣ ਵਿਚ ਚਾਰ ਘੰਟਿਆਂ ਨਾਲੋਂ ਵੱਧ ਸਮਾਂ ਲੱਗਿਆ। ਤੇ ਜਦੋਂ ਅਸੀਂ ਪਹੁੰਚੇ...ਫਰੀਦ ਨੇ ਮੈਨੂੰ ਮਾਹੀਪੁਰ ਬੰਨ੍ਹ ਪਾਰ ਕਰਦਿਆਂ ਹੀ ਸਾਵਧਾਨ ਕਰ ਦਿੱਤਾ ਸੀ।

"ਕਾਬੁਲ ਓਹੋ-ਜਿਹਾ ਨਈਂ ਏ, ਜਿਹੋ-ਜਿਹਾ ਤੁਸੀਂ ਉਸਨੂੰ ਯਾਦ ਕਰਦੇ ਓ।" ਉਸਨੇ ਕਿਹਾ।

"ਇਹੋ ਸੁਣਿਆ ਏ ਮੈਂ।"

ਫਰੀਦ ਨੇ ਮੈਨੂੰ ਇੰਜ ਦੇਖਿਆ ਜਿਵੇਂ ਕਹਿ ਰਿਹਾ ਹੋਏ ਕਿ ਸੁਣਨਾ ਤੇ ਦੇਖਣਾ ਇਕੋ ਗੱਲ ਨਹੀਂ ਹੈ। ਤੇ ਉਹ ਸਹੀ ਸੀ। ਕਿਉਂਕਿ ਜਦੋਂ ਕਾਬੁਲ ਆਖ਼ਰਕਾਰ ਸਾਡੇ ਸਾਹਵੇਂ ਆਇਆ, ਤਾਂ ਉਸਨੂੰ ਦੇਖ ਕੇ ਮੈਨੂੰ ਲੱਗਿਆ, ਮੈਨੂੰ ਪੱਕੇ ਤੌਰ 'ਤੇ ਲੱਗਿਆ ਕਿ ਫਰੀਦ ਰਸਤਾ ਭੁੱਲ ਕੇ ਗ਼ਲਤ ਰਾਹ ਪੈ ਗਿਆ ਹੈ। ਫਰੀਦ ਨੇ ਵੀ ਮੇਰੇ ਬੇਵਕੂਫ਼ੀ ਭਰੇ ਭਾਵ ਜ਼ਰੂਰ ਦੇਖੇ ਹੋਣਗੇ। ਲੰਮੇ ਸਮੇਂ ਤਕ ਕਾਬੁਲ ਤੋਂ ਬਾਹਰ ਰਹੇ ਲੋਕਾਂ ਨੂੰ ਕਾਬੁਲ ਲਿਆਉਂਦਿਆਂ-ਲੈ ਜਾਂਦਿਆਂ ਹੋਇਆਂ ਉਹ ਅਜਿਹੇ ਭਾਵਾਂ ਨੂੰ ਪਛਾਣਨਾ ਸਿੱਖ ਗਿਆ ਹੋਏਗਾ।

ਉਸਨੇ ਮੇਰਾ ਮੋਢਾ ਥਾਪੜਿਆ। "ਵਾਪਸੀ ਮੁਬਾਰਕ ਹੋਵੇ।" ਉਸਨੇ ਰਤਾ ਚਿੜਚਿੜੀ ਆਵਾਜ਼ ਵਿਚ ਕਿਹਾ।

ਮਲਬਾ ਤੇ ਭਿੱਖਮੰਗੇ—ਮੈਂ ਜਿੱਧਰ ਵੀ ਨਜ਼ਰ ਦੌੜਾਈ, ਇਹੋ ਦਿਸਿਆ। ਮੈਨੂੰ ਯਾਦ ਹੈ ਕਿ ਪੁਰਾਣੇ ਦਿਨਾਂ ਵਿਚ ਵੀ ਭਿੱਖਮੰਗੇ ਹੁੰਦੇ ਸਨ। ਬਾਬਾ ਸਿਰਫ਼ ਭਿੱਖਮੰਗਿਆਂ ਲਈ ਆਪਣੀ ਇਕ ਜੇਬ ਵਿਚ ਮੁੱਠੀ ਅਫ਼ਗ਼ਾਨੀ ਨੋਟ ਪਾ ਕੇ ਤੁਰਦੇ ਸਨ। ਮੈਂ ਉਹਨਾਂ ਨੂੰ ਕਦੇ ਕਿਸੇ ਭਿੱਖਮੰਗੇ ਨੂੰ ਇਨਕਾਰ ਕਰਦਿਆਂ ਨਹੀਂ ਦੇਖਿਆ। ਪਰ ਹੁਣ ਉਹ ਹਰੇਕ ਨੁੱਕੜ 'ਤੇ ਬੈਠੇ ਹੋਏ ਸਨ। ਉਹ ਟਾਟ ਦੇ ਚੀਥੜਿਆਂ ਵਿਚ ਲਿਪਟੇ ਸਨ ਤੇ ਉਹਨਾਂ ਦੇ ਗੰਦੇ ਮੈਲੇ ਹੱਥ ਸਿੱਕਿਆਂ ਲਈ ਫ਼ੈਲੇ ਹੋਏ ਸਨ—ਤੇ ਵਧੇਰੇ ਭਿੱਖਮੰਗੇ ਬੱਚੇ ਸਨ, ਸੁੱਕੇ, ਭਿਆਨਕ ਚਿਹਰਿਆਂ ਵਾਲੇ ਬੱਚੇ। ਉਹਨਾਂ ਵਿਚੋਂ ਕੁਝ ਤਾਂ ਪੰਜ ਜਾਂ ਛੇ ਸਾਲ ਤੋਂ ਵੱਧ ਵੀ ਨਹੀਂ ਹੋਣੇ। ਉਹ ਭੀੜ ਭਰੀ ਨੁੱਕੜ ਕੋਲ ਗਟਰਾਂ ਦੇ ਕਿਨਾਰੇ ਬੁਰਕੇ ਵਿਚ ਲਿਪਟੀਆਂ ਆਪਣੀਆਂ ਮਾਂਵਾਂ ਦੀ ਗੋਦ ਵਿਚ ਬੈਠੇ ਸਨ। ਉਹ 'ਬਖ਼ਸ਼ੀਸ਼, ਬਖ਼ਸ਼ੀਸ਼' ਚੀਕ ਰਹੇ ਸਨ। ਤੇ ਉਦੋਂ ਹੀ ਮੈਂ ਇਕ ਗੱਲ ਉੱਤੇ ਗ਼ੌਰ ਕੀਤਾ—ਇਕ ਅਜਿਹੀ ਗੱਲ ਜਿਸ ਉੱਤੇ ਮੈਂ ਹੁਣ ਤਕ ਗ਼ੌਰ ਨਹੀਂ ਸੀ ਕੀਤਾ। ਉਹਨਾਂ ਵਿਚੋਂ ਸ਼ਾਇਦ ਹੀ ਕੋਈ ਕਿਸੇ ਵੱਡੇ ਮਰਦ ਨਾਲ ਬੈਠਾ ਸੀ। ਜੰਗੇ-ਅਫ਼ਗ਼ਾਨਿਸਤਾਨੀ ਪਿਓਆਂ ਨੂੰ ਖਾ ਗਈ ਸੀ।

ਅਸੀਂ ਪੱਛਮ ਵੱਲ ਕਾਰਤੇਹ ਸੇਹ ਜਿਲ੍ਹੇ ਵੱਲ ਜਾ ਰਹੇ ਸਾਂ। ਮੈਨੂੰ ਯਾਦ ਸੀ ਕਿ ਕਾਰਤੇਹ ਸੇਹ ਨੂੰ ਜਾਣ ਵਾਲੀ ਜਾਦੇਹ ਮੇਵਾਂਡ ਸੱਤਰ ਦੇ ਦਹਾਕੇ ਵਿਚ ਸਭ ਤੋਂ ਵੱਡੀ ਸੜਕ ਹੁੰਦੀ ਸੀ। ਸਾਡੇ ਐਨ ਉੱਤਰ ਵਿਚ ਪੂਰੀ ਤਰ੍ਹਾਂ ਸੁੱਕੀ ਚੁੱਕੀ ਕਾਬੁਲ ਨਦੀ ਸੀ। ਦੱਖਣ ਦੀਆਂ ਪਹਾੜੀਆਂ ਉੱਪਰ ਟੁੱਟੀ ਹੋਈ ਸ਼ਹਿਰ ਦੀ ਹਿਫ਼ਾਜ਼ਤੀ ਕੰਧ ਸੀ। ਇਸ ਦੇ ਠੀਕ ਪੂਰਬ ਵਿਚ ਬਾਲਾ ਹਿਸਾਰ ਕਿਲਾ ਸੀ। ਇਸ ਪੁਰਾਣੇ ਕਿਲੇ ਨੂੰ ਜੰਗੀ ਸਰਦਾਰ ਦੋਸਤਮ ਨੇ 1992 ਵਿਚ ਅੱਡਾ ਬਣਾਇਆ ਸੀ। ਇਹ ਕਿਲਾ ਸ਼ੀਰਦਰਵਾਜ਼ਾ ਪਹਾੜੀ ਉੱਤੇ ਸੀ। ਇਹਨਾਂ ਪਹਾੜੀਆਂ ਤੋਂ ਮੁਜਾਹਿਦੀਨ ਕਾਬੁਲ ਉੱਤੇ 1992 ਤੋਂ 1996 ਦੇ ਵਿਚਕਾਰ ਰਾਕਟ ਵਰ੍ਹਾਉਂਦੇ ਰਹੇ ਸਨ। ਇਹਨਾਂ ਰਾਕਟਾਂ ਨੇ ਜਿੰਨਾ ਨੁਕਸਾਨ ਕੀਤਾ ਸੀ, ਹੁਣ ਉਸਦਾ ਅਸਰ ਬੜਾ ਘੱਟ ਦਿਖਾਈ ਦਿੰਦਾ ਹੈ। ਸ਼ੀਰਦਰਵਾਜ਼ਾ ਦੀਆਂ ਪਹਾੜੀਆਂ ਪੱਛਮ ਵਿਚ ਦੂਰ ਤਕ ਫ਼ੈਲੀਆਂ ਹੋਈਆਂ ਨੇ। ਮੈਨੂੰ ਯਾਦ ਹੈ ਕਿ ਇਹਨਾਂ ਪਹਾੜੀਆਂ ਤੋਂ ਹਰ ਰੋਜ਼ ਦੁਪਹਿਰ ਦਾ ਐਲਾਨ ਕਰਨ ਲਈ ਗੋਲੇ ਦਾਗ਼ੇ ਜਾਂਦੇ ਸਨ। ਇੱਥੋਂ ਹੀ ਰਮਜਾਨ ਦੇ ਮਹੀਨੇ ਵਿਚ ਸ਼ਾਮ ਨੂੰ ਰੋਜੇ ਤੋੜਨ ਲਈ ਗੋਲੇ ਦਾਗ਼ੇ ਜਾਂਦੇ। ਉਹਨੀਂ ਦਿਨੀਂ ਤੁਸੀਂ ਤੋਪ ਦੀ ਗਰਜ, ਪੂਰੇ ਸ਼ਹਿਰ ਵਿਚ ਕਿਤੇ ਵੀ ਸੁਣ ਸਕਦੇ ਸੀ।



"ਜਦੋਂ ਮੈਂ ਛੋਟਾ ਸਾਂ, ਮੈਂ ਏਥੇ ਜਾਦੇਹ ਮੇਵਾਂਡ ਆਉਂਦਾ ਹੁੰਦਾ ਸਾਂ।" ਮੈਂ ਬੁੜਬੁੜਾਇਆ। "ਏਥੇ ਦੁਕਾਨਾਂ ਤੇ ਹੋਟਲ ਹੁੰਦੇ ਸੀ। ਨਿਓਨ ਲਾਈਟਾਂ ਸਨ ਤੇ ਰੇਸਟੋਰੈਂਟ ਵੀ। ਮੈਂ ਸੈਫੋ ਨਾਂ ਦੇ ਇਕ ਬੁੱਢੇ ਆਦਮੀ ਦਿਓਂ ਪਤੰਗ ਖ਼ਰੀਦਦਾ ਸਾਂ। ਪੁਰਾਣੇ ਪੁਲਿਸ ਸਦਰ ਦਫ਼ਤਰ ਕੋਲ ਉਸਦੀ ਨਿੱਕੀ-ਜਿਹੀ ਦੁਕਾਨ ਹੁੰਦੀ ਸੀ।"

"ਪੁਲਿਸ ਦਾ ਸਦਰ ਦਫ਼ਤਰ ਤਾਂ ਹੁਣ ਵੀ ਏ।" ਫਰੀਦ ਨੇ ਕਿਹਾ, "ਸ਼ਹਿਰ ਵਿਚ ਪੁਲਿਸ ਦੀ ਕਮੀ ਨਈਂ—ਪਰ ਹੁਣ ਤੁਹਾਨੂੰ ਜਾਦੇਹ ਮੇਵਾਂਡ ਜਾਂ ਕਾਬੁਲ ਵਿਚ ਕਿਤੇ ਵੀ ਪੰਤਗ ਜਾਂ ਪਤੰਗਾਂ ਵਾਲੀਆਂ ਦੁਕਾਨਾਂ ਨਈਂ ਮਿਲਣਗੀਆਂ। ਉਹ ਦਿਨ ਹੁਣ ਜਾਂਦੇ ਰਹੇ।"

ਜਾਦੇਹ ਮੇਵਾਂਡ ਹੁਣ ਰੇਤ ਦੇ ਕਿਲੇ ਦੇ ਰੂਪ ਵਿਚ ਬਦਲ ਗਿਆ ਸੀ। ਜਿਹੜੀਆਂ ਇਮਾਰਤਾਂ ਪੂਰੀ ਤਰ੍ਹਾਂ ਨਹੀਂ ਸਨ ਢੱਠੀਆਂ, ਉਹ ਨੰਗੀਆਂ ਖੜ੍ਹੀਆਂ ਸੀ। ਰਾਕਟਾਂ ਦੇ ਧਮਾਕਿਆਂ ਨਾਲ ਉਹਨਾਂ ਦੀਆਂ ਛੱਤਾਂ ਡਿੱਗ ਪਈਆਂ ਸਨ ਤੇ ਕੰਧਾਂ ਵਿਚ ਪਾੜ ਪੈ ਗਏ ਸਨ। ਪੂਰੇ ਦੇ ਪੂਰੇ ਬਲਾਕ ਮਲਬੇ ਵਿਚ ਤਬਦੀਲ ਹੋ ਚੁੱਕੇ ਸਨ। ਪੱਥਰਾਂ ਦੇ ਢੇਰ ਵਿਚਕਾਰ ਮੈਂ ਐਂਗਲ ਉੱਤੇ ਲੱਗੇ, ਅੱਧੇ ਗੱਡੇ ਇਕ ਬੋਰਡ ਨੂੰ ਦੇਖਿਆ। ਉਸ ਉੱਤੇ ਲਿਖਿਆ ਸੀ *'ਪੀਓ ਕੋਕਾ ਕੋ–'* ਮੈਂ ਬੱਚਿਆਂ ਨੂੰ ਬਿਨਾਂ ਖਿੜਕੀਆਂ ਵਾਲੀਆਂ ਇਮਾਰਤਾਂ ਦੇ ਖੰਡਰਾਂ ਵਿਚ ਖੇਡਦਿਆਂ ਦੇਖਿਆ। ਉੱਥੇ ਇੱਟਾਂ-ਪੱਥਰਾਂ ਦੀਆਂ ਨੁਕੀਲੀਆਂ ਕੈਂਕਰਾਂ ਖਿੱਲਰੀਆਂ ਹੋਈਆਂ ਸਨ। ਸਾਈਕਲ ਸਵਾਰ ਤੇ ਰੇਹੜੇ ਖਿੱਚਦੇ ਖੱਚਰ, ਬੱਚਿਆਂ, ਆਵਾਰਾ ਕੁੱਤਿਆਂ ਤੇ ਮਲਬੇ ਦੇ ਢੇਰਾਂ ਵਿਚਕਾਰੋਂ ਮੁੜਦੇ ਹੋਏ ਰਸਤਾ ਬਣਾ ਰਹੇ ਸਨ। ਧੂੜ ਦਾ ਇਕ ਗੁਬਾਰ ਸ਼ਹਿਰ ਉੱਤੇ ਮੰਡਲਾ ਰਿਹਾ ਸੀ। ਨਦੀ ਦੇ ਉਸ ਪਾਰ ਧੂੰਏ ਦੀ ਇਕ ਲਕੀਰ ਆਸਮਾਨ ਵੱਲ ਉਠ ਰਹੀ ਸੀ।

"ਰੁੱਖ ਕਿੱਥੇ ਨੇ?" ਮੈਂ ਪੁੱਛਿਆ।

"ਲੋਕਾਂ ਨੇ ਉਹਨਾਂ ਨੂੰ ਸਰਦੀਆਂ ਵਿਚ ਬਾਲਣ ਲਈ ਕੱਟ ਲਿਆ।" ਫਰੀਦ ਨੇ ਕਿਹਾ, "ਰੂਸੀਆਂ ਨੇ ਵੀ ਬਹੁਤ ਸਾਰੇ ਕੱਟ ਦਿੱਤੇ।"

"ਕਿਓਂ?"

"ਉਹਨਾਂ ਨੂੰ ਨਿਸ਼ਾਨਾਂ ਬਣਾਉਣ ਵਾਲੇ ਨਿਸ਼ਾਨੇਬਾਜ਼ ਉਹਨਾਂ ਪਿੱਛੇ ਜਾ ਲੁਕਦੇ ਸੀ।"

ਇਕ ਉਦਾਸੀ ਮੇਰੇ ਉੱਤੇ ਛਾ ਗਈ। ਮੈਨੂੰ ਕਾਬੁਲ ਆ ਕੇ ਇੰਜ ਲੱਗ ਰਿਹਾ ਸੀ ਕਿ ਮੈਂ ਆਪਣੇ ਇਕ ਪੁਰਾਣੇ, ਭੁੱਲੇ-ਵਿੱਸਰੇ ਦੋਸਤ ਨੂੰ ਮਿਲਣ ਆਇਆ ਹਾਂ...ਤੇ ਆ ਕੇ ਮੈਂ ਦੇਖਦਾ ਹਾਂ ਕਿ ਜ਼ਿੰਦਗੀ ਉਸ ਉੱਤੇ ਮਿਹਰਬਾਨ ਨਹੀਂ ਰਹੀ। ਮੇਰਾ ਦੋਸਤ ਹੁਣ ਬੇਘਰਾ ਹੈ ਤੇ ਉੱਜੜ-ਪੁੱਜੜ ਗਿਆ ਹੈ।

"ਮੇਰੇ ਅੱਬਾ ਨੇ ਇੱਥੋਂ ਦੇ ਦੱਖਣ ਵਿਚ ਪੁਰਾਣੇ ਸ਼ਹਿਰ, ਸ਼ਹਿਰ-ਏ-ਕੁਹਨਾ ਵਿਚ ਇਕ ਯਤੀਮਖ਼ਾਨਾ ਬਣਵਾਇਆ ਸੀ।" ਮੈਂ ਕਿਹਾ।

"ਮੈਨੂੰ ਯਾਦ ਏ," ਫਰੀਦ ਨੇ ਕਿਹਾ, "ਉਸਨੂੰ ਕੁਝ ਸਾਲ ਪਹਿਲਾਂ ਢਾਅ ਦਿੱਤਾ ਗਿਐ।"

"ਕੀ ਤੂੰ ਉੱਥੇ ਗੱਡੀ ਰੋਕੇਂਗਾ?" ਮੈਂ ਕਿਹਾ, "ਮੈਂ ਉੱਥੇ ਥੋੜ੍ਹਾ ਚਿਰ ਘੁੰਮਣਾ ਚਾਹੁਣਾਂ।"

ਫਰੀਦ ਨੇ ਗੱਡੀ ਨੂੰ ਇਕ ਛੋਟੀ-ਜਿਹੀ ਪਿਛਲੀ ਗਲੀ ਦੀ ਨੁੱਕੜ ਉੱਤੇ ਰੋਕ ਦਿੱਤਾ। ਉੱਥੇ ਨੇੜੇ ਹੀ ਇਕ ਬਿਨਾਂ ਦਰਵਾਜ਼ਿਆਂ ਵਾਲੀ, ਢੱਠੀ-ਹੋਈ ਵੀਰਾਨ ਇਮਾਰਤ ਸੀ। "ਇਹ ਪਹਿਲਾਂ ਇਕ ਦਵਾਈਆਂ ਦੀ ਦੁਕਾਨ ਹੁੰਦੀ ਸੀ," ਟਰੱਕ ਵਿਚੋਂ ਉਤਰਦਿਆਂ ਹੋਇਆਂ ਫਰੀਦ ਬੁੜਬੁੜਾਇਆ। ਅਸੀਂ ਪੈਦਲ ਹੀ ਜਾਦੇਹ ਮੇਵਾਂਡ ਵੱਲ ਤੁਰ ਪਏ ਤੇ ਸੱਜੇ ਪਾਸੇ ਭੌਂ ਕੇ ਸਿੱਧੇ ਪੱਛਮ ਵੱਲ ਅੱਗੇ ਵਧੇ। "ਅਹਿ ਗੰਧ ਕੇਹੀ ਏ?" ਮੈਂ ਕਿਹਾ। ਪਤਾ ਨਹੀਂ ਕਿਉਂ ਮੇਰੀਆਂ ਅੱਖਾਂ 'ਚ ਪਾਣੀ ਆਉਣ ਲੱਗਾ ਸੀ।

"ਡੀਜ਼ਲ," ਫਰੀਦ ਨੇ ਜਵਾਬ ਦਿੱਤਾ, "ਸ਼ਹਿਰ ਦੇ ਜੇਨਰੇਟਰ ਹਮੇਸ਼ਾ ਖ਼ਰਾਬ ਰਹਿੰਦੇ ਨੇ ਤੇ ਬਿਜਲੀ ਦਾ ਕੋਈ ਭਰੋਸਾ ਨਈਂ। ਇਸ ਲਈ ਲੋਕ ਡੀਜ਼ਲ ਇੰਜਨਾਂ ਦਾ ਇਸਤੇਮਾਲ ਕਰਦੇ ਨੇ।"

"ਡੀਜ਼ਲ। ਯਾਦ ਏ ਪੁਰਾਣੇ ਦਿਨਾਂ ਵਿਚ ਇਸ ਸੜਕ ਉੱਤੇ ਕਿੰਨੀ ਖ਼ੁਸ਼ਬੂ ਫ਼ੈਲੀ ਹੁੰਦੀ ਸੀ?"

ਫਰੀਦ ਮੁਸਕੁਰਾਇਆ, "ਕਬਾਬ ਦੀ।"

"ਹਾਂ, ਭੇਡ ਦਾ ਕਬਾਬ।" ਮੈਂ ਕਿਹਾ।

"ਭੇਡ," ਫਰੀਦ ਨੇ ਮੂੰਹ ਵਿਚ ਇਸ ਸ਼ਬਦ ਦਾ ਸਵਾਦ ਲੈਂਦਿਆਂ ਹੋਇਆਂ ਕਿਹਾ, "ਹੁਣ ਕਾਬੁਲ ਵਿਚ ਭੇਡ ਸਿਰਫ਼ ਤਾਲਿਬਾਨ ਈ ਖਾ ਸਕਦੇ ਨੇ।" ਉਸਨੇ ਮੇਰੀ ਬਾਂਹ ਖਿੱਚੀ। "ਅਸੀਂ ਜਿਹਨਾਂ ਦੀ ਗੱਲ ਕਰ ਰਹੇ ਆਂ..."

ਇਕ ਗੱਡੀ ਸਾਡੇ ਵੱਲ ਆ ਰਹੀ ਸੀ। "ਦਾੜ੍ਹੀ ਗਸ਼ਤੀ," ਫਰੀਦ ਬੁੜਬੁੜਾਇਆ।

ਤੇ ਪਹਿਲੀ ਵਾਰੀ ਮੈਂ ਤਾਲਿਬਾਨ ਨੂੰ ਦੇਖਿਆ। ਮੈਂ ਉਹਨਾਂ ਨੂੰ ਟੀ.ਵੀ. ਉੱਤੇ, ਇੰਟਰਨੈਟ ਉੱਤੇ, ਰਸਾਲਿਆਂ ਦੇ ਕਵਰ ਉੱਤੇ ਤੇ ਅਖ਼ਬਾਰਾਂ ਵਿਚ ਦੇਖਿਆ ਸੀ। ਪਰ ਇੱਥੇ ਤਾਂ ਉਹਨਾਂ ਤੋਂ ਪੰਜਾਹ ਫੁੱਟ ਤੋਂ ਵੀ ਘੱਟ ਦੂਰੀ 'ਤੇ ਸਾਂ। ਮੈਂ ਡਰ ਨਹੀਂ ਰਿਹਾ ਸੀ। ਤੇ ਨਾ ਹੀ ਮੇਰੀ ਦੇਹ ਕੰਬ ਰਹੀ ਸੀ ਤੇ ਨਾ ਮੇਰਾ ਕਾਲਜਾ ਮੂੰਹ ਨੂੰ ਆ ਰਿਹਾ ਸੀ। ਤਾਲਿਬਾਨ ਉੱਥੇ ਮੌਜੂਦ ਸਨ—ਆਪਣੇ ਪੂਰੇ ਜਲਵੇ ਸਮੇਤ।

ਅਸੀਂ ਖੜ੍ਹੇ ਰਹੇ ਤੇ ਉਹ ਲਾਲ ਟਿਓਟਾ ਪਿਕਅੱਪ ਟਰੱਕ ਸਾਨੂੰ ਪਿੱਛੇ ਛੱਡਦਾ ਹੋਇਆ ਹੌਲੀ-ਹੌਲੀ ਲੰਘ ਗਿਆ। ਕੁਝ ਸਖ਼ਤ ਚਿਹਰੇ ਵਾਲੇ ਨੌਜਵਾਨ ਗੱਡੀ ਵਿਚ ਬੈਠੇ ਹੋਏ ਸਨ। ਉਹਨਾਂ ਦੇ ਮੋਢਿਆਂ ਉੱਤੇ ਕਲਾਸ਼ਨਿਕੋਵ ਲਟਕ ਰਹੀਆਂ ਸਨ। ਉਹਨਾਂ ਸਾਰਿਆਂ ਦੇ ਦਾੜ੍ਹੀ ਰੱਖੀ ਸੀ ਤੇ ਸਭ ਨੇ ਕਾਲੀਆਂ ਪੱਗਾਂ ਬੰਨ੍ਹੀਆਂ ਹੋਈਆਂ ਸਨ। ਉਹਨਾਂ ਵਿਚ ਇਕ ਲਗਭਗ ਵੀਹ ਸਾਲ ਦਾ ਕਾਲੀ ਰੰਗਤ ਵਾਲਾ ਆਦਮੀ ਸੀ। ਸੰਘਣੇ ਭਰਵੱਟਿਆਂ ਵਾਲਾ ਉਹ ਆਦਮੀ ਆਪਣੇ ਹੱਥ ਵਿਚ ਇਕ ਹੰਟਰ ਨਚਾ ਰਿਹਾ ਸੀ ਤੇ ਟਰੱਕ ਦੇ ਇਕ ਪਾਸੇ ਲੈਅ ਨਾਲ ਮਾਰ ਰਿਹਾ ਸੀ। ਉਸ ਦੀਆਂ ਘੁੰਮਦੀਆਂ ਹੋਈਆਂ ਅੱਖਾਂ ਮੇਰੇ ਉੱਤੇ ਆ ਟਿਕੀਆਂ। ਉਹਨਾਂ ਨੇ ਮੇਰੀਆਂ ਅੱਖਾਂ ਵਿਚ ਘੂਰਿਆ। ਮੈਂ ਆਪਣੀ ਜ਼ਿੰਦਗੀ ਵਿਚ ਖ਼ੁਦ ਨੂੰ ਏਨਾ ਨੰਗਾ ਕਦੀ ਮਹਿਸੂਸ ਨਹੀਂ ਸੀ ਕੀਤਾ। ਇਸ ਦੇ ਬਾਅਦ ਤਾਲਿਬ ਨੇ ਖੈਨੀ ਦਾ ਭਰਿਆ ਥੁੱਕ ਸੁੱਟਿਆ ਤੇ ਦੂਜੇ ਪਾਸੇ ਦੇਖਣ ਲੱਗਾ। ਮੇਰੇ ਸਾਹ ਵਿਚ ਸਾਹ ਆਇਆ। ਆਪਣੇ ਪਿੱਛੇ ਧੂੜ ਦੇ ਬਦਲ ਉਡਾਉਂਦਾ ਹੋਇਆ ਟਰੱਕ ਜਾਦੇਹ ਮੇਵਾਂਡ ਵੱਲ ਸਰਕਦਾ ਗਿਆ।

"ਤੁਹਾਨੂੰ ਕੀ ਪ੍ਰੇਸ਼ਾਨੀ ਏਂ?" ਫਰੀਦ ਨੇ ਅਤਿ ਧੀਮੀ ਆਵਾਜ਼ ਵਿਚ ਫੁਸਫੁਸਾ ਕੇ ਕਿਹਾ।

"ਕੀ ਹੋਇਆ?"

"ਉਹਨਾਂ ਵੱਲ ਦੇਖੋ ਵੀ ਨਾ—ਸਮਝੇ, ਤੁਸੀਂ? ਪਰ ਕਤਈ ਨਈਂ!"

"ਮੇਰਾ ਇਰਾਦਾ ਇਹ ਨਈਂ ਸੀ।"

"ਤੁਹਾਡੇ ਦੋਸਤ ਬਿਲਕੁਲ ਠੀਕ ਕਹਿ ਰਹੇ ਨੇ ਆਗਾ। ਤੁਸੀਂ ਉਹਨਾਂ ਪਾਗਲ ਕੁੱਤਿਆਂ ਨੂੰ ਉਕਸਾ ਦੇਣਾ ਸੀ।" ਕਿਸੇ ਨੇ ਕਿਹਾ। ਇਹ ਨਵੀਂ ਆਵਾਜ਼ ਇਕ ਬੁੱਢੇ ਭਿੱਖਮੰਗੇ ਦੀ ਸੀ। ਉਹ ਗੋਲੀਆਂ ਦੇ ਨਿਸ਼ਾਨਾਂ ਵਾਲੀ ਇਮਾਰਤ ਦੀਆਂ ਪੌੜੀਆਂ ਉੱਤੇ ਨੰਗੇ ਪੈਰੀਂ ਬੈਠਾ ਹੋਇਆ ਸੀ। ਉਸਨੇ ਇਕ ਤਾਰ-ਤਾਰ ਚਾਪਨ ਪਾਈ ਹੋਈ ਸੀ, ਜਿਸ ਦੀਆਂ ਧੱਜੀਆਂ ਉੱਡਨ ਲੱਗ ਪਈਆਂ ਸਨ। ਸਿਰ ਉੱਤੇ ਮੈਲੀ-ਚਿੱਕੜ ਪੱਗ ਬੰਨ੍ਹੀ ਹੋਈ ਸੀ ਉਸਨੇ। ਉਸਦੀ ਸੱਜੀ ਅੱਖ ਦੀ ਥਾਂ ਇਕ ਖਾਲੀ ਟੋਇਆ ਸੀ। ਗਠੀਏ ਦੇ ਮਾਰੇ ਹੱਥ ਨਾਲ ਉਸਨੇ ਉਸ ਪਾਸੇ ਇਸ਼ਾਰਾ ਕੀਤਾ ਜਿੱਧਰ ਲਾਲ ਟਰੱਕ ਗਿਆ ਸੀ। "ਉਹ ਲੋਕਾਂ ਵੱਲ ਦੇਖਦੇ ਹੋਏ ਜਾਂਦੇ ਨੇ ਤੇ ਇਸ ਤਾਕ ਵਿਚ ਰਹਿੰਦੇ ਨੇ ਕਿ ਕੋਈ ਉਹਨਾਂ ਨੂੰ



ਉਕਸਾਏ। ਦੇਰ-ਸਵੇਰ ਕੋਈ ਨਾਲ ਕੋਈ ਹਮੇਸ਼ਾ ਉਹਨਾਂ ਨੂੰ ਉਕਸਾ ਦੇਂਦਾ ਏ। ਇਸ ਪਿੱਛੋਂ ਕੁੱਤੇ ਦਾਅਵਤ ਉਡਾਉਂਦੇ ਨੇ ਤੇ ਆਖ਼ਰਕਾਰ ਦਿਨ ਭਰ ਦਾ ਅਕੇਵਾਂ ਲੱਥਦਾ ਏ—ਤੇ ਹਰ ਆਦਮੀ *ਅੱਲਾਹੋ ਅਕਬਰ* ਕਹਿੰਦਾ ਏ! ਹਾਲਾਂਕਿ ਕੋਈ ਕਿਸੇ ਤਰ੍ਹਾਂ ਦਾ ਕਸੂਰ ਵੀ ਨਈਂ ਕਰਦਾ, ਫੇਰ ਵੀ ਖ਼ੂਨ-ਖਰਾਬਾ ਹੁੰਦਾ ਏ। ਨਈਂ ਕਿ?"

"ਜਦੋਂ ਤਾਲਿਬ ਨਜ਼ਦੀਕ ਹੋਣ, ਆਪਣੀਆਂ ਅੱਖਾਂ ਆਪਣੇ ਪੈਰਾਂ 'ਤੇ ਗੱਡੀ ਰੱਖੋ।" ਫਰੀਦ ਨੇ ਕਿਹਾ।

"ਤੁਹਾਡੇ ਦੋਸਤ ਸਹੀ ਸਲਾਹ ਦੇ ਰਹੇ ਨੇ।" ਬੁੱਢੇ ਭਿੱਖਮੰਗੇ ਨੇ ਹਾਂ ਮਿਲਾਈ। ਖੰਘਦਿਆਂ ਹੋਇਆਂ ਬਲਗਮ ਥੁੱਕੀ ਤੇ ਆਪਣੇ ਧੂੜ ਭਰੇ ਰੁਮਾਲ ਨਾਲ ਮੂੰਹ ਪੂੰਝਿਆ। "ਮਾਫ਼ ਕਰਨਾ, ਪਰ ਕੀ ਤੁਸੀਂ ਮੈਨੂੰ ਕੁਛ ਅਫ਼ਗ਼ਾਨੀ ਦੇ ਸਕਦੇ ਓ?" ਉਸਨੇ ਖੰਘਦਿਆਂ ਹੋਇਆਂ ਹੀ ਕਿਹਾ।

"ਬਸ, ਚੱਲੋ..." ਫਰੀਦ ਨੇ ਆਪਣੀ ਬਾਂਹ ਨਾਲ ਮੈਨੂੰ ਖਿੱਚਦਿਆਂ ਹੋਇਆਂ ਕਿਹਾ।

ਮੈਂ ਉਸ ਬੁੱਢੇ ਨੂੰ ਇਕ ਲੱਖ ਅਫ਼ਗ਼ਾਨੀ ਦਿੱਤੇ। ਇਹ ਤਿੰਨ ਡਾਲਰਾਂ ਦੇ ਬਰਾਬਰ ਸਨ। ਜਦੋਂ ਉਹ ਪੈਸੇ ਫੜਨ ਲਈ ਅੱਗੇ ਝੁਕਿਆ ਤਾਂ ਖੱਟੇ ਦੁੱਧ ਵਰਗੀ ਉਸਦੀ ਬਦਬੂ ਤੇ ਕਈ ਹਫ਼ਤਿਆਂ ਤੋਂ ਨਾ ਧੋਤੇ ਹੋਏ ਉਸਦੇ ਪੈਰਾਂ ਦੀ ਗੰਧ ਮੇਰੀ ਨੱਕ ਵਿਚ ਵੜ ਗਈ ਤੇ ਉਲਟੀ ਆਉਣ ਵਾਲੀ ਹੋ ਗਈ। ਉਸਨੇ ਕਾਹਲ ਨਾਲ ਪੈਸੇ ਆਪਣੇ ਨੇੜੇ ਵਿਚ ਤੁੰਨ ਲਏ। ਉਸਦੀ ਇਕਲੌਤੀ ਅੱਖ ਇੱਧਰ ਉੱਧਰ ਘੁੰਮ ਰਹੀ ਸੀ। "ਤੁਹਾਡੀ ਮਿਹਰਬਾਨੀ ਲਈ ਬਹੁਤ ਸ਼ੁਕਰੀਆਂ ਆਗਾ ਸਾਹਿਬ।"

"ਤੈਨੂੰ ਪਤਾ ਏ ਕਿ ਕਾਰਤੇਹ ਸੇਹ 'ਚ ਯਤੀਮਖ਼ਾਨਾ ਕਿੱਥੇ ਐ?" ਮੈਂ ਪੁੱਛਿਆ।

"ਉਸਨੂੰ ਲੱਭਣਾ ਮੁਸ਼ਕਲ ਨਈਂ। ਇਹ ਦਾਰੂਲਅਮਨ ਸੜਕ ਦੇ ਐਨ ਪੱਛਮ 'ਚ ਏ," ਉਸਨੇ ਕਿਹਾ, "ਜਦੋਂ ਪੁਰਾਣੇ ਯਤੀਮਖ਼ਾਨੇ 'ਤੇ ਰਾਕਟ ਡਿੱਗਿਆ ਤਾਂ ਬੱਚਿਆਂ ਨੂੰ ਓਥੇ ਲੈ ਜਾਇਆ ਗਿਆ। ਇਹ ਇਵੇਂ ਈ ਏ ਕਿ ਕਿਸੇ ਨੂੰ ਸ਼ੇਰ ਦੇ ਪਿੰਜਰੇ 'ਚੋ ਕੱਢ ਕੇ ਬਘਿਆੜ ਦੇ ਪਿੰਜਰੇ 'ਚ ਡੱਕ ਦਿੱਤਾ ਜਾਏ।"

"ਸ਼ੁਕਰੀਆ ਆਗਾ।" ਮੈਂ ਕਿਹਾ। ਮੈਂ ਜਾਣ ਲਈ ਮੁੜਿਆ।

"ਇਹ ਪਹਿਲੀ ਵਾਰ ਸੀ ਨਾ?"

"ਕੀ ਭਲਾਂ?"

"ਪਹਿਲੀ ਵਾਰ ਤੁਸੀਂ ਕਿਸੇ ਤਾਲਿਬ ਨੂੰ ਦੇਖਿਆ...।"

ਮੈਂ ਕੁਝ ਨਹੀਂ ਕਿਹਾ। ਬੁੱਢੇ ਭਿੱਖਮੰਗੇ ਨੇ ਸਿਰ ਹਿਲਾਇਆ ਤੇ ਮੁਸਕੁਰਾਇਆ। ਉਸਦੇ ਥੋੜ੍ਹੇ-ਜਿਹੇ ਬਚੇ ਹੋਏ ਦੰਦ ਦਿਖਾਈ ਦਿੱਤੇ। ਉਹ ਸਾਰੇ ਟੇਢੇ-ਮੇਢੇ ਤੇ ਪੀਲੇ ਸਨ। "ਮੈਨੂੰ ਯਾਦ ਏ ਜਦੋਂ ਮੈਂ ਪਹਿਲੀ ਵੇਰ ਕਾਬੁਲ 'ਚ ਉਹਨਾਂ ਨੂੰ ਭੌਂਦਿਆਂ ਦੇਖਿਆ ਸੀ। ਕਿਆ ਖ਼ੁਸ਼ੀਆਂ ਭਰੇ ਦਿਨ ਹੁੰਦੇ ਸਨ ਉਹ!" ਉਸਨੇ ਕਿਹਾ, "ਕਤਲਾਂ ਦਾ ਅੰਤ ! ਵਾਹ-ਵਾਹ! ਪਰ ਜਿਵੇਂ ਕਿ ਸ਼ਾਇਰ ਕਹਿੰਦਾ ਏ—

*'ਜਬ ਦਿਖਤਾ ਹੈ ਕਿ ਮੁਹੱਬਤ ਕਾ ਅੰਤ ਨਹੀਂ, ਤਭੀ ਸ਼ੁਰੂ ਹੋਤੀ ਹੈਂ ਮੁਸ਼ਕਿਲੇਂ!"*

ਮੇਰੇ ਚਿਹਰੇ ਉੱਤੇ ਮੁਸਕਾਨ ਫ਼ੈਲ ਗਈ, "ਮੈਂ ਇਹ ਗ਼ਜ਼ਲ ਆਉਂਦੀ ਏ—ਇਹ ਹਾਫ਼ਿਜ਼ ਦੀ ਏ।"

"ਹਾਂ। ਇਹ ਉਹਨਾਂ ਦੀ ਈ ਏ। ਅਸਲ ਵਿਚ," ਬੁੱਢੇ ਆਦਮੀ ਨੇ ਜਵਾਬ ਦਿੱਤਾ, "ਮੈਂ ਵੀ ਇਹ ਯੂਨੀਵਾਸਟੀ 'ਚ ਪੜ੍ਹਾਉਂਦਾ ਰਿਹਾ ਸਾਂ।"

"ਤੁਸੀਂ ਪੜ੍ਹਾਉਂਦੇ ਸੀ?"

ਬੁੱਢਾ ਖੰਘਿਆ। "1958 ਤੋਂ 1996 ਤਕ। ਮੈਂ ਹਾਫ਼ਿਜ਼, ਖ਼ੱਯਾਮ, ਰੂਮੀ, ਬੇਦਿਲ, ਜਾਮੀ ਤੇ ਸਾਦੀ ਵੀ ਪੜ੍ਹਾਇਆ ਏ। ਇਕ ਵਾਰੀ ਮੈਨੂੰ ਤਹਿਰਾਨ 'ਚ ਬਤੌਰ ਗੈਸਟ ਲੇਕਚਰਰ ਵੀ ਬੁਲਾਇਆ

ਗਿਆ ਸੀ। 1971 ਦਾ ਸਾਲ ਸੀ ਉਹ। ਮੈਂ ਸੂਫ਼ੀ ਬੇਦਿਲ ਉੱਪਰ ਇਕ ਲੈਕਚਰ ਦਿੱਤਾ। ਮੈਨੂੰ ਯਾਦ ਏ ਕਿ ਕਿਵੇਂ ਉਹ ਸਾਰੇ ਖੜ੍ਹੇ ਹੋ ਗਏ ਤੇ ਉਹਨਾਂ ਨੇ ਤਾੜੀਆਂ ਵਜਾਈਆਂ। ਹਾ!" ਉਸਨੇ ਆਪਣਾ ਸਿਰ ਹਿਲਾਇਆ। "ਪਰ ਤੁਸੀਂ ਟਰੱਕ ਵਿਚ ਸਵਾਰ ਉਹਨਾਂ ਲੋਕਾਂ ਨੂੰ ਦੇਖਿਆ। ਤੁਹਾਨੂੰ ਕੀ ਲੱਗਦਾ ਏ ਕਿ ਉਹਨਾਂ ਲਈ ਸੂਫ਼ੀਵਾਦ ਦਾ ਕੀ ਮੁੱਲ ਏ?"

"ਮੇਰੇ ਅੰਮੀ ਯੂਨੀਵਰਸਟੀ 'ਚ ਪੜ੍ਹਾਉਂਦੇ ਸਨ।" ਮੈਂ ਕਿਹਾ।

"ਕੀ ਨਾਂ ਸੀ ਉਹਨਾਂ ਦਾ?"

"ਸੂਫੀਆ ਅਕਰਮੀ।"

ਉਸਦੀ ਮੋਤੀਆ ਬਿੰਦ ਮਾਰੀ ਧੁੰਦਲੀ ਅੱਖ ਚਮਕ ਉੱਠੀ। "ਬੰਜਰ ਦੀ ਖਰਪਤਵਾਰ ਜਿਉਂਦੀ ਰਹਿੰਦੀ ਏ, ਪਰ ਬਸੰਤ ਦੇ ਫੁੱਲ ਖਿੜਦੇ ਨੇ ਤੇ ਮੁਰਝਾ ਜਾਂਦੇ ਨੇ।" ਏਨੀ ਗਹਿਰਾਈ, ਏਡਾ ਵੱਡਪਣ ਤੇ ਅਜਿਹੀ ਤਰਾਸਦੀ!

"ਤੁਸੀਂ ਮੇਰੀ ਅੰਮੀ ਨੂੰ ਜਾਣਦੇ ਸੀ?" ਉਸ ਬੁੱਢੇ ਆਦਮੀ ਸਾਹਵੇਂ ਗੋਡਿਆਂ ਭਾਰ ਝੁਕਦਿਆਂ ਹੋਇਆਂ ਮੈਂ ਪੁੱਛਿਆ।

"ਹਾਂ, ਵਾਕੱਈ," ਬੁੱਢੇ ਭਿੱਖਮੰਗੇ ਨੇ ਕਿਹਾ। "ਅਸੀਂ ਕਲਾਸ ਤੋਂ ਬਾਅਦ ਬੈਠ ਕੇ ਗੱਲਾਂ ਕਰਦੇ ਹੁੰਦੇ ਸਾਂ। ਆਖ਼ਰੀ ਵਾਰ ਜਦੋਂ ਅਸੀਂ ਗੱਲਾਂ ਕੀਤੀਆਂ, ਉਸ ਦਿਨ ਬਾਰਸ਼ ਹੋ ਰਹੀ ਸੀ। ਉਹ ਦਿਨ ਫਾਈਨਲ ਇਮਤਿਹਾਨ ਤੋਂ ਪਹਿਲਾ ਦਿਨ ਸੀ। ਅਸੀਂ ਬਾਦਾਮ ਦੇ ਕੇਕ ਦਾ ਇਕ ਟੁਕੜਾ ਵੰਡ ਕੇ ਖਾਧਾ ਸੀ—ਗਰਮ ਚਾਹ ਤੇ ਸ਼ਹਿਦ ਦੇ ਨਾਲ ਬਾਦਾਮ ਦਾ ਕੇਕ। ਜਾਹਰ ਤੌਰ 'ਤੇ ਉਹ ਓਹਨੀਂ ਦਿਨੀਂ 'ਉਮੀਦ ਨਾਲ' ਸਨ ਤੇ ਇਸ ਕਰਕੇ ਵਧੇਰੇ ਖ਼ੂਬਸੂਰਤ ਲੱਗ ਰਹੇ ਸਨ। ਉਸ ਦਿਨ ਉਹਨਾਂ ਨੇ ਜੋ ਕੁਛ ਕਿਹਾ ਸੀ, ਮੈਂ ਉਸਨੂੰ ਕਦੀ ਨਈਂ ਭੁੱਲ ਸਕਿਆ।"

"ਕੀ? ਮਿਹਰਬਾਨੀ ਕਰਕੇ ਦੱਸੋ।" ਬਾਬਾ ਹਮੇਸ਼ਾ ਅੰਮੀ ਬਾਰੇ ਮੋਟੀਆਂ-ਮੋਟੀਆਂ ਗੱਲਾਂ ਦੱਸਦੇ ਸਨ। ਮਿਸਾਲ ਵਜੋਂ, 'ਉਹ ਇਕ ਮਹਾਨ ਔਰਤ ਸੀ।' ਪਰ ਮੈਨੂੰ ਹਮੇਸ਼ਾ ਬਾਰੀਕ ਬਿਓਰਿਆਂ ਦੀ ਭਾਲ ਰਹਿੰਦੀ ਸੀ—ਕਿਸ ਤਰ੍ਹਾਂ ਉਹਨਾਂ ਦੇ ਵਾਲ ਧੁੱਪ ਵਿਚ ਚਮਕਦੇ ਸਨ, ਉਹਨਾਂ ਦੀ ਪਸੰਦੀਦਾ ਆਈਸਕਰੀਮ ਕਿਹੜੀ ਸੀ, ਉਹ ਕਿਹੜਾ ਗੀਤਾ ਗੁਣਗੁਣਾਉਣਾ ਪਸੰਦ ਕਰਦੇ ਸਨ, ਕੀ ਉਹ ਆਪਣੇ ਨਹੁੰ ਚਿਥਦੇ ਸਨ? ਬਾਬਾ ਆਪਣੇ ਨਾਲ ਉਹਨਾਂ ਦੀਆਂ ਯਾਦਾਂ ਵੀ ਕਬਰ 'ਚ ਲੈਂਦੇ ਗਏ। ਸ਼ਾਇਦ ਉਹਨਾਂ ਦਾ ਨਾਂ ਲੈਣਾ ਉਹਨਾਂ ਨੂੰ ਉਹਨਾਂ ਦੇ ਕਸੂਰ ਦੀ ਯਾਦ ਦੁਆਉਂਦਾ ਹੋਏ। ਉਸ ਕਸੂਰ ਦੀ ਜਿਹੜਾ ਉਹਨਾਂ ਨੇ ਉਹਨਾਂ ਦੀ ਮੌਤ ਤੋਂ ਐਨ ਬਾਅਦ ਕੀਤਾ ਸੀ। ਜਾਂ ਇਹ ਵੀ ਹੋ ਸਕਦਾ ਹੈ ਕਿ ਉਹਨਾਂ ਦਾ ਦੁੱਖ ਐਨਾ ਵੱਡਾ ਹੋਏ, ਉਹਨਾਂ ਦਾ ਦਰਦ ਐਨਾ ਤਿੱਖਾ ਹੋਏ ਕਿ ਉਹ ਉਸ ਬਾਰੇ ਗੱਲ ਕਰਨਾ ਬਰਦਾਸ਼ਤ ਨਾ ਕਰ ਸਕਦੇ ਹੋਣ। ਜਾਂ ਸ਼ਾਇਦ ਦੋਵੇਂ ਹੀ ਗੱਲਾਂ ਹੋਣ।

"ਉਹਨਾਂ ਨੇ ਕਿਹਾ, 'ਮੈਨੂੰ ਡਰ ਲੱਗਦਾ ਏ।' ਤੇ ਮੈਂ ਕਿਹਾ, 'ਕਿਓਂ?' ਤੇ ਉਹਨਾਂ ਨੇ ਕਿਹਾ, 'ਕਿਉਂਕਿ ਮੈਂ ਏਨੇ ਜਬਰਦਸਤ ਤਰੀਕੇ ਨਾਲ ਖ਼ੁਸ਼ ਹਾਂ ਡਾ.ਰਸੂਲ। ਇਸ ਤਰ੍ਹਾਂ ਖ਼ੁਸ਼ ਹੋਣਾ ਡਰਾਉਂਦਾ ਏ।' ਮੈਂ ਪੁੱਛਿਆ ਕਿ 'ਕਿਓਂ?' ਤਾਂ ਉਹਨਾਂ ਨੇ ਕਿਹਾ, 'ਉਹ ਤੁਹਾਨੂੰ ਖ਼ੁਸ਼ ਰੱਖਦੇ ਨੇ ਕਿਉਂਕਿ ਉਹ ਤੁਹਾਥੋਂ ਕੁਛ ਖੋਹਣ ਦੀ ਤਿਆਰੀ ਕਰ ਰਹੇ ਹੁੰਦੇ ਨੇ।' ਤੇ ਮੈਂ ਕਿਹਾ, 'ਹੁਣ ਬਸ ਕਰੋ। ਬਹੁਤ ਹੋ ਗਈ ਇਹ ਬਕਵਾਸ।'"

ਫਰੀਦ ਨੇ ਮੇਰੀ ਬਾਂਹ ਫੜੀ। "ਸਾਨੂੰ ਚੱਲਣਾ ਚਾਹੀਦਾ ਏ ਆਮਿਰ ਆਗਾ," ਉਸਨੇ ਨਰਮੀ ਨਾਲ ਕਿਹਾ। ਮੈਂ ਆਪਣੀ ਬਾਂਹ ਛੁਡਾ ਲਈ। "ਕੀ ਕਿਹਾ? ਫੇਰ ਕੀ ਕਿਹਾ ਉਹਨਾਂ ਨੇ?"



ਬੁੱਢਾ ਆਦਮੀ ਥੋੜ੍ਹਾ ਨਮੋਸ਼ਿਆ ਜਿਹਾ ਲੱਗਾ। "ਕਾਸ਼ ਮੈਨੂੰ ਉਹ ਯਾਦ ਹੁੰਦਾ। ਪਰ ਮੈਨੂੰ ਉਹ ਯਾਦ ਨਈਂ। ਤੁਹਾਡੀ ਅੰਮੀ ਨੂੰ ਗੁਜ਼ਰਿਆਂ ਇਕ ਅਰਸਾ ਬੀਤ ਗਿਆ ਏ ਤੇ ਮੇਰੀ ਯਾਦਾਸ਼ਤ ਇਹਨਾਂ ਇਮਾਰਤਾਂ ਵਾਂਗ ਖਿੰਡ-ਪੁੰਡ ਗਈ ਏ। ਮੈਨੂੰ ਅਫ਼ਸੋਸ ਏ।"

"ਪਰ ਕੋਈ ਛੋਟੀ-ਮੋਟੀ ਗੱਲ ਵੀ। ਕੁਛ ਵੀ?"

ਬੁੱਢਾ ਮੁਸਕੁਰਾਇਆ। "ਮੈਂ ਯਾਦ ਕਰਨ ਦੀ ਕੋਸ਼ਿਸ਼ ਕਰਾਂਗਾ ਤੇ ਇਹ ਇਕ ਵਾਅਦਾ ਏ। ਤੁਸੀਂ ਵਾਪਸੀ 'ਤੇ ਮੈਨੂੰ ਲੱਭ ਲੈਣਾ।"

"ਸ਼ੁਕਰੀਆ," ਮੈਂ ਕਿਹਾ, "ਤੁਹਾਡਾ ਬਹੁਤ-ਬਹੁਤ ਸ਼ੁਕਰੀਆ।" ਮੈਂ ਉਹਨਾਂ ਦਾ ਬੜਾ ਸ਼ੁਕਰਗੁਜ਼ਾਰ ਸੀ ਵੀ। ਹੁਣ ਮੈਂ ਜਾਣਦਾ ਸੀ ਕਿ ਮੇਰੀ ਅੰਮੀ ਨੂੰ ਸ਼ਹਿਦ ਤੇ ਗਰਮ ਚਾਹ ਦੇ ਨਾਲ ਬਾਦਾਮ ਦਾ ਕੇਕ ਪਸੰਦ ਸੀ। ਕਿ ਉਹਨਾਂ ਨੇ ਇਕ ਵਾਰੀ 'ਜਬਰਦਸਤ' ਸ਼ਬਦ ਦਾ ਇਸਤੇਮਾਲ ਕੀਤਾ ਸੀ, ਕਿ ਉਹ ਆਪਣੀ ਖ਼ੁਸ਼ੀ ਨੂੰ ਲੈ ਕੇ ਡਰੇ ਹੋਏ ਸੀ। ਮੈਂ ਆਪਣੀ ਅੰਮੀ ਦੇ ਬਾਰੇ ਸੜਕ ਉੱਤੇ ਇਸ ਬੁੱਢੇ ਆਦਮੀ ਦੇ ਜਰੀਏ ਖਾਸਾ ਕੁਝ ਜਾਣਿਆਂ ਸੀ। ਏਨਾ ਮੈਂ ਕਦੀ ਆਪਣੇ ਬਾਬਾ ਤੋਂ ਵੀ ਨਹੀਂ ਸੀ ਜਾਣਿਆਂ।

ਟਰੱਕ ਵੱਲ ਵਾਪਸ ਆਉਂਦਿਆਂ ਹੋਇਆਂ ਅਸੀਂ ਇਸ ਮਾਮਲੇ ਬਾਰੇ ਕੋਈ ਗੱਲ ਨਾ ਕੀਤੀ। ਜਿਹੜਾ ਆਦਮੀ ਅਫ਼ਗਾਨਿਸਤਾਨ ਦਾ ਨਹੀਂ ਹੈ, ਉਹ ਇਸ ਗੱਲ ਨੂੰ ਇਕ ਅਸੰਭਵ ਇਤਫ਼ਾਕ ਮੰਨੇਗਾ ਕਿ ਸੜਕ ਦਾ ਇਕ ਭਿੱਖਮੰਗਾ ਮੇਰੀ ਅੰਮੀ ਨੂੰ ਜਾਣਦਾ ਸੀ। ਕਿਉਂਕਿ ਅਸੀਂ ਦੋਵੇਂ ਹੀ ਜਾਣਦੇ ਸੀ ਕਿ ਅਫ਼ਗਾਨਿਸਤਾਨ ਵਿਚ ਤੇ ਖਾਸ ਕਰਕੇ ਕਾਬੁਲ ਵਿਚ ਅਜਿਹੀਆਂ ਬੇਤੁਕੀਆਂ ਗੱਲਾਂ ਆਮ ਸਨ। ਬਾਬਾ ਕਹਿੰਦੇ ਸਨ, "ਦੋ ਅਫ਼ਗਾਨਾਂ ਨੂੰ ਲਓ ਜਿਹੜੇ ਕਦੇ ਨਾ ਮਿਲੇ ਹੋਣ। ਉਹਨਾਂ ਨੂੰ ਇਕ ਕਮਰੇ ਵਿਚ ਦਸ ਮਿੰਟ ਲਈ ਬੰਦ ਕਰ ਦਿਓ ਤੇ ਉਹ ਖੁਰਾ ਕੱਢ ਲੈਣਗੇ ਕਿ ਉਹ ਆਪਸ ਵਿਚ ਰਿਸ਼ਤੇਦਾਰ ਨੇ।"

ਅਸੀਂ ਬੁੱਢੇ ਆਦਮੀ ਨੂੰ ਇਮਾਰਤ ਦੀਆਂ ਪੌੜੀਆਂ ਉੱਤੇ ਪਿੱਛੇ ਛੱਡ ਦਿੱਤਾ। ਮੇਰਾ ਇਰਾਦਾ ਉਹ ਦੀ ਗੱਲ ਮੰਨ ਲੈਣ ਤੇ ਉਹ ਕੋਲ ਵਾਪਸ ਆਉਣ ਦਾ ਸੀ। ਮੈਂ ਇਹ ਦੇਖਣਾ ਚਾਹੁੰਦਾ ਸੀ ਕਿ ਕੀ ਉਹਨੇ ਮੇਰੀ ਅੰਮੀ ਬਾਰੇ ਕੁਝ ਹੋਰ ਕਹਾਣੀਆਂ ਜਿਹਨ ਦੇ ਮਲਬੇ 'ਚੋਂ ਲੱਭ ਲਈਆਂ ਨੇ। ਪਰ ਮੈਂ ਉਹਨੂੰ ਦੁਬਾਰਾ ਨਹੀਂ ਮਿਲ ਸਕਿਆ।

ਸਾਨੂੰ ਨਵਾਂ ਯਤੀਮਖ਼ਾਨਾ ਕਾਰਤੇਹ ਸੇਹ ਦੇ ਉੱਤਰੀ ਹਿੱਸੇ ਵਿਚ ਮਿਲਿਆ। ਇਹ ਸੁੱਕੀ ਹੋਈ ਕਾਬੁਲ ਨਦੀ ਦੇ ਕਿਨਾਰੇ ਬਣਿਆ ਹੋਇਆ ਸੀ। ਇਹ ਇਕ ਸਪਾਟ, ਬੈਰਕਨੁਮਾ ਇਮਾਰਤ ਸੀ, ਜਿਸ ਵਿਚ ਕੰਧਾਂ ਵਿਚਕਾਰ ਲੱਕੜ ਦੇ ਫੱਟੇ ਲਾ ਕੇ ਉਹਨਾਂ ਨੂੰ ਵੰਡਿਆ ਗਿਆ ਸੀ। ਖਿੜਕੀਆਂ ਵਿਚ ਵੀ ਫੱਟੇ ਲੱਗੇ ਹੋਏ ਸਨ। ਫਰੀਦ ਨੇ ਮੈਨੂੰ ਕਾਰਤੇਹ ਸੇਹ ਆਉਂਦਿਆਂ ਹੋਇਆਂ ਦੱਸਿਆ ਸੀ ਕਿ ਜੰਗ ਵਿਚ ਕਾਬੁਲ ਵਿਚ ਸਭ ਤੋਂ ਵੱਧ ਇਹ ਮੁਹੱਲਾ ਉਜੜਿਆ ਸੀ। ਜਦੋਂ ਅਸੀਂ ਟਰੱਕ ਦੇ ਬਾਹਰ ਪੈਰ ਰੱਖੇ ਤਾਂ ਇਸ ਦੇ ਅਗਿਣਤ ਸਬੂਤ ਸਾਡੇ ਸਾਹਮਣੇ ਸਨ। ਟੋਇਆਂ ਭਰੀਆਂ ਸੜਕਾਂ ਦੇ ਦੋਵੇਂ ਪਾਸੀਂ ਧਮਾਕਿਆਂ ਨਾਲ ਡਿੱਗੀਆਂ ਇਮਾਰਤਾਂ ਦੇ ਖੰਡਰ ਤੇ ਵੀਰਾਨ ਪਏ ਮਕਾਨ ਸਨ। ਅਸੀਂ ਇਕ ਉਲਟੀ ਹੋਈ ਕਾਰ ਦੇ ਜਰਖਾਧੇ ਢਾਂਚੇ ਕੋਲੋਂ ਲੰਘੇ। ਟੁੱਟੀ ਹੋਈ ਸਕਰੀਨ ਵਾਲਾ ਇਕ ਟੀ.ਵੀ. ਮਲਬੇ ਵਿਚ ਦਬਿਆ ਪਿਆ ਸੀ। ਇਕ ਕੰਧ ਉੱਤੇ ਕਾਲੇ ਰੰਗ ਦੇ ਸਪਰੇ ਨਾਲ 'ਤਾਲਿਬਾਨ ਜ਼ਿੰਦਾਬਾਦ!' ਲਿਖਿਆ ਹੋਇਆ ਸੀ।

ਜਿਸ ਆਦਮੀ ਨੇ ਦਰਵਾਜ਼ਾ ਖੋਲ੍ਹਿਆ, ਉਹ ਮਧਰੇ ਕੱਦ ਦਾ ਪਤਲਾ ਤੇ ਗੰਜਾ ਆਦਮੀ ਸੀ। ਉਸਦੀ ਝਬਰੀ ਦਾੜ੍ਹੀ ਦੇ ਵਾਲ ਸਫ਼ੈਦ ਹੋ ਰਹੇ ਸਨ। ਉਸਨੇ ਊਨੀਂ ਜਾਕਟ ਪਾਈ ਹੋਈ ਸੀ ਤੇ ਸਿਰ

ਉੱਤੇ ਟੋਪੀ ਰੱਖੀ ਹੋਈ ਸੀ। ਇਕ ਟੁੱਟੇ ਹੋਏ ਸ਼ੀਸ਼ੇ ਵਾਲੀ ਐਨਕ ਉਸਦੇ ਨੱਕ ਉੱਤੇ ਟਿਕੀ ਹੋਈ ਸੀ। ਸ਼ੀਸ਼ੇ ਦੇ ਪਾਰ ਕਾਲੀਆਂ ਮਟਰ ਵਰਗੀਆਂ ਉਸਦੀਆਂ ਛੋਟੀਆਂ ਅੱਖਾਂ ਮੇਰੇ ਤੇ ਫਰੀਦ ਉੱਤੇ ਮੰਡਲਾ ਰਹੀਆਂ ਸਨ। "ਸਲਾਮ ਅਲੈਕੁਮ," ਉਸਨੇ ਕਿਹਾ।

"ਸਲਾਮ ਅਲੈਕੁਮ," ਮੈਂ ਕਿਹਾ। ਮੈਂ ਉਸਨੂੰ ਪੋਲਰਾਈਡ ਦਿਖਾਇਆ। "ਅਸੀਂ ਇਸ ਮੁੰਡੇ ਨੂੰ ਲੱਭ ਰਹੇ ਆਂ।"

ਉਸਨੇ ਸਰਸਰੀ ਨਜ਼ਰ ਨਾਲ ਫ਼ੋਟੋ ਦੇਖੀ। "ਮੈਨੂੰ ਅਫ਼ਸੋਸ ਏ। ਮੈਂ ਇਸ ਨੂੰ ਕਦੀ ਨਈਂ ਦੇਖਿਆ।"

"ਤੁਸੀਂ ਇਹ ਫ਼ੋਟੋ ਤਾਂ ਠੀਕ ਤਰ੍ਹਾਂ ਦੇਖੀ ਨਈਂ ਦੋਸਤ।" ਫਰੀਦ ਨੇ ਕਿਹਾ। "ਤੁਸੀਂ ਥੋੜ੍ਹਾ ਨੇੜਿਓਂ ਕਿਉਂ ਨਈਂ ਦੇਖਦੇ?"

"ਮਿਹਰਬਾਨੀ ਕਰੋ।"

ਦਰਵਾਜ਼ੇ ਦੇ ਪਾਰ ਖੜ੍ਹੇ ਉਸ ਆਦਮੀ ਨੇ ਫ਼ੋਟੋ ਲੈ ਲਈ। ਉਸਨੂੰ ਦੇਖਿਆ। ਫੇਰ ਉਸਨੇ ਮੈਨੂੰ ਵਾਪਸ ਕਰ ਦਿੱਤੀ। "ਨਾ, ਮਾਫ਼ ਕਰਨਾ। ਮੈਂ ਬਸ ਇਸ ਇਦਾਰੇ 'ਚ ਰਹਿ ਰਹੇ ਹਰੇਕ ਬੱਚੇ ਬਾਰੇ ਜਾਣਦਾ ਆਂ ਤੇ ਇਹ ਜਾਣਿਆ-ਪਛਾਣਿਆ ਨਈਂ ਲੱਗ ਰਿਹਾ। ਹੁਣ ਜੇ ਤੁਸੀਂ ਇਜਾਜ਼ਤ ਦਿਓ ਤਾਂ ਮੈਂ ਕੰਮ ਨਿਪਟਾਉਣਾ ਏਂ।" ਉਸਨੇ ਦਰਵਾਜ਼ਾ ਬੰਦ ਕਰਕੇ ਚਿਟਕਣੀ ਲਾ ਲਈ।

ਮੈਂ ਉਂਗਲਾਂ ਨਾਲ ਦਰਵਾਜ਼ਾ ਖੜਕਾਇਆ, "ਆਗਾ! ਆਗਾ! ਮਿਹਰਬਾਨੀ ਕਰਕੇ ਦਰਵਾਜ਼ਾ ਖੋਲ੍ਹੋ। ਸਾਡਾ ਇਰਾਦਾ ਤੁਹਾਨੂੰ ਨੁਕਸਾਨ ਪਹੁੰਚਾਉਣ ਦਾ ਨਈਂ ਏਂ।"

"ਮੈਂ ਤੁਹਾਨੂੰ ਦੱਸਿਆ। ਉਹ ਏਥੇ ਨਈਂ ਏਂ।" ਦੂਜੇ ਪਾਸਿਓਂ ਉਸ ਦੀ ਆਵਾਜ਼ ਆਈ, "ਹੁਣ ਮਿਹਰਬਾਨੀ ਕਰਕੇ ਚਲੇ ਜਾਓ।"

ਫਰੀਦ ਦਰਵਾਜ਼ੇ ਵੱਲ ਵਧਿਆ। ਉਸਨੇ ਆਪਣਾ ਮੱਥਾ ਉਸ ਨਾਲ ਜੋੜ ਦਿੱਤਾ, "ਦੋਸਤ, ਅਸੀਂ ਤਾਲਿਬਾਨ ਦੇ ਸਾਥੀ ਨਈਂ।" ਉਸਨੇ ਬੜੀ ਧੀਮੀ ਤੇ ਸਪਸ਼ਟ ਸੁਰ ਵਿਚ ਕਿਹਾ, "ਮੇਰੇ ਨਾਲ ਦਾ ਇਹ ਆਦਮੀ ਉਸ ਬੱਚੇ ਨੂੰ ਇਕ ਸੁਰੱਖਿਅਤ ਜਗ੍ਹਾ ਲੈ ਜਾਣਾ ਚਾਹੁੰਦਾ ਏ।"

"ਮੈਂ ਪੇਸ਼ਾਵਰ ਤੋਂ ਆਇਆਂ," ਮੈਂ ਕਿਹਾ। "ਮੇਰਾ ਇਕ ਦੋਸਤ ਇਕ ਅਮਰੀਕੀ ਜੋੜੇ ਨੂੰ ਜਾਣਦਾ ਏ ਜਿਹੜਾ ਬੱਚਿਆਂ ਲਈ ਇਕ ਖ਼ੈਰਾਤੀ ਘਰ ਚਲਾਉਂਦਾ ਏ।" ਮੈਂ ਮਹਿਸੂਸ ਕੀਤਾ ਕਿ ਉਹ ਆਦਮੀ ਦਰਵਾਜ਼ੇ ਦੇ ਦੂਜੇ ਪਾਸੇ ਮੌਜੂਦ ਹੈ। ਮੈਂ ਮਹਿਸੂਸ ਕੀਤਾ ਕਿ ਉਹ ਉੱਥੇ ਖੜ੍ਹਾ ਹੈ ਤੇ ਸਾਡੀਆਂ ਗੱਲਾਂ ਸੁਣ ਕੇ ਕਿਸੇ ਦੁਚਿੱਤੀ ਵਿਚ ਪੈ ਗਿਆ ਹੈ। ਉਹ ਸ਼ੱਕ ਤੇ ਉਮੀਦ ਦਾ ਵਿਚਕਾਰ ਝੂਲ ਰਿਹਾ ਹੈ। "ਦੇਖੋ, ਮੈਂ ਸੋਹਰਾਬ ਦੇ ਅੱਬਾ ਨੂੰ ਜਾਣਦਾ ਸੀ," ਮੈਂ ਕਿਹਾ, "ਉਸਦਾ ਨਾਂ ਹਸਨ ਸੀ। ਉਸਦੀ ਅੰਮੀ ਦਾ ਨਾਂ ਫਰਜਾਨਾ ਸੀ। ਉਹ ਆਪਣੀ ਦਾਦੀ ਨੂੰ ਸਾਸਾ ਕਹਿੰਦਾ ਸੀ। ਉਸਨੂੰ ਪੜ੍ਹਨਾ-ਲਿਖਣਾ ਆਉਂਦਾ ਏ। ਤੇ ਉਹ ਗੁਲੇਲ ਚੰਗੀ ਚਲਾ ਲੈਂਦਾ ਏ। ਇਸ ਬੱਚੇ ਲਈ ਉਮੀਦ ਏ ਆਗਾ। ਇਕ ਰਸਤਾ ਏ। ਮਿਹਰਬਾਨੀ ਕਰਕੇ ਦਰਵਾਜ਼ਾ ਖੋਲ੍ਹੋ।"

ਦੂਜੇ ਪਾਸੇ ਸਿਰਫ਼ ਖ਼ਾਮੋਸ਼ੀ ਸੀ।

"ਮੈਂ ਉਸਦਾ ਰਿਸ਼ਤੇ 'ਚੋਂ ਚਾਚਾ ਆਂ।"

ਇਕ ਪਲ ਬੀਤਿਆ। ਉਸ ਪਿੱਛੋਂ ਜਿੰਦਰੇ ਵਿਚ ਚਾਬੀ ਘੁੰਮੀ। ਉਸ ਆਦਮੀ ਦਾ ਪਤਲਾ ਚਿਹਰਾ ਝੀਥ ਵਿਚੋਂ ਝਾਕਿਆ। ਉਸਨੇ ਮੇਰੇ ਤੇ ਫਰੀਦ ਵੱਲ ਦੇਖਿਆ, "ਤੁਸੀਂ ਇਕ ਚੀਜ਼ ਗ਼ਲਤ ਦੱਸੀ ਏ..."

"ਕੀ?"

"ਉਹ ਗੁਲੇਲ ਸਿਰਫ਼ ਚੰਗੀ ਨਈਂ, ਬੜੀ ਵਧੀਆ ਚਲਾਉਂਦਾ ਏ।"



ਮੈਂ ਮੁਸਕੁਰਾਇਆ।

"ਉਸਨੂੰ ਉਸ ਤੋਂ ਵੱਖ ਨਈਂ ਕੀਤਾ ਜਾ ਸਕਦਾ। ਉਹ ਜਿੱਥੇ ਵੀ ਜਾਂਦਾ ਏ, ਉਸ ਗੁਲੇਲ ਨੂੰ ਆਪਣੀ ਪੈਂਟ ਦੇ ਨੇੜੇ ਵਿਚ ਟੁੰਗੀ ਰੱਖਦਾ ਏ।"

**ਜਿਹੜਾ** ਆਦਮੀ ਸਾਨੂੰ ਅੰਦਰ ਲੈ ਆਇਆ ਸੀ, ਉਸਨੇ ਆਪਣਾ ਨਾਂ ਜਮਾਨ ਦੱਸਿਆ। ਉਹ ਯਤੀਮਖ਼ਾਨੇ ਦਾ ਨਾਜ਼ਿਮ ਯਾਨੀ ਨਿਗਰਾਣ ਸੀ। "ਮੈਂ ਤੁਹਾਨੂੰ ਆਪਣੇ ਦਫ਼ਤਰ 'ਚ ਲੈ ਚੱਲਦਾਂ।" ਉਸ ਨੇ ਕਿਹਾ।

ਅਸੀਂ ਉਸਦੇ ਪਿੱਛੇ-ਪਿੱਛੇ ਹੋ ਲਏ। ਮੱਧਮ ਰੌਸ਼ਨੀ ਵਾਲੇ ਉਸ ਗੰਦੇ ਵਰਾਂਡੇ ਵਿਚ ਬੱਚੇ, ਪਾਟੇ ਹੋਏ ਸਵੈਟਰ ਪਾਈ, ਨੰਗੇ ਪੈਰੀਂ ਇੱਧਰ-ਉੱਧਰ ਫਿਰ ਰਹੇ ਨੇ। ਸਾਡੇ ਪਿੱਛੇ ਕਮਰਿਆਂ ਵਿਚ ਸਿਰਫ਼ ਮੰਜੀਆਂ ਡੱਠੀਆਂ ਹੋਈਆਂ ਸਨ ਤੇ ਖਿੜਕੀਆਂ ਨੂੰ ਪਲਾਸਟਕ ਦੀਆ ਚਾਦਰਾਂ ਲਾ ਕੇ ਬੰਦ ਕੀਤਾ ਗਿਆ ਸੀ। ਬਿਨਾਂ ਵਿਛਾਈ ਵਾਲੇ ਲੋਹੇ ਦੇ ਮੰਜੇ ਕਮਰੇ ਵਿਚ ਭਰੇ ਹੋਏ ਸਨ।

"ਏਥੇ ਕਿੰਨੇ ਯਤੀਮ ਰਹਿੰਦੇ ਨੇ?" ਫਰੀਦ ਨੇ ਪੁੱਛਿਆ।

"ਸਾਡੇ ਕੋਲ ਜਿੰਨੀ ਜਗ੍ਹਾ ਏ, ਉਸ ਨਾਲੋਂ ਵੱਧ। ਲਗਭਗ ਢਾਈ ਸੌ," ਜਮਾਨ ਨੇ ਮੋਢੇ ਛੰਡੇ, "ਪਰ ਉਹ ਸਾਰੇ ਯਤੀਮ ਨਈਂ। ਉਹਨਾਂ 'ਚੋਂ ਅਨੇਕਾਂ ਨੇ ਜੰਗ ਵਿਚ ਆਪਣੇ ਪਿਓ ਗੁਆਏ ਨੇ ਤੇ ਉਹਨਾਂ ਦੀਆਂ ਮਾਵਾਂ ਉਹਨਾਂ ਨੂੰ ਖੁਆ ਨਈਂ ਸਕਦੀਆਂ ਕਿਉਂਕਿ ਤਾਲਿਬਾਨ ਉਹਨਾਂ ਨੂੰ ਕੰਮ ਕਰਨ ਦੀ ਇਜਾਜ਼ਤ ਨਈਂ ਦਿੰਦੇ। ਇਸ ਲਈ ਉਹ ਆਪਣੇ ਬੱਚਿਆਂ ਨੂੰ ਇੱਥੇ ਛੱਡ ਜਾਂਦੀਆਂ ਨੇ।" ਉਸਨੇ ਅਫ਼ਸੋਸ ਨਾਲ ਉਹਨਾਂ ਵੱਲ ਇਸ਼ਾਰਾ ਕਰਦਿਆਂ ਹੋਇਆ ਹੱਥ ਲਹਿਰਾਇਆ। "ਇਹ ਜਗ੍ਹਾ ਸੜਕ ਨਾਲੋਂ ਚੰਗੀ ਏ ਪਰ ਬਹੁਤੀ ਬਿਹਤਰ ਨਈਂ। ਇਹ ਇਮਾਰਤ ਰਹਿਣ ਲਈ ਨਈਂ ਸੀ ਬਣਾਈ ਗਈ। ਦਰੀਆਂ ਦਾ ਗੁਦਾਮ ਸੀ ਇਹ। ਇਸ ਲਈ ਇੱਥੇ ਪਾਣੀ ਗਰਮ ਕਰਨ ਲਈ ਹੀਟਰ ਨਈਂ ਤੇ ਉਹਨਾਂ ਨੇ ਖ਼ੂਹ ਨੂੰ ਵੀ ਸੁੱਕ ਜਾਣ ਦਿੱਤਾ ਏ।" ਉਸਨੇ ਆਪਣੀ ਆਵਾਜ਼ ਧੀਮੀ ਕਰ ਲਈ, "ਮੈਂ ਕਿੰਨੀ ਵਾਰੀ ਤਾਲਿਬਾਨ ਤੋਂ ਨਵਾਂ ਖ਼ੂਹ ਪੁਟਵਾਉਣ ਲਈ ਪੈਸੇ ਮੰਗੇ, ਇਹ ਮੈਨੂੰ ਵੀ ਯਾਦ ਨਈਂ। ਉਹ ਬਸ ਆਪਣੀਆਂ ਤਸਬੀਹਾਂ ਫੇਰਦੇ ਰਹੇ ਤੇ ਮੈਂ ਕਹਿ ਦਿੰਦੇ ਕਿ ਪੈਸੇ ਨਈਂ, ਪੈਸੇ ਨਈਂ ਹੈਨ।" ਉਹ ਨੱਕ ਵਿਚ ਹੱਸਿਆ।

ਉਸਨੇ ਕੰਧ ਨਾਲ ਲੱਗੇ ਬਿਸਤਰਿਆਂ ਦੀ ਇਕ ਕਤਾਰ ਵੱਲ ਇਸ਼ਾਰਾ ਕੀਤਾ। "ਸਾਡੇ ਕੋਲ ਬਹੁਤੇ ਬਿਸਤਰੇ ਨਈਂ। ਨਾ ਈ ਬਿਸਤਰਿਆਂ ਲਈ ਕਾਫ਼ੀ ਗੱਦੇ ਨੇ। ਉਸ ਤੋਂ ਵੀ ਮਾੜਾ ਇਹ ਐ ਕਿ ਸਾਡੇ ਕੋਲ ਕਾਫ਼ੀ ਕੰਬਲ ਨਈਂ।" ਉਸਨੇ ਸਾਨੂੰ ਇਕ ਕੁੜੀ ਦਿਖਾਈ ਜਿਹੜੀ ਦੋ ਹੋਰ ਬੱਚਿਆਂ ਨਾਲ ਰੱਸੀ ਟੱਪ ਰਹੀ ਸੀ। "ਤੁਸੀਂ ਓਹ ਕੁੜੀ ਦੇਖ ਰਹੇ ਓ ਨਾ? ਪਿਛਲੀਆਂ ਸਰਦੀਆਂ 'ਚ ਬੱਚਿਆਂ ਨੂੰ ਮਿਲ ਕੇ ਕੰਬਲ ਲੈਂਦੇ ਪੈਂਦੇ ਸੀ। ਉਸ ਦਾ ਭਰਾ ਠੰਢ ਨਾਲ ਮਰ ਗਿਆ।" ਉਹ ਅੱਗੇ ਕਹਿੰਦਾ ਹੈ, "ਪਿਛਲੀ ਵਾਰੀ ਜਦੋਂ ਮੈਂ ਜਾਂਚ ਕੀਤੀ ਸੀ ਤਾਂ ਸਾਡੇ ਗੋਦਾਮ 'ਚ ਮਹੀਨੇ ਭਰ ਤੋਂ ਵੀ ਘੱਟ ਸਮੇਂ ਲਈ ਚੌਲ ਬਚੇ ਸਨ। ਤੇ ਜਦੋਂ ਇਹ ਖ਼ਤਮ ਹੋ ਜਾਣਗੇ ਤਾਂ ਬੱਚੇ ਨਾਸ਼ਤੇ ਤੇ ਰਾਤ ਦੇ ਖਾਣੇ 'ਚ ਚਾਹ ਤੇ ਰੋਟੀ ਖਾਣਗੇ।" ਮੈਂ ਗੌਰ ਕੀਤਾ ਕਿ ਦੁਪਹਿਰ ਦੇ ਖਾਣੇ ਦਾ ਕੋਈ ਜ਼ਿਕਰ ਨਹੀਂ ਸੀ।

ਉਹ ਰੁਕਿਆ ਤੇ ਮੇਰੇ ਵੱਲ ਮੁੜਿਆ। "ਏਥੇ ਬਹੁਤ ਘੱਟ ਜਗ੍ਹਾ ਏ। ਖਾਣਾ ਲਗਭਗ ਹੈ ਨਈਂ, ਕੱਪੜੇ ਨਈਂ, ਸਾਫ਼ ਪਾਣੀ ਨਈਂ। ਪਰ ਇਸ ਬੱਚੇ ਖਾਸੀ ਗਿਣਤੀ 'ਚ ਨੇ ਜਿਹਨਾਂ ਨੇ ਆਪਣਾ ਬਚਪਨ ਗੰਵਾਅ ਦਿੱਤਾ ਏ। ਅਸੀਂ ਆਪਣੀ ਔਕਾਤ ਤੋਂ ਵੱਧ ਬੱਚੇ ਭਰ ਲਏ ਨੇ ਤੇ ਹਰ ਦਿਨ ਮੈਂ ਉਹਨਾਂ ਮਾਂਵਾਂ ਨੂੰ ਨਾਂਹ ਕਰਦਾ ਆਂ, ਜਿਹੜੀਆਂ ਆਪਣੇ ਬੱਚੇ ਲੈ ਕੇ ਆਉਂਦੀਆਂ ਨੇ।" ਉਹ ਇਕ

ਕਦਮ ਹੋਰ ਮੇਰੇ ਨੇੜੇ ਆ ਗਿਆ। “ਤੁਸੀਂ ਕਹਿੰਦੇ ਓ ਕਿ ਸੋਹਰਾਬ ਲਈ ਉਮੀਦ ਏ? ਮੈਂ ਦਾਅਵਾ ਕਰਦਾਂ ਕਿ ਤੁਸੀਂ ਝੂਠ ਨਈਂ ਬੋਲ ਰਹੇ ਹੋਵੋਗੇ ਆਗਾ। ਪਰ...ਸ਼ਇਦ ਤੁਸੀਂ ਦੇਰ ਕਰ ਦਿੱਤੀ ਏ।”

“ਤੁਹਾਡਾ ਮਤਲਬ ਕੀ ਏ?”

ਜਮਾਨ ਨੇ ਨਜ਼ਰਾਂ ਚੁਰਾ ਲਈਆਂ। “ਮੇਰੇ ਨਾਲ ਆਓ।”

ਤੇਰੇੜਾਂ ਵਾਲੀਆਂ ਚਾਰ ਨੰਗੀਆਂ ਕੰਧਾਂ, ਫਰਸ਼ ਉੱਤੇ ਇਕ ਚਟਾਈ, ਇਕ ਮੇਜ਼ ਤੇ ਦੋ ਫੋਲਡਿੰਗ ਕੁਰਸੀਆਂ। ਨਿਗਰਾਣ ਦਾ ਦਫ਼ਤਰ ਬਸ ਇਹੋ ਸੀ। ਜਦੋਂ ਮੈਂ ਤੇ ਜਮਾਨ ਬੈਠ ਗਏ ਤਾਂ ਮੈਂ ਦੇਖਿਆ ਕਿ ਇਕ ਭੂਰੇ ਚੂਹੇ ਨੇ ਕੰਧ ਦੀ ਇਕ ਮੋਰੀ ਵਿਚੋਂ ਸਿਰ ਕੱਢਿਆ ਤੇ ਕਮਰੇ ਵਿਚ ਚੱਕਰ ਲਾਉਣ ਲੱਗ ਪਿਆ। ਜਦੋਂ ਉਹ ਮੇਰਾ ਬੂਟ ਸੁੰਘਣ ਲੱਗਾ ਤਾਂ ਮੈਂ ਸੁੰਗੜ ਗਿਆ। ਇਸ ਪਿੱਛੋਂ ਉਸਨੇ ਜਮਾਨ ਦੇ ਬੂਟ ਸੁੰਘੇ ਤੇ ਖੁੱਲ੍ਹੇ ਦਰਵਾਜ਼ੇ ਵਿਚੋਂ ਕਾਹਲ ਨਾਲ ਬਾਹਰ ਭੱਜ ਗਿਆ।

“ਇਸ ਤੋਂ ਤੁਹਾਡਾ ਮਤਲਬ ਕੀ ਏ ਕਿ ਬਹੁਤ ਦੇਰ ਹੋ ਗਈ ਏ?” ਮੈਂ ਕਿਹਾ।

“ਕੀ ਤੁਸੀਂ ਥੋੜ੍ਹੀ ਚਾਹ ਲੈਣੀ ਪਸੰਦ ਕਰੋਗੇ? ਮੈਂ ਬਣਾ ਸਕਦਾ ਆਂ।”

“ਨਈਂ, ਸ਼ੁਕਰੀਆ। ਇਸ ਦੀ ਬਜਾਏ ਮੈਂ ਗੱਲਾਂ ਕਰਨਾ ਪਸੰਦ ਕਰਾਂਗਾ।”

ਜਮਾਨ ਆਪਣੀ ਕੁਰਸੀ ਉੱਤੇ ਪਿੱਛੇ ਵੱਲ ਝੁਕ ਗਏ। ਉਹਨਾਂ ਆਪਣੇ ਹੱਥ ਛਾਤੀ ਉੱਤੇ ਰੱਖੇ, “ਮੈਂ ਤੁਹਾਨੂੰ ਜੋ ਦੱਸਣ ਲੱਗਾਂ, ਉਹ ਬਹੁਤੀ ਚੰਗੀ ਗੱਲ ਨਈਂ। ਇਹ ਕਹਿਣ ਦੀ ਲੋੜ ਵੀ ਨਈਂ ਕਿ ਇਹ ਬੜੀ ਖ਼ਤਰਨਾਕ ਵੀ ਹੋ ਸਕਦੀ ਏ।”

“ਕਿਸ ਦੇ ਲਈ?”

“ਤੁਹਾਡੇ ਲਈ। ਮੇਰੇ ਲਈ। ਤੇ ਬਿਨਾਂ ਸ਼ੱਕ ਸੋਹਰਾਬ ਦੇ ਲਈ ਵੀ। ਜੇ ਉਸ ਦੇ ਲਈ ਪਹਿਲਾਂ ਈ ਬੜੀ ਦੇਰ ਨਾ ਹੋ ਗਈ ਹੋਏ।”

“ਮੈਂ ਜਾਣਨਾ ਚਾਹੁੰਦਾ ਆਂ।” ਮੈਂ ਕਿਹਾ।

ਉਸਨੇ ਸਿਰ ਹਿਲਾਇਆ। “ਜਿਵੇਂ ਤੁਸੀਂ ਕਹੋਂ। ਪਰ ਪਹਿਲਾਂ ਮੈਂ ਤੁਹਾਨੂੰ ਇਕ ਸਵਾਲ ਕਰਨਾ ਚਾਹੁੰਦਾ ਆਂ—ਤੁਸੀਂ ਆਪਣੇ ਭਤੀਜੇ ਨੂੰ ਲੱਭਣ ਲਈ ਕਿੰਨੇ ਕੁ ਬੇਤਾਬ ਓ?”

ਮੈਨੂੰ ਯਾਦ ਹੈ ਕਿ ਕਿਸ ਤਰ੍ਹਾਂ ਬਚਪਨ ਵਿਚ ਅਸੀਂ ਸੜਕਾਂ ’ਤੇ ਝਗੜਿਆਂ ਵਿਚ ਘਿਰ ਜਾਂਦੇ ਸਾਂ। ਹਰ ਵਾਰੀ ਹਸਨ ਮੇਰੇ ਵੱਲੋਂ ਲੜਦਾ। ਕਦੀ ਉਹ ਦੋਂਹ ਨਾਲ ਇਕੱਲਾ ਲੜਦਾ, ਕਦੀ ਤਿੰਨਾਂ ਨਾਲ। ਮੈਂ ਘਬਰਾਇਆ ਹੋਇਆ ਬਸ ਦੇਖਦਾ ਰਹਿੰਦਾ। ਮੈਂ ਵਿਚਕਾਰ ਕੁੱਦਣਾ ਚਾਹੁੰਦਾ, ਪਰ ਹਮੇਸ਼ਾ ਰੁਕ ਜਾਂਦਾ। ਮੈਨੂੰ ਕੋਈ ਚੀਜ਼ ਰੋਕ ਲੈਂਦੀ।

ਮੈਂ ਵਰਾਂਡੇ ਵੱਲ ਦੇਖਿਆ। ਮੈਂ ਕੁਝ ਬੱਚਿਆਂ ਦੇ ਇਕ ਝੁੰਡ ਨੂੰ ਇਕ ਘੇਰੇ ਵਿਚ ਨੱਚਦਿਆਂ ਦੇਖਿਆ। ਇਕ ਛੋਟੀ ਜਿਹੀ ਬੱਚੀ ਇਕ ਪਾਟੀ-ਪੁਰਾਣੀ ਚਟਾਈ ਉੱਤੇ ਬੈਠੀ ਦੇਖ ਰਹੀ ਸੀ। ਉਸਦਾ ਖੱਬਾ ਪੈਰ ਗੋਡੇ ਤੋਂ ਹੇਠ ਕੱਟਿਆ ਹੋਇਆ ਸੀ। ਉਹ ਦੂਜੇ ਬੱਚਿਆਂ ਨਾਲ ਮੁਸਕੁਰਾ ਰਹੀ ਸੀ ਤੇ ਤਾੜੀਆਂ ਵਜਾ ਰਹੀ ਸੀ। ਮੈਂ ਦੇਖਿਆ ਕਿ ਫਰੀਦ ਵੀ ਬੱਚਿਆਂ ਨੂੰ ਦੇਖ ਰਿਹਾ ਸੀ। ਉਸਦਾ ਅਪਾਹਜ ਹੱਥ ਇਕ ਪਾਸੇ ਲਟਕ ਰਿਹਾ ਸੀ। ਮੈਨੂੰ ਵਹੀਦ ਦੇ ਬੱਚਿਆਂ ਦੀ ਯਾਦ ਆਈ...ਮੈਨੂੰ ਮਹਿਸੂਸ ਹੋਇਆ—ਮੈਂ ਬਿਨਾਂ ਸੋਹਰਾਬ ਨੂੰ ਲੱਭੇ ਅਫ਼ਗਾਨਿਸਤਾਨ ’ਚੋਂ ਨਹੀਂ ਪਰਤਾਂਗਾ। “ਮੈਨੂੰ ਦੱਸੋ ਕਿ ਉਹ ਕਿੱਥੇ ਐ?” ਮੈਂ ਕਿਹਾ।

ਜਮਾਨ ਦੀਆਂ ਨਜ਼ਰਾਂ ਮੇਰੇ ਉੱਤੇ ਟਿਕੀਆ ਰਹੀਆਂ। ਇਸ ਪਿੱਛੋਂ ਉਸ ਨੇ ਸਿਰ ਹਿਲਾਇਆ। ਉਸਨੇ ਇਕ ਪੈਨਸਲ ਚੁੱਕੀ ਤੇ ਆਪਣੀਆਂ ਉਂਗਲਾਂ ਵਿਚ ਘੁਮਾਉਣ ਲੱਗਾ। “ਤੁਸੀਂ ਮੈਨੂੰ ਇਸ ਸਭ ਤੋਂ ਬਾਹਰ ਈ ਰੱਖਿਓ।”



“ਮੈਂ ਵਾਅਦਾ ਕਰਦਾ ਆਂ।”

ਉਸਨੇ ਟੇਬਲ ਨੂੰ ਪੈਨਸਲ ਨਾਲ ਖੜਕਾਇਆ। “ਤੁਹਾਡੇ ਵਾਅਦੇ ਦੇ ਬਾਵਜੂਦ, ਮੈਂ ਸੋਚਦਾ ਆਂ ਕਿ ਮੈਨੂੰ ਉਮਰ ਭਰ ਇਸ ਲਈ ਪਛਾਉਣਾ ਪਏਗਾ। ਪਰ ਸ਼ਾਇਦ ਇਹ ਬਿਹਤਰ ਏ। ਵੈਸੇ ਵੀ ਮੈਂ ਜੱਹਨੁਮੀਂ ਜੀਵ ਆਂ। ਪਰ ਜੇ ਸੋਹਰਾਬ ਦੇ ਲਈ ਕੁਛ ਹੋ ਸਕਦਾ ਏ...ਤਾਂ ਮੈਂ ਤੁਹਾਨੂੰ ਦੱਸਾਂਗਾ ਕਿਉਂਕਿ ਮੈਂ ਤੁਹਾਡੇ ’ਤੇ ਭਰੋਸਾ ਕਰਦਾ ਆਂ। ਤੁਸੀਂ ਬੇਚੈਨ ਲੱਗ ਰਹੇ ਓ।” ਉਹ ਲੰਮੇ ਸਮੇਂ ਤਕ ਚੁੱਪ ਰਿਹਾ। “ਇਕ ਤਾਲਿਬ ਅਫ਼ਸਰ ਏ,” ਉਹ ਬੁੜਬੁੜਾਇਆ, “ਉਹ ਇੱਥੇ ਇਕ ਜਾਂ ਦੋ ਮਹੀਨੇ ਬਾਅਦ ਆਉਂਦਾ ਏ। ਉਹ ਪੈਸੇ ਲਿਆਉਂਦਾ ਏ। ਬਹੁਤੇ ਨਈਂ, ਪਰ ਜਿੰਨੇ ਦਿੰਦਾ ਏ ਉਹ ਕੁਛ ਵੀ ਨਾ ਹੋਣ ਨਾਲੋਂ ਬਿਹਤਰ ਏ।” ਉਸਦੀਆਂ ਚਾਲਾਕ ਅੱਖਾਂ ਮੈਨੂੰ ਦੇਖ ਰਹੀਆਂ ਸਨ। ਫੇਰ ਉਹ ਦੂਰ ਦੇਖਣ ਲੱਗਾ, “ਅਕਸਰ ਉਹ ਇਕ ਕੁੜੀ ਲੈ ਜਾਂਦਾ ਏ। ਪਰ ਹਮੇਸ਼ਾ ਨਈਂ।”

“ਤੇ ਤੁਸੀਂ ਇਸ ਦੀ ਇਜਾਜ਼ਤ ਦੇ ਦੇਂਦੇ ਓ?” ਫਰੀਦ ਪਿੱਛੋਂ ਬੋਲਿਆ। ਉਹ ਮੇਜ਼ ਦਾ ਚੱਕਰ ਕੱਟ ਕੇ ਜਮਾਨ ਦੇ ਕੋਲ ਜਾ ਰਿਹਾ ਸੀ।

“ਮੇਰੇ ਕੋਲ ਹੋਰ ਕੀ ਰਸਤਾ ਏ?” ਜਮਾਨ ਨੇ ਪਲਟ ਕੇ ਜਵਾਬ ਦਿੱਤਾ। ਉਹ ਕਾਹਲ ਨਾਲ ਟੇਬਲ ਦੇ ਹੋਰ ਨੇੜੇ ਹੋ ਗਿਆ।

“ਤੁਸੀਂ ਇੱਥੋਂ ਦੇ ਨਾਜਿਮ ਓ,” ਫਰੀਦ ਨੇ ਕਿਹਾ, “ਤੁਹਾਡਾ ਕੰਮ ਇੱਥੇ ਬੱਚਿਆਂ ਦੀ ਦੇਖ-ਭਾਲ ਕਰਨਾ ਏਂ।”

“ਮੈਂ ਇਸਨੂੰ ਰੋਕਣ ਲਈ ਕੁਛ ਨਈਂ ਕਰ ਸਕਦਾ।”

“ਤੁਸੀਂ ਬੱਚਿਆਂ ਨੂੰ ਵੇਚ ਰਹੇ ਓ।” ਫਰੀਦ ਗੜ੍ਹਕ ਕੇ ਬੋਲਿਆ।

“ਫਰੀਦ, ਬੈਠ ਜਾਓ! ਗੱਲ ਕਰਨ ਦਿਓ!” ਮੈਂ ਕਿਹਾ। ਪਰ ਮੈਂ ਬੜੀ ਦੇਰ ਕਰ ਦਿੱਤੀ ਸੀ। ਕਿਉਂਕਿ ਅਚਾਨਕ ਫਰੀਦ ਉਸ ਵੱਲ ਅਹੁਲਿਆ ਤੇ ਉਸਨੇ ਜਮਾਨ ਨੂੰ ਫਰਸ਼ ਉੱਤੇ ਸੁੱਟ ਲਿਆ ਤੇ ਕੁਰਸੀ ਉਛਾਲ ਦਿੱਤੀ। ਨਾਜ਼ਿਮ ਫਰੀਦ ਦੇ ਹੇਠਾਂ ਛਟਪਟਾ ਰਿਹਾ ਸੀ। ਉਸਦੇ ਮੂੰਹੋਂ ਦਬੀਆਂ-ਦਬੀਆਂ ਚੀਕਾਂ ਨਿਕਲ ਰਹੀਆਂ ਸਨ। ਉਸਦੇ ਪੈਰਾਂ ਨੇ ਡੈਸਕ ਦੀ ਇਕ ਦਰਾਜ ਨੂੰ ਠੁੱਡ ਮਾਰੀ ਤੇ ਫਰਸ਼ ਉੱਤੇ ਕਾਗਜ਼ ਹੀ ਕਾਗਜ਼ ਖਿੱਲਰ ਗਏ।

ਮੈਂ ਅਹੁਲ ਕੇ ਮੇਜ਼ ਦੇ ਦੂਜੇ ਪਾਸੇ ਗਿਆ ਤਾਂ ਸਮਝ ਸਕਿਆ ਕਿ ਜਮਾਨ ਦੀ ਭਿਚੀ ਹੋਈ ਆਵਾਜ਼ ਕਿਉਂ ਨਿਕਲ ਰਹੀ ਸੀ। ਫਰੀਦ ਉਸਦਾ ਗਲ਼ ਘੁੱਟ ਰਿਹਾ ਸੀ। ਮੈਂ ਫਰੀਦ ਨੂੰ ਦੋਵਾਂ ਮੋਢਿਆਂ ਤੋਂ ਫੜ ਕੇ ਪਿੱਛੇ ਵੱਲ ਖਿੱਚ ਲਿਆ। ਉਸਨੇ ਮੈਨੂੰ ਵੀ ਧੱਕਾ ਦਿੱਤਾ। “ਬਹੁਤ ਹੋ ਗਿਆ!” ਮੈਂ ਉੱਚੀ ਆਵਾਜ਼ ’ਚ ਕੜਕਿਆ। ਪਰ ਫਰੀਦ ਦਾ ਚਿਹਰਾ ਲਾਲ ਸੀ ਤੇ ਉਸਦੇ ਬੁੱਲ੍ਹ ਭਿਚੇ ਹੋਏ ਸਨ। “ਮੈਂ ਉਸਨੂੰ ਮਾਰ ਦਿਆਂਗਾ! ਤੁਸੀਂ ਮੈਨੂੰ ਰੋਕ ਨਈਂ ਸਕਦੇ! ਮੈਂ ਉਸਨੂੰ ਮਾਰ ਦਿਆਂਗਾ।” ਉਹ ਨਫ਼ਰਤ ਨਾਲ ਕੂਕਿਆ।

“ਛੱਡ ਦੇ ਉਸਨੂੰ!”

“ਮੈਂ ਉਸਨੂੰ ਮਾਰ ਦਿਆਂਗਾ!” ਉਸਦੀ ਆਵਾਜ਼ ਤੋਂ ਮੈਂ ਮਹਿਸੂਸ ਕੀਤਾ ਕਿ ਜੇ ਮੈਂ ਕੁਝ ਨਾ ਕੀਤਾ ਤਾਂ ਜ਼ਿੰਦਗੀ ਵਿਚ ਪਹਿਲੀ ਵੇਰ ਹੱਤਿਆ ਹੁੰਦੀ ਦੇਖਾਂਗਾ।

“ਬੱਚੇ ਦੇਖ ਰਹੇ ਨੇ ਫਰੀਦ। ਉਹ ਦੇਖ ਰਹੇ ਨੇ।” ਮੈਂ ਕਿਹਾ। ਮੇਰੀ ਪਕੜ ਵਿਚ ਉਸਦੇ ਮੋਢਿਆਂ ਦੇ ਮਸਲ ਫਰਕਣ ਲੱਗੇ। ਇਕ ਪਲ ਤਾਂ ਮੈਨੂੰ ਲੱਗਿਆ ਕਿ ਉਹ ਹਰ ਹਾਲ ਵਿਚ ਜਮਾਨ ਦੀ ਸੰਘੀ ਘੁੱਟ ਦਏਗਾ। ਇਸ ਪਿੱਛੋਂ ਉਹ ਮੁੜਿਆ। ਉਸਨੇ ਬੱਚਿਆਂ ਵੱਲ ਦੇਖਿਆ। ਉਹ ਚੁੱਪਚਾਪ ਦਰਵਾਜ਼ੇ ਕੋਲ ਇਕ ਦੂਜੇ ਦਾ ਹੱਥ ਫੜੀ ਖੜ੍ਹੇ ਸਨ। ਉਹਨਾਂ ਵਿਚੋਂ ਕੁਝ ਰੋ ਵੀ ਰਹੇ ਸਨ। ਮੈਂ ਫਰੀਦ ਦੇ ਮਸਲ ਢਿੱਲੇ ਪੈਂਦੇ ਮਹਿਸੂਸ ਕੀਤੇ। ਉਸਨੇ ਆਪਣੇ ਹੱਥ ਹਟਾ ਲਏ ਤੇ ਖੜ੍ਹਾ ਹੋ ਗਿਆ। ਉਸਨੇ ਜਮਾਨ

ਵੱਲ ਦੇਖਿਆ ਤੇ ਉਸਦੇ ਮੂੰਹ ਉੱਤੇ ਥੁੱਕ ਦਿੱਤਾ। ਇਸ ਪਿੱਛੋਂ ਉਹ ਦਰਵਾਜ਼ੇ ਵੱਲ ਵਧਿਆ ਤੇ ਉਸਨੂੰ ਬੰਦ ਕਰ ਆਇਆ।

ਜਮਾਨ ਕਿਸੇ ਤਰ੍ਹਾਂ ਆਪਣੇ ਪੈਰਾਂ ਉੱਤੇ ਖੜ੍ਹਾ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸਨੇ ਆਪਣੇ ਬੁੱਲ੍ਹਾਂ ਉਤਲੇ ਖ਼ੂਨ ਨੂੰ ਆਪਣੀ ਕਮੀਜ਼ ਦੀ ਬਾਂਹ ਨਾਲ ਪੂੰਝਿਆ। ਗੱਲ੍ਹਾਂ ਤੋਂ ਥੁੱਕ ਪੂੰਝਿਆ। ਉਹ ਖੰਘਿਆ। ਉਸਦਾ ਗਲ਼ਾ ਘਰਘਰਾ ਰਿਹਾ ਸੀ। ਉਸਨੇ ਆਪਣੀ ਟੋਪੀ ਪਾਈ, ਆਪਣੀ ਐਨਕ ਲਾਈ। ਇਹ ਦੇਖ ਕੇ ਹੁਣ ਉਸਦੇ ਦੋਵੇਂ ਸ਼ੀਸ਼ੇ ਟੁੱਟ ਚੁੱਕੇ ਨੇ, ਉਸਨੇ ਐਨਕ ਲਾਹ ਦਿੱਤੀ। ਉਸਨੇ ਆਪਣੀਆਂ ਹਥੇਲੀਆਂ ਨਾਲ ਆਪਣਾ ਚਿਹਰਾ ਢਕ ਲਿਆ। ਸਾਡੇ ਵਿਚੋਂ ਕੋਈ ਵੀ ਦੇਰ ਤਕ ਕੁਝ ਨਹੀਂ ਬੋਲਿਆ।

"ਉਹ ਸੋਹਰਾਬ ਨੂੰ ਮਹੀਨਾ ਕੁ ਪਹਿਲਾਂ ਲੈ ਗਏ ਸੀ।" ਜਮਾਨ ਆਖ਼ਰਕਾਰ ਪਾਟੀ ਜਿਹੀ ਆਵਾਜ਼ ਵਿਚ ਬੋਲਿਆ। ਹੁਣ ਵੀ ਉਸਦਾ ਚਿਹਰਾ ਉਸਦੇ ਹੱਥਾਂ ਨਾਲ ਢਕਿਆ ਹੋਇਆ ਸੀ।

"ਤੂੰ ਖ਼ੁਦ ਨੂੰ ਨਾਜ਼ਿਮ ਕਹਿਣਾ ਏਂ?" ਫਰੀਦ ਨੇ ਕਿਹਾ।

ਜਮਾਨ ਨੇ ਆਪਣੇ ਹੱਥ ਹਟਾਏ, "ਮੈਨੂੰ ਛੇ ਮਹੀਨਿਆਂ ਤੋਂ ਤਨਖ਼ਾਹ ਨਈਂ ਮਿਲੀ। ਮੇਰੀ ਹਾਲਤ ਪਤਲੀ ਏ ਕਿਉਂਕਿ ਮੈਂ ਆਪਣੀ ਸਾਰੀ ਜ਼ਿੰਦਗੀ ਦੀ ਬਚਤ ਇਸ ਯਤੀਮਖ਼ਾਨੇ 'ਤੇ ਖ਼ਰਚ ਕਰ ਦਿੱਤੀ ਏ। ਜੋ ਕੁਛ ਵੀ ਮੇਰੇ ਕੋਲ ਸੀ, ਭਾਵੇਂ ਉਹ ਮੈਂ ਕਮਾਇਆ ਸੀ ਜਾਂ ਪਿਓ-ਦਾਦੇ ਤੋਂ ਮਿਲਿਆ ਸੀ, ਮੈਂ ਇਹ ਨਾਮੁਰਾਦ ਯਤੀਮਖ਼ਾਨਾ ਚਲਾਉਣ ਲਈ ਵੇਚ ਦਿੱਤਾ। ਤੁਹਾਨੂੰ ਲੱਗਦਾ ਏ ਕਿ ਪਾਕਿਸਤਾਨ ਜਾਂ ਈਰਾਨ ਵਿਚ ਮੇਰਾ ਪਰਿਵਾਰ ਨਈਂ ਏਂ? ਮੈਂ ਵੀ ਦੂਜਿਆਂ ਵਾਂਗ ਭੱਜ ਕੇ ਜਾ ਸਕਦਾ ਸੀ। ਪਰ ਮੈਂ ਨਈਂ ਭੱਜਿਆ। ਮੈਂ ਰੁਕਿਆ ਰਿਹਾ। ਮੈਂ ਰੁਕਿਆ ਰਿਹਾ ਉਹਨਾਂ ਦੀ ਖਾਤਰ।" ਉਸਨੇ ਦਰਵਾਜ਼ੇ ਵੱਲ ਇਸ਼ਾਰਾ ਕੀਤਾ। "ਜੇ ਮੈਂ ਉਸਨੂੰ ਇਕ ਬੱਚਾ ਦੇਣ ਤੋਂ ਇਨਕਾਰ ਕਰ ਦਿਆਂ ਤਾਂ ਉਹ ਦਸ ਲੈ ਜਾਏਗਾ। ਇਸ ਲਈ ਮੈਂ ਉਸਨੂੰ ਇਕ ਲੈ ਜਾਣ ਦੇਨਾਂ ਤੇ ਫ਼ੈਸਲਾ ਅੱਲਾਹ 'ਤੇ ਛੱਡ ਦੇਨਾਂ—ਮੈਂ ਆਪਣੀ ਸ਼ਰਮ ਘੋਟ ਕੇ ਪੀ ਲੈਨਾਂ ਤੇ ਉਸਦੇ ਨਾਮੁਰਾਦ ਗੰਦੇ..ਰੁਪਏ ਲੈ ਲੈਨਾਂ। ਇਸ ਪਿੱਛੋਂ ਮੈਂ ਬਾਜ਼ਾਰ ਜਾਨਾਂ ਤੇ ਬੱਚਿਆਂ ਲਈ ਖਾਣਾ ਖ਼ਰੀਦ ਲਿਆਉਣਾਂ।"

ਫਰੀਦ ਨੇ ਨੀਵੀਂ ਪਾ ਲਈ।

"ਜਿਹੜੇ ਬੱਚੇ ਉਹ ਲੈ ਜਾਂਦਾ ਏ, ਉਹਨਾਂ ਦਾ ਕੀ ਹੁੰਦਾ ਏ?" ਮੈਂ ਪੁੱਛਿਆ।

ਜਮਾਨ ਨੇ ਆਪਣੇ ਅੰਗੂਠੇ ਤੇ ਪਹਿਲੀ ਉਂਗਲ ਨਾਲ ਅੱਖਾਂ ਮਲੀਆਂ। "ਕਦੀ-ਕਦੀ ਉਹ ਵਾਪਸ ਆਉਂਦੇ ਨੇ।"

"ਉਹ ਕੌਣ ਨੇ? ਅਸੀਂ ਉਹਨਾਂ ਨੂੰ ਕਿਵੇਂ ਲੱਭ ਸਕਦੇ ਆਂ?" ਮੈਂ ਕਿਹਾ।

"ਕਲ੍ਹ ਗਾਜੀ ਸਟੇਡੀਅਮ ਚਲੇ ਜਾਣਾ। ਤੁਸੀਂ ਉਸਨੂੰ ਹਾਫ਼ਟਾਈਮ 'ਚ ਦੇਖੋਗੇ। ਉਸਨੇ ਕਾਲੀ ਐਨਕ ਲਾਈ ਹੋਏਗੀ।" ਉਸਨੇ ਆਪਣੀ ਟੁੱਟੀ ਹੋਈ ਐਨਕ ਚੁੱਕੀ ਤੇ ਆਪਣੇ ਹੱਥਾਂ ਵਿਚ ਉਸਨੂੰ ਘੁਮਾਇਆ, "ਮੈਂ ਚਾਹੁੰਦਾ ਆਂ ਕਿ ਤੁਸੀਂ ਚਲੇ ਜਾਓ। ਬੱਚੇ ਡਰ ਗਏ ਨੇ।"

ਉਹ ਸਾਨੂੰ ਬਾਹਰ ਤਕ ਛੱਡਣ ਆਇਆ।

ਜਦੋਂ ਟਰੱਕ ਤੁਰ ਪਿਆ ਤਾਂ ਮੈਂ ਸ਼ੀਸ਼ੇ ਵਿਚੋਂ ਜਮਾਨ ਨੂੰ ਦੇਖਿਆ। ਉਹ ਦਰਵਾਜ਼ੇ ਵਿਚ ਖੜ੍ਹਾ ਸੀ। ਬੱਚਿਆਂ ਦੇ ਇਕ ਝੁੰਡ ਨੇ ਉਸਨੂੰ ਘੇਰਿਆ ਹੋਇਆ ਸੀ। ਉਹਨਾਂ ਉਸਦੀ ਢਿੱਲੀ ਸ਼ਰਟ ਨੂੰ ਕੱਸ ਕੇ ਫੜਿਆ ਹੋਇਆ ਸੀ। ਮੈਂ ਦੇਖਿਆ, ਉਸਨੇ ਆਪਣੀ ਟੁੱਟੀ ਹੋਈ ਐਨਕ ਲਾ ਲਈ ਸੀ।

**ਮੋਬਾਇਲ ਨੰ : 94177-30600.**



## ਕਾਬੁਲ ਦਾ ਸੁਲਤਾਨ ਖਾਨ/ਓਸ਼ਨੇ ਸੇਯੇਰਸਤਾਡ

**ਅਨੁਵਾਦ : ਮਹਿੰਦਰ ਬੇਦੀ, ਜੈਤੋ**

ਸੁਲਤਾਨ ਖਾਨ ਦੇ ਦਿਮਾਗ਼ ਵਿਚ ਜਦ ਇਕ ਹੋਰ ਨਵੀਂ ਬੀਵੀ ਲਿਆਉਣ ਦਾ ਖ਼ਿਆਲ ਆਇਆ ਤਾਂ ਖਾਨਦਾਨ ਵਿਚ ਕੋਈ ਵੀ ਉਸਦੀ ਮਦਦ ਕਰਨ ਲਈ ਤਿਆਰ ਨਹੀਂ ਸੀ। ਉਸਨੇ ਪਹਿਲਾਂ ਆਪਣੀ ਮਾਂ ਨੂੰ ਦਰਖ਼ਵਾਸਤ ਕੀਤੀ।

ਉਹਨਾਂ ਨੇ ਕਿਹਾ, "ਤੈਨੂੰ ਆਪਣੀ ਮੌਜੂਦਾ ਬੀਵੀ ਦੇ ਨਾਲ ਈ ਗੁਜ਼ਾਰਾ ਕਰਨਾ ਪਏਗਾ।"

ਇਸ ਪਿੱਛੋਂ ਉਸਨੇ ਆਪਣੀ ਵੱਡੀ ਭੈਣ ਦਾ ਦਰਵਾਜ਼ਾ ਖੜਕਾਇਆ। ਉਹਨਾਂ ਨੇ ਵੀ ਇਹ ਕਹਿ ਕੇ ਟਰਕਾ ਦਿੱਤਾ, "ਮੈਂ ਤੇਰੀ ਪਹਿਲੀ ਬੀਵੀ ਦੀ ਮੁਰੀਦ ਆਂ।" ਉਸਦੀਆਂ ਦੂਜੀਆਂ ਭੈਣਾਂ ਨੇ ਵੀ ਕੁਝ ਅਜਿਹੇ ਹੀ ਜਵਾਬ ਦਿੱਤੇ।

ਉਸਦੀ ਭੂਆ ਨੇ ਕਿਹਾ, "ਸ਼ਰੀਫ਼ਾਂ ਤਾਂ ਇਹ ਸੁਣ ਕੇ ਗ਼ਮ ਵਿਚ ਹਲਕਾਨ ਹੋ ਜਾਏਗੀ।"

ਸੁਲਤਾਨ ਨੂੰ ਮਦਦ ਦੀ ਸਖ਼ਤ ਲੋੜ ਸੀ। ਦਰਅਸਲ ਲਾੜਾ ਕਿਸੇ ਕੁੜੀ ਦਾ ਹੱਥ ਆਪਣੇ-ਆਪ ਨਹੀਂ ਮੰਗ ਸਕਦਾ। ਇਸ ਬਾਰੇ ਅਫ਼ਗਾਨਾਂ ਵਿਚ ਇਕ ਰਿਵਾਜ਼ ਹੈ ਕਿ ਪਰਿਵਾਰ ਦੀ ਕੋਈ ਔਰਤ ਹੀ ਸ਼ਾਦੀ ਦਾ ਪੈਗ਼ਾਮ ਲੈ ਕੇ ਕੁੜੀ ਵਾਲਿਆਂ ਦੇ ਘਰ ਜਾਂਦੀ ਹੈ ਤੇ ਕੁੜੀ ਨੂੰ ਦੇਖ ਕੇ ਆਉਂਦੀ ਹੈ, ਤਾਕਿ ਇਹ ਪਤਾ ਲੱਗ ਸਕੇ ਕਿ ਭਾਵੀ ਲਾੜੀ ਕਿਸੇ ਦੀ ਬੀਵੀ ਬਣਨ ਲਾਇਕ ਹੈ, ਉਸਦੀ ਚੰਗੀ ਪਰਵਰਿਸ਼ ਹੋਈ ਹੈ ਤੇ ਉਹ ਯੋਗ ਹੈ। ਪਰ ਸੁਲਤਾਨ ਦੀਆਂ ਨਜ਼ਦੀਕੀ ਖ਼ਾਨਦਾਨੀ ਔਰਤਾਂ ਵਿਚੋਂ ਕਿਸੇ ਦੀ ਵੀ ਦਿਲਚਸਪੀ, ਉਸਦੀ ਦੂਜੀ ਸ਼ਾਦੀ ਦਾ ਪੈਗ਼ਾਮ ਲੈ ਕੇ ਜਾਣ ਵਿਚ ਨਹੀਂ ਸੀ।

ਸੁਲਤਾਨ ਨੇ ਆਪਣੇ ਲਈ ਤਿੰਨ ਜਵਾਨ ਕੁੜੀਆਂ ਨੂੰ ਚੁਣਿਆਂ ਸੀ। ਉਸਨੂੰ ਲੱਗਿਆ ਸੀ ਕਿ ਉਹ ਉਸਦੀ ਮੁਰਾਦ ਪੂਰੀ ਕਰ ਦੇਣਗੀਆਂ। ਉਹ ਸਾਰੀਆਂ ਤੰਦਰੁਸਤ ਤੇ ਖ਼ੂਬਸੂਰਤ ਤਾਂ ਹੈ ਹੀ ਸਨ, ਨਾਲ ਹੀ ਉਹਨਾਂ ਦੇ ਆਪਣੇ ਕੁਨਬੇ ਦੀਆਂ ਵੀ ਸਨ। ਸੁਲਤਾਨ ਦੇ ਖ਼ਾਨਦਾਨ ਵਿਚ ਅਕਸਰ ਕੋਈ ਕੁਨਬੇ ਤੋਂ ਬਾਰ ਸ਼ਾਦੀ ਨਹੀਂ ਕਰਵਾਉਂਦਾ। ਰਿਸ਼ਤੇਦਾਰਾਂ, ਖਾਸ ਕਰਕੇ ਮਾਮੇਜਾਏ ਜਾਂ ਚਾਚੇਜਾਏ, ਭੈਣਾਂ-ਭਰਾਵਾਂ ਨਾਲ ਸ਼ਾਦੀ ਕਰਨ ਵਿਚ ਹੀ ਭਲਾਈ ਤੇ ਅਕਲਮੰਦੀ ਮੰਨੀ ਜਾਂਦੀ ਹੈ।

ਸੁਲਤਾਨ ਦੀ ਨਜ਼ਰ ਵਿਚ ਅੱਵਲ ਸ਼ਿਕਾਰ 16 ਸਾਲ ਦੀ ਸੋਨੀਆ ਸੀ। ਉਸਦੀਆਂ ਅੱਖਾਂ ਗੂੜ੍ਹੀਆਂ ਕਾਲੀਆਂ ਤੇ ਬਾਦਾਮ ਵਰਗੀਆਂ ਸਨ। ਵਾਲ ਵੀ ਕਾਲੇ ਤੇ ਚਮਕਦਾਰ ਸਨ। ਉਸਦਾ ਸਰੀਰ ਸੁਘੜ ਤੇ ਗਦਰਾਇਆ ਹੋਇਆ ਸੀ ਤੇ ਉਸਦੇ ਮਿਹਨਤੀ ਹੋਣ ਦੀ ਚਰਚਾ ਸੀ। ਉਹ ਗ਼ਰੀਬ ਪਰਿਵਾਰ ਦੀ ਸੀ ਤੇ ਉਹ ਆਪਸ ਵਿਚ ਰਿਸ਼ਤੇਦਾਰ ਵੀ ਸਨ। ਉਸਦੀ ਮਾਂ ਦੀ ਦਾਦੀ ਤੇ ਸੁਲਤਾਨ ਦੀ ਮਾਂ ਦੀ ਦਾਦੀ, ਦੋਵੇਂ ਸਕੀਆਂ ਭੈਣਾਂ ਸਨ।

ਸੁਲਤਾਨ ਭਲ਼ੇ ਹੀ ਇਸ ਉਧੇੜ-ਬੁਣ ਵਿਚ ਲੱਗਾ ਹੋਇਆ ਸੀ ਕਿ ਖ਼ਾਨਦਾਨ ਦੀਆਂ ਔਰਤਾਂ ਦੇ ਬਿਨਾਂ ਆਪਣੀ ਪਸੰਦੀਦਾ ਕੁੜੀ ਦਾ ਹੱਥ ਕਿੰਜ ਮੰਗੇ, ਪਰ ਉਸਦੀ ਪਹਿਲੀ ਬੀਵੀ ਨੂੰ ਇਹ ਗੁਮਾਨ ਵੀ ਨਹੀਂ ਸੀ ਕਿ ਉਸਦੀ ਤੇ ਸੁਲਤਾਨ ਦੀ ਸ਼ਾਦੀ ਦੇ ਸਾਲ ਵਿਚ ਹੀ ਪੈਦਾ ਹੋਈ, ਅਦਨਾ ਜਿਹੀ ਇਕ ਕੁੜੀ ਨੇ ਉਸਦੇ ਸ਼ੌਹਰ ਨੂੰ ਆਪਣਾ ਦੀਵਾਨਾ ਬਣਾ ਦਿੱਤਾ ਹੈ। ਸ਼ਰੀਫ਼ਾਂ ਬੁਢਾਪੇ ਵੱਲ ਵਧ ਰਹੀ ਸੀ। ਸੁਲਤਾਨ ਵਾਂਗੂ ਹੀ ਉਸਦੀ ਉਮਰ ਪੰਜਾਹ ਸਾਲ ਪਾਰ ਚੁੱਕੀ ਸੀ। ਉਸਨੇ ਸੁਲਤਾਨ ਲਈ ਤਿੰਨ ਬੇਟੇ ਤੇ ਇਕ ਬੇਟੀ ਪੈਦਾ ਕੀਤੀ ਸੀ। ਪਰ ਸੁਲਤਾਨ ਵਰਗੀ

ਹੈਸੀਅਤ ਵਾਲੇ ਆਦਮੀ ਲਈ ਨਵੀਂ ਬੀਵੀ ਪਸੰਦ ਕਰਨ ਦਾ ਵੇਲਾ ਆ ਗਿਆ ਸੀ।

ਉਸਦੇ ਭਰਾ ਨੇ ਤੰਗ ਆ ਕੇ ਕਿਹਾ, "ਤੂੰ ਖ਼ੁਦ ਈ ਕਰ ਲਓ ਨਾ।"

ਥੋੜ੍ਹਾ ਸੋਚਣ ਪਿੱਛੋਂ ਸੁਲਤਾਨ ਨੂੰ ਵੀ ਲੱਗਿਆ ਕਿ ਮਾਮਲਾ ਸਿਰਫ਼ ਇਸੇ ਤਰ੍ਹਾਂ ਹੱਲ ਹੋ ਸਕਦਾ ਏ—ਤੇ ਇਕ ਦਿਨ ਸਵੇਰੇ-ਸਵੇਰੇ ਉਹ ਉਸ ਕਮਸਿਨ ਕੁੜੀ ਕੇ ਘਰ ਜਾ ਪਹੁੰਚਿਆ। ਉਸਦੇ ਮਾਂ-ਪਿਓ ਨੇ ਉਸਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਸੁਲਤਾਨ ਨੂੰ ਬਰਾਦਰੀ ਵਿਚ ਕਾਫੀ ਵੱਡੇ ਦਿਲ ਵਾਲਾ ਸ਼ਖ਼ਸ ਸਮਝਿਆ ਜਾਂਦਾ ਸੀ ਤੇ ਉਸਦਾ ਆਪਣੇ ਘਰ ਆਉਣਾ ਰਿਸ਼ਤੇਦਾਰਾਂ ਨੂੰ ਹਮੇਸ਼ਾ ਚੰਗਾ ਲੱਗਦਾ ਸੀ। ਸੋਨੀਆ ਦੀ ਮਾਂ ਨੇ ਪਾਣੀ ਉਬਾਲਿਆ ਤੇ ਚਾਹ ਬਣਾਈ। ਉਹ ਮਿੱਟੀ ਨਾਲ ਲਿੱਪੇ ਕਮਰੇ ਵਿਚ ਵਿਛੀਆਂ ਗੱਦੀਆਂ ਦੇ ਸਹਾਰੇ ਅਰਾਮ ਨਾਲ ਬੈਠ ਗਏ ਤੇ ਇਕ ਦੂਜੇ ਦਾ ਹਾਲਚਾਲ ਪੁੱਛਣ ਲੱਗੇ। ਰਸਮੀ ਖ਼ਾਨਾਪੂਰੀ ਪਿੱਛੋਂ ਸੁਲਤਾਨ ਨੇ ਬੜਾ ਸੋਚ-ਸਮਝ ਕੇ ਆਪਣਾ ਮਤਾ ਰੱਖਿਆ।

ਆਪਣੀ ਇੱਛਾ ਸਿੱਧੀ ਦੱਸਣ ਦੀ ਬਜਾਏ ਸੁਲਤਾਨ ਨੇ ਕੁੜੀ ਦੇ ਮਾਂ-ਪਿਓ ਨੂੰ ਕਿਹਾ, "ਮੇਰਾ ਇਕ ਦੋਸਤ, ਸੋਨੀਆ ਨਾਲ ਸ਼ਾਦੀ ਕਰਵਾਉਣਾ ਚਾਹੁੰਦਾ ਏ।"

ਉਹਨਾਂ ਦੀ ਧੀ ਦਾ ਹੱਥ, ਇਸ ਤਰ੍ਹਾਂ ਕਿਸੇ ਨੇ ਪਹਿਲੀ ਵਾਰੀ ਮੰਗਿਆ ਸੀ। ਉਹ ਸੁੰਦਰ ਤੇ ਵਿਆਹੁਣ ਯੋਗ ਕੁੜੀ ਸੀ, ਪਰ ਉਹਨਾਂ ਨੂੰ ਲੱਗਦਾ ਸੀ ਕਿ ਉਸਦੀ ਉਮਰ ਹਾਲੇ ਸ਼ਾਦੀ ਦੇ ਲਾਇਕ ਨਹੀਂ ਹੋਈ। ਸੋਨੀਆ ਦੇ ਅੱਬਾ ਹੁਣ ਕੰਮ ਨਹੀਂ ਕਰ ਸਕਦੇ ਸਨ, ਉਹ ਆਪਣੇ ਸਰੀਰ ਪੱਖੋਂ ਲਾਚਾਰ ਸਨ। ਇਕ ਵਾਰੀ ਕਿਸੇ ਨਾਲ ਹੱਥਾਪਾਈ ਦੇ ਦੌਰਾਨ ਚੱਲੇ ਚਾਕੂ ਨਾਲ ਉਹਨਾਂ ਦੀ ਪਿੱਠ ਦੀਆਂ ਨਸਾਂ ਕੱਟੀਆਂ ਗਈਆਂ ਸਨ। ਇਸ ਦੀ ਪੂਰਤੀ ਉਹ ਆਪਣੀ ਖ਼ੂਬਸੂਰਤ ਧੀ ਦੀ ਸ਼ਾਦੀ ਦੇ ਮੇਹਰ ਲਈ ਉੱਚੀ ਬੋਲੀ ਲਾ ਕੇ ਕਰ ਸਕਦੇ ਸਨ। ਉਹਨਾਂ ਨੂੰ ਤੇ ਉਹਨਾਂ ਦੀ ਪਤਨੀ ਨੂੰ ਇਹ ਲੱਗਦਾ ਸੀ ਕਿ ਅਗਲਾ ਪੈਗ਼ਾਮ ਹੋਰ ਵੀ ਵਧੀਆ ਹੋਏਗਾ ਤੇ ਸ਼ਾਇਦ ਪਿਛਲੇ ਪੈਗ਼ਾਮ ਨਾਲੋਂ ਵੀ ਵੱਧ ਮੇਹਰ ਦੀ ਰਕਮ ਹੱਥ ਲੱਗ ਜਾਏਗੀ।

ਸੁਲਤਾਨ ਨੇ ਕਿਹਾ, "ਉਹ ਅਮੀਰ ਏ। ਉਹ ਮੇਰੇ ਵਰਗਾ ਈ ਕਾਰੋਬਾਰ ਕਰਦਾ ਏ। ਚੰਗਾ ਪੜ੍ਹਿਆ-ਲਿਖਿਆ ਏ ਤੇ ਉਸਦੇ ਤਿੰਨ ਪੁੱਤਰ ਨੇ। ਪਰ ਉਸਦੀ ਬੀਵੀ ਬੁੱਢੀ ਹੋ ਚੱਲੀ ਏ।"

ਕੁੜੀ ਦੇ ਮਾਂ-ਬਾਪ ਨੇ ਉਸਦੇ ਦੋਸਤ ਦੀ ਉਮਰ ਜਾਨਣ ਦੇ ਲਿਹਾਜ਼ ਨਾਲ ਉਸਦੀ ਗੱਲ ਕੱਟਦਿਆਂ ਹੋਇਆਂ ਪੁੱਛਿਆ, "ਉਸਦੇ ਦੰਦ ਕੇਹੇ ਨੇ?"

ਸੁਲਤਾਨ ਨੇ ਕਿਹਾ, "ਲਗਭਗ ਮੇਰੇ ਵਰਗੇ। ਫ਼ੈਸਲਾ ਤੁਸੀਂ ਖ਼ੁਦ ਕਰ ਲੈਣਾ।"

ਮਾਂ-ਬਾਪ ਨੇ ਸੋਚਿਆ, ਬੁੱਢਾ ਲੱਗਦਾ ਏ। ਪਰ ਇਹ ਵੀ ਘਾਟੇ ਦਾ ਸੌਦਾ ਨਹੀਂ ਸੀ। ਲਾੜਾ ਜਿੰਨਾ ਬੁੱਢਾ ਹੋਏਗਾ, ਉਹਨਾਂ ਦੀ ਧੀ ਦੇ ਬਦਲੇ ਮੇਹਰ ਦੀ ਰਕਮ ਓਨੀ ਵੱਧ ਮਿਲੇਗੀ। ਲਾੜੀ ਦਾ ਮੁੱਲ, ਉਸਦੀ ਉਮਰ, ਖ਼ੂਬਸੂਰਤੀ, ਉਸਦੀ ਕਾਬਲੀਅਤ ਤੇ ਉਸਦੇ ਪਰਿਵਾਰ ਦੀ ਹੈਸੀਅਤ ਦੇ ਮੁਤਾਬਿਕ ਲਾਇਆ ਜਾਂਦਾ ਹੈ।

ਸੁਨਤਾਨ ਖਾਨ ਨੇ ਜਦੋਂ ਆਪਣੀ ਗੱਲ ਪੂਰੀ ਕਰ ਲਈ ਤਾਂ ਮਾਂ-ਪਿਓ ਨੇ ਉਮੀਦ ਅਨੁਸਾਰ ਇਹੀ ਕਿਹਾ, "ਉਸਦੀ ਉਮਰ ਹਾਲੇ ਬੜੀ ਘੱਟ ਏ।"

ਇਸਦੇ ਇਲਾਵਾ ਕੁਝ ਕਿਹਾ ਵੀ ਨਹੀਂ ਸੀ ਜਾ ਸਕਦਾ ਕਿਉਂਕਿ ਸੁਲਤਾਨ ਦੁਆਰਾ ਏਨੀ ਗਰਮਜੋਸ਼ੀ ਨਾਲ ਜਿਸ ਅਜਨਬੀ ਪਰ ਅਮੀਰ ਆਦਮੀ ਲਈ ਸਿਫ਼ਾਰਿਸ਼ ਕੀਤੀ ਜਾ ਰਹੀ ਸੀ, ਉਸ ਨਾਲ ਸਸਤੇ ਵਿਚ ਤਾਂ ਸੌਦਾ ਨਹੀਂ ਸੀ ਕੀਤਾ ਜਾ ਸਕਦਾ। ਇਸ ਲਈ ਥੋੜ੍ਹਾ ਨਖ਼ਰਾ ਦਿਖਾਉਣਾ ਵੀ ਜ਼ਰੂਰੀ ਸੀ। ਪਰ ਉਹਨਾਂ ਨੂੰ ਪਤਾ ਸੀ ਕਿ ਸੁਲਤਾਨ ਵਾਪਸ ਜ਼ਰੂਰ ਆਏਗਾ, ਸੋਨੀਆ ਆਖ਼ਰ



ਜਵਾਨ ਤੇ ਖ਼ੂਬਸੂਰਤ ਸੀ।

ਉਹ ਅਗਲੇ ਦਿਨ ਹੀ ਫੇਰ ਉਹਨਾਂ ਦੇ ਘਰ ਜਾ ਪਹੁੰਚਿਆ ਤੇ ਆਪਣਾ ਪੈਗ਼ਾਮ ਦਹੁਰਾਇਆ। ਗੱਲਬਾਤ ਲਗਭਗ ਪੁਰਾਣੇ ਅੰਦਾਜ਼ ਵਿਚ ਹੀ ਹੋਈ ਤੇ ਜਵਾਬ ਵੀ ਓਵੇਂ ਹੀ ਦਿੱਤਾ ਗਿਆ। ਪਰ ਇਸ ਵਾਰੀ ਉਸਦੀ, ਸੋਨੀਆ ਨਾਲ ਬਾਕਾਇਦਾ ਮੁਲਾਕਾਤ ਕਰਵਾ ਦਿੱਤੀ ਗਈ। ਜਿਸਨੂੰ ਉਸਨੇ ਉਸਦੇ ਬਚਪਨ ਤੋਂ ਬਾਅਦ ਹੁਣ ਤਕ ਦੇਖਿਆ ਹੀ ਨਹੀਂ ਸੀ।

ਸੋਨੀਆ ਨੇ ਆਪਣੇ ਨਾਲੋਂ ਉਮਰ ਵਿਚ ਵੱਡੇ ਰਿਸ਼ਤੇਦਾਰ ਦੇ ਪ੍ਰਤੀ ਸਨਮਾਨ ਜਤਾਉਣ ਦੀ ਰਸਮ ਨਿਭਾਉਂਦਿਆਂ ਹੋਇਆਂ ਸੁਲਤਾਨ ਦਾ ਹੱਥ ਚੁੰਮਿਆਂ ਤੇ ਉਸਨੇ ਵੀ ਪਲਟ ਕੇ ਉਸਦੇ ਮੱਥੇ ਨੂੰ ਚੁੰਮ ਕੇ ਆਸ਼ੀਰਵਾਦ ਦਿੱਤਾ। ਸੋਨੀਆ ਉੱਤੇ ਚੱਲ ਰਹੀ ਕਸ਼ਮਕਸ਼ ਤੋਂ ਵਾਕਿਫ਼ ਸੀ ਤੇ ਸੁਲਤਾਨ ਚਚਾ ਦੀਆਂ ਤਿੱਖੀਆਂ ਨਜ਼ਰਾਂ ਤੋਂ ਝਿਜਕ ਰਹੀ ਸੀ।

ਸੁਲਤਾਨ ਨੇ ਪੁੱਛਿਆ, "ਮੈਂ ਤੇਰੇ ਲਈ ਇਕ ਅਮੀਰ ਲਾੜਾ ਲੱਭਿਆ ਏ, ਉਹ ਬਾਰੇ ਤੇਰੀ ਕੀ ਰਾਏ ਏ?" ਸੋਨੀਆ ਨੇ ਨਜ਼ਰਾਂ ਭੋਇੰ 'ਤੇ ਗੱਡੀ ਰੱਖੀਆਂ, ਆਖ਼ਰ ਬੋਲਦੀ ਵੀ ਕੀ, ਕਿਉਂਕਿ ਅਫ਼ਗਾਨੀ ਸਮਾਜ ਵਿਚ ਕਿਸੇ ਜਵਾਨ ਕੁੜੀ ਨੂੰ ਆਪਣਾ ਲਾੜਾ ਚੁਣਨ ਦਾ ਅਧਿਕਾਰ ਤਾਂ ਹੈ ਈ ਨਹੀਂ!

ਸੁਲਤਾਨ ਤੀਜੇ ਦਿਨ ਫੇਰ ਉੱਥੇ ਗਿਆ ਤੇ ਇਸ ਵਾਰੀ ਉਸਨੇ ਲਾੜੇ ਵੱਲੋਂ ਦਿੱਤੇ ਜਾਣ ਵਾਲੇ ਮੇਹਰ ਦਾ ਬਿਓਰਾ ਪੇਸ਼ ਕੀਤਾ—ਇਕ ਅੰਗੂਠੀ, ਗਲ਼ ਲਈ ਇਕ ਹਾਰ, ਕੰਨਾਂ ਲਈ ਵਾਲੀਆਂ ਤੇ ਕੜੇ, ਸਭੇ ਸੋਨੇ ਦੇ। ਲਾੜੀ ਦੇ ਮਨਪਸੰਦ ਕੱਪੜੇ, 300 ਕਿਲੋਗ੍ਰਾਮ ਚੌਲ, 150 ਕਿਲੋਗ੍ਰਾਮ ਖਾਣ ਵਾਲਾ ਤੇਲ, ਇਕ ਗਾਂ, ਕੁਝ ਭੇਡਾਂ ਤੇ ਡੇਢ ਕਰੋੜ ਅਫ਼ਗਾਨੀ (ਅਫ਼ਗਾਨਿਸਤਾਨ ਦੀ ਕਰੰਸੀ)। ਇਹ ਨਕਦ ਰਕਮ ਲਗਭਗ 300 ਪੌਂਡ ਸਟਰਲਿੰਗ ਦੇ ਬਰਾਬਰ ਹੁੰਦੀ ਹੈ।

ਸੋਨੀਆ ਦਾ ਵਾਲਿਦ ਏਨੇ ਸਾਰੇ ਮੇਹਰ ਦਾ ਪੈਗ਼ਾਮ ਸੁਣ ਕੇ ਖਿੜ-ਪੁੜ ਗਿਆ ਤੇ ਉਸਨੇ ਤੁਰੰਤ ਉਹ ਰਹੱਸਮਈ ਸ਼ਖ਼ਸ ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ ਜਿਹੜਾ ਉਸਦੀ ਧੀ ਨੂੰ ਹਾਸਲ ਕਰਨ ਲਈ ਏਡੀ ਵੱਡੀ ਰਕਮ ਖ਼ਰਚ ਕਰਨ ਲਈ ਤਿਆਰ ਸੀ। ਸੁਲਤਾਨ ਨੇ ਉਹਨਾਂ ਨੂੰ ਦੱਸਿਆ ਕਿ ਉਹ ਭਾਵੇਂ ਉਸਨੂੰ ਨਾ ਜਾਣਦੇ ਹੋਣ ਜਾਂ ਫੇਰ ਉਹਨਾਂ ਨੂੰ ਇਹ ਯਾਦ ਨਾ ਹੋਵੇ ਕਿ ਉਹ ਕਦੀ ਉਹਨੂੰ ਮਿਲੇ ਨੇ, ਪਰ ਉਹ ਉਹਨਾਂ ਦੀ ਕੌਮ ਦਾ ਏ।

ਸੁਲਤਾਨ ਨੇ ਅੱਗੇ ਕਿਹਾ, "ਕਲ੍ਹ ਮੈਂ ਤੁਹਾਨੂੰ ਉਸਦੀ ਤਸਵੀਰ ਦਿਖਾਵਾਂਗਾ।"

ਅਗਲੇ ਦਿਨ ਕਾਫੀ ਮਿੰਨਤ-ਖ਼ੁਸ਼ਾਮਦ ਤੇ ਸੇਵਾ-ਪਾਣੀ ਕਰਨ ਪਿੱਛੋਂ ਸੁਲਤਾਨ ਦੀ ਭੂਆ, ਸੋਨੀਆ ਦੇ ਮਾਂ-ਪਿਓ ਨੂੰ ਲਾੜੇ ਦੀ ਅਸਲੀਅਤ ਦੱਸਣ ਲਈ ਤਿਆਰ ਹੋ ਗਈ। ਆਪਣੇ ਨਾਲ ਇਕ ਤਸਵੀਰ ਲੈ ਗਈ—ਸੁਲਤਾਨ ਖਾਨ ਦੀ ਆਪਣੀ ਤਸਵੀਰ—ਤੇ ਉਸਦੇ ਨਾਲ ਇਹ ਸ਼ਰਤ ਵੀ ਕਿ ਉਹਨਾਂ ਨੂੰ, ਉਹਨਾਂ ਦੇ ਪੈਗ਼ਾਮ ਬਾਰੇ ਇਕ ਘੰਟੇ ਵਿਚ ਫ਼ੈਸਲਾ ਕਰਨਾ ਪਏਗਾ। ਇਹ ਗੱਲ ਵੀ ਸਾਫ਼ ਕੀਤੀ ਕਿ ਜੇ ਉਹ ਰਜ਼ਾਮੰਦ ਹੁੰਦੇ ਨੇ ਤਾਂ ਸੁਲਤਾਨ ਉਹਨਾਂ ਦਾ ਤਹੇਦਿਲੋਂ ਅਹਿਸਾਨ ਮੰਦ ਹੋਵੇਗਾ ਤੇ ਜੇ ਉਹ ਇਨਕਾਰ ਕਰਦੇ ਨੇ ਤਾਂ ਵੀ ਉਹਨਾਂ ਦੀ ਰਿਸ਼ਤੇਦਾਰੀ ਵਿਚ ਕੋਈ ਖਟਾਸ ਨਹੀਂ ਆਵੇਗੀ। ਦਰਅਸਲ ਉਹ ਕਦੀ ਹਾਂ, ਕਦੀ ਨਾਂਹ ਦੇ ਚੱਕਰ ਤੇ ਸੌਦੇਬਾਜ਼ੀ ਤੋਂ ਹਰ ਕੀਮਤ 'ਤੇ ਬਚਣਾਂ ਚਾਹੁੰਦਾ ਸੀ।

ਸੋਨੀਆ ਦੇ ਮਾਂ-ਬਾਪ ਘੰਟੇ ਭਰ ਵਿਚ ਰਜ਼ਾਮੰਦ ਹੋ ਗਏ। ਉਸ ਸੁਲਤਾਨ ਖਾਨ, ਉਸਦੀ ਦੌਲਤ ਤੇ ਉਸਦੇ ਰੁਤਬੇ ਤੋਂ ਪ੍ਰਭਾਵਿਤ ਸਨ। ਸੋਨੀਆਂ ਬੁਖ਼ਾਰੀ ਵਿਚ ਬੈਠੀ ਉਡੀਕ ਕਰ ਰਹੀ ਸੀ। ਲਾੜੇ ਦੀ ਅਸਲੀਅਤ ਦਾ ਭੇਦ ਖੁੱਲ੍ਹਣ ਤੇ ਉਸਦੇ ਮਾਂ-ਬਾਪ ਦੇ ਰਜ਼ਾਮੰਦ ਹੋਣ ਪਿੱਛੋਂ

ਉਸਦਾ ਚਚਾ ਬੁਖ਼ਾਰੀ ਵੱਲ ਅਇਆ। ਉਸਨੇ ਦੱਸਿਆ, "ਸੁਲਤਾਨ ਚਚਾ ਈ ਤੇਰਾ ਲਾੜਾ ਬਣਨਾ ਚਾਹੁੰਦੇ ਨੇ।" ਫੇਰ, "ਕੀ ਤੂੰ ਤਿਆਰ ਏਂ?"

ਸੋਨੀਆ ਦੇ ਬੁੱਲ੍ਹ ਜਿਵੇਂ ਸਿਓਂਤੇ ਗਏ ਸਨ। ਸਿੱਜਲ ਅੱਖਾਂ ਨਾਲ ਨੀਵੀਂ ਪਾ ਕੇ ਉਹ ਆਪਣੀ ਗਰਮ ਚਾਦਰ ਵਿਚ ਲੁਕ ਗਈ।

ਉਸਦੇ ਚਾਚੇ ਨੇ ਕਿਹਾ, "ਤੇਰੀ ਮਾਂ ਨੇ ਲਾੜੇ ਨੂੰ ਅਪਣਾਉਣ ਦੀ ਰਜ਼ਾਮੰਦੀ ਦੇ ਦਿੱਤੀ ਏ। ਤੇਰੇ ਕੋਲ ਆਪਣੀ ਰਾਏ ਦੱਸਣ ਦਾ ਇਹੋ ਆਖ਼ਰੀ ਮੌਕਾ ਏ।"

ਉਹ ਤਾਂ ਡਰਦੀ ਮਾਰੀ ਸਿਲ-ਪੱਥਰ ਹੋ ਗਈ ਸੀ। ਉਸਦੇ ਹੋਸ਼ ਗੁੰਮ ਸਨ। ਉਸਨੂੰ ਸੁਲਤਾਨ ਕਤਈ ਪਸੰਦ ਨਹੀਂ ਸੀ। ਪਰ ਉਹ ਇਹ ਵੀ ਜਾਣਦੀ ਸੀ ਕਿ ਉਸਨੂੰ ਆਪਣੇ ਮਾਂ-ਪਿਓ ਦਾ ਹੁਕਮ ਮੰਨਣਾ ਈ ਪਵੇਗਾ। ਸੁਲਤਾਨ ਦੀ ਬੀਵੀ ਬਣਦਿਆਂ ਹੀ ਅਫ਼ਗਾਨੀ ਸਮਾਜ ਵਿਚ ਉਸਦੀ ਹੈਸੀਅਤ ਯਕਦਮ ਵਧ ਜਾਵੇਗੀ। ਮੇਹਰ ਦੀ ਰਕਮ ਨਾਲ ਉਸਦੇ ਪਰਿਵਾਰ ਦੀਆਂ ਕਈ ਸਮੱਸਿਆਵਾਂ ਹੱਲ ਹੋ ਜਾਣਗੀਆਂ। ਉਸ ਪੈਸੇ ਨਾਲ ਉਸਦੇ ਮਾਂ-ਬਾਪ ਆਪਣੇ ਬੇਟਿਆਂ ਲਈ ਚੰਗੀਆਂ ਬੀਵੀਆਂ ਦਾ ਜੁਗਾੜ ਕਰ ਸਕਣਗੇ।

ਸੋਨੀਆ ਨੇ ਆਪਣਾ ਮੂੰਹ ਨਹੀਂ ਖੋਲ੍ਹਿਆ ਤੇ ਇਸਦੇ ਨਾਲ ਹੀ ਉਸਦੀ ਤਕਦੀਰ ਦਾ ਫ਼ੈਸਲਾ ਹੋ ਗਿਆ। ਕਿਉਂਕਿ ਉੱਥੇ ਚੁੱਪ ਰਹਿਣ ਨੂੰ ਵੀ ਰਜ਼ਾਮੰਦੀ ਹੀ ਸਮਝਿਆ ਜਾਂਦਾ ਹੈ। ਨਿਕਾਹਨਾਮਾ ਤਿਆਰ ਕਰ ਲਿਆ ਗਿਆ ਤੇ ਤੁਰਤ-ਫੁਰਤ ਨਿਕਾਹ ਦੀ ਤਾਰੀਖ਼ ਵੀ ਤੈਅ ਹੋ ਗਈ।

ਸੁਲਤਾਨ ਆਪਣੇ ਪਰਿਵਾਰ ਨੂੰ ਇਹ ਖ਼ਬਰ ਸੁਣਾਉਣ ਲਈ ਘਰ ਵੱਲ ਰਵਾਨਾ ਹੋ ਗਿਆ। ਉਸਦੀ ਬੀਵੀ ਸ਼ਰੀਫ਼ਾਂ, ਉਸਦੀ ਮਾਂ ਤੇ ਭੈਣਾਂ, ਥਾਲੀ ਵਿਚ ਚੌਲ ਤੇ ਪਾਲਕ ਪਰੋਸ ਕੇ ਖਾਣਾਂ ਖਾਣ ਲੱਗੀਆਂ ਸਨ। ਸ਼ਰੀਫ਼ਾਂ ਨੇ ਜਿਵੇਂ ਹੀ ਸੁਲਤਾਨ ਦੀ ਗੱਲ ਸੁਣੀ, ਉਸਨੂੰ ਲੱਗਿਆ ਉਹ ਮਜ਼ਾਕ ਕਰ ਰਿਹਾ ਹੈ ਤੇ ਜਵਾਬ ਵਿਚ ਉੱਚੀ-ਉੱਚੀ ਹੱਸਣ ਲੱਗ ਪਈ ਤੇ ਉਸਨੇ ਇਕ ਚੁਟਕਲਾ ਵੀ ਸੁਣਾਇਆ। ਸੁਲਤਾਨ ਦੀ ਗੱਲ ਨੂੰ ਮਜ਼ਾਕ ਸਮਝ ਕੇ ਉਸਦੀ ਮਾਂ ਨੇ ਵੀ ਉਸਨੂੰ ਹੱਸ ਕੇ ਟਾਲ ਦਿੱਤਾ। ਉਹਨਾਂ ਨੂੰ ਦਰਅਸਲ ਇਹ ਯਕੀਨ ਹੀ ਨਹੀਂ ਸੀ ਕਿ ਸੁਲਾਤਨ ਬਿਨਾਂ ਉਹਨਾਂ ਦੀ ਰਜ਼ਾਮੰਦੀ ਦੇ ਸ਼ਾਦੀ ਕਰ ਰਿਹਾ ਹੈ। ਭੈਣਾਂ ਦੇ ਹੋਸ਼ ਹੀ ਉੱਡ ਗਏ ਸਨ।

ਉਸਦੀ ਗੱਲ ਉੱਤੇ ਤਦ ਤਕ ਕਿਸੇ ਨੇ ਯਕੀਨ ਨਹੀਂ ਕੀਤਾ, ਜਦ ਤਕ ਉਸਨੇ ਲਾੜੀ ਦੇ ਮਾਂ-ਬਾਪ ਦੁਆਰਾ ਲਾੜਾ ਰੋਕਣ ਦੇ ਸਬੂਤ ਵਜੋਂ ਦਿੱਤੇ ਜਾਣ ਵਾਲਾ ਰੁਮਾਲ ਤੇ ਮਠਿਆਈ ਨਹੀਂ ਦਿਖਾਈ।

ਸ਼ਰੀਫ਼ਾਂ 20 ਦਿਨ ਤਕ ਰੋਂਦੀ ਰਹੀ। "ਮੇਰਾ ਕਸੂਰ ਕੀ ਏ? ਐਨੀ ਬੇਇੱਜ਼ਤੀ? ਤੁਸੀਂ ਮੈਥੋਂ ਨਾਖ਼ੁਸ਼ ਕਿਓਂ ਓਂ?"

ਸੁਲਤਾਨ ਨੇ ਉਸਨੂੰ, ਆਪਣੇ-ਆਪ ਨੂੰ ਸੰਭਾਲਨ ਲਈ ਕਿਹਾ। ਪਰਿਵਾਰ ਵਿਚ ਕੋਈ ਵੀ ਉਸਦੇ ਨਾਲ ਨਹੀਂ ਸੀ। ਉਸਦੇ ਸਕੇ ਪੁੱਤਰ ਤਕ ਨਾਰਾਜ਼ ਸਨ। ਇਸਦੇ ਬਾਵਜੂਦ ਕਿਸੇ ਦੀ, ਉਸਦਾ ਸਾਹਮਣਾ ਕਰਨ ਦੀ ਮਜ਼ਾਲ ਨਹੀਂ ਸੀ—ਉਹ ਹਮੇਸ਼ਾ ਆਪਣੇ ਮਨ-ਆਈ ਕਰਦਾ ਸੀ।

ਸ਼ਰੀਫ਼ਾਂ ਪੂਰੀ ਤਰ੍ਹਾਂ ਟੁੱਟ ਗਈ ਸੀ। ਉਸਨੂੰ ਸਭ ਤੋਂ ਵੱਧ ਅਫ਼ਸੋਸ ਇਸ ਗੱਲ ਦਾ ਸੀ ਕਿ ਉਸਦੇ ਸ਼ੌਹਰ ਨੇ ਇਕ ਅਣਪੜ੍ਹ ਨੂੰ ਪਸੰਦ ਕੀਤਾ ਸੀ, ਜਿਸਨੂੰ ਮੁੱਢਲੀ ਤਾਲੀਮ ਵੀ ਹਾਸਲ ਨਹੀਂ ਸੀ। ਸ਼ਰੀਫ਼ਾਂ ਫ਼ਾਰਸੀ ਜ਼ਬਾਨ ਦੀ ਮਾਹਰ ਅਧਿਆਪਕਾ ਰਹੀ ਸੀ। ਉਸਨੇ ਰੋਂਦਿਆਂ ਹੋਇਆ ਪੁੱਛਿਆ, "ਉਸ ਵਿਚ ਅਜਿਹਾ ਕੀ ਏ, ਜਿਹੜਾ ਮੇਰੇ ਵਿਚ ਨਹੀਂ?"



ਸੁਲਤਾਨ ਉੱਤੇ ਆਪਣੀ ਬੀਵੀ ਦੇ ਹੰਝੂਆਂ ਦਾ ਕੋਈ ਅਸਰ ਨਹੀਂ ਹੋਇਆ।

ਉਸਦੀ ਮੰਗਣੀ ਦੀ ਦਾਵਤ ਵਿਚ ਵੀ ਕੋਈ ਸ਼ਾਮਲ ਨਹੀਂ ਸੀ ਹੋਣਾ ਚਾਹੁੰਦਾ। ਪਰ ਸ਼ਰੀਫ਼ਾਂ ਨੂੰ ਕੌੜਾ ਘੁੱਟ ਭਰ ਕੇ ਦਾਵਤ ਲਈ ਕੱਪੜੇ ਬਦਲ ਕੇ ਤਿਆਰ ਹੋਣਾ ਪਿਆ।

ਸੁਲਤਾਨ ਨੇ ਦੋ-ਟੁੱਕ ਸ਼ਬਦਾਂ ਵਿਚ ਕਿਹਾ, "ਤੈਨੂੰ ਸਭ ਦੇ ਸਾਹਵੇਂ ਦਿਖਾਉਣਾ ਪਏਗਾ ਕਿ ਤੂੰ ਰਜ਼ਾਮੰਦ ਏਂ, ਮੈਂ ਤੇਰੀ ਮਰਜ਼ੀ ਨਾਲ ਇਹ ਕਰ ਰਿਹਾ ਆਂ। ਅਗੋਂ ਵੀ ਅਸੀਂ ਇਸੇ ਛੱਤ ਹੇਠ ਇਕੱਠੇ ਰਹਾਂਗੇ ਤੇ ਤੈਨੂੰ ਸੋਨੀਆ ਨੂੰ ਅਪਣਾਉਣਾ ਪਏਗਾ।" ਸ਼ਰੀਫ਼ਾਂ ਹਮੇਸ਼ਾ ਆਪਣੇ ਪਤੀ ਦੀ ਗੱਲ ਮੰਦੀ ਸੀ ਤੇ ਹੁਣ ਵੀ, ਇਸ ਸਭ ਤੋਂ ਮਾੜੇ ਸਮੇਂ ਵਿਚ, ਜਦੋਂ ਉਸਨੂੰ ਆਪਣੇ ਸ਼ੌਹਰ ਨੂੰ ਕਿਸੇ ਹੋਰ ਨੂੰ ਸੌਂਪਣਾ ਪੈ ਰਿਹਾ ਸੀ, ਉਸਨੇ ਓਵੇਂ ਹੀ ਕੀਤਾ। ਸੁਲਤਾਨ ਨੇ ਇਹ ਸ਼ਰਤ ਵੀ ਰੱਖ ਦਿੱਤੀ ਕਿ ਉਸਦੀ ਤੇ ਸੋਨੀਆ ਦੀ ਉਂਗਲ ਵਿਚ ਮੰਗਣੀ ਦੀ ਅੰਗੂਠੀ ਸ਼ਰੀਫ਼ਾਂ ਹੀ ਪਾਵੇਗੀ।

ਸ਼ਾਦੀ ਦਾ ਪੈਗ਼ਾਮ ਮੰਜ਼ੂਰ ਹੋ ਜਾਣ ਤੋਂ 20 ਦਿਨ ਬਾਅਦ ਮੰਗਣੀ ਦੀ ਰਸਮ ਕੀਤੀ ਗਈ। ਸ਼ਰੀਫ਼ਾਂ ਨੇ ਹਿੰਮਤ ਸਮੇਟ ਕੇ ਆਪਣੇ-ਆਪ ਨੂੰ ਸੰਭਾਲਿਆ, ਹਾਲਾਂਕਿ ਉਸਦੀਆਂ ਰਿਸ਼ਤੇਦਾਰ ਔਰਤਾਂ ਨੇ ਉਸਦਾ ਮਨੋਬਲ ਤੋੜਨ ਵਿਚ ਕੋਈ ਕਸਰ ਨਹੀਂ ਸੀ ਛੱਡੀ। ਉਹਨਾਂ ਦਾ ਕਹਿਣਾ ਸੀ, "ਤੇਰੇ ਲਈ ਇਹ ਹਾਲਤਾ ਕਿੰਨੇ ਭਿਆਨਕ ਨੇ। ਉਸਨੇ ਤੇਰੇ ਨਾਲ ਕਿੰਨਾ ਮਾੜਾ ਸਲੂਕ ਕੀਤਾ ਏ, ਤੈਨੂੰ ਕਿੰਨਾ ਬੁਰਾ ਲੱਗ ਰਿਹਾ ਹੋਏਗਾ।"

ਸ਼ਾਦੀ ਦੀ ਰਸਮ, ਮੰਗਣੀ ਦੇ ਦੋ ਮਹੀਨੇ ਬਾਅਦ, ਮੁਸਲਮਾਨਾਂ ਦੇ ਨਵੇਂ ਸਾਲ ਦੇ ਮੌਕੇ 'ਤੇ ਨਿੱਬੜੀ। ਪਰ ਸ਼ਰੀਫ਼ਾਂ ਸ਼ਾਦੀ ਵਿਚ ਸ਼ਾਮਲ ਨਹੀਂ ਹੋਈ।

ਉਸਨੇ ਆਪਣੇ ਸ਼ੌਹਰ ਨੂੰ ਕਿਹਾ, "ਮੈਂ ਇਹ ਬਰਦਾਸ਼ਤ ਨਹੀਂ ਕਰ ਸਕਦੀ।"

ਘਰ ਦੀਆਂ ਔਰਤਾਂ ਨੇ ਵੀ ਸ਼ਰੀਫ਼ਾਂ ਦਾ ਸਾਥ ਦਿੱਤਾ। ਕਿਸੇ ਨੇ ਵੀ ਨਾ ਤਾਂ ਨਵੀਂ ਪੋਸ਼ਾਕ ਖ਼ਰੀਦੀ ਤੇ ਸ਼ਾਦੀ ਦੇ ਮੌਕੇ 'ਤੇ ਆਮ ਤੌਰ 'ਤੇ ਸਜਨ-ਸਜਾਉਣ ਦੇ ਸ਼ੌਕ ਤੋਂ ਵੀ ਇਸ ਵਾਰੀ ਉਹਨਾਂ ਨੇ ਪ੍ਰਹੇਜ਼ ਕੀਤਾ। ਉਹਨਾਂ ਨੇ ਸਾਦੇ ਲਿਬਾਸ ਤੇ ਬਣਾਉਟੀ ਮੁਸਕੁਰਾਹਟਾਂ ਦੇ ਨਾਲ ਸ਼ਾਦੀ ਦੀਆਂ ਰਸਮਾਂ ਨਿਭਾਈਆਂ। ਇਸ ਉਸ ਠੁਕਰਾਈ ਹੋਈ ਬੀਵੀ ਲਈ ਮੂਕ ਸਮਰਥਨ ਸੀ ਜਿਹੜੀ ਹੁਣ ਸੁਲਤਾਨ ਦੇ ਬਿਸਤਰੇ 'ਤੇ ਨਹੀਂ ਸੰਵੇਗੀ। ਇਹ ਬਿਸਤਰਾ ਹੁਣ ਜਵਾਨ, ਸਹਮੀ ਹੋਈ ਦੁਲਹਨ ਦਾ ਸੀ—ਪਰ ਉਹਨਾਂ ਸਾਰਿਆਂ ਨੂੰ, ਮੌਤ ਆਉਣ ਤਕ, ਇਕੋ ਛੱਤ ਹੇਠ ਇਹ ਸਭ ਬਰਦਾਸ਼ਤ ਕਰਨਾ ਪੈਣਾ ਸੀ।


**ਨ੍ਰਿਪਇੰਦਰ ਰਤਨ ਦੀਆਂ ਦੋ ਗਲਪ ਪੁਸਤਕਾਂ**

**ਮੇਰੀ ਪਹਿਲੀ ਕਮਾਈ**

**ਪੰਨੇ : 166 ਮੁੱਲ : 200 ਰੁ:**

**ਇਕ ਦਰਵੇਸ਼ ਮੰਤਰੀ**

**ਪੰਨੇ : 174 ਮੁੱਲ : 200 ਰੁ:**

**ਚੇਤਨਾ ਪ੍ਰਕਾਸ਼ਨ, ਲੁਧਿਆਣਾ**

# ਰਿਸ਼ਤਿਆਂ ਦੀ ਲੋਅ/ਬਲਬੀਰ ਸੰਘੇੜਾ

ਸਵੇਰੇ ਛੇ ਵਜੇ ਮੇਰੀ ਅੱਖ ਖੁੱਲ੍ਹ ਗਈ। ਛੁੱਟੀ ਹੋਣ ਕਾਰਨ ਮੈਂ ਸੌਣਾ ਚਾਹੁੰਦੀ ਸਾਂ। ਥੋੜਾ ਚਿਰ ਲੰਮੀ ਵੀ ਪਈ ਰਹੀ। ਨੀਂਦ ਸੀ ਜਿਵੇਂ ਉੱਡ-ਪੁੱਡ ਗਈ ਹੋਵੇ। ਮੈਂ ਉੱਠੀ, ਸ਼ਾਵਰ ਲਿਆ ਅਤੇ ਹੇਠਾਂ ਆ ਕੇ ਚਾਹ ਬਣਾਉਣ ਲੱਗ ਪਈ। ਦਿਲ ਕੀਤਾ ਦੇਸੀ ਚਾਹ ਕਾੜ੍ਹ ਕੇ ਬਣਾਵਾਂ। ਸੌਂਫ, ਜਵੈਣ, ਲੌਂਗ, ਇਲਾਚੀ ਪਾ ਕੇ। ਫੇਰ ਸੋਚਿਆ ਐਡਾ ਵੱਡਾ ਝੰਝਟ ਕਾਹਨੂੰ ਕਰਨਾ ਹੈ। ਮੈਂ ਟੀ-ਬੈਗ ਚੁੱਕਿਆ ਅਤੇ ਗਰਮ ਪਾਣੀ ਪਾਇਆ, ਚੁਟਕੀ ਖੰਡ ਦੀ ਪਾਈ, ਚੂਲੀ ਕੁ ਦੁੱਧ ਮਿਲਾਇਆ, ਤੇ ਚਾਹ ਬਣ ਗਈ। ਮੈਂ ਗਰਮ ਕੱਪ ਲੈ ਕੇ ਆਪਣੇ ਫੈਮਿਲੀ ਰੂਮ ਵਿਚ ਆ ਬੈਠੀ। ਮਨ ਵਿਚ ਖਿਆਲ ਆਇਆ, ਗੋਰੇ ਵਕਤ ਨੂੰ ਬਚਾਉਣ ਲਈ ਹੀ ਇਸ ਤਰ੍ਹਾਂ ਦੇ ਛੰਗਣ-ਮੰਗਣ ਕਰਦੇ ਹੋਣਗੇ। ਵੈਸੇ ਵੀ ਹੁਣ ਕਿੱਥੇ ਸਮਾਂ ਰਿਹਾ ਕਿ ਬੰਦਾ ਸਾਰਾ ਵਕਤ ਨਿੱਕੇ-ਨਿੱਕੇ ਕੰਮਾਂ ਦੇ ਲੇਖੇ ਲਾਵੇ। ਕੰਮ ਐਨੇ ਵੱਧ ਗਏ ਹਨ ਕਿ ਬੰਦੇ ਨੂੰ ਸੁਰਤ ਹੀ ਨਹੀਂ ਆਉਂਦੀ। ਅਜ ਦੇ ਸਮੇਂ ਹਰ ਕੰਮ, ਖਾਣਾ, ਸਭ ਇੰਨਸਟੈਂਟ ਕਰਨ ਦੀ ਲੋੜ ਹੈ। ਜਿਵੇਂ ਬੱਚੇ ਕਰਦੇ ਹਨ। ਕੰਮ ਉੱਤੇ ਜਾਵੋ, ਜਾਂਦੇ-ਜਾਂਦੇ ਫਾਸਟ ਫੂਡ ਫੜਦੇ ਜਾਵੋ। ਬੈਠ ਕੇ ਖਾਣ ਦਾ ਕਿਸੇ ਕੋਲ ਵਕਤ ਨਹੀਂ ਰਿਹਾ। ਡਰਾਈਵ ਕਰਦੇ ਜਾਂ ਕੰਮ ਕਰਦੇ ਹੀ ਖਾ ਲਵੋ। ਨਾ ਖਾਣਾ ਹਜ਼ਮ ਹੋਵੇ ਤੇ ਨਾ ਸਿਹਤ ਚੰਗੀ ਰਹੇ। ਕੀ ਹਾਲ ਹੋ ਰਿਹਾ ਹੈ ਦੁਨੀਆਂ ਦਾ? ਮੈਂ ਜਿਵੇਂ ਸੋਚੀ ਜਾ ਰਹੀ ਸਾਂ।

ਮੇਰੇ ਵਿੰਡੋ ਵਿੱਚੀਂ ਸੂਰਜ ਦੀ ਪਹਿਲੀ ਕਿਰਨ ਨੇ ਜਿਵੇਂ ਦਸਤਕ ਦਿੱਤੀ। ਮੇਰੇ ਘਰ ਦੇ ਖੱਬੇ ਹੱਥ ਸੂਰਜ ਦੀ ਲਾਲੀ ਅਸਮਾਨ ਉੱਤੇ ਵਿੱਛੀ ਪਈ ਸੀ। ਸ਼ਾਇਦ ਬਹੁਤ ਦੇਰ ਕੈਨੇਡਾ ਰਹਿਣ ਕਾਰਨ, ਇਸ ਸਵੇਰ ਦੇ ਉੱਗੇ ਸੂਰਜ ਨੂੰ ਮਾਨਣ ਦਾ ਮੌਕਾ ਵੀ ਕਦੇ-ਕਦਾਈਂ ਮਿਲਦਾ ਹੋਣ ਕਾਰਨ, ਮੇਰੀਆਂ ਅੱਖਾਂ ਇਸਨੂੰ ਆਪਣੇ ਵਿਚ ਸਮੋ ਲੈਣਾ ਚਾਹੁੰਦੀਆਂ ਸਨ। ਕੋਈ ਵੇਲਾ ਸੀ ਜਦੋਂ ਮੈਂ ਕੰਮ ’ਤੇ ਜਾਂਦੀ ਸਾਂ, ਨਾਲ਼ ਦੇ ਪਿੰਡ ‘ਮੈਡੋਵੇਲ ਵਿਲੇਜ਼’ ਵਿਚੀਂ ਗੁਜ਼ਰਦਿਆਂ, ਸੂਰਜ ਕਾਰ ਦੇ ਸ਼ੀਸ਼ਿਆਂ ਵਿੱਚੀਂ ਝਾਤੀਆਂ ਮਾਰਦਾ, ਜਿਵੇਂ ਮੈਨੂੰ ਸਲਾਮ ਕਰਨ ਆਉਂਦਾ ਹੋਵੇ। ਸਾਰੇ ਦਿਨ ਦੇ ਸੂਰਜ ਦਾ ਜਲਾਲ ਉਹ ਨਾ ਹੁੰਦਾ ਜਿਹੜਾ ਸਵੇਰ ਵੇਲੇ ਹੁੰਦਾ। ਕਈ ਵੇਰ ਮੈਂ ਖੜੋ ਕੇ ਪਿੰਡ ਦੇ ਉੱਤਰ ਵੱਲ ਛੋਟੇ ਜਿਹੇ ਫੌਰੈਸਟ ਵੱਲ ਝਾਤੀ ਮਾਰਦੀ ਤਾਂ ਜਾਪਦਾ ਜਿਵੇਂ ਕੁਦਰਤ ਨੇ ਆਪਣੇ ਸੱਤਾਂ ਰੰਗਾਂ ਦੀ ਚਾਦਰ ਵਿਛਾ ਦਿੱਤੀ ਹੋਵੇ। ਲੋਹੇ ਦੇ ਹਰੇ ਪੁੱਲ਼ ਕੋਲ ਮੈਂ ਆਪਣੀ ਕਾਰ ਅਕਸਰ ਖੜੀ ਕਰ ਲੈਂਦੀ ਅਤੇ ਰੁਮਕਦੀ ਹਵਾ ਵਿਚ ਖਿੱਚ ਕੇ ਸਾਹ ਲੈਂਦੀ ਤੇ ਉਸ ਨਜ਼ਾਰੇ ਨੂੰ ਮਾਣਦੀ। ਨਿੱਕੀਆਂ-ਨਿੱਕੀਆਂ ਹਿਰਨੀਆਂ, ਖਰਗੋਸ਼ ਭੱਜੇ ਫਿਰਦੇ। ਪੁੱਲ਼ ਹੇਠਾਂ ਵੱਗਦੇ ‘ਕਰੈਡਿਟ ਰਿਵਰ’ ਦਾ ਪਾਣੀ ਛਣ-ਛਣ ਕਰਦਾ ਰਾਗ ਅਲਾਪਦਾ ਜਾਪਦਾ। ਮੈਨੂੰ ਜ਼ਿੰਦਗੀ ਦਾ ਹਰ ਦੁੱਖ ਇੱਥੋਂ ਦੀ ਤਾਜ਼ੀ ਹਵਾ ਵਿਚ ਆ ਕੇ ਭੁੱਲ ਜਾਂਦਾ।

.... ਤੇ ਹੁਣ ਜਿਵੇਂ ਕਿਸੇ ਦਾ ਵੀ ਇੱਧਰ ਧਿਆਨ ਨਾ ਰਿਹਾ ਹੋਵੇ। ਗਲੋਬਲ ਤਬਦੀਲੀ ਨੇ ਪਿੰਡ ਨੂੰ ਲਾਂਭੇ ਕਰਕੇ ਸੜਕਾਂ ਦਾ ਘੇਰਾ ਉਸ ਪਿੰਡ ਦੇ ਦੁਆਲ਼ੇ ਵਿਛਾ ਦਿੱਤਾ ਹੈ। ਪਿੰਡ ਜਿਵੇਂ ਗੁਆਚ ਗਿਆ ਹੈ। ਜਿਵੇਂ ਹਰ ਬੰਦਾ ਟੱਬਰ ਵਿੱਚੋਂ ਗੁਆਚ



ਗਿਆ ਜਾਪਦਾ ਹੈ। ਇਹ ਵੀ ਹੋ ਸਕਦੈ ਇਸ ਪਿੰਡ ਨੂੰ ਮਿਸੀਸਾਗਾ ਸ਼ਹਿਰ ਨੇ ਖਾ ਲਿਆ ਹੋਵੇ। ਜਿਵੇਂ ਟੱਬਰਾਂ ਦੇ ਟੱਬਰ ਅਜ ਗਲੋਬਲ ਮੰਡੀ ਨੇ ਖਾ ਲਏ।

ਕਹਿੰਦੇ ਐ, ਟਰੈਫ਼ਿਕ ਵੱਧ ਗਿਆ ਹੈ। ਕਾਊਂਸਲ ਵਿਚਾਰੀ ਕੀ ਕਰਦੀ? ਇਸ ਲਈ ਪਿੰਡ ਨੂੰ ਪਾਸੇ ਕਰਕੇ ਆਉਣ ਜਾਣ ਵਾਲਿਆਂ ਦੀ ਸੁਵਿਧਾ ਵਾਸਤੇ ਚੌੜੀਆਂ ਸੜਕਾਂ ਦੀ ਲੋੜ ਸੀ। ਉਹ ਨਿੱਕਾ ਜਿਹਾ ਫੌਰੈਸਟ ਵੀ ਕੱਟ-ਵੱਢ ਕੇ ਉੱਥੇ ਘਰਾਂ ਦੀ ਡਿਵੈਲਮੈਂਟ ਹੋ ਗਈ ਅਤੇ ਨਵੇਂ ਘਰ ਬਣ ਗਏ। ਕੋਈ ਮਹਿਸੂਸ ਹੀ ਨਹੀਂ ਕਰ ਸਕਦਾ ਕਿ ਕਿਸੇ ਵੇਲੇ ਇੱਥੇ ਐਨਾ ਸੁੰਦਰ ਵਾਤਾਵਰਣ ਹੋਵੇਗਾ। ਪਿੰਡ ਦੇ ਲੋਕ ਇਕ ਦੂਜੇ ਨੂੰ ਜਾਣਦੇ, ਗੱਲਾਂ ਕਰਦੇ ਹੁਣ ਸ਼ਹਿਰੀਕਰਨ ਦੇ ਕਲਾਵੇ ਵਿਚ ਆਏ, ਗੁਆਚ ਜਿਹੇ ਗਏ ਹਨ। ਪੁਰਾਣੇ ਘਰਾਂ ਦੇ ਦੁਆਲ਼ੇ ਵੀ ਨਵੇਂ ਘਰਾਂ ਦਾ ਜੰਗਲ ਵਿੱਛ ਗਿਆ ਹੈ। ਇੱਕ ਦੂਜੇ ਦੇ ਦੁੱਖ-ਸੁੱਖ ਦੀ ਸਾਂਝ ਨਹੀਂ ਰਹੀ। ਵਣ-ਵਣ ਦੀ ਲਕੜੀ ਆਣ ਵੱਸੀ ਹੈ। ਮੇਰੀਆਂ ਸੋਚਾਂ ਦੇ ਕਾਫ਼ਲੇ ਵੀ ਜਿਵੇਂ ਉਸੇ ਥਾਂ ਗੁਆਚੇ ਰਹਿੰਦੇ ਹਨ।

.... ਤੇ ਉਹੀ ਸੋਚਾਂ ਜਿਵੇਂ ਮੇਰੇ ਮਨ ਦੇ ਕੋਨੇ ਫਰੋਲਦੀਆਂ, ਮੇਰੇ ਦੁਆਲ਼ੇ ਘੇਰਾ ਘੱਤ ਕੇ ਬੈਠ ਜਾਂਦੀਆਂ ਹਨ। ਮੇਰੀ ਧੀ ਸੀਮਾ ਕਹਿੰਦੀ ਹੈ, “ਮੌਮ! ਆਪਣੇ ਆਪ ਨੂੰ ਬਿਜ਼ੀ ਰੱਖੋ। ਲਾਇਬਰੇਰੀ ਜਾਓ। ਦੋਸਤਾਂ ਨੂੰ ਮਿਲੋ। ਗੱਲਾਂ ਕਰੋ। ਸੀਨੀਅਰ ਸਿਟੀਜ਼ਨ ਦੇ ਕਲੱਬ ਵਿਚ ਜਾਓ। ਕੋਈ ਹੌਬੀ ਅਪਣਾਓ। ਘੁੰਮੋ ਫਿਰੋ। ਇੰਜੁਆਏ ਕਰੋ। ਰਿਟਾਇਰਮੈਂਟ ਹੁੰਦੀ ਕਿਸ ਵਾਸਤੇ ਹੈ? ਬੱਚਿਆਂ ਵੱਲ ਨਾ ਤੱਕੋ। ਸਾਡੇ ਕੋਲ ਤਾਂ ਜੀਣ-ਥੀਣ ਲਈ ਵਕਤ ਨਹੀਂ। ਭੱਜ-ਭੱਜ ਮਰੀਦਾ ਹੈ। ਕੰਮ ਕਰੀਏ, ਨਿਆਣੇ ਸਾਂਭੀਏ, ਡਿਨਰ ਬਣਾਈਏ ਜਾਂ ਤੁਹਾਨੂੰ ਸਾਂਭੀਏ? ਟੈਲ ਮੀ ਮੌਮ ਆਵਰ ਲਾਈਫ਼ ਇਜ਼ ਸੋ ਡਿਫੀਕਲਟ ਐਂਡ ਕੰਪਲੀਕੇਟਿਡ?”

“ਸ਼ੂਅਰ ਹਨ।” ਆਖ ਦਿੰਦੀ ਹਾਂ, ਪਰ ਕਿੱਥੇ? ਮੇਰਾ ਜਿਵੇਂ ਕਿਸੇ ਚੀਜ਼ ਵਿਚ ਮਨ ਨਹੀਂ ਲਗਦਾ। ਸੋਚਾਂ ਜਿਵੇਂ ਮੇਰਾ ਖਹਿੜਾ ਨਹੀਂ ਛੱਡਦੀਆਂ। ਕੋਈ ਮੇਰੇ ਕੋਲ ਹੋਵੇ ਤਾਂ ਗੱਲਾਂ-ਬਾਤਾਂ ਵਿਚ ਵਕਤ ਨਿੱਕਲ ਜਾਵੇ। ਮੈਨੂੰ ਇਉਂ ਲਗਦੈ, ਜਿਵੇਂ ਮੈਂ ਹੁਣ ਕੰਧਾਂ ਨਾਲ਼ ਗੱਲਾਂ ਕਰਨ ਦੀ ਆਦੀ ਹੋ ਗਈ ਹੋਵਾਂ। ਸ਼ਾਇਦ ਸੋਚਾਂ ਦੇ ਕਾਫ਼ਲੇ ਮੇਰੇ ਘਰ ਦੀ ਦਹਿਲੀਜ਼ ਪਾਰ ਕਰਕੇ ਤੁਰੇ ਆਉਂਦੇ ਰਹਿੰਦੇ ਹੋਣ। ਤੇ ਮੇਰੇ ਘਰ ਹੀ ਘੇਰਾ ਘੱਤ ਕੇ ਬੈਠ ਜਾਂਦੇ ਹੋਣ।

ਮੈਂ ਚਾਹ ਦਾ ਘੁੱਟ ਭਰਦਿਆਂ ਸੋਚਦੀ ਹਾਂ, ਬੰਦਾ ਕਿੰਨਾ ਖੁਦਗਰਜ਼ ਹੋਈ ਜਾ ਰਿਹਾ ਹੈ। ਵਿਸ਼ਵੀਕਰਨ ਨੇ ਮਨੁੱਖ ਨੂੰ ਮਨੁੱਖ ਨਾਲੋਂ ਤਾਂ ਤੋੜਿਆ ਹੀ ਹੈ ਪਰ ਕੁਦਰਤ ਨਾਲੋਂ ਵੀ ਤੋੜ ਕੇ ਰੱਖ ਦਿੱਤਾ ਹੈ। ਸਾਨੂੰ ਨਿੱਕੀਆਂ-ਨਿੱਕੀਆ ਖੁਸ਼ੀਆਂ ਦਾ ਜਿਵੇਂ ਚੇਤਾ ਹੀ ਭੁੱਲ ਗਿਆ ਹੈ। ਕਿਸੇ ਨੂੰ ਚੜ੍ਹਦੇ-ਲਹਿੰਦੇ ਦਾ ਪਤਾ ਹੀ ਨਹੀਂ ਲਗਦਾ। ਹਰ ਕੋਈ ਦੌੜਿਆ ਫਿਰਦਾ ਹੈ। ਨਜ਼ਰ ਦੀ ਟਿਕਟਿਕੀ ਬੱਸ ਕੰਮ ਦੀ ਸੇਧ ’ਤੇ ਹੈ। ਮੇਰਾ ਮੁੰਡਾ ‘ਰਮਨ’ ਉੱਠਦਾ ਹੈ, ਭੱਜ-ਭੱਜ ਤਿਆਰ ਹੋ ਕੇ ਕਾਰ ਦੁੜਾ ਕੇ ਲੈ ਜਾਂਦਾ ਹੈ। ਉਸਦੀ ਘਰ ਵਾਲੀ ‘ਨੀਨਾ’ ਇਸ ਤਰ੍ਹਾਂ ਤੁਰੀ ਫਿਰਦੀ ਹੈ ਜਿਵੇਂ ਸਾਰੀ ਦੁਨੀਆ ਦਾ ਭਾਰ ਉਸੇ ਨੇ ਚੁੱਕਿਆ ਹੋਇਆ ਹੋਵੇ। ਵੱਡੇ ਮੰਮੀ ਭਾਵ ਮੇਰੀ ਸੱਸ ਜਦੋਂ ਜਿਉਂਦੇ ਸਨ ਤਾਂ ਉਹ ਕਿਹਾ ਕਰਦੇ ਸਨ ਕਿ, “ਨੀਨਾ ਦਾ ਹਾਲ ਤਾਂ ਇਹ ਹੈ, ਜਿਵੇਂ ਟਟੀਹਰੀ ਕਹਿੰਦੀ ਹੋਵੇ ਕਿ ਮੇਰੀਆਂ ਲੱਤਾਂ ਨੇ ਹੀ ਅਸਮਾਨ ਦਾ ਭਾਰ ਚੁੱਕਿਆ ਹੋਇਐ। ਤੇ ਨੀਨਾ ਵੀ ਇਸੇ ਤਰ੍ਹਾਂ ਹੈ ਜਿਵੇਂ ਸਾਰਾ ਕੈਨੇਡਾ ਇਸਨੇ ਸੰਭਾਲਿਆ ਹੋਵੇ।”

ਉਨ੍ਹਾਂ ਦੀ ਇਸ ਗੱਲ ਤੋਂ ਮੈਂ ਹੱਸ ਛੱਡਦੀ ਸਾਂ। ਤੇ ਹੁਣ ਮੈਨੂੰ ਵੀ ਇੰਜ ਹੀ ਲੱਗਣ ਲੱਗ ਪਿਆ ਹੈ। ਇੱਕਲੀ 'ਨੀਨਾ' ਹੀ ਨਹੀਂ, ਕਈ ਸਾਰੀਆਂ 'ਨੀਨਾ' ਦਾ ਇਹੀ ਹਾਲ ਹੈ।

ਅੰਦਰੋਂ ਟੀਸ ਉੱਠਦੀ ਹੈ। ਮੈਨੂੰ ਜਿਵੇਂ ਮੇਰੀ 'ਨੀਨਾ' ਦੇ ਫਿਊਚਰ ਦਾ ਫ਼ਿਕਰ, ਮੇਰੀਆਂ ਹਿੱਕ ਦੀਆਂ ਨਾੜਾਂ ਨੂੰ ਇੱਕਠੀਆਂ ਕਰੀ ਜਾਂਦਾ ਹੈ। ਪਰ ਸਵੈ ਹੋਂਦ ਭਾਵ ਇੰਡੀਵਿਯੂਲਿਜ਼ਮ ਨੇ ਘਰ, ਘਰ ਨਹੀਂ ਰਹਿਣ ਦਿੱਤੇ। ਸ਼ਾਇਦ ਇਸੇ ਕਾਰਨ ਮੇਰਾ ਘਰ ....।

ਹੁਣ ਤਾਂ ਚੇਤੇ ਦੀ ਸਲੇਟ ਵੀ ਧੁੰਦਲੀ ਜਿਹੀ ਹੋ ਗਈ ਜਾਪਦੀ ਹੈ। ਪਰ ਮੈਨੂੰ ਪਹਿਲੇ ਦਿਨ ਕਦੀ ਨਹੀਂ ਭੁੱਲਦੇ। ਮੈਨੂੰ ਇੱਥੇ ਆਈ ਨੂੰ ਥੋੜੇ ਜਿਹੇ ਦਿਨ ਹੋਏ ਸਨ ਜਦੋਂ ਮਿੰਦਰ ਕਹਿਣ ਲੱਗਾ, "ਚੱਲ ਉੱਠ ਭਲੀਏ ਲੋਕੇ! ਚਾਰ ਪਰੌਂਠੇ ਲਾਹ ਲੈ। ਆਪਾਂ ਇਕੱਠੇ ਕੰਮ ਤੇ ਚਲੇ ਜਾਇਆ ਕਰਾਂਗੇ। ਮੈਂ ਤੇਰੇ ਲਈ ਵੀ ਮੈਨੇਜਰ ਤੋਂ ਕੰਮ ਪੁੱਛ ਲਿਆ ਹੈ। ਉਸਨੇ ਤੈਨੂੰ ਅਜ ਆਉਣ ਨੂੰ ਕਿਹੈ। ਕਿੰਨਾ ਚੰਗਾ ਹੋਇਐ ਨਾ? ਤੂੰ ਵੀ ਮੇਰੇ ਨਾਲ਼ ਹੀ ਕੰਮ 'ਤੇ ਚਲੀ ਚੱਲਿਆ ਕਰੀਂ। ਕਿਰਾਇਆ-ਭਾੜਾ ਵੀ ਬਚੂ।"

"ਕੰਮ?" ਮੇਰੀਆਂ ਅੱਖਾਂ ਅੱਡੀਆਂ ਰਹਿ ਗਈਆਂ ਸਨ।

"ਹੋਰ ਕੀ। ਸ਼ੁਕਰ ਕਰ ਤੈਨੂੰ ਐਡੀ ਛੇਤੀਂ ਕੰਮ ਮਿਲ ਗਿਆ। ਉਹ ਵੀ ਮੇਰੇ ਕਰਕੇ। ਕੰਮ ਉੱਤੇ ਮੇਰੀ ਚੰਗੀ ਭਲ ਬਣੀ ਹੋਈ ਐ। ਮੈਨੇਜਰ ਬਹੁਤ ਮੰਨਦਾ ਮੈਨੂੰ। ਇਸ ਲਈ ਉਸਨੇ ਤੈਨੂੰ ਕੰਮ ਦੇਣ ਨੂੰ ਝੱਟ ਹਾਂਅ ਕਰ ਦਿੱਤੀ ਐ। ਆਪਾਂ ਦੋਵੇਂ ਕਮਾਵਾਂਗੇ ਅਤੇ ਚੰਗਾ ਘਰ-ਘਾਟ ਬਣਾ ਲਵਾਂਗੇ। ਪਿੱਛਾ ਵੀ ਸੁਆਰਾਂਗੇ"

ਮਿੰਦਰ ਦੇ ਆਖੇ ਸ਼ਬਦ ਜਿਵੇਂ ਮੇਰੇ ਸਿਰ ਵਿਚ ਹਥੌੜੇ ਵਾਂਗ ਵੱਜੇ ਸਨ। ਮੈਨੂੰ ਇਹ ਤਾਂ ਪਤਾ ਹੀ ਨਹੀਂ ਸੀ ਕਿ ਕੈਨੇਡਾ ਆਕੇ ਮੈਨੂੰ ਵੀ ਕੰਮ ਕਰਨਾ ਪੈਣਾ। ਮੈਂ ਪਿਓ ਦੇ ਘਰ ਨੌਕਰਾਂ 'ਚ ਪਲ਼ੀ, ਕਦੀ ਡੱਕਾ ਦੂਹਰਾ ਨਹੀਂ ਸੀ ਕੀਤਾ। ਆਪਣੀ ਸਕੂਟੀ ਚੁੱਕੀ, ਕਾਲਜ ਚਲੀ ਗਈ।

ਮੈਂ ਬਾਹਰ ਆਉਣਾ ਚਾਹੁੰਦੀ ਸਾਂ, ਬਾਹਰ ਦੀਆਂ ਗੱਲਾਂ ਸਹੇਲੀਆਂ-ਰਿਸ਼ਤੇਦਾਰਾਂ ਤੋਂ ਬਹੁਤ ਸੁਣੀਆਂ ਹੋਈਆਂ ਸਨ। ਹਰ ਕੋਈ ਕੈਨੇਡਾ-ਅਮਰੀਕਾ ਦੇ ਗੁਣਗਾਨ ਕਰ ਰਿਹਾ ਸੀ। ਪੰਜਾਬ ਵਿੱਚ ਜਿਵੇਂ ਘਰਾਂ ਦੇ ਘਰ ਬਾਹਰਲੇ ਦੇਸ਼ਾਂ ਨੇ ਖਾਲੀ ਕਰਵਾ ਦਿੱਤੇ ਸਨ। ਵੈਸੇ ਵੀ, ਜਿਹੜੇ ਕੈਨੇਡਾ-ਅਮਰੀਕਾ ਤੋਂ ਵਾਪਸ ਪੰਜਾਬ ਪਰਤਦੇ ਉਹ ਆਪਣਾ ਚੰਗਾ ਇਮੇਜ ਪੇਸ਼ ਕਰਦੇ। ਸੋਹਣੇ ਕੱਪੜੇ, ਧੜੀ-ਧੜੀ ਸੋਨਾ ਔਰਤਾਂ ਨੇ ਲੱਦਿਆ ਹੋਇਆ ਤੇ ਡਾਲਰਾਂ ਦੀ ਭਰਮਾਰ ਵਿਖਾਈ ਦਿੰਦੀ ਸੀ। ਆਪਣੇ ਘਰ-ਬਾਰ ਦੀਆਂ ਸਿਫ਼ਤਾਂ ਦੇ ਉਹ ਪੁਲ਼ ਬੰਨਦੇ। ਮਿੰਦਰ ਦੇ ਮਾਂ-ਪਿਓ ਨੇ ਵੀ ਇਹੋ ਕਿਹਾ ਸੀ ਕਿ, "ਮੁੰਡੇ ਕੋਲ ਵਧੀਆ ਘਰ ਐ, ਕੰਮ ਐ, ਤੁਹਾਡੀ ਧੀ ਰਾਜ ਕਰੂ।"

ਹਰ ਇਕ ਨੌਂ-ਜਵਾਨ ਕੁੜੀ-ਮੁੰਡੇ ਨੂੰ ਬਾਹਰ ਨਿਕਲਣ ਦੀ ਹੋੜ ਸੀ, ਤੇ ਮੈਨੂੰ ਵੀ ਇਹ ਲਲਕ ਘੱਟ ਨਹੀਂ ਸੀ। ਮੈਂ ਚਾਹੁੰਦੀ ਸਾਂ ਕਿ ਮੈਨੂੰ ਵੀ ਕੋਈ ਐਨ. ਆਰ. ਆਈ. ਰਿਟਰਨ ਮਿਲ ਜਾਵੇ। ਤੇ ਮੈਂ ਬਾਹਰਲੇ ਕਿਸੇ ਦੇਸ਼ ਵਿਚ ਚਲੀ ਜਾਵਾਂ। ਜਿੱਥੇ ਹਰ ਕੋਈ ਖੁੱਲ੍ਹੀ ਹਵਾ ਵਿਚ ਸਾਹ ਲੈ ਸਕਦਾ ਹੈ। ਜਦੋਂ ਮਿੰਦਰ ਪਿੰਡ ਆਇਆ ਤਾਂ ਮੈਂ ਝੱਟ ਹਾਂਅ ਕਰ ਦਿੱਤੀ। ਨਾ ਅੱਗਾ ਦੇਖਿਆ ਨਾ ਪਿੱਛਾ। ਨਾ ਉਮਰ ਦੇਖੀ ਨਾ ਪੜ੍ਹਾਈ।



ਉਨ੍ਹਾਂ ਦਿਨਾ ਵਿਚ ਪਾਸਪੋਰਟ ਅਤੇ ਵੀਜ਼ੇ ਦਾ ਕੰਮ ਝੱਟ ਹੋ ਜਾਂਦਾ ਸੀ ਤੇ ਮੇਰਾ ਵੀਜ਼ਾ ਵੀ ਲੱਗ ਗਿਆ। ਸੋਚਿਆ ਮਿੰਦਰ ਕੋਲ ਘਰ ਹੈ, ਕੰਮ ਹੈ, ਹੋਰ ਕੀ ਚਾਹੀਦੈ? ਐਸ਼ ਕਰਾਂਗੀ।

ਐਸ਼? ਸਿਰ ਮੋਇਆ ਦਾ। ਘਰ? ਕਾਹਦਾ ਘਰ? ਕਿਸੇ ਦਾ ਬੇਸਮੈਂਟ ਸੀ ਜਿਹੜਾ ਮਿੰਦਰ ਨੇ ਕਿਰਾਏ ਉੱਤੇ ਲਿਆ ਹੋਇਆ ਸੀ। ਮੰਮੀ-ਡੈਡੀ ਅੱਡ ਰਹਿੰਦੇ ਸਨ। ਉਨ੍ਹਾਂ ਕੋਲ ਆਪਣਾ ਕੌਨਡੋ ਸੀ। ਮਿੰਦਰ ਪੀਂਦਾ ਬਹੁਤ ਸੀ ਤੇ ਉਹ ਇਸਨੂੰ ਨਾਲ਼ ਨਹੀਂ ਸਨ ਰੱਖਦੇ।

ਇਹ ਮੈਨੂੰ ਬਹੁਤ ਚਿਰ ਬਾਅਦ ਪਤਾ ਚੱਲਿਆ ਕਿ ਕਿਸੇ ਗੋਰੀ ਨਾਲ਼ ਵੀ ਮਿੰਦਰ ਦੀ ਗੰਢ ਤੁੱਪ ਸੀ। ਕਈ ਸਾਲ ਉਹ ਇਸਦੇ ਨਾਲ਼ ਰਹੀ। ਸਾਡੇ ਲੋਕ ਵੀ ਕਮੀਣੇ ਹਨ, ਗੋਰੀਆਂ ਨੂੰ ਬਿਸਤਰੇ ਵਿਚ ਤਾਂ ਲੈ ਜਾਣਗੇ ਪਰ ਵਿਆਹ ਕਰਾਉਣ ਵੇਲੇ ਇਨਾਂ ਨੂੰ ਦੇਸੀ ਕੁੜੀ ਚਾਹੀਦੀ ਹੈ ਜਿਹੜੀ ਖਾਨਦਾਨੀ ਹੋਵੇ ਤੇ ਹੋਵੇ ਵੀ ਪੜ੍ਹੀ ਲਿਖੀ। ਆਪ ਭਾਵੇਂ ਚਾਰ ਜਮਾਤਾਂ ਫੇਲ ਕਿਉਂ ਨਾ ਹੋਣ। ਮੈਨੂੰ ਮਿੰਦਰ ਦੇ ਮਾਂ-ਪਿਓ ਤੇ ਵੀ ਗੁੱਸਾ ਆਉਂਦਾ ਕਿ ਸਭ ਕੁਝ ਜਾਣਦਿਆਂ ਹੋਇਆਂ ਵੀ ਉਨ੍ਹਾਂ ਨੇ ਝੂਠ ਬੋਲਿਆ।

ਹਾਲੀਂ ਕੁੱਝ ਚਿਰ ਮੈਨੂੰ ਆਈ ਨੂੰ ਹੋਇਆ ਸੀ, ਜਦੋਂ ਮੈਨੂੰ ਮਿੰਦਰ ਦੀ ਹਕੀਕਤ ਦਾ ਪਤਾ ਲੱਗਣ ਲੱਗ ਪਿਆ। ਜਿਹੜੀ ਗੋਰੀ 'ਕੈਥੀ' ਨਾਲ਼ ਇਹ ਰਹਿੰਦਾ ਸੀ, ਉਸਦੀ ਕੁਖ਼ ਭਰ ਕੇ ਇਹ ਪਿੰਡ ਨੂੰ ਦੌੜ ਗਿਆ ਸੀ। ਉੱਥੋਂ ਮੈਨੂੰ ਵਿਆਹ ਲਿਆਇਆ। ਸ਼ਾਇਦ ਮੰਮੀ ਦੀ ਜ਼ਿੱਦ ਸੀ ਕਿ ਆਪਣੀ ਪੰਜਾਬੀ ਕੁੜੀ ਨਾਲ਼ ਵਿਆਹ ਕਰਨਾ ਹੈ। ਸੌਹਾਂ ਦੇ ਕੇ ਉਹ ਮਿੰਦਰ ਨੂੰ ਆਪਣੇ ਨਾਲ਼ ਇੰਡੀਆ ਲੈ ਤੁਰੀ।

ਇਕ ਦਿਨ ਮਿੰਦਰ ਦੀ ਗਰਲ ਫਰੈਂਡ ਕੈਥੀ ਸਾਨੂੰ ਸ਼ਾਪਿੰਗ ਮਾਲ੍ਹ ਵਿਚ ਮਿਲ ਪਈ। ਆਪਣਾ ਮੁੰਡਾ ਮਿੰਦਰ ਨੂੰ ਫੜਾ ਕੇ ਬੋਲੀ, "ਇਸਦਾ ਖਰਚਾ ਤੈਨੂੰ ਦੇਣਾ ਪੈਣੈ। ਯੂ ਸਨ ਔਫ ਏ ਬਿੱਚ, ਯੂ ਯੂਜ਼ਡ ਮੀ ਐਂਡ ਰੈਨ ਅਵੇਅ। ਦੇਖੀਂ, ਮੈਂ ਵੀ ਤੈਨੂੰ ਕੋਰਟ ਵਿਚ ਘਸੀਟੂੰ।"

ਮੈਂ ਖੜੀ ਆਲ਼ਾ ਦੁਆਲ਼ਾ ਦੇਖਾਂ। ਮੇਰੀ ਜਿਵੇਂ ਖਾਨਿਓਂ ਗਈ। ਮਿੰਦਰ ਖੜਾ ਹੀਂ-ਹੀਂ ਕਰੇ। ਘਰ ਆ ਕੇ ਬਥੇਰਾ ਪਿੱਟੀ ਰੋਈ। ਪਰ ਸਭ ਵਿਅਰਥ।

ਤੇ ਫੇਰ ਸੱਚੀਂ ਕੈਥੀ ਨੇ ਆਪਣਾ ਵਾਇਦਾ ਪੂਰਾ ਕਰ ਦਿਖਾਇਆ। ਕੋਰਟ ਕਚਿਹਰੀਆਂ ਦੇ ਖਰਚੇ ਵੱਖਰੇ। ਕੈਥੀ ਮੁੰਡੇ ਨੂੰ ਲੈ ਕੇ ਤੀਜੇ ਦਿਨ ਕੋਰਟ ਪਹੁੰਚ ਜਾਇਆ ਕਰੇ। ਮਿੰਦਰ ਨੂੰ ਬੱਚੇ ਦਾ ਖਰਚਾ ਪੈ ਗਿਆ। ਕੈਥੀ ਨੂੰ ਮੁੰਡੇ ਦੀ ਕਸਟਡੀ ਮਿਲ ਗਈ ਤੇ ਉੱਤੋਂ ਸਿਆਪਾ ਇਹ ਪਿਆ, ਬੱਚੇ ਨੂੰ ਇਕ ਦਿਨ ਮਿੰਦਰ ਨੂੰ ਮਿਲਣ ਦਾ ਦਿਨ ਵੀ ਨੀਅਤ ਹੋ ਗਿਆ। ਕੈਥੀ ਹਰ ਦੂਜੇ ਹਫ਼ਤੇ ਐਤਵਾਰ ਵਾਲੇ ਦਿਨ ਮੁੰਡੇ ਨੂੰ ਸਾਡੇ ਕੋਲ ਛੱਡ ਜਾਂਦੀ। ਮੈਂ ਮਾਂ ਨਾ ਵੀ ਹੁੰਦੀ ਹੋਈ, ਉਸਦਾ ਗੂੰਹ-ਮੂਤ ਚੁੱਕਦੀ। ਬਹੁਤ ਖਿੱਝਦੀ-ਖੱਪਦੀ। ਕਦੀ ਮਿੰਦਰ ਦੇ ਮੋਹਰੇ ਮੁੰਡੇ ਨੂੰ ਧਰ ਦਿੰਦੀ ਕਿ ਆਪੇ ਸਾਂਭੇ ਉਸਨੂੰ। ਫੇਰ ਵੀ, ਪਤਾ ਨਹੀਂ ਕਿਉਂ ਉਸਦਾ ਗੋਭਲਾ ਜਿਹਾ ਚਿਹਰਾ ਮੇਰੇ ਅੰਦਰ ਘਰ ਬਣਾਈ ਜਾਂਦਾ। ਜਦੋਂ ਉਹ ਚਾਂਘਰਾਂ ਪਾਉਂਦਾ, ਮੈਂ ਜਿਵੇਂ ਉਸਨੂੰ ਚੁੱਕ ਕੇ ਨਾਲ਼ ਲਾ ਲੈਂਦੀ। ਜਦੋਂ ਖਿੱਝ ਆਉਂਦੀ ਤਾਂ ਮੈਂ ਘਰਦਿਆਂ ਨੂੰ ਵੀ ਨਾ ਬਖ਼ਸ਼ਦੀ।

ਅਸੀਂ ਦੋਨੋਂ ਕੰਮ ਕਰਦੇ, ਘਰ ਦਾ ਕਿਰਾਇਆ-ਭਾੜਾ ਤੇ ਬਿੱਲ ਬੱਤੀਆਂ ਦੇ ਨਾਲ਼ ਮੁੰਡੇ ਦਾ ਬਿੱਲ ਵੀ ਭਰਨਾ ਪੈਂਦਾ। ਸਾਡਾ ਗੁਜ਼ਾਰਾ ਮਸੀਂ ਹੁੰਦਾ। ਪੈਸੇ ਜੁੜਨੇ ਕਿੱਥੋਂ

ਸਨ? ਘਰ ਕਿੱਦਾਂ ਖਰੀਦਣਾ ਸੀ? ਜਿਹੜਾ ਟਾਊਨ ਹਾਊਸ ਮਿੰਦਰ ਕੋਲ ਸੀ, ਉਹ ਇੰਡੀਆ ਨੂੰ ਜਾਂਦਾ ਹੋਇਆ ਵੇਚ-ਵੱਟ ਗਿਆ ਸੀ। ਸ਼ਾਇਦ ਇਸਨੂੰ ਡਰ ਸੀ ਕਿ ਕਿੱਧਰੇ ਕੈਥੀ ਅੱਧ ਨਾ ਲੈ ਜਾਵੇ। ਦੋ-ਤਿੰਨ ਵਰ੍ਹੇ ਹੋ ਗਏ ਸਨ ਦੋਹਾਂ ਨੂੰ ਇੱਕਠਿਆ ਰਹਿੰਦਿਆਂ। ਤੇ ਜਦੋਂ ਦੇ ਅਸੀਂ ਇੰਡੀਆ ਤੋਂ ਵਿਆਹ ਕਰਾ ਕੇ ਆਏ ਸਾਂ, ਉਦੋਂ ਤੋਂ ਕਿਰਾਏ ਦੀ ਬੇਸਮੈਂਟ ਵਿੱਚ ਰਹਿ ਰਹੇ ਸਾਂ।

ਇਨ੍ਹਾਂ ਹੀ ਦਿਨਾਂ ਵਿਚ ਮੈਂ ਵੀ ਪਰੈਗਨੈਂਟ ਹੋ ਗਈ। ਬੇਸਮੈਂਟ ਦੀ ਹਮਕ ਜਿਵੇਂ ਮੇਰੇ ਸਿਰ ਮੂੰਹ ਨੂੰ ਚੜ੍ਹਦੀ। ਉਲਟੀਆਂ ਨਾਲ਼ ਬੁਰਾ ਹਾਲ ਹੁੰਦਾ। ਪਰ ਕੰਮ ਤੇ ਤਾਂ ਜਾਣਾ ਪੈਣਾ ਸੀ, ਵਰਨਾ ਰੋਟੀ ਕਿੱਥੋਂ ਖਾਂਦੇ। ਮਿੰਦਰ ਦੇ ਮਨ ਵਿਚ ਪਤਾ ਨ੍ਹੀਂ ਕੀ ਸੁੱਝੀ, ਉਹ ਕੰਮ ਛੱਡ ਕੇ ਘਰ ਬੈਠ ਗਿਆ। ਕਹਿੰਦਾ, "ਹੁਣ ਸਾਲ਼ੀ ਕੈਥੀ ਲੈ ਕੇ ਦਿਖਾਲੇ ਪੈਸੇ।"

ਜੇ ਬੰਦੇ ਕੋਲ ਪੈਸੇ ਨਹੀਂ, ਕੰਮ ਕਰਨ ਨੂੰ ਨਹੀਂ ਤਾਂ ਭਲਾ ਕੌਣ ਤੇ ਕਿੱਦਾਂ ਪੈਸੇ ਲੈ ਲੈਂਦਾ? ਆਪ ਮਿੰਦਰ ਵੈੱਲਫੇਅਰ ਦਾ ਭੱਤਾ ਲੈਣ ਲੱਗ ਪਿਆ। ਕੁਝ ਮਹੀਨੇ ਬਾਅਦ ਮੈਟਰਨਿਟੀ ਲੀਵ ਤੇ ਮੈਂ ਵੀ ਘਰ ਬੈਠ ਗਈ। ਮੈਨੂੰ ਮੈਟਰਨਿਟੀ ਲੀਵ ਦਾ ਭੱਤਾ ਮਿਲਣ ਲੱਗ ਪਿਆ। ਦੋਹਾਂ ਦੇ ਪੈਸੇ ਮਿਲਾ ਕੇ ਵੀ ਗੁਜ਼ਾਰੇ ਜੋਗੇ ਨਾ ਮਿਲਦੇ। ਸਾਡੇ ਕੋਲ ਨਾ ਕੋਈ ਬੈਂਕ ਦੇ ਖਾਤੇ ਵਿਚ ਪੈਸੇ ਨਾ ਕੋਈ ਪਰਾਪਰਟੀ। ਕੈਥੀ ਵੀ ਮੱਥਾ ਮਾਰ-ਮਾਰ ਥੱਕ ਗਈ। ਉਹ ਥੱਕ ਹਾਰ ਕੇ ਵਕੀਲਾਂ ਦੇ ਚੱਕਰ ਲਾਉਣੋਂ ਹਟ ਗਈ। ਮਿੰਦਰ ਨੂੰ ਡੈੱਡਬੀਟ ਡੈਡ ਗਰਦਾਨਦਿਆਂ ਕਨੂੰਨ ਆਪਣੇ ਸ਼ਿਕੰਜੇ ਕੱਸਣ ਲੱਗ ਪਿਆ। ਮਿੰਦਰ ਦੇ ਮੌਮ-ਡੈਡ ਦੇ ਕੌਂਡੋ ਨੂੰ ਤਾਂ ਉਹ ਹੱਥ ਨਹੀਂ ਸੀ ਲਾ ਸਕਦੇ। ਕੈਨੇਡਾ ਵਿਚ ਹਰ ਬਾਲਗ ਬੰਦਾ ਆਪਣਾ ਜਿੰਮੇਵਾਰ ਆਪ ਹੁੰਦਾ ਹੈ। ਸ਼ਾਇਦ ਇਸੇ ਲਈ ਮਿੰਦਰ ਅੱਡ ਵੀ ਰਹਿੰਦਾ ਹੋਵੇ ਤਾਂਕਿ ਮੌਮ-ਡੈਡ ਨੂੰ ਕੋਈ ਬਿਪਤਾ ਨਾ ਪਵੇ।

ਮੇਰੇ ਜੌੜੇ ਜੰਮੇ। ਇਕ ਕੁੜੀ ਤੇ ਦੂਜਾ ਮੁੰਡਾ। ਪਾਰਟੀ-ਸ਼ਾਰਟੀ ਤਾਂ ਅਸੀਂ ਕੋਈ ਨਾ ਕੀਤੀ। ਮੰਮੀ ਨੇ ਲੱਡੂ ਜ਼ਰੂਰ ਵੰਡੇ। ਫੇਰ ਵੀ ਦੋ ਬੱਚਿਆਂ ਦਾ ਖਰਚਾ ਤਾਂ ਵੱਧ ਹੀ ਗਿਆ ਸੀ। ਹੱਥ ਤੰਗ ਹੋਵੇ ਤਾਂ ਘਰ ਵਿਚ ਕਿੜ-ਕਿੜ ਹੋਣੀ ਹੋਈ। ਅਸੀਂ ਵੀ ਦੋਨੋਂ ਟੁੱਟੇ ਭਾਂਡੇ ਵਾਂਗ ਖੜਕਦੇ। ਮੈਂ ਆਪਣੇ ਆਪ ਨੂੰ ਕੋਸਦੀ। ਮੈਂ ਪੜ੍ਹ ਲਿਖ ਕੇ ਕਿੱਥੇ ਫਸ ਗਈ। ਮੇਰੀ ਐਮ.ਏ. ਦੀ ਪੜ੍ਹਾਈ ਪਈ ਖੂਹ ਵਿਚ। 'ਸੀਮਾ ਅਤੇ ਰਮਨ' ਸਾਲ ਕੁ ਦੇ ਹੋਏ ਤਾਂ ਮੈਂ ਕੰਮ ਤੇ ਮੁੜ ਕੇ ਚਲੀ ਗਈ। ਮੰਮੀ ਬੱਚਿਆਂ ਦੀ ਸਾਂਭ ਸੰਭਾਲ ਕਰਨ ਆ ਜਾਂਦੀ ਜਾਂ ਮਿੰਦਰ ਬੱਚਿਆ ਨੂੰ ਮੰਮੀ ਕੋਲ ਛੱਡ ਆਉਂਦਾ।

ਫੈਕਟਰੀ ਵਿਚ ਪਲਾਸਟਿਕ ਦੀਆ ਚੀਜ਼ਾਂ ਵਸਤਾਂ ਨੂੰ ਪਾਲਿਸ਼ ਕਰਦੀ ਮੈਂ ਥੱਕ ਜਾਂਦੀ। ਪਲਾਸਟਿਕ ਦੀ ਬਦਬੂ ਮੇਰੇ ਨੱਕ ਮੂੰਹ ਨੂੰ ਚੜ੍ਹੀ ਰਹਿੰਦੀ। ਗਰਦਾ ਜਿਵੇਂ ਨਾਸਾਂ ਵਿਚ ਵੜ ਕੇ ਮੇਰੇ ਦਿਮਾਗ ਨੂੰ ਖਾ ਰਿਹਾ ਹੁੰਦਾ। ਦੋਹਾਂ ਬੱਚਿਆਂ ਦਾ ਖਰਚਾ ਮੇਰੇ ਕੋਲੋਂ ਚੁੱਕਿਆ ਨਾ ਜਾਂਦਾ। ਕੰਮ ਮੈਨੂੰ ਕਰਨਾ ਪੈਣਾ ਸੀ, ਵਰਨਾ ਰੋਟੀ ਕਿੱਥੋਂ ਖਾਂਦੇ। ਮਿੰਦਰ ਦੇ ਕੰਨਾ 'ਤੇ ਜਿਵੇਂ ਜੂੰ ਨਾ ਸਰਕਦੀ। ਕਦੀ ਕਦਾਈਂ ਡੈਡ ਭਾਵ ਮੇਰਾ ਸਹੁਰਾ ਸਾਹਿਬ ਥੋੜੀ ਬਹੁਤ ਮਦਦ ਕਰ ਦਿੰਦੇ। ਪਰ ਉਸ ਨਾਲ ਗੁਜ਼ਾਰਾ ਤਾਂ ਨਹੀਂ ਸੀ ਹੋ ਸਕਦਾ। ਵੈਸੇ ਵੀ ਮਦਦ ਲੈਂਦਿਆ ਮੈਨੂੰ ਜਿਵੇਂ ਸ਼ਰਮ ਆਉਂਦੀ।

ਜਦੋਂ ਮੈਂ ਕੰਮ ਤੋਂ ਪਰਤਦੀ, ਮੇਰੇ ਘਰ ਬੀਅਰ ਦੀਆਂ ਬੋਤਲਾਂ ਨਾਲ਼ ਕਿਚਨ ਦਾ ਕਾਊਂਟਰ ਭਰਿਆ ਪਿਆ ਹੁੰਦਾ। ਸਿੰਕ ਭਾਂਡਿਆਂ ਨਾਲ਼ ਭਰਿਆ ਰਹਿੰਦਾ। ਘਰ ਕਬਾੜਖਾਨਾ ਬਣਿਆ ਹੁੰਦਾ। ਖਿੱਝਦੀ-ਖਪਦੀ ਮੈਂ ਘਰ ਨੂੰ ਸੁਆਰਦੀ। ਬੱਚਿਆਂ ਨੂੰ



ਸਾਂਭਦੀ। ਉੱਤੋਂ ਹਰ ਦੋ ਹਫ਼ਤੀਂ ਮਿੰਦਰ ਮੁੰਡੇ ਨੂੰ ਲੈ ਆਉਂਦਾ। ਮੇਰਾ ਅੰਦਰ ਖਪਦਾ। ਤਿੰਨ ਬੱਚੇ ਸਾਂਭਣੇ ਔਖੇ ਹੋ ਜਾਂਦੇ। ਉਹ ਆਪੋ ਵਿੱਚੀਂ ਖਿਡਾਉਣਿਆਂ ਤੋਂ ਲੜਦੇ, ਚੀਕ ਚਿਹਾੜਾ ਪਾਉਂਦੇ। ਜੋ ਸਾਡਾ ਆਪੋ ਵਿੱਚੀ ਦਾ ਰਿਸ਼ਤਾ ਸੀ, ਉਹ ਨਾਂਹ ਬਰਾਬਰ ਰਹਿ ਗਿਆ। ਦੋ ਬੱਚੇ ਪੈਦਾ ਕਰਕੇ ਮੈਂ ਵੀ ਪਛਤਾਉਂਦੀ। ਤੇ ਮੇਰਾ ਉੱਕਾ ਜੀਅ ਨਾ ਕਰਦਾ ਕਿ ਮੈਂ ਮਿੰਦਰ ਦੇ ਮੱਥੇ ਵੀ ਲੱਗਾਂ। ਹਰ ਰਾਤ ਰਲ ਬੈਠਣ ਦੀ ਥਾਂ ਲੜਾਈ ਸਾਡੇ ਦੋਹਾਂ ਵਿਚਾਲੇ ਨੱਚਦੀ।

ਕੈਥੀ ਨੇ ਜਮੀਕਣ ਬੰਦੇ ਮਾਈਕਲ ਨਾਲ਼ ਵਿਆਹ ਕਰਵਾ ਲਿਆ। ਮਾਈਕਲ ਚੰਗਾ ਬੰਦਾ ਸੀ। ਕਿਸੇ ਇੰਨਸ਼ੁਰੈਂਸ ਦੇ ਦਫ਼ਤਰ ਵਿਚ ਕੰਮ ਕਰਦਾ ਸੀ। ਮੁੰਡੇ ਕਾਰਨ ਉਹ ਵੀ ਸਾਨੂੰ ਜਾਨਣ ਲੱਗ ਪਿਆ। ਤਿੰਨ-ਚਾਰ ਵਰ੍ਹੇ ਬੇਸਮੈਂਟ ਵਿਚ ਰਹਿਣ ਬਾਅਦ, ਅਸੀਂ ਅਪਾਰਟਮੈਂਟ ਵਿਚ ਆ ਗਏ। ਅਪਾਰਟਮੈਂਟ ਵੀ ਐਸਾ-ਵੈਸਾ ਹੀ ਸੀ। ਘੱਟੋ-ਘੱਟ ਬੱਚਿਆਂ ਲਈ ਠੀਕ ਸੀ। ਦਿਨ ਨੂੰ ਹਨ੍ਹੇਰਾ ਨਹੀਂ ਸੀ ਰਹਿੰਦਾ। ਦਸਵੀਂ ਮੰਜ਼ਿਲ 'ਤੇ ਅਸੀਂ ਰਹਿੰਦੇ ਸਾਂ। ਬੱਚਿਆਂ ਦੇ ਖੇਡਣ ਨੂੰ ਲਿਵਿੰਗਰੂਮ ਖੁਲ੍ਹਾ ਸੀ। ਹਵਾ-ਹਾਰਾ। ਬਾਲਕੋਨੀ ਵਿਚ ਵੀ ਬੈਠਿਆ ਜਾ ਸਕਦਾ ਸੀ। ਵੱਧ ਪੈਸੇ ਖਰਚਣ ਦੀ ਸਾਡੇ ਵਿਚ ਹਿੰਮਤ ਨਹੀਂ ਸੀ ਤੇ ਅਸੀਂ ਸਸਤਾ ਜਿਹਾ ਅਪਾਰਟਮੈਂਟ ਕਿਰਾਏ ਉੱਤੇ ਲੈ ਲਿਆ। ਮੈਂ ਹੀ ਕੰਮ ਕਰਦੀ ਸਾਂ ਤੇ ਇਹ ਲਿਆ ਵੀ ਮੇਰੇ ਹੀ ਨਾਂ। ਭਾਵੇਂ ਬਿਲਡਿੰਗ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ ਪਰ ਅਪਾਰਟਮੈਂਟ ਨੂੰ ਮੈਂ ਘਰ ਬਣਾ ਸਕਦੀ ਸਾਂ। ਮੰਮੀ ਕਦੀ-ਕਦਾਈਂ ਆ ਕੇ ਮੇਰੇ ਨਾਲ਼ ਕੰਮ ਕਰਵਾ ਜਾਂਦੀ। ਵੇਲੇ-ਕੁਵੇਲੇ ਬੱਚੇ ਵੀ ਸਾਂਭ ਲੈਂਦੀ। ਇੱਥੇ ਆ ਕੇ ਮੈਂ ਖੁਸ਼ ਰਹਿਣ ਲੱਗੀ। ਮੇਰੀਆਂ ਕਈ ਸਹੇਲੀਆਂ ਬਣ ਗਈਆਂ। ਅਸੀਂ ਕਦੀ ਕਦਾਈਂ ਬਾਹਰ ਘਾਹ ਉੱਤੇ ਬੈਠ ਕੇ ਗੱਲਾਂ ਕਰ ਲੈਂਦੀਆਂ। ਪਰ ਸਾਡਾ ਦੋਹਾਂ ਦਾ ਹਾਲ ਆਪੋ ਵਿੱਚੀ ਬਦ ਤੋਂ ਬਦਤਰ ਹੁੰਦਾ ਗਿਆ। ਘਰ ਦੇ ਹਾਲਾਤ ਉਸ ਤੋਂ ਵੀ ਮਾੜੇ। ਕਦੀ ਸਾਡਾ ਟੈਲੀਫੋਨ ਕੱਟ ਹੋ ਜਾਂਦਾ ਤੇ ਕਦੀ ਟੈਲੀਵੀਯਨ।

ਇਕ ਦਿਨ ਮਾਈਕਲ ਮੁੰਡੇ ਨੂੰ ਲੈਣ ਆਇਆ ਮੇਰੇ ਨਾਲ਼ ਗੱਲੀਂ ਪੈ ਗਿਆ। ਅਕਸਰ ਕੈਥੀ ਅਤੇ ਮਾਈਕਲ ਮੁੰਡੇ ਨੂੰ ਦਰਵਾਜ਼ੇ ਵਿੱਚੋਂ ਹੀ ਲੈ ਜਾਇਆ ਕਰਦੇ ਸਨ। ਦਰ 'ਤੇ ਖੜਾ ਦੇਖ ਕੇ ਮੈਂ ਐਂਵੇ ਕਹਿ ਬੈਠੀ, "ਮਾਈਕਲ! ਅੰਦਰ ਲੰਘ ਆ।"

ਉਸਨੂੰ ਪਤਾ ਨਹੀਂ ਮੇਰੇ ਘਰ ਦੀ ਗਰੀਬੀ ਦਾ ਅਭਾਸ ਹੋਇਆ ਹੋਵੇ, ਉਹ ਮੈਨੂੰ ਕਹਿਣ ਲੱਗਾ, "ਕੈਥੀ ਦੱਸਦੀ ਸੀ ਕਿ ਤੂੰ ਚੰਗੀ ਪੜ੍ਹੀ ਹੋਈ ਏਂ। ਤੇ ੜ" ਤੇ ਉਸਨੇ ਗੱਲ ਅਧੂਰੀ ਰਹਿਣ ਦਿੱਤੀ।

"ਹਾਂ ਮੈਂ ਐਮ.ਏ. ਕਰਕੇ ਆਈ ਸਾਂ। ਕੈਨੇਡਾ ਦੀ ਖਿੱਚ ਸੀ। ਪਰ ਦੇਖ ਲੈ, ਕੈਨੇਡਾ ਨੇ ਮੈਨੂੰ ਕੀ ਦਿੱਤੈ?"

"ਗਰਲ! ਇਹ ਤੇਰੇ ਹੱਥ ਵਿਚ ਹੈ ਕਿ ਤੂੰ ਕੈਨੇਡਾ ਤੋਂ ਜਾਂ ਆਪਣੀ ਜ਼ਿੰਦਗੀ ਤੋਂ ਕੀ ਲੈਣੈ? ਤੈਨੂੰ ਚਾਹੀਦਾ ਕੀ ਐ? ਜ਼ਿੰਦਗੀ ਵਿਚ ਬੰਦਾ ਆਪ ਤੈਅ ਕਰਦਾ ਹੈ ਕਿ ਉਹ ਕੀ ਕਰੇ ਅਤੇ ਕਿੱਥੇ ਪਹੁੰਚੇ।"

"ਕੀ ਮਤਲਬ ਐ ਤੇਰਾ?" ਮੈਂ ਮੁੰਡੇ ਦੇ ਕੋਟ ਪਾਉਂਦੀ ਹੋਈ ਬੋਲੀ।

"ਤੂੰ ਐਜੂਕੇਟਡ ਵੋਮਨ ਹੈਂ। ਵਾਈ ਹੈਵ ਯੂ ਟਰੈਪਡ ਯੂਅਰ ਸੈਲਫ਼ ਇਨ ਦਿਸ ਸਿਚੂਏਸ਼ਨ?" ਮਾਈਕਲ ਨੇ ਮੇਰੇ ਵੱਲ ਦੇਖਦਿਆਂ ਆਖਿਆ।

ਜਿੱਥੋਂ ਤੱਕ ਮੈਨੂੰ ਦੱਸਿਆ ਗਿਆ ਸੀ ਕਿ ਜਮੀਕਨ ਲੋਕ ਬਹੁਤੇ ਚੰਗੇ ਨਹੀਂ ਹੁੰਦੇ। ਪਰ ਜਿਸ ਬੰਦੇ ਨਾਲ਼ ਮੈਂ ਗੱਲ ਕਰ ਰਹੀ ਸਾਂ, ਉਹ ਬੜਾ ਸਮਝਦਾਰ, ਸੰਵੇਦਨਸ਼ੀਲ ਲੱਗ ਰਿਹਾ ਸੀ। ਕੈਥੀ ਨਾਲ਼ ਵਿਆਹ ਕਰਾ ਕੇ ਉਸਦੇ ਮੁੰਡੇ ਨੂੰ ਵੀ ਪਾਲ਼ ਰਿਹਾ ਸੀ। ਵਰਨਾ ਸਾਡੇ ਲੋਕ ਆਖਦੇ ਹਨ ਕਿ ਇਹ ਕਾਲ਼ੇ ਲੋਕ ਗੋਰੀਆਂ ਨੂੰ ਵਰਤਦੇ ਹੀ ਹਨ। ਤੇ ਗੋਰੀਆਂ ਵੀ ਖਾਣ-ਪੀਣ ਦੀਆਂ ਮਾਰੀਆਂ ਇਨ੍ਹਾਂ ਦੇ ਪਿੱਛੇ ਲੱਗ ਤੁਰਦੀਆਂ ਹਨ। ਪਰ ਇਸ ਦੇ ਉਲਟ ਕੈਥੀ ਅਤੇ ਮਾਈਕਲ ਦੋਨੋਂ ਜਿੰਮੇਵਾਰ ਇਨਸਾਨ ਸਨ। ਕੈਥੀ ਨੇ ਸ਼ਾਇਦ ਇਹ ਆਸਾਂ ਮਿੰਦਰ ਤੋਂ ਵੀ ਰੱਖੀਆ ਹੋਣ ਕਿ ਮਿੰਦਰ ਉਸ ਨਾਲ਼ ਵਿਆਹ ਕਰਵਾਏਗਾ, ਘਰ-ਘਾਟ ਬਣਾਏਗਾ। ਪਰ ਮਿੰਦਰ ਬੱਚਾ ਉਸਦੀ ਕੁਖ਼ ਵਿਚ ਧਰ ਕੇ ਫੁਰਰ ਹੋ ਗਿਆ ਸੀ। ਮੈਨੂੰ ਮਹਿਸੂਸ ਹੋਇਆ ਕਿ ਸਾਡੇ ਲੋਕ ਕਿਹੜੇ ਘੱਟ ਹਨ? ਇਹ ਵੀ ਗੋਰੀਆਂ ਕੁੜੀਆਂ ਨੂੰ ਵਰਤਦੇ ਹੀ ਨੇ। ਜਦੋਂ ਵਿਆਹ ਕਰਵਾਉਣ ਦਾ ਸਮਾਂ ਆਉਂਦਾ ਹੈ ਉਦੋਂ ਆਪਣੀਆਂ ਦੇਸੀ ਕੁੜੀਆਂ ਚਾਹੀਦੀਆਂ ਹਨ। ਭਲਾ ਮੈਨੂੰ ਵੀ ਵਿਆਹ ਕੇ, ਮਿੰਦਰ ਨੇ ਕੀ ਚੰਦ ਚਾੜ੍ਹ ਦਿੱਤੇ। ਕਸੂਰ ਮਿੰਦਰ ਇਕੱਲੇ ਦਾ ਨਹੀਂ ਸੀ, ਮੇਰਾ ਵੀ ਸੀ ਜਿਹੜਾ ਮੈਨੂੰ ਬਾਹਰਲੇ ਦੇਸ਼ ਆਉਣ ਦੀ ਤਾਂਘ ਸੀ। ਪਰ ਇੱਥੇ ਆ ਕੇ ਦੇਖ ਲਿਆ। ਕੁਝ ਨਹੀਂ ਸੀ ਰੱਖਿਆ ਇੱਥੇ। ਸਿਸਟਮ ਨੇ ਸਭ ਨੂੰ ਗਧੀ ਗੇੜ ਵਿਚ ਪਾਇਆ ਹੋਇਆ ਸੀ। ਲੋਕ ਜੋ ਕਮਾਉਂਦੇ ਉਹ ਉਸੇ ਸਿਸਟਮ ਦੀ ਭੇਟ ਚੜ੍ਹ ਜਾਂਦਾ ਤੇ ਬੰਦਾ ਰਹਿ ਜਾਂਦਾ ਠਣ-ਠਣ ਗੋਪਾਲ। ਜਿਹੜੇ ਵੱਧ ਕਮਾਉਂਦੇ ਸਨ, ਘੱਟੋ-ਘੱਟ ਆਪਣੀ ਜ਼ਿੰਦਗੀ ਚੰਗੀ ਗੁਜ਼ਾਰ ਲੈਂਦੇ ਸਨ। ਚੰਗੀ ਜ਼ਿੰਦਗੀ ਗੁਜ਼ਾਰਨ ਲਈ ਵੀ ਕੰਮ ਉੱਤੇ ਹੇਰਾ ਫੇਰੀਆਂ ਚੱਲਦੀਆਂ। ਸਾਡੇ ਲੋਕ ਕਿਹੜੇ ਦੁੱਧ ਧੋਤੇ ਹਨ? ਪੈਸਾ ਬਣਾਉਣ ਲਈ ਜੋ ਹੱਥ ਕੰਡੇ ਅਪਣਾ ਹੁੰਦੇ ਹਨ, ਅਪਣਾ ਲੈਂਦੇ ਹਨ।

ਮਾਈਕਲ ਅਤੇ ਕੈਥੀ ਬੱਚਾ ਪਾਲ਼ ਰਹੇ ਸਨ। ਮਾਈਕਲ ਚੰਗਾ ਕਮਾਉਂਦਾ ਸੀ ਤੇ ਕੈਥੀ ਅਤੇ ਉਸਦੇ ਮੁੰਡੇ ਪੀਟਰ ਦੀ ਬਿਹਤਰ ਜ਼ਿੰਦਗੀ ਵੀ ਉਹ ਬਣਾ ਰਿਹਾ ਸੀ। ਉਸਨੇ ਕੈਥੀ ਨੂੰ ਪਿਆਰ ਕੀਤਾ ਅਤੇ ਉਸਦੀਆਂ ਗ਼ਲਤੀਆਂ ਨੂੰ ਵੀ ਸਵੀਕਾਰਿਆ। ਮੈਨੂੰ ਲੱਗਦਾ ਜਿਵੇਂ ਅਸੀਂ ਲੋਕ ਬਹੁਤ ਨੈਰੋ ਮਾਈਂਡਡ ਹੋਈਏ। ਅਸੀਂ ਤਾਂ ਨੂੰਹ ਦੇ ਧੀ ਜੰਮ ਪਵੇ ਤਾਂ ਘਰੋਂ ਨੂੰਹ ਕੱਢ ਦੇਈਦੀ ਹੈ ਜਿਵੇਂ ਇਹ ਸਾਰਾ ਕਸੂਰ ਨੂੰਹ ਦਾ ਹੀ ਹੋਵੇ। ਭਾਵੇਂ ਬੱਚੇ ਦਾ ਲਿੰਗ ਆਦਮੀ ਦੇ ਸਪਰਮ ਤੋਂ ਨਿਰਧਾਰਤ ਹੁੰਦਾ ਹੈ। ਗੱਲ ਕੀ, ਮੈਂ ਉਨ੍ਹਾਂ ਦੋਹਾਂ ਦੇ ਰਿਸ਼ਤੇ ਤੋਂ ਬਹੁਤ ਕੁਝ ਸਿੱਖ ਰਹੀ ਸਾਂ। ਸਾਡੇ ਲੋਕਾਂ ਅੰਦਰਲੀ ਹੀਣ-ਭਾਵਨਾ ਵੀ ਤੇ ਵੈਰ-ਵਿਰੋਧ ਵੀ।

ਕੈਥੀ ਵੀ ਬੈਂਕ ਵਿਚ ਕੰਮ ਕਰਦੀ ਸੀ। ਕੋਰਟ ਆਰਡਰ ਹੋਣ ਕਾਰਨ ਉਹ ਬੱਚੇ ਨੂੰ ਸਾਡੇ ਕੋਲ ਦੋ ਹਫ਼ਤੀਂ ਇਕ ਦਿਨ ਵਾਸਤੇ ਛੱਡ ਜਾਂਦੀ। ਜੇ ਉਸਦਾ ਵੱਸ ਚੱਲਦਾ ਤਾਂ ਉਹ ਸ਼ਾਇਦ ਇਹ ਵੀ ਨਾ ਕਰਦੀ।

ਮੈਂ ਸੋਚਦੀ ਕਿ, ਇਨ੍ਹਾਂ ਲੋਕਾਂ ਵਿਚ ਵੀ ਚੰਗੇ ਅਤੇ ਮਾੜੇ ਲੋਕ ਹਨ। ਅਸੀਂ ਵੀ ਆਪਣੇ ਮੁਫ਼ਾਦ ਲਈ ਕੀ ਕੁਝ ਨਹੀਂ ਕਰਦੇ। ਕਈ ਬੰਦੇ ਗੋਰੀਆਂ ਕੁੜੀਆ ਪੱਕੇ ਹੋਣ ਲਈ ਫਸਾ ਲੈਂਦੇ ਹਨ। ਜਦੋਂ ਪੱਕੇ ਹੋ ਗਏ ਫੇਰ ਤੂੰ ਕੌਣ ਤੇ ਮੈਂ ਕੌਣ?

ਇਸ ਤੋਂ ਬਾਅਦ ਮਾਈਕਲ ਨਾਲ਼ ਮੇਰੀ ਕਈ ਵੇਰ ਮੁਲਾਕਾਤ ਹੋਈ। ਕਦੀ ਉਹ ਮੁੰਡੇ ਨੂੰ ਲੈਣ ਆ ਜਾਂਦਾ ਤੇ ਕਈ ਵੇਰ ਰਾਹ ਗਲ਼ੀ ਵੀ ਮਿਲ ਪੈਂਦਾ। ਮੈਨੂੰ ਮਾਈਕਲ ਦੀ ਸੋਚ ਵੀ ਚੰਗੀ ਲੱਗਦੀ ਵਰਨਾ ਕਿਸੇ ਹੋਰ ਦੇ ਬੱਚੇ ਨੂੰ ਕੌਣ ਪਾਲ਼ਦਾ ਹੈ?



ਇਕ ਵੇਰ ਮੈਂ ਪੁੱਛ ਲਿਆ ਕਿ, "ਮਾਈਕਲ! ਤੈਨੂੰ ਹੋਰ ਤਰ੍ਹਾਂ ਨਹੀਂ ਲੱਗਦਾ ਜਦੋਂ ਪੀਟਰ ਨੂੰ ਤੂੰ ਪਿਆਰ ਕਰਦੈਂ? ਇਹ ਤਾਂ ਤੇਰੀ ਔਲਾਦ ਵੀ ਨਹੀਂ।"

ਮਾਈਕਲ ਹੱਸ ਪਿਆ। ਕਹਿਣ ਲੱਗਾ, "ਯੰਗ ਲੇਡੀ! ਤੈਨੂੰ ਜ਼ਿੰਦਗੀ ਵਿਚ ਬਹੁਤ ਕੁਝ ਸਿੱਖਣ ਦੀ ਲੋੜ ਹੈ। ਯੂ ਨੀਡ ਟੂ ਲਰਨ ਲੌਟ ਅਬਾਊਟ ਲਾਈਫ਼। ਜਦੋਂ ਮੈਂ ਕੈਥੀ ਨੂੰ ਅਪਨਾਇਆ ਤਾਂ ਬੱਚਾ ਵੀ ਉਸੇ ਪੈਕੇਜ਼ ਦਾ ਹਿੱਸਾ ਹੈ। ਮੈਂ ਤਾਂ ਉਸਨੂੰ ਅਡੌਪਟ ਵੀ ਕਰਨਾ ਚਾਹੁੰਦਾ ਸਾਂ ਪਰ ਕੈਥੀ ਨਹੀਂ ਮੰਨਦੀ। ਉਸਦਾ ਕਹਿਣਾ ਹੈ ਕਿ ਪੀਟਰ ਨੂੰ ਉਸਦੇ ਅਸਲੀ ਬਾਪ ਦਾ ਪਤਾ ਹੋਣਾ ਚਾਹੀਦਾ ਹੈ।"

"ਤੈਨੂੰ ਇਸ ਵਿਚ ਇਤਰਾਜ਼ ਨਹੀਂ?" ਮੈਂ ਫੇਰ ਪੁੱਛਿਆ।

"ਭਲਾ ਮੈਨੂੰ ਕੀ ਇਤਰਾਜ਼ ਹੋ ਸਕਦਾ? ਪੀਟਰ ਕੈਥੀ ਦਾ ਬੱਚਾ ਹੈ। ਉਸ ਲਈ ਹਰ ਫ਼ੈਸਲਾ ਵੀ ਉਸੇ ਦਾ ਹੋਣਾ ਚਾਹੀਦਾ ਹੈ।"

"ਪੀਟਰ ਦਾ ਅਤੇ ਤੇਰਾ ਰਿਸ਼ਤਾ ਕੀ ਹੋਵੇਗਾ?" ਮੈਨੂੰ ਸਮਝ ਨਹੀਂ ਸੀ ਆ ਰਹੀ ਪਰ ਮੈਂ ਇਹ ਪੁੱਛ ਹੀ ਲਿਆ।

"ਪੀਟਰ ਮੇਰੇ ਲਈ ਮੇਰੇ ਪੁੱਤਰ ਵਾਂਗ ਹੈ ਪਰ ਮੇਰਾ ਪੁੱਤਰ ਨਹੀਂ ਹੈ। ਇਸੇ ਲਈ ਪੀਟਰ ਮੈਨੂੰ ਮੇਰੇ ਨਾਂ ਨਾਲ ਹੀ ਬੁਲਾਉਂਦਾ ਹੈ। ਖਾਹ-ਮ-ਖਾਹ ਦੇ ਰਿਸ਼ਤੇ ਨਹੀਂ ਬਣਦੇ ਹੁੰਦੇ। ਇਸ ਵਿਚ ਜੋ ਸਾਡਾ ਰਿਸ਼ਤਾ ਹੈ, ਉਹ ਬਹੁਤ ਸਾਫ਼ ਹੈ ਅਤੇ ਉਮਰ ਭਰ ਲਈ ਸਾਫ਼ ਰਹੇਗਾ।"

ਮੈਂ ਹੈਰਾਨ ਸਾਂ ਕਿ ਇਨਸਾਨ ਦਾ ਮਨ ਤਾਂ ਵੈਸੇ ਹੀ ਈਰਖਾਲੂ ਹੁੰਦਾ ਹੈ ਤੇ ਇਹ ਮਨੁੱਖ ਕਿਸ ਤਰ੍ਹਾਂ ਦਾ ਹੈ? ਜਦੋਂ ਪੀਟਰ ਘਰ ਆਉਂਦਾ ਹੈ ਤਾਂ ਮੇਰੇ ਅੰਦਰ ਵੀ ਘੋਲ ਚੱਲਦਾ ਹੈ। ਦੂਸਰੇ ਦੇ ਬੱਚੇ ਨੂੰ ਆਪਣੇ ਬੱਚੇ ਵਾਂਗ ਪਾਲਣਾ, ਉਸਦਾ ਸਾਰਾ ਖਰਚ ਵੀ ਚੁੱਕਣਾ। ਪਰ ਕੋਈ ਇੱਛਾ ਨਾ ਰੱਖਣਾ। ਇਹ ਕਿਵੇਂ ਹੋ ਸਕਦੈ?

ਮਿੰਦਰ ਦਾ ਪੁੱਤਰ ਹੋਣ ਤੇ ਵੀ ਉਹ ਪੀਟਰ ਦਾ ਖਰਚਾ ਨਹੀਂ ਸੀ ਦਿੰਦਾ। ਖਰਚੇ ਦੇਣ ਦਾ ਮਾਰਾ ਮਿੰਦਰ ਕੰਮ ਕਰਨੋ ਹੀ ਹਟ ਗਿਆ ਸੀ। ਉਸ ਨਾਲ਼ ਮੋਹ ਪਿਆਰ ਵੀ ਨਹੀਂ ਸੀ ਕਰਦਾ ਜੋ ਮਾਈਕਲ ਕਰਦਾ ਸੀ। ਇਸ ਗੱਲੋਂ ਮੈਨੂੰ ਕੈਥੀ ਵੀ ਚੰਗੀ ਲੱਗਣ ਲੱਗ ਪਈ। ਚੰਗੀ ਕੀ, ਕਈ ਵੇਰ ਅਸੀਂ ਬੈਠ ਗੱਲਾਂ ਵੀ ਕਰ ਲੈਂਦੀਆਂ ਅਤੇ ਮੈਨੂੰ ਵੈਸਟਰਨ ਲਾਈਫ਼ ਸਟਾਈਲ ਅਤੇ ਸੋਚ ਦਾ ਵੀ ਪਤਾ ਲੱਗਣ ਲੱਗ ਪਿਆ। ਜਿੱਥੇ ਸਾਡੀਆਂ ਔਰਤਾਂ ਸੰਸਕਾਰਾਂ ਵਿਚ ਬੱਝੀਆਂ ਰੋ-ਧੋ ਕੇ ਜ਼ਿੰਦਗੀ ਗਾਲ਼ ਦਿੰਦੀਆਂ, ਉੱਥੇ ਇਹ ਔਰਤਾਂ ਆਪਣੀ ਜ਼ਿੰਦਗੀ ਦੀ ਵਾਂਗ ਡੋਰ ਆਪ ਸਾਂਭ ਕੇ ਅੱਗੇ ਤੁਰ ਪੈਂਦੀਆਂ। ਇਹੋ ਕੈਥੀ ਨੇ ਕੀਤਾ ਸੀ। ਕਈ ਵੇਰ ਮੈਨੂੰ ਲੱਗਦਾ ਕਿ ਮੈਨੂੰ ਵੀ ਆਪਣੇ ਬਾਰੇ ਸੋਚਣ ਦੀ ਲੋੜ ਹੈ। ਲਾਵਾਂ ਦੇ ਸੰਗਲ ਨਾਲ਼ ਬੱਝੀ ਮੈਂ, ਕਿੰਨਾ ਕੁ ਚਿਰ ਸਿਰ ਪਟਕਦੀ ਰਹਾਂਗੀ।

ਮੇਰੇ ਘਰ ਦਾ ਹਾਲ ਦਿਨੋ ਦਿਨ ਵਿਗੜਦਾ ਗਿਆ। ਮਿੰਦਰ ਨਾ ਕੰਮ ਕਰਦਾ ਅਤੇ ਨਾ ਘਰ ਵਿਚ ਮੇਰੀ ਕੋਈ ਮੱਦਦ ਕਰਦਾ। ਘਰ ਖਰੀਦਣ ਵਾਲ਼ੇ ਸਾਡੇ ਹਾਲਾਤ ਨਹੀਂ ਸਨ। ਕੰਮ ਨਹੀਂ ਤਾਂ ਮੌਰਟਗੇਜ਼ ਨਹੀਂ ਸੀ ਮਿਲਣੀ।

ਕਈ ਵੇਰ ਮੈਂ ਮਿੰਦਰ ਨੂੰ ਸਮਝਾ ਥੱਕੀ, ਆਪਣੇ ਬੱਚਿਆਂ ਦੇ ਭਵਿੱਖ ਬਾਰੇ ਹੀ ਸੋਚੇ। ਜੇ ਖਰਚਾ ਦੇਣਾ ਵੀ ਪੈਂਦਾ ਹੈ ਤਾਂ ਵੀ ਪੀਟਰ ਉਸਦੀ ਆਪਣੀ ਔਲਾਦ ਹੈ। ਉਸਦਾ ਉੱਤਰ ਸਾਫ਼ ਹੁੰਦਾ, "ਮੈਂ ਕਮਾਈ ਜਾਵਾਂ ਤੇ ਇਹ ਸਾਲ਼ੀ ਗੋਰੀ ਖਾਈ ਜਾਵੇ। ਰਹਿੰਦ-ਖੂੰਹਦ ਸਰਕਾਰ ਟੈਕਸ ਲੈ ਜਾਵੇ। ਕੀ ਫਾਇਦਾ?"

ਇਕ ਦਿਨ ਮੈਂ ਗਰੋਸਰੀ ਸ਼ਾਪਿੰਗ ਗਈ। ਉੱਥੇ ਮਾਈਕਲ ਅਤੇ ਕੈਥੀ ਵੀ ਮਿਲ ਪਏ। ਪੀਟਰ ਮੇਰੇ ਵੱਲ ਦੇਖ ਕੇ ਖਿੜ-ਖਿੜ ਹੱਸੇ। ਮੈਂ ਕੋਲ ਜਾ ਕੇ ਉਨ੍ਹਾਂ ਨੂੰ ਬੁਲਾ ਲਿਆ। ਪੀਟਰ ਨੂੰ ਹੈਲੋ ਕਹੀ। ਮੈਨੂੰ ਦੇਖਦਿਆਂ ਕੈਥੀ ਬੋਲੀ, "ਦੂਜੀ ਔਰਤ ਦੇ ਬੱਚੇ ਨੂੰ ਅਕਸਰ ਔਰਤਾਂ ਨਫ਼ਰਤ ਕਰਦੀਆਂ ਹੁੰਦੀਆਂ ਹਨ ਪਰ ਤੂੰ ਏਸ ਤਰ੍ਹਾਂ ਦੀ ਨਹੀਂ। ਇਸੇ ਲਈ ਮੈਂ ਪੀਟਰ ਨੂੰ ਤੇਰੇ ਕੋਲ ਛੱਡ ਆਉਂਦੀ ਹਾਂ। ਆਈ ਡੌਂਟ ਟਰੱਸਟ ਮੇਂਡਰ (ਮਿੰਦਰ)।"

"ਮਾਈਕਲ ਵੀ ਤਾਂ ਦੂਜੇ ਆਦਮੀ ਦੇ ਬੱਚੇ ਨੂੰ ਪਾਲ਼ ਰਿਹੈ। ਸ਼ਾਇਦ ਮੈਂ ਇਸੇ ਤੋਂ ਸਿੱਖਿਆ ਹੋਵੇ। ਤੇ ਫੇਰ ਪੀਟਰ ਦਾ ਕੀ ਕਸੂਰ? ਇਹ ਬਿਚਾਰਾ ਤੁਹਾਡੇ ਦੋਹਾਂ ਵਿਚਾਲੇ ਸੈਂਡਵਿੱਚ ਬਣ ਗਿਆ ਹੈ।" ਆਖਦਿਆਂ ਮੈਂ ਪੀਟਰ ਦੀ ਗੱਲ੍ਹ ਥਪਥਪਾਈ। ਪੀਟਰ ਆਪਣੀ ਬੈਟਰੀ ਵਾਲੀ ਕਾਰ ਦੇ ਪਹੀਏ ਘੁਮਾਉਣ ਵਿਚ ਰੁੱਝਾ ਰਿਹਾ।

"ਯੂ ਆਰ ਏ ਗੁੱਡ ਪਰਸਨ 'ਸੈਮਰ' (ਸਿਮਰ)। ਆਈ ਫੀਲ ਸੌਰੀ ਫਾਰ ਯੂ।" ਕੈਥੀ ਨੇ ਜਕਦਿਆਂ ਆਖਿਆ।

"ਉਹ ਕਿਉਂ? ਮੈਂ ਠੀਕ ਹਾਂ।"

"ਤੂੰ ਕੋਈ ਚੰਗਾ ਕੰਮ ਕਿਉਂ ਨਹੀਂ ਟੋਲ਼ਦੀ। ਅਸੀਂ ਤੇਰੀ ਮੱਦਦ ਕਰ ਸਕਦੇ ਹਾਂ।" ਕੈਥੀ ਨੇ ਸੁਝਾਅ ਦਿੱਤਾ।

ਉਸਦੇ ਕਹਿਣ ਤੇ ਮੈਨੂੰ ਮਿੰਦਰ ਦੀ ਗੱਲ ਜਿਵੇਂ ਠੀਕ ਜਾਪੀ ਕਿ ਸ਼ਾਇਦ ਇਹ ਮੈਨੂੰ ਇਸ ਵਾਸਤੇ ਚੰਗੇ ਕੰਮ ਲਾਉਣਾ ਚਾਹੁੰਦੀ ਹੋਵੇ ਤਾਂਕਿ ਇਸਦੇ ਮੁੰਡੇ ਨੂੰ ਅਸੀਂ ਪੈਸੇ ਦੇ ਸਕੀਏ। ਮੇਰੇ ਚਿਹਰੇ ਦੇ ਹਾਵ-ਭਾਵ ਵੀ ਸ਼ਾਇਦ ਬਦਲ ਗਏ ਹੋਣਗੇ ਜਦੋਂ ਮੈਂ ਕਿਹਾ, "ਨਹੀਂ ਮੈਂ ਠੀਕ ਹਾਂ।"

"ਤੂੰ ਬੁਰਾ ਮੰਨ ਗਈ। ਕੈਥੀ ਨੇ ਤਾਂ ਸੱਚ ਮੱਦਦ ਦੀ ਔਫਰ ਦਿੱਤੀ ਹੈ। ਸੋਚ ਲਵੀਂ। ਮੇਰੀ ਕੰਪਨੀ ਵਿਚ ਵੀ ਮੈਂ ਕੰਮ ਤੇ ਲੁਆ ਸਕਦਾ ਹਾਂ। ਕੈਥੀ ਵੀ ਲੁਆ ਸਕਦੀ ਹੈ। ਜ਼ਿੰਦਗੀ ਥੋੜੀ ਬਿਹਤਰ ਹੋ ਜਾਵੇਗੀ। ਕਲ ਨੂੰ ਤੂੰ ਆਪਣੇ ਬੱਚਿਆਂ ਨੂੰ ਵੀ ਪੜ੍ਹਾਉਣਾ ਹੈ। ਉਨ੍ਹਾਂ ਦੀਆਂ ਲੋੜਾਂ ਵੀ ਪੂਰੀਆਂ ਕਰਨੀਆਂ ਹਨ।"

"ਠੀਕ ਹੈ। ਆਈ ਵਿੱਲ ਥਿੰਕ ਅਵਾਊਟ ਇੱਟ।" ਆਖਦਿਆਂ ਮੈਂ ਪੀਟਰ ਦਾ ਹੱਥ ਫੜ ਚੁੰਮਿਆ ਅਤੇ ਆਪਣੀ ਸ਼ਾਪਿੰਗ ਦੀ ਟਰਾਲੀ ਲੈ ਕੇ ਅੱਗੇ ਤੁਰ ਪਈ।

ਸੋਚਾਂ ਜਿਵੇਂ ਅੰਦਰ ਘੋਲ ਕਰ ਰਹੀਆਂ ਸਨ। ਇਨ੍ਹਾਂ ਦਾ ਕੀ ਮਤਲਬ ਹੋਵੇਗਾ? ਮੈਨੂੰ ਸਮਝ ਨਹੀਂ ਸੀ ਆ ਰਹੀ। ਕਦੀ ਮੈਂ ਸੋਚਾਂ ਕਿ ਸ਼ਾਇਦ ਸੱਚ ਹੀ ਇਨ੍ਹਾਂ ਨੂੰ ਮੇਰੇ ਤੇ ਤਰਸ ਆ ਰਿਹਾ ਹੋਵੇਗਾ ਤੇ ਕਦੀ ਸੋਚਾਂ ਕਿ ਕਮੀਣੇ ਨੇ ਇਹ ਲੋਕ, ਮੁੰਡੇ ਦੇ ਖਰਚੇ ਦੀ ਖਿੱਚ ਹੋਣੀ ਹੈ। ਗੱਲ ਕੀ, ਸੋਚਦਿਆ ਹੋਇਆ ਜਿਵੇਂ ਮੇਰਾ ਸਿਰ

ਭੌਂਅ ਰਿਹਾ ਸੀ। ਸਾਰਾ ਦਿਨ ਸਿਰ ਦੁਖਦਾ ਰਿਹਾ। ਨਾ ਨਿਆਣਿਆਂ ਦਾ ਰੌਲ਼ਾ ਝੱਲ ਹੋਵੇ ਤੇ ਨਾ ਕਿਸੇ ਨਾਲ਼ ਗੱਲ ਕਰਨ ਨੂੰ ਜੀਅ ਕਰੇ।

ਦੂਜੇ ਦਿਨ ਮੈਂ ਕੰਮ ਤੇ ਪਹੁੰਚੀ, ਉਹੀ ਪਲਾਸਟਿਕ ਦੀ ਧੂੜ, ਗੰਧ, ਮਿੱਟੀ-ਘੱਟਾ, ਨੱਕ-ਮੂੰਹ ਵਿਚ ਜਿਵੇਂ ਹੋਰ ਵੀ ਚੜ੍ਹਣ ਲੱਗ ਪਿਆ। ਸਾਰਾ ਦਿਨ ਮੈਂ ਮਸਾਂ ਮੁਕਾਇਆ। ਲੱਤਾਂ ਧਰੀਕਦੀ ਸ਼ਾਮ ਨੂੰ ਘਰ ਪਹੁੰਚੀ ਤਾਂ ਮਿੰਦਰ ਦਾ ਉਹੀ ਹਾਲ। ਉਹੀ ਬੀਅਰ ਦੇ ਖਾਲੀ ਡੱਬੇ, ਸਿੰਕ ਭਾਂਡਿਆਂ ਨਾਲ਼ ਭਰਿਆ ਜਿਵੇਂ ਮੇਰੇ ਮਨ ਨੂੰ ਕੁਰੇਦਣ ਲੱਗ ਪਿਆ। ਗੁੱਸਾ ਮੇਰੇ ਅੰਦਰ ਰੀਂਘਣ ਲੱਗ ਪਿਆ। ਜੀਅ ਕੀਤਾ ਕੋਈ ਔਜ਼ਾਰ ਲੈ ਕੇ



ਮਿੰਦਰ ਦੇ ਸਿਰ ਵਿਚ ਮਾਰਾਂ। ਸਾਰਾ ਦਿਨ ਬੈਠਾ ਮੈਚ ਦੇਖੀ ਜਾਊ, ਖ਼ਬਰਾਂ ਦੇਖ ਲਊ, ਬੀਅਰ ਪੀ ਲਊ ਤੇ ਜਾਂ ਫੇਰ ਬਾਹਰ ਪਹਿਨ ਪੱਚਰ ਕੇ ਮਿੱਤਰਾਂ ਨੂੰ ਮਿਲ ਆਊ। ਟੈਲੀਫੋਨ ਤੇ ਦੋਸਤਾਂ ਨਾਲ਼ ਗੱਲਾਂ ਕਰੂ ਤਾਂ ਫੜ੍ਹਾਂ ਮਾਰੂ। ਜਿਵੇਂ ਮਿੰਦਰ ਦੀਆ ਸਾਰੀਆਂ ਆਦਤਾਂ ਮੈਨੂੰ ਚੁੱਭਣ ਲੱਗ ਪਈਆਂ। ਮੈਂ ਆਪਣੀ ਜ਼ਿੰਦਗੀ ਦੇ ਨਾਲ਼ ਪੇਕੇ ਸਹੁਰਿਆਂ ਦੇ ਕੋਨੇ ਫਰੋਲਣ ਲੱਗ ਪਈ। ਮੈਂ ਕਿੱਥੇ ਖੜੀ ਹਾਂ? ਕੌਣ ਮੇਰੇ ਨਾਲ਼ ਖੜਾ ਹੈ?

ਮੈਨੂੰ ਲੱਗਿਆ ਕਿ ਆਪਣੀ ਚੋਣ ਵਿਚ, ਮੈਂ ਇੱਕਲੀ ਖੜੀ ਹਾਂ ਅਤੇ ਮਿੰਦਰ ਦੇ ਨਾਲ਼ ਤੁਰਦਿਆਂ ਹੋਇਆਂ ਵੀ ਮੈਂ ਇਕੱਲੀ ਹੀ ਹੋਵਾਂਗੀ। ਜੇ ਕਰ ਮੈਂ ਇਕੱਲੀ ਹਾਂ ਅਤੇ ਇਕੱਲੀ ਰਹਿਣਾ ਹੈ ਤਾਂ ਇਹ ਸਾਰਾ ਦਾਰੋਮਦਾਰ ਕਿਉਂ ਮੇਰੇ ਨਾਲ਼ ਚੱਲੇ? ਇਹ ਸਵਾਲ ਠਾਹ ਕਰਦਾ ਜਿਵੇਂ ਮਸਤਕ ਵਿਚ ਉੱਗ ਖੜੋਇਆ।

ਮੈਨੂੰ ਕੋਈ ਰਾਹ ਚਾਹੀਦਾ ਸੀ ਜਿਸ 'ਤੇ ਮੈਂ ਖੁਦ ਤੁਰ ਸਕਾਂ ਅਤੇ ਆਪਣਾ ਆਪਾ ਭਾਲ਼ ਸਕਾਂ। ਮਾਈਕਲ ਨੇ ਇਕ ਦਿਨ ਫੋਨ ਕਰਕੇ ਪੀਟਰ ਬਾਰੇ ਦੱਸਿਆ ਕਿ ਉਸਨੂੰ ਕੋਲਡ ਹੋ ਗਿਆ ਹੈ ਅਤੇ ਉਹ ਛੱਡਣ ਨਹੀਂ ਆਉਣਗੇ। ਮੈਨੂੰ ਵੀ ਮਾਈਕਲ ਨਾਲ਼ ਗੱਲ ਕਰਨ ਦਾ ਮੌਕਾ ਮਿਲ ਗਿਆ। ਮੈਂ ਮਾਈਕਲ ਨੂੰ ਪੁੱਛਿਆ, "ਮਾਈਕਲ! ਕੀ ਤੂੰ ਸੱਚ ਮੈਨੂੰ ਕੋਈ ਜੌਬ ਦੁਆ ਸਕਦੈਂ? ਮੇਰਾ ਦਫ਼ਤਰੀ ਕੰਮ ਵਿੱਚ ਕੋਈ ਤਜ਼ਰਬਾ ਨਹੀਂ ਹੈ। ਮੈਂ ਪੜ੍ਹਦੀ ਹੀ ਇੱਧਰ ਆ ਗਈ ਸੀ। ਕੈਨੇਡਾ ਦੀ ਖਿੱਚ ਨੇ ਮੈਨੂੰ ਕਿਸੇ ਥਾਂ ਜੋਗੀ ਨਹੀਂ ਛੱਡਿਆ।"

"ਜਿਸ ਦਿਨ ਤੂੰ ਸ਼ੂਅਰ ਹੋਵੇਂਗੀ ਤਾਂ ਮੇਰੇ ਨਾਲ਼ ਗੱਲ ਕਰ ਲਵੀਂ।" ਮਾਈਕਲ ਨੇ ਜਿਵੇਂ ਮੈਨੂੰ ਟਰਕਾਉਣ ਵਾਂਗ ਆਖ ਦਿੱਤਾ ਹੋਵੇ ਜਾਂ ਮੈਨੂੰ ਇਸ ਤਰ੍ਹਾਂ ਹੀ ਮਹਿਸੂਸ ਹੋਇਆ।

"ਮੈਂ ਸ਼ੂਅਰ ਹਾਂ ਮਾਈਕਲ। ਮੈਂ ਆਪਣਾ ਆਪ ਭਾਲਣਾ ਚਾਹੁੰਦੀ ਹਾਂ।" ਪਤਾ ਨਹੀਂ ਮੇਰੇ ਮੂੰਹੋਂ ਇਹ ਕਿਸ ਤਰ੍ਹਾਂ ਨਿੱਕਲ ਗਿਆ।

"ਦੈਨ ਆਈ ਵਿੱਲ ਕਾਲ ਯੂ ਸੂਨ ਮਾਈ ਡੀਅਰ।" ਆਖਦਿਆਂ ਮਾਈਕਲ ਨੇ ਫੋਨ ਠੱਪ ਦੇਣੀ ਰੱਖ ਦਿੱਤਾ। ਉਸਦੇ 'ਮਾਈ ਡੀਅਰ' ਕਹਿਣ ਦੇ ਅੰਦਾਜ਼ ਤੋਂ ਮੈਂ ਫੇਰ ਸ਼ੱਕੀ ਹੋ ਗਈ। ਸੋਚਿਆ ਇਹ ਨਾ ਹੋਵੇ ਕਿੱਧਰੇ ਇਹ ਕਾਲ਼ਾ ਮੈਨੂੰ ਗ਼ਲਤ ਰਾਹ ਪਾ ਦੇਵੇ।

ਇਕ ਦਿਨ, ਦੋ ਦਿਨ ਤੇ ਫੇਰ ਹਫ਼ਤਾ ਬੀਤ ਗਿਆ। ਕੋਈ ਉੱਘ-ਸੁੱਘ ਨਾ ਮਿਲੀ। ਮੈਂ ਵੀ ਪਛਤਾਈ ਕਿ ਮਿੰਦਰ ਸਹੀ ਕਹਿੰਦਾ ਸੀ ਕਿ ਇਨ੍ਹਾਂ ਲੋਕਾਂ 'ਤੇ ਭਰੋਸਾ ਨਹੀਂ ਕਰਨਾ ਚਾਹੀਦਾ। ਮੈਨੂੰ ਆਪਣਾ ਆਪ ਵੀ ਜਿਵੇਂ ਝੂਠਾ ਜਿਹਾ ਲੱਗਣ ਲੱਗ ਪਿਆ। ਡਰਦੀ ਨੇ ਮਿੰਦਰ ਨਾਲ਼ ਵੀ ਗੱਲ ਨਾ ਕੀਤੀ। ਉਸਨੇ ਦੋ ਪੈੱਗ ਲਾ ਕੇ ਮੈਨੂੰ ਹੀ ਤਿੱਫਣੇ ਦੇਣੇ ਸਨ। ਜੀਅ ਬਹੁਤ ਖਰਾਬ ਹੋ ਗਿਆ। ਮੈਂ ਢੇਰੀ ਢਾਅ ਕੇ ਬੈਠ ਗਈ। ਆਪਣੇ ਆਪ ਨੂੰ ਫਿੱਟ ਲਾਹਣਤ ਵੀ ਪਾਈ ਕਿ ਕਿਉਂ ਮੈਂ ਇਨ੍ਹਾਂ ਲੋਕਾਂ 'ਤੇ ਭਰੋਸਾ ਕਰ ਬੈਠੀ।

ਦੋ ਹਫ਼ਤੀਂ ਕੈਥੀ ਪੀਟਰ ਨੂੰ ਲਪੇਟੀ ਆ ਗਈ। ਉਸ ਦਿਨ ਠੰਢ ਨੇ ਵੀ ਬੁਰਾ ਹਾਲ ਕੀਤਾ ਹੋਇਆ ਸੀ। ਉਸਨੇ ਪੀਟਰ ਨੂੰ ਅੰਦਰ ਵਾੜਿਆ ਅਤੇ ਆਪਣੇ ਬੈਗ ਵਿੱਚ ਹੱਥ ਮਾਰਨ ਲੱਗ ਪਈ। ਉਹ ਉੱਥੇ ਹੀ ਖੜੀ ਹੋਣ ਕਾਰਨ ਮੈਂ ਵੀ ਦਰਵਾਜ਼ਾ ਬੰਦ ਨਾ ਕੀਤਾ। ਪੀਟਰ ਮਿੰਦਰ ਕੋਲ ਜਾ ਕੇ ਉਸਦੀ ਗੋਦੀ ਵਿਚ ਬੈਠ ਗਿਆ। ਜਦੋਂ ਪਹਿਲਾਂ ਆਉਣਾ ਸ਼ੁਰੂ ਕੀਤਾ ਸੀ ਤਾਂ ਬਹੁਤ ਰੋਂਦਾ ਹੁੰਦਾ ਸੀ ਪਰ ਹੁਣ ਜਿਵੇਂ ਉਸਨੂੰ ਪਤਾ ਲੱਗ ਗਿਆ ਸੀ ਕਿ ਉਸਦੀ ਜ਼ਿੰਦਗੀ ਦਾ ਇਹੋ ਰੁਟੀਨ ਹੋਵੇਗਾ। ਉਹ ਆਪਣੇ ਖਿਡੌਣੇ ਨਾਲ਼

ਲਈ ਆਉਂਦਾ। ਕੈਥੀ ਅਕਸਰ ਉਸਦੇ ਮਨ ਪਸੰਦ ਦਾ ਖਾਣਾ ਵੀ ਡੱਬੇ ਵਿਚ ਪਾ ਦਿੰਦੀ। ਪਰ ਇੱਥੇ ਦਾ ਕਨੂੰਨ ਕਿ ਬੱਚੇ ਨੂੰ ਆਪਣੇ ਅਸਲੀ ਮਾਂ-ਪਿਓ ਦਾ ਪਤਾ ਹੋਣਾ ਚਾਹੀਦਾ ਹੈ, ਕਾਰਨ ਪੀਟਰ ਨੂੰ ਦੋ ਹਫ਼ਤੀਂ, ਇਕ ਦਿਨ ਸਾਡੇ ਨਾਲ਼ ਕੱਟਣਾ ਹੀ ਪੈਂਦਾ। ਕੈਥੀ ਕੋਲ ਪੀਟਰ ਵਾਸਤੇ ਹਰ ਸੁਵਿਧਾ ਸੀ । ਸੋਹਣਾ-ਸਾਫ਼ ਘਰ, ਪੈਸਾ-ਧੇਲਾ ਵੀ। ਪਰ ਕਨੂੰਨ ਦੀ ਉਲੰਘਣਾ ਵੀ ਨਹੀਂ ਸੀ ਉਹ ਕਰਨਾ ਚਾਹੁੰਦੀ। ਮਿੰਦਰ ਨੂੰ ਕੋਈ ਫ਼ਰਕ ਨਹੀਂ ਸੀ ਪੈਂਦਾ ਕਿ ਪੀਟਰ ਆਵੇ ਜਾਂ ਨਾ ਆਵੇ। ਉਹ ਅਕਸਰ ਆਖ ਦਿੰਦਾ, "ਇਸਨੇ ਕਿਹੜਾ ਮੈਨੂੰ ਸਾਂਭਣਾ ਹੈ?"

ਮੇਰਾ ਕਈ ਵੇਰ ਜੀਅ ਕੀਤਾ ਕਹਿਣ ਨੂੰ ਕਿ "ਜਿਸ ਤਰ੍ਹਾਂ ਦਾ ਤੂੰ ਇਸਨੂੰ ਸਾਂਭਦਾ ਹੈਂ, ਉਸੇ ਤਰ੍ਹਾਂ ਦਾ ਇਹ ਤੈਨੂੰ ਸਾਂਭੂ।" ਪਰ ਮੈਂ ਸਭ ਮਨ ਵਿਚ ਦੱਬ ਲੈਂਦੀ।

ਕੈਥੀ ਨੇ ਬੈਗ ਵਿੱਚੋਂ ਇਕ ਚਿੱਟਾ ਲਿਫ਼ਾਫਾ ਕੱਢਿਆ ਅਤੇ ਮੈਨੂੰ ਫੜਾਉਂਦੀ ਹੋਈ ਬੋਲੀ, "ਸਿਮ! ਦਿਸ ਇਜ਼ ਫਾਰ ਯੂ ਫਰੌਮ ਮਾਈਕਲ।"

"ਫਾਰ ਮੀ?" ਮੈਂ ਹੈਰਾਨ ਹੁੰਦਿਆਂ ਪੁੱਛਿਆ।

"ਯੈੱਸ ਫਾਰ ਯੂ। ਤੈਨੂੰ ਇੰਟਰਵਿਯੂ ਲਈ ਸੱਦਿਆ ਗਿਆ ਹੈ।" ਆਖਦਿਆਂ ਉਹ ਆਪਣੇ ਕੋਟ ਨੂੰ ਕੱਸਦੀ ਹੋਈ ਅਤੇ ਪੀਟਰ ਨੂੰ ਬਾਏ ਕਹਿੰਦੀ, ਦਰਾਂ ਵਿੱਚੋਂ ਹੀ ਮੁੜ ਗਈ।

ਮੈਂ ਲਿਫ਼ਾਫ਼ੇ ਨੂੰ ਪੁੱਠਾ ਸਿੱਧਾ ਕਰਕੇ ਦੇਖਦੀ ਰਹੀ। ਅੰਦਰੋਂ ਮੈਂ ਡਰਦੀ ਸਾਂ ਕਿ ਪਤਾ ਨਹੀਂ ਇਸਦੇ ਵਿੱਚ ਕੀ ਹੋਵੇਗਾ।

ਜਦੋਂ ਦੇਖਿਆ ਤਾਂ ਸੱਚ ਇੰਟਰਵਿਊ ਲਈ ਸੱਦਾ ਸੀ। ਅਗਲੇ ਹਫ਼ਤੇ ਮੇਰੀ ਇੰਟਰਵਿਊ ਸੀ।

ਮਿੰਦਰ ਨੇ ਮੈਨੂੰ ਜਿਵੇਂ ਤਾਨ੍ਹਾ ਜਿਹਾ ਮਾਰਿਆ, "ਬਹੁਤੀ ਫਰੈਂਡ ਬਣਗੀ ਤੇਰੀ?"

ਮੈਂ ਬਹੁਤਾ ਧਿਆਨ ਨਾ ਦਿੱਤਾ। ਤੇ ਨਾ ਹੀ ਮੈਂ ਮਿੰਦਰ ਨੂੰ ਇਸਤੋਂ ਅੱਗੇ ਕੁਝ ਦੱਸਿਆ। ਪਰ ਸਵਾਲ ਹਥੌੜੇ ਵਾਂਗ ਮੇਰੇ ਸਿਰ ਵਿਚ ਵੱਜ ਰਹੇ ਸਨ। ਕਾਲ਼ੇ ਲੋਕਾਂ ਵਾਸਤੇ ਮਿੰਦਰ ਦੇ ਮਨ ਵਿਚ ਕਈ ਧਾਰਨਾਵਾਂ ਸਨ। ਸਹੀ ਵੀ ਹੋਣਗੀਆਂ। ਸਾਡੇ ਹੀ ਅਪਾਟਮੈਂਟ ਹੇਠਾਂ ਕਾਲ਼ਿਆਂ ਦੇ ਮੁੰਡੇ ਮੋਟੇ-ਮੋਟੇ ਗਹਿਣੇ ਪਾ ਕੇ, ਮਿਉਜ਼ਿਕ ਲਾ ਕੇ ਸ਼ੋਰ ਮਚਾਈ ਰੱਖਦੇ। ਚੋਰੀਆਂ-ਚਕਾਰੀਆਂ ਦੀਆਂ ਖ਼ਬਰਾ ਵੀ ਨਿੱਤ ਦੇਖਦੇ-ਸੁਣਦੇ ਸਾਂ। ਪਰ ਫੇਰ ਮੈਂ ਸੋਚਦੀ ਕਿ ਸਾਰੇ ਬੰਦੇ ਇੱਕੋ ਜਿਹੇ ਨਹੀਂ ਹੁੰਦੇ ਹੋਣਗੇ। ਜਿਹੜੇ ਪੜ੍ਹ ਲਿਖ ਗਏ ਹਨ, ਉਨ੍ਹਾਂ ਦੀ ਜ਼ਿੰਦਗੀ ਚੰਗੀ ਚੱਲ ਰਹੀ ਹੋਵੇਗੀ। ਇਹ ਵੱਖਰੀ ਗੱਲ ਹੈ ਕਿ ਸੱਭਿਅਕ ਤੌਰ ਤੇ ਹਰ ਮਨੁੱਖ ਵੱਖਰਾ ਹੈ ਅਤੇ ਉਸਦੀ ਸੋਚ ਵੱਖਰੀ ਹੈ। ਨਾ ਕੈਥੀ ਉਸ ਤਰ੍ਹਾਂ ਦੀ ਸੀ, ਜਿਸ ਤਰ੍ਹਾਂ ਮਿੰਦਰ ਨੇ ਗੋਰੀਆਂ ਦੀ ਤਸਵੀਰ ਖਿੱਚ ਦੇ ਦਿਖਾਈ ਸੀ ਤੇ ਨਾ ਹੀ ਮਾਈਕਲ।

ਕਈ ਦਿਨ ਘੋਲ ਮੇਰੇ ਅੰਦਰ ਚੱਲਦਾ ਰਿਹਾ। ਮਿੰਦਰ ਨਾਲ਼ ਗੱਲ ਕਰਾਂ? ਪੁੱਛਾਂ ਉਹ ਕੀ ਸੋਚਦਾ ਹੈ? ਇੰਟਰਵਿਊ ਲਈ ਜਾਵਾਂ? ਮਨ ਵਿਚ ਆਇਆ ਕਿ ਰਹਿਣ ਦਿੰਦੀ ਹਾਂ। ਕੀ ਫ਼ਾਇਦਾ ਪੁੱਛਣ-ਦੱਸਣ ਦਾ। ਪਰ ਫੇਰ ਸੋਚਿਆ ਕਿ ਹਰ ਰਿਸ਼ਤੇ ਵਿਚ ਇਮਾਨਦਾਰੀ ਹੋਣੀ ਜ਼ਰੂਰੀ ਹੈ ਭਾਵੇਂ ਰਿਸ਼ਤਾ ਕਿਸ ਤਰ੍ਹਾਂ ਦਾ ਵੀ ਹੋਵੇ।



ਸ਼ਾਮ ਨੂੰ ਰੋਟੀ ਖਾਂਦਿਆਂ ਮੈਂ ਮਿੰਦਰ ਨੂੰ ਸਾਰੀ ਗੱਲ ਦੱਸ ਦਿੱਤੀ। ਮੈਂ ਇਹ ਵੀ ਕਿਹਾ ਕਿ ਮੈਂ ਕੋਸ਼ਿਸ਼ ਕਰਕੇ ਦੇਖਣਾ ਚਾਹੁੰਦੀ ਹਾਂ। ਮਿੰਦਰ ਲੋਹਾ ਲਾਖਾ ਤਾਂ ਬਥੇਰਾ ਹੋਇਆ ਪਰ ਉਸਨੇ ਮੈਨੂੰ ਰੋਕਿਆ ਵੀ ਨਾ। ਕਹਿਣ ਲੱਗਾ, "ਤੂੰ ਕਲ ਨੂੰ ਵੀ ਆਪਣੀ ਪੜ੍ਹਾਈ ਅਨੁਸਾਰ ਕੋਈ ਜੌਬ ਟੋਲਣੀ ਹੈ ਤੇ ਹੁਣ ਹੀ ਉਹ ਗੁਭ੍ਹ-ਗਲ੍ਹਾਟ ਕੱਢ ਲੈ। ਦੇਖ ਲੈ ਤੂੰ ਕੀ ਕਰ ਸਕਦੀ ਐਂ। ਬੇਰੰਗ ਲਿਫ਼ਾਫ਼ੇ ਵਾਂਗ ਨਾ ਮੁੜੀ ਤਾਂ ਮੇਰਾ ਨਾਂ ਬਦਲ ਦੇਵੀਂ।" ਨਾਲ਼ ਉਸਨੇ ਮੈਨੂੰ ਮਿਹਣਾ ਵੀ ਮਾਰ ਦਿੱਤਾ, "ਕਾਲ਼ਿਆਂ ਤੇ ਵੀ ਤੈਨੂੰ ਬਾਹਲ਼ਾ ਹੀ ਭਰੋਸਾ ਜਿਹਾ ਐ। ਦੇਖ ਪਰਖ ਲੈ।" ਆਖਦਿਆਂ ਟੀਰੀ ਜਿਹੀ ਅੱਖ ਨਾਲ਼ ਝਾਕਦਾ ਹਿੜ-ਹਿੜ ਕਰਕੇ ਹੱਸਿਆ।

ਮੈਂ ਇੰਟਰਵਿਊ ਲਈ ਚਲੀ ਗਈ। ਮਿੰਦਰ ਨੇ ਹੀ ਮੈਨੂੰ ਕਿਹਾ ਸੀ ਕਿ ਗੋਰਿਆਂ ਦੀ ਫਰਮ ਵਿਚ ਜਾਣੈ ਤਾਂ ਕੱਪੜੇ ਵੀ ਉਸ ਤਰ੍ਹਾਂ ਦੇ ਹੀ ਪਾ ਕੇ ਜਾਵਾਂ।

ਸਕਰਟ ਮੈਂ ਕਦੇ ਪਹਿਨੀ ਨਹੀਂ ਸੀ। ਮੈਂ ਪੈਂਟ ਅਤੇ ਬਲਾਊਜ ਪਹਿਨ ਕੇ ਚਲੀ ਗਈ। ਕਿਪਲਿੰਗ ਤੋਂ ਸੱਬ ਵੇਅ ਲਈ, ਯੰਗ ਸਟਰੀਟ ਤੇ ਉੱਤਰ ਕੇ ਦੂਜਾ ਰੂਟ ਯੂਨੀਅਨ ਦਾ ਲੈ ਲਿਆ। ਕਿੰਗ ਸਟਰੀਟ ਤੇ ਉੱਤਰ ਕੇ ਮੈਂ ਬਾਹਰ ਨਿੱਕਲ ਆਈ। ਸੱਬ ਵੇਅ ਦਾ ਨਕਸ਼ਾ ਵੀ ਮੈਂ ਚੇਤੇ ਕੀਤਾ ਹੋਇਆ ਸੀ। ਇਕੱਲਾ-ਇੱਕਲਾ ਸਟੇਸ਼ਨ ਮੈਂ ਰੱਟ ਲਿਆ ਸੀ। ਡਾਊਨ ਟਾਊਨ ਕਿੰਗ ਸਟਰੀਟ ਵਿਚ ਜਿਵੇਂ ਮੈਂ ਗੁਆਚੀ ਪਈ ਸਾਂ। ਵੱਡੀਆਂ-ਵੱਡੀਆਂ ਇਮਾਰਤਾ, ਹੇਠਾਂ ਨਿੱਕੇ-ਨਿੱਕੇ ਲੋਕ ਤੁਰੇ ਫਿਰਦੇ, ਔਰਤਾਂ-ਮਰਦ ਸਭ ਇਸ ਮਾਇਆ ਦੀ ਦੁਨੀਆਂ ਵਿਚ ਭੱਜੇ ਫਿਰ ਰਹੇ ਸਨ। ਮੈਂ ਡਰ ਗਈ। ਕਿੱਥੇ ਮਾਈਕਲ ਨੇ ਮੈਨੂੰ ਫਸਾ ਦਿੱਤਾ ਹੈ। ਵੈਸੇ ਇਹ ਇਲਾਕਾ ਮੈਨੂੰ ਇਕ ਵੇਰ ਮਿੰਦਰ ਨੇ ਦਿਖਾਇਆ ਵੀ ਸੀ ਜਦੋਂ ਉਹ ਛੁੱਟੀ ਵਾਲੇ ਦਿਨ ਘੁਮਾਉਣ ਲਿਆਇਆ ਸੀ। ਇੱਕਲਿਆਂ ਮੈਂ ਪਹਿਲੀ ਵੇਰ ਆਈ ਸਾਂ ਅਤੇ ਡਰ ਰਹੀ ਸਾਂ। ਡਰਦਿਆਂ, ਮੈਂ ਉਸ ਦਰ ਦੇ ਅੱਗੇ ਆਣ ਖਲੋਤੀ ਜਿਹੜਾ ਮੇਰੇ ਲੈਟਰ ਹੈੱਡ ਉੱਤੇ ਲਿਖਿਆ ਹੋਇਆ ਸੀ। ਅੰਦਰ ਸ਼ਾਹੀ ਕਿਸਮ ਦਾ ਦਫ਼ਤਰ ਤੇ ਕੰਬਦੀ ਡਰਦੀ ਮੈਂ। ਰਿਸੈਪਸ਼ਨ ਵਾਲੀ ਕੁੜੀ ਨੂੰ ਕੁਝ ਕਹਿਣ ਨਾਲੋਂ ਮੈਂ ਚਿੱਠੀ ਕੱਢ ਕੇ ਫੜਾ ਦਿੱਤੀ। ਉਸਨੇ ਚਿੱਠੀ ਲਈ ਅਤੇ ਅੰਦਰ ਕਿਸੇ ਨੂੰ ਟੈਲੀਫੋਨ ਕਰ ਦਿੱਤਾ। ਦੋ ਕੁ ਮਿੰਟ ਬਾਅਦ ਮਾਈਕਲ ਬਾਹਰ ਆ ਗਿਆ। ਕਹਿਣ ਲੱਗਾ, "ਵੈਲਕਮ ਮਾਈ ਫਰੈਂਡ। ਯੂ ਮੇਡ ਇੱਟ।" ਉਸਨੇ ਆਪਣੇ ਮੋਟੇ ਠੁੱਲ੍ਹੇ ਬੁੱਲਾਂ ਵਿਚ ਹੱਸਦਿਆਂ ਆਖਿਆ।

ਮੈਨੂੰ ਇਨ੍ਹਾਂ ਸ਼ਬਦਾਂ ਦੇ ਵੀ ਜਿਵੇਂ ਦੋਹਰੇ ਅਰਥ ਜਾਪੇ। ਕੀ ਮਤਲਬ ਹੋਵੇਗਾ ਮਾਈਕਲ ਦਾ? ਮੈਂ ਸੋਚੀ ਜਾ ਰਹੀ ਸਾਂ। ਜਦੋਂ ਨੂੰ ਉਸਨੇ ਮੇਰੀ ਸੋਚ ਤੋੜੀ ਤੇ ਕਹਿਣ ਲੱਗਾ, ਤੇਰੀ ਇੰਟਰਵਿਊ ਮਿਸਟਰ ਜੋਅ ਮੈਕਡੌਨਲਡ ਲਵੇਗਾ। ਮੇ ਬੀ, ਆਈ ਸ਼ੈਲ ਅਸਿਸਟ ਹਿਮ। ਸੋ ਡੌਂਟ ਵਰੀ।"

"ਠੀਕ ਹੈ।" ਆਖ ਮੈਂ ਆਲ਼ਾ ਦੁਆਲ਼ਾ ਝਾਕਣ ਲੱਗੀ।

ਥੋੜੇ ਚਿਰ ਵਿਚ ਮੈਨੂੰ ਅੰਦਰ ਸੱਦ ਲਿਆ ਗਿਆ। ਮੈਂ ਸੋਚ ਰਹੀ ਸਾਂ ਕਿ, 'ਮੈਂ ਕਿੱਥੇ ਫਸ ਗਈ। ਮੈਨੂੰ ਆਉਣਾ ਹੀ ਨਹੀਂ ਸੀ ਚਾਹੀਦਾ। ਇਹ ਦੁਨੀਆ ਹੀ ਕੋਈ ਹੋਰ ਸੀ।' ਜੀਅ ਕੀਤਾ ਉੱਠ ਦੇ ਚਲੀ ਜਾਵਾਂ। ਪਰ ਮੇਰੀਆਂ ਲੱਤਾਂ ਜਿਵੇਂ ਸਾਥ ਨਹੀਂ ਸਨ ਦੇ ਰਹੀਆਂ। ਜਿਹੜੀ ਕੁੜੀ ਮੈਨੂੰ ਸੱਦਣ ਆਈ ਸੀ, ਮੈਂ ਉਸਦੇ ਮਗਰ ਤੁਰ ਪਈ। ਇੰਜ ਮਹਿਸੂਸ ਹੋਇਆ ਜਿਵੇਂ ਕੋਈ ਤਾਕਤ ਮੈਨੂੰ ਖਿੱਚੀ ਜਾ ਰਹੀ ਹੋਵੇ।

ਇੰਟਰਵਿਊ? ਮੈਨੂੰ ਨਹੀਂ ਲਗਦਾ ਇਹ ਇੰਟਰਵਿਊ ਸੀ। ਐਂਵੇ ਖਾਨਾ ਪੂਰਤੀ ਜਿਹੀ ਸੀ। ਮਿਸਟਰ ਮੈਕਡੌਨਲਡ ਸਿਰੋ ਗੰਜਾ, ਲਿਸ਼ਕਦਾ-ਪੁਸ਼ਕਦਾ, ਸੂਟਡ-ਬੂਟਡ, ਗੋਰਾ-ਚਿੱਟਾ, ਡੈਸਕ ਦੇ ਦੂਜੇ ਬੰਨੇ ਬੈਠਾ ਸੀ। ਉਹ ਆਪਣੀਆਂ ਐਨਕਾਂ ਨੂੰ ਹੇਠਾਂ ਕਰਦਾ ਬੋਲਿਆ, "ਹੈਲੋ! ਹਾਓ ਆਰ ਯੂ ਮਿਸਜ਼ ਸੈਂਡੂ (ਸੰਧੂ)?" ਤੇ ਉਸਨੇ ਖੜਾ ਹੋ ਕੇ ਆਪਣਾ ਹੱਥ ਵਧਾਇਆ।

ਮੈਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਹੁਣ ਕੀ ਕਰਾਂ? ਮੈਂ ਜੱਕਦੀ ਜਿਹੀ ਨੇ ਹੱਥ ਅੱਗੇ ਕਰ ਦਿੱਤਾ। ਹੱਥ ਮਿਲਾਉਂਦਿਆ ਜਿਵੇਂ ਮੈਨੂੰ ਕਿਸੇ ਗੁਨਾਹ ਦਾ ਅਹਿਸਾਸ ਹੋਇਆ ਹੋਵੇ। ਮੈਂ ਡਰਦਿਆਂ ਆਖ ਸਕੀ, "ਹੈਲੋ ਸਰ।"

"ਬੈਠ।" ਉਸਨੇ ਹੱਥ ਦੇ ਇਸ਼ਾਰੇ ਨਾਲ਼ ਕਿਹਾ। ਤੇ ਫੇਰ ਬੋਲਿਆ, "ਸੋ ਯੂ ਆਰ 'ਸੈਮਰ' (ਸਿਮਰ)? ਕੈਨ ਆਈ ਕਾਲ ਯੂ 'ਸੈਮਰ' ਦੈਨ ਮਿਸਿਜ਼ ਸੈਂਡੂ?"

"ਯੈੱਸ ਸਰ। ਪਲੀਜ਼ ਡੂ।" ਆਖਦਿਆ ਮੈਂ ਉਸਦੇ ਦਫ਼ਤਰ ਦੇ ਕੋਨੇ ਫਰੋਲਣ ਲੱਗੀ। ਕਿਆ ਸ਼ਾਹੀ ਠਾਠ ਸੀ। ਪੈਰਾਂ ਹੇਠ ਕਾਰਪੈੱਟ ਤੋਂ ਲੈ ਕੇ ਕੰਧਾਂ ਦੀਆਂ ਤਸਵੀਰਾਂ ਤੱਕ ਹਰ ਚੀਜ਼ ਤਰਤੀਬ ਵਿਚ। ਮੈਂ ਫੇਰ ਸੋਚਿਆ ਕਿ ਮੈਨੂੰ ਆਖ ਦੇਣਾ ਚਾਹੀਦਾ ਹੈ ਕਿ ਮੈਥੋਂ ਗ਼ਲਤੀ ਹੋ ਗਈ, ਮੈਨੂੰ ਆਉਣਾ ਨਹੀਂ ਸੀ ਚਾਹੀਦਾ। ਮੈਨੂੰ ਤਾਂ ਕਿਸੇ ਕੰਮ ਦਾ ਤਜ਼ਰਬਾ ਵੀ ਨਹੀਂ ਹੈ।

ਖ਼ੈਰ ਮੈਂ ਫੇਰ ਵੀ ਬੈਠੀ ਰਹੀ। ਜਾਪਿਆ ਜਿਵੇਂ ਮੈਂ ਕੁਰਸੀ ਨਾਲ਼ ਚਿਪਕ ਗਈ ਹੋਵਾਂ। ਮਿਸਟਰ ਮੈਕਡੌਨਲਡ ਹੀ ਬੋਲੀ ਗਿਆ ਪਰ ਮੇਰੇ ਕੰਨ ਬੰਦ ਸਨ। ਕੁਝ ਪੱਲੇ ਨਹੀਂ ਸੀ ਪੈ ਰਿਹਾ। ਉਸਨੇ ਦੋ-ਚਾਰ ਸਵਾਲ ਪੁੱਛੇ, ਮੈਂ ਉੱਤਰ ਦੇ ਦਿੱਤਾ। ਮੈਨੂੰ ਪੱਕਾ ਪਤਾ ਸੀ ਕਿ ਮੈਨੂੰ ਇਹ ਕੰਮ ਕਦਾਚਿਤ ਨਹੀਂ ਮਿਲ ਸਕਦਾ। ਤੇ ਮੈਂ ਉਸਦੇ ਬੋਲ ਇਹੋ ਸਮਝ ਸਕੀ ਕਿ "ਵੀ ਵਿੱਲ ਲੈੱਟ ਯੂ ਨੋ।"

ਮੈਂ ਸ਼ੁਅਰ ਸੀ ਕਿ ਇਹ ਇਕ ਬੁਰਾ ਸੁਪਨਾ ਸੀ ਜੋ ਬੀਤ ਗਿਆ। ਮੁੜਕੇ ਕਦੀ ਵੀ ਮੈਂ ਇਸ ਤਰ੍ਹਾਂ ਦੇ ਹਾਲਾਤ ਵਿਚ ਨਹੀਂ ਪਵਾਂਗੀ।

ਘਰ ਆਈ, ਪਾਣੀ ਪੀਤਾ। ਸਾਹ ਖਿੱਚ ਕੇ ਲਿਆ। ਕੋਟ ਲਾਹ ਕੇ ਕਬਰਡ ਵਿਚ ਟੰਗਿਆ। ਪਰ ਮੇਰਾ ਮਨ ਬਹੁਤ ਅਸ਼ਾਂਤ ਸੀ। ਬੱਚੇ ਦੁਆਲੇ ਘੇਰਾ ਘੱਤ ਕੇ ਖੜੇ ਕੁਝ ਆਖ ਰਹੇ ਸਨ, ਪਤਾ ਨਹੀਂ ਸੀ ਲੱਗ ਰਿਹਾ। ਸੋਚਿਆ ਜੇ ਮਿੰਦਰ ਨੂੰ ਦੱਸਿਆ ਤਾਂ ਉਸਨੇ ਮਖੌਲ ਕਰਨੇ ਸਨ। ਮੈਂ ਚੁੱਪ ਹੀ ਰਹੀ।

ਕਈ ਦਿਨ ਨਿੱਕਲ ਗਏ। ਮੈਨੂੰ ਪੱਕਾ ਪਤਾ ਸੀ ਕਿ ਇਸ ਤਰ੍ਹਾਂ ਦੇ ਕੰਮ ਲਈ ਸੋਚਣਾ ਵੀ ਮੇਰੇ ਵੱਸ ਨਹੀਂ ਸੀ। ਆਪਣੀ ਬੇਵਕੂਫ਼ੀ ਤੇ ਗੁੱਸਾ ਜ਼ਰੂਰ ਆ ਰਿਹਾ ਸੀ ਕਿ ਮਾਈਕਲ ਦੇ ਮਗਰ ਲੱਗ ਕੇ ਮੈਂ ਆਪਣਾ ਫੂਲ ਬਣਾਇਆ ਸੀ। ਮਿੰਦਰ ਦੀਆਂ ਟਕੋਰਾਂ ਵਾਧੂ ਸੁਣਨੀਆਂ ਸਨ। ਕਈ ਦਿਨ ਮੈਨੂੰ ਜਿਵੇਂ ਸੁਰਤ ਜਿਹੀ ਨਾ ਆਵੇ। ਜੀਅ ਘਬਰਾਈ ਜਾਵੇ।

...ਤੇ ਫੇਰ ਇਕ ਦਿਨ ਅਪਾਰਟਮੈਂਟ ਦੇ ਲੈਟਰ ਬੌਕਸ ਵਿਚ ਕੰਪਨੀ ਦੀ ਚਿੱਠੀ ਪਈ ਸੀ। ਮੇਰਾ ਮਨ ਪੱਕਾ ਸੀ ਕਿ ਉਨ੍ਹਾਂ ਨੇ ਜਵਾਬ ਦਿੱਤਾ ਹੋਵੇਗਾ। ਜਵਾਬ ਆ ਗਿਆ ਤਾਂ ਮਨ ਵੀ ਸ਼ਾਂਤ ਹੋ ਜਾਵੇਗਾ। ਪਰ ਕਿੱਥੇ? ਚਿੱਠੀ ਖੋਲਦਿਆਂ ਪੜ੍ਹਣ ਲੱਗੀ ਤਾਂ ਦੇਖਿਆ ਕਿ ਉਨ੍ਹਾਂ ਨੇ ਮੈਨੂੰ ਦੋ ਹਫ਼ਤੇ ਬਾਅਦ ਕੰਮ ਸ਼ੁਰੂ ਕਰਨ ਵਾਸਤੇ ਆਖਿਆ ਸੀ। ਮੇਰੀ ਕੀ ਪੁਜ਼ੀਸ਼ਨ ਹੋਵੇਗੀ, ਤਨਖਾਹ ਕਿੰਨੀ ਹੋਵੇਗੀ ਦਾ ਵੀ ਵੇਰਵਾ



ਸੀ। ਕਿੰਨੇ ਘੰਟੇ ਕੰਮ ਕਰਨਾ, ਕਦੋਂ ਬੈਨੀਫਿੱਟ ਸ਼ੁਰੂ ਹੋਣਗੇ, ਇਹ ਸਭ ਲਿਖਿਆ ਹੋਇਆ ਸੀ। ਮੈਂ ਜਿਵੇਂ ਮੱਥਾ ਫੜ ਕੇ ਬੈਠ ਗਈ।

ਜਦੋਂ ਮੈਂ ਮਿੰਦਰ ਨੂੰ ਦੱਸਿਆ ਤਾਂ ਉਹ ਬਹੁਤ ਖ਼ੁਸ਼ ਹੋਇਆ। ਕਹਿੰਦਾ, "ਇਸ ਵਿਚ ਡਰਨ ਦੀ ਕੀ ਲੋੜ ਐ? ਇੱਥੇ ਕੰਮ ਸਿਖਾਲ ਲੈਂਦੇ ਐ। ਉਨ੍ਹਾਂ ਨੂੰ ਪਤੈ ਕਿ ਤੈਨੂੰ ਕੋਈ ਤਜ਼ਰਬਾ ਨਹੀਂ ਹੈ। ਉਹ ਤੈਨੂੰ ਉਹੀ ਕੰਮ ਕਰਨ ਨੂੰ ਕਹਿਣਗੇ ਜਿਹੜਾ ਤੂੰ ਕਰ ਸਕਦੀ ਹੋਵੇਂ।"

ਗੱਲ ਮਿੰਦਰ ਦੀ ਠੀਕ ਸੀ। ਪਰ ਮੈਨੂੰ ਡਾਊਨ ਟਾਊਨ ਤਕ ਟਰੈਵਲ ਕਰਨਾ, ਗੋਰਿਆਂ ਨਾਲ਼ ਹਰ ਰੋਜ਼ ਗਿੱਟ-ਮਿੱਟ ਕਰਨਾ ਜਿਵੇਂ ਡਰਾ ਰਿਹਾ ਸੀ। ਵੈਸੇ ਵੀ ਸਾਡੇ ਬੋਲਣ ਦਾ ਢੰਗ ਹੋਰ ਹੈ। ਅਸੀਂ ਹਰ ਗੱਲ ਗਰਾਮਰ ਲਾ ਕੇ ਬੋਲਦੇ ਹਾਂ ਤੇ ਗੋਰੇ ਸਲੈਂਗ ਵਿਚ ਪਤਾ ਨਹੀਂ ਕੀ ਕੁਝ ਕਹਿ ਜਾਂਦੇ ਹਨ। ਮੈਨੂੰ ਡਰ ਸੀ ਕਿ ਮੇਰਾ ਮਖੌਲ ਨਾ ਬਣੇ।

ਖ਼ੈਰ! ਮੈਂ ਕੰਮ ਮੰਨ ਲਿਆ। ਔਖਾ ਵੀ ਲੱਗਾ। ਪਰ ਮੈਂ ਪੂਰੀ ਇਮਾਨਦਾਰੀ ਨਾਲ਼ ਕਰਨ ਵੀ ਲੱਗ ਪਈ। ਸਿੱਖਣ ਦਾ ਅਭਿਆਸ ਵੀ ਸ਼ੁਰੂ ਹੋ ਗਿਆ। ਕੰਮ ਕਰਦਿਆਂ ਮੈਨੂੰ ਗੋਰਿਆਂ-ਕਾਲ਼ਿਆਂ ਦੀਆਂ ਆਦਤਾਂ-ਸੁਭਾ ਦਾ ਸਭ ਪਤਾ ਲੱਗਣ ਲੱਗ ਪਿਆ। ਇਹ ਲੋਕ ਰੱਜ ਕੇ ਮਿਹਨਤ ਕਰਦੇ, ਰੱਜ ਕੇ ਖਾਂਦੇ, ਤੇ ਰੱਜ ਕੇ ਜਿਉਂਦੇ। ਅਸੀਂ ਲੋਕ ਸੰਕੀਰਣ ਜਿਹੀ ਸੋਚ ਲੈ ਕੇ ਆਪਣੇ ਦਿਲ ਦੇ ਹਰ ਕੋਨੇ ਨੂੰ ਜੰਗਾਲ ਜਿਹਾ ਲਾ ਲੈਂਦੇ। ਮੇਰਾ ਕੰਮ ਸਿਰਫ਼ ਪੁਰਾਣੇ ਗਾਹਕਾਂ ਦੀ ਲਿਸਟ ਨੂੰ ਤਿਆਰ ਕਰਕੇ ਟੈਲੀਮਾਰਕਿਟਿੰਗ ਵਾਲੀਆਂ ਕੁੜੀਆਂ ਨੂੰ ਦੇਣੀ ਸੀ। ਪੜ੍ਹਦਿਆਂ ਕਿੰਨਾ ਕੁਝ ਅੱਖਾਂ ਵਿੱਚੀਂ ਕੱਢਿਆ ਸੀ ਤੇ ਇਹ ਤਾਂ ਗੱਲ ਹੀ ਕੁਝ ਨਹੀਂ ਸੀ। ਹਰ ਰੋਜ਼ ਮੇਰੇ ਡੈਸਕ 'ਤੇ ਇਕ ਵੱਡਾ ਸਾਰਾ ਕੰਪਿਊਟਰ ਦਾ ਪਰਿੰਟ ਕੀਤਾ ਹੋਇਆ, ਪੇਪਰ ਦਾ ਗੋਲ ਰੋਲ ਪਿਆ ਹੁੰਦਾ। ਜਿਨ੍ਹਾਂ ਨਾਵਾਂ ਉੱਤੇ ਤਾਰੇ ਜਿਹੇ ਦਾ ਨਿਸ਼ਾਨ ਹੁੰਦਾ, ਉਹ ਵੱਖ ਕਰ ਲੈਣੇ। ਉਨ੍ਹਾਂ ਦੇ ਰਨਿਊਅਲ ਜਾਰੀ ਕਰਨੇ, ਬਾਕੀ ਟੈਲੀਮਾਰਕਿਟਿੰਗ ਵਾਲਿਆਂ ਨੂੰ ਭੇਜ ਦੇਣਾ, ਭਲਾ ਕੀ ਕੰਮ ਸੀ ਇਹ? ਅੱਖਾਂ ਜ਼ਰੂਰ ਥੱਕ ਜਾਂਦੀਆ ਸਨ। ਮਿੱਟੀ ਘੱਟੇ ਨਾਲੋਂ ਤਾਂ ਇਹ ਕੰਮ ਬਹੁਤ ਚੰਗਾ ਸੀ। ਸਾਰਾ ਦਿਨ ਬੈਠ ਕੇ ਕੰਮ ਕਰਨਾ, ਡੈਸਕ ਜੌਬ। ਪੈਸੇ ਵੀ ਚੰਗੇ। ਪਹਿਲੇ ਕੰਮ ਤੋਂ ਦੁੱਗਣੇ ਤਾਂ ਨਹੀਂ ਸਨ ਪਰ ਫੇਰ ਵੀ ਮੇਰੀ ਰੋਟੀ ਸੋਹਣੀ ਤੁਰ ਪੈਂਦੀ।

ਬੱਚਿਆਂ ਨੂੰ ਮਿੰਦਰ ਸਾਂਭ ਲੈਂਦਾ ਤੇ ਮੰਮੀ ਵੀ ਮਦਦ ਕਰਾਉਣ ਆ ਜਾਂਦੀ। ਮੈਂ ਕੰਮ ਤੇ ਚਲੀ ਜਾਂਦੀ। ਸਾਰਾ ਦਿਨ ਮੈਂ ਗੋਰਿਆਂ ਕਾਲ਼ਿਆਂ ਵਿਚ ਕੰਮ ਕਰਦੀ। ਕੁਝ ਆਪਣੇ ਮੁੰਡੇ ਕੁੜੀਆਂ ਵੀ ਸਨ। ਕੰਮ ਕਰਦਿਆਂ ਮੇਰੇ ਵਿਚ ਜਿਵੇਂ ਕੌਨਫੀਡੈਂਸ ਵੱਧ ਰਿਹਾ ਸੀ। ਸਵੈ ਹੋਂਦ ਦਾ ਅਹਿਸਾਸ ਵੀ ਹੋ ਰਿਹਾ ਸੀ। ਇਸ ਵਾਸਤੇ ਮਿੰਦਰ ਨੂੰ ਮੇਰਾ ਇੱਥੇ ਕੰਮ ਕਰਨਾ ਚੰਗਾ ਨਾ ਲੱਗਦਾ। ਉਹ ਆਨੇ ਬਹਾਨੇ ਕਹਿਣ ਲੱਗ ਪਿਆ, "ਤੂੰ ਕੰਮ ਛੱਡ ਦੇ। ਮੈਥੋਂ ਨਹੀਂ ਬੱਚੇ ਸਾਂਭੇ ਜਾਂਦੇ। ਮੇਰੇ ਕੋਲੋਂ ਨਹੀਂ ਇਨ੍ਹਾਂ ਨੂੰ ਟੱਟੀ-ਪਿਸ਼ਾਬ ਕਰਾ ਹੁੰਦਾ। ਬੰਦਾ ਕਿਤੇ ਜਾ ਵੀ ਨਹੀਂ ਸਕਦਾ। ਮੈਂ ਵੀ ਕੰਮ ਟੋਲਣਾਂ ਹੋਵੇ ਤਾਂ ਕੀ ਕਰਾਂ?"

ਮੈਂ ਬਥੇਰਾ ਮਿੰਦਰ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਸਦਾ ਗੁੱਸਾ ਦਿਨੋਂ ਦਿਨ ਵੱਧੀ ਜਾ ਰਿਹਾ ਸੀ। ਉਹ ਮਿਹਣੇ ਜਿਹੇ ਦੇਣ ਲੱਗ ਪਿਆ ਕਿ, "ਮਾਈਕਲ ਨੂੰ ਮੈਂ ਪਸੰਦ ਆ ਗਈ ਹੋਣੀ ਆਂ।" ਦਿਨੋ-ਦਿਨ ਮਿੰਦਰ ਸ਼ੱਕੀ ਵੀ ਹੋਈ ਜਾ ਰਿਹਾ ਸੀ। ਆਪਣੇ ਆਪ ਨਾਲ਼ ਖਫ਼ਾ ਰਹਿੰਦਾ। ਲੋਕਾਂ ਉੱਤੇ ਗੁੱਸਾ ਕੱਢਦਾ। ਕੈਥੀ ਜੋ ਪੀਟਰ ਨੂੰ ਛੱਡ

ਜਾਂਦੀ ਤਾਂ ਉਸਨੂੰ ਬੁਲਾਉਂਦਾ ਵੀ ਨਾ। ਰਿਸ਼ਤੇਦਾਰਾਂ ਨਾਲ਼ ਮਿਹਣ-ਕੁ-ਮਿਹਣੇ ਹੋਈ ਜਾਂਦਾ ਕਹਿੰਦਾ, "ਤੁਸੀਂ ਮੇਰਾ ਧਿਆਨ ਨਹੀਂ ਕਰਦੇ। ਮੈਂ ਐਨਾ ਔਖਾ ਹਾਂ। ਪੈਸੇ ਧੇਲੇ ਤੋਂ ਵੀ ਔਖਾ ਹਾਂ। ਮੇਰੀ ਇੱਕਲੀ ਤੀਂਵੀ ਕੰਮ ਕਰਦੀ ਐ। ਜਿਸ ਨਾਲ ਬਿੱਲ-ਬੱਤੀਆਂ ਨਹੀਂ ਚੱਲਦੇ। ਤੁਸੀਂ ਸਾਰੇ ਮਤਲਬੀ ਹੋਂ।"

ਸਾਰੇ ਸੁਣ ਲੈਂਦੇ। ਸੁਣ-ਸੁਣ ਅੱਕ-ਥੱਕ ਜਾਂਦੇ। ਪਰ ਉਹ ਕੀ ਕਰ ਸਕਦੇ ਸਨ? ਜਿਹੜੇ ਲੋਕ ਮਿੰਦਰ ਦੀ ਮਦਦ ਵੀ ਕਰਦੇ, ਉਨ੍ਹਾਂ ਨੂੰ ਵੀ ਉਹ ਬੁਰਾ-ਭਲਾ ਬੋਲਦਾ। ਉਨ੍ਹਾਂ ਦੀ ਵੀ ਮਾਂ-ਭੈਣ ਇੱਕ ਕਰ ਦਿੰਦਾ। ਕੋਈ ਉਸ ਨਾਲ਼ ਤਰਕ ਨਾਲ਼ ਗੱਲ ਨਾ ਕਰ ਸਕਦਾ। ਜੇ ਕਰ ਕਿਸੇ ਨੇ ਮਿੰਦਰ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨਾਲ਼ ਵੀ ਉਹ ਮਿਹਣ-ਕੁ-ਮਿਹਣੀਂ ਹੁੰਦਾ। ਇਹ ਨਾ ਸੋਚਦਾ ਕਿ ਅਗਲਾ ਕਿੰਨਾ ਕੁ ਚਿਰ ਉਸਦਾ ਬਕਵਾਸ ਸੁਣ ਲਊ। ਜੇ ਮੈਂ ਵੀ ਵਿਹਲੀ ਹੋ ਕੇ ਬੈਠ ਜਾਂਦੀ ਤਾਂ ਭਲਾ ਗੁਜ਼ਾਰਾ ਕਿੱਦਾਂ ਤੁਰਦਾ? ਇਸ ਗੱਲ ਨੂੰ ਮਿੰਦਰ ਸਮਝਦਾ ਹੀ ਨਾ। ਇੱਕੋ ਗੱਲ ਦੀ ਰੱਟ ਲਾਈ ਰੱਖਦਾ ਕਿ, "ਜੇ ਉਹ ਕੰਮ ਉੱਤੇ ਲੱਗ ਪਿਆ ਤਾਂ ਕੈਥੀ ਨੇ ਅੱਧੇ ਪੈਸੇ ਲੈ ਜਾਣੇ ਹਨ। ਕੋਰਟ ਨੇ ਬੈਕ ਡੇਟਿਡ ਪੈਸੇ ਉਸਦੇ ਸਿਰ ਪਾ ਦੇਣੇ ਹਨ।"

ਮੈਂ ਸੋਚਦੀ ਕਿ ਇਸ ਡਰੋਂ ਜੀਣਾਂ ਤਾਂ ਨਹੀਂ ਅਸੀਂ ਛੱਡ ਸਕਦੇ? ਅਖ਼ੀਰ ਮੈਨੂੰ ਵੀ ਮਿੰਦਰ ਦੀਆਂ ਗੱਲਾਂ ਤੋਂ ਗੁੱਸਾ ਆਉਣ ਲੱਗ ਪਿਆ। ਉਹ ਮੰਮੀ ਨਾਲ ਵੀ ਲੜ ਪੈਂਦਾ। ਬੱਚਿਆਂ ਨੂੰ ਸਕੂਲੇ ਛੱਡ ਕੇ ਵਿਹਲਾ ਤੁਰਿਆ ਫਿਰਦਾ। ਮੇਰੇ ਘਰ ਆਉਂਦੀ ਨੂੰ ਘਰ ਦਾ ਬੁਰਾ ਹਾਲ ਹੁੰਦਾ। ਉਸਦੀ ਇਕੋ ਰਟ ਕਿ, 'ਕੰਮ ਬੰਦ ਕਰਦੇ ਅਤੇ ਬੱਚੇ ਸਾਂਭ।'

ਮੈਂ ਇਕ ਦਿਨ ਉਸਨੂੰ ਝਈ ਲੈ ਕੇ ਪਈ, "ਜੇ ਤੂੰ ਕੰਮ ਕਰਦਾ ਹੋਵੇਂ ਤਾਂ ਮੈਂ ਕਿਉਂ ਕੰਮ 'ਤੇ ਜਾਵਾਂ? ਮੈਂ ਤਾਂ ਕੰਮ ਨਹੀਂ ਛੱਡਦੀ। ਮੈਂ ਬੱਚੇ ਵੀ ਪਾਲਣੇ ਐ। ਤੇਰਾ ਜੋ ਜੀਅ ਕਰਦਾ ਕਰ ਲੈ।"

ਮਨ ਵਿਚ ਆਇਆ ਕਿ ਆਦਮੀ, ਤੀਂਵੀਂਆਂ ਨੂੰ ਪੈਰ ਹੇਠਾਂ ਹੀ ਰੱਖਣਾ ਜਾਣਦੇ ਐ। ਜੇ ਉਹ ਪੈਰ ਹੇਠੋਂ ਨਿੱਕਲਣ ਦੀ ਕੋਸ਼ਿਸ਼ ਕਰਨ ਤਾਂ ਬਦਕਾਰ ਬਣ ਜਾਂਦੀ ਹੈ। ਉਸਦੇ ਸਾਰੇ ਅਗਲੇ-ਪਿੱਛਲੇ ਵੀ ਉਸਨੂੰ ਤੋਹਮਤਾਂ ਲਾਉਣ ਤੱਕ ਪਹੁੰਚ ਜਾਂਦੇ ਐ। ਮੇਰੇ ਨਾਲ਼ ਵੀ ਇਸੇ ਤਰ੍ਹਾਂ ਹੋਇਆ। ਜਾਣ-ਪਛਾਣ ਵਾਲੇ ਲੋਕ, ਰਿਸ਼ਤੇਦਾਰ ਮੈਨੂੰ ਹੀ ਆਖਣ ਲੱਗ ਪਏ, "ਨਵੀਂ-ਨਵੀਂ ਕਨੇਡਾ ਆਈ ਐ। ਫੰਘ ਲੱਗ ਗਏ। ਕਾਲ਼ਿਆਂ-ਗੋਰਿਆਂ ਨਾਲ਼ ਤੁਰੀ ਫਿਰਦੀ ਐ। ਭਾਈ ਗੋਰੀਆਂ ਆਂਗੂੰ ਹੀ ਜਦੋਂ ਰਹਿਣਾ ਹੋਇਆ ਤਾਂ ਮੁੰਡਾ ਕੀ ਕਰੇ? ਡਿਪਰੈੱਸ ਹੋਇਆ ਪਿਐ ਜਾਣੋਂ।"

ਡਿਪਰੈੱਸ ਜ਼ਰੂਰ ਸੀ ਮਿੰਦਰ ਪਰ ਆਪਣੀਆਂ ਹੀ ਕਰਨੀਆਂ ਕਾਰਨ ਪਰ ਭੁਗਤਣੀਆਂ ਮੈਨੂੰ ਪੈ ਰਹੀਆਂ ਸਨ। ਜਦੋਂ ਮੈਂ ਕੰਮ ਤੇ ਚਲੀ ਜਾਂਦੀ ਤਾਂ ਉਹ ਬੱਚਿਆਂ ਦੇ ਵੀ ਦੋ-ਦੋ ਜੜ ਦਿੰਦਾ। ਸੀਮਾ ਤੇ ਰਮਨ ਹੁਣ ਵੱਡੇ ਹੋ ਗਏ ਸਨ ਤੇ ਸਭ ਸਮਝਦੇ ਸਨ, ਰਮਨ ਚੁੱਪ ਰਹਿੰਦਾ ਪਰ ਸੀਮਾ ਮੈਨੂੰ ਸਭ ਕੁਝ ਦੱਸ ਦਿੰਦੀ।

ਪਤਾ ਨਹੀਂ ਮੇਰੇ ਪਿੰਡ ਘਰ ਵਾਲਿਆਂ ਨੂੰ ਮਿੰਦਰ ਕੀ ਕਹਿਣ ਲੱਗ ਪਿਆ, ਪਿੰਡੋ ਚਿੱਠੀਆਂ ਅੱਡ ਆਉਣ ਲੱਗ ਪਈਆਂ। ਮੇਰੇ ਘਰ ਦੇ ਚਿੱਠੀਆਂ ਵਿਚ ਜਿਵੇਂ ਪੱਗ ਦੇ ਲੜ ਭੇਜ ਕੇ ਸੰਗਲ ਮੇਰੇ ਪੈਰੀਂ ਪਾਉਣ ਲੱਗ ਪਏ। ਹਰ ਚਿੱਠੀ ਵਿਚ ਲਿਖਿਆ ਹੁੰਦਾ, "ਤੂੰ ਸਾਡੀ ਇੱਜ਼ਤ ਖਰਾਬ ਕਰ ਦਿੱਤੀ ਐ। ਕੀ ਤੈਨੂੰ ਅਸੀਂ ਏਸ ਲਈ ਪਾਲ਼ਿਆ ਸ਼ੀ? ਤੂੰ ਮਰ ਕਿਉਂ ਨਾ ਗਈ।"



ਮੈਂ ਥੱਕ ਗਈ ਸੁਣ-ਸੁਣ। ਤੇ ਇਕ ਦਿਨ ਮੈਂ ਸਭ ਚਿੱਠੀਆਂ ਨੂੰ ਅੱਗ ਲਾ ਦਿੱਤੀ। ਸੋਚਿਆ, ਕੋਈ ਮੇਰਾ ਨਹੀਂ। ਸਭ ਨੂੰ ਇੱਜ਼ਤ ਚਾਹੀਦੀ ਹੈ। ਰੱਖ ਲੈਣ ਆਪਣੇ ਕੋਲ। ਉਹ ਕਿਉਂ ਨਹੀਂ ਸਮਝਦੇ ਕਿ ਬਿੱਲ-ਬੱਤੀਆ ਲਈ ਮੈਨੂੰ ਕੰਮ ਕਰਨਾ ਪੈਣਾ ਹੈ। ਜੇ ਕਰ ਮੈਂ ਮਿੰਦਰ ਦੀ ਫੈਕਟਰੀ ਵਿਚ ਕੰਮ ਕਰਦੀ ਸੀ ਤਾਂ ਉਦੋਂ ਇੱਜ਼ਤ ਨਹੀਂ ਸੀ ਘਟਦੀ?

ਕਈ ਵੇਰ ਮੇਰਾ ਜੀਅ ਮਰਨ ਨੂੰ ਕਰੇ। ਸਵੇਰੇ ਸੁੱਤੀ ਉੱਠਣਾ ਤਾਂ ਮੈਨੂੰ ਉਲਟੀਆਂ ਆਉਣੀਆਂ। ਕੱਚੀਆਂ ਤ੍ਰੇਲੀਆਂ ਨਾਲ਼ ਪਿੰਡਾ ਭਿੱਜ ਜਾਣਾ। ਬੱਚਿਆਂ ਨੇ ਆ ਕੇ ਪੁੱਛਣਾ, "ਮੌਮ ਕੀ ਹੋਇਆ? ਵੱਟਸ ਰੌਂਗ?" ਪਰ ਮੈਂ ਉਨ੍ਹਾਂ ਦਾ ਕਲਾਵਾ ਭਰ ਕੇ ਚੁੱਪ ਰਹਿੰਦੀ।

ਕੈਥੀ ਅਤੇ ਮਾਈਕਲ ਨਾਲ਼ ਕੋਈ ਰਿਸ਼ਤਾ ਨਾ ਹੁੰਦਿਆਂ ਵੀ ਉਹ ਮੇਰੇ ਰਿਸ਼ਤੇਦਾਰ ਬਣ ਗਏ। ਮੈਂ ਕਈ ਵੇਰ ਸੋਚਦੀ ਕਿ ਲੋਕ ਉਹ ਕਿਉਂ ਨਹੀਂ ਦੇਖ ਸਕਦੇ ਜੋ ਮੈਂ ਦੇਖ ਸਕਦੀ ਹਾਂ। ਅਖ਼ੀਰ ਮੇਰਾ ਜੀਅ ਕਰਨ ਲੱਗ ਪਿਆ ਕਿ ਮੈਂ ਜਿੱਥੇ ਵੀ ਰਹਾਂ ਇੱਕਲੀ ਰਹਾਂ। ਪਰਦੇਸ ਦੀ ਇਕੱਲਤਾ ਨੇ ਮੇਰਾ ਅੰਦਰ ਬਾਹਰ ਭਰ ਦਿੱਤਾ। ਤੇ ਉਸੇ ਵਿਚ ਮੈਨੂੰ ਸਕੂਨ ਮਿਲਣ ਲੱਗਾ। ਇਸੇ ਕਰੈਡਿਟ ਰਿਵਰ ਦੇ ਕੰਢੇ, ਇਸੇ ਹਰੇ ਪੁਲ਼ ਉੱਤੇ ਮੈਂ ਆਪਣੀ ਜ਼ਿੰਦਗੀ ਦਾ ਬਹੁਤ ਵੱਡਾ ਫ਼ੈਸਲਾ ਲਿਆ ਸੀ।

ਉਸੇ ਫ਼ੈਸਲੇ ਤਹਿਤ, ਇਕ ਦਿਨ ਮੈਂ ਮਿੰਦਰ ਦਾ ਬੋਰੀਆ ਬਿਸਤਰਾ ਪੈਕ ਕੀਤਾ ਤੇ ਦਰ ਦੇ ਕੋਲ ਰੱਖ ਦਿੱਤਾ। ਅਪਾਰਟਮੈਂਟ ਮੇਰੇ ਨਾਂ ਸੀ, ਮੈਂ ਹੀ ਇਸਦਾ ਕਿਰਾਇਆ ਦਿੰਦੀ ਸਾਂ। ਮਿੰਦਰ ਨੇ ਵਥੇਰੇ ਹੱਥ ਪੈਰ ਮਾਰੇ। ਮੈਨੂੰ ਮਾਰਨ ਵੀ ਪਿਆ। ਥੱਪੜ ਮਾਰਨ ਵਧਿਆ। ਪਰ ਮੈਂ ਅਡੋਲ ਖੜੀ ਸਾਂ, ਹਰ ਚੁਣੌਤੀ ਲਈ।

ਤੇ ਫੇਰ ਮਿੰਦਰ ਨੇ ਮੈਨੂੰ ਸਮਝਾਉਣ ਵਾਂਗ ਆਪਣਾ ਰੁਖ਼ ਬਦਲ ਲਿਆ। ਪਰ ਮੇਰੇ ਤੇ ਕੋਈ ਅਸਰ ਨਾ ਹੋਇਆ। ਮੰਮੀ-ਡੈਡੀ ਵੀ ਮੈਨੂੰ ਆ ਕੇ ਸਮਝਾਉਣ ਵਾਂਗ ਆਖ ਚੁੱਕੇ। ਉਸਤੋਂ ਬਾਅਦ ਮੰਮੀ ਨੇ ਬਥੇਰੀਆਂ ਗਾਲ੍ਹਾਂ ਵੀ ਦਿੱਤੀਆਂ। ਪਰ ਮੈਂ ਅਡੋਲ ਖੜੀ ਸਾਂ। ਅਖ਼ੀਰ ਮਿੰਦਰ ਨੂੰ ਘਰੋਂ ਜਾਣਾ ਹੀ ਪਿਆ।

ਮੈਂ ਆਪਣੀ ਜ਼ਿੰਦਗੀ ਆਪਣੇ ਤਰੀਕੇ ਨਾਲ਼ ਤੋਰਨਾ ਚਾਹੁੰਦੀ ਸਾਂ। ਆਦਮੀ ਦੀ ਲੋੜ ਔਰਤ ਨੂੰ ਇਕੋ ਨਹੀਂ ਹੁੰਦੀ ਕਿ ਉਹ ਆਵੇ ਤੇ ਪੱਲਾ ਝਾੜ ਕੇ ਪਰੇ ਹੋ ਜਾਵੇ। ਔਰਤ ਲਈ ਉਸ ਅਹਿਸਾਸ ਦੀ ਲੋੜ ਵੀ ਹੁੰਦੀ ਹੈ ਜਿਸ ਵਿਚ ਉਹ ਸੁਰੱਖਿਅਤ ਮਹਿਸੂਸ ਕਰੇ। ਦੁੱਖ ਵੇਲੇ ਵੀ ਅਤੇ ਸੁੱਖ ਵੇਲੇ ਵੀ। ਜਿਸਦੇ ਮੋਢੇ ਉੱਤੇ ਸਿਰ ਸਿੱਟ ਕੇ ਉਹ ਹਰ ਦਰਦ ਭੁਲਾ ਸਕੇ। ਮੇਰੇ ਰਿਸ਼ਤੇ ਵਿਚ ਐਸਾ ਕੁਝ ਹੈ ਹੀ ਨਹੀਂ ਸੀ। ਸਾਡੇ ਰਿਸ਼ਤੇ ਵਿਚ ਜਿਸ ਲੋਅ ਦੀ ਲੋੜ ਸੀ, ਨਾ ਉਹ ਮਿੰਦਰ ਪੈਦਾ ਕਰ ਸਕਿਆ ਤੇ ਨਾ ਮੈਂ। ਹੁਣ ਵੀ ਮੈਂ ਹੀ ਬੱਚੇ ਪਾਲ਼-ਪੜ੍ਹਾ ਰਹੀ ਸਾਂ ਤੇ ਮਿੰਦਰ ਦੇ ਜਾਣ ਤੋਂ ਬਾਅਦ ਵੀ ਮੈਂ ਹੀ ਜਿੰਮੇਵਾਰੀ ਉਠਾਉਣੀ ਸੀ। ਸੋ ਉਠਾ ਲਈ।

ਵਰ੍ਹੇ ਭਰ ਦੁੱਖ ਭੋਗ ਕੇ ਮੈਂ ਬੱਚਿਆਂ ਨੂੰ ਪਾਲ਼ਿਆ, ਪੜ੍ਹਾਇਆ। ਡਾਈਵੋਰਸ ਵੀ ਮੈਂ ਮਿੰਦਰ ਦੀ ਸਲਾਹ ਨਾਲ਼ ਕੀਤਾ। ਉਸਦੇ ਸਿਰ ਕੋਈ ਖਰਚਾ ਨਾ ਪਾਇਆ। ਬੱਚਿਆਂ ਨੂੰ ਦੇਖਣ ਤੋਂ ਵੀ ਉਸਨੂੰ ਨਹੀਂ ਵਰਜਿਆ।

ਕੈਥੀ ਵੀ ਸਮਝ ਚੁੱਕੀ ਸੀ। ਉਸਨੇ ਵੀ ਖਰਚੇ ਦੇ ਨਾ ਮਿਲਣ 'ਤੇ ਕੋਈ ਅਰਜ਼ੀ ਨਹੀਂ ਦਿੱਤੀ। ਉਹ ਦੋਨੋਂ ਮੀਆਂ-ਬੀਵੀ ਚੰਗਾ ਕਮਾਉਂਦੇ ਸਨ ਤੇ ਚੰਗੇ ਘਰ ਵਿਚ

ਰਹਿੰਦੇ ਸਨ। ਮੈਂ ਉਨ੍ਹਾਂ ਦੋਹਾਂ ਜੀਆਂ ਤੋਂ ਜ਼ਿੰਦਗੀ ਜੀਣ ਦਾ ਢੰਗ ਸਿੱਖਿਆ। ਮੈਂ ਅਤੇ ਕੈਥੀ ਦੋਨੋਂ ਸੋਚਦੀਆਂ ਸਾਂ ਕਿ ਸ਼ਾਇਦ ਮਿੰਦਰ ਨੂੰ ਅਕਲ ਆ ਜਾਵੇ ਤੇ ਆਪਣਾ ਆਪ ਚੁੱਕਣਾ ਸ਼ੁਰੂ ਕਰ ਦੇਵੇ। ਪਰ ਕਿੱਥੇ? ਉਹ ਨਾ ਬਦਲਿਆ।

ਮਿੰਦਰ ਦਿਨੋਂ ਦਿਨ ਨਿਘਾਰ ਵੱਲ ਨੂੰ ਜਾਈ ਗਿਆ। ਹਰ ਦੂਜਾ ਬੰਦਾ ਉਸ ਵਾਸਤੇ ਮਾੜਾ ਸੀ। ਹਰ ਰਿਸ਼ਤੇਦਾਰ ਨੂੰ ਮਿਹਣੇ ਮਾਰਦਾ। ਮਿੱਤਰ-ਦੋਸਤ ਵੀ ਉਸਤੋਂ ਦੂਰ ਹੋ ਗਏ। ਚੰਗਾ-ਭਲਾ ਬੰਦਾ ਵਿਹਲਾ ਬੈਠ ਕੇ ਹੁੱਝਤਾਂ ਦਾ ਢੇਰ ਹੀ ਹੁੰਦਾ ਹੈ। ਕਈ ਵੇਰ ਜਦੋਂ ਮਿਲਦਾ ਤਾਂ ਮੈਂ ਕਹਿੰਦੀ ਵੀ ਕਿ ਕੋਈ ਕੰਮ ਹੀ ਕਰੇ। ਪਰ ਕਿੱਥੇ? ਉਹ ਸੌ ਬਹਾਨੇ ਬਣਾਈ ਜਾਂਦਾ। ਠੀਕ-ਠਾਕ ਬੰਦਾ ਬਿਮਾਰ ਬਣ ਕੇ ਬੈਠ ਗਿਆ। ਸੀਮਾ ਵੱਡੀ ਹੁੰਦੀ ਗਈ ਤੇ ਉਸਦੇ ਮਨ ਵਿਚ ਵੀ ਪਿਓ ਲਈ ਬਹੁਤਾ ਸਤਿਕਾਰ ਨਾ ਰਿਹਾ। ਰਮਨ ਪਹਿਲਾਂ ਹੀ ਉਸ ਵਿਚ ਭਿੱਜਾ ਨਹੀਂ ਸੀ। ਵਾਹ ਲਗਦੀ, ਸੀਮਾ ਅਤੇ ਰਮਨ ਦੀ ਕੋਸ਼ਿਸ਼ ਹੁੰਦੀ ਕਿ ਉਹ ਆਪਣਾ ਮੂੰਹ ਮਿੰਦਰ ਨੂੰ ਦਿਖਾਲਣ ਹੀ ਨਾ।

ਸੀਮਾ ਪਲ਼ ਗਈ, ਪੜ੍ਹ ਗਈ। ਜਦੋਂ ਤੋਂ ਕੈਥੀ ਕੈਂਸਰ ਦੀ ਬਿਮਾਰੀ ਨਾਲ਼ ਮਾਈਕਲ ਦਾ ਸਾਥ ਛੱਡ ਗਈ, ਮਾਈਕਲ ਜਿਵੇਂ ਢਹਿ ਢੇਰੀ ਹੋ ਗਿਆ। ਪੀਟਰ ਫੇਰ ਵੀ ਉਸਨੂੰ ਮਿਲਦਾ ਰਹਿੰਦਾ। ਉਹ ਦੋਨੋਂ ਖੁਸ਼ ਹਨ। ਪਿਓ ਪੁੱਤਰ ਨਾ ਹੁੰਦੇ ਹੋਏ ਵੀ, ਉਨ੍ਹਾਂ ਦਾ ਰਿਸ਼ਤਾ ਬਹੁਤ ਡੂੰਘਾ ਹੈ।

ਸੀਮਾ ਵੀ ਪੀਟਰ ਨੂੰ ਮਿਲਣ ਚਲੇ ਜਾਂਦੀ ਹੈ। ਉਹ ਦੋਨੋਂ ਕੌਫ਼ੀ ਪੀਣ ਜਾਂਦੇ ਹਨ। ਗੱਲਾਂ-ਬਾਤਾਂ ਕਰਦੇ ਹਨ। ਆਪਣੇ ਰਿਸ਼ਤੇ ਤੇ ਹੱਸਦੇ ਹਨ। ਸੀਮਾ ਦੇ ਮਨ ਵਿਚ ਵੀ ਇੰਡੀਅਨ ਮੁੰਡਿਆਂ ਲਈ ਬਹੁਤੀ ਇੱਜ਼ਤ ਨਹੀਂ ਰਹੀ। ਉਸਦਾ ਝੁਕਾਅ ਵੀ ਗੋਰਿਆਂ ਵੱਲ ਵੱਧ ਹੋ ਗਿਆ। ਭਲਾ ਮੈਂ ਕਿੱਦਾਂ ਰੋਕਦੀ? ਮੇਰੇ ਘਰ ਦਾ ਮਹੌਲ ਵੀ ਤਿੰਨਾਂ ਸੱਭਿਆਤਾਵਾਂ ਦਾ ਮਿਲਗੋਭਾ ਸੀ। ਜਦੋਂ ਮੈਂ ਸਮਝਾਉਂਦੀ ਤਾਂ ਉਹ ਮੈਨੂੰ ਆਖ ਦਿੰਦੀ, "ਮੌਮ! ਵੀ ਆਰ ਆਲ ਕਨੇਡੀਅਨਜ਼। ਵੀ ਮੇਅ ਬੀ ਬਲੈਕ, ਵਾਈਟ ਔਰ ਬਰਾਊਨ। ਪਰ ਇੱਥੇ ਕੋਈ ਕਿਸੇ ਦਾ ਰੰਗ ਨਹੀਂ ਦੇਖਦਾ। ਜੇ ਕਰ ਦੇਖਦਾ ਹੈ ਤਾਂ ਵਿਚਾਰਾਂ ਦੀ ਸਾਂਝ।"

ਕੰਮ ਤੇ ਲਗਦਿਆਂ ਸੀਮਾ ਅਤੇ ਰਮਨ ਨੇ ਵਿਆਹ ਕਰਵਾ ਲਏ। ਰਮਨ ਨੂੰ ਪੰਜਾਬੀ ਕੁੜੀ ਨੀਨਾ ਯੂਨੀਵਰਸਿਟੀ ਵਿਚ ਮਿਲ ਪਈ ਤੇ ਉਹ ਦੋਨੋਂ ਖੁਸ਼ ਹਨ। ਭਾਵੇਂ ਨੀਨਾ ਥੋੜੀ ਡੌਮੀਨੇਟਿੰਗ ਹੈ ਪਰ ਰਮਨ ਦੇ ਪਸੰਦ ਹੈ। ਸੀਮਾ ਨੇ ਚਾਈਨੀਜ਼ ਮੁੰਡੇ 'ਫਿਲਿਪ' ਨਾਲ਼ ਵਿਆਹ ਕਰਾ ਲਿਆ। ਤੇ ਉਸਨੇ ਆਪਣੀ ਦੁਨੀਆਂ ਵਸਾ ਲਈ। ਉਹ ਦੋਨੋਂ ਆਪਣੀ-ਆਪਣੀ ਦੁਨੀਆਂ ਵਿਚ ਮਸਰੂਫ਼ ਹੋਏ ਭੱਜੇ ਫਿਰਦੇ ਹਨ।

... ਤੇ ਮੈਂ ਆਪਣੀ ਦੁਨੀਆਂ ਵਿਚ ਇਕੱਲੀ ਰਹਿ ਗਈ। ਦੁਆਲ਼ੇ ਅਜ ਦੇ ਦੌਰ ਤਾ ਝੁਰਮਟ ਰਹਿ ਗਿਆ। ਮਿੰਦਰ ਨੇ ਨਾ ਕੁਝ ਬਣਾਇਆ ਨਾ ਸੰਵਾਰਿਆ। ਪਹਿਲਾਂ ਉਹ ਕੈਥੀ ਨੂੰ ਪੈਸੇ ਦੇਣ ਖਾਤਰ ਕੰਮ ਨਹੀਂ ਸੀ ਕਰਦਾ ਤੇ ਫੇਰ ਉਸਦੇ ਹੋਰ ਬਹਾਨਿਆਂ ਕਾਰਨ ਕੰਮ ਨਹੀਂ ਸੀ ਕਰਦਾ। ਵਿਹਲਾ ਬੈਠਾ ਢੁੱਚਰਾਂ ਕਰੀ ਜਾਊ। ਹੁਣ ਵੀ ਕਹਿੰਦਾ ਹੈ, "ਸਾਲ਼ੀ ਗੋਰੀ ਨੇ ਮੇਰੀ ਜ਼ਿੰਦਗੀ ਤਬਾਹ ਕਰ ਦਿੱਤੀ। ਬਾਕੀ ਬਚਦੀ ਤੂੰ ਬਲਦੀ 'ਤੇ ਤੇਲ ਪਾ ਦਿੱਤਾ। ਮੇਰੀ ਮਾਂ ਨੇ ਵੀ ਮੇਰੀ ਬਾਤ ਨ੍ਹੀ ਪੁੱਛੀ। ਮਿੱਤਰ ਦੋਸਤ ਵੀ ਔਹ ਗਏ ਔਹ ਗਏ।"



ਜਣੇ-ਖਣੇ ਕੋਲ ਸ਼ਿਕਾਇਤਾਂ ਦੀ ਪਟਾਰੀ ਖੋਲ੍ਹ ਬੈਠਦਾ ਹੈ। ਉਹ ਆਪਣਾ ਕਸੂਰ ਜਿਵੇਂ ਮੰਨਦਾ ਹੀ ਨਹੀ। ਭਲਾ ਜੇ ਬੰਦੇ ਦੇ ਅੰਦਰ ਕੰਮ ਕਰਨ ਦੀ, ਕੁਝ ਬਣਨ ਦੀ ਤਲਬ ਹੋਵੇ ਤਾਂ ਕੌਣ ਉਸਨੂੰ ਰੋਕ ਸਕਦਾ ਹੈ? ਮੈਂ ਆਪਣੇ ਪੈਰੀਂ ਖੜ੍ਹੀ ਹੋਈ, ਬੱਚੇ ਪਾਲ਼ੇ, ਪੜ੍ਹਾਏ, ਆਪਣੇ-ਆਪਣੇ ਥਾਂ ਕੀਤੇ, ਘਰ ਘਾਟ ਵੀ ਬਣਾਇਆ, ਭਲਾ ਕੀ ਮਾੜਾ ਕੀਤਾ ਮੈਂ?

ਦੋਨੋਂ ਬੱਚੇ ਆਪਣੀ ਜ਼ਿੰਦਗੀ ਵਿਚ ਖੁਸ਼ ਹਨ। ਮੇਰਾ ਜੀਅ ਕਰਦਾ ਹੈ ਤਾਂ ਉਨ੍ਹਾਂ ਕੋਲ ਚਲੇ ਜਾਂਦੀ ਹਾਂ। ਕੁਝ ਦੇਰ ਰਹਿ ਕੇ ਆਪਣੇ ਘੁਰਨੇ ਵਿਚ ਆ ਵੜਦੀ ਹਾਂ। ਮੈਂ ਬੱਚਿਆਂ ਤੇ ਬੋਝ ਬਣਨਾ ਨਹੀਂ ਚਾਹੁੰਦੀ।

ਰਿਟਾਇਰਮੈਂਟ ਤੋਂ ਬਾਅਦ ਮੈਂ ਜ਼ਰੂਰ ਇਕੱਲੀ ਹੋ ਗਈ ਹਾਂ। ਸ਼ਾਇਦ ਤਾਹੀਓਂ ਸੀਮਾ ਆਖਦੀ ਰਹਿੰਦੀ ਹੈ ਕਿ ਮੈਂ ਬਾਹਰ ਨਿੱਕਲਾਂ। ਕਿਸੇ ਨੂੰ ਮਿਲਾਂ-ਗਿਲਾਂ। ਪੀਟਰ ਇਕ ਸਫ਼ਲ ਇਨਸਾਨ ਬਣ ਚੁੱਕਾ ਹੈ। ਪਰ ਉਸਦਾ ਮਿੰਦਰ ਨਾਲ ਕੋਈ ਰਿਸ਼ਤਾ ਨਹੀਂ ਰਿਹਾ। ਉਹ ਮੈਨੂੰ ਜ਼ਰੂਰ ਸੀਮਾ ਅਤੇ ਰਮਨ ਵਾਂਗ ਹੀ ਮਿਲਣ ਆ ਜਾਂਦਾ ਹੈ। ਉਹ ਮੈਨੂੰ ਅਤੇ ਮਾਈਕਲ ਦੋਹਾਂ ਨੂੰ ਸਾਡੇ ਨਾਂ ਨਾਲ਼ ਬੁਲਾਉਂਦਾ ਹੈ। ਉਹ ਮਾਈਕਲ ਨੂੰ ਤਾਂ ਹਰ ਹਫ਼ਤੇ ਮਿਲਦਾ ਹੀ ਮਿਲਦਾ ਹੈ ਅਤੇ ਮਾਈਕਲ ਪੀਟਰ ਨੂੰ ਦੇਖਦਿਆਂ ਹੀ ਖਿੜ ਜਾਂਦਾ ਹੈ। ਜਦੋਂ ਮੈਂ ਉਨ੍ਹਾਂ ਦੋਹਾਂ ਨੂੰ ਦੇਖਦੀ ਹਾਂ ਤਾਂ ਮੈਨੂੰ ਮੈਡੋਵੇਲ ਵਿਲਿਜ਼ ਦੇ ਦਿਨ ਚੇਤੇ ਆ ਜਾਂਦੇ ਹਨ। ਖੂਬਸੂਰਤ। ਮੈਨੂੰ ਲਗਦਾ ਹੈ ਕਿ ਪੀਟਰ ਅਤੇ ਮਾਈਕਲ ਦਾ ਰਿਸ਼ਤਾ ਵੀ ਐਸਾ ਹੀ ਹੈ। ਇਸੇ ਤਰ੍ਹਾਂ ਦੇ ਰਿਸ਼ਤੇ ਦੀ ਲੋਅ ਮੈਂ ਸ਼ਾਇਦ ਉਡੀਕਦੀ ਰਹੀ। ਜਦੋਂ ਇਹ ਸੋਚਾਂ ਮੇਰੇ ਮਨ ਦੇ ਦਰ 'ਤੇ ਦਸਤਕ ਦਿੰਦੀਆਂ ਹਨ ਤਾਂ ਮੈਨੂੰ ਕੋਈ ਅਫ਼ਸੋਸ ਨਹੀਂ ਹੁੰਦਾ ਕਿ ਮੈਂ ਚੜ੍ਹਦੇ ਸੂਰਜ ਦੀ ਲਾਲੀ ਨੂੰ ਆਪਣੇ ਮੱਥੇ ਵਿਚ ਬੀਜ ਲਿਆ। ਮੈਂ ਡਾਈਵੋਰਸ ਤੋਂ ਬਾਅਦ ਵਿਆਹ ਨਹੀਂ ਕਰਾਇਆ, ਲੋੜ ਹੀ ਨਹੀਂ ਜਾਪੀ। ਬੱਚੇ ਵੱਡੇ ਹੋ ਕੇ ਕਹਿੰਦੇ ਵੀ ਰਹੇ ਕਿ "ਮੌਮ! ਯੂ ਨੀਡ ਏ ਕੰਪੈਨੀਅਨ।" ਸ਼ਾਇਦ ਇਹ ਕਨੇਡੀਅਨ ਸੋਚਣੀ ਹੋਵੇਗੀ। ਪਰ ਮੈਨੂੰ ਜਿਵੇਂ ਗਵਾਰਾ ਹੀ ਨਾ ਹੋਇਆ। ਸੋਚਿਆ, ਦੂਸਰਾ ਮਾਈਕਲ ਸ਼ਾਇਦ ਕੋਈ ਹੋਵੇ ਹੀ ਨਾ।

**ਪ੍ਰੋ.ਜੇ.ਬੀ. ਸੇਖੋਂ ਦੀ ਪਲੇਠੀ ਆਲੋਚਨਾ ਦੀ ਪੁਸਤਕ**

**ਸਮਕਾਲੀ ਪੰਜਾਬੀ ਕਹਾਣੀ**

**ਪ੍ਰਸੰਗ ਤੇ ਪ੍ਰਚਨ**

ਪੰਨੇ : 252 ਮੁੱਲ : 300 ਰੁ:

**ਸੁੰਦਰ ਬੁੱਕ ਡਿਪੋ, ਜਲੰਧਰ**

**ਦੇਸ ਰਾਜ ਕਾਲੀ ਦਾ ਨਵਾਂ ਕਹਾਣੀ ਸੰਗ੍ਰਹਿ**

**ਯਹਾਂ ਚਾਏ ਅੱਛੀ ਨਹੀਂ ਬਨਤੀ**

ਪੰਨੇ : 80 ਮੁੱਲ : 150 ਰੁ:

**ਦੀਪਕ ਪਬਲਿਸ਼ਰਜ਼, ਜਲੰਧਰ**

# ਖ਼ੁਸ਼ਬੂ /ਸਿਮਰਨ ਧਾਲੀਵਾਲ

ਕੱਲ੍ਹ ਡਾਕਟਰ ਜਾ ਰਿਹਾ ਹੈ। ਵਾਪਸ। ਕਨੇਡੇ ਨੂੰ। ਉਹ ਚਲਾ ਜਾਊ ਤਾਂ ਉਪਰ ਉਹਦੇ ਵਾਲਾ ਕਮਰਾ ਫੇਰ ਮੈਨੂੰ ਮਿਲ ਜਾਊ। ਸੌਣ-ਪੈਣ ਨੂੰ। ਇੱਥੇ ਤਾਂ ਮੈਨੂੰ ਸਵਾਰ ਕੇ ਨੀਂਦ ਨਹੀਂ ਆਉਂਦੀ। ਮਹੀਨੇ ਤੋਂ ...ਜਦੋਂ ਦਾ ਡਾਕਟਰ ਕਨੇਡੇ ਤੋਂ ਆਇਆ... ਮੈਂ ਇੱਥੇ ਪੈਂਦਾ। ਆਹ ਬਹਿਣ ਉਠਣ ਵਾਲੇ ਕਮਰੇ 'ਚ। ਕੀ ਆਖਦਾ ਹੁੰਦਾ ਮੇਰਾ ਮੁੰਡਾ ਖਬਰੈ ...ਹਾਂ ਡਰੈਂਗ ਰੂਮ 'ਚ। ਐਤਕੀ ਆਖਦੇ ਬਈ ਡਾਕਟਰ ਨੇ ਖਾਸੇ ਟੈਮ ਮਗਰੋਂ ਗੇੜੀ ਮਾਰੀ ਇੱਥੇ। ਛੇ ਮਹੀਨੇ ਤਾਂ ਮੈਨੂੰ ਵੀ ਹੋਗੇ ਹੋਣੇ ਇੱਥੇ ਆਏ ਨੂੰ। ਉਥੇ ਇਹਦੀ ਘਰਵਾਲੀ ਏ। ਦੋ ਕੁੜੀਆਂ ਨੇ ਖਬਰੈ। ਅੱਗੇ ਉਨ੍ਹਾਂ ਦਾ ਜਵਾਕ ਜੱਲ੍ਹਾ ਹੋਊ। ਜਿਸ ਦਿਨ ਡਾਕਟਰ ਆਇਆ ਸੀ ਮੈਂ ਤਾਂ ਉਸ ਦਿਨ ਪਹਿਲੀ ਵਾਰੀ ਦਰਸ਼ਨ ਕੀਤੇ ਇਹਦੇ।

ਇੱਕ ਦਿਨ ਦੁਪਹਿਰ ਨੂੰ ਇਹ ਮੇਰੇ ਕੋਲ ਆ ਕੇ ਬਹਿ ਗਿਆ।

ਓਦਨ ਹੀ ਜ਼ੁਬਾਨ ਸਾਂਝੀ ਹੋਈ ਸਾਡੀ। ਫੇਰ ਤਾਂ ਬਥੇਰੀ ਭਕਾਈ ਮਾਰੀ ਅਸਾਂ ਦੋਹਾਂ। ਨਾ ਡਾਕਟਰ ਨੂੰ ਕੋਈ ਕੰਮ। ਨਾ ਮੈਨੂੰ।

ਮੈਂ ਪੁੱਛਿਆ, "ਤੈਂ ਡਾਕਟਰੀ ਕਿੱਥੇ ਕਰੀ ਤੀ ?"

ਕਹਿੰਦਾ, "ਬਾਬਾ ਮੈਂ ਡਾਕਟਰੀ ਨਹੀਂ ਸੀ ਕਰਦਾ। ਮੈਂ ਤਾਂ ਕਾਲਜ 'ਚ ਪੜ੍ਹਾਉਂਦਾ ਸੀ। ਨੌਕਰੀ ਪੂਰੀ ਕਰਕੇ ਅਸੀਂ ਬਾਹਰ ਨੂੰ ਉਠ ਗਏ। "

"ਜੇ ਡਾਕਟਰੀ ਨਹੀਂ ਤਾਂ ਇਹ ਸਾਰੇ ਤੈਨੂੰ ਡਾਕਟਰ ਕਾਸਤੋਂ ਕਹਿੰਦੇ ?"

ਮੈਂ ਤਾਂ ਹੈਰਾਨ ਜਿਹਾ ਸੀ।

"ਅਸਲ 'ਚ ਮੈਂ ਪੜ੍ਹਾਈ ਦਾ ਡਾਕਟਰ ਸੀ ?"

ਉਹਨੇ ਦੱਸਿਆ। ਹੋਰ ਉਲਝਾਵ ਪੈਦਾ ਹੋ ਗਿਆ ਸੀ।

"ਬੰਦਿਆਂ-ਜਾਨਵਰਾਂ ਦਾ ਡਾਕਟਰ ਤਾਂ ਸੁਣਿਆ। ਪੜ੍ਹਾਈ ਦਾ ਵੀ ਡਾਕਟਰ ਹੁੰਦਾ ? ਸਾਨੂੰ ਤਾਂ ਅੱਜ ਤੀਕ ਮਾਸਟਰਾਂ ਦਾ ਈ ਪਤਾ ਸੀ। "

"ਹੁੰਦਾ ਏ। ਪਰ ਬਾਬਾ ਹੁਣ ਇਹ ਨਾ ਪੁਛੀ ਬਈ ਉਹ ਕਿਵੇਂ ?"

ਡਾਕਟਰ ਖੀਂ-ਖੀਂ ਕਰਕੇ ਹੱਸ ਪਿਆ।

ਫਿਰ ਮੈਂ ਕੁਝ ਹੋਰ ਨਾ ਪੁਛਿਆ। ਤੇ ਉਨੂੰ ਬਾਕੀਆਂ ਵਾਂਗ ਡਾਕਟਰ ਹੀ ਆਖਦਾ ਮੈਂ ਵੀ। ਡਾਕਟਰ ਪੰਦਰਾਂ-ਵੀਹ ਵਰ੍ਹੇ ਮਸਾਂ ਛੋਟਾ ਹੋਣਾ ਮੈਥੋਂ। ਪਰ ਖੌਰੇ ਬਾਬਾ ਕਾਹਤੋਂ ਆਖਦਾ ਮੈਨੂੰ। ਸ਼ਾਇਦ ਮਾਘੀ ਦੀ ਰੀਸੇ।

"ਚਿੱਤ ਲੱਗ ਗਿਆ ਫਿਰ ਇੱਥੇ ? ਮਲਵਿੰਦਰ ਦੱਸਦਾ ਹੁੰਦਾ ਸੀ ਤੁਸੀਂ ਪਿੰਡ ਨਾਲ ਬਾਹਲਾ ਤੇਹ ਕਰਦੇ ਸੀ। "

ਡਾਕਟਰ ਮਾਘੀ ਨੂੰ ਮਾਲਵਿੰਦਰ ਆਖਦਾ। ਮਾਘੀ ਯਾਨੀ ਮੇਰਾ ਮੁੰਡਾ। ਇਹਨਾਂ ਦਾ ਮਲਵਿੰਦਰ।

"ਚਿੱਤ ਕਾਹਨੂੰ ਲੱਗਦਾ ਡਾਕਟਰਾ। ਹੁਣ ਪੇਸ਼ ਕੋਈ ਨਹੀਂ ਜਾਂਦੀ ਪਰ। ਤੂੰ ਵੱਧ ਗਿਆਨਵਾਨ ਐ। "

ਮੇਰੀ ਜਿਵੇਂ ਅਵਾਜ਼ ਡੁੱਬ ਗਈ ਸੀ।

ਛੇ ਮਹੀਨਿਆਂ 'ਚ ਡਾਕਟਰ ਹੀ ਪਹਿਲਾ ਬੰਦਾ ਮਿਲਿਆ ਸੀ ਜਿਨੇ ਮੇਰੇ ਚਿੱਤ ਬਾਰੇ ਪੁਛਿਆ। ਨਹੀਂ ਤਾਂ ਇੱਥੇ ਕੌਣ ਵਿਹਲਾ ਏ ਦੂਜੇ ਦੀ ਖੈਰ-ਖ਼ਬਰ ਲੈਣ ਲਈ। ਇਸੇ ਲਈ ਉਸ ਦਿਨ ਤੋਂ ਬਾਅਦ ਡਾਕਟਰ ਮੈਨੂੰ ਵੱਧ ਚੰਗਾ ਲੱਗਣ ਲੱਗਿਆ ਸੀ। ਡਾਕਟਰ ਦੀ 'ਚਿੱਤ' ਵਾਲੀ ਗੱਲ ਯਾਦ



ਕਰਕੇ ਵੀਹ ਵਾਰੀ ਰੋਣ-ਹਾਕਾ ਹੋਇਆ ਮੈਂ। ਕੱਲ ਡਾਕਟਰ ਜਾ ਰਿਹਾ। ਮੈਂ ਜਿਵੇਂ ਫੇਰ ਇਕੱਲਾ ਹੋ ਜਾਊਂ। ਮਾਘੀ ਤਾਰੇ ਨਿਕਲਿਆਂ ਤੋਂ ਘਰ ਮੁੜਦਾ। ਬਹੂ ਦੁਪੈਹਰ ਨੂੰ ਆ ਕੇ ਟੀ.ਵੀ ਨੂੰ ਚਿੰਬੜ ਜਾਂਦੀ। ਜਵਾਕ ਸਕੂਲ ਤੋਂ ਆ ਕੇ ਕਿੱਧਰੇ ਹੋਰ ਪੜ੍ਹਨ ਨੂੰ ਉਠ ਜਾਂਦੇ। ਮੈਨੂੰ ਸਮਝ ਨਹੀਂ ਆਉਂਦਾ ਇਹ ਐਸਾ ਪੜ੍ਹਦੇ ਕੀ ਨੇ ਅਲੋਕਾਰ। ਬਹੂ ਨੂੰ ਯਾਨੀ ਦੀ ਸਾਹ ਨਹੀਂ ਆਉਂਦਾ ਜਦ ਇਹਨਾਂ ਦੇ ਪਰਚੇ ਚੱਲਦੇ ਪਏ ਹੁੰਦੇ। ਮੈਂ ਸੋਚੂ ਬਈ ਪਰਚੇ ਜਵਾਕਾਂ ਦੇ ਨੇ ਜਾਂ ਇਹਦੇ ਆਪਣੇ ?...

ਵਿਆਹ ਤੋਂ ਬਾਅਦ ਕੇਰਾਂ ਮੈਂ ਮਾਘੀ ਨੂੰ ਪੁਛਿਆ ਸੀ।

"ਕੀ ਕਮਾ ਲੈਂਦੀ ਤੇਰੀ ਮਾਸਟਰਨੀ ?"

"ਮੋਟਾ ਜਿਹਾ ਲਾ ਲੈ ਹਿਸਾਬ ਬਾਬਾ ਬਈ ਜਿੰਨੇ ਆਹ ਤੇਰੀ ਭੇਡ ਦੀ ਪਿੱਠ 'ਤੇ ਵਾਲ ਨੇ ਉਨੇ ਕੁ ਨੋਟ ਲੈ ਆਉਂਦੀ ਬਹੂ ਤੇਰੀ ਘਰੇ। "

ਉਹੀ ਬਹੂ ਜਦੋਂ ਆਪਣੇ ਜਵਾਕਾਂ ਨੂੰ ਪੜ੍ਹਾਉਣ ਬਦਲੇ ਹਫਤਾ-ਹਫਤਾ ਸਕੂਲ਼ ਨਹੀਂ ਜਾਂਦੀ ਤਾਂ ਮੈਨੂੰ ਯਾਨੀ ਦੀ ਦੁੱਖ ਹੁੰਦਾ। ਸੋਚਦਾਂ ਬਈ ਆਪਣੇ ਦੋ ਦੇ ਬਦਲੇ ਇਹ ਖਬਰੈ ਉਥੇ ਬੈਠੇ ਸੱਤਰਾਂ ਦਾ ਨੁਕਸਾਨ ਕਰੀ ਜਾਂਦੀ। ਉਹਨਾਂ ਨੂੰ ਕੌਣ ਪੜ੍ਹਾਊ ?...ਜਿੰਨਾਂ ਸਿਰੋਂ ਨੋਟ ਮਿਲਦੇ। ਇਹ ਵੀ ਸਾਲੀ ਬੇਈਮਾਨੀ ਹੋਈ।

ਤੇ ਮੈਂ ਸਾਰਾ ਦਿਨ ਵਿਹਲਾ ਕੰਧਾਂ ਨੂੰ ਟੱਕਰਾਂ ਮਾਰਨ ਲਈ। ਵੱਡੇ ਸਾਰੇ ਪਰ ਮੇਰੇ ਮੂਜਬ ਨਿੱਕੇ ਜਿਹੇ ਘਰ ਵਿੱਚ ਇਕੱਲਾ। ਕੰਧਾਂ ਨਾਲ ਹੀ ਗੱਲਾਂ ਕਰਦਾ। ਮੈਨੂੰ ਉਸ ਵੇਲੇ ਪਿੰਡ ਯਾਦ ਆ ਜਾਂਦਾ। ਪਰ ਪਿੰਡ ਦਾ ਪੂਰਾ ਨਕਸ਼ਾ ਮਗਜ਼ ਵਿੱਚ ਬਣਨ ਤੋਂ ਪਹਿਲਾਂ ਹੀ ਮਾਹੀ ਚਾਚਾ ਆ ਖੜ੍ਹਦਾ ਮੇਰੇ ਮੂਹਰੇ।

"ਭਤੀਜ ! ਪਛਤਾਏਗਾ ਦੇਖਲੀ। ਇਹਨੇ ਤੈਨੂੰ ਵੀ ਕਾਸੇ ਜੋਗਾ ਨਹੀਂ ਛੱਡਣਾ"

ਚਾਚੇ ਨੇ ਮਾਘੀ ਬਾਰੇ ਆਖਿਆ ਸੀ।

ਸੱਚੀ ਮਾਘੀ ਨੇ ਮੈਨੂੰ ਵੀ ਕਾਸੇ ਜੋਗਾ ਨਹੀਂ ਛੱਡਿਆ। ਪਰ ਉਸਦੇ ਹਿਸਾਬ ਨਾਲ ਤਾਂ ਉਨੇ ਬਹੁਤ ਵੱਡਾ ਤੀਰ ਮਾਰਿਆ। ਲੂੰਗੀ ਥਾਂਏ ਆਹ ਭੀੜਾ ਜਿਹਾ ਪਜਾਮਾ ਫਸਾ 'ਤਾ ਮੇਰੀਆਂ ਲੱਤਾਂ 'ਚ।

ਦੂਜਾ ਦਿਨ ਸੀ ਇੱਥੇ ਆਏ ਨੂੰ ਮੇਰਾ।

ਘਰਾਂ ਮੂਹਰੇ ਬਣੀ ਵਿਹਲੀ ਜਿਹੀ ਥਾਂ ਜਾ ਵੜਿਆ ਸੀ ਮੈਂ। ਬਥੇਰੇ ਲੋਕੀ ਬੈਠੇ ਸੀ। ਸਿਰ 'ਤੇ ਮੜਾਸਾ ਮਾਰ ਕੇ ਲੂੰਗੀ ਬੰਨੀ। ਲੰਬਾ ਕੁੜਤਾ। ਪੱਗ 'ਚੋਂ ਮੁਰਕੀਆਂ ਦਿੱਸਦੀਆਂ ਸੀ ਕੰਨਾਂ ਦੀਆਂ। ਮੈਂ ਯਾਨੀ ਦੀ ਮੈਂ ਬਣਿਆ ਬੈਠਾਂ ਸਾਂ। ਆਪਣੀ ਸਲਤਨਤ ਦਾ ਆਪ ਮਾਲਕ। ਜਿਵੇਂ ਪਿੰਡ ਬੈਠਦਾ ਹੁੰਦਾ ਸਾਂ। ਪਰ ਜਦ ਘਰ ਮੁੜਿਆਂ ਫੇਰ ਪਤਾ ਲੱਗਿਆ ਮੈਂ ਪਿੰਡ ਨਹੀਂ ਮੈਂ ਤਾਂ ਸ਼ਹਿਰ 'ਚ ਸੀ।

"ਬਾਬਾ ਇੱਥੇ ਆਹ ਲਿਬਾਸ ਨਹੀਂ ਚੱਲਦਾ। ਆਂਢੀ-ਗੁਆਂਢੀ ਕੀ ਕਹਿਣ ਬਈ ਇਹਨਾਂ ਦਾ।"

ਸਰਦਾਰ ਮਲਵਿੰਦਰ ਸਿਹੁੰ ਉਸ ਦਿਨ ਆਥਣੇ ਨੂੰ ਆਹ ਝੱਗੇ-ਬਨੈਣਾ ਜਿਹੀਆਂ ਚੁੱਕ ਲਿਆਇਆ ਸੀ। ਜਿਨ੍ਹਾਂ ਨੂੰ ਪਾ ਕੇ ਸੂਤ ਨਾਲ ਸਾਹ ਵੀ ਨਹੀਂ ਆਉਂਦਾ ਮੈਨੂੰ।

ਪਰ ਮੈਂ ਮੁੜ ਘਰੋਂ ਬਾਹਰ ਨਹੀਂ ਨਿਕਲਿਆ। ਆਹ ਕੱਪੜੇ ਪਾ ਕੇ ਮੈਨੂੰ ਮੈਂ, ਮੈਂ ਨਹੀਂ ਲੱਗਦਾ। ਬਸ ਆਥਣੇ ਜਿਹੇ ਛੱਤ 'ਤੇ ਜਾ ਚੜ੍ਹਦਾ। ਦੂਰ ਸੜਕੋਂ ਪਾਰ ਕੋਈ ਬੰਦਾ ਵੱਗ ਚਾਰ ਕੇ ਮੁੜਿਆ ਆਉਂਦਾ ਰੋਜ਼ ਦਿੱਸਦਾ ਮੈਨੂੰ। ਉਸਨੂੰ ਦੇਖ ਕੇ ਮੇਰੇ ਅੰਦਰ ਖੋਹ ਜਿਹੀ ਪੈਂਦੀ। ਜੀ ਕਰਦਾ ਹੁੰਦਾਦੌੜ ਕੇ ਜਾ ਮਿਲਾਂ ਉਸ ਬੰਦੇ ਨੂੰ। ਪਰ ਫੇਰ ਮਾਘੀ ਤੋਂ ਡਰਦਿਆਂ। ਸੋਚਿਆ ਫੇਰ ਕਹੂ ਕਿ ਲੋਕ ਕੀ ਕਹਿਣ ਗੇ। ਮਨ ਕੀਤਾ ਉਹੀ ਖ਼ੁਸ਼ਬੂ ਮਹਿਸੂਸ਼ ਕਰਾਂ ਜਾ ਕੇ ਜੋ ਮੇਰੇ ਅੰਦਰ ਤੀਕ ਵੱਸੀ ਹੋਈ ਹੈ। ਉਹੀ

ਖ਼ੁਸ਼ਬੂ ਜਿਸ ਤੋਂ ਮਾਘੀ ਦਾ ਨੱਕ ਚੜਨਾ ਸ਼ੁਰੂ ਹੋ ਗਿਆ ਸੀ। ਉਦੋਂ ਪਹਿਲੀ ਵਾਰ ਮੈਨੂੰ ਮਾਹੀ ਚਾਚੇ ਦੀ ਗੱਲ ਸਹੀ ਜਾਪੀ ਸੀ। ਮਾਘੀ ਮੇਰੇ ਹੱਥੋਂ ਨਿਕਲ ਗਿਆ ਸੀ ਜਿਵੇਂ। ਵੱਡਾ ਹੋ ਗਿਆ ਸੀ ਇੱਕ ਹੀ ਪਲ 'ਚ ਜਿਵੇਂ। ਦੋ ਸਾਲ ਹੋ ਗਏ ਇਹਨੂੰ ਇੱਥੇ ਆ ਕੇ ਬੈਠਿਆਂ। ਡਾਕਟਰ ਦੇ ਘਰ 'ਚ। ਡਾਕਟਰ ਬਾਹਰ ਤੁਰ ਗਿਆ ਆਪਣਾ ਘਰ ਮਾਘੀ ਦੇ ਹਵਾਲੇ ਕਰ ਕੇ। ਪਰ ਮੈਂ ਆਪਣਾ ਘਰ ਕਿਸਦੇ ਹਵਾਲੇ ਕਰ ਆਉਂਦਾ? ਮਾਂ ਇਹਦੀ ਜਿਊਂਦੀ ਸੀ ਉਦੋਂ। ਇਨ੍ਹੇ ਬਥੇਰੇ ਜ਼ੋਰ ਲਾਇਆ ਸਾਨੂੰ। ਇੱਥੇ ਆ ਕੇ ਰਹਿਣ ਨੂੰ। ਨੱਕ 'ਤੇ ਰੁਮਾਲ ਰੱਖ ਕੇ ਵਾੜੇ ਵਿੱਚ ਵੜਦਾ।

"ਇੱਥੇ ਰੱਖਿਆ ਕੀ ਏ ਥੋਡਾ? ਵੇਚ ਦਿਓ ਆਹ ਭੇਡ-ਬੱਕਰੀਆਂ। ਉਥੇ ਚੱਲੋ ।"

"ਮੇਰੀ ਤਾਂ ਦੁਨੀਆਂ ਆਹੀ ਏ। ਇਹ ਵਾੜਾ ਇਹ ਵੱਗ। ਇਹ ਖ਼ੁਸ਼ਬੂ।"

ਅਸੀਂ ਸ਼ਹਿਰ ਨਹੀਂ ਸਾਂ ਤੁਰੇ। ਮਾਘੀ ਪੜ੍ਹ-ਲਿਖ ਗਿਆ। ਇੱਥੇ ਪਸੰਦ ਦੀ ਕੁੜੀ ਨਾਲ ਵਿਆਹ ਕਰਾ ਲਿਆ। ਘਰ ਵਸਾ ਲਿਆ ਮੇਰਾ ਘਰ ਉਜਾੜਨ ਲਈ। ਮੈਨੂੰ ਮੇਰਾ ਫੈਸਲਾ ਗ਼ਲਤ ਲੱਗਿਆ ਸੀ ਉਸ ਵੇਲੇ।

"ਮਾਘੀ ਨੂੰ ਪੜ੍ਹਾਉਣਾ ਮੈਂ। ਆਪਾਂ ਤਾਂ ਵੱਗ ਚਾਰ ਛੱਡਿਆ। ਇਹੀ ਕਿੱਧਰੇ ਬੰਦਿਆਂ ਦੀ ਜੂਨ ਜੀ ਲਊ।"

ਪਰ ਮਾਹੀ ਚਾਚੇ ਨੇ ਰੱਦ ਕਰ ਦਿੱਤੀ ਸੀ ਮੇਰੀ ਇਹ ਦਲੀਲ।

"ਦੇਖ ਲਈ...ਭਤੀਜ ਜਿਹੜੀ ਪੜ੍ਹਾਈ ਤੈਂ ਇਹਨੂੰ ਪੜ੍ਹਾਉਣੀ ਏ ਨਾ। ਉਹਨੂੰ ਪੜ੍ਹ ਕੇ ਇਹ ਬੰਦਾ ਨਾ ਬਣਿਆ। ਤੂੰ ਏਸ ਖ਼ੁਸ਼ਬੂ ਨਾਲੋਂ ਤੋੜ ਦੇਣਾ ਇਹਨੂੰ। "

ਸੱਚਮੁੱਚ ਟੁੱਟ ਗਿਆ ਸੀ ਮਾਘੀ।

ਉਸ ਘਰ ਨਾਲੋਂ। ਉਸ ਮਿੱਟੀ ਨਾਲੋਂ। ਸ਼ਹਿਰ ਪੜ੍ਹਦਿਆਂ, ਪਿੰਡ ਉਦੋਂ ਵੜਦਾ ਜਦੋਂ ਜੇਬ ਖਾਲੀ ਹੋ ਜਾਂਦੀ। ਅਸੀਂ ਦੋਹੇਂ ਜੀਅ ਭੁੱਖਾਂ ਕੱਟ-ਕੱਟ ਇਹਦੇ ਖੀਸੇ । ਰਦੇ। ਕਿੰਨੇ ਨਗ ਇਹਦੀਆਂ ਫੀਸਾਂ ਖਾਤਰ ਵੇਚੇ, ਇਹਨੂੰ ਕੀ ਪਤਾ।

ਸੜਕ ਤੋਂ ਲੰਘਦੇ ਉਸ ਬੰਦੇ ਵੱਲ ਦੇਖ ਕੇ ਮੈਨੂੰ ਮੇਰਾ ਵੱਗ ਯਾਦ ਆ ਜਾਂਦਾ। ਮੈਂ ਤੇ ਘੀਚਰ ਦਾ ਮੁੰਡਾ ਧੀਰਾ ਵੱਗ ਛੱਡ ਲੈਂਦੇ। ਦੂਰ-ਦੂਰ ਨਿਕਲ ਜਾਂਦੇ। ਨਹਿਰਾਂ-ਕੱਸੀਆਂ। ਖੇਤਾਂ-ਟਿਬਿਆਂ 'ਚ ਵੱਗ ਚਰਦਾ ਰਹਿੰਦਾ। ਦੁਪੈਹਰਾਂ ਹੁੰਦੀਆਂ। ਧੀਰਾ ਝੋਲੇ 'ਚੋਂ ਸਮਾਨ ਕੱਢਦਾ। ਕਿੱਧਰੇ ਇੱਟਾਂ ਰੱਖ ਕੇ ਚੁਲ੍ਹਾ ਬਣਾਉਂਦਾ। ਚਾਹ ਦਾ ਪਾਣੀ ਰੱਖ ਦਿੰਦਾ ਪਤੀਲੀ 'ਚ ਪਾ ਕੇ। ਮੈਂ ਅੱਗ ਮਚਾਉਂਦਾ। ਧੀਰਾ ਕਿਸੇ ਬੱਕਰੀ ਦਾ ਕੰਨ ਮਰੋੜਦਾ। ਦੁੱਧ ਚੋ ਲੈਂਦਾ। ਮੇਰਾ ਜੀਅ ਕਰਦਾ ਮੈਂ ਵੀ ਉਸੇ ਬੰਦੇ ਨਾਲ ਜਾ ਰਲਾਂ। ਦੂਰ-ਦੂਰ ਤੀਕ ਵੱਗ ਲੈ ਕੇ ਜਾਵਾਂ। ਇਸ ਘਰ 'ਚ ਜਿਵੇਂ ਮੇਰਾ ਦਿਲ ਨਹੀਂ ਲੱਗਦਾ।

ਮੇਰਾ ਦਿਲ ਕਰਦਾ ਸੀ ਡਾਕਟਰ ਮੈਨੂੰ ਮੇਰੇ ਵੱਗ ਦੀਆਂ ਗੱਲਾਂ ਪੁਛੇ। ਪਰ ਇੱਥੇ ਕੌਣ ਜਾਣਦਾ ਕਿ ਮੈਂ । ਭੇਡਾਂ ਵਾਲਾ ਦੇਸੂ ਹਾਂ। ਪੂਰਾ ਇਲਾਕਾ ਪਹਿਚਾਣਦਾ ਸੀ ਜਿਸਨੂੰ। ਜੀਹਦੇ ਜਿੰਨਾ ਵੱਗ ਕਿਸੇ ਹੋਰ ਕੋਲ ਨਹੀਂ ਸੀ ਹੁੰਦਾ। ਪਰ ਉਸੇ ਵੱਗ ਦਾ ਸੌਦਾ ਮਾਘੀ ਨੇ ਸ਼ਰੀਕਾਂ ਨਾਲ ਕੌਡੀਆਂ ਦੇ। ਭਾਅ ਕਰ ਲਿਆ ਸੀ।

ਜਦੋਂ ਇਹਦੀ ਮਾਂ ਗੁਜ਼ਰੀ ਮੈਂ ਇਕੱਲਾ ਰਹਿ ਗਿਆਂ ਸਾਂ। ਦੋ-ਚਾਰ ਦਿਨ ਮਾਘੀ ਤੇ ਬਹੂ ਪਿੰਡ ਰਹੇ। ਫਿਰ ਸ਼ਹਿਰ ਨੂੰ ਮੁੜਨ ਵੇਲੇ, ਮੈਨੂੰ ਨਾਲ ਤੁਰਨ ਲਈ ਮਨਾਉਂਦੇ ਰਹੇ।

"ਬਾਬਾ ਇਕੱਲਾ ਕੀ ਕਰੇਗਾ ਇੱਥੇ। ਦੋ ਫੁਲਕਿਆਂ ਲਈ ਵੀ ਤਰਲੇ ਲਏਗਾ। ਸਾਡੇ ਨਾਲ ਚੱਲ। "

ਪਰ ਮੈਂ ਮੰਨਿਆਂ ਨਹੀਂ ਸਾਂ।



"ਨਾ ਭਾਈ। ਆਪਣੀ ਜਨਮ ਭੌਇ ਵੀ ਛੱਡੀ ਕਿਸੇ ਸ਼ਹਿਰ ਕੀ ਏ? ਵੰਨ-ਵੰਨੀ ਦੀ ਲੱਕੜੀ। "

"ਤੈਂ ਆਹੀ ਦਿਨ ਤਾਂ ਉਡੀਕਿਆ ਸੀ। ਮੈਨੂੰ ਪੜ੍ਹਾਇਆ-ਲਿਖਾਇਆ ਸੀ ਕਿ ਮੈਂ ਇਸ ਜੰਜਾਲ 'ਚੋ ਨਿਕਲ ਸਕਾਂ। ਸੋਹਣੀ ਜ਼ਿੰਦਗੀ ਜੀ ਸਕਾਂ। "

"ਫਿਰ ਤੂੰ ਜੀ। ਬਣਾ ਦਿੱਤਾ ਨਾ ਤੈਨੂੰ ਇਸ ਕਾਬਿਲ। ਇਸੇ ਧਰਤੀ 'ਚੋਂ ਰੋਟੀ ਕਮਾ ਕੇ ਦਿੱਤੀ ਤੈਨੂੰ। ਇਹਨੂੰ ਕਿਵੇਂ ਛੱਡ ਤੁਰਾਂ?"

ਮੈਂ ਨਹੀਂ ਸਾਂ ਤੁਰਿਆ।

ਸਵੇਰੇ ਉਠਦਾ ਚਾਹ ਨਾਲ ਦੋ ਮੰਨੀਆਂ ਥੱਪ ਲੈਂਦਾ। ਧੀਰਾ ਮੇਰੇ ਕੋਲ ਪੈਂਦਾ। ਅਸੀਂ ਢਿੱਡ ਨੂੰ ਝੁਲਕਾ ਦਿੰਦੇ ਤੇ ਵੱਗ ਨੂੰ ਤੋਰ ਲੈਂਦੇ। ਦੂਰ-ਦੂਰ ਨਿਕਲ ਜਾਂਦੇ। ਸ਼ਰੀਕ ਹੱਸਦੇ। ਆਖਦੇ-

"ਕੀ ਕੱਢ ਲਿਆ ਤੂੰ ਮਾਘੀ ਨੂੰ ਪੜ੍ਹਾ ਕੇ। ਸਹੁਰੀ ਦਾ ਆਪਣੇ । ਭਾਈ ਚਾਰੇ ਨੂੰ ਤਾਂ ਭੁਲਿਆ ਹੀ ਸੀ। ਹੁਣ ਤਾਂ ਤੈਥੋਂ ਵੀਂ ਟੁੱਟ ਗਿਆ। "

ਹੁਣ ਸੱਚਮੁੱਚ ਦੁਖ ਹੁੰਦਾ ਮੈਨੂੰ। ਮੈਂ ਮਾਘੀ ਨੂੰ ਪੜ੍ਹਾ ਕੇ ਜਿਵੇਂ ਗ਼ਲਤੀ ਕਰੀ ਹੋਵੇ। ਇਹਨੇ ਪਿੰਡ ਛੱਡਿਆ। ਮੈਂ ਤੇ ਇਹਦੀ ਮਾਂ ਨੇ ਜਿਵੇਂ ਮਨਜ਼ੂਰ ਕਰ ਲਿਆ ਸੀ। ਪਰ ਹੁਣ ਮਾਘੀ-ਮਾਘੀ ਨਹੀਂ ਰਿਹਾ।

ਛੱਤ 'ਤੇ ਖੜਾ ਮੈਂ ਸੋਚਾਂ ਵਿੱਚ ਗੁਆਚਿਆ ਰਹਿੰਦਾ।

ਮੈਨੂੰ ਮੇਰਾ ਪਿੰਡ ਦਿਸਣ ਲੱਗਦਾ। ਮੇਰਾ ਬਾਪ ਯਾਦ ਆਉਣ ਲੱਗਦਾ।

ਜਦੋਂ ਮੇਰਾ ਵਿਆਹ ਹੋਇਆ ਸੀ। ਤਿੰਨ ਭੇਡਾਂ ਤੇ ਚਾਰ ਬੱਕਰੀਆਂ ਉਨ੍ਹੇ ਮੇਰੇ ਹਵਾਲੇ ਕਰ ਦਿੱਤੀਆਂ ਸਨ।

"ਇਹ ਹੁਣ ਤੇਰੀਆਂ। ਇੰਨਾਂ ਦੀ ਕਮਾਈ ਤੇਰੀ। ਤੂੰ ਹੁਣ ਕਬੀਲਦਾਰ ਹੋ ਗਿਆ। ਇਹ ਹੁਣ ਤੈਂ ਦੇਖਣਾ....ਕੀ ਕਰਨਾ ਇਹਨਾਂ ਦਾ। ਸੱਤ ਤੋਂ ਸਤਾਰਾਂ ਕਰ ਲੈ। ਚਾਹੇ ਸੱਤਰ। ਆਪਣੇ ਪੁਰਖਿਆਂ ਦਾ ਕਿੱਤਾ ਇਹ। ਮੈਂ ਜਦ ਤੱਕ ਵੱਗ ਨੇੜੇ ਨਾ ਪਵਾਂ ਮੈਨੂੰ ਨੀਂਦ ਨਹੀਂ ਆਉਂਦੀ। "

ਮੈਂ ਸੱਚਮੁੱਚ ਖੁਬ ਗਿਆ ਸੀ ਉਸ ਕਿੱਤੇ ਵਿੱਚ।

ਦੂਰ-ਦੁਰਾਡਿਓ । ਭੇਡਾਂ-ਬੱਕਰੀਆਂ ਖ਼੍ਰੀਦਣ ਜਾਂਦਾ। ਬਾਪੂ ਮੈਨੂੰ ਗੁਰ ਦਿੰਦਾ। ਮਾਲ ਪਹਿਚਾਨਣ ਦਾ।

ਪੁਰਖਿਆਂ ਦੇ ਉਸੇ ਕਿੱਤੇ ਨਾਲੋਂ ਮਾਘੀ ਟੁੱਟ ਗਿਆ ਸੀ....ਤੇ ਉਸੇ ਕਿੱਤੇ ਨਾਲੋਂ ਉਹਨੇ ਮੈਨੂੰ ਤੋੜ ਸੁੱਟਿਆ ਸੀ।

ਮੈਨੂੰ ਜਿਵੇਂ ਖੋਹ ਜਿਹੀ ਪੈਂਦੀ। ਨਾ ਇੱਥੇ ਵਿਹੜੇ ਵਿੱਚ ਧੁੱਪ ਵੜਦੀ ਨਾ ਹਵਾ। ਨਾ ਕਿਸੇ ਨਾਲ ਕੋਈ ਜਾਣ ਨਾ ਪਹਿਚਾਣ। ਜਿਵੇਂ ਸਾਰੀ ਦੁਨੀਆਂ ਹੀ ਓਪਰੀ ਹੋਵੇ। ਮੈਨੂੰ ਪਿੰਡ ਦਾ ਹਰ ਜੀਅ ਯਾਦ ਆਉਣ ਲਗਦਾ। ਸਵੇਰ ਤੋਂ ਆਥਣ ਤੀਕ ਖਬਰੈ ਕੌਣ-ਕੌਣ ਟੱਕਰਦਾ। ਗਰਮੀਆਂ 'ਚ ਵਾੜੇ ਦੀ ਪਿੱਪਲੀ ਹੇਠ ਮਹਿਫਲ ਜੁੜੀ ਰਹਿੰਦੀ।

"ਬਾਈ ਦੇਸੂ ਥੋਡਾ ਸਾਰਾ ਲਾਣਾ ਆਹੀ ਕਿੱਤਾ ਕਰਦਾ। ਥੋਡਾ ਬਾਬਾ ਵੀ ਬੱਕਰੀਆਂ ਰੱਖਦਾ ਸੀ। ਤੇਰੇ ਚਾਚੇ ਤਾਏ ਵੀ। ਅੱਗੇ ਉਨ੍ਹਾਂ ਦੇ ਜਵਾਕ ਵੀ ਆਪਣਾ ਆਪਣਾ ਵੱਗ ਬਣਾਈ ਬੈਠੇ। ਥੋਡੇ ਤਾਂ ਵਰ ਆਇਆ ਹੋਇਆ ਇਹ ਕੰਮ। "

ਕੋਈ ਜਾਣਾ ਬਾਤ ਛੇੜ ਬੈਠਦਾ।

"ਵਰ ਦੀ ਸੁਣ ਲੈ । ਭਾਈ। ਸਾਡਾ ਪੜਦਾਦਾ ਕਸੂਰ ਕੰਨੀਓ ਉਠ ਕੇ ਆਇਆ ਸੀ ਜਦੋਂ ਪਾਕਿਸਤਾਨ ਬਣਿਆ। ਕਹਿੰਦੇ ਬਈ ਬਾਬੇ ਕੋਲੋ ਦੋ ਸੌ ਭੇਡ ਹੁੰਦੀ ਸੀ ਤੇ ਇੰਨੀਆਂ ਬੱਕਰੀਆਂ। ਕੋਈ ਸਾਨੀ

ਨਹੀਂ ਸੀ ਉਹਦਾ। ਉਹ ਤਾਂ ਜਿਵੇਂ ਇਸ਼ਕ ਕਰਦਾ ਸੀ ਜਾਨਵਰਾਂ ਨਾਲ। ਵੱਗ ਛੱਡ ਲੈਂਦਾ ਤਾਂ ਦੂਰ-ਦੂਰ ਨਿਕਲ ਤੁਰਦਾ। ਚਾਰ-ਚਾਰ ਦਿਨ ਘਰ ਨਾ ਮੁੜਦਾ। ਕਹਿੰਦੇ ਵੀ ਬਾਬੇ ਸਾਡੇ ਨੂੰ ਕਿਸੇ ਰਮਤੇ ਦਾ ਵਰ ਸੀ ਬਈ ਤੇਰੀਆਂ ਅਗਲੀਆਂ ਪੀੜੀਆਂ ਵੀ ’ਨੰਦ ।ਗਣ ਗੀਆਂ। ਤੇਰਾ ਪ੍ਰਤਾਪ ਕਾਇਮ ਰਹੂ।”

ਮੈਂ ਆਪਣੀ ਕੁਲ ਦੀਆਂ ਸਿਫਤਾਂ ਕਰਦਾ।

“ਸਾਡਾ ਪੜਦਾਦਾ ਤੁਲੀ ਦਾਸ। ਕੰਨੋਂ ਫੜ ਕੇ ਦੱਸ ਦਿੰਦਾ ਹੰਦਾ ਸੀ ਕਿ ।ੜ ਬੱਕਰੀ ਨੂੰ ਕੀ ਔਹਰ-ਸ਼ੌਹਰ ਏ।”

ਸੁਨਣ ਵਾਲਾ ਮੂੰਹ ਅੱਡੀ ਸੁਣਦਾ ਰਹਿੰਦਾ।

ਪਰ ਇਸ ਵੱਡੇ ਸਾਰੇ ਸ਼ਹਿਰ ਵਿੱਚ ਇੱਕ ਬੰਦਾ ਵੀ ਨਹੀਂ ਜਾਣਦਾ ਕਿ ਮੈਂ ਉਸੇ ਤੁਲੀ ਦਾਸ ਦੀ ਕੁਲ ’ਚੋਂ ਹਾਂ। ਜਿਹੜਾ ਅੱਜ ਉਜੜਿਆਂ ਵਾਂਗ ਬੈਠਾਂ ਇਸ ਸ਼ਹਿਰ ’ਚ।

“ਜਦ ਤੱਕ ਹੱਥ-ਪੈਰ ਚੱਲਦੇ ਕਿਉਂ ਮੁਥਾਜੀ ਕਰਨੀ ਕਿਸੇ ਦੀ।”

ਮੈਂ ਸੋਚਦਾ ਤੇ ਆਪਣੀ ਮਿਹਨਤ ’ਤੇ ਮਾਣ ਕਰਦਾ।

ਪਰ ਇੱਥੇ ਆਪਣੇ ਹੀ ਪੁੱਤ ਦੇ ਘਰ ਹਰ ਚੀਜ਼ ਵੇਲੇ ਸਿਰ ਮਿਲਦੀ ਹੈ। ਰੋਟੀ ਦਾ ਟੈਮ ਹੈ। ਚਾਹ ਟੈਮ ’ਤੇ ਬਣਦੀ ਹੈ। ਸੂਈ ।ਰ ਦਾ ਵੀ ਹੇਰ-ਫੇਰ ਨਹੀਂ। ਫੇਰ ਇਹ ਵੀ ਦੱਸੋ ਕਿ ਕਿੰਨੀਆਂ ਰੋਟੀਆਂ ਖਾਣੀਆਂ। ਕਮਾਲ ਏ ਬੰਦਾ ਰੋਟੀ ਵੀ ਗਿਣ ਮਿੱਥ ਖਾਏ ਇੰਨ੍ਹਾਂ ਸ਼ਹਿਰੀਆਂ ’ਚ। ਬਹੂ ਚਾਰ ਮੰਨੀਆਂ ਥੱਪ ਕੇ ਡਿਊਟੀ ਤੁਰ ਜਾਂਦੀ। ਮੈਂ ਠੰਡੀ ਰੋਟੀ ਪਾਣੀ ਨਾਲ ਅੰਦਰ ਸੁਟਦਾ ਰਹਿੰਦਾ। ਚਾਹ ਨੂੰ ਚਿੱਤ ਕਰਦਾ ਪਰ ਆਹ ਗੈਸੀ ਚੁਲ੍ਹਾ ਜਿਹਾ ਮੈਥੋਂ ਮੱਚਦਾ ਨਹੀਂ।

ਮੈਨੂੰ ਧੀਰਾ ਯਾਦ ਆ ਜਾਂਦਾ। ਮੈਂ ਧੀਰੇ ਨੂੰ ਹਾਕ ਮਾਰਦਾ। ਉਹ ਅੱਖ ਦੇ ਫੋਰ ਨਾਲ ਚਾਹ ਕਰ ਲੈਂਦਾ। ਕਿੰਨਾ ਫਰਕ ਹੈ ਪਿੰਡ ਦਾ ਤੇ ਸ਼ਹਿਰ ਦਾ।

ਮਾਘੀ ਦੱਸਦਾ ਸੀ ਕਿ ਇੱਥੇ ਨੇੜ-ਤੇੜ ਦੇ ਸਾਰੇ ਘਰ ਹੀ ਨੌਕਰੀ ਪੇਸ਼ਾ ਲੋਕਾਂ ਦੇ ਨੇ। ਸਵੇਰ ਦੇ ਘਰੋਂ ਨਿਕਲੇ ਲੋਕ ਆਥਣ ਨੂੰ ਮੁੜਦੇ। ਪਿਛੋਂ ਬੰਦ ਦਰਵਾਜ਼ਿਆਂ ਅੱਗੇ ਜਿੰਦੇ ਲਟਕਦੇ ਰਹਿੰਦੇ। ਸਿਆਣੇ ਆਖਦੇ ਹੁੰਦੇ ਸੀ ਕਿ ਬੂਹੇ ਬੰਦ ਰਹਿਣਾ ਮਾੜਾ ਹੁੰਦਾ। ਯਾਨਿ ਦੀ ਕੋਈ ਬਦਸ਼ਗਨੀ। ਪਰ ਇੱਥੇ ਤਾਂ ਲੋਕਾਂ ਦੀ ਮਜ਼ਬੂਰੀ ਬਣ ਗਈ ਜਿਵੇਂ। ਕੌਣ ਸਾਂਭੇ ਘਰਾਂ ਨੂੰ ਪਿਛੋਂ। ਖਬਰੇ ਤਾਂਹੀ ਮਾਘੀ ਮੈਨੂੰ ਪਿੰਡੋਂ ਚੁੱਕ ਲਿਆਇਆ। ਇਸ ਘਰ ਦੀ ਰਾਖੀ ਕਰਨ ਲਈ। ਚੌਕੀਦਾਰ ਬਣਾ ਕੇ ਧਰ ’ਤਾ ਮੈਨੂੰ।

ਸਾਡਾ ਬਾਬਾ ਨੌਕਰੀ ਨੂੰ ਨਖਿੱਧ ਦੱਸਦਾ ਹੁੰਦਾ ਸੀ।

“ਨੌਕਰੀ ਕੀ ਹੁੰਦੀ? ਹੋਰਾਂ ਕੰਨੀ ਝਾਕੀ ਜਾਓ। ਅਧੀਨਗੀ ਕਰੀ ਜਾਓ ਦੂਜੇ ਦੀ। ਆਪਣੇ ਕਿੱਤੇ ’ਚ ਥੋੜਾ ਵੀ ਬਹੁਤਾ ਹੁੰਦਾ। ਆਪਣੀ ਨੀਂਦੇ ਸੌਂਵੋਂ ਆਪਣੀ ਉਠੋ।”

ਪਰ ਪਿੰਡ ਛੱਡ ਕੇ ਮੇਰੀ ਨੀਂਦ ਜਿਵੇਂ ਕਿੱਧਰੇ ਗੁਆਚ ਗਈ ਸੀ। ਮੈਂ ਉਪਰਲੇ ਚੁਬਾਰੇ ’ਚ ਪਿਆ ਅੱਧੀ ਰਾਤ ਤੀਕ ਛੱਤ ਨੂੰ ਘੂਰਦਾ ਰਹਿੰਦਾ। ਪਿੰਡ ਜਦੋਂ ਮਾਘੀ ਦੀ ਮਾਂ ਜਿਊਂਦੀ ਸੀ। ਅਸੀਂ ਦੋਵੇਂ ਜੀਅ ਰੁਣ-ਝੁਣ ਕਰਦੇ ਰਹਿੰਦੇ। ਨਿੱਕੀਆਂ-ਨਿੱਕੀਆਂ ਗੱਲਾਂ ’ਚ ਜਿਵੇਂ ਸਾਰਾ ਸੰਸਾਰ ਸਮੋ ਜਾਂਦਾ। ਇੱਕ-ਦੂਜੇ ਦੇ ਦੁੱਖ-ਸੁੱਖ ’ਚ ਹਾਮੀ ਬਣਦੇ। ਪਰ ਇੱਥੇ ਤਾਂ ਪਾਣੀ ਪੁਛਣ ਵਾਲਾ ਕੋਈ ਨਹੀਂ ਹੁੰਦਾ ਕੋਲੇ। ਨਾ ਬੰਦਾਂ ਦਿੱਸਦਾ ਨਾ ਬੰਦਾ ਦੀ ਜਾਤ।

ਮੈਨੂੰ ਅਕਸਰ ਮਾਘੀ ਦੀ ਮਾਂ ਦੇ ਸੁਪਨੇ ਆਉਣ ਲੱਗਦੇ ਨੇ। ਏਸ ਉਮਰੇ ਤਾਂ ਸਾਥ ਦੀ ਵਧੇਰੇ ਜ਼ਰੂਰਤ ਹੁੰਦੀ ਇਨਸਾਨ ਨੂੰ। ਕਿੰਨੀਆਂ ਧੁੱਪਾਂ ਛਾਵਾਂ ਇਕੱਠੀਆਂ ਕੱਟੀਆਂ ਸੀ ਅਸੀਂ। ਉਹਦੇ ਤੁਰ ਜਾਣ ਮਗਰੋਂ ਘਰ ਜਿਵੇਂ ਸੁੰਨਾ ਹੋ ਗਿਆ ਸੀ। ਉਸੇ ਸੁੰਨ ਨੂੰ ਮੁਕਾਉਣ ਲਈ ਸ਼ਹਿਰ ਲੈ ਆਇਆ ਸੀ ਮੈਨੂੰ ਮਾਘੀ। ਉਥੇ ਤਾਂ ਘਰ ਸੁੰਨਾ ਸੀ ਇਥੇ ਮੇਰਾ ਮਨ ਵੀ ਸੁੰਨਾ ਹੋ ਗਿਆ।



ਕੁਝ ਵਰ੍ਹੇ ਕਿਰਾਏ ਦੇ ਘਰਾਂ ’ਚ ਕੱਟੇ ਇਹਨੇ। ਹੁਣ ਦੋ ਸਾਲ ਹੋ ਗਏ ਡਾਕਟਰ ਨੇ ਆਪਣੇ ਘਰ ’ਚ ਬਿਠਾਇਆ ਹੋਇਆ ਇਹਨੂੰ। ਖਬਰੈ ਕਿਵੇਂ ਵਾਕਫ਼ੀ ਹੈ ਦੋਨਾਂ ਦੀ। ਡਾਕਟਰ ਦੇ ਘਰ ਦੀ ਦੇਖ ।ਾਲ ਹੋਈ ਜਾਂਦੀ। ਮਾਘੀ ਕਿਰਾਇਆਂ ਤੋਂ ਬਚਿਆ ਹੋਇਆ। ਮਾਘੀ ਦੱਸਦਾ ਸੀ ਬਈ ਇੱਥੇ ਘਰ ਬਣਾਉਣਾ ਖਜ਼ੂਰੇ ਚੜਨ ਜਿੱਡਾ ਔਖਾ। ਇੱਥੇ ਸ਼ਰਾਬ ਸਸਤੀ ਏ ਪਰ ਰੋਟੀ ਮਹਿੰਗੀ।

ਰੋਟੀ ਵੀ ਸਹੁੱਗੀ ਦੀ ਕੈਸੇ ਯੱਬ ਪਾਉਂਦੀ ਬੰਦੇ ਨੂੰ।

ਮੈਂ ਵੀ ਰੁਖੀ ਮਿਸੀ ਰੋਟੀ ’ਤੇ ਸੰਤੋਖ ਨਾ ਕਰਿਆ। ਸੋਚਿਆ ਮਾਘੀ ਚੰਗੀ ਜੂਨ ਹੰਢਾਊ। ਬਾਬੇ ਤੁਲੀ ਦਾਸ ਦੀ ਕੁਲ ’ਚ ਅਫਸਰ ਪੈਦਾ ਹੋਣਗੇ। ਘਰ ਦੀ ਦਸ਼ਾ ਪਲਟ ਜਾਊ। ਪਰ ਇਸੇ ਪਲਟੇ ’ਚ ਮਾਘੀ ਅੰਦਰੋਂ ਉਹ ਮਾਘੀ ਮਰ ਗਿਆ ਜਿਨੂੰ ਇਕੱਲਾ ਬੈਠਾ ਮੈਂ ਰੋਂਦਾ ਰਹਿੰਦਾ। ਸੋਚਦਾ ਮਾਘੀ ਪਿੰਡ ਜਾਵੇ। ਮੇਰੇ ਨਾਲ ਵੱਗ ਦੀਆਂ ਗੱਲਾਂ ਕਰੇ। ਸਿੱਧ ਪੱਧਰੀ ਜ਼ਿੰਦਗੀ ਜੀਵੇ। ਬਾਬੇ ਤੁਲੀ ਦਾਸ ਦੇ ਲਾਣੇ ’ਤੇ ਮਾਣ ਕਰੇ। ਪਰ ਮਾਘੀ ਤਾਂ ਖਿਝਣ ਲੱਗਦਾ ਇਹਨਾਂ ਗੱਲਾਂ ਤੋਂ। ਇੱਕ ਵਾਰ ਬਹੂ ਮੂਹਰੇ ਮੈਥੋਂ ਕਹਿ ਹੋ ਗਿਆ ਸੀ ਕਿ ਪਿੰਡ ਸਾਨੂੰ ।ਭੇਡਾਂ ਵਾਲੇ ਆਖਦੇ ਨੇ। ਬਹੂ ਉਠ ਕੇ ਗਈ ਤਾਂ ਮਾਘੀ ਤਲਖ ਹੋ ਗਿਆ ਸੀ ਮੇਰੇ ਨਾਲ।

“ਤੈਂ ਕਦ ਛੱਡਣਾ ਆਹ ।ਭੇਡਾਂ ਦਾ ਖਹਿੜਾ। ਹੁਣ ।ਭੇਡਾਂ ਵਾਲੇ ਨਹੀਂ ਰਹੇ ਆਪਾਂ। ਸਾਲੀ ਬਹੁਤ ਉਪਾਧੀ ਹੁੰਦੀ ਜਿਵੇਂ..।”

ਪਰ ਕੀ ਜਾਣੇ ਮਾਘੀ। ਮੈਨੂੰ ਮੈਨੂੰ ਤਾਂ ਹੁਣ ਤੀਕ ਵੱਗ ਦੇ ਸੁਪਨੇ ਆਉਂਦੇ ਨੇ। ਜਿਵੇਂ ਅੱਜ ਵੀ ਰੋਹੀਆਂ ’ਚ ਵੱਗ ਚਾਰਦਾ ਫਿਰਦਾ ਹੋਵਾਂ।

ਆਪਣੀ ਔਕਾਤ ਛੁਪਾਉਣਾ ਕਿਹੜੀ ਵੱਡੀ ਗੱਲ ਹੈ ।ਲਾ? ਲੋਕਾਂ ਨੂੰ ਪਤਾ ਨਹੀਂ ਕੀ ਦੱਸਿਆ ਹੋਣਾ ਮਾਘੀ ਨੇ ਆਪਣੇ ਬਾਰੇ। ਇਸੇ ਲਈ ਤਾਂ ਮੈਨੂੰ ਲੋਕਾਂ ’ਚ ਬੈਠਣ ਤੋਂ ਰੋਕਦਾ ਉਹ।

ਡਾਕਟਰ ਨੇ ਮਹੀਨਾ ਕੱਟਿਆ ਉਰੇ। ਮੈਨੂੰ ਕੋਈ ਗੱਲ ਕਰਨ ਵਾਲਾ ਮਿਲ ਗਿਆ ਸੀ। ਦੁਪਿਹਰ ਨੂੰ ਉਹ ਚਾਹ ਬਣਾਉਂਦਾ। ਅਸੀਂ ਦੋਨੋਂ ਪੀ ਲੈਂਦੇ। ਬੜੀਆਂ ਗੱਲਾਂ ਸੁਣਾਉਂਦਾ ਡਾਕਟਰ। ਆਪਣੀ ਵਲੈਤ ਦੀਆਂ। ਮੇਮਾਂ ਦੀਆਂ। ਇੱਕ ਦਿਨ ਆਖਣ ਲੱਗਿਆ-

“ਆਜਾ ਬਾਬਾ ਤੈਨੂੰ ਵੀ ਲੈ ਚੱਲਾਂ ਮੇਮਾਂ ਕੋਲ।”

“ਲੈ ਦੱਸ ਮੇਰਾ ਕੀ ਕੰਮ ਉਥੇ?”

“ਕੰਮ ਤਾਂ ਚਾਹੇ ਵੀਹ ਕਰਲੀ ਤੂੰ। ਊਂ ਆਹ ਕੰਮ ਘੱਟ ਮੇਮਾਂ ਦੇਖਣ ਵਾਲਾ?”

“ਲੈ ਡਾਕਟਰਾ ਮਖੌਲ ਕਰਦਾ ਏ। ਅੱਛਾ ਇਹ ਦੱਸ ਮੈਂ ਸੁਣਿਆ ਬਈ ਉਥੇ ਕੋਈ ਵਿਹਲਾ ਨਹੀਂ ਬੈਠਦਾ। ਸਾਰੇ ਈ ਕੰਮ ਕਰਦੇ?”

“ਹਾਂ...ਉਥੇ ਤਾਂ ਸਾਰੇ ਕੰਮ ਕਰਦੇ ਨੇ। ਤੇਰੇ ਵਰਗੇ ਬੁੜੇ ਵੀ। ਹੋਰ ਨਹੀਂ ਤਾਂ ਚੀਜ਼ਾਂ ਹੀ ਪਾਈ ਜਾਂਦੇ ਲਿਫ਼ਾਫਿਆਂ ’ਚ ।ਉਰੇ ਈ ਸਰਦਾ ਵਿਹਲੇ ਬੈਠ ਕੇ। ਉਥੇ ਨਹੀਂ।”

ਮੈਨੂੰ ਆਪਣਾ ਆਪ ਜਿਵੇਂ ।ਭੈੜਾ ਲੱਗਿਆ ਹੋਵੇ।

ਆਹੀ ਗੱਲ ਮੈਂ ਮਾਘੀ ਨੂੰ ਆਖੀ ਸੀ।

“ਕਿਰਤ ਤਾਂ ਸ। ਤੋਂ ਵੱਡੀ ਸ਼ੈਅ ਹੁੰਦੀ। ਕੰਮ ਵੀ ਮਾੜਾ ਹੋਇਆ ਕਦੀ?”

ਪਰ ਮੇਰਾ ਵੱਸ ਨਹੀਂ ਸੀ ਚੱਲਿਆ। ਮੈਥੋਂ ਬਿਨਾਂ ਪੁਛੇ ਮਾਘੀ ਨੇ ਵੱਗ ਦਾ ਸੌਦਾ ਕਰ ਲਿਆ। ਸਮੇਤ ਵਾੜਾ। ਮਾਹੀ ਚਾਚੇ ਦੇ ਪੋਤੇ ਹਾਕਮ ਨਾਲ। ਮੈਂ ਬਥੇਰਾ ਤੜਫ਼ਿਆਂ ਸਾਂ ਉਸ ਦਿਨ। ਜਿਵੇਂ ਹੁਣ ਹਰ ਰੋਜ਼ ਤੜਫ਼ਦਾ।

ਮੇਰਾ ਮਨ ਕੀਤਾ ਸੀ ਆਪਣੇ ਬਾਰੇ ਡਾਕਟਰ ਨੂੰ ਦੱਸਾਂ।

ਕਹਾ-

"ਡਾਕਟਰਾ ਵਿਹਲਾ ਤਾਂ ਮੈਂ ਵੀ ਕਦੀ ਨਹੀਂ ਬੈਠਿਆ। ਲੋਕੀ ਆਖਦੇ ਹੁੰਦੇ ਸੀ ਕਿ ਦੇਸੂ ਦੀ ਹੱਡੀ ਬੜੀ ਚੀੜ੍ਹੀ ਏ। ਵੱਗ ਥੱਕ ਕੇ ਬੈਠ ਜਾਂਦਾ ਪਰ ਮੈਂ ਨਾ ਥੱਕਦਾ...। "

ਪਰ ਮੈਂ ਕਹਿ ਨਾ ਸਕਿਆ।

ਹੁਣ ਇਹ ਗੱਲਾਂ ਮੈਥੋਂ ਕਹਿ ਨਹੀਂ ਹੁੰਦੀਆਂ।

"ਜਦ ਤੈਂ ਹਿੰਦੋਸਤਾਨ ਛੱਡਿਆ ਤੀ। ਕਨੇਡੇ ਚਿੱਤ ਲੱਗ ਗਿਆ ਸੀ ਤੇਰਾ? ਨਾ ਕੋਈ ਆਪਣਾ ਨਾ ਦੁੱਖ ਦੀ ਨਾ ਸੁੱਖ ਦੀ। ਨਾ ਸਹੁੰਗੀ ਦਾ ਕੋਈ ।ਭਾਸ਼ਾ ਸਮਝੇ। "

ਕੱਲ ਜਦੋਂ ਡਾਕਟਰ ਨੇ ਜਾਣ ਦੀ ਗੱਲ ਕੀਤੀ, ਮੈਂ ਪੁਛਿਆ ਸੀ ਉਦੋਂ।

"ਚਿੱਤ ਪਹਿਲਾਂ-ਪਹਿਲ ਤਾਂ ਨਹੀਂ ਜਮਾਂ ਨਹੀਂ ਲੱਗਿਆ। ਫੇਰ ਹੌਲੀ-ਹੌਲੀ ਆਦਤ ਪੈ ਗਈ। ਇੱਥੇ ਵੀ ਹੈਨ੍ਹੀ ਕੁਝ ਉਥੇ ਤਾਂ ਸੁਰਗ ।ਭੋਗਦੇ ਨੇ ਲੋਕ। ਬੱਸ ਚੰਗੀ ਜ਼ਿੰਦਗੀ ਦੀ ਲਾਲਸਾ ਹੀ ਬੰਨ੍ਹੀ ਰੱਖਦੀ ਏ ਬੰਦੇ ਨੂੰ। "

ਮੇਰਾ ਚਿੱਤ ਕੀਤਾ ਬਈ ਡਾਕਟਰ ਨੂੰ ਹੋਰ ਕਈ ਗੱਲਾਂ ਪੁਛਾਂ। ਪਰ ਫੇਰ ਚੁੱਪ ਰਿਹਾ।

ਮੈਂ ਦੇਰ ਤੀਕ ਬੈਠਾ ਸੋਚਦਾ ਰਿਹਾ ਬਈ ਚੰਗੀ ਜ਼ਿੰਦਗੀ ਹੁੰਦੀ ਕੀ ਏ ਸਾਲੀ?...

ਜ਼ਰੂਰੀ ਕਿਹੜੀ ਸ਼ੈਅ ਹੁੰਦੀ ਜਿਊਂਦੀ ਜਾਨੇ। ਤੁਹਾਡਾ ਆਪਣਾ ਆਪ ਜਾਂ ਬਾਕੀ ਗੱਲਾਂ? ਸੁੱਖ ।ਭੋਗਣ ਲਈ ਬੰਦਾ ।ਭੱਜਾ ਫਿਰਦਾ। ਜਦ ਪੈਸੇ ਕਮਾ ਕੇ ।ਵੱਡੇ ਘਰ ਬਣਾ ਕੇ ਵੀ ਬੰਦਾ ਅੰਦਰੋਂ ਖੁਸਦਾ ਰਹਿੰਦਾ ਤਾਂ ਫੇਰ ਸੁੱਖ ਕਾਹਦਾ?

ਮਾਘੀ ਨੇ ਵੀ ਆਪਣੀ ਜਾਚੇ ਸੁਖੀ ਕਰਤਾ ਮੈਨੂੰ। ਪਿੰਡ ਇੱਕ ਸਬਾਤ ਸੀ ਛੋਟੀ ਜਿਹੀ। ਇੱਕ ਬੰਨੇ ਵੱਡਾ ਸਾਰਾ ਢਾਰਾ ਸੀ ਵੱਗ ਲਈ। ਟੁੱਟਾ ਜਿਹਾ ਪੱਖਾ ਖ੍ਰੀਦਿਆ ਸੀ ਪੰਮੇ ਸੁਨਿਆਰੇ ਤੋਂ ਪੁਰਾਣਾ। ਕੜ-ਕੜ ਕਰਕੇ ਚੱਲਦਾ। ਇੱਥੇ ਤਾਂ ਸਾਰਾ ਕੁਝ ਹੈਗਾ। ਪਰ ਉਸ ਕੜ-ਕੜ ਵਿੱਚ ਜਿੰਨੀ ਗੂੜ੍ਹੀ ਨੀਂਦ ਆਉਂਦੀ ਸੀ ਮੈਨੂੰ। ਹੁਣ ਇੱਥੇ ਨਹੀਂ ਆਉਂਦੀ। ਰਾਤਾਂ ਪਾਸੇ ਮਾਰਦਿਆਂ ਲੰਘਦੀਆਂ।

ਮੈਨੂੰ ਕੰਮ ਕਰਨਾ ਖ਼ੁਸ਼ੀ ਦਿੰਦਾ ਸੀ। ਵੱਗ ਦੀ ਖੁਸ਼ਬੂ ਚੰਗੀ ਲੱਗਦੀ ਸੀ ਮੈਨੂੰ। ਵਿਹਲੇ ਪਏ ਰਹਿਣ ਨੂੰ ਸੁਖ ਮੰਨਦਾ ਏ ਮਾਘੀ। ਇਹ ਸ਼ਹਿਰ ਨਹੀਂ ਸਹੁੰਗੀ ਦਾ ਜ਼ਹਿਰ ਏ। ਜਿਹੜਾ ਮੇਰੇ ਵਰਗੇ ਬੰਦੇ ਨੂੰ ਹੌਲੀ-ਹੌਲੀ ਮਾਰੀ ਜਾਂਦਾ। ਜਿਸ ਦਿਨ ਡਾਕਟਰ ਇੱਥੇ ਆਇਆ ਸੀ। ਮੈਂ ਗਹੁ ਨਾਲ ਸਿਰ ਤੋਂ ਲੈ ਕੇ ਪੈਰਾਂ ਤੀਕ ਦੇਖਿਆ ਸੀ ਉਸਨੂੰ। ਕਹਿੰਦਾ ਸੀ ਮੈਂ ਸਰਕਾਰੀ ਨੌਕਰੀ ਕਰੀ ਏ। ਜਿਸ ਕੋਲ ਰਹਿਣ ਲਈ ਘਰ ਹੈਗਾ। ਖਾਣ ਨੂੰ ਰੋਟੀ ।ਉਹ ਕਾਹਤੋਂ ਦੌੜਿਆ ਫਿਰਦਾ ਜਿੰਦੇ ਲਗਾ ਕੇ ਘਰ ਨੂੰ। ਬੱਸ ਤਮਾ ਨਹੀਂ ਮੁਕਦੀ ਬੰਦੇ ਦੀ।

ਡਾਕਟਰ ਚਲਾ ਗਿਆ। ਮੈਂ ਘਰ ਵਿੱਚ ਇਕੱਲਾ ਬੈਠਾਂ ਹਾਂ। ਮਨ ਵਿੱਚ ਇੱਕ ਅਚਵੀ ਜਿਹੀ ਹੈ। ਉਠ ਕੇ ਛੱਤ 'ਤੇ ਆਣ ਖੜਿਆਂ ਹਾਂ। ਦੂਰ ਤੋਂ ਉਹੀ ਬੰਦਾ ਦਿਖਾਈ ਦੇ ਰਿਹਾ। ਵੱਗ ਲਈ ਜਾ ਰਿਹਾ ਚਾਰਨ ਨੂੰ। ਏਸ ਵੇਲੇ ਦਾ ਨਿਕਲਿਆ ਇਹ ਆਥਣ ਨੂੰ ਮੁੜਦਾ। ਮੈਂ ਉਹਨੂੰ ਦੇਖ ਕੇ ਹੱਥ ਹਿਲਾਉਂਦਾ ਹਾਂ।

"ਛੋਟੇ ।ਭਾਈ! ਦੇਸੂ ਨਾਮ ਏ ਮੇਰਾ। ਤੈਂ ਸੁਣਿਆ ਹੀ ਹੋਣਾ। ਪਿੰਡ ਮੇਰੇ ਕੋਲ ਵੀ ਬਥੇਰਾ ਵੱਗ ਸੀ। ਆਹ ਤਾਂ ਮੇਰਾ ਮੁੰਡਾ ਇੱਥੇ ਲੈ ਆਇਆ ਸੀ ਮੈਨੂੰ। ਵੱਡਾ ਲਾਣਾ ਐ ਸਾਡਾ। ।ਭੇਡਾਂ ਵਾਲੇ ਆਖਦੇ ਸਾਨੂੰ।"

ਮੈਂ ਉਚੀ-ਉਚੀ ਬੋਲਦਾ ਹਾਂ। ਉਹ ਅੱਗੇ ਚਲਿਆ ਜਾਂਦਾ। ਮੈਂ ਆਲੇ ਦੁਆਲੇ ਦੇਖਦਾ। ਡੂੰਘੀ ਚੁੱਪ ਹੈ। ਹੇਠਾਂ ਆ ਕੇ ਟਰੰਕ ਵਿੱਚੋਂ ਮੁਰਕੀਆਂ ਕੱਢ ਕੇ ਪਾ ਲੈਂਦਾ ਹਾਂ ਕੰਨਾਂ ਵਿੱਚ। ਸਿਰ ਉਤੇ ਮੜੱਸਾ ਵੱਲ ਲੈਂਦਾ ਹਾਂ। ਸੀਸੇ ਵਿੱਚ ਦੇਖਦਾ।

"ਮੈਂ ਉਹੀ ਦੇਸੂ ਆਂ। ।ਭੇਡਾਂ ਵਾਲਾ ਦੇਸੂ.."

ਖਬਰੇ ਕਿਸ ਨੂੰ ਦੱਸਦਾ ਹਾਂ।

09463215168



# ਨਵਾਂ ਸਾਲ /ਕੇ .ਸੀ . ਮੋਹਨ

ਢਾਈ-ਤਿੰਨ ਦਹਾਕਿਆਂ ਤੋਂ ਮਿਲਦੀ ਇਸ ਮਿੱਤਰ-ਮੰਡਲੀ ਦੀ ਅੱਜ ਵਾਲੀ ਮਹਿਫ਼ਿਲ ਕੋਈ ਸੱਤ ਵਜੇ ਸ਼ੁਰੂ ਹੋਈ ਸੀ। ਦਾਰੂ ਪੀਂਦਿਆਂ, ਗੱਪਾਂ ਮਾਰਦਿਆਂ, ਲਤੀਫੇ ਸੁਣਦੇ-ਸੁਣਾਉਂਦਿਆਂ ਅਤੇ ਬਹਿਸਾਂ ਕਰਦਿਆਂ ਪਤਾ ਹੀ ਨਾ ਲੱਗਾ ਕਿ ਕਦੋਂ ਬਾਰਾਂ ਵੱਜ ਗਏ। ਹਰ ਇਕ ਨੂੰ ਬਾਰਾਂ ਵੱਜਣ ਦੀ ਉਡੀਕ ਸੀ, ਪਾਰਟੀ ਜੋ ਨਵੇਂ ਸਾਲ ਦੇ ਸਵਾਗਤ ਵਿਚ ਰੱਖੀ ਹੋਈ ਸੀ।

ਬਾਰਾਂ ਵਜੇ ਤੋਂ ਕੋਈ ਪੰਦਰਾਂ ਮਿੰਟ ਪਹਿਲਾਂ ਸਾਰੇ ਜਣੇ ਆਪੋ-ਆਪਣੇ ਪਿਆਲੇ ਹੱਥਾਂ ਵਿਚ ਫੜਕੇ ਫੌਜੀਆਂ ਵਾਂਗ ਤਾਇਨਾਤ ਹੋ ਗਏ। ਸੋਫੀਆਂ ਨੇ ਆਪਣੇ ਆਪਣੇ ਸੌਫਟ ਡਰਿੰਕ ਹੱਥੀਂ ਲੈ ਲਏ। ਸਹੀ ਬਾਰਾਂ ਵਜੇ ਦਾ ਲਮਹਾ ਹਰ ਇਕ ਪਕੜਣ ਲਈ ਤਤਪਰ ਲਗਦਾ ਪਿਆ ਸੀ।

ਮਿੱਤਰਾਂ ਦੀ ਢਾਣੀ ਐਤਕੀਂ ਐਲਫਰਡ ਸਮਿਥ ਤੇ ਉਸਦੀ ਪਤਨੀ ਜੈਕੀ ਸਮਿੱਥ ਦੇ ਘਰ ਵਿਚ ਇੱਕਠੀ ਹੋਈ ਸੀ। ਉਹ ਪੱਛਮੀ ਲੰਦਨ ਦੇ ਸ਼ਹਿਰ ਪੈਰੀਵੇਲ ਵਿਚ ਇਕ ਕਿਰਾਏ ਦੇ ਮਕਾਨ ਵਿਚ ਰਹਿੰਦੇ ਸਨ। ਰੰਗੀਲੇ ਤੇ ਖਾਣ-ਪੀਣ ਵਾਲੇ ਬੰਦੇ ਸਨ। ਉਨ੍ਹਾਂ ਨੇ ਆਪਣੀ ਮੇਜ਼ਬਾਨੀ ਵਿਚ ਕੋਈ ਕਸਰ ਨਹੀਂ ਸੀ ਛੱਡੀ ਭਾਵੇਂ ਹਰ ਬੰਦਾ ਜਾਂ ਤਾਂ ਕੁੱਝ ਖਰੀਦਕੇ ਲਿਆਇਆ ਸੀ ਜਾਂ ਫੇਰ ਆਪ ਪਕਾ ਕੇ ਲਿਆਇਆ ਸੀ। ਹਰ ਬੰਦਾ ਮੇਜ਼ਬਾਨਾਂ ਦੇ ਪਕਵਾਨਾਂ ਦੀ ਤਾਰੀਫ ਕਰ ਰਿਹਾ ਸੀ।

ਟੀਵੀ ਤੇ ਨਵੇਂ ਸਾਲ ਦੇ ਕਈ ਇਕ ਵਿਸ਼ੇਸ਼ ਪਰੋਗਰਾਮ ਚੱਲ ਰਹੇ ਸਨ ਪਰ ਇਨ੍ਹਾਂ ਵੱਲ ਕਿਸੇ ਕਿਸੇ ਦਾ ਹੀ ਧਿਆਨ ਸੀ। ਨਿੱਕੇ ਨਿੱਕੇ ਗਰੁਪਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ-ਬਾਤਾਂ ਹੁੰਦੀਆਂ ਪਈਆਂ ਸਨ। ਰੋਜ਼ਮਰਹਾ ਦੇ ਗਿਲੇ-ਦੁੱਖੜੇ ਭੁੱਲ ਭੁਲਾਕੇ ਬੰਦੇ ਨਵੇਂ ਸਾਲ ਕੰਨੀ ਤੱਕ ਰਹੇ ਸਨ। ਲਗਦਾ ਸੀ ਕਿ ਕਿਸੇ ਨੂੰ ਵੀ ਏਸ ਘੜੀ ਕੋਈ ਫਿਕਰ ਜਾਂ ਤੇਜ਼ੀ ਨਹੀਂ ਸੀ। ਲਿਵਿੰਗ ਰੂਮ ਵਾਲਾ ਘੰਟਾ ਆਪਣੀ ਮਸਤ ਚਾਲ ਚੱਲ ਰਿਹਾ ਸੀ। ਉਹਨੂੰ ਬਾਰਾਂ ਵਜਾਉਣ ਦੀ ਕੋਈ ਕਾਹਲ ਨਾ ਸੀ ਲਗਦੀ।

ਫਿਰ ਉਹ ਪਲ ਬਹੁਤ ਨੇੜੇ ਲੱਗੇ ਜਿਨ੍ਹਾਂ ਨੇ ਸਭਨਾਂ ਨੂੰ ਉਤਸ਼ਾਹਿਤ ਤੇ ਉਤੇਜਿਤ ਕੀਤਾ ਹੋਇਆ ਸੀ। ਸਾਰੇ ਜਣੇ ਨਵੇਂ ਸਾਲ ਦੇ ਮੌਕੇ ਤੇ ਪ੍ਰਸਾਰਿਤ ਹੁੰਦੇ ਵਿਸ਼ੇਸ਼ ਪਰੋਗਰਾਮ ਵੇਖਣ ਲਈ ਲਿਵਿੰਗ ਰੂਮ ਵਾਲੇ ਟੀਵੀ ਸਾਹਮਣੇ ਡਟ ਕੇ ਖਲੋ ਗਏ। ਟੀਵੀ ਤੇ ਬਰਤਨਾਵੀ ਪਾਰਲੀਮੈਂਟ ਦੇ ਬਿੱਗ ਬੈੱਨ ਦੀ ਤਸਵੀਰ ਸੀ ਤੇ ਹੇਠਾਂ ਖ਼ਲਕਤ ਦਾ ਹੁਜੂਮ, ਜਸ਼ਨਾਂ ਲਈ ਤਿਆਰ ਬਰ ਤਿਆਰ। ਟੀਵੀ ਤੇ ਘੜੀ ਦੀ ਪੁੱਠੀ ਗਿਣਤੀ ਸ਼ੁਰੂ ਹੋਈ। ਦਸ.. ਨੌਂ... ਤਿੰਨ.. ਦੋ... ਤੇ ਫਿਰ ਬਿੱਗ ਬੈੱਨ ਦੀਆਂ ਘੰਟੀਆਂ ਖੜਕਣ ਲੱਗੀਆਂ। ਟੱਨ ਨ.. ਟੱਨ ਨ.. ਟੱਨ ਨ.... ਨਾਲੋ ਨਾਲ ਪਟਾਕੇ ।ਬਿੱਗ ਬੈੱਨ ਦੀਆਂ ਘੰਟੀਆਂ ਨੇ ਜਿਉਂ ਹੀ ਆਪਣਾ ਸੰਗੀਤ ਮੁਕਾਇਆ, ਪਟਾਕਿਆਂ ਤੇ ਆਤਿਸ਼ਬਾਜੀਆਂ ਨੇ ਆਕਾਸ਼ ਵਿਚ ਰੌਣਕ ਵਿਛਾਅ ਦਿੱਤੀ। ਆਕਾਸ਼ ਨੱਚਦਾ ਪਿਆ ਨਜ਼ਰ ਆਇਆ।

ਮਹਿਫਿਲ ਨੇ ਟੀਵੀ ਵਲੋਂ ਧਿਆਨ ਹਟਾਇਆ। ਜਾਮ ਹਵਾ 'ਚ ਲਹਿਰਾਏ। 'ਹੈਪੀ ਨੀਉ ਯੀਅਰ, ਹੈਪੀ ਨਿਉ ਯੀਅਰ' ਦੇ ਬੋਲਾਂ ਨਾਲ ਵਾਤਾਵਰਣ ਮਹਿਕਾਅ ਗਿਆ। ਕਿਸੇ ਨੇ ਕਿਸੇ ਨੂੰ ਜੱਫੀ ਪਾਈ। ਕਿਸੇ ਨੇ ਕਿਸੇ ਨਾਲ ਹੱਥ ਮਿਲਾਇਆ ਤੇ ਕਿਸੇ ਨੇ ਕਿਸੇ ਨੂੰ ਚੁੰਮਿਆ। ਇੰਝ ਨਵੇਂ ਸਾਲ ਦੀ ਸ਼ੁਰੁਆਤ ਹੋਈ ਤੇ ਪਿਛਲੇ ਵਰ੍ਹੇ ਨੂੰ ਅਲਵਿਦਾ।

ਜੈਕੀ ਪੂਰੀ ਲੋਰ ਵਿਚ ਹੋਈ ਪਈ ਲਗਦੀ ਸੀ, 'ਲਓ ਬਈ ਮਿੱਤਰ ਜਨੋ, ਸੁਣਾਓ ਹੁਣ ਆਪਣੇ ਆਪਣੇ ਨਵੇਂ ਸਾਲ ਦੇ ਰੈਜ਼ੋਲਿਉਸ਼ਨ।' ਜੈਕੀ ਨੇ ਮਹਿਫਿਲ ਦਾ ਰੰਗ ਬਦਲਣ ਦੀ ਕੋਸ਼ਿਸ਼ ਕੀਤੀ।

'ਆਹ ਵਧੀਆ ਗੱਲ ਆ।' ਫਾਤਿਮਾ ਦੀ ਛੋਟੀ ਕੁੜੀ ਰੁਕਸਾਨਾ ਬੋਲੀ ਜਿਹੜੀ ਆਪਣੇ ਅਮਰੀਕਨ ਬੁਆਏ ਫਰੈਂਡ ਐਰਿਕ ਨਾਲ ਲਿਪਟੀ ਖੜ੍ਹੀ ਸੀ।

' ਭਲਾਂ ਤੇਰੇ ਨਾਲੋਂ ਵਧੀਆ ਸ਼▲ਰੂਆਤ ਹੋਰ ਕੌਣ ਕਰੂ'! ਫਾਤਿਮਾ ਦੀ ਵੱਡੀ ਕੁੜੀ ਫਰਜ਼ਾਨਾ ਝੱਟ ਦੇਣੇ ਬੋਲੀ।

' ਏਸ ਸਾਲ ਮੈਂ ਮਾਂ ਬਣਨਾਂ ਚਾਹਾਂਗੀ।' ਰੁਕਸਾਨਾ ਨੇ ਆਪਣਾ ਮਤਾ ਐਲਾਨਿਆ।

' ਏਸ ਕਾਰਜ ਵਿਚ ਮੈਂ ਕੋਈ ਮੱਦਦ ਕਰ ਸਕਦਾ ਹੋਵਾਂ ਤਾਂ ਝਿਜਕੀਂ ਨਾ।' ਐਰਿਕ ਨੇ ਹੌਲੀ ਦੇਣੇ ਆਖਿਆ ।

'ਤੈਨੂੰ ਡਸਿਪਲਨ ਕਰਨ ਲਈ ਹੀ ਤਾਂ ਇਹ ਹੋ ਰਿਹਾ ਹੈ ਮਾਈ ਡਾਰਲਿੰਗ।' ਆਖਦਿਆਂ ਰੁਕਸਾਨਾਂ ਨੇ ਸਭਨਾਂ ਨੂੰ ਹਸਾ ਮਾਰਿਆ। ਸੱਭਨਾਂ ਨੇ ਇਸ ਮਤੇ ਦਾ ਤਾੜੀਆਂ ਨਾਲ ਸਵਾਗਤ ਕੀਤਾ।

' ਮੈਂ ਏਸ ਸਾਲ ਆਪਣਾ ਭਾਰ ਦਸ ਕਿਲੋ ਘਟਾਉਣਾ ਹੈ।' ਇਹ ਮੇਰਾ ਰੈਜ਼ੋਲਿਉਸ਼ਨ ਸੀ।

ਪੈਂਦਿਆਂ ਹੀ ਮੇਰੀ ਸਵੀਡਸ਼ ਸਹਿਕਰਮੀ ਲੋਰਨਾ ਆਖ਼ਣ ਲੱਗੀ, 'ਪੀ ਸਿੰਘ ਜੀਓ, ਇਹ ਤਾਂ ਤੁਸੀਂ ਦੋ ਸਾਲ ਪਹਿਲਾਂ ਪਰਵੀਨ ਚਾਵਲਾ ਦੇ ਚੈਲਸੀ ਵਾਲੇ ਘਰ 'ਚ ਹੋਈ ਪਾਰਟੀ ਵਿਚ ਵੀ ਕਿਹਾ ਸੀ। ਕੋਈ ਹੋਰ ਦਿਲਚਸਪ ਰੈਜੋਲਿਊਸ਼ਨ ਕੱਢੋ।'

ਸੱਚੀ ਗੱਲ ਤਾਂ ਇਹ ਸੀ ਕਿ ਲੋਰਨਾ ਦੀ ਗੱਲ ਸੁਣਕੇ ਬਾਕੀਆਂ ਨੇ ਤਾਂ ਹੱਸਣਾ ਹੀ ਸੀ, ਮੈਨੂੰ ਖ਼ੁ▲ਦ ਨੂੰ ਵੀ ਹੱਸਦਿਆਂ ਹੱਸਦਿਆਂ ਹਾਸ਼ੂ ਆ ਗਿਆ। 'ਚਲੋ ਠੀਕ ਹੈ ਮੈਂ ਏਸ ਸਾਲ '*ਵਾਰ ਐਂਡ ਪੀਸ* 'ਦਾ ਪਾਠ ਹੀ ਖ਼ਤਮ ਕਰਨ ਦੀ ਕੋਸ਼ਿਸ਼ ਕਰਾਂਗਾ। ਸ਼ਾਇਦ ਇਸ ਨਾਲ ਕੁੱਝ ਭਾਰ ਵੀ ਘੱਟ ਜਾਵੇ।'

ਮਾਰਕੋਜ਼ ਨੇ ਆਪਣੇ ਵਿਸਕੀ ਦੇ ਪੈੱਗ ਦਾ ਭੋਗ ਪਾਉਂਦਿਆਂ ਐਲਾਨ ਕੀਤਾ, 'ਮੇਰੇ ਪਿੰਡ ਸਰਕਾਰੀ ਸਕੂਲ ਦੀ ਇਮਾਰਤ ਬੜੀ ਖ਼ਸਤਾ ਹਾਲਤ 'ਚ ਹੈ। ਮੈਂ ਧਾਰਿਆ ਹੈ ਕਿ ਐਤਕੀਂ ਅਸੀਂ ਸਾਰੇ ਟੱਬਰ ਨੇ ਇਕ ਹਜ਼ਾਰ ਪੌਂਡ ਬਚਾਕੇ ਸਾਊਥ ਅਫਰੀਕਾ ਘੱਲਣਾ ਹੈ।' ਮਾਰਕੋਜ਼ ਦੇ ਮਤੇ ਨੇ ਦੋ ਪਲਾਂ ਲਈ ਮਹਿਫਿਲ ਨੂੰ ਗੰਭੀਰ ਬਣਾ ਦਿਤਾ ਅਤੇ ਸਾਰਿਆਂ ਨੇ ਜ਼ੋਰਦਾਰ ਤਾੜੀਆਂ ਨਾਲ ਇਸ ਮਤੇ ਤੇ ਫੁੱਲ ਚਾੜ੍ਹੇ।

ਸਕੌਟਿਸ਼ ਵਕੀਲ ਈਅਨ ਵਾਲਕਰ ਨੇ ਆਪਣੀ ਲਾਲ ਟਾਈ ਠੀਕ ਕਰਦਿਆਂ ਐਲਾਨ ਕੀਤਾ 'ਏਸ ਵਰ੍ਹੇ ਮੈਂ ਪਿਆਨੋ ਵਜਾਉਣੀ ਸਿੱਖ ਛਡਣੀ ਹੈ।'

ਈਅਨ ਦਾ ਹੱਥ ਅਜੇ ਉਹਦੀ ਟਾਈ ਤੇ ਹੀ ਸੀ ਕਿ ਉਹਦੀ ਪਤਨੀ ਨਤਾਸ਼ਾ ਨੇ ਆਪਣਾ ਹਾਸਾ ਰੋਕਦਿਆਂ ਕਿਹਾ, 'ਮਿਸਟਰ ਵਾਲਕਰ, ਪਿਆਨੋ ਵਾਸਤੇ ਕਿੱਥੋਂ ਕੱਢੇਂਗਾ ਵਕਤ, ਤੂੰ ਤਾਂ ਵੀਕਐਂਡ ਵੀ ਦਫਤਰ 'ਚ ਹੀ ਬਿਤਾਉਂਦਾਂ ਏਂ।' ਮਹਿਫਿਲ ਇਕ ਬਾਰ ਫੇਰ ਹਾਸਿਆਂ ਦੇ ਸਪੁਰਦ ਹੋ ਗਈ।

ਪੋਲਿਸ਼ ਕੁੜੀ ਆਇਰੀਨ ਦਾ ਰੈਜ਼ੋਲਿਉਸ਼ਨ ਸਭ ਨੂੰ ਚੰਗਾ ਲਗਿਆ ਜਦ ਉਸਨੇ ਰਤਾ ਗੰਭੀਰ ਹੁੰਦਿਆਂ ਕਿਹਾ, 'ਸੋਸ਼ਲ ਨੈੱਟਵਰਕਿੰਗ 'ਤੇ ਖ਼ਰਚ ਹੁੰਦਾ ਸਮਾਂ ਮੈ ਏਸ ਸਾਲ, ਘਟਾ ਕੇ ਅੱਧਾ ਕਰ ਦੇਣਾ ਹੈ। ਇਹ ਬੀਮਾਰੀ ਕੁੱਝ ਜ਼ਿਆਦਾ ਹੀ ਵਧ ਗਈ ਹੈ। ਫ਼ਜ਼ੂ▲ਲ ਦਾ ਕੰਮ ਹੈ ਇਹ ਸਾਰਾ।'

'ਇਹ ਰੈਜ਼ੋਲਿਉਸ਼ਨ ਤਾਂ ਬਈ ਸਾਨੂੰ ਸਾਰਿਆਂ ਨੂੰ ਕਰਨਾ ਚਾਹੀਦਾ ਹੈ।' ਮੇਜ਼ਬਾਨ ਐਲਫਰਡ ਨੇ ਆਪਣੇ ਦੋਵੇਂ ਹੱਥ ਉੱਪਰ ਕਰਦਿਆਂ ਉੱਚੀ ਦੇਣੇ ਕਿਹਾ।

' ਹਾਂ, ਹਾਂ- ਬਿਲਕੁਲ, ਬਿਲਕੁਲ।' ਕਈ ਜਣੇ ਕੱਠੇ ਬੋਲੇ।

ਕੁੱਝ ਹੋਰ ਦਿਲਚਸਪ ਰੈਜ਼ੋਲਿਉਸ਼ਨ ਸਾਂਝੇ ਹੋਏ। ਕੁਝ-ਇਕਨਾਂ ਦਾ ਵਿਚਾਰ ਇਹ ਵੀ ਸੀ ਕਿ ਇਹ ਰੈਜ਼ੋਲਿਉਸ਼ਨ ਵਗੈਰਾ ਮਨੋਰੰਜਨ ਲਈ ਠੀਕ ਨੇ, ਇਨ੍ਹਾਂ ਦਾ ਫਾਇਦਾ ਸ਼ਾਇਦ ਕੋਈ ਨਹੀਂ।

ਇਹ ਬਹਿਸ ਅਜੇ ਚੱਲ ਹੀ ਰਹੀ ਸੀ ਕਿ ਮਹਿਫਿਲ ਵਿਚਲੇ ਸਭ ਤੋਂ ਵਡੇਰੀ ਉਮਰ ਦੇ ਆਇਰਸ਼ ਬੰਦੇ ਫ਼ੀਲਪ ਨੇ, ਜੋ ਕਿ ਦੋ ਸਾਲ ਪਹਿਲਾਂ ਹੀ ਪੋਸਟ ਆਫਿਸ ਵਿਚੋਂ ਸੇਵਾ ਮੁਕਤ ਹੋਇਆ ਸੀ, ਆਪਣੀ ਬੱਗੀ ਦਾੜ੍ਹੀ ਖ਼ੁ▲ਰਚਦਿਆਂ ਕਿਹਾ, 'ਠੀਕ ਹੈ ਕਿ ਰੈਜ਼ੋਲਿਉਸ਼ਨ ਘੱਟ ਵੱਧ ਹੀ ਨਿਭਦੇ ਨੇ ਪਰ ਬੰਦੇ ਦਾ ਇਰਾਦਾ ਤਾਂ ਭਲਾ ਹੋਣਾ ਚਾਹੀਦਾ ਹੈ ਨਾ। ਕੋਈ ਨਾ ਕੋਈ ਸੁਫ਼ਨੇ ਤਾਂ ਹੋਣੇ ਚਾਹੀਦੇ



ਨੇ। ਇਹ ਵੀ ਕੀ ਕਿ ਤੁਸੀਂ ਅਰਮਾਨ ਗੁੰਦਣੇ ਹੀ ਛੱਡ ਦੇਵੋਂ। ਰੈਜ਼ੋਲਿਉਸ਼ਨ ਵਾਲੇ ਸਿਲਸਲੇ ਦਾ ਅਸਲ ਮਤਲਬ ਹੈ ਕਿ ਆਪਣਾ ਜ਼ਾਇਜ਼ਾ ਲੈਂਦੇ ਰਹਿਣਾ। ਡੰਗਰਾਂ ਵਾਂਗ ਜਿਉਂਦੇ ਰਹਿਣ ਦਾ ਵੀ ਤਾਂ ਕੋਈ ਮਕਸਦ ਨਹੀਂ।' ਇੰਝ ਲੱਗਾ ਜਿਵੇਂ ਫ਼ੀਲਪ ਦੀਆਂ ਇਹ ਗੱਲਾਂ ਸਭਨਾਂ ਨੇ ਗਹੁ ਨਾਲ ਸੁਣੀਆਂ ਸਨ।

ਕਰਦੇ ਕਰਾਉਂਦਿਆਂ ਰਾਤ ਦਾ ਡੇਢ ਵੱਜ ਗਿਆ ਸੀ। ਨਵੇਂ ਸਾਲ ਦੀ ਇਹ ਪਾਰਟੀ ਹੁਣ ਬਰਖ਼ਾਸਤ ਹੋਣ ਵੱਲ ਤੁਰਨ ਲੱਗੀ ਸੀ । ਕੋਈ ਆਪਣਾ ਓਵਰ ਕੋਟ ਲੱਭਣ ਲੱਗਾ ਤੇ ਕੋਈ ਮੋਬਾਈਲ ਕਾਬੂ ਕਰਨ ਲੱਗਾ। ਘਰੋ ਘਰੀ ਚਲੇ ਜਾਣ ਦੀਆਂ ਘੜੀਆਂ ਆ ਚੱਲੀਆਂ ਸਨ।

ਮੈਂ ਆਇਆ ਤਾਂ ਸੀ ਆਪਣੀ ਹੀ ਕਾਰ ਵਿਚ ਪਰ ਹੁਣ ਕਾਰ ਚਲਾਉਣਾ ਠੀਕ ਨਾ ਸੀ। ਜੁਆਨੀ ਸਮੇਂ ਤਾਂ ਕਾਰ ਦਾਰੂ ਪੀਕੇ ਵੀ ਚਲਾ ਛੱਡੀਦੀ ਸੀ, ਹੁਣ ਇਸ ਗੱਲ ਤੋਂ ਬਚੀਦਾ ਹੈ। ਕ੍ਰਿਸਮਸ ਤੇ ਨਵੇਂ ਸਾਲ ਦੇ ਇਨ੍ਹਾਂ ਦਿਨਾਂ ਵਿਚ ਪੁਲੀਸ ਸਖਤਾਈ ਵੀ ਬਹੁਤ ਕਰਿਆ ਕਰਦੀ ਹੈ।

ਰਾਤ ਦੀ ਬਸ ਸਰਵਿਸ ਬਹੁਤ ਸੀਮਤ ਹੁੰਦੀ ਹੈ। ਨਾਲੇ ਨਵੇਂ ਸਾਲ ਕਰਕੇ ਬੱਸਾਂ ਤੂੜੀਆਂ ਪਈਆਂ ਹੁੰਦੀਆਂ ਨੇ। ਬਹੁਤੀਆਂ ਸਵਾਰੀਆਂ ਦਾਰੂ-ਪਾਣੀ ਨਾਲ ਰੱਜੀਆਂ ਹੁੰਦੀਆਂ ਨੇ। ਇਕ ਪੰਗਾ ਇਹ ਵੀ ਸੀ ਕਿ ਮੇਰੇ ਘਰ ਨੂੰ ਸਿੱਧੀ ਸਰਵਿਸ ਵੀ ਕੋਈ ਨਹੀਂ ਸੀ। ਮੈਂ ਐਲਫਰਡ ਨੂੰ ਬੇਨਤੀ ਕੀਤੀ ਕਿ ਉਹ ਮੈਨੂੰ ਟੈਕਸੀ ਮੰਗਵਾ ਦੇਵੇ।

ਟੈਕਸੀ ਵਾਲੇ ਅੱਜ ਦੁੱਗਣਾ ਕਿਰਾਇਆ ਮੰਗਦੇ ਸਨ ਤੇ ਇਕ ਘੰਟਾ ਇੰਤਜ਼ਾਰ ਕਰਨ ਲਈ ਆਖ ਰਹੇ ਸਨ। ਇਕ ਘੰਟਾ ਤੇ ਛੇਤੀ ਗੁਜ਼ਰ ਜਾਣਾ ਸੀ। ਮੈਂ ਇੰਤਜ਼ਾਰ ਕਰਨ ਦਾ ਮਨ ਬਣਾ ਲਿਆ।

ਡੇਢ ਘੰਟੇ ਤੱਕ ਵੀ ਟੈਕਸੀ ਦਾ ਕੋਈ ਨਾਮੋ ਨਿਸ਼ਾਨ ਨਜ਼ਰ ਨਾ ਪਿਆ। ਇਕ ਹੋਰ ਟੈਕਸੀ ਕੰਪਨੀ ਨੂੰ ਫੋਨ ਕੀਤਾ। ਉਹ ਤਿੰਨ ਗੁਣਾ ਕਿਰਾਇਆ ਮੰਗਣ ਤੇ ਘੰਟੇ ਦੀ ਹੋਰ ਇੰਤਜ਼ਾਰ। ਇਹ ਸੌਦਾ ਉੱਕਾ ਹੀ ਠੀਕ ਨਾ ਲੱਗਾ । ਪੈਦਲ ਜਾਣ ਦਾ ਫੈਸਲਾ ਕਰਕੇ ਮੈਂ ਆਪਣਾ ਕੋਟ ਤੇ ਓਵਰ ਕੋਟ ਪਾ ਲਿਆ।

ਇਥੋਂ ਮੇਰਾ ਘਰ ਕੋਈ ਚਾਰ ਮੀਲ ਦੇ ਗੇੜ ਵਿਚ ਸੀ। ਬਾਹਰ ਨਿਕਲਿਆ ਤਾਂ ਮਹਿਸੂਸ ਕੀਤਾ ਕਿ ਡਾਢ੍ਹੀ ਤਕੜੀ ਠੰਡ ਸੀ। ਹੱਡ ਚੀਰਵੀਂ, ਹਵਾ ਦਾ ਸ਼ੋ▲ਰ ਵੀ ਸੁਣਾਈ ਦੇ ਰਿਹਾ ਸੀ।

ਨਵੇਂ ਸਾਲ ਦੇ ਜਸ਼ਨਾਂ ਤੋਂ ਮਗਰੋਂ ਮਾਹੌਲ ਹੁਣ ਜ਼ਿਆਦਾਤਰ ਸ਼ਾਂਤ ਹੀ ਸੀ ਪਰ ਕਿਤੋਂ ਕਿਤੋਂ ਅਜੇ ਵੀ ਕੁੱਝ ਸ਼ੋ▲ਰ ਸੁਣਾਈ ਦੇ ਰਿਹਾ ਸੀ। ਟਾਵੀਂ ਟਾਵੀਂ ਕਾਰ ਵੀ ਸੜਕ ਤੇ ਫੈਲੀ ਚੁੱਪ ਨੂੰ ਤੋੜ ਰਹੀ ਸੀ।

ਇਕ ਬੜੀ ਤੇਜ਼ ਰਫਤਾਰ ਕਾਰ ਸਾਹਮਣਿਓ ਆਉਂਦਿਆਂ ਦਿਸੀ। ਉਸ ਵਿਚੋਂ ਕੰਨ ਪਾੜਵੇਂ ਸੰਗੀਤ ਦੀ ਆਵਾਜ਼ ਆ ਰਹੀ ਸੀ। ਉਸ ਵਿੱਚ ਕੋਈ ਤਿੰਨ ਚਾਰ ਨੌਜਵਾਨ ਮੁੰਡੇ ਕੁੜੀਆਂ ਸਨ। ਮੈਨੂੰ ਨਹੀਂ ਲਗਦਾ ਕਿ ਉਨਾਂ ਮੈਨੂੰ ਤੁਰੇ ਜਾਂਦੇ ਵੇਖਿਆ ਸੀ।

ਤੁਰਦਿਆਂ ਤੁਰਦਿਆਂ ਅਚਾਨਕ ਪਤਾ ਨਹੀਂ ਕਿਉਂ▲ ਮੇਰੇ ਮਨ ਵਿੱਚ ਇਕ ਡਰ ਜਿਹਾ ਉੱਠ ਖੜ੍ਹਿਆ। ਸੋਚਣ ਲੱਗਾ ਕਿ ਨਵੇਂ ਸਾਲ ਦੀ ਇਸ ਰਾਤ ਨੂੰ ਇੰਨੀ ਰਾਤ ਗਏ ਤੁਰਕੇ ਘਰ ਜਾਣ ਦਾ ਇਹ ਪੰਗਾ ਕਾਹਤੋਂ ਲੈਣਾ ਸੀ। ਕੋਈ ਵੀ ਸਿਰ ਫਿਰਿਆ ਮੈਨੂੰ ਮਾਰ ਕੁੱਟ ਸਕਦਾ ਸੀ। ਮੇਰਾ ਕਤਲ ਤੱਕ ਕਰ ਸਕਦਾ ਸੀ। ਆਮ ਦਿਨ੍ਹਾ ਵਿੱਚ ਵੀ ਰਾਤ ਬਰਾਤੇ ਸ਼ਰਾਰਤੀ ਅਨਸਰ ਖਰੂਦ ਕਰਦੇ ਨੇ। ਛੋਕਰ-ਵਾਧਾ ਲੜਣ ਨੂੰ ਤਿਆਰ ਹੁੰਦਾ ਹੈ। ਅੱਜ ਤਾਂ ਇਨ੍ਹਾਂ ਦੇ ਦਿਮਾਗ ਹੋਰ ਵੀ ਵਿਗੜੇ ਹੋਏ ਹੰਦੇ ਨੇ। ਨਵੇਂ ਸਾਲ ਦਾ ਸਰੂਰ ਤੇ ਉੱਪਰੋਂ ਸ਼ਰਾਬ । ਪੈਦਲ ਘਰ ਜਾਣ ਦਾ ਮੇਰਾ ਇਹ ਫੈਸਲਾ ਬੜੀ ਵੱਡੀ ਗ਼ਲਤੀ ਸੀ ਜਿਸ ਤੇ ਮੈਂ ਹੁਣ ਪਛਤਾਉਣ ਲੱਗਾ ਸਾਂ।

ਮੈਂ ਆਪਣੇ ਆਪ ਨੂੰ ਸੋਚਾਂ ਤੇ ਚਿੰਤਾ ਦੇ ਇਸ ਸਿਲਸਲੇ 'ਚੋਂ ਬਾਹਰ ਕੱਢਣ ਦਾ ਯਤਨ ਕਰਨ ਲੱਗਾ ਪਰ ਮੇਰੀ ਭੋਰਾ ਭਰ ਵਾਹ ਨਾ ਲੱਗੀ। ਮੇਰਾ ਡਰ ਸਗੋਂ ਹੋਰ ਤੀਬਰ ਤੇ ਤਿੱਖਾ ਹੋ ਗਿਆ। ਮੇਰੀ ਬਿਰਤੀ ਮੁੜ ਮੁੜ ਡਰ ਵਾਲੇ ਪਾਸੇ ਨੂੰ ਜਾਣ ਲੱਗੀ।

ਮੈਨੂੰ ਯਾਦ ਆਇਆ ਕਿ ਟਰੈਵਲ ਏਜੰਸੀ ਵਾਲੇ ਰਾਹੀ ਸਾਹਿਬ ਨੂੰ ਵੀ ਕੁੱਝ ਗੋਰੇ ਛੋਕਰਿਆਂ ਨੇ ਬਹੁਤ ਬੁਰੀ ਤਰਾਂ ਕੁੱਟ ਸੁੱਟਿਆ ਸੀ ਜਦੋਂ ਇਕ ਰਾਤ ਨੂੰ ਉਹ ਦੇਰ ਗਏ ਆਪਣੀ ਦੁਕਾਨ ਬੰਦ ਕਰਕੇ ਹਟੇ ਸਨ। ਬੜੇ ਹੀ ਨੇਕ ਅਤੇ ਮਿਹਨਤੀ ਇਨਸਾਨ ਸਨ। ਇਸ ਹਮਲੇ ਕਰਕੇ ਪੰਦਰਾਂ ਦਿਨ ਹਸਪਤਾਲ ਰਹੇ। ਚੰਗੀ ਕਿਸਮਤ ਕਰਕੇ ਬਚ ਗਏ ਸਨ। ਪਰ ਇਸ ਵਾਰਦਾਤ ਦਾ ਅਸਰ ਉਨ੍ਹਾਂ ਤੇ ਸਾਰੀ ਉਮਰ ਰਿਹਾ ਸੀ।

ਲੰਡਨ ਦੇ ਇਕ ਹੋਰ ਸ਼ਹਿਰ ਵਿੱਚ ਇਕ ਨਸਲਵਾਦੀ ਗੋਰੇ ਟੋਲੇ ਦਾ ਹਮਲਾ ਕਾਲਾ ਗੱਭਰੂ ਸਟੀਵਨਸਨ ਨਾਂ ਸੀ ਸਹਾਰ ਸਕਿਆ। ਉਹ ਵਿਚਾਰਾ ਰਾਤ ਨੂੰ ਬੱਸ ਦਾ ਇੰਤਜ਼ਾਰ ਕਰ ਰਿਹਾ ਸੀ ਕਿ ਗੋਰੇ ਮੁੰਡੇ ਉਸ ਉਪਰ ਬਿਨਾਂ ਕਿਸੇ ਵਜਹ ਟੁੱਟ ਪਏ। ਉਸ ਵਿਚਾਰੇ ਨਿਹੱਥੇ ਜੁਆਨ ਨੂੰ ਉਨ੍ਹਾਂ ਨੇ ਛੁਰੇ ਨਾਲ ਮਾਰ ਦਿੱਤਾ ਸੀ। ਟੀਵੀ ਤੇ ਦਿਖਾਇਆ ਜਾਂਦਾ ਉਹਦੇ ਮਾਪਿਆਂ ਦਾ ਦਰਦ ਵੇਖ ਨਹੀਂ ਸੀ ਹੁੰਦਾ।

ਬੀਤੇ ਸਾਲਾਂ ਵਿੱਚ ਏਸ਼ੀਅਨਾਂ ਤੇ ਕਾਲੇ ਲੋਕਾਂ ਉਪਰ ਹੋਏ ਹਮਲਿਆਂ ਦੀਆਂ ਸੁਰਖ਼ੀਆਂ ਮੇਰਾ ਪਿੱਛਾ ਕਰਨ ਲੱਗੀਆਂ। ਇਕ ਤੋਂ ਬਾਅਦ ਇਕ। ਅਨੇਕਾਂ। ਦਿਲ ਹਿਲਾਊ। ਜੀਵਨ ਵਿੱਚ ਮੈਂ ਇੰਨਾ ਕਦੀ ਵੀ ਨਹੀਂ ਸਾਂ ਡਰਿਆ। ਮੈਨੂੰ ਲੱਗਾ ਕਿ ਮੈਂ ਵੀ ਕਿਸੇ ਅਖ਼ਬਾਰ ਦੀ ਸੁਰਖ਼ੀ ਬਣ ਜਵਾਂਗਾ ।

ਮੈਨੂੰ ਆਪਣੇ ਬੇਟੇ ਟੈਰੀ ਦਾ ਖ਼ਿਆਲ ਆਉਣ ਲੱਗਾ ਜਿਹੜਾ ਆਪਣੀ ਮਾਂ ਕੋਲ ਲੂਟਨ ਰਹਿੰਦਾ ਹੈ। ਕ੍ਰਿਸਮਸ ਦੀਆਂ ਛੁਟੀਆਂ ਵਿੱਚ ਉਹ ਮੇਰੇ ਕੋਲ ਸੀ। ਅਜੇ ਅੱਜ ਜਾਂ ਕੱਲ ਹੀ ਉਹਦੇ ਨਾਲ ਹੀ ਫੋਨ ਤੇ ਗੱਲ ਹੋਈ ਸੀ। ਪਤਾ ਨਹੀਂ ਹੁਣ ਉਸ ਨੂੰ ਮੁੜ ਮਿਲ ਪਾਵਾਂਗਾ ਕਿ ਨਹੀਂ।

ਮੇਰੇ ਡਰ ਦੀ ਰੀਲ ਰੁਕਣ ਦਾ ਨਾਂ ਨਹੀਂ ਸੀ ਲੈ ਰਹੀ। ਮੈਨੂੰ ਅਮਰੀਕਾ ਵਿਚ ਪੈਦਾ ਹੋਏ ਹਾਲਾਤਾਂ ਦਾ ਖ਼ਿਆਲ ਆਉਣ ਲੱਗਾ ਜਿਥੇ ਕੁੱਝ ਮੂਰਖ ▲ਗੋਰੇ ਅਮਰੀਕਨਾਂ ਨੇ ਕੁਝ ਪਗੜੀ ਤੇ ਦਾੜ੍ਹੀ ਵਾਲੇ ਸਿੱਖਾਂ ਨੂੰ ਇਸਲਾਮਿਕ ਅੱਤਵਾਦੀ ਸਮਝਦਿਆਂ ਕਤਲ ਕੀਤਾ ਹੈ। ਇਹ ਸਾਰਾ ਕੁੱਝ ਸੋਚਦਿਆਂ ਨਵੇਂ ਸਾਲ ਦੀ ਪਾਰਟੀ ਵਾਲਾ ਸਰੂਰ ਤੇ ਨਸ਼ਾ ਤਕਰੀਬਨ ਲਹਿ ਚੁੱਕਾ ਸੀ। ਮੈਂ ਬਾਰ ਬਾਰ ਆਪਣੇ ਫੈਸਲੇ ਤੇ ਪਛਤਾਅ ਰਿਹਾ ਸਾਂ।

ਗਰੇਹੌਂਡ ਪੱਬ ਕੋਲ ਪੁੱਜਣ ਤੱਕ ਮੇਰਾ ਡਰ ਹੋਰ ਤਿੱਖਾ ਹੋ ਚੁੱਕਾ ਸੀ। ਪੱਬ ਵਿਚਲਾ ਸੋ▲ਰ-ਸ਼ਰਾਬਾ ਬਾਹਰ ਸੜਕ ਤੇ ਵਿਛ ਰਿਹਾ ਸੀ। ਪੱਬ ਦੇ ਬਾਹਰ ਵੀ ਇਕ ਢਾਣੀ ਉੱਚੀ ਉੱਚੀ ਕੁੱਝ ਗਾ ਰਹੀ ਸੀ। ਮੈਂ ਇਨ੍ਹਾ ਨੂੰ ਦੂਰੋਂ ਹੀ ਵੇਖ ਲਿਆ ਸੀ। ਇਨਾਂ ਵਿਚੋਂ ਕੋਈ ਵੀ ਮੇਰੇ ਨਾਲ ਸ਼ਰਾਰਤ ਕਰ ਸਕਦਾ ਸੀ। ਮੈਨੂੰ ਕੋਈ ਨਸਲੀ ਗ੍ਹਾਲ ਹੀ ਕੱਢ ਸਕਦਾ ਸੀ। ਮੌਕਾ ਬਚਾਉਣ ਵਾਸਤੇ ਮੈਂ ਸੜਕ ਪਾਰ ਕਰਕੇ ਦੂਜੇ ਪਾਸੇ ਚਲਾ ਗਿਆ। ਮੈਂ ਐਵੇਂ ਹੀ 'ਸ਼ਹੀਦੀ' ਪ੍ਰਾਪਤ ਨਹੀਂ ਸੀ ਕਰਨਾ ਚਾਹੁੰਦਾ।

ਮੈਂ ਤੇਜ਼ ਤੇਜ਼ ਤੁਰਨ ਦਾ ਯਤਨ ਕਰ ਰਿਹਾ ਸਾਂ ਪਰ ਮੇਰੀਆਂ ਲੱਤਾਂ ਮੇਰਾ ਸਾਥ ਨਹੀਂ ਸਨ ਦੇ ਰਹੀਆਂ। ਲੱਤਾਂ ਵਿਚਲੀ ਜਾਨ ਤਾਂ ਜਿਵੇਂ ਨਿੱਕਲ ਚੁੱਕੀ ਸੀ। ਦੁਕਾਨਾਂ ਬੰਦ ਸਨ। ਦੇਰ ਰਾਤ ਹੋਣ ਕਰਕੇ ਆਮ ਜਨਤਾ ਨਵੇਂ ਸਾਲ ਦੇ ਜਸ਼ਨ ਮਨਾ ਕੇ ਸੌਂ ਚੁੱਕੀ ਸੀ। ਘਰਾਂ ਦੇ ਬੂਹੇ ਸੁਨੰਸਾਨ। ਹੁਣ ਤਾਂ ਕਿਤੇ ਨਾ ਕਿਤੇ ਕੁੱਝ ਮਨਚਲੇ ਆਪਣਾ ਮਨੋਰੰਜਨ ਅਜੇ ਵੀ ਕਰ ਰਹੇ ਸਨ।

ਬਰੈਂਟਸਾਈਡ ਹਾਈ ਸਕੂਲ ਦਾ ਫੁਟਬਾਲ ਗਰਾਉਂਡ ਭਾਂਅ ਭਾਂਅ ਕਰ ਰਿਹਾ ਸੀ। ਦਿਨ ਨੂੰ ਇਸੇ ਗਰਾਊਂਡ ਵਿੱਚ ਨਿਆਣਿਆਂ ਦਾ ਚੀਕ ਚਿਹਾੜਾ ਰੌਣਕਾਂ ਲਾਈ ਰੱਖਦਾ ਹੈ। ਸਕੂਲ ਦੇ ਆਖਰੀ ਗੇਟ ਵਾਲੇ ਮੋੜ ਬਾਹਰ ਇਕ ਕਾਰ ਤੇ ਚੜ੍ਹੀ ਇਕ ਕੁੜੀ ਟੱਪਦੀ ਪਈ ਸੀ। ਕਾਰ ਵਿੱਚੋਂ ਵੀ ਕੁੱਝ ਮੁੰਡੇ



- ਕੁੜੀਆਂ ਦੇ ਹੱਸਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਇਨ੍ਹਾਂ ਦੇ ਸਾਹਮਣੇ ਆਉਣ ਤੋਂ ਬਚਣ ਲਈ ਮੈਂ ਸੜਕ ਦੇ ਦੂਜੇ ਪਾਸੇ ਜਾਣਾ ਹੀ ਠੀਕ ਸਮਝਿਆ। ਮੈਂ ਅੱਖ ਬਚਾਕੇ ਵੇਖਿਆ। ਇਹ ਸਾਰੇ ਦੇ ਸਾਰੇ ਗੋਰੇ ਸਨ ।

ਸਫਰ ਖਤਮ ਹੋਣ ਵਿੱਚ ਨਾ ਸੀ ਆਉਂਦਾ ਲਗਦਾ। ਸਗੋਂ ਇੰਝ ਲਗਦਾ ਸੀ ਅੱਜ ਇਹ ਖਤਮ ਹੋਣਾ ਹੀ ਨਹੀਂ।

ਗਰੀਨਫੋਰਡ ਦੇ ਸੈਂਟਰਲ ਚੌਂਕ ਤੱਕ ਪੱਜਣ ਤੱਕ ਮੇਰੀ ਬੱਸ ਹੋ ਚੁੱਕੀ ਸੀ। ਟੰਗਾਂ ਵਿੱਚ ਅੰਤਾਂ ਦਾ ਦਰਦ ਹੋ ਰਿਹਾ ਸੀ। ਹੁਣ ਤੇ ਕਿਤੇ ਰੁਕ ਕੇ ਰਤਾ ਸਾਹ ਲੈਣ ਦੀ ਵੀ ਸੂਰਤ ਨਹੀਂ ਸੀ। ਹੁਣ ਤਾਂ ਸਿਰਫ ਬਚਕੇ ਘਰ ਪੁੱਜਣ ਦੀ ਗੱਲ ਸੀ। ਪਰ ਜੋ ਹੋਣਾ ਸੀ, ਉਹ ਹੋਣਾ ਸੀ। ਮੇਰੇ ਹੱਥ ਕੁੱਝ ਵੀ ਨਾ ਸੀ ਰਹਿ ਗਿਆ।

ਅਚਾਨਕ ਮੇਰੇ ਨਜ਼ਰੀਂ ਪਿਆ ਕਿ ਬਿਲਡਿੰਗ ਸੁਸਾਇਟੀ ਦੇ ਦਫਤਰ ਬਾਹਰ ਕਈ ਜਣੇ ਇਕ ਝੁਰਮਟ ਜਿਹਾ ਬਣਾਈਂ ਖੜੇ ਸਨ ਤੇ ਕਿਸੇ ਕਿਸੇ ਦੇ ਹੱਥ ਵਿੱਚ ਬੀਅਰਾਂ ਦੇ ਕੈਨ ਵੀ ਫੜੇ ਹੋਏ ਸਨ। ਇਕ ਜਣਾ ਕੌਂਸਲ ਦੇ ਕੂੜਾਦਾਨ ਦੇ ਠੁੱਡੇ ਮਾਰ ਰਿਹਾ ਸੀ। ਇਕ ਹੋਰ ਕੰਧ ਤੇ ਮੂਤ ਰਿਹਾ ਸੀ। ਮੈਂ ਹੁਣ ਇਨ੍ਹਾਂ ਸਾਰਿਆਂ ਦੇ ਏਨਾ ਨੇੜੇ ਆ ਗਿਆ ਸਾਂ ਕਿ ਇਕਦਮ ਭੱਜਣਾ ਜਾਂ ਸੜਕ ਪਾਰ ਕਰਨਾ ਉਚਿੱਤ ਨਹੀਂ ਸੀ ਲਗਦਾ। ਉਂਝ ਲਗਦਾ ਇਹ ਵੀ ਸੀ ਕਿ ਮੈਥੋਂ ਇਹ ਹੋ ਵੀ ਨਹੀਂ ਸੀ ਸਕਣਾ। ਮੇਰਾ ਤਾਂ ਜਿਵੇਂ ਸਾਹ ਸੂਤਿਆ ਪਿਆ ਸੀ।

ਮੈਂ ਆਪਣੇ ਆਪ ਨੂੰ ਕੋਸਣ ਲੱਗਾ ਕਿ ਕਿਉਂ ਨਾ ਮੈਂ ਇਸ ਢਾਣੀ ਨੂੰ ਪਹਿਲਾਂ ਵੇਖਿਆ। ਜੇਕਰ ਦੇਖ ਲਿਆ ਹੁੰਦਾ ਤਾਂ ਮੈਂ ਮੱਲਕ ਦੇਣੇ ਗਰੀਨਫਰਡ ਰੋਡ ਵਾਲਾ ਰਸਤਾ ਫੜ ਲਿਆ ਹੁੰਦਾ ਪਰ ਹੁਣ ਬਹੁਤ ਦੇਰ ਹੋ ਚੁੱਕੀ ਸੀ।

ਮੈਂ ਵੇਖਿਆ ਕਿ ਇਸ ਢਾਣੀ ਵਿਚੋਂ ਕੋਈ ਇਕ ਜਣਾ ਮੇਰੇ ਵਲ ਭੱਜਕੇ ਆ ਰਿਹਾ ਸੀ। ਉਹਨੇ ਆਪਣਾ ਸਿਰ ਕਾਸੇ ਨਾਲ ਢਕਿਆ ਹੋਇਆ ਸੀ। ਉਹਦਾ ਚਿਹਰਾ ਮੈਨੂੰ ਉੱਕਾ ਹੀ ਨਜ਼ਰ ਨਾ ਆਇਆ। ਮੇਰੀਆਂ ਲੱਤਾਂ ਕੰਬ ਗਈਆਂ ਤੇ ਮੈਂ ਥਾਈਂ ਜੜ ਹੋ ਗਿਆ। ਇਕ ਛਿਣ ਲਈ ਮਾਂ ਯਾਦ ਆਈ ਪਰ ਇਸ ਤੋ ਅੱਗੇ ਸੋਚਣ ਦਾ ਸਮਾਂ ਕੋਈ ਨਾ ਸੀ।

ਉਸ ਜਣੇ ਨੇ ਪੈਂਦਿਆਂ ਹੀ ਆਪਣੇ ਠੰਡੇ ਹੱਥ ਮੇਰੇ ਦੋਵੇਂ ਕੰਨਾਂ ਉਪਰ ਰੱਖਕੇ ਇਕ ਡੂੰਘਾ ਚੁੰਮਣ ਮੇਰੇ ਸੁੱਕੇ, ਸਰਦ ਤੇ ਬੇਜਾਨ ਬੁੱਲਾਂ ਤੇ ਫੈਲਾਅ ਦਿੱਤਾ ਤੇ ਆਖਿਆ, 'ਹੈਪੀ ਨਿਊ ਯੀਅਰ ਮਿਸਟਰ ਸਿੰਘ!' ਇਹ ਕੋਈ ਗੋਰੀ ਕੁੜੀ ਸੀ। ਉਹ ਜਿੰਨੀ ਤੇਜੀ ਨਾ▲ਲ ਮੇਰੇ ਵੱਲ ਭੱਜਕੇ ਆਈ ਸੀ ਉੱਨੀ ਤੇਜੀ ਨਾਲ ਹੀ ਵਾਪਸ ਆਪਣੀ ਢਾਣੀ ਵਿੱਚ ਜਾ ਸ਼ਾਮਲ ਹੋਈ।

ਘੜੀ ਭਰ ਪਹਿਲਾਂ ਤਕ ਮੇਰੇ ਬੁੱਲਾਂ ਤੇ ਪੱਸਰੀ ਖੁਸ਼ਕੀ ਪਤਾ ਨਹੀ ਕਿੱਥੇ ਉਡ ਗਈ। ਪਤਾ ਨਹੀਂ ਕਿੱਥੋਂ ਮੇਰਾ ਨਸ਼ਾ ਪਰਤ ਆਇਆ ਤੇ ਪਤਾ ਨਹੀ ਕਿਧਰੋਂ ਮੇਰੀਆਂ ਲੱਤਾਂ ਵਿਚਲੀ ਤਾਕਤ ਮੁੜ ਆਈ। ਮੈ ਕਿਸੇ ਬੱਚੇ ਵਾਂਗ ਟੱਪੂਸੀਆਂ ਮਾਰਦਾ ਘਰ ਪੁੱਜ ਗਿਆ।

---

**ਮੁਖ਼ਤਿਆਰ ਸਿੰਘ ਦਾ ਪਲੇਠਾ ਨਾਵਲ**

**ਤੈਂ ਕੀ ਦਰਦ ਨਾ ਆਇਆ**

**ਪੰਨੇ : 300 ਮੁੱਲ : 350 ਰੁ:**

**ਚੇਤਨਾ ਪ੍ਰਕਾਸ਼ਨ, ਲੁਧਿਆਣਾ**

# ਤਿੰਨ ਤੀਏ ਸੱਤ..../ਗੋਵਰਧਨ ਗੱਬੀ

ਮਈ ਮਹੀਨਾ।

ਅਖੀਰਲੇ ਹਫ਼ਤੇ ਦਾ ਸ਼ੁੱਕਰਵਾਰ।

ਚਿਪਚਿਪਾ।

ਮਟਮੈਲਾ।

ਇਕ ਦਮ ਖੁਸ਼ਕ।

ਛੇ ਵੱਜਣ ਵਾਲੇ ਹਨ।

ਜਨਵਰੀ ਦੀ ਦੁਪਹਿਰ ਕੋਲੋਂ ਵੀ ਜ਼ਿਆਦਾ ਗਰਮ ਸ਼ਾਮ ।

ਕਾਰ ਅੰਦਰ ਏ.ਸੀ. ਨੇ ਹਿਮਾਲਿਆ ਤੋਂ ਵੀ ਜ਼ਿਆਦਾ ਠੰਡਾ ਵਾਤਾਵਰਨ ਸਿਰਜਿਆ ਹੋਇਆ ਸੀ ਪਰ ਜਿਵੇਂ ਹੀ ਗੱਡੀ ਤੋਂ ਬਾਹਰ ਕਦਮ ਰੱਖਦਾ ਹੈ ਤਾਂ ਗਰਮ ਹਵਾ ਦੇ ਥਪੇੜੇ ਉਸਦੇ ਮੂੰਹ ਉਪਰ ਵੱਜਦੇ ਹਨ।

ਅਜੀਬ ਕਿਸਮ ਦੀ ਖ਼ਾਰਸ਼ ਮਹਿਸੂਸ ਹੁੰਦੀ ਹੈ।

ਅਲਰਜ਼ੀ ਪੈਦਾ ਕਰਦੀ ਹੋਈ।

ਘਰ ਅੰਦਰ ਵੜਦੇ ਹੀ ਉਸਦੀ ਪਤਨੀ ਰੱਜੀ ਟੀ.ਵੀ. ਦੇਖਣਾ ਛੱਡ ਰਸੋਈ 'ਚੋਂ ਠੰਡੇ ਪਾਣੀ ਦਾ ਗਿਲਾਸ ਲਿਆ ਕੇ ਫੜਾਉਂਦੀ ਹੈ।

ਪਾਣੀ ਪੀਣ ਤੋਂ ਬਾਅਦ ਉਹ ਮਾਂ ਵਾਲੇ  ਕਮਰੇ ਅੰਦਰ ਜਾਂਦਾ ਹੈ।

ਮਾਂ ਵਿਖਾਈ ਨਹੀਂ ਦਿੰਦੀ।

ਪਿਛਲੇ ਵਿਹੜੇ ਝਾਤ ਮਾਰਦਾ ਹੈ।

ਉਥੇ ਵੀ ਨਹੀਂ ਹੈ।

"ਮਾਂ ਕਿਥੇ ਹੈ  ?"

ਪਤਾ ਹੋਣ ਦੇ ਬਾਵਜੂਦ ਰੱਜੀ ਨੂੰ ਪੁਛਦਾ ਹੈ।

"ਘੁੰਮਣ"

"ਬਾਕੀ ਦੇ  ?"

"ਉਹ ਵੀ ਗਏ...।"

"ਪਿੰਕੀ  ਨੂੰ ਫ਼ੋਨ ਕੀਤਾ ਸੀ ਅੱਜ...?"

"ਨਹੀਂ  "

"ਕਿਉਂ ?"

"ਢਾਈ ਵਜੇ ਸਕੂਲੋਂ ਆਈ ਸੀ...ਇਕ ਦਮ ਮਰਿਆਂ ਵਾਂਗ ...ਦੋ ਮੈਡਮਾਂ ਨਹੀਂ ਆਈਆਂ ਸਨ...ਪੀਯਨ ਪਹਿਲਾਂ ਹੀ ਛੁੱਟੀ 'ਤੇ ਸੀ...ਪ੍ਰਿੰਸੀਪਲ ਦਾ ਕੰਮ ਸੰਭਾਲੋ...ਟੀਚਰਾਂ ਤੇ ਪੀਯਨ ਦਾ ਵੀ...ਗਧਿਆਂ ਵਾਂਗ ਲੱਗੇ ਰਹੋ...ਸਾਰਾ ਦਿਨ ਚਿੜ-ਚਿੜ...ਖ਼ਚ-ਖ਼ਚ...ਘੱਟਾ-ਮਿੱਟੀ...ਗਰਮੀ...ਪਸੀਨਾ...ਬਦਬੂਅ...ਕਿਸੇ ਬੱਚੇ ਨੇ ਦੂਸਰੇ ਦੀ ਰੋਟੀ ਖਾਹ ਲਈ...ਕਿਸੇ ਨੇ ਕਿਤਾਬ ਚੋਰੀ ਕਰ ਲਈ...ਕਿਸੇ ਨੇ ਕਿਸੇ ਦੇ ਸੱਟ ਫੇਟ ਮਾਰ ਦਿੱਤੀ...ਨਿਆਣਿਆਂ ਦੀਆਂ ਮਾਂਵਾਂ ਦਾ ਖੱਪਖਾਨਾ...ਉਪਰੋਂ ਸਰਕਾਰ ਦਾ ਸਿਆਪਾ...ਚਾਰ ਚਾਰ ਘੰਟੇ ਬਿਜਲੀ ਦਾ ਕੱਟ...ਇਨਵਰਟਰ ਵੀ ਬੰਦ...ਚੌਵੀ ਘੰਟੇ ਪੀੜ ਨਾਲ ਮੇਰਾ ਤਾਂ ਸਿਰ ਫੱਟਣ ਨੂੰ ਫਿਰਦੈ...ਬੰਦ ਕਰ ਦੇਣੈ ਮੈਂ ਸਕੂਲ...ਹੁਣ ਨਹੀਂ ਉਠਾਈ ਜਾਂਦੀ ਸਿਰ ਦਰਦੀ ...ਬਹੁਤ ਹੋ ਗਿਆ ਬਸ।"



ਰੱਜੀ ਹਮੇਸ਼ਾ ਦੀ ਤਰ੍ਹਾਂ ਆਲਾਪ ਸ਼ੁਰੂ ਕਰ ਦਿੰਦੀ ਹੈ।

"ਓ ਯਾਰ ਪਿੰਕੀ ਨਾਲ ਗੱਲ ਹੋਈ ਸੀ ਕਿ ਨਹੀਂ...?"

ਮੋਹਨ ਬਾਬੂ ਖਿਝ ਕੇ ਪੁਛਦਾ ਹੈ।

"ਨਹੀਂ...ਦਿਮਾਗ 'ਚੋਂ ਨਿਕਲ ਗਿਆ...ਰਾਤ ਨੂੰ ਕਰਾਂਗੀ ਫ਼ੋਨ...ਕੱਲ੍ਹ ਹੋਈ ਤਾਂ ਸੀ ਗੱਲ...ਮੈਨੂੰ ਕਹਿੰਦੇ ਰਹਿੰਦੇ ਹੋ...ਆਪ ਵੀ ਕਰ ਲਿਆ ਕਰੋ ਨਾ...।"

ਬੁੜ ਬੁੜ ਕਰਦੀ ਰੱਜੀ ਫਿਰ ਬੈੱਡ ਉਪਰ ਲੇਟ ਕੇ ਟੀਵੀ ਦੇਖਣਾ ਸ਼ੁਰੂ ਕਰ ਦਿੰਦੀ ਹੈ।

"ਮੈਂ ਵੀ ਕਰ ਲਵਾਂਗਾ....ਚੱਲ ਛੱਡ ਇਹ ਦੱਸ ਲਾਟ੍ਹ ਸਾਹਬ ਕਿਥੇ ਹਨ.?"

"ਜਦੋਂ ਸਕੂਲੋਂ ਆਈ ਸੀ ਉਸ ਵੇਲੇ ਤਾਂ ਉਪਰ ਆਪਣੇ ਕਮਰੇ ਵਿਚ ਸੀ...ਸ਼ਾਮੀਂ ਚਾਰ ਵਜੇ ਨਿਕਲ ਗਿਆ ਸੀ...ਕਹਿ ਰਿਹਾ ਸੀ ਕਿ ਪਵਨ ਕੋਲ ਜਾ ਰਿਹਾਂ ਪੜ੍ਹਨ ਵਾਸਤੇ...ਕੱਲ੍ਹ ਹਿਸਟਰੀ ਦਾ ਪੇਪਰ ਹੈ...ਕਿਤਾਬ ਵੀ  ਅਜੇ ਕੱਲ੍ਹ ਹੀ ਖਰੀਦ ਕੇ ਲਿਆਇਐ...ਰੋਜ਼ ਦੀ ਤਰ੍ਹਾਂ ਅੱਜ ਫਿਰ ਦੋ ਸੌ ਰੁਪਏ ਲੈ ਗਿਐ...ਇਸ ਮੁੰਡੇ ਦੇ ਚਾਲੇ  ਕੁਝ ਠੀਕ ਨਹੀਂ ਲਗਦੇ...ਪਹਿਲਾਂ ਘਰ ਤੋਂ ਬਾਹਰ ਨਹੀਂ ਨਿਕਲਦਾ ਸੀ ਹੁਣ ਘਰ ਵੜਦਾ ਨਹੀਂ...ਕਦੇ ਕਹਿੰਦਾ ਹੈ ਕਿ ਨਵਗੀਤ ਨਾਲ ਫਿਲਮ ਦੇਖਣ ਚਲਿਆਂ...ਕੰਗਨਾ ਨਾਲ ਨੋਟਸ ਡਿਸਕਸ ਕਰਨ ਜਾਣਾ ਹੈ...ਪੰਮੀ ਦੀਦੀ ਦੀ ਤਬੀਅਤ ਠੀਕ ਨਹੀਂ ਹੈ, ਹਸਪਤਾਲ ਲੈ ਕੇ ਜਾਣਾ ਹੈ...ਰਾਤ ਨੂੰ ਬਾਰ੍ਹਾਂ ਵੱਜੇ ਤੋਂ ਪਹਿਲਾਂ ਘਰ ਨਹੀਂ ਆਉਂਦਾ...ਜਦੋਂ ਵੀ ਫ਼ੋਨ ਕਰੋ ਤਾਂ ਕਹਿ ਦਿੰਦੈ ਕਿ ਬਸ ਆਇਆ ਪੰਦਰਾਂ ਮਿੰਟ ਵਿਚ ਪਰ ਪਿਉ ਵਾਂਗ ਆਏਗਾ ਮਰਜ਼ੀ ਨਾਲ ਹੀ...ਪੁੱਛੋ ਤਾਂ ਕਦੇ  ਕਹਿੰਦੈ ਕਿ ਮਿਉਜ਼ਿਕ ਟੀਚਰ ਕੋਲ ਸੀ...ਮੰਗਲਾ ਮੈਡਮ ਨਾਲ ਅਗਲੇ ਨਾਟਕ ਦੀ ਰਿਹਰਸਲ ਬਾਰੇ ਗੱਲ ਕਰਨ ਗਿਆ ਸੀ... ਹੁਣ ਇਕ ਹੋਰ ਨਵਾਂ ਕਸਬ ਫੜ ਲਿਆ ਹੈ ਜਨਾਬ ਨੇ...ਸ਼ਹਿਰ ਦੀਆਂ ਝੁੱਗੀਆਂ ਝੋਂਪੜੀਆਂ ਵਿਚ ਚਲਾ ਜਾਂਦੈ...ਗਰੀਬ ਬੱਚਿਆਂ ਨੂੰ ਖਾਣ ਪੀਣ ਦਾ ਸਮਾਨ, ਕਪੜੇ ਆਦਿ ਦੇਣ...ਕਦੇ ਪੂਰਾ ਪੂਰਾ ਮਹੀਨਾ ਸਾਥੀਆਂ ਨਾਲ ਬਿਨਾ ਨਾਗਾ ਪਾਏ  ਨੁਕੜ ਨਾਟਕ ਕਰਕੇ ਪੈਸੇ ਇਕੱਠੇ ਕਰਨਾ ਸ਼ੁਰੂ ਕਰ ਦਿੰਦੈ... ਪੈਸੇ ਇੱਕ ਐਨ.ਜੀ.ਓ. ਨੂੰ ਦੇ ਆਉਂਦੈ....ਵਾਲ ਵਧਾ ਲਏ ਹੋਏ ਐ ...ਉਪਰੋਂ ਗੁੱਤਾਂ ਕਰਨ ਲੱਗ ਪਿਐ...ਕਦੇ ਕਦੇ ਜੂੜਾ ਬਣਾ ਲੈਂਦੈ....ਵਥੇਰਾ ਕਿਹਾ ਕਿ ਬੰਦਿਆਂ ਵਾਂਗ ਵਾਲ ਰੱਖ...ਕੀ ਹਿੱਪੀਆਂ ਵਰਗੀ ਸ਼ਕਲ ਬਣਾਈ ਹੋਈ ਹੈ ਪਰ ਕਿਸੇ ਦੀ ਸੁਣਦੈ ਭਲਾ...ਸਗੋਂ ਟੁੱਟ ਕੇ ਪੈ ਜਾਂਦੈ ਕਿ ਮੇਰੇ ਵਾਲ ਨੇ ਜਿਦਾਂ ਦੇ ਮਰਜ਼ੀ ਰੱਖਾਂ ਤੁਹਾਨੂੰ ਕੀ ਲੱਗੇ...ਬਾਰ੍ਹਾਂ ਵਜੇ ਤਕ ਤਾਂ ਸੌਂ ਕੇ ਨਹੀਂ ਉਠਦਾ...ਘਰ ਦੀ ਰੋਟੀ ਫੁੱਟੀ ਅੱਖ ਨਹੀਂ ਸੁਹਾਦੀਂ...ਕਦੇ ਪੀਜ਼ਾ...ਕਦੇ ਸਬ-ਵੇਅ...ਕਦੇ ਕੋਕ ਤੇ ਕਦੇ ਜੂਸ...ਇਹ ਖੁਰਾਕਾਂ ਨੇ ਇਸਦੀਆਂ ਅੱਜ ਕੱਲ੍ਹ...ਗੱਲਾਂ ਚਿਪਕੀਆਂ ਹੋਈਆਂ ਨੇ...ਸੁੱਕੀ ਜਿਹੀ ਬੂਥੀ ਕੱਢੀ ਹੋਈ ਹੈ... ਕਾਲਜ ਤਾਂ ਕਦੇ ਜਾਂਦੇ ਵੇਖਿਆ ਨਹੀਂ...ਮੈਨੂੰ ਤਾਂ ਲਗਦਾ ਹੈ ਇਹਨੇ ਪਹਿਲੇ ਸਾਲ ਹੀ ਫੇਲ਼ ਹੋ ਜਾਣਾ ਹੈ...ਇਸ ਮੁੰਡੇ ਦੀ ਕੋਈ ਸਮਝ ਨਹੀਂ ਪੈਂਦੀ...ਪੁਛ ਲਿਆ ਕਰੋ ਤੁਸੀਂ ਵੀ  ਕੁਝ...ਪਰ ਤੁਹਾਨੂੰ ਆਪਣੇ ਆਪ ਤੋਂ ਫੁਰਸਤ ਮਿਲੇ ਤਾਂ ਨਾ....ਜਨਾਬ ਜੀ ਨੇ ਦਫਤਰੋਂ ਆਣੈ...ਛੇ ਵਜੇ ਉਪਰ ਕਮਰੇ 'ਚ ਚਲੇ ਜਾਣੈ...ਕੰਪਿਉਟਰ ਸਾਹਮਣੇ ਬੈਠ ਜਾਣੈ...ਭਾਂਤ ਭਾਂਤ ਦੇ ਵਿਡੀਓ... ਗੰਦੀਆ ਗੰਦੀਆ ਤਸਵੀਰਾਂ ਦੇਖੀ ਜਾਣੀਆਂ ਨੇ...ਮੁਬਾਈਲ ਉਪਰ ਗੱਲਾਂ ਮਾਰੀ ਜਾਣੀਆਂ ਨੇ...ਚੁਗਲੀਆਂ...ਗੰਦੇ ਗੰਦੇ ਚੁਟਕਲੇ ...ਬਲਿਊ ਫਿਲਮਾਂ ...ਹੋਰਾਂ ਕੋਲੋਂ ਮੰਗਵਾਈ ਜਾਣੇ ਨੇ...ਆਪੇ ਹੋਰਾਂ ਨੂੰ ਭੇਜੀ ਜਾਣੇ ਨੇ...ਜਦੋਂ ਉਥੋਂ ਮਨ ਭਰ ਜਾਏ ਤਾਂ ਅੱਖਾਂ ਟੀਵੀ ਉਪਰ ਗੱਡ ਲੈਣੀਆਂ ਨੇ...ਫੈਸ਼ਨ ਟੀਵੀ...ਅੰਗਰੇਜ਼ੀ ਫਿਲਮਾਂ ..ਨੰਗ ਮਨੁੰਗੀਆਂ ਜਨਾਨੀਆਂ...ਕਿਤੇ ਕੁਝ ਨਾ ਲੱਭਾ ਤਾਂ ਡੰਗਰਾਂ ਤੇ ਜਾਨਵਰਾਂ ਵਾਲਾ ਚੈਨਲ ਲਗਾ ਲੈਣਾ...ਸਾਢੇ ਅੱਠ ਨੌਂ ਵਜੇ ਹੇਠਾਂ ਆਉਣੈ...ਅੱਧੀ ਬੋਤਲ ਦਾਰੂ ਦੀ ਡੱਫਣੀ ਐ...ਅੰਨ

ਦੀ ਵੱਟੀ ਅੰਦਰ ਸੁਟਣੀ ਐ ਤੇ ਚਲੋ ਮੇਰੇ ਭਾਈ ਸਾਢੇ ਦਸ ਵਜੇ ਤਕ ਘੁਰਾੜੇ ਮਾਰਨਾ ਸ਼ੁਰੂ ਕਰ ਦੇਣੇ ਐ...ਕੁਝ ਘੜੀਆਂ ਬਾਅਦ ਹੀ ਸਾਰੇ ਮੁਹੱਲੇ ਨੂੰ ਪਤਾ ਲੱਗ ਜਾਂਦੈ ਕਿ ਸਾਹਬ ਸੌਂ ਰਹੇ ਨੇ...ਤੇ ਉਧਰ ਮੈਂ...ਸਾਰਾ ਦਿਨ ਸਕੂਲੋਂ ਖ਼ੱਪ ਤਪ ਕੇ ਆਉਨੀਆਂ...ਘਰ ਦਾ ਕੰਮ ਨਿਬੇੜਦੀਆਂ...ਕੰਮ ਕਰਨ ਵਾਲੀ ਮੀਨਾ ਮਹੀਨੇ ਤੋਂ ਆ ਨਹੀਂ ਰਹੀ...ਨਵੀਂ ਕੋਈ ਲੱਭ ਨਹੀਂ ਰਹੀ...ਸ਼ੰਕਰ ਵੀ ਕਈ ਵਾਰੀ ਚੁੱਭੀ ਮਾਰ ਜਾਂਦੈ...ਕਪੜੇ ਵੀ ਆਪ ਹੀ ਧੋਣੇ ਪੈਂਦੇ ਨੇ...ਕਈ ਵਾਰੀ ਮਸ਼ੀਨ ਵੀ ਖਰਾਬ ਹੋ ਜਾਂਦੀ ਹੈ...ਥਾਪੀਆਂ ਮਾਰ ਮਾਰ ਕੇ ਬਾਹਾਂ ਫੁਲ ਜਾਂਦੀਆਂ ਨੇ...ਲੱਕ ਟੁਟਣ ਨੂੰ ਕਰਦੈ...ਸਵੇਰੇ ਘਰ ਦੀ ਸਫਾਈ ਕਰੋ...ਲੋਢੇ ਵੇਲੇ ਬੜੀ ਮੁਸ਼ਕਿਲ ਨਾਲ ਦੋ ਘੜੀਆਂ ਠੌਂਕਾ ਲਗਾਉਣ ਦਾ ਮੌਕਾ ਵੀ ਕਦੇ ਕਦੇ ਹੀ ਮਿਲਦੈ...ਰੋਜ਼ ਪਿਠ ਪਾਪੜ ਵਾਂਗ ਆਕੜ ਜਾਂਦੀ ਹੈ...ਸ਼ਾਮੀਂ ਖਾਣਾ ਬਣਾਉ...ਟੱਬਰ ਨੂੰ ਖਿਲਾਉ...ਭਾਂਡੇ ਟੀਂਡੇ ਮਾਂਜੋ...ਧੋਵੋ...ਸਵੇਰ ਵਾਸਤੇ ਸਬਜ਼ੀ ਕੱਟੋ...ਕਪੜੇ ਪ੍ਰੈਸ ਕਰੋ...ਰੋਜ਼ ਬਾਰ੍ਹਾਂ ਵੱਜ ਜਾਂਦੇ ਨੇ ਤਦ ਕਿਤੇ ਪਿੱਠ ਲਗਦੀ ਹੈ ਬੈੱਡ ਉਪਰ...ਉਧਰ ਸਾਹਬ ਹੁਰਾਂ ਦੇ ਕੁੰਭਕਰਨੀ ਘੁਰਾੜੇ ਚੱਜ ਦਾ ਸੌਣ ਵੀ ਨਹੀਂ ਦਿੰਦੇ...ਮੇਰੀ ਤਾਂ ਕਿਸਮਤ ਵਿਚ ਇਹੀ ਕੁਝ ਲਿਖਿਐ...ਬਾਕੀ ਘਰ ਦੇ ਸਾਰੇ ਐਸ਼ ਕਰਦੇ ਨੇ ਬਸ ਮੈਂ ਹੀ ਨੌਕਰਾਂ ਵਾਂਗ ਲੱਗੀ ਰਹਿੰਦੀ ਆਂ...।"

ਰੱਜੀ ਆਪਣਾ ਰਾਗ ਦਰਬਾਰੀ ਜ਼ਾਰੀ ਰੱਖਦੀ ਹੈ।

ਮੋਹਨ ਬਾਬੂ ਚੁੱਪ ਰਹਿਣ ਵਿਚ ਹੀ ਬਿਹਤਰੀ ਸਮਝਦਾ ਹੈ।

ਪਿਛਲੇ ਪੰਦਰਾਂ ਸਾਲਾਂ ਤੋਂ ਰੱਜੀ ਆਪਣਾ ਨੀਜੀ ਪ੍ਰਾਈਮਰੀ ਸਕੂਲ ਚਲਾ ਰਹੀ ਹੈ।ਇਸੇ ਬਹਾਨੇ ਉਹ ਸਾਰਾ ਦਿਨ ਰੁੱਝੀ ਰਹਿੰਦੀ ਹੈ ਨਹੀਂ ਤਾਂ ਮੋਹਨ ਬਾਬੂ ਨੂੰ ਯਾਦ ਹੈ ਕਿ ਜਦੋਂ ਉਹਨਾਂ ਦਾ ਨਵਾਂ ਨਵਾਂ ਵਿਆਹ ਹੋਇਆਂ ਸੀ ਤਾਂ ਉਹ ਰੋਜ਼ ਪੰਜ ਪੰਜ ਮਿੰਟ ਦਾ ਹਿਸਾਬ ਕਿਤਾਬ ਪੁਛਦੀ ਹੁੰਦੀ ਸੀ।

ਅਖੇ-ਦਫਤਰੋਂ ਕਿੰਨੇ ਵਜੇ ਚਲੇ ਸੀ? ਲੇਟ ਕਿਉਂ ਹੋ ਗਏ? ਹੁਣ ਤਾਂ ਪੰਜ ਵੱਜ ਕੇ ਦਸ ਮਿੰਟ ਹੋ ਗਏ ਨੇ? ਛੇ ਕਿਲੋਮੀਟਰ ਦੀ ਦੂਰੀ ਵਾਸਤੇ ਦਸ ਮਿੰਟ ਕਿਵੇਂ ਲੱਗ ਗਏ? ਜ਼ਰੂਰ ਕਿਸੇ ਨਾਲ ਗੱਪਾਂ ਮਾਰਦੇ ਹੋਵੋਗੇ! ਬਲਾਅ ਬਲਾਅ....।

ਪਰ ਜਦੋਂ ਦਾ ਮੋਹਨ ਬਾਬੂ ਨੇ ਉਸਨੂੰ ਸਕੂਲ ਖੋਲ੍ਹ ਕੇ ਦਿੱਤਾ ਹੈ ਤਦ ਤੋਂ ਹੁਣ ਜੇ ਉਹ ਰਾਤ ਨੂੰ 11 ਵਜੇ ਤਕ ਘਰ ਨਾ ਆਵੇ ਤਾਂ ਕਿਤੇ ਜਾ ਕੇ ਰੱਜੀ ਨੂੰ ਚੇਤਾ ਆਉਂਦਾ ਹੈ ਕਿ ਅੱਜ ਪਤੀ ਦੇਵ ਕੁਝ ਲੇਟ ਹੈ।

"ਕਿਥੇ ਹੋ...?..ਕਦੋਂ ਤਕ ਆਉਣਾ ਹੈ...? ਮੈਂ ਤਾਂ ਸੋਚਿਆ ਤੁਸੀਂ ਆਪਣੇ ਕਮਰੇ ਵਿਚ ਹੋ...ਇਹ ਤਾਂ ਮੰਮੀ ਨੇ ਦੱਸਿਆ ਕਿ ਤੁਸੀਂ ਅਜੇ ਆਏ ਨਹੀਂ...ਬਹੁਤੀ ਨਾ ਪੀਵਿਓ...ਦਾਰੂ ਤਾਂ ਬੇਗਾਨੀ ਹੁੰਦੀ ਹੈ ਪਰ ਢਿਡ ਤਾਂ ਤੁਹਾਡਾ ਆਪਣਾ ਹੈ...ਇਸ ਨੂੰ ਡਸਟਬੀਨ ਨਾ ਸਮਝਿਆ ਕਰੋ...ਫਿਰ ਰੋਜ਼ ਸਵੇਰੇ ਲੱਗ ਪੈਂਦੇ ਹੋ ਅਜਵਾਈਨ ਦੇ ਫੱਕੇ ਮਾਰਨ....ਬੁੱਢੇ ਹੋ ਰਹੇ ਹੋ...ਫੁਲਕੇ ਪਕਾ ਕੇ ਰੱਖ ਦਿੱਤੇ ਨੇਸ਼ਬਜੀ ਫਰਿਜ਼ ਵਿਚ ਐਜੇ ਖਾਣੀ ਹੋਈ ਤਾਂ ਗਰਮ ਕਰਕੇ ਖਾਹ ਲੈਣਾਮੈਂ ਤਾਂ ਥੱਕੀ ਪਈ ਹਾਂਲੱਗੀ ਆਂ ਸੌਣ..।"

ਹੁਣ ਹਰ ਵਾਰ ਮੋਹਨ ਬਾਬੂ ਦੇ ਲੇਟ ਹੋਣ ਉਪਰ ਰੱਜੀ ਬਸ ਫ਼ੋਨ ਉਪਰ ਇਹੀ ਕੁਝ ਬੋਲਦੀ ਹੈ।

ਬਹੁਤੀ ਵਾਰ ਜਦੋਂ ਘਰ ਪਹੁੰਚਦਾ ਹੈ ਤਾਂ ਮਾਂ ਗੇਟ ਦਾ ਤਾਲਾ ਖੋਲਦੀ ਹੈ।

ਜਦੋਂ ਕਮਰੇ ਵਿਚ ਪਹੁੰਚਦਾ ਹੈ ਤਾਂ ਅਕਸਰ ਰੱਜੀ ਨੂੰ ਘੁਰਾੜੇ ਮਾਰਦੀ ਸੁਣਦਾ ਹੈ।



ਸਮਾਂ ਕਿੰਝ ਬਦਲ ਜਾਂਦਾ ਹੈ।ਇੱਕ ਇੱਕ ਮਿੰਟ ਦਾ ਹਿਸਾਬ ਮੰਗਣ ਵਾਲੀ ਰੱਜੀ ਹੁਣ ਪੰਜ ਛੇ ਘੰਟੇ ਦੇ ਲੇਟ ਹੋਣ ਬਾਰੇ ਵੀ ਕੁਝ ਨਹੀਂ ਪੁੱਛਦੀ।

ਗੱਡੀ ਦੀ ਚਾਬੀ ਟੇਬਲ ਉਪਰ ਰੱਖ, ਮੋਹਨ ਬਾਬੂ ਪਹਿਲੀ ਮੰਜ਼ਲ ਉਪਰ ਬਣੇ ਆਪਣੇ ਕਮਰੇ ਜਾਣ ਵਾਸਤੇ ਪੌੜੀਆਂ ਚੜਨਾ ਸ਼ੁਰੂ ਕਰਦਾ ਹੈ।

"ਦੁਧ ਕਰਾਂ ਗਰਮ...?"

ਪ੍ਰਸ਼ਨਵਾਚਕ ਮੁਦਰਾ ਵਿਚ ਰੱਜੀ ਪੁੱਛਦੀ ਹੈ।

"ਨਹੀਂ..।"

ਉਸ ਵੱਲ ਵੇਖੇ ਬਿਨ੍ਹਾਂ ਹੀ ਜੁਆਬ ਦਿੰਦਾ ਹੈ।

"ਕਿੰਨੇ ਵਾਰੀ ਕਿਹਾ ਕਿ ਘੱਟੋ ਘੱਟ ਵੀਰਵਾਰ ਨੂੰ ਤਾਂ ਨਾਗਾ ਪਾ ਲਿਆ ਕਰੋ ਪਰ ਤੁਸੀਂ ਮੰਨਣੀ ਥੋੜੀ ਹੈ ਕਿਸੇ ਦੀ...ਮੰਮੀ ਦੱਸਦੀ ਪਈ ਸੀ ਕਿ ਕੱਲ੍ਹ ਪਿੰਡ ਵਾਲੇ ਜੱਗੇ ਭਾਜੀ ਦਾ ਫੋਨ ਆਇਆ ਸੀ...ਕਹਿੰਦਾ ਸੀ ਪਿੰਡ ਵਾਲਾ ਲੱਭੂ ਮਰ ਗਿਐ... ਸਾਰਾ ਸ਼ਰਾਬ ਦਾ ਕਰਿਆ ਧਰਿਆ ਹੈ...ਨਾਲ ਉਹ ਜਿਹੜਾ ਮਿੰਦੋ ਦਾ ਪਰਾਹੁਣਾ ਸੀ...ਜੋ ਕਾਫੀ ਚਿਰ ਤੋਂ ਬਿਮਾਰ ਚਲ ਰਿਹਾ ਸੀ...ਉਸਨੂੰ ਵੀ ਜੁਆਬ ਦੇ ਦਿੱਤਾ ਹੈ ਹਸਪਤਾਲ ਵਾਲਿਆਂ ਨੇ... ਕਹਿੰਦੇ ਸ਼ਰਾਬ ਪੀ ਪੀ ਕੇ ਉਸਦਾ ਵੀ ਜਿਗਰ ਖਰਾਬ ਹੋ ਗਿਆ ਹੈ...ਬਚਣਾ ਮੁਸ਼ਕਿਲ ਹੈ...ਇਸਨੂੰ ਘਰ ਲੈ ਜਾਉ.. ।"

ਰੱਜੀ ਫਿਰ ਆਪਣੀ ਸੂਈ ਤਵੇ ਉਪਰ ਰੱਖ ਦਿੰਦੀ ਹੈ।

ਮੋਹਨ ਬਾਬੂ ਦੇ ਪੈਰ ਸੀੜੀਆਂ ਉਪਰ ਹੀ ਰੁੱਕ ਜਾਂਦੇ ਸਨ।

"ਤੇ ਉਹ ਜਿਹੜਾ ਪਿੰਡ ਵਾਲਾ ਬੰਸਾ ਮਰਿਆ ਸੀ...ਜਿਹਨੇ ਜ਼ਿੰਦਗੀ ਵਿਚ ਸਿਗਰਟ, ਸ਼ਰਾਬ ਪੀਣੀ ਤਾਂ ਕੀ ਛੂਹੀ ਤਕ ਵੀ ਨਹੀਂ ਸੀ...ਉਸਦਾ ਦਾ ਜਿਗਰ ਕਿੱਦਾਂ ਖਰਾਬ ਹੋ ਗਿਆ...? ਉਸਨੂੰ ਦੁਨੀਆਂ ਭਰ ਦੀਆਂ ਬਿਮਾਰੀਆਂ ਕਿਵੇਂ ਲੱਗ ਗਈਆਂ ਸਨ...ਉਹ ਕਿਉਂ ਪੰਜਤਾਲੀਆਂ ਵਿਚ ਹੀ ਤੁਰ ਗਿਆ ...ਨਾਲ ਉਹ ਜਿਹੜਾ ਪਿੰਡ ਵਾਲੇ ਮੰਦਰ ਦਾ ਪੁਜਾਰੀ ਸੀ, ਜਿਹੜਾ ਮਸੀਂ ਪੰਜਾਹਾਂ ਨੂੰ ਟੱਪਿਆ ਸੀਉਹ ਤਾਂ ਪੱਕਾ ਸ਼ਾਕਾਹਾਰੀ ਸੀਨਾਲੇ ਮੈਂ ਕਿਹੜਾ ਖਾਨਦਾਨੀ ਨਸ਼ੇੜੀ ਹਾਂ...ਜਿਵੇਂ ਰੋਟੀ ਖਾਹ ਲੈਨਾਂ ਉਵੇਂ ਦੋ ਚਾਰ ਪੈੱਗ ਦਾਰੂ ਦੇ ਵੀ ਪੀ ਲੈਨਾਂ... ਸਰਾਬ ਪੀ ਕੇ ਕਿਹੜਾ ਗਲੀਆਂ ਵਿਚ ਡਿਗਦਾਂ ਫਿਰਦਾਂ...ਲੋਕਾਂ ਨਾਲ ਲੜਦਾ ਝਗੜਦਾਂ...ਘਰ ਹੀ ਪੀਂਦਾ ਹਾਂ ਨਾ...ਤੈਨੂੰ ਉਹ ਵੀ ਹਜ਼ਮ ਨਹੀਂ ਹੁੰਦਾ...ਅਸਲ ਵਿਚ ਜਨਾਨੀਆਂ ਨੂੰ ਬੰਦੇ ਦੀ ਖੁਸ਼ੀ ਸਹਿਨ ਹੀ ਨਹੀਂ ਹੁੰਦੀ...ਜੇ ਕਿਤੇ ਬੰਦਾ ਹੱਸ ਪਵੇ ਤਾਂ ਜਨਾਨੀਆਂ ਨੂੰ ਅੱਗ ਲੱਗ ਜਾਂਦੀ ਹੈ ਕਿ ਇਹ ਸਾਲਾ ਅੱਜ ਹੱਸ ਕਿਦਾਂ ਪਿਐ...ਜੇ ਕਿਤੇ ਉਹ ਇਹ ਦੱਸ ਦੇਵੇ ਕਿ ਉਸਨੂੰ ਕੋਈ ਬਿਮਾਰੀ ਲੱਗ ਗਈ ਹੈ ਤਾਂ ਜਨਾਨੀਆਂ ਦੇ ਦਿਲਾਂ ਅੰਦਰ ਅਚਾਨਕ ਆਪਣੇ ਪਤੀ ਵਾਸਤੇ ਮੋਹ ਤੇ ਤਰਸ ਜਾਗ ਪੈਂਦਾਕਈ ਸਾਰੇ ਡਾਕਟਰਾਂ ਤੇ ਦਵਾਈਆਂ ਦੇ ਨਾਮ ਦੱਸਣ ਲੱਗ ਪੈਣਗੀਆਂ...ਅਸਲ ਵਿਚ ਜਨਾਨੀ ਬੰਦੇ ਦੀ ਪੈਦਾਇਸ਼ੀ ਵੈਰਣ ਹੈ...ਤੇਰਾ ਕਸੂਰ ਕੋਈ ਨਹੀਂ ਹੈ...ਅਸਲ ਵਿਚ ਤੂੰ ਵੀ ਉਹਨਾਂ ਵਿਚੋਂ ਇੱਕ ਹੈਂ... ਸੋ ਭਲੀਏ ਲੋਕੇ ਤੂੰ ਬਹੁਤਾ ਫਿਕਰ ਨਾ ਕਰਿਆ ਕਰ ...ਜਿਹੜੇ ਪੀਂਦੇ ਨੇ ਉਹਨਾਂ ਵੀ ਤੁਰ ਜਾਣਾ ਹੈ ਤੇ ਜਿਹੜੇ ਨਹੀਂ ਪੀਂਦੇ ਰਹਿਣਾ ਉਹਨਾਂ ਵੀ ਨਹੀਂਹਾਂ, ਇੱਕ ਗੱਲ ਹੋਰ ਘਰ ਪੈਰ ਧਰ ਲੈਣ ਦਿਆ ਕਰਫਿਰ ਸ਼ੁਰੂ ਕਰਿਆ ਕਰ ਆਪਣੇ ਪ੍ਰਵਚਨ...ਆਉਂਦੇ ਹੀ ਸਵਾਰ ਨਾ ਹੋਇਆ ਕਰ...ਪਲੀਜ਼...।"

ਗੁੱਸੇ ਵਿਚ ਬੋਲਦਾ ਹੋਇਆ ਮੋਹਨ ਬਾਬੂ ਆਪਣੇ ਕਮਰੇ ਵਿਚ ਪਹੁੰਚਦਾ ਹੈ।

ਸਭ ਤੋਂ ਪਹਿਲਾਂ ਦਰਵਾਜ਼ਾ ਬੰਦ ਕਰਦਾ ਹੈ ਰੌਲੇ ਵਾਲਾ ਪ੍ਰਦੂਸ਼ਨ ਕੁਝ ਘਟਦਾ ਹੈ ਪਰ ਪੂਰੀ ਤਰ੍ਹਾਂ ਬੰਦ ਨਹੀਂ ਹੁੰਦਾ।

ਮੋਹਨ ਬਾਬੂ ਕਮਰੇ ਵਿਚ ਵੜਦੇ ਹੀ ਪੱਖੇ ਤੇ ਟੀ.ਵੀ. ਦਾ ਸਵਿੱਚ ਆਨ ਕਰਦਾ ਹੈ।

ਮਕਾਨ ਦੀਆਂ ਦੋ ਮੰਜ਼ਲਾਂ ਹਨ ਪਰ ਕਮਰੇ ਦੀ ਛੱਤ ਦਾ ਸਿਰ ਨੰਗਾ ਹੈ।ਗਰਮੀਆਂ ਵਿਚ ਸੂਰਜ ਸਵੇਰ ਤੋਂ ਲੈਕੇ ਸ਼ਾਮ ਹੋਣ ਤਕ ਕਮਰੇ ਦੇ ਖੱਬੇ ਸੱਜੇ ਚੱਕਰ ਲਾਉਂਦਾ ਹੈ।ਕਮਰਾ ਤੰਦੂਰ ਵਾਂਗ ਭੱਖ ਜਾਂਦਾ ਹੈ।ਛੱਤ ਵੱਲੋਂ ਆਉਂਦੀ ਗਰਮ ਹਵਾ ਉਸਦੀ ਟਿੰਡ ਨੂੰ ਬੁਰੀ ਤਰ੍ਹਾਂ ਫੰਡਦੀ ਹੈ।

ਸਿਰ ਉਪਰ ਹੱਥ ਮਾਰਦਾ ਹੈ।

ਵਿਰਲੇ ਵਿਰਲੇ ਵਾਲ ਪੋਟਿਆਂ ਨਾਲ ਖਹਿੰਦੇ ਹਨ।

ਇਕ ਵਾਲ ਕਾਬੂ ਆ ਜਾਂਦਾ ਹੈ।

ਉਹ ਪੁੱਟ ਸੁਟਦਾ ਹੈ।

ਵਾਲ ਦਾ ਜੜ੍ਹ ਵਾਲਾ ਅੱਧਾ ਪਾਸਾ ਸਫ਼ੈਦ ਹੈ।

"ਚਲ ਦਫ਼ਾ ਹੋ...ਭੈਂਚੋ...ਕੁੱਤਾ।"

ਬੋਲਦਾ ਹੋਇਆ ਵਾਲ ਉਡਾ ਦਿੰਦਾ ਹੈ ਪਰ ਪਰ ਵਾਲ ਹਿਚਕੋਲੇ ਖਾਂਦਾ ਮੁੜ ਉਸਦੇ ਸਿਰ ਵੱਲ ਤੁਰ ਪੈਂਦਾ ਹੈ ਉਹ ਮੁੜ ਫੂਕ ਮਾਰਦਾ ਹੈ।ਇਸ ਵਾਰ ਵਾਲ ਇੱਕ ਦਮ ਹਵਾ ਹੋ ਜਾਂਦਾ ਹੈ।

ਉਸਨੂੰ ਜੁਆਨੀ ਦੇ ਦਿਨਾਂ ਵਾਲੇ ਆਪਣੇ ਘਣੇ ਤੇ ਘੁੰਗਰਾਲੇ ਵਾਲ ਯਾਦ ਆਉਂਦੇ ਹਨ।ਉਹਨਾਂ ਦਿਨਾਂ ਉਹ ਵਾਲਾਂ ਨੂੰ ਕੰਘੀ ਕਰਨਾ ਵੀ ਜ਼ਰੂਰੀ ਨਹੀਂ ਸਮਝਦਾ ਸੀ। ਤੇਲ ਵੀ ਘੱਟ ਵੱਧ ਹੀ ਲਗਾਉਂਦਾ ਹੁੰਦਾ ਸੀ ਪਰ ਹੁਣ ਭਾਂਤ ਭਾਂਤ ਦੇ ਤੇਲ ਲਗਾਉਂਦਾ ਹੈ।ਕਈ ਤਰ੍ਹਾਂ ਦੇ ਪ੍ਰਯੋਗ ਕਰਦਾ ਹੈ ਵਾਲਾਂ ਨੂੰ ਝੜਣ ਤੋਂ ਰੋਕਣ ਲਈ ਪਰ ਪੱਲੇ ਕੁਝ ਵੀ ਨਹੀਂ ਪੈਂਦਾ ਹੈ।ਛੋਟੀ ਜਿਹੀ ਕੰਘੀ ਚੌਵੀ ਘੰਟੇ ਉਸਦੀ ਪੈਂਟ ਦੀ ਜੇਬ ਵਿਚ ਰਹਿੰਦੀ ਹੈ ਪਰ ਹੁਣ ਵਾਹੁਣ ਤੇ ਸੰਵਾਰਨ ਵਾਸਤੇ ਵਾਲ ਬਚੇ ਹੀ ਨਹੀਂ ਹਨ।

ਮੋਹਨ ਬਾਬੂ ਸ਼ੀਸ਼ੇ ਸਾਹਮਣੇ ਜਾ ਕੇ ਖੜਦਾ ਹੈ।

"ਕਿੰਨਾ ਬੇਢਬਾ ਤੇ ਬਦਸੂਰਤ ਹੋ ਗਿਐਂ ਤੂੰਗੱਲਾਂ ਦੇਖ ਕਿੰਞ ਭੱਬੂ ਕੁੱਤੇ ਵਾਂਗ ਫੁੱਲ ਗਈਆਂ ਹਨ.. ਗਲੇ ਹੇਠਾਂ ਮਾਸ ਕਿੰਨਾ ਲੰਮਕ ਗਿਐਠੋਢੀ ਤਾਂ ਕਿਤੇ ਲਭਦੀ ਹੀ ਨਹੀਂਅੱਖਾਂ ਹੇਠਾਂ ਵੀ ਛਾਈਆਂ ਪੈ ਗਈਆਂ ਨੇਕਮਰ, ਕਮਰਾ ਬਣ ਗਈ ਐ...ਇੱਕ ਦਮ ਗੈਂਡਾ...ਕਿਸੇ ਜ਼ਮਾਨੇ ਵਿਚ ਪੈਂਟ ਤੇੜ ਉਪਰ ਇਸ ਕਰਕੇ ਨਹੀਂ ਟਿਕਦੀ ਹੁੰਦੀ ਸੀ ਕਿ ਲੱਕ ਹੁੰਦਾ ਹੀ ਨਹੀਂ ਸੀ ਤੇ ਹੁਣ ਉਸਦੇ ਉਲਟ ਹੋ ਗਿਆ ਹੈ...ਹੁਣ ਬਸ ਢਿਡ ਹੀ ਢਿਡ ਹੈ....ਲੱਕ ਤਾਂ ਗਧੇ ਦੇ ਸਿੰਗਾਂ ਵਾਂਗ ਗੁੰਮ ਹੋ ਗਿਐ...।"

ਬੁੜਬੜਾਉਂਦਾ ਹੋਇਆ ਮੋਹਨ ਬਾਬੂ ਸ਼ੀਸ਼ੇ ਵਿਚ ਆਪਣੇ ਆਪ ਨੂੰ ਦੇਖ ਬੁਰਾ ਜਿਹਾ ਮੂੰਹ ਬਣਾਉਂਦਾ ਹੈ।

ਅਚਾਨਕ ਉਸਦੀ ਨਜ਼ਰ ਕਮਰੇ ਵਿਚ ਲੱਗੀ ਵਿਆਹ ਵੇਲੇ ਦੀ ਤਸਵੀਰ ਵੱਲ ਜਾਂਦੀ ਹੈ।

"ਕੀ ਹੁੰਦੀ ਸੀ...ਕੀ ਬਣ ਗਈ ਹੈ ਤੇਰੀ ਸ਼ਕਲ ਮੋਹਨ ਬਾਬੂ!....ਕੁਝ ਸ਼ਰਮ ਕਰ...ਕੀ ਜਾਨਵਰਾਂ ਵਾਲੀ ਸ਼ਕਲ ਅਖ਼ਤਿਆਰ ਕਰਦਾ ਜਾ ਰਿਹੈਂ...ਇਹ ਸਾਰਾ ਕਸੂਰ ਦਾਰੂ ਦਾ ਹੈ...ਬਸ ਯਾਰ ਛੱਡ ਦੇਣੀ ਸਾਲੀ ਦਾਰੂ...ਇਸਦੇ ਚੱਕਰਾਂ ਵਿਚ ਪਤਾ ਨਹੀਂ ਰੋਜ਼ ਕਿੰਨਾ ਗੰਦ ਖਾਹ ਜਾਨਾਂ...ਫਿਰ ਸਾਰੀ ਰਾਤ ਵਿਲਟਣੀਆਂ ਮਾਰਦਾ ਰਹਿਨਾਂ...ਢਿੱਡ ਤਾਂ ਵਧਨਾ ਹੀ ਹੈ...ਯਾਰ ਕੁਝ ਤਾਂ ਸੋਚਣਾ ਹੀ ਪੈਣਾ ਹੈ...ਨਹੀਂ ਤਾਂ ਕਿਸੇ ਦਿਨ ਪਟਾਕਾ ਪੈ ਜਾਣੈ...।"

ਬੁਰਾ ਜਿਹਾ ਮੂੰਹ ਬਣਾਉਂਦਾ ਹੋਇਆ ਮੋਹਨ ਬਾਬੂ ਪਰੇਸ਼ਾਨ ਹੋ ਜਾਂਦਾ ਹੈ।



ਮੋਹਨ ਬਾਬੂ ਦੇ ਸਿਰ ਤੇ ਦਾਹੜੀ ਦੇ ਵਾਲ ਸਫੈਦ ਹੋਇਆਂ ਤਾਂ ਕਈ ਸਾਲ ਹੋ ਗਏ ਹਨ ਪਰ ਸਿਰ ਦੇ ਵਾਲ ਪਿਛਲੇ ਕੁਝ ਸਾਲਾਂ ਤੋਂ ਲਗਾਤਾਰ ਝੜ ਰਹੇ ਹਨ।ਚਾਹੁੰਦਾ ਹੋਇਆ ਵੀ ਕੁਝ ਨਹੀਂ ਕਰ ਪਾ ਰਿਹਾ ਹੈ।

ਕਿਤੇ ਵੀ ਪਹੁੰਚਣ ਤੋਂ ਪਹਿਲਾਂ ਉਸਦੀ ਟਿੰਡ ਉੱਥੇ ਪਹੁੰਚ ਜਾਂਦੀ ਹੈ।

ਉਹ ਕਈ ਵਾਰ ਸੋਚਦਾ ਹੈ ਕਿ 'ਹੇਅਰ ਟਰਾਂਸਪਲਾਂਟ' ਕਰਵਾ ਲਵੇ।

"ਹੁਣ ਕਿਹੜਾ ਦੋਬਾਰਾ ਵਿਆਹ ਕਰਵਾਉਣਾ ਹੈ ਜਾਂ ਹੀਰੋ ਬਣਨਾ ਹੈ ਕਿ ਫਿਰ ਵਾਲ ਉਗਾਣੇ ਨੇਜਿੱਦਾਂ ਦੇ ਵੀ ਹੋ ਮੈਨੂੰ ਮਨਜ਼ੂਰ ਹੋ...ਐਂਵੇ ਪੈਸੇ ਨਾ ਖਰਚ ਕਰਿਉ...ਅਜੇ ਪਿੰਕੀ ਦੀ ਅਗਲੇ ਸਾਲ ਦੀ ਫੀਸ ਭਰਨੀ ਹੈ...ਉਹ ਵੀ ਡਾਲਰਾਂ ਵਿਚ....ਉਹਦੇ ਬਾਰੇ ਸੋਚੋ...ਵਾਲਾਂ ਬਾਰੇ ਫਿਕਰ ਕਰਨਾ ਛੱਡ ਦਿਉ...ਰਾਮ ਨਾਮ ਜਪਿਆ ਕਰੋ...।"

ਜਿਵੇਂ ਹੀ ਮੋਹਨ ਬਾਬੂ, ਰੱਜੀ ਨਾਲ ਇਸ ਬਾਰੇ ਗੱਲ ਕਰਦਾ ਹੈ ਤਾਂ ਉਹ ਅੱਗੋਂ ਟੁਟ ਕੇ ਪੈ ਜਾਂਦੀ ਹੈ।

ਰੱਜੀ, ਮੋਹਨ ਬਾਬੂ ਨੂੰ ਇਸ ਹਾਲਾਤ ਵਿਚ ਦੇਖ ਕੇ ਆਪਣੇ ਆਪ ਨੂੰ ਸੁਰਖਿਅਤ ਤੇ ਮਹਿਫੂਜ਼ ਮਹਿਸੂਸ ਕਰਦੀ ਹੈ। ਉਸਨੂੰ ਲਗਦਾ ਹੈ ਕਿ ਹੁਣ ਬਾਹਰ ਦੀਆਂ ਬਲਾਵਾਂ ਮੋਹਨ ਬਾਬੂ ਉਪਰ ਆਪਣਾ ਕੋਈ ਵੀ ਜਾਦੂ ਟੋਣਾ ਨਹੀਂ ਕਰ ਪਾਉਣਗੀਆਂ।

ਕੁਝ ਦਿਨ ਪਹਿਲਾਂ ਜਦੋਂ ਉਹਨਾਂ ਦਾ ਪੁੱਤਰ ਨੀਟਾ ਦੇਰ ਤਕ ਘਰ ਨਹੀਂ ਆਇਆ ਤਾਂ ਮੋਹਨ ਬਾਬੂ ਨੇ ਉਸ ਬਾਰੇ ਰੱਜੀ ਨੂੰ ਪੁਛਿਆ।

"ਨੀਟਾ ਆਪਣੇ ਕਾਲਜ ਦੇ ਦੋਸਤ ਪਿਊਸ਼ ਨਾਲ ਅੱਜ ਆਪਣੇ ਨਾਲ ਪੜ੍ਹਦੀ ਕੁੜੀ ਕੰਗਨਾ ਦੇ ਜਨਮ ਦਿਨ ਪਾਰਟੀ ਉਪਰ ਗਿਆ ਹੈ...ਰਾਤ ਉੱਥੇ ਹੀ ਰਹੇਗਾ...ਕੁੜੀ ਆਪਣੀ ਵੱਡੀ ਭੈਣ ਨਾਲ ਕਿਰਾਏ ਉਪਰ ਰਹਿੰਦੀ ਹੈ...।"

" ਕੁੜੀਆਂ ਦੇ ਮਾਪੇ ਵੀ ਨਾਲ ਰਹਿੰਦੇ ਨੇ...?"

" ਨਹੀਂ ਉਹ ਇੱਕਲੀਆਂ ਰਹਿੰਦੀਆਂ ਨੇ...ਨੇੜੇ ਦੇ ਕਸਬੇ ਵਿਚੋਂ ਆਈਆਂ ਨੇ...ਮਾਪੇ ਉਥੇ ਹੀ ਰਹਿੰਦੇ ਨੇ...।"

" ਯਾਰ, ਤੇਰਾ ਦਿਮਾਗ ਖਰਾਬ ਹੈ...ਜੁਆਨ ਮੁੰਡਾ...ਜੁਆਨ ਕੁੜੀਆਂ ਦੇ ਘਰ ਰਹੇਗਾ...ਤੂੰ ਉਸਨੂੰ ਮਨ੍ਹਾ ਕਿਉਂ ਨਹੀਂ ਕੀਤਾ...?"

" ਕੀ ਹਰਜ਼ ਹੈ...ਅੱਜ ਕੱਲ੍ਹ ਮੁੰਡੇ ਕੁੜੀਆਂ ਇੰਝ ਹੀ ਕਰਦੇ ਨੇ...।"

" ਕੱਲ੍ਹ ਨੂੰ ਕੋਈ ਊਚ ਨੀਚ ਹੋ ਗਈ ਤਾਂ ਫਿਰ ਕੀ ਕਰਾਂਗੇ...?"

" ਤੁਹਾਡੇ ਦਿਮਾਗ ਵਿਚ ਤਾਂ ਹਮੇਸ਼ਾ ਗੰਦ ਹੀ ਭਰਿਆ ਰਹਿੰਦਾ ਹੈ...ਏਦਾਂ ਦਾ ਨਹੀਂ ਹੈ ਮੇਰਾ ਪੁੱਤਰ...।"

ਰੱਜੀ ਦੀਆਂ ਗੱਲਾਂ ਸੁਣ ਕੇ ਮੋਹਨ ਬਾਬੂ ਨੂੰ ਬਹੁਤ ਹੈਰਾਨੀ ਹੋਈ।

ਮੋਹਨ ਬਾਬੂ ਨੂੰ ਯਾਦ ਆਉਂਦਾ ਹੈ ਕਿ ਜਦੋਂ ਉਹਨਾਂ ਦਾ ਵਿਆਹ ਹੋਇਆਂ ਅਜੇ ਕੁਝ ਸਮਾਂ ਹੀ ਹੋਇਆ ਸੀ ਤਾਂ ਕਈ ਵਾਰ ਜਦੋਂ ਕਿਸੇ ਸਾਹਿਤਕ ਜਾਂ ਕਿਸੇ ਹੋਰ ਸਮਾਗਮ ਵਿਚ ਉਸ ਨੂੰ ਕੋਈ ਔਰਤ ਗਲੇ ਲਗਾਉਂਦੀ ਜਾਂ ਗਲਵਕੜੀ ਵਿਚ ਲੈਂਦੀ ਤਾਂ ਰੱਜੀ ਨੂੰ ਅੱਗ ਲੱਗ ਜਾਂਦੀ।ਉਹ ਸਾਰੇ ਸਮਾਗਮ ਵਿਚ ਮੂੰਹ ਵੱਟ ਕੇ ਰਖਦੀ।

" ਓਹ ਯਾਰ ਕੀ ਮੂੰਹ ਚੜ੍ਹਾ ਲਿਐ...ਉਹ ਮੇਰੀ ਮਾਂ ਤੋਂ ਵੀ ਵੱਡੀ ਉਮਰ ਦੀ ਹੈ...ਤੈਨੂੰ ਉਹ ਵੀ ਬਰਦਾਸ਼ਤ ਨਹੀਂ ਹੁੰਦਾ...ਕੁਝ ਤਾਂ ਚੱਜ ਦਾ ਸੋਚ ਲਿਆ ਕਰ...।"

ਮੋਹਨ ਬਾਬੂ ਰੱਜੀ ਨੂੰ ਸਮਝਾਉਂਦਾ।

"ਹੈ ਤਾਂ ਔਰਤ ਹੀ ਨਾ...ਮਾਂ ਦੀ ਉਮਰ ਦੀ ਹੈ ਪਰ ਮਾਂ ਤਾਂ ਨਹੀਂ ਹੈ ਨਾ...ਮੈਂ ਸਭ ਜਾਣਦੀ ਹਾਂ...।"

ਰੱਜੀ ਪਟਾਕ ਕਰਕੇ ਜੁਆਬ ਦਿੰਦੀ।

"ਵਾਹ ਬਈ ਸਮਿਆਂ...ਤੇਰਾ ਵੀ ਕੋਈ ਜੁਆਬ ਨਹੀਂ...ਕੀ ਕੀ ਰੰਗ ਵਿਖਾ ਦਿੰਨਾਂ...।"

ਬੋਲਦਾ ਹੋਇਆ ਮੋਹਨ ਬਾਬੂ ਚਿਹਰਾ ਸ਼ੀਸ਼ੇ ਦੇ ਨੇੜੇ ਕਰਕੇ ਨੱਕ ਦੇ ਸਿਰ ਨੂੰ ਅੰਗੂਠੇ ਨਾਲ ਉਤਾਂਹ ਚੁੱਕ ਕੇ ਵੇਖਦਾ ਕਿ ਨੱਕ ਅੰਦਰਲੇ ਲਗਭਗ ਸਾਰੇ ਵਾਲ ਸਫ਼ੈਦ ਹੋ ਗਏ ਹਨ।ਅੱਖਾਂ ਦੇ ਭਰਵੱਟਿਆਂ ਵਿਚ ਵੀ ਸਫੈਦੀ ਦੇ ਝਲਕਾਰੇ ਵਜਦੇ ਹਨ।ਫਿਰ ਉਸਦੀ ਨਿਗ੍ਹਾ ਆਪਣੇ ਕੰਨਾਂ ਉਪਰ ਉੱਗ ਰਹੇ ਕਈ ਸਾਰੇ ਕਾਲੇ ਸ਼ਿਆ ਵਾਲਾਂ ਉਪਰ ਜਾਂਦੀ ਹੈ।ਉਹ ਕਾਹੀ ਦੇ ਝਾੜ ਵਾਂਗ ਉਂਗਲਾਂ ਦੇ ਪੋਟਿਆਂ ਨਾਲ ਖਹਿੰਦੇ ਹਨ।ਵਾਲਾਂ ਦੀ ਛੋਹ ਚੰਗੀ ਲਗਦੀ ਹੈ।

"ਸਾਲੇ ਜਿਥੇ ਉਗਣੇ ਚਾਹੀਦੇ ਹਨ ਉੱਥੋਂ ਤਾਂ ਝੜੀ ਜਾ ਰਹੇ ਨੇ ਤੇ ਜਿਥੇ ਨਹੀਂ ਚਾਹੀਦੇ ਉਥੇ ਕਾਂਗਰਸ ਘਾਹ ਵਾਂਗ ਫੈਲੀ ਜਾ ਰਹੇ ਨੇ...ਕੈਸਾ ਜ਼ਮਾਨਾ ਆ ਗਿਆ ਹੈ...ਸਾਲੇ ਵਾਲ ਵੀ ਬਦਨੀਯਤੇ ਹੋ ਗਏ ਨੇ ਪਰ ਸਾਲੀ ਇੱਕ ਗੱਲ ਦੀ ਸਮਝ ਨਹੀਂ ਪਈ ਕਿ ਚਲੋ ਸਿਰ ਤਾਂ ਦਿਮਾਗ ਦੀ ਵਜ੍ਹਾ ਕਰਕੇ ਟੈਂਸ਼ਨ ਵਿਚ ਰਹਿੰਦਾ ਹੈ ਪਰ ਨੱਕ ਦੇ ਵਾਲ ਸਫ਼ੇਦ ਕਿਉਂ ਹੋ ਗਏ ਹਨ? ਭਰਵੱਟੇ ਕਿਉਂ ਚਾਂਦੀ ਦਾ ਰੂਪ ਧਾਰਨ ਕਰਨਾ ਚਾਹੁੰਦੇ ਨੇ... ਇਹ ਕਿਸ ਟੈਂਸ਼ਨ ਵਿਚ ਰਹਿੰਦੇ ਹਨ...?"

ਵਾਲਾਂ ਵਿਚ ਉਂਗਲਾਂ ਫੇਰਦਾ ਮੋਹਨ ਬਾਬੂ ਝੁੰਜਲਾ ਜਾਂਦਾ ਹੈ।

ਨਿੱਕੀ ਕੈਂਚੀ ਲੈ ਕੇ ਨੱਕ ਤੇ ਕੰਨ ਵਾਲੇ ਵਾਲ ਕੁਤਰਨਾ ਸ਼ੁਰੂ ਕਰ ਦਿੰਦਾ ਹੈ।

ਕਾਹਲੀ ਕਰਨ ਨਾਲ ਕੈਂਚੀ ਨਾਲ ਨੱਕ ਦੇ ਅੰਦਰ ਕੱਟ ਲੱਗ ਜਾਂਦਾ ਹੈ।

"ਊਈ...ਓਹ ਤੇਰੀ ਭੈਣ ਨੂੰ..।"

ਮੂਹੋਂ ਆਪਣੇ ਆਪ ਨੂੰ ਗਾਲ੍ਹ ਨਿਕਲਦੀ ਹੈ।

ਉਹ ਟੀ.ਵੀ. ਦੀ ਆਵਾਜ਼ ਉੱਚੀ ਕਰਦਾ ਹੈ।

"ਇੱਕ ਤਾਂ ਇਹ ਸਾਲਾ ਟੀਵੀ ਕਿੰਨਾ ਬੇਵਕੂਫ ਹੈ...ਭੈਂਚੋ...ਬਿਨਾਂ ਇਜਾਜ਼ਤ ਬੈੱਡਰੂਮ ਵਿਚ ਘੁਸ ਜਾਂਦਾ ਹੈ...ਤੁਹਾਡੀ ਕੋਈ ਨਹੀਂ ਸੁਣਦਾ ਬਸ ਆਪਣੀਆਂ ਮਾਰੀ ਜਾਂਦੈ...।"

ਮੋਹਨ ਬਾਬੂ ਬੁੜਬੁੜ ਕਰਦਾ ਟੀਵੀ ਸਾਹਮਣੇ ਖੜਾ ਹੋ ਜਾਂਦਾ ਹੈ।

ਵਾਰ ਵਾਰ ਨੱਕ ਵਿਚ ਉਂਗਲ ਦਾ ਪੋਟਾ ਲਗਾ ਕੇ ਦੇਖਦਾ ਹੈ ਕਿ ਕਿਤੇ ਲਹੂ ਤਾਂ ਨਹੀਂ ਸਿਮ ਰਿਹਾ।

"ਅਭੀ ਅਭੀ ਖ਼ਬਰ ਮਿਲੀ ਹੈ ਕਿ ਸਰਕਾਰ ਨੇ ਡੀਜ਼ਲ ਕਾ ਰੇਟ ਦੋ ਰੁਪਏ ਔਰ ਪੈਟਰੋਲ ਕਾ ਪਾਂਚ ਰੁਪਏ ਪ੍ਰਤੀ ਲੀਟਰ ਵੜਾ ਦੀਆ ਹੈ...ਪਿਛਲੇ ਦੋ ਮਹੀਨੋਂ ਮੇਂ ਤੇਲ ਕਾ ਮੁੱਲ ਚਾਰ ਵਾਰ ਵੜਾ ਹੈ...ਪੈਟਰੋਲੀਅਮ ਮੰਤਰੀ ਨੇ ਕਹਾ ਹੈ ਕਿ ਯੇ ਅੰਤਰ-ਰਾਸ਼ਟਰੀ ਬਾਜ਼ਾਰ ਮੇਂ ਤੇਲ ਕੇ ਰੇਟ ਮੈਂ ਆਏ ਉਛਾਲ ਸੇ ਹੁਆ ਹੈ...ਆਉ ਬਾਤ ਕਰਤੇ ਹੈ ਆਮ ਲੋਗੋਂ ਕੇ ਸਾਥ...ਵੋਹ ਕਯਾ ਕਹਤੇ ਹੈਂ...?"

ਇੱਕ ਖ਼ੂਬਸੂਰਤ ਨਿਉਜ਼ ਰੀਡਰ ਅੱਖਾਂ ਮਟਕਾ ਤੇ ਮੁਸਕਰਾ ਕੇ ਬੋਲਦੀ ਹੈ।

ਇਕ ਸਕੂਟਰ ਵਾਲਾ ਆਪਣਾ ਗੁੱਸਾ ਜ਼ਾਹਰ ਕਰਦਾ ਹੋਇਆ ਟੀਵੀ ਉਪਰ ਕੁਦ ਕੁਦ ਕੇ ਸਰਕਾਰ ਨੂੰ ਕੋਸਦਾ ਹੈ, "ਦੇਖੋ ਜੀ ਹਮਨੇ ਤੋਂ ਸੋਚਾ ਥਾ ਕਿ ਯੇ ਸਰਕਾਰ ਹਮਾਰੀ ਗਰੀਬੀ ਕਮ ਕਰੇਗੀ ਪਰ ਇਸ ਸਰਕਾਰ ਨੇ ਤੋਂ ਹਮਾਰਾ ਜੀਣਾ ਬਦਤਰ ਕਰ ਦੀਆ ਹੈ....ਪਿਆਜ ਸੌ ਰੁਪਏ



ਕਿੱਲੋ ਹੋ ਗਿਆ ਹੈ...ਅਬ ਤੋ ਦਾਲ ਸੇ ਮੁਰਗਾ ਸਸਤਾ ਮਿਲਤਾ ਹੈ....ਭਾਈ ਸਾਹਬ ਟਮਾਟਰੋਂ ਕੇ ਰੇਟ ਕੋ ਜਾਣ ਕਰ ਗੁੱਸੇ ਸੇ ਹਮਾਰੇ ਚਿਹਰੇ ਕਾ ਰੰਗ ਉਨਸੇ ਭੀ ਜ਼ਿਆਦਾ ਲਾਲ ਹੋ ਜਾਤਾ ਹੈ...ਔਰ ਤੋ ਔਰ ਸਾਲਾ ਅਬ ਤੋ ਕੱਦੂ ਵੀ ਆਂਖੇਂ ਦਿਖਾਤਾ ਹੈ... ਯੇ ਸਾਰਾ ਕੁਛ ਤੇਲ ਕੇ ਰੇਟ ਬੜਨੇ ਸੇ ਹੁਆ ਹੈ...ਕਸਮ ਸੇ ਕਹਿਤਾ ਹੂੰ ਭਾਈ ਸਾਹਬ ਅਗਲੀ ਵਾਰ ਕੁੱਤੇ ਕੋ ਵੋਟ ਡਾਲ ਦੂੰਗਾ ਪਰ ਇਸ ਪਾਰਟੀ ਕੋ ਕਭੀ ਨਹੀਂ ਡਾਲੂੰਗਾ...।"

ਫਿਰ ਕੁਝ ਹੋਰ ਲੋਕ ਸਰਕਾਰ ਉਪਰ ਆਪਣੇ ਗੁੱਸੇ ਦਾ ਨਜ਼ਲਾ ਸੁਟਦੇ ਹਨ।

"ਉਹ ਮੇਰੇ ਦੇਸ਼ ਦੀਏ ਭੋਲੀਏ ਜਨਤੇ...ਜੋ ਮਰਜ਼ੀ ਬੋਲੀ ਜਾਉ ਕੁਛ ਨਹੀਂ ਹੋਣ ਵਾਲਾ...ਇਹ ਚੱਕਰ ਤਾਂ ਚਲਦਾ ਹੀ ਰਹਿਣਾ...ਕਿਸੇ ਵੀ ਪਾਰਟੀ ਦੀ ਸਰਕਾਰ ਆ ਜਾਏ...ਹਾਲ ਇਹੋ ਰਹਿਣਾ ਹੈ...ਇੱਕੋ ਥਾਲੀ ਦੇ ਚੱਟੇ ਵੱਟੇ ਨੇ...ਇੱਕ ਨੰਬਰ ਦੇ ਹਰਾਮੀ...ਇਹਨਾ ਦਾ ਇੱਕੋ ਕੰਮ ਹੈ ਲੋਕਾਂ ਨੂੰ ਲੁੱਟਣਾ... ਤੇ ਤੁਹਾਡਾ ਕੰਮ ਹੈ ਆਪਣੇ ਆਪ ਨੂੰ ਲੁਟਾਉਣਾ...ਮਰੋ ਸਾਰੇ...ਦਫਾ ਹੋਵੋ।"

ਬੋਲਦਾ ਹੋਇਆ ਮੋਹਨ ਬਾਬੂ ਚੈਨਲ ਬਦਲਦਾ ਹੈ।

"ਸੰਨੀ ਲਿਓਨੀ ਨੇ ਕਹਾ ਹੈ ਕਿ ਅੱਬ ਵੋਹ ਆਪਣੀ ਸੈਕਸੀ ਇਮੇਜ਼ ਤੋੜਨਾ ਚਾਹਤੀ ਹੈ...ਕਿਸੀ ਭਾਰਤੀ ਆਦਰਸ਼ ਔਰਤ ਕਾ ਕਿਰਦਾਰ ਨਿਭਾਣਾ ਚਾਹਤੀ ਹੈ...ਪੋਰਨ ਸਟਾਰ ਰਹਿ ਚੁੱਕੀ ਸਨੀ ਲਿਓਨੀ ਕੱਲ੍ਹ ਇਕ ਧਾਰਮਿਕ ਸਮਾਗਮ ਮੇਂ ਬੋਲ ਰਹੀ ਥੀ...।"

ਟੀਵੀ ਐਂਕਰ ਦੀ ਆਵਾਜ਼ ਸੁਣਾਈ ਦੇ ਰਹੀ ਹੈ। ਟੀਵੀ ਉਪਰ 'ਬੇਬੀ ਡਾਲ ਮੈਂ ਸੋਨੇ ਦੀ...' ਗੀਤ ਦੇ ਬੋਲਾਂ ਉਪਰ ਸੰਨੀ ਲਿਓਨੀ ਦੇ ਲਟਕੇ ਝਟਕੇ ਵਿਖਾਈ ਦੇ ਰਹੇ ਸਨ।

"ਸੱਤਰ ਚੂਹੇ ਖਾਹ ਕੇ ਬਿੱਲੀ ਹਜ਼ ਨੂੰ ਚਲੀ....ਕਮਾਲ ਦੀ ਦੁਨੀਆ ਹੈ...ਬਸ ਇਹੀ ਕੰਮ ਰਹਿ ਗਿਆ ਸੀ ਇਸ ਨੂੰ...ਕੱਲ੍ਹ ਨੂੰ ਕਿਸੇ ਦੇਵੀ ਦਾ ਕਿਰਦਾਰ ਨਿਭਾਉਣ ਦੀ ਗੱਲ ਨਾ ਕਰਨ ਲੱਗ ਪਵੇ...ਕੱਟੜ ਪੰਥੀਆ ਨੇ ਸਾਰੇ ਦੇਸ਼ ਪੜਥੂ ਪਾ ਦੇਣੈ...ਤਲਵਾਰਾਂ ਤੇ ਤ੍ਰਿਸ਼ੂਲ ਹਵਾ ਵਿਚ ਝੂਲਣ ਲੱਗਿਆਂ ਦੇਰ ਨਹੀਂ ਲੱਗਣੀ...।"

ਮੋਹਨ ਬਾਬੂ ਫੁਸਫੁਸਾਉਂਦਾ ਹੋਇਆ ਅਗਲਾ ਚੈਨਲ ਲਗਾਉਂਦਾ ਹੈ।

"ਭਗਵਾਨ ਕੋ ਪਾਣੇ ਕੇ ਲੀਏ ਹਮੇਂ ਬਾਹਰ ਪਹਾੜੋਂ ਪਰ ਜਾਣੇ ਕੀ ਜ਼ਰੂਰਤ ਨਹੀਂ ਹੈ...ਮਾਨੁਸ਼ ਕੋ ਆਪਣੇ ਅੰਦਰ ਝਾਂਕ ਕਰ ਦੇਖਣਾ ਚਾਹੀਏ...ਭਗਵਾਨ ਆਪਕੇ ਅੰਦਰ ਹੈ... ਨਿਰਾਕਾਰ ਹੈ...ਕਣ ਕਣ ਮੇਂ ਹੈ...ਭਗਵਾਨ ਕਹਿਤਾ ਹੈ ਕਿ ਤੁਮ ਕਿਉਂ ਭਟਕਤੇ ਹੋ ? ਭਗਵਾਨ ਉਸੇ ਮਿਲਤਾ ਹੈ ਜਿਸਕੇ ਕਰਮ ਅੱਛੇ ਹੋਤੇ ਹੈਂ...ਜਿਸਕੋ ਮੋਹ ਮਾਇਆ ਸੇ ਕੋਈ ਲਗਾਵ ਨਹੀਂ ਹੋਤਾ ਹੈ....ਕੇਵਲ ਭਗਵਾਨ ਸੇ ਪਿਆਰ ਹੋਤਾ ਹੈ...ਭਗਵਾਨ ਤੋ ......।"

ਮੋਹਨ ਬਾਬੂ ਦੇਖਦਾ ਹੈ ਇੱਕ ਬਹੁਤ ਹੀ ਭਿਆਨਕ ਮੁੰਹਾਂਦਰੇ ਵਾਲਾ ਬਜ਼ੁਰਗ ਬਾਬਾ ਸਿਰ ਝੁਕਾਈ ਬੈਠੇ ਲੋਕਾਂ ਦੇ ਇੱਕਠ ਨੂੰ ਸੰਬੋਧਨ ਕਰ ਰਿਹਾ ਹੈ।

ਮੋਹਨ ਜਲਦੀ ਜਲਦੀ ਤਿੰਨ ਚਾਰ ਚੈਨਲ ਬਦਲਦਾ ਹੈ। ਸਾਰਿਆਂ ਉਪਰ ਭਾਂਤ ਭਾਂਤ ਦੇ ਬਾਬੇ ਰੱਬ ਨੂੰ ਪਾਉਣ ਦੇ ਨੁਸਖੇ ਦੱਸਦੇ ਵਿਖਾਈ ਦਿੰਦੇ ਹਨ।

"ਇੱਕ ਦਮ ਪਾਖੰਡੀ ਸਾਲੇ...ਆਪਣੇ ਅੰਦਰ ਕਦੇ ਝਾਕਦੇ ਨਹੀਂ ...ਲੋਕਾਂ ਨੂੰ ਸਮਝਾਉਂਦੇ ਨੇ...ਭਗਵਾਨ ਬਾਰੇ ਉੜਾ ਐੜਾ ਪਤਾ ਨਹੀਂ ਹੈ...ਐਵੇਂ ਰਟੀਆਂ ਰਟਾਈਆਂ ਯਬਲੀਆਂ ਮਾਰੀ ਜਾਣਗੇ...ਰੋਜ਼ ਸਾਲੇ ਬੈਠ ਜਾਂਦੇ ਨੇ ਬਣ ਠੱਣ ਕੇ...ਕੋਈ ਸਾਲਾ ਢੌਂਗੀ ਬਾਬਾ ਬਣਿਐ...ਕੋਈ ਸੰਤ...ਕੋਈ ਫਕੀਰ...ਕੋਈ ਮਾਂ ਤੇ ਕੋਈ ਪਿਉ....ਭੈਂ... ਕੁੱਤੇ...ਉਧਰ ਜਨਤਾ ਵੀ ਸਾਲੀ ਹਰ ਜਣੇ ਖਣੇ ਦੇ ਮਗਰ ਲੱਗ ਜਾਂਦੀ ਹੈ...ਜਨਤਾ ਇਹਨਾਂ ਠੱਗਾਂ ਤੇ ਬਹਿਰੂਪੀਆਂ ਨੂੰ ਆਪਣੀ ਹੱਕ

ਹਲਾਲ ਦੀ ਕਮਾਈ ਆਪ ਲੁਟਾ ਕੇ ਆਉਂਦੀ ਹੈ... ਵੈਸੇ ਮੋਹਨ ਸਿਹਾਂ ਜੇਕਰ ਦੇਖਿਆ ਜਾਵੇ ਤਾਂ ਸਾਲਾ ਇਹ ਗੋਰਖ ਧੰਦਾ ਇੱਕ ਐਸਾ ਕਾਰੋਬਾਰ ਹੈ ਜਿਸ ਵਿਚ ਨਫ਼ਾ ਹੀ ਨਫ਼ਾ, ਨੁਕਸਾਨ ਕੋਈ ਵੀ ਨਹੀਂ ਤੇ ਇਨਵੈਸਟਮੈਂਟ ਵੀ ਜ਼ੀਰੋ...ਬਸ ਤੁਹਾਨੂੰ ਗੱਲਾਂ ਕਰਨੀਆਂ ਤੇ ਬਣਾਉਣੀਆ ਆਉਣੀਆਂ ਚਾਹੀਦੀਆਂ ਹਨ...ਬੇਵਕੂਫਾਂ ਦੀ ਕੋਈ ਕਮੀ ਨਹੀਂ ਹੈ...ਰੱਬ ਦੇ ਚੱਕਰਾਂ ਵਿਚ ਇਹ ਲੋਕ ਕਿਸੇ ਜਾਨਵਰ ਨੂੰ ਵੀ ਆਪਣਾ ਗੁਰੂ ਮੰਨ ਲੈਂਦੇ ਹਨ...।"

ਹੌਲੇ ਹੌਲੇ ਬੁੜਬੁੜ ਕਰਦਾ ਮੋਹਨ ਬਾਬੂ ਡਿਸਕਵਰੀ ਚੈਨਲ ਲਗਾ ਤੇ ਉਸਦੀ ਆਵਾਜ਼ ਨੂੰ ਬੰਦ ਕਰਕੇ ਗੁਸਲਖਾਨੇ ਅੰਦਰ ਚਲਾ ਜਾਂਦਾ ਹੈ।

"ਮੋਹਨ ਸਿਹਾਂ ਯਾਰ ਆਪਣਾ ਕਾਰੋਬਾਰ ਵੀ ਪਿਛਲੇ ਕਈ ਸਾਲਾਂ ਤੋਂ ਠੀਕ ਨਹੀਂ ਚਲ ਰਿਹਾ...ਤੂੰ ਬਾਬਾ ਕਿਉਂ ਨਹੀਂ ਬਣ ਜਾਂਦਾ...?"

ਹੌਲੀ ਹੌਲੀ ਬੋਲਦਾ ਹੋਇਆ ਮੋਹਨ ਬਾਬੂ ਦਫਤਰੀ ਕਪੜੇ ਬਦਲ ਪਜ਼ਾਮਾ ਪਾ ਲੈਂਦਾ ਹੈ।

"ਤੂੰ ਇਸ ਧੰਦੇ ਵਿਚ ਵੀ ਫ਼ੇਲ ਹੋ ਜਾਣਾ ਹੈ ਮੋਹਨ ਬਾਬੂ...ਇਹ ਝੂਠ ਦਾ ਕਾਰੋਬਾਰ ਹੈ...ਤੇਰੇ ਵੱਸ ਦਾ ਨਹੀਂ ਹੈ...ਚੱਲ ਕੰਪਿਉਟਰ ਸਾਹਮਣੇ ਬੈਠ...ਕੁਝ ਲਿਖ...ਟੀਵੀ ਦੇਖ...ਬਸ ਇਹੀ ਕੁਝ ਹੈ ਜੋ ਤੂੰ ਕਰ ਸਕਨੈਂ...।"

ਗੁਸਲਖਾਨੇ ਵਿਚ ਲੱਗੇ ਸ਼ੀਸ਼ੇ ਵਿਚ ਆਪਣੇ ਆਪ ਨੂੰ ਨਿਹਾਰਦਾ ਹੋਇਆ ਬੋਲਦਾ ਹੈ।

ਤਰੋਤਾਜ਼ਾ ਹੋ ਕੇ ਬੈੱਡ ਮੋਹਨ ਬਾਬੂ ਉਪਰ ਬੈਠਦਾ ਹੈ।

ਉਸਦੀ ਨਿਗ੍ਹਾ ਟੀਵੀ ਉਪਰ ਜਾਂਦੀ ਹੈ।ਕੁਝ ਸ਼ੇਰ ਆਪਸ ਵਿਚ ਬਹੁਤ ਬੁਰੀ ਤਰ੍ਹਾਂ ਲੜ੍ਹ ਰਹੇ ਹਨ।

ਟੀਵੀ ਦੀ ਆਵਾਜ਼ ਚਾਲੂ ਕਰਦਾ ਹੈ।

ਉਹਨਾਂ ਦੀ ਗਰਜ਼ਨਾ ਕਮਰੇ ਵਿਚ ਗੂੰਜ ਉਠਦੀ ਹੈ।

"ਜਬ ਸ਼ੇਰਨੀ ਕੋ ਮਾਂ ਬਣਨੇ ਕੀ ਚਾਹਤ ਹੋਣੇ ਲਗਤੀ ਹੈ ਤੋ ਵੋਹ ਸ਼ੇਰੋਂ ਕੋ ਮਿਲਣ ਕੇ ਲਿਏ ਆਮੰਤਰਿਤ ਕਰਤੀ ਹੈ...ਉਧਰ ਜਬ ਸ਼ੇਰੋਂ ਕੋ ਪਤਾ ਚਲਤਾ ਹੈ ਕਿ ਸ਼ੇਰਨੀ ਮਿਲਣ ਕੇ ਲਿਏ ਤਿਆਰ ਹੈ ਤੋ ਕੁਨਬੇ ਕੇ ਤਾਕਤਵਰ ਸ਼ੇਰੋਂ ਮੇਂ ਸ਼ੇਰਨੀ ਸੇ ਮਿਲਣ ਕਰਨੇ ਕੇ ਲਿਏ ਭਿਅੰਕਰ ਲੜਾਈ ਹੋਤੀ ਹੈ...ਅਕਸਰ ਯੇਹ ਲੜਾਈ ਜਾਨ ਲੇਵਾ ਹੋਤੀ ਹੈ...ਜੀਤਨੇ ਵਾਲਾ ਸ਼ੇਰ ਹੀ ਸ਼ੇਰਨੀ ਕੇ ਬੱਚੋਂ ਕਾ ਬਾਪ ਬਨਤਾ ਹੈ....ਕਈ ਵਾਰ ਸ਼ੇਰ ਸ਼ੇਰਨੀ ਕੇ ਕਿਸੀ ਔਰ ਸ਼ੇਰ ਸੇ ਮਿਲਣ ਕੇ ਬਾਅਦ ਪੈਦਾ ਹੁਏ ਬੱਚੋਂ ਕੋ ਇਸ ਲੀਏ ਵੀ ਮਾਰ ਦੇਤਾ ਹੈ ਤਾਂ ਕਿ ਸ਼ੇਰਨੀ ਮੇਂ ਦੋਬਾਰਾ ਮਾਂ ਬਣਨੇ ਕੀ ਚਾਹਤ ਜਲਦੀ ਜਾਗ ਸੱਕੇ ਔਰ ਵੋਹ ਉਸਕੇ ਅਗਲੇ ਬੱਚੋਂ ਕਾ ਬਾਪ ਬਣ ਸਕੇ...ਯਹਾਂ ਯੇ ਬਤਾਨਾ ਵੀ ਉਚਿਤ ਰਹੇਗਾ ਕਿ ਬਾਂਦਰੋਂ ਕੀ ਦੁਨੀਆਂ ਮੇਂ ਬਾਂਦਰ ਬੱਚੋਂ ਕੋ ਮਾਰ ਕਰ ਬਾਂਦਰੀ ਕਾ ਦਿਲ ਨਹੀਂ ਜੀਤਤਾ ਬਲਕਿ ਵੋਹ ਬਾਂਦਰੀ ਕੇ ਪਹਿਲੇ ਬੱਚੋਂ ਕੋ ਜੀਅ ਜਾਨ ਸੇ ਪਿਆਰ ਕਰਤਾ ਹੈ ਤਾਂ ਕਿ ਵੋਹ ਬਾਂਦਰੀ ਕੋ ਸਾਬਤ ਕਰ ਸਕੇ ਕਿ ਵੋਹ ਆਪਣੇ ਬੱਚੋਂ ਕੋ ਵੀ ਬਾਖੂਬੀ ਸੇ ਪਾਲੇ ਪੋਸੇਗਾ...ਬਾਂਦਰੀ ਉਸਕੇ ਇਸ ਰਵਈਏ ਸੇ ਪ੍ਰਭਾਵਤ ਹੋਕਰ ਉਸਸੇ ਮਿਲਣ ਕਰਨੇ ਕੋ ਤਿਆਰ ਹੋ ਜਾਤੀ ਹੈ...ਬਾਂਦਰ ਔਰ ਬਾਂਦਰੀ ਤਮਾਮ ਉਮਰ ਏਕ ਦੂਸਰੇ ਕੋ ਸਮਰਪਿਤ ਰਹਿਤੇ ਹੈਂ...ਉਧਰ ਜਬ ਸ਼ੇਰ ਔਰ ਸ਼ੇਰਨੀ ਮੇਂ ਸਹਿਮਤੀ ਬਣ ਜਾਂਤੀ ਹੈ ਵੋਹ ਚਾਰ ਪਾਂਚ ਦਿਨ ਲਗਾਤਾਰ ਮਿਲਣ ਕਰਤੇ ਰਹਿਤੇ ਹੈ....ਗਰਭ ਠਹਿਰਨੇ ਕੇ ਬਾਅਦ ਸ਼ੇਰਨੀ ਸ਼ੇਰ ਸੇ ਅਲੱਗ ਹੋ ਜਾਤੀ ਹੈ ਔਰ ਫਿਰ ਦੋਬਾਰਾ ਨਹੀਂ ਮਿਲਤੀ...ਸ਼ੇਰੋਂ ਮੇਂ ਏਕ ਬਾਤ ਔਰ ਵੀ ਹੋਤੀ ਹੈ ਕਿ ਵੋਹ ਸ਼ੇਰਨੀ ਔਰ ਆਪਣੇ ਇਲਾਕੇ



ਉਪਰ ਆਪਣਾ ਕਬਜ਼ਾ ਕਰਨੇ ਲੀਏ ਕਈ ਉਪਰਾਲੇ ਕਰਤੇ ਰਹਿਤੇ ਹੈਂ...ਸ਼ੇਰਨੀਆਂ ਬੱਚੇ ਪੈਦਾ ਕਰਤੀ ਹੈਂ...ਉਨਕੋ ਪਾਲਤੀ ਹੈਂ...ਸ਼ਿਕਾਰ ਕਰਤੀ ਹੈ...ਸ਼ੇਰ ਸਾਰਾ ਦਿਨ ਸੋਏ ਰਹਿਤੇ ਹੈ...ਲੇਕਿਨ ਸ਼ਿਕਾਰ ਖਾਣੇ ਮੇਂ ਪਹਿਲਾ ਹੱਕ ਆਪਣਾ ਸਮਝਤੇ ਹੈ... ਕਰੋੜੋਂ ਸਾਲੋਂ ਸੇ ਯੇ ਸਿਲਸਿਲਾ ਚਲਤਾ ਆ ਰਹਾ ਹੈ...।"

ਕਮੈਂਟੇਟਰ ਮਜ਼ੇ ਲੈ ਲੈ ਕੇ ਸ਼ੇਰਾਂ ਦੇ ਜੀਵਨ ਬਾਰੇ ਚਾਨਣਾ ਪਾ ਰਿਹਾ ਹੈ।

"ਹਰ ਜਗ੍ਹਾ ਇੱਹੋ ਹਾਲ ਹੈ...ਕੀ ਮਨੁੱਖ ਤੇ ਕੀ ਜਾਨਵਰ...ਇੱਕੋ ਜਿਹੀਆਂ ਸਮਸਿਆਵਾਂ ਨੇ....ਸਾਡੇ ਵੀ ਬਹੁਤੀ ਲੜਾਈ ਵੀ ਜ਼ਰ ਤੇ ਜ਼ੋਰੂ ਤੋਂ ਹੀ ਸ਼ੁਰੂ ਤੇ ਖ਼ਤਮ ਹੁੰਦੀ ਹੈ...ਹਰ ਜਗ੍ਹਾ ਜ਼ੋਰੂ ਨੂੰ ਪਾਉਣ ਤੇ ਖਤਮ ਕਰਨ ਦੀਆਂ ਹੀ ਤਰਤੀਬਾਂ ਤੇ ਸ਼ਾਜ਼ਿਸਾਂ ਚਲਦੀਆਂ ਰਹਿੰਦੀਆਂ ਹਨ... ਮਾਰ ਕੁਟਾਈ ਹੁੰਦੀ ਹੈ...ਕਤਲ ਹੁੰਦੇ ਹਨ...ਕੋਈ ਅਣਖ ਖਾਤਰ ਤੇ ਕੋਈ ਅਣਖ ਜਗਾਉਣ ਖਾਤਰ...ਲੱਗੇ ਰਹੋ ਮੁੰਨਾ ਭਾਈ ਲੱਗੇ ਰਹੋ...।"

ਮੁਸਕਾਉਂਦਾ ਹੋਇਆ ਮੋਹਨ ਬਾਬੂ ਨੈਸ਼ਨਲ ਜਿਉਗਰਾਫਿਕ ਚੈਨਲ ਲਗਾ ਲੈਂਦਾ ਹੈ।

"ਯੇ ਕਛੂਏ ਪਿਛਲੇ ਕਰੋੜੋਂ ਸਾਲੋਂ ਸੇ ਇਸ ਸਮੁੰਦਰ ਮੇਂ ਰਹਿਤੇ ਆ ਰਹੇ ਹੈਂ...ਇਨਕੀ ਪੁਸ਼ਤੇ ਦਰ ਪੁਸ਼ਤੇ ਯਹੀਂ ਪਰ ਜਨਮੀ ਔਰ ਮਰੀ ਹੈਂ...ਜਬ ਇਨਕੋ ਪਤਾ ਚਲ ਜਾਤਾ ਹੈ ਕਿ ਉਨਕੀ ਮੌਤ ਅੱਬ ਨਿਸ਼ਚਿਤ ਹੈ ਤੋਂ ਵੋਹ ਸਮੁੰਦਰ ਕਿਨਾਰੇ ਉਸੀ ਜਗ੍ਹਾ ਕੀ ਔਰ ਚਲ ਪੜਤੇ ਹੈਂ ਜਹਾਂ ਉਨਕਾ ਜਨਮ ਹੁਆ ਹੋਤਾ ਹੈ....ਇਸੀ ਤਰ੍ਹਾ ਕਾ ਵਿਵਹਾਰ ਕੁਝ ਵਿਸ਼ੇਸ਼ ਕਿਸਮ ਕੀ ਮਛਲੀਆਂ ਵੀ ਕਰਤੀ ਹੈ...ਯੇ ਨਦੀ ਕੀ ਧਾਰਾ ਕੇ ਖਿਲਾਫ ਚਲਤੀ ਹੈਂ ਔਰ ਇਸੀ ਚੱਕਰ ਮੇਂ ਯੇ ਭਾਲੂਆਂ ਕੇ ਮੂੰਹ ਮੇਂ ਸੀਧੀ ਚਲੀ ਜਾਤੀ ਹੈ...ਭਾਲੂਓਂ ਕੋ ਵੀ ਪਤਾ ਹੋਤਾ ਹੈ ਕਿ ਸਾਲ ਕੇ ਕੌਣ ਸੇ ਮਹੀਨੇ ਮੇਂ ਯੇ ਮਛਲੀਆਂ ਯਹਾਂ ਸੇ ਗੁਜ਼ਰੇਂਗੀ...ਅਗਰ ਸ਼ਾਕਾਹਾਰੀ ਜਾਨਵਰੋਂ ਕੀ ਗਿਣਤੀ ਵੜਤੀ ਹੈ ਤੋ ਮਾਸਾਹਾਰੀਆਂ ਕੀ ਵੀ ਵੜ ਜਾਤੀ ਹੈ... ਐਸੇ ਮੇਂ ਕੁਦਰਤ ਆਪਣਾ ਸੰਤੁਲਣ ਬਣਾਏ ਰੱਖਣੇ ਕੇ ਲਿਏ ਆਪਣਾ ਕਾਰਜ਼ ਜਾਰੀ ਰਖਤੀ ਹੈ....ਅਬ ਹਮ ਹਮ ਆਪ ਕੋ ਲੇ ਚਲਤੇ ਹੈ ਡੇਢ ਸੌ ਸਾਲ ਕੀ ਉਮਰ ਕੇ ਕੱਛੂਏ ਸੇ ਮਿਲਵਾਣੇ....।"

"ਮੋਹਨ ਬਾਬੂ...ਇਹ ਚੱਕਰ ਪਤਾ ਨਹੀਂ ਕਦੋ ਦਾ ਚਲਿਆ ਹੋਇਆ ਹੈ ਤੇ ਕਦੋਂ ਤਕ ਅਜੇ ਚਲਣਾ ਹੈ...ਛੱਡ ਇਹ ਡੰਗਰਾਂ ਵਾਲਾ ਚੈਨਲ ਤੇ ਕੁਝ ਬੰਦਿਆਂ ਵਾਲਾ ਕੰਮ ਕਰ...।"

ਬੋਲਦਾ ਹੋਇਆ ਮੋਹਨ ਬਾਬੂ ਦੇਖਦਾ ਹੈ ਕਿ ਸਵੇਰੇ ਜਿਹੜੀ ਪੈਂਟ ਤੇ ਕਮੀਜ਼ ਬੈੱਡ ਉਪਰ ਰੱਖ ਕੇ ਗਿਆ ਸੀ ਉਹ ਉੱਥੇ ਹੀ ਪਈਆਂ ਹਨ।ਉਸੇ ਤਰ੍ਹਾਂ ਹੀ।ਇਸਦਾ ਮਤਲਬ,ਅੱਜ ਵੀ ਸਵੇਰੇ ਸਕੂਲ ਜਾਣ ਤੋਂ ਬਾਅਦ ਰੱਜੀ ਕਮਰੇ ਵਿਚ ਨਹੀਂ ਆਈ ਹੈ।

ਉਹ ਘੱਟ ਵੱਧ ਹੀ ਆਉਂਦੀ ਇਸ ਕਮਰੇ ਵਿਚ।ਇਸ ਕਮਰੇ ਨੂੰ ਆਪਣਾ ਘੱਟ ਤੇ ਮੋਹਨ ਬਾਬੂ ਦਾ ਜ਼ਿਆਦਾ ਸਮਝਦੀ ਹੈ।ਉਹ ਹੇਠਾਂ ਮਾਂ ਵਾਲੇ ਕਮਰੇ ਨੂੰ ਆਪਣਾ ਕਮਰਾ ਸਮਝਦੀ ਹੈ।

ਅਸਲ ਵਿਚ ਹੇਠਾਂ ਦੂਸਰੇ ਕਮਰੇ ਵਿਚ ਮੋਹਨ ਬਾਬੂ ਦਾ ਨਿੱਕਾ ਭਰਾ ਤੇ ਉਸਦੀ ਪਤਨੀ ਰਹਿੰਦੇ ਹਨ।

ਰੱਜੀ ਨੇ ਆਪਣੇ ਕੁਝ ਕਪੜੇ ਲੱਤੇ ਇਸ ਕਮਰੇ ਵਿਚ ਰੱਖੇ ਹਨ ਪਰ ਰੋਜ਼ਾਨਾ ਕੰਮ ਆਉਣ ਵਾਲੇ ਉਸਨੇ ਹੇਠਾਂ ਮਾਂ ਵਾਲੇ ਕਮਰੇ ਵਿਚਲੀਆਂ ਅਲਮਾਰੀਆਂ ਵਿੱਚ ਸਜਾਏ ਹੋਏ ਹਨ।ਹਾਂ, ਸਵੇਰੇ ਸਕੂਲ ਜਾਣ ਲੱਗੇ ਹੇਠਾਂ ਕਪੜੇ ਪਹਿਨਣ ਤੋਂ ਬਾਅਦ ਆਪਣਾ ਮੇਕ ਅੱਪ ਕਰਨ ਤੇ ਵਾਲ ਸੰਵਾਰਨ ਵਾਸਤੇ ਇਸ ਕਮਰੇ ਵਿਚ ਬਣੇ ਡਰੈਸਿੰਗ ਰੂਮ ਦਾ ਪ੍ਰਯੋਗ ਜ਼ਰੂਰ ਕਰਦੀ ਹੈ।ਆਦਮਕਦ ਸ਼ੀਸ਼ੇ ਵਿਚ ਆਪਣੇ ਚਿਹਰੇ ਨੂੰ ਗਹੂ ਨਾਲ ਤਕਦੀ ਹੈ।ਅੱਖਾਂ ਹੇਠਾਂ ਫੈਲ ਰਹੀਆਂ

ਛਾਈਆਂ ਨੂੰ ਢੱਕਣ ਵਾਸਤੇ ਪਾਉਡਰ ਕਰੀਮ ਦਾ ਪ੍ਰਯੋਗ ਕਰਦੀ ਹੈ।ਮੋਚਨੇ ਨਾਲ ਠੋਢੀ ਤੇ ਹੋਰ ਥਾਂਵਾਂ ਤੋਂ ਅਣਚਾਹੇ ਵਾਲ ਉਖਾੜਦੀ ਹੈ।ਪੰਦਰੀਂ ਦਿਨੀਂ ਵਾਲਾਂ ਨੂੰ ਰੰਗ ਲੈਂਦੀ ਹੈ। ਸਵੇਰੇ ਅੱਠ ਕੁ ਵਜੇ ਸਕੂਲ ਜਾਣ ਲੱਗਿਆਂ ਮੋਹਨ ਬਾਬੂ ਨੂੰ ਟਾਟਾ ਕਹਿਣਾ ਤੇ ਕਰਨਾ ਕਦੇ ਨਹੀਂ ਭੁਲਦੀ।ਮੋਹਨ ਬਾਬੂ ਨੂੰ ਹਰ ਹਾਲਤ ਵਿਚ ਉਸਦੇ ਟਾਟਾ ਦਾ ਜੁਆਬ ਟਾਟਾ ਕਰਕੇ ਦੇਣਾ ਹੁੰਦਾ ਹੈ।'ਬਾਏ ਟਾਟਾ ਟਾਟਾ' ਬੋਲ ਕੇ ਵੀ।

ਬੈੱਡ ਦੀ ਖੱਬੀ ਬੱਖੀ ਨਾਲ ਕੰਪਿਉਟਰ ਟੇਬਲ ਇਸ ਤਰ੍ਹਾਂ ਲਗਾਇਆ ਹੋਇਆ ਹੈ ਕਿ ਕੰਪਿਉਟਰ ਉਪਰ ਕੰਮ ਕਰਨ ਵੇਲੇ ਮੋਹਨ ਬਾਬੂ ਬੈੱਡ ਕੋਲੋਂ ਕੁਰਸੀ ਦਾ ਕੰਮ ਵੀ ਲੈ ਸਕੇ।

ਜਦੋਂ ਕੰਪਿਉਟਰ ਵੱਲ ਮੂੰਹ ਕਰਕੇ ਬੈਠਦਾ ਹੈ ਤਾਂ ਪਿਛਲੇ ਪਾਸੇ ਬਾਹਰ ਦਾ ਨਜ਼ਾਰਾ ਉਸਦੀ ਨਜ਼ਰੀਂ ਪੈਂਦਾ ਰਹਿੰਦਾ ਹੈ।ਉਹ ਕੁਦਰਤ ਤੇ ਬਾਹਰਲੀ ਦੁਨੀਆ ਨਾਲ ਜੁੜਿਆ ਰਹਿੰਦਾ ਹੈ।

ਗਲੀ ਵਾਲੇ ਪਾਸੇ ਤਿੰਨ ਫੁੱਟ ਚੌੜੀ ਬਾਲਕੋਣੀ ਹੈ। ਉਥੇ ਕੁਝ ਗਮਲੇ ਪਏ ਹਨ।ਉਹਨਾਂ ਵਿਚ ਕਈ ਤਰ੍ਹਾਂ ਦੇ ਪੌਦੇ ਲੱਗੇ ਹੋਏ ਹਨ।ਮਣੀ ਪਲਾਂਟ ਦੀਆਂ ਵੇਲਾਂ ਵੀ ਲੱਗੀਆਂ ਹੋਈਆਂ ਹਨ।ਕੁਝ ਫੁੱਲ ਤੇ ਬੂਟੇ।

ਮੋਹਨ ਬਾਬੂ ਲਿਖਦਾ, ਕਿਤਾਬ ਪੜ੍ਹਦਾ ਜਾਂ ਟੀਵੀ ਦੇਖਦਾ ਅੱਕ ਤੇ ਥੱਕ ਜਾਂਦਾ ਹੈ।ਬਾਲਕੋਣੀ ਵਿਚ ਖੜਾ ਹੋ ਕੇ ਬਾਹਰ ਦਾ ਨਜ਼ਾਰਾ ਦੇਖਦਾ ਹੈ।

ਸਾਹਮਣੇ ਵਾਲੇ ਘਰਾਂ ਵਿਚ ਸ਼ਰਮਾ ਜੀ ਦੀ ਨਵੀਂ ਨਵੀਂ ਆਈ ਨੂੰਹ ਤੇ ਉਸਦਾ ਪਤੀ ਬਾਹਰ ਬਾਲਕੋਣੀ ਵਿਚ ਬੈਠੇ ਆਪਣੇ ਵਿਆਹ ਦੀ ਐਲਬਮ ਦੇਖ ਰਹੇ ਹਨ।ਇੱਕ ਦੂਸਰੇ ਨਾਲ ਹੱਸ, ਠੱਠਾ ਮਖੌਲ ਤੇ ਛੇੜਖਾਨੀ ਕਰ ਰਹੇ ਹਨ।

ਮੋਹਨ ਬਾਬੂ ਨੂੰ ਆਪਣੇ ਦਿਨ ਯਾਦ ਆਉਂਦੇ ਹਨ ਕਿ ਕਿਵੇਂ ਦਿਨੇਂ ਰਾਤੀਂ ਉਹ ਤੇ ਰੱਜੀ ਇੱਕ ਦੂਸਰੇ ਨਾਲ ਚਿਪਕੇ ਰਹਿੰਦੇ ਸਨ।ਸਾਰੀ ਸਾਰੀ ਰਾਤ ਸਾਰਾ ਸਾਰਾ ਦਿਨ ਉਹਨਾਂ ਦੀਆਂ ਗੱਲਾਂ ਹੀ ਨਹੀਂ ਮੁਕਦੀਆਂ ਸਨ ਪਰ ਹੁਣ ਤਾਂ ਦਿਨ ਰਾਤ ਮੈਂ-ਮੈਂ ਤੇ ਤੂੰ-ਤੂੰ ਜ਼ਿਆਦਾ ਹੁੰਦੀ ਹੈ।

ਅਚਾਨਕ ਮੋਹਨ ਬਾਬੂ ਦੇ ਮੁਬਾਈਲ ਵਿਚ ਐਸ. ਐਮ. ਐਸ. ਆਉਂਦਾ ਹੈ।

ਉਹ ਮੈਸੇਜ਼ ਪੜ੍ਹਦਾ ਹੈ।

ਵਿਆਹ ਤੋਂ ਪਹਿਲਾਂ ਸੰਤਾ ਆਪਣੀ ਪ੍ਰੇਮਿਕਾ ਨੂੰ : ਡਾਰਲਿੰਗ...ਤੇਰੇ ਬਿਨਾਂ ਕੁਝ ਵੀ ਨਹੀਂ...ਜੇ ਤੂੰ ਨਹੀਂ ਤਾਂ ਮੈਂ ਵੀ ਨਹੀਂ ...ਬਸ ਹੁਣ ਜੀਣਾ-ਮਰਨਾ ਤੇਰੇ ਨਾਲ...ਤੇਰੇ ਬਿਨਾਂ ਇੱਕ ਦਿਨ ਨਹੀਂ ਕਢਣਾ।

ਵਿਆਹ ਤੋਂ ਦਸ ਕੁ ਸਾਲ ਬਾਅਦ ਸੰਤਾ ਪ੍ਰੇਮਿਕਾ ਤੋਂ ਪਤਨੀ ਬਣ ਚੁੱਕੀ ਪਤਨੀ ਨੂੰ : ਹਰਾਮਜ਼ਾਦੀ ਕਿਸੇ ਥਾਂ ਦੀ...ਤੂੰ ਮੇਰਾ ਜਿਉਣਾ ਖਰਾਬ ਕੀਤਾ ਹੋਇਆ ਹੈ....ਬਹੁਤ ਹੋ ਗਿਆ...ਮੈਂ ਤੇਰੇ ਨਾਲ ਇੱਕ ਦਿਨ ਨਹੀਂ ਰਹਿ ਸਕਦਾਅੱਜ ਤੂੰ ਰਹੇਂਗੀ ਜਾਂ ਮੈਂ...ਦੋਨਾਂ ਵਿਚੋਂ ਇੱਕ ਦਾ ਮਰਨਾ ਅੱਜ ਤਹਿ ਹੈ...।

ਮੈਸੇਜ਼ ਪੜ੍ਹ ਕੇ ਮੋਹਨ ਬਾਬੂ ਹਸਦਾ ਹੋਇਆ ਫਿਰ ਉਸ ਨਵੇਂ ਜੋੜੇ ਵੱਲ ਦੇਖਦਾ ਹੈ ਪਰ ਉਹ ਤਾਂ ਅਜੇ ਵੀ ਹੱਸ ਰਹੇ ਹਨ।

ਅਚਾਨਕ ਉਸਦੀ ਨਜ਼ਰ ਗੁਪਤਾ ਅੰਕਲ ਤੇ ਆਂਟੀ ਉਪਰ ਪੈਂਦੀ ਹੈ।

ਉਹ ਦੋਨੋਂ ਆਪਣੇ ਵਿਹੜੇ ਲੱਗੇ ਅੰਬ ਦੇ ਰੁਖ ਨੂੰ ਨਿਹਾਰ ਰਹੇ ਹਨ।ਕੁਝ ਚਿੰਤਤ ਜਾਪਦੇ ਹਨ ਕਿ ਇਸ ਵਾਰ ਰੁੱਖ ਨੂੰ ਜ਼ਿਆਦਾ ਬੂਰ ਕਿਉਂ ਨਹੀਂ ਲੱਗਾ ਪਰ ਖੁਸ਼ ਵੀ ਹਨ ਕਿ ਇਸ



ਵਾਰ ਹਰ ਸਵੇਰੇ ਉਹਨਾਂ ਕੋਲੋਂ ਉਠਣ ਤੋਂ ਪਹਿਲਾਂ ਰਾਤ ਦੇ ਡਿਗੇ ਅੰਬ ਮੁਹੱਲੇ ਦੇ ਸ਼ਰਾਰਤੀ ਬੱਚੇ ਚੋਰੀ ਨਹੀਂ ਕਰ ਸਕਣਗੇ।ਇਸ ਦਾ ਦੁਖ ਨਹੀਂ ਸਹਿਣਾ ਪਵੇਗਾ।

ਅਚਾਨਕ ਮੋਹਨ ਬਾਬੂ ਦੀ ਨਿਗ੍ਹਾ ਇੱਕ ਦਮ ਗੁਆਂਢੀ ਬਰਾੜ ਆਂਟੀ ਉਪਰ ਪੈਂਦੀ ਹੈ।ਉਹ ਹੁਣੇ ਹੀ ਅੰਦਰੋਂ ਬਾਹਰ ਨਿਕਲੀ ਹੈ।ਕੁਝ ਖਿੜੀ ਖਿੜੀ ਵਿਖਾਈ ਦਿੰਦੀ ਹੈ।

"ਆਂਟੀ ਜੀ ਵਧਾਈਆਂ ਹੋਣ...।"

ਮੋਹਨ ਬਾਬੂ ਹੌਲੇ ਜਿਹੇ ਬੋਲਦਾ ਹੈ।

ਆਂਟੀ ਹਲਕਾ ਜਿਹਾ ਮੁਸਕਾਉਂਦੀ ਹੈ ਤੇ ਬੰਟੀ ਦੀ ਮੰਮੀ ਵੱਲ ਇਸ਼ਾਰਾ ਕਰਦੀ ਹੋਈ ਆਪਣੇ ਮੂੰਹ ਉਪਰ ਉਂਗਲੀ ਰਖਦੀ ਹੈ।

ਬੰਟੀ ਦੀ ਮੰਮੀ ਬਾਹਰ ਗਲੀ ਵਿਚ ਸਬਜ਼ੀ ਵਾਲੇ ਨਾਲ ਝਗੜ ਰਹੀ ਹੈ।

ਕੱਲ੍ਹ ਬਾਹਰ ਵਿਹੜੇ ਵਿਚ ਖੜੀ ਮੋਹਨ ਬਾਬੂ ਦੀ ਮਾਂ ਨਾਲ ਬਰਾੜ ਆਂਟੀ ਨੇ ਖਾਸ ਖ਼ਬਰ ਸਾਂਝੀ ਕੀਤੀ ਸੀ ਕਿ ਉਸਦੀ ਨੂੰਹ ਦੀ ਪ੍ਰੈਗਨੈਂਸੀ ਦੇ ਟੈਸਟ ਦੀ ਰਿਪੋਰਟ ਪਾਜ਼ੀਟਿਵ ਆਈ ਹੈ।ਖ਼ਬਰ ਸੁਣਾਉਂਦੇ ਹੋਏ ਉਸਦੀ ਖੁਸ਼ੀ ਹੱਦੋਂ ਪਾਰ ਜਾ ਰਹੀ ਸੀ ਕਿਉਂਕਿ ਉਹਨਾਂ ਦੇ ਬੇਟੇ ਦੇ ਵਿਆਹ ਨੂੰ ਚਾਰ ਸਾਲ ਹੋ ਗਏ ਸਨ ਪਰ ਹਰ ਵਾਰ ਰਿਪੋਰਟ ਨੈਗਟਿਵ ਆ ਰਹੀ ਸੀ।ਜਿਸ ਨਾਲ ਘਰ ਦਾ ਮਾਹੌਲ ਕੁਝ ਅਣਸੁਖਾਵਾਂ ਹੋ ਗਿਆ ਸੀ।ਚਾਰ ਧੀਆਂ ਤੋਂ ਬਾਅਦ ਬਹੁਤ ਮੰਗਾਂ ਤੇ ਸੁੱਖਾਂ ਨਾਲ ਇੱਹ ਪੁੱਤ ਪ੍ਰਾਪਤ ਹੋਇਆ ਸੀ। ਅੱਗੋਂ ਹੁਣ ਪੁੱਤਰ ਦੇ ਘਰ ਬੱਚਾ ਪੈਦਾ ਨਹੀਂ ਹੋ ਰਿਹਾ ਸੀ।ਪਰਿਵਾਰ ਦੀ ਵੇਲ ਹਰੀ ਨਾ ਹੁੰਦੇ ਦੇਖ ਬਰਾੜ ਪਰਿਵਾਰ ਦੁਖੀ ਸੀ।

ਬਰਾੜ ਆਂਟੀ ਨੇ ਇੱਕ ਪਲੇਟ ਵਿਚ ਕੁਝ ਲੱਡੂ ਚੋਰੀ ਨਾਲ ਉਸਦੀ ਮਾਂ ਨੂੰ ਫੜਾਏ ਸਨ ਤੇ ਨਾਲ ਹੌਲੇ ਜਿਹੇ ਕਿਹਾ ਸੀ ਕਿ ਉਹ ਅਜੇ ਹੋਰ ਕਿਸੇ ਨਾਲ ਗੱਲ ਨਾ ਕਰੇ।ਖਾਸ ਕਰਕੇ ਬੰਟੀ ਦੀ ਮੰਮੀ ਨਾਲ।ਕਿਤੇ ਕਿਸੇ ਦੀ ਨਜ਼ਰ ਨਾਲ ਲੱਗ ਜਾਏ।ਉਹਨਾਂ ਨੂੰ ਪਤਾ ਸੀ ਕਿ ਆਟੇ ਦੀਆਂ ਚਿੜੀਆਂ ਉਡਾਉਣ ਵਾਲੀ ਬੰਟੀ ਦੀ ਮੰਮੀ ਨੇ ਜੰਗਲ ਦੀ ਅੱਗ ਵਾਂਗ ਖ਼ਬਰ ਸਾਰੇ ਮੁਹੱਲੇ ਵਿਚ ਪੁਜਦੀ ਕਰ ਦੇਣੀ ਹੈ।

ਕੱਲ੍ਹ ਹੀ ਇਹ ਖੁਸ਼ ਖ਼ਬਰੀ ਮੋਹਨ ਬਾਬੂ ਨੂੰ ਰੱਜੀ ਨੇ ਪੁਜਦੀ ਕਰ ਦਿੱਤੀ ਸੀ।

"ਕੱਲ੍ਹ ਮੰਮੀ ਦੱਸਦੀ ਪਈ ਸੀ ਕਿ ਪਾਰਲੇ ਮੁਹੱਲੇ ਵਾਲੀ ਮਿਸਜ਼ ਬੈਂਸ ਨੇ ਦੱਸਿਆ ਸੀ ਕਿ ਪਿਛਲੇ ਪੰਜ ਛੇ ਦਿਨਾਂ ਤੋਂ ਉਸਦੇ ਸਗੇ ਸਹੁਰੇ ਤੇ ਮਤਰੇਈ ਸੱਸ ਨੇ ਉਹਨਾਂ ਦਾ ਜਿਉਣਾ ਖਰਾਬ ਕੀਤਾ ਹੋਇਆ ਹੈ...ਉਸਨੇ ਇਹ ਵੀ ਕਿਹਾ ਸੀ ਕਿ ਉਹ ਕਿਤੇ ਬੰਟੀ ਦੀ ਮੰਮੀ ਨਾਲ ਗੱਲ ਨਾ ਕਰ ਦੇਵੇ...ਬੰਟੀ ਦਾ ਡੈਡੀ ਤੇ ਬੈਂਸ ਸਾਹਬ ਰੋਜ਼ ਸ਼ਾਮ ਨੂੰ ਸੈਰ ਕਰਨ ਜਾਂਦੇ ਹਨ...ਸਰਦਾਰ ਜੀ ਨੇ ਕਹਿਣਾ ਹੈ ਕਿ ਉਹ ਘਰ ਦੀਆਂ ਗੱਲਾਂ ਬਾਹਰ ਜਾ ਕੇ ਦੱਸਦੀ ਐ...ਉਹ ਕਹਿੰਦੀ,"ਆਂਟੀ ਜੀ...ਮੇਰੇ ਸਰਦਾਰ ਜੀ ਤਾਂ ਬੜੇ ਭੋਲੇ ਭਾਲੇ ਐ...ਛੇ ਭੈਣਾਂ ਦਾ ਇੱਕੋ ਇੱਕ ਭਰਾ ਨੇ...ਸਾਰੀਆਂ ਭੈਣਾਂ ਨਾਲ ਰਿਸ਼ਤੇਦਾਰੀਆਂ ਨਿਭਾਉਣੀਆਂ ਪੈਂਦੀਆਂ ਨੇਕਦੇ ਵਿਆਹ ਤੇ ਕਦੇ ਉਹਨਾਂ ਦੇ ਸੱਸਾਂ ਸਹੁਰਿਆਂ ਦੀ ਮਰਗਾਂ...ਬਸ ਕੋਈ ਨਾ ਕੋਈ ਰਿਸ਼ਤੇਦਾਰੀ ਪਈ ਰਹਿੰਦੀ ਹੈ...ਹਰ ਵਾਰੀ ਕੁਛ ਨਾ ਕੁਛ ਤਾਂ ਕਰਨਾ ਹੀ ਪੈਂਦਾ ਹੈ...ਅੱਜ ਕੱਲ੍ਹ ਵਿਆਹ ਤੇ ਭੋਗ ਉਪਰ ਖਰਚਾ ਤਾਂ ਬਰਾਬਰ ਹੀ ਹੁੰਦਾ ਹੈ....ਆਟੀਂ ਜੀ, ਜਦੋਂ ਬੈਂਸ ਸਾਹਬ ਅਠਾਰਾਂ ਉਂਨੀਆਂ ਸਾਲਾਂ ਦੇ ਸਨ ਤਾਂ ਉਹਨਾਂ ਦੀ ਮਾਂ ਮਰ ਗਈ ਸੀ...ਸਹੁਰਾ ਸਾਹਬ ਨੇ ਬਿਨਾਂ ਕਿਸੇ ਦੀ ਪਰਵਾਹ ਕੀਤੇ, ਸਾਲ ਦੇ ਅੰਦਰ ਅੰਦਰ ਹੀ ਬੈਂਸ ਸਾਹਬ ਕੋਲੋਂ ਮਸੀਂ ਪੰਜ ਛੇ ਸਾਲ ਵੱਡੀ ਦੁਹਾਜਨ ਨਾਲ ਵਿਆਹ ਕਰਵਾ ਲਿਆ ਸੀ...ਵੀਹ ਸਾਲ ਛੋਟੀ ਸੀ ਉਹ ਸਹੁਰਾ ਸਾਹਬ ਤੋਂ... ਬੈਂਸ ਸਾਹਬ ਭੈਣਾਂ ਕੋਲੋਂ ਵੱਡੇ ਸੀ...ਜ਼ਮੀਨ ਜਾਇਦਾਦ ਵੀ ਬਥੇਰੀ ਸੀ...ਸਾਰੇ ਪੜ੍ਹ ਲਿਖ ਗਏ...ਵਿਆਹੇ ਵਰੇ ਗਏ...ਆਪੋ ਆਪਣੇ ਘਰੀਂ ਵੱਸ ਗਏ...ਇਹ

ਚੰਗਾ ਹੋਇਆ ਕਿ ਕੁਦਰਤੀ ਹੀ ਨਵੀਂ ਸੱਸ ਦੇ ਘਰ ਬੱਚਾ ਪੈਦਾ ਨਹੀਂ ਹੋਇਆ...ਉਸਨੇ ਬੜੇ ਔੜ ਪੌੜ ਕੀਤੇ ਪਰ ਉਹ ਕੁਦਰਤੀ ਤੌਰ 'ਤੇ ਹੀ ਬਾਂਝ ਸੀ...ਸ਼ਾਇਦ ਇੱਸੇ ਕਰਕੇ ਉਸਦਾ ਪਹਿਲਾ ਵਿਆਹ ਟੁੱਟ ਗਿਆ ਸੀ...ਹੁਣ ਸਹੁਰਾ ਜਦੋਂ ਵੀ ਬਿਮਾਰ ਪੈਂਦਾ ਹੈ ਤਾਂ ਆਪਣੀ ਟਿੰਡ ਫ਼ੁਹੜੀ ਚੁੱਕ ਤੁਰ ਪੈਂਦਾ ਸਾਡੇ ਕੋਲਪਰਾਈਵੇਟ ਹਸਪਤਾਲ ਵਿਚ ਦਾਖਲ ਕਰਵਾਇਆ ਹੋਇਆ ਹੈ...ਰੋਜ਼ ਅੱਠ ਦਸ ਹਜ਼ਾਰ ਰੁਪਇਆ ਖਰਚ ਹੋ ਰਿਹਾ ਹੈ...ਸੱਸ ਵੀ ਨਾਲ ਆਈ ਹੋਈ ਹੈ...ਸਹੁਰਾ ਸਾਹਬ ਦਾ ਘਰ ਪੈਸਿਆਂ ਨਾਲ ਭਰਿਆ ਪਿਆ ਹੈ ਪਰ ਸਾਰਾ ਖਰਚ ਬੈਂਸ ਸਾਹਬ ਨੂੰ ਉਠਾਉਣਾ ਪੈਂਦਾ ਹੈ...ਸਹੁਰਾ ਕਦੇ ਨਹੀਂ ਕਹਿੰਦਾ ਕਿ ਮੈਂ ਦੇ ਦਿੰਨਾਂ ਪੈਸੇ...ਉਧਰ ਇਕ ਵਾਰ ਮੇਰੀ ਮਾਂ ਬਿਮਾਰ ਹੋ ਗਈ ਸੀ...ਸਾਡੇ ਕੋਲ ਆਈ ਸੀ...ਸਾਰਾ ਖਰਚਾ ਉਸਨੇ ਆਪਣੇ ਕੋਲੋਂ ਕੀਤਾ ਸੀ...ਹੋਰ ਤਾਂ ਹੋਰ ਸਹੁਰਾ ਸਾਹਬ ਨੇ ਸਾਰੀ ਜ਼ਮੀਨ ਜਾਇਦਾਦ ਆਪਣੀ ਨਵੀਂ ਜਨਾਨੀ ਦੇ ਨਾਮ ਕਰਵਾ ਵੀ ਦਿੱਤੀ ਹੋਈ ਹੈ...ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਹੋਇਆ ਹੈ ਮੇਰਾ ਸਹੁਰਾ...ਆਂਟੀ, ਇੱਕ ਵਾਰ ਦੋਨੋਂ ਸਾਡੇ ਕੋਲ ਆਏ ਹੋਏ ਸੀ...ਅਚਾਨਕ ਸੱਸ ਬਿਮਾਰ ਹੋ ਗਈ...ਹਸਪਤਾਲ ਦਾਖਲ ਕਰਵਾਉਣਾ ਪਿਆ... ਰਾਤ ਨੂੰ ਸਹੁਰੇ ਨੂੰ ਘਰ ਰਹਿਣਾ ਪੈ ਗਿਆ.... ਸਾਰੀ ਰਾਤ ਹੁਭ ਹੁਭ ਕੇ ਰੋਵੇ ਸਹੁਰਾ ...ਅਖੇ- ਜੇ ਪ੍ਰੀਤੋ ਨੂੰ ਕੁਝ ਹੋ ਗਿਆ ਤਾਂ ਮੇਰਾ ਕੀ ਬਣੇਗਾ...ਉਹਨੂੰ ਰੌਂਦੇ ਦੇਖ ਮੇਰਾ ਨਿੱਕਾ ਮੁੰਡਾ ਭੋਲਾ ਕਹਿੰਦਾ ਕਿ ਮੰਮੀ ਮੈਨੂੰ ਦਾਦਾ ਜੀ ਚੰਗੇ ਨਹੀਂ ਲਗਦੇ...ਇਹਨੂੰ ਘਰ ਨਾ ਵੜਨ ਦਿਆ ਕਰੋ...ਐਸੇ ਲੀਚੜ ਕਿਸਮ ਦੇ ਮਨੁੱਖ ਨੇ ਮੇਰਾ ਸੱਸ ਸਹੁਰਾ...।"

ਕੱਲ੍ਹ ਰੱਜੀ ਨੇ ਮੋਹਨ ਬਾਬੂ ਨੂੰ ਇਹ ਇੱਕ ਨਵੀਂ ਖ਼ਬਰ ਸੁਣਾਈ ਸੀ।

"ਓ ਯਾਰ...ਨਾਨਕ ਦੁਖੀਆ ਸਭ ਸੰਸਾਰ...ਕਦੇ ਕੋਈ ਚੰਗੀ ਗੱਲ ਵੀ ਸੁਣਾਇਆ ਕਰਹਰ ਸਮੇਂ ਸੜੀਆਂ ਬਲੀਆਂ ਖ਼ਬਰਾਂ ਮੇਰੇ ਅੱਗੇ ਪਰੋਸਦੀ ਰਹਿੰਦੀ ਐਂ...।"

ਬੋਲਦੇ ਹੋਏ ਮੋਹਨ ਬਾਬੂ ਨੇ ਰੱਜੀ ਨੂੰ ਫਟਕਾਰ ਲਗਾਈ ਸੀ।

"ਲਉ ਫਿਰ ਆਪਣੇ ਮਤਲਬ ਦੀ ਵੀ ਸੁਣ ਲਉ...ਉਹ ਜਿਹੜੀ ਜਨਾਨੀ ਸੀ ਨਾ ..ਕੀ ਨਾਮ ਸੀ ਉਸਦਾ...ਹਾਂ, ਸ਼ਾਇਦ ਗੁਰਚਰਨ ...ਜਿਹੜੀ ਅੱਠ ਦਸ ਸਾਲ ਪਹਿਲਾਂ ਚਲੇ ਗਈ ਆਪਣੇ ਘਰਵਾਲੇ ਤੇ ਸੱਸ ਸਹੁਰਾ ਉਪਰ ਦਹੇਜ ਮੰਗਣ ਦੀ ਪੁਲਸ ਕੋਲ ਸ਼ਿਕਾਇਤ ਦਰਜ ਕਰਾ ਕੇ...ਘਰਵਾਲਾ ਤੇ ਸੱਸ ਸਹੁਰਾ ਹਫ਼ਤਾਭਰ ਜੇਲ੍ਹ ਵਿਚ ਰਹੇ ਸਨ...ਯਾਦ ਆਇਆ ਲੇਖਕ ਸਾਹਬ...? ਜਿਸਦੇ ਉਪਰ ਤੁਸੀਂ ਇੱਕ ਕਹਾਣੀ ਵੀ ਲਿਖੀ ਸੀ...ਜਿਸਦੇ ਘਰ ਵਾਲੇ ਨੇ ਇੱਕ ਦਿਨ ਸਵੇਰੇ ਪੰਜ ਵਜੇ ਸੈਰ ਕਰਦੇ ਸਾਨੂੰ ਪਾਰਕ ਵਿਚ ਪੁੱਛਿਆ ਸੀ ਕਿ ਤੁਸੀਂ ਉਸਦੀ ਘਰਵਾਲੀ ਨੂੰ ਤਾਂ ਨਹੀਂ ਦੇਖਿਆ...ਫਿਰ ਉਸਨੇ ਆਪਣੇ ਰੋਣੇ ਰੋਏ ਸਨ ਕਿ ਕਿਵੇਂ ਉਹ ਸਵੇਰੇ ਗੁਰੂਦੁਆਰਾ ਜਾਣ ਦੇ ਬਹਾਨੇ ਆਪਣੇ ਯਾਰ ਨੂੰ ਮਿਲ ਆਉਂਦੀ ਹੈ...ਉੱਸੇ ਚੱਕਰ ਵਿਚ ਉਹ ਸ਼ਹਿਰ ਦੇ ਚੜਦੇ ਪਾਸੇ ਵਾਲੇ ਮੁਹੱਲੇ ਤੋਂ ਬਦਲ ਕੇ ਇਧਰ ਆਏ ਸਨ...ਉਥੇ ਵੀ ਉਸਨੇ ਕਾਫੀ ਪੁੱਠ ਚੁੱਕਿਆ ਹੋਇਆ ਸੀ....ਬੱਚੇ ਨੂੰ ਟਿਊਸ਼ਨ ਛੱਡਣ ਦੇ ਬਹਾਨੇ ਆਪਣੇ ਯਾਰ ਨੂੰ ਮਿਲ ਆਉਂਦੀ ਸੀ...ਜਿਸਦੇ ਘਰ ਸਾਹਮਣਿਉਂ ਲੰਘਦੇ ਰੋਜ਼ ਤੁਹਾਡੀ ਨਜ਼ਰ ਉਸ ਨੂੰ ਲੱਭਦੀ ਰਹਿੰਦੀ ਸੀ...ਉਹੀ... ਆਇਆ ਕੁਝ ਯਾਦ...।"

ਰੱਜੀ ਅੱਖਾਂ ਮਟਕਾ ਮਟਕਾ ਕੇ ਮੋਹਨ ਬਾਬੂ ਨੂੰ ਦਸਦੀ ਤੇ ਪੁੱਛਦੀ ਹੈ।

"ਉਹ ਵਾਪਸ ਆ ਗਈ ਹੈ...?"

ਮੋਹਨ ਬਾਬੂ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਜਾਂਦਾ ਹੈ।

"ਹਾਂਜੀ...ਆ ਗਈ ਵਾਪਸ...ਹੁਣ ਫਿਰ ਤੋਂ ਲੰਘਦੇ ਵੜਦੇ ਤੁਹਾਡਾ  ਨੇਤਰ ਭੋਗ ਹੋ ਜਾਇਆ ਕਰੇਗਾ....ਦੇਖੋ ਕਿੰਝ ਵਾਸ਼ਾਂ ਖਿਲ ਗਈਆਂ ਨੇ ਲੇਖਕ ਸਾਹਬ ਦੀਆਂ...।"



ਬੋਲਦੀ ਹੋਈ ਰੱਜੀ ਖੱਚਰੀ ਹੱਸੀ ਹਸਦੀ ਹੈ।

ਮੋਹਨ ਬਾਬੂ ਚੁੱਪ ਰਹਿੰਦਾ ਹੈ।

"ਤੈਨੂੰ ਕਿਸਨੇ ਦੱਸਿਆ...?"

ਉਹ ਉਸ ਔਰਤ ਬਾਰੇ ਹੋਰ ਜਾਣਨ ਵਾਸਤੇ ਉਤਸਕ ਹੁੰਦਾ ਹੈ।

"ਕੱਲ੍ਹ ਮਿਲ ਪਈ ਸੀ ਮੈਨੂੰ ਬਾਜ਼ਾਰ ਵਿਚ...ਪਹਿਲਾਂ ਤਾਂ ਮੈਂ ਪਹਿਚਾਨਿਆ ਹੀ ਨਾ...ਹਥਣੀ ਬਣੀ ਪਈ ਹੈ ਖਾ ਖਾ ਕੇ....ਨਾਲ ਉਸਦਾ ਵੱਡਾ ਮੁੰਡਾ ਵੀ ਸੀ ਜਿਹੜਾ ਮੇਰੇ ਕੋਲ ਟਿਊਸ਼ਨ ਪੜ੍ਹਦਾ ਹੁੰਦਾ ਸੀ, ਉਹ ਹੁਣ ਬਾਹਰਵੀਂ ਜਮਾਤ ਵਿਚ ਪਹੁੰਚ ਗਿਆ...ਐਵੇਂ ਹੀ ਮਾਰੀ ਜਾ ਰਹੀ ਸੀ ਬਿਨ ਸਿਰ ਪੈਰ  ਦੀਆਂ...ਕੱਲ੍ਹ ਸ਼ਾਮੀਂ ਬੰਟੀ ਦੀ ਮੰਮੀ ਨੇ ਵੀ ਦੱਸਿਆ ਸੀ ਕਿ ਕੱਲ੍ਹ ਉਹੀ ਜਨਾਨੀ ਮੁਹੱਲੇ ਦੀਆਂ ਦੂਸਰੀਆਂ ਜਨਾਨੀਆਂ ਨਾਲ ਸਾਹਮਣੇ ਵਾਲੇ ਨਿੱਕੇ ਪਾਰਕ ਵਿਚ ਬੈਠੀ ਸੀ ਚਿੱਟਾ ਸੂਟ ਪਾ ਕੇ...ਕਿਸੇ ਬੱਚੇ ਦੇ ਸਾਇਕਲ ਦੇ ਪਹੀਏ ਵਿਚੋਂ ਕੁਝ ਚਿੱਕੜ ਦੀਆਂ ਸਿੱਟਾਂ ਉਸਦੇ ਸੂਟ ਉਪਰ ਪੈ ਗਈਆਂ ਸਨ...ਗਾਲਾਂ ਕੱਢਦੀ ਉਠੀ ਤੇ ਆਪਣੇ ਘਰ ਨੂੰ ਚਲੇ ਗਈ...ਅਖੇ- ਮੇਰਾ ਚਿੱਟਾ ਸੂਟ ਖਰਾਬ ਕਰ ਦਿੱਤੈ ਕੁੱਤੀੜ ਨੇ....ਮੈਂ ਸੋਚਿਆ ਕਿ ਕਿੰਝ ਸੂਟ ਦੇ ਦਾਗਾਂ ਦੀ ਗੱਲ ਕਰਦੀ ਪਈ ਹੈ...ਹੋਰ ਸਾਰੇ ਦਾਗ਼ ਭੁੱਲ ਗਈ...ਦੁਨੀਆਂ ਭਰ ਦੀ ਖੇਹ ਖਾਉਣ ਤੋਂ ਬਾਅਦ ਹੁਣ ਜਦੋਂ ਪੱਲੇ ਕੁਝ ਨਹੀਂ ਰਿਹਾ ਤਾਂ ਵਾਪਸ ਆ ਗਈ ਸਰਦਾਰ ਕੋਲ...ਅਖੇ- ਆਉਣਾ ਤਾਂ ਮੈਂ ਕਦੇ ਵੀ ਨਹੀਂ ਸੀ...ਬੱਚਿਆਂ ਖਾਤਰ ਆਈ ਹਾਂ ਵਾਪਸ...ਨਾਲੇ ਸਰਦਾਰ ਜੀ ਸਣੇ ਮਾਂ ਪਿਉ ਪੈਰੀਂ ਡਿਗ ਪਏ....ਧੰਨ ਹੈ ਉਹ ਸਰਦਾਰ ਜਿਸਨੇ ਫਿਰ ਇਸ ਡਾਇਨ ਨੂੰ ਅੰਦਰ ਵਾੜ ਲਿਆ...ਜੇ ਕਿਤੇ ਇੰਜ ਦੀ ਹਰਕਤ ਮੈਂ ਕੀਤੀ ਹੁੰਦੀ ਤਾਂ ਬੰਟੀ ਦੇ ਡੈਡੀ ਨੇ ਮੇਰਾ ਗਲਾ ਵੱਢ ਕੇ ਉਹ ਸੁਟਣਾ ਸੀ ਗੰਦੇ ਨਾਲ੍ਹੇ ਵਿਚ...ਇੱਕ ਨੰਬਰ ਦੀ ਹਰਾਮਦੀ ਹੈ ਇਹ ਜਨਾਨੀ...ਐਵੈਂ ਮੂੰਹ ਨਾ ਲਗਾਇਓ ਉਸਨੂੰ..।"

ਨਸੀਹਤ ਦਿੰਦੀ ਹੋਈ ਰੱਜੀ ਕਮਰੇ ਤੋਂ ਬਾਹਰ ਚਲੀ ਜਾਂਦੀ ਹੈ।

"ਹੋਰ ਮੈਂ ਕਿਸ ਉਪਰ ਕਹਾਣੀ ਲਿਖਾਂ...ਉਸ ਜਨਾਨੀ ਉਪਰ ਜਿਹੜੀ ਸਵੇਰੇ ਉਠਦੀ ਹੈ...ਰੋਟੀ ਪਾਣੀ ਤਿਆਰ ਕਰਦੀ ਹੈ...ਬੱਚਿਆਂ ਨੂੰ ਸਕੂਲ ਤੋਰਦੀ ਹੈ..ਫਿਰ ਪਤੀ ਦੇਵ ਨੂੰ...ਫਿਰ ਘਰ ਦਾ ਰਹਿੰਦਾ ਕੰਮ ਕਰਦੀ ਹੈ...ਫਿਰ ਟੀਵੀ ਲਗਾ ਕੇ ਸੱਸ ਨੂੰਹ ਦੇ ਸੀਰੀਅਲ ਦੇਖਦੀ ਹੈ...ਫਿਰ ਕੁਝ ਆਰਾਮ ਕਰਦੀ ਹੈ...ਸ਼ਾਮ ਨੂੰ ਬੱਚੇ ਆ ਜਾਂਦੇ ਨੇ...ਉਹਨਾਂ ਨੂੰ ਹੋਮ ਵਰਕ ਕਰਵਾਉਂਦੀ ਹੈ...ਫਿਰ ਪਤੀ ਦੇਵ ਆ ਜਾਂਦਾ ਹੈ...ਕਦੇ ਕਦੇ ਉਸ ਨਾਲ ਬਾਜ਼ਾਰ ਜਾ ਕੇ ਆਈਸ ਕਰੀਮ ਖਾ ਆਉਂਦੀ ਹੈ...ਮੈਂ ਤਾਂ ਕਹਾਣੀ ਉਸ ਜਨਾਨੀ ਉਪਰ ਲਿਖਾਂਗਾ ਨਾ ਜਿਹੜਾ ਪਤੀ ਦੀ ਗ਼ੈਰ ਹਾਜ਼ਰੀ ਵਿਚ ਬਿਨਾਂ ਦੱਸਿਆਂ ਆਪਣਿਆਂ ਦੋਸਤਾਂ ਨਾਲ ਫਿਲਮ ਵੇਖ ਆਉਂਦੀ ਹੈ...ਡਿਸਕੋ ਜਾ ਆਉਂਦੀ ਹੈ...ਪਤੀ ਦੇ ਪਰਤਣ ਤੋਂ ਪਹਿਲਾਂ ਘਰ ਮੁੜ ਆਉਂਦੀ ਹੈ.... ਯਾਰ, ਐਸੇ ਹੀ ਪਾਤਰ ਹੁੰਦੇ ਨੇ ਜਿਹੜੇ ਸਾਡੇ ਵਰਗੇ ਲੇਖਕਾਂ ਦਾ ਪ੍ਰੇਰਨਾਸਰੋਤ ਹੁੰਦੇ ਨੇ...।"

ਸੋਚਦਾ ਹੋਏ ਮੋਹਨ ਬਾਬੂ ਦੀਆਂ ਨਜ਼ਰਾਂ ਵਿਚ ਗੁਰਚਰਨ ਫੁਦਕਣ ਲੱਗ ਪੈਂਦੀ ਹੈ।

ਅਚਾਨਕ ਇੱਕ ਹੋਰ ਵਟ੍ਹਸਅੱਪ ਰਾਹੀਂ ਮੈਸੇਜ ਮੋਹਨ ਬਾਬੂ ਦੇ ਮੁਬਾਈਲ ਵਿਚ ਆਉਂਦਾ ਹੈ।

'ਜਦੋਂ ਤੁਹਾਡੇ ਕੋਲ ਕੋਈ ਚਰਿਤਰ ਹੁੰਦਾ ਹੈ ਤਾਂ ਤੁਸੀਂ ਇੱਕ ਕਿਸਮ ਦੇ ਮਨੋਰੋਗੀ ਹੁੰਦੇ ਹੋ।ਚਰਿਤਰ ਦਾ ਮਤਲਬ ਹੈ ਕਿ ਤੁਹਾਡੇ ਅੰਦਰ ਕੁੱਝ ਪੱਕਾ ਹੋ ਚੁੱਕਾ ਹੈ।ਚਰਿਤਰ ਦਾ ਮਤਲਬ ਤੁਹਾਡਾ ਅਤੀਤ ਹੈ।ਸੰਸਕਾਰ। ਚਰਿਤਰ ਦਾ ਮਤਲਬ ਕਿ ਤੁਸੀਂ ਉਸਦੇ ਕੈਦੀ ਹੋ ਗਏ ਹੋ।ਤੁਸੀਂ ਆਜ਼ਾਦ ਨਹੀਂ ਹੋ। ਚਰਿਤਰ ਦਾ ਮਤਲਬ ਹੈ ਕਿ ਤੁਸੀਂ ਉਸਦਾ ਕਬਚ ਪਹਿਣ ਲਿਆ

ਹੈ।ਤੁਸੀਂ ਆਜ਼ਾਦ ਮਨੁੱਖ ਨਹੀਂ ਰਹਿੰਦੇ। ਤੁਸੀਂ ਆਪਣਾ ਕੈਦਖਾਨਾ ਆਪਣੇ ਨਾਲ ਲੈ ਕੇ ਚਲਣਾ ਸ਼ੁਰੂ ਕਰ ਦਿੰਦੇ ਹੋ।ਬਹੁਤ ਹੀ ਸੂਖਮ ਕਿਸਮ ਦਾ ਕੈਦਖਾਨਾ।ਜੋ ਕੇਵਲ ਤੁਹਾਨੂੰ ਹੀ ਵਿਖਾਈ ਦਿੰਦਾ ਹੈ। ਸੱਚਾ ਮਨੁੱਖ ਤਾਂ ਹਮੇਸ਼ਾ ਹੀ ਚਰਿਤਰ ਵਿਹੁਣਾ ਹੀ ਹੋਵੇਗਾ- ਓਸ਼ੋ।'

ਉਹ ਮੈਸੇਜ਼ ਪੜ੍ਹਦਾ ਹੈ।

'ਕਮਾਲ ਦੀਆਂ ਗੱਲਾਂ ਕਰਦਾ ਹੈ ਓਸ਼ੋ...ਲੋਕਾਂ ਨੂੰ ਚਰਿਤਰਹੀਣ ਹੋਣ ਵਾਸਤੇ ਪ੍ਰੇਰਦਾ ਹੈ...ਸੱਚਾ ਮਨੁੱਖ ਬਣਨ ਵਾਸਤੇ ਚਰਿਤਰਹੀਣ ਹੋ ਜਾਉ...ਲੱਗੇ ਰਹੋ ਭਾਜੀ ਚਰਿਤਰਹੀਣ ਹੋਣ...।"

ਮੋਹਨ ਬਾਬੂ ਇਹ ਲਿਖ ਕੇ ਜੁਆਬ ਦਿੰਦਾ ਹੈ।

ਮੋਹਨ ਬਾਬੂ ਹੇਠਾਂ ਲੱਗੇ ਨਿੰਬੂਆਂ ਦੇ ਬੂਟੇ ਉਪਰ ਲੱਗ ਰਹੇ ਨਿੱਕੇ ਨਿੱਕੇ ਗੋਲ ਮਟੋਲ ਹਰੇ ਹਰੇ ਨਿੰਬੂਆਂ ਨੂੰ ਨਿਹਾਰਦਾ ਹੈ।

ਉਹ ਪੀਲਾ ਰੰਗ ਫੜ ਰਹੇ ਹਨ।

ਉਹ ਦੇਖਦਾ ਹੈ ਕਿ ਘੀਏ ਤੇ ਕਰੇਲਿਆਂ ਦੀਆਂ ਵੇਲਾਂ ਵੀ ਬੜੀ ਤੇਜ਼ ਗਤੀ ਨਾਲ ਵਧ ਰਹੀਆਂ ਹਨ।

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮੋਹਨ ਬਾਬੂ ਦੀ ਮਾਂ ਨੇ ਵਕਤ ਸਿਰ ਕਾਲੀਆਂ ਤੋਰੀਆਂ, ਭਿੰਡੀਆਂ, ਲਹੁਸਣ, ਪਿਆਜ, ਘੀਏ ਤੇ ਕਰੇਲਿਆਂ ਦੇ ਬੀਜ, ਬੀਜ ਦਿੱਤੇ ਸਨ।

ਜੂਨ ਮਹੀਨੇ ਵਿਚ ਇਹਨਾਂ ਨੂੰ ਫੱਲ ਲਗਣਾ ਸ਼ੁਰੂ ਹੋ ਜਾਣਗੇ ।ਫਿਰ ਡੇਢ ਦੋ ਮਹੀਨੇ ਉਹਨਾਂ ਦੇ ਘਰ, ਦਿਨ ਵਿਚ ਇਕ ਵਾਰ ਘੀਆ, ਘੱਦੂ ਜਾਂ ਕਾਲੀਆਂ ਤੋਰੀਆਂ ਦੀ ਸਬਜ਼ੀ ਦਾ ਬਣਨਾ ਤੈਅ ਹੁੰਦਾ ਹੈ ਤੇ ਹਫ਼ਤੇ ਵਿਚ ਦੋ ਵਾਰ ਕਰੇਲੇ। ਕਈ ਵਾਰ ਕਰੇਲਿਆਂ ਦਾ ਜੂਸ ਵੀ ਪੀਣ ਨੂੰ ਮਿਲ ਜਾਂਦਾ ਹੈ।ਜੋ ਹੋਰ ਕੁਝ ਨਹੀਂ ਤਾਂ ਘੱਟ ਤੋਂ ਘੱਟ ਘੀਏ ਦਾ ਰਾਇਤਾ ਤਾਂ ਕਿਤੇ ਗਿਆ ਨਹੀਂ।

ਕਦੇ ਕਦੇ ਕੋਈ ਬੁਲਬੁਲ ਆ ਬੈਠਦੀ ਹੈ।ਕਈ ਵਾਰ ਕੋਈ ਤਿਤਲੀ ਵੀ ਉਡਦੀ ਉਡਦੀ ਬਾਲਕੋਣੀ ਦੇ ਸਾਹਮਣੇ ਚੱਕਰ ਲਗਾਉਂਦੀ ਹੈ।ਬੁਲਬੁਲ ਦਾ ਚਹਿਚਹਾਉਣਾ ਤੇ ਤਿਤਲੀ ਦੇ ਰੰਗ ਦੇਖ ਕੇ ਮੋਹਨ ਬਾਬੂ ਨੂੰ ਚੰਗਾ ਲਗਦਾ ਹੈ।

ਕੁਝ ਦੇਰ ਦਿਮਾਗ ਨੂੰ ਆਰਾਮ ਦੇ ਕੇ ਉਹ ਫਿਰ ਕਮਰੇ ਅੰਦਰ ਆ ਕੇ ਕੰਪਿਉਟਰ ਅੱਗੇ ਬੈਠ ਜਾਂਦਾ ਹੈ।

ਟੇਬਲ ਉਪਰ ਕੰਪਿਊਟਰ ਦਾ ਮੋਨੀਟਰ ਹੈ।ਹੇਠਲੇ ਪਾਸੇ ਸੀ.ਪੀ.ਯੂ., ਸਪੀਕਰ ਤੇ ਇਕ ਦੋ ਪੁਰਾਣੇ ਖਰਾਬ ਹੋਏ ਰਿਮੋਟ ਕੰਟਰੋਲ ਆਦਿ ਪਏ ਹਨ।ਲੈਂਡ ਲਾਈਨ ਟੈਲੀਫ਼ੋਨ ਦਾ ਇੱਕ ਸੈੱਟ ਵੀ।

ਟੇਬਲ ਉਪਰ ਕੁਝ ਰਸਾਲੇ, ਚਿੱਠੀਆਂ ਤੇ ਡਾਕ ਦੁਆਰਾ ਆਈਆਂ ਕੁਝ ਅਖ਼ਬਾਰਾਂ ਪਈਆਂ ਹਨ।ਦੋ ਸ਼ੀਸ਼ੀਆਂ ਆਯੁਰਵੇਦਕ ਦਵਾਈ ਦੀਆਂ ਹਨ।ਤਿੰਨ ਤਾਕਤ ਵਧਾਉਣ ਵਾਲੇ ਕੈਪਸੂਲਾਂ ਦੀਆਂ।ਸ਼ਿਲਾਜੀਤ ਤੇ ਮੂਸਲੀ ਦੀਆਂ ਡੱਬੀਆਂ ਵੀ ਪਈਆਂ ਹਨ।

ਇਕ ਸੁਨਹਿਰੀ ਫਰੇਮ ਵਾਲੀ ਐਨਕ ਵੀ ਪਈ ਹੈ, ਜੋ ਡੱਬੀ ਵਿਚ ਬੰਦ ਹੈ।ਜਿਸਨੂੰ ਮੋਹਨ ਬਾਬੂ ਕਦੇ ਕਦੇ ਲਗਾਉਂਦਾ ਹੈ। ਉਹ ਜੀਵਨ ਦੇ ਪੰਜਾਹਵੇਂ ਸਾਲ ਵਿਚ ਦਾਖਲ ਹੋ ਗਿਆ ਹੈ ਪਰ ਅਜੇ ਤਕ ਉਸਨੂੰ ਨਜ਼ਰ ਵਾਲੀ ਐਨਕ ਨਹੀਂ ਲੱਗੀ ਹੈ ਪਰ ਰੱਜੀ ਨੂੰ ਚਾਰ ਪੰਜ ਸਾਲ ਪਹਿਲਾਂ ਹੀ ਐਨਕ ਲੱਗ ਗਈ ਸੀ।ਹੁਣ ਉਹ ਬਿਨਾਂ ਐਨਕ ਦੇ ਨਾ ਤਾਂ ਅਖ਼ਬਾਰ ਪੜ੍ਹ ਸਕਦੀ ਹੈ ਨਾ ਹੀ ਮੁਬਾਈਲ ਫੋਨ ਉਪਰ ਕੋਈ ਮੈਸੈਜ਼ ।



ਇਹ ਮੋਹਨ ਬਾਬੂ ਵਾਸਤੇ ਫਾਇਦੇ ਦਾ ਸੌਦਾ ਹੈ।ਰੱਜੀ ਨੂੰ ਪਤਾ ਨਹੀਂ ਚਲ ਪਾਉਂਦਾ ਕਿ ਉਹ ਕਿਸ ਨਾਲ ਚੈਟ ਕਰ ਰਿਹਾ ਹੈ।ਫੋਨ ਕਿਸਦਾ ਆਇਆ ਹੋਇਆ ਹੈ ਪਰ ਰੱਜੀ ਦੀ ਸੁੰਘਣ ਸ਼ਕਤੀ ਇੰਨੀ ਜ਼ਿਆਦਾ ਤਿੱਖੀ ਹੈ ਕਿ ਉਹ ਦੋ ਮੀਲ ਉਪਰ ਬਣ ਰਹੀ ਸਬਜ਼ੀ ਦੀ ਖੁਸ਼ਬੂ ਤੋਂ ਪਤਾ ਲਗਾ ਲੈਂਦੀ ਹੈ ਕਿ ਕਿਹੜੀ ਸਬਜ਼ੀ ਬਣ ਰਹੀ ਹੈ।ਸਬਜ਼ੀ ਲੱਗ ਗਈ ਹੋਵੇ ਤਾਂ ਉਹ ਇਸ ਬਾਰੇ ਵੀ ਚਾਨਣਾ ਪਾ ਦਿੰਦੀ ਹੈ।ਹਲਵਾ ਪਰਖਣ ਵਿਚ ਤਾਂ ਉਸਨੂੰ ਕੋਈ ਮਾਤ ਨਹੀਂ ਦੇ ਸਕਦਾ।ਜੋ ਹਲਵਾ ਦੂਰ ਕਿਸੇ ਦੇ ਘਰ ਬਣ ਰਿਹਾ ਹੁੰਦਾ ਹੈ,ਦੇਸੀ ਘਿਉ ਵਿਚ ਭੁਨਿਆਂ ਜਾ ਰਿਹਾ ਹੈ ਕਿ ਜਾਂ ਡਾਲਡਾ ਵਿਚ, ਉਸ ਵਿਚ ਬਦਾਮ ਦੀਆਂ ਗਿਰੀਆ ਦੇ ਨਾਲ ਨਾਲ ਸੌਗੀ ਵੀ ਹੈ ਕਿ ਨਹੀਂ ਇਸ ਸਭ ਕਾਸੇ ਦਾ ਉਸਨੂੰ ਪੂਰਾ ਤੇ ਸਹੀ ਅੰਦਾਜਾ ਹੋ ਜਾਂਦਾ ਹੈ।ਹਰ ਫੁੱਲ ਦੀ ਖੁਸ਼ਬੂ ਵਿਚ ਅੰਤਰ ਉਹ ਭਲੀ ਭਾਂਤੀ ਦੱਸ ਸਕਦੀ ਹੈ।

ਇਸ ਪ੍ਰਕਾਰ ਦੀਆਂ ਸ਼ਕਤੀਆ ਕੋਲੋਂ ਰੱਬ ਨੇ ਮੋਹਨ ਬਾਬੂ ਨੂੰ ਸੱਖਣਾ ਹੀ ਰੱਖਿਆ ਹੈ।ਜਦੋਂ ਤਕ ਕੋਈ ਬਦਬੂ ਜਾਂ ਖੁਸ਼ਬੂ ਉਸਦੇ ਨੱਕ ਅੰਦਰ ਖਾਰਸ਼ ਨਾ ਕਰਨਾ ਸ਼ੁਰੂ ਕਰ ਦੇਵੇ ਤਦ ਤਕ ਉਸਨੂੰ ਕੋਈ ਅਭਾਸ ਨਹੀਂ ਹੁੰਦਾ ਕਿ ਕਿਤੇ ਕੁਝ ਵਾਪਰ ਰਿਹਾ ਹੈ।ਉਹ ਸਮਝਦਾ ਹੈ ਕਿ ਇਹ ਸਾਰਾ ਕੁਦਰਤ ਦਾ ਖ਼ੇਲ੍ਹ ਹੈ।ਕੋਈ ਕਿਤੇ ਪਾਸ ਹੈ ਤੇ ਕੋਈ ਕਿਤੇ ਫੇਲ੍ਹ ਹੈ।

ਟੇਬਲ ਉਪਰ ਇੱਕ ਡੱਬਾ ਪਿਆ ਹੈ।ਜਿਸ ਵਿਚ ਕੁਝ ਬਦਾਮ ਪਏ ਰਹਿੰਦੇ ਹਨ।

ਅਕਸਰ ਸਵੇਰੇ ਸੈਰ ਉਪਰ ਜਾਣ ਲੱਗਿਆਂ ਮੋਹਨ ਬਾਬੂ ਕੁਝ ਭਿਉਏਂ ਹੋਏ ਬਦਾਮਾਂ ਦੀਆਂ ਗਿਰੀਆਂ ਆਪ ਖਾਂਦਾ ਹੈ ਤੇ ਕੁਝ ਰੱਜੀ ਨੂੰ ਦਿੰਦਾ ਹੈ।ਉਹਨਾਂ ਨੂੰ ਕਿਸੇ ਨੇ ਦੱਸਿਆ ਹੋਇਆ ਹੈ ਕਿ ਬਦਾਮ ਖਾਣ ਨਾਲ ਕਲਸਟਰੋਲ ਨਹੀਂ ਵਧਦਾ ਤੇ ਬਲੱਡ ਪ੍ਰੈਸ਼ਰ ਵੀ ਨਿਯੰਤਰਣ ਰਹਿੰਦਾ ਹੈ।ਦਿਲ ਦੀਆਂ ਬਿਮਾਰੀਆਂ ਤੋਂ ਵੀ ਬਚਾਅ ਰਹਿੰਦਾ ਹੈ।ਬੰਦੇ ਵਿਚ ਹੁਸ਼ਿਆਰੀ ਬਣੀ ਰਹਿੰਦੀ ਹੈ।ਇਸੇ ਕਰਕੇ ਰੱਜੀ ਬਦਾਮਾਂ ਦੀਆਂ ਗਿਰੀਆਂ ਨੂੰ ਰੋਜ਼ ਪਾਣੀ ਵਿਚ ਭਿਉਣਾ ਕਦੇ ਨਹੀਂ ਭੁਲਦੀ।

ਉਹ ਦੋਨੋਂ ਰੋਜ਼ ਸਵੇਰੇ ਪੰਜ ਕੁ ਵਜੇ ਦੇ ਆਸਪਾਸ ਨੇੜੇ ਬਣੇ ਪਾਰਕ ਵਿਚ ਸੈਰ ਕਰਨ ਜਾਂਦੇ ਹਨ।

ਰੂਟੀਨ ਵਿਚ ਸੈਰ ਕਰਨ ਆਉਣ ਵਾਲੇ ਲੋਕਾਂ ਦੇ ਮੋਹਨ ਬਾਬੂ ਨੇ ਆਪਣੇ ਵੱਲੋਂ ਨਾਮ ਕੁਨਾਮ ਪਾਏ ਹੋਏ ਹਨ।

ਇਕ ਔਰਤ ਦਾ ਨਾਮ 'ਰਨਿੰਗ ਲੇਡੀ' ਤੇ ਇੱਕ ਆਦਮੀ ਦਾ 'ਫਲਾਇੰਗ ਮੈਨ' ਰੱਖਿਆ ਹੋਇਆ ਹੈ ਕਿਉਂਕਿ ਜਦੋਂ ਵੀ ਦੇਖਦਾ ਹੈ ਤਾਂ ਉਹ ਦੌੜ ਹੀ ਰਹੇ ਹੁੰਦੇ ਹਨ।

"ਮੈਨੂੰ ਤਾਂ ਲਗਦਾ ਹੈ ਕਿ ਇਹਨਾਂ ਦੀ ਮਾਂ ਨੇ ਇਹਨਾਂ ਦੋਨਾਂ ਨੂੰ ਦੌੜਦੇ ਹੋਏ ਹੀ ਜੰਮਿਆ ਹੋਣੈ...।"

ਉਹਨਾਂ ਵੱਲ ਦੇਖ ਮੋਹਨ ਬਾਬੂ ਬੋਲਦਾ ਹੋਇਆ ਖੱਚਰੀ ਹੱਸੀ ਹਸਦਾ ਹੈ।

ਇਕ ਦਿਨ ਨੇੜੇ ਨੇੜੇ ਬੈਠ ਯੋਗਾ ਕਰਦੇ ਹੋਏ ਰੱਜੀ ਨੇ 'ਰਨਿੰਗ ਲੇਡੀ' ਨਾਲ ਗੁਫ਼ਤਗੂ ਕਰਦੇ ਹੋਏ ਉਸਨੂੰ ਉਸਦੇ ਬੱਚਿਆਂ ਬਾਰੇ ਅਚਾਨਕ ਪੁੱਛ ਲਿਆ ਤਾਂ ਰਨਿੰਗ ਲੇਡੀ ਬੋਲੀ,"ਬਸ ਭੈਣਜੀ ਇੱਕੋ ਬੇਟਾ ਹੀ ਹੈਉਹ ਇੰਜੀਨਿਅਰਿੰਗ ਕਰਦਾ ਪਿਆ ਹੈ ਬੰਗਲੋਰ ਵਿਚ.।"

"ਬਸ ਇੱਕ ਬੇਟਾ ਹੀਹੋਰ ਉਸਦਾ ਕੋਈ ਭੈਣ ਭਰਾ ਨਹੀਂ ?"

ਰੱਜੀ ਨੇ ਪੁੱਛਿਆ।

"ਬਸ ਇੱਕ ਹੀ....ਭੈਣਜੀ, ਅੱਜ ਦੇ ਜ਼ਮਾਨੇ ਵਿਚ ਬੱਚਾ ਪੈਦਾ ਕਰਨਾ ਕੋਈ ਔਖਾ ਕੰਮ ਨਹੀਂ ਹੈ ਪਰ ਬੱਚਾ ਅਫੋਰਡ ਕਰਨਾ ਬਹੁਤ ਮੁਸ਼ਕਿਲ ਹੈਮਹਿੰਗਾਈ ਪਤਾ ਕਿੰਨੀ ਹੈਸਾਡੇ ਕੋਲੋਂ

ਤਾਂ ਇੱਕ ਹੀ ਬੱਚਾ ਅਫੋਰਡ ਨਹੀਂ ਹੋ ਰਿਹਾਦਾਖਲੇ ਸਮੇਂ ਮੋਟੀ ਫੀਸ ਤੇ ਫਿਰ ਹਰ ਮਹੀਨੇ ਦਾ ਉਸਦਾ ਹੋਸਟਲ ਤੇ ਜੇਬ ਖਰਚਾ ਹੀ ਨਹੀਂ ਪੂਰਾ ਹੁੰਦਾ...ਜਦੋਂ ਵੀ ਦੂਸਰੇ ਤੀਸਰੇ ਦਿਨ ਫ਼ੋਨ ਕਰਦਾ ਹੈ ਤਾਂ ਜਦੋਂ ਉਹ ਬੜਾ ਮੋਹ ਜਤਾਉਂਦਾ ਹੈ...ਮੰਮਾ ਆਈ ਲਵ ਯੂ...ਆਈ ਮਿਸ ਯੂ ਬੋਲਣਾ ਸ਼ੁਰੂ ਕਰਦਾ ਹੈ ਤਾਂ ਮੈਨੂੰ ਪਤਾ ਲੱਗ ਜਾਂਦੈ ਕਿ ਇਹ ਲਵ ਤੇ ਮੀਸਿੰਗ ਮੈਨੂੰ ਦਸ ਹਜ਼ਾਰ ਤੋਂ ਘੱਟ ਨਹੀਂ ਪੈਣਾ...ਸੋ ਭੈਣਜੀ ਇੱਕ ਹੀ ਬਹੁਤ ਹੈ...ਜੇ ਇੱਕ ਬੱਚਾ ਹੋਰ ਹੁੰਦਾ, ਸਾਡੀ ਤਾਂ ਬੈਂਡ ਵੱਜ ਜਾਣੀ ਸੀ ਹੁਣ ਤਕ....?"

ਬੋਲਦੀ ਹੋਈ ਰਨਿੰਗ ਲੇਡੀ ਨੇ ਹੱਥ ਦੀ ਇੱਕ ਉਂਗਲੀ ਆਪਣੇ ਨੱਕ ਦੇ ਸੱਜੇ ਪਾਸੇ ਉਪਰ ਰੱਖ ਕੇ ਅਜੀਬ ਕਿਸਮ ਦੀ ਆਵਾਜ਼ ਕੱਢਣਾ ਸ਼ੁਰੂ ਕਰ ਦਿੱਤੀ।

" ਭੈਣਜੀ ਤੁਸੀਂ ਵੀ ਰਨਿੰਗ ਕਰਿਆ ਕਰੋ...ਅਲੋਮ ਵਿਲੋਮ ਵੀ...ਇਸ ਨਾਲ ਦਿਮਾਗ ਤੇ ਸ਼ਰੀਰ ਤਰੋਤਾਜ਼ਾ ਰਹਿੰਦੇ ਹਨ...।"

ਰਨਿੰਗ ਲੇਡੀ ਨੇ ਰੱਜੀ ਨੂੰ ਸਲਾਹ ਦਿੱਤੀ।

ਉਸ ਦਿਨ ਤੋਂ ਬਾਅਦ ਉਹਨਾਂ ਦੀ ਹਮੇਸ਼ਾ ਕੋਸ਼ਿਸ਼ ਹੁੰਦੀ ਕਿ ਰਨਿੰਗ ਲੇਡੀ ਨਾਲ ਯੋਗਾ ਨਾ ਕਰਨਾ ਹੀ ਉਹਨਾਂ ਦੀ ਸਿਹਤ ਲਈ ਚੰਗਾ ਰਹੇਗਾ।

ਕਈ ਬੁੱਢੇ ਤਾਂ ਕਿਸੇ ਔਰਤ ਨੂੰ ਸੈਰ ਕਰਦਿਆਂ ਤਦ ਤੀਕ ਦੇਖਦੇ ਰਹਿੰਦੇ ਹਨ ਜਦ ਤੀਕ ਉਹ ਉਹਨਾਂ ਦੀ ਨਜ਼ਰ ਤੋਂ ਓਹਲੇ ਨਹੀਂ ਹੋ ਜਾਂਦੀ।

ਸੈਰ ਕਰਨ ਵਾਲਿਆਂ ਵਿਚ ਸੇਵਾਮੁਕਤ ਲੋਕਾਂ ਦਾ ਇੱਕ ਜੱਥਾ ਵੀ ਹੈ।ਜਿਸਦਾ ਨਾਮ 'ਰੇਡੀਓ ਸਟੇਸ਼ਨ' ਰੱਖਿਆ ਹੋਇਆ ਕਿਉਂਕਿ ਉਹ ਸਵੇਰੇ ਸਵੇਰੇ ਪਿਛਲੇ ਕੱਲ੍ਹ ਦੀਆਂ ਖ਼ਬਰਾਂ ਦਾ ਚੀਰਫਾੜ ਕਰਨ ਵਿਚ ਰੁਝ ਜਾਂਦੇ ਹਨ।ਉਹ ਨਾ ਤਾਂ ਕਿਸੇ ਮੁੱਖ ਮੰਤਰੀ ਨੂੰ ਬਖਸ਼ਦੇ ਹਨ ਤੇ ਨਾ ਹੀ ਪ੍ਰਧਾਨ ਮੰਤਰੀ ਨੂੰ।ਉਹਨਾਂ ਦਾ ਵੱਸ ਚਲੇ ਤਾਂ ਉਹ ਦਾਊਦ ਇਬਰਾਹੀਮ ਨੂੰ ਰਾਤੋ ਰਾਤ ਕਾਬੂ ਕਰਕੇ ਅਗਲੇ ਦਿਨ ਫ਼ਾਂਸੀ ਚੜ੍ਹਾ ਦੇਣ।ਉਹ ਆਪਣੀ ਪੈਂਸ਼ਨ ਤੇ ਨਵੇਂ ਪੇਅ ਕਮੀਸ਼ਨ ਬਾਰੇ ਬਹੁਤੀਆਂ ਗੱਲਾਂ ਵਿਚ ਉਲਝੇ ਰਹਿੰਦੇ ਹਨ।ਉੱਚੀ ਉੱਚੀ ਬੋਲ ਉਹਨਾਂ ਸਾਰਾ ਪਾਰਕ ਸਿਰ ਉਪਰ ਚੁੱਕਿਆ ਹੁੰਦਾ ਹੈ।

ਮੋਹਨ ਬਾਬੂ ਨੂੰ ਸੈਰ ਕਰਦੀਆਂ ਔਰਤਾਂ ਚੰਗੀਆਂ ਲਗਦੀਆਂ ਹਨ।ਕਈਆਂ ਦੇ ਚਿਹਰੇ ਖਿਚ ਪਾਉਂਦੇ ਹਨ ਤੇ ਕਈਆਂ ਨੂੰ ਦੇਖ ਕੇ ਮੂਡ ਖਰਾਬ ਹੋ ਜਾਂਦਾ ਹੈ।ਕਈ ਤਾਂ ਇੰਝ ਬਣ ਠਣ ਕੇ ਆਉਂਦੀਆਂ ਹਨ ਜਿਵੇਂ ਉਹ ਸੈਰ ਵਾਸਤੇ ਨਹੀਂ ਸਗੋਂ ਕਿਸੇ ਪਾਰਟੀ ਵਿਚ ਜਾ ਰਹੀਆਂ ਹੁੰਦੀਆਂ ਹੋਣ।ਕਈ ਬਿਨਾਂ ਹੱਥ ਮੂੰਹ ਧੋਏ, ਉਠਦੇ ਸਾਰ ਹੀ ਸੈਰ ਨੂੰ ਆ ਜਾਂਦੀਆਂ ਹਨ।ਉਹਨਾਂ ਦੇ ਵਾਲ ਵਿਖਰੇ ਤੇ ਉਲਝੇ ਹੁੰਦੇ ਹਨ।ਅੱਖਾਂ ਵਿਚ ਗਿਦ ਵੀ ਜੰਮੀ ਹੁੰਦੀ ਹੈ।ਲਿਬਾਸ ਵੀ ਬੇਮੇਲ ਹੁੰਦਾ ਹੈ।ਦੇਖਣ ਉਪਰ ਇੱਕ ਦਮ ਭੱਦੀਆਂ ਲਗਦੀਆਂ ਹਨ।ਕਈਆਂ ਦੇ ਸ਼ਰੀਰ ਉਪਰ ਮਾਸ ਲੱਭਿਆਂ ਵੀ ਨਹੀਂ ਲਭਦਾ ਤੇ ਕਈਆਂ ਦਾ ਸੰਭਾਲਿਆਂ ਨਹੀਂ ਸੰਭਲਦਾ।

ਮਨ ਹੀ ਮਨ ਮੋਹਨ ਬਾਬੂ ਉਹਨਾਂ ਦੇ ਸ਼ਰੀਰ ਦਾ ਐਕਸ-ਰੇ ਕਰਦਾ ਰਹਿੰਦਾ ਹੈ।

ਰੱਜੀ ਨੂੰ ਮੋਹਨ ਬਾਬੂ ਦੀ ਇਸ ਕਮਜ਼ੋਰੀ ਬਾਰੇ ਪਤਾ ਹੈ।

"ਤੂੰ ਔਰਤਾਂ ਨੂੰ ਤਾਂ ਇਵੇਂ ਦੇਖਨੈਂ ਜਿਵੇਂ ਉਹਨਾਂ ਨੂੰ ਖਾਹ ਜਾਣਾ ਹੋਵੇ...ਮੈਨੂੰ ਤਾਂ ਲਗਦੈ ਕਿਸੇ ਦਿਨ ਪੈ ਜਾਣੀਆਂ ਨੇ ਕਿਸੇ ਕੋਲੋਂ...ਸੁਧਰ ਜਾਉ ਲੇਖਕ ਜੀਨਹੀਂ ਤਾਂ ਕਿਸੇ ਦਿਨ ਪਟਾਕੇ ਪੈ ਜਾਣੇ ਨੇ...ਮੈਂ ਵੀ ਉਹਨਾਂ ਨਾਲ ਹੀ ਮਿਲ ਜਾਣੈ...।"

ਮੋਹਨ ਬਾਬੂ ਦੀ ਰੱਜੀ ਕਈ ਵਾਰ ਉਸ ਨੂੰ ਮਜ਼ਾਕੀਆ ਲਹਿਜ਼ੇ ਵਿਚ ਸਲਾਹ ਦਿੰਦੀ ਹੈ।



"ਯਾਰ ਖ਼ੂਬਸੂਰਤੀ ਦੇਖਣ ਵਾਸਤੇ ਹੀ ਹੁੰਦੀ ਹੈ ਨਾਮੈਂ ਕਿਹੜਾ ਕਿਸੇ ਔਰਤ ਨੂੰ ਛੇੜਦਾ ਹਾਂ...ਤੈਨੂੰ ਫਿਰ ਵੀ ਤਕਲੀਫ਼ ਹੁੰਦੀ ਹੈ...ਯਾਰ ਮੈਂ ਹੁਣ ਸੂਰਦਾਸ ਬਣ ਕੇ ਤਾਂ ਸੈਰ ਕਰ ਨਹੀਂ ਸਕਦਾ।"

ਮੋਹਨ ਬਾਬੂ ਆਪਣਾ ਹੀ ਤਰਕ ਹੁੰਦਾ ਹੈ।

ਇਕ ਦਿਨ ਖ਼ੂਬਸੂਰਤ ਤੇ ਕੁਝ ਭਾਰੀ ਵਜਨ ਦੀ ਔਰਤ ਵੀ ਸੈਰ ਕਰ ਰਹੀ ਸੀ।

"ਯਾਰ ਇਸਦਾ ਪਿਛਵਾੜਾ ਦੇਖ...!"

ਮੋਹਨ ਬਾਬੂ ਕੋਲੋਂ ਬੋਲਿਆਂ ਵਗੈਰ ਰਿਹਾ ਨਹੀਂ ਗਿਆ।

"ਉਸਦਾ ਪਿਛਵਾੜਾ ਤਾਂ ਸੋਹਣਾ ਲੱਗ ਰਿਹਾ ਹੈ ਪਰ ਉਸ ਅੰਦਰ ਢਾਈ ਵੱਟੀ ਗੰਦ ਭਰਿਆ ਹੋਇਐ ਉਹ ਤੈਨੂੰ ਵਿਖਾਈ ਨਹੀਂ ਦੇ ਰਿਹਾ...।"

ਰੱਜੀ ਦੇ ਇਹ ਬੋਲ ਸੁਣ ਕੇ ਮੋਹਨ ਬਾਬੂ ਨੇ ਆਪਣੀ ਸੈਰ ਕਰਨ ਦੀ ਗਤੀ ਵਧਾ ਲਈ ਸੀ।

ਪਾਰਕ ਵਿਚ ਕਈ ਵਾਰ ਮੋਹਨ ਬਾਬੂ ਦਾ ਇਕ ਦੂਰ ਦੇ ਰਿਸ਼ਤੇਦਾਰ ਰਾਮ ਬਾਬੂ ਨਾਲ ਵੀ ਆਹਮਣਾ ਸਾਹਮਣਾ ਹੋ ਜਾਂਦਾ ਹੈ।ਉਹ ਦੂਸਰੇ ਮੁਹੱਲੇ ਵਿਚ ਰਹਿੰਦਾ ਹੈ।ਹਮੇਸ਼ਾ ਹੱਥ ਵਿਚ ਇਕ ਪਰੈਣੀ ਫੜੀ ਹੁੰਦੀ ਹੈ।ਕਈ ਵਾਰੀ ਜਦੋਂ ਇੱਕ ਦੂਸਰੇ ਦਾ ਹਾਲਚਾਲ ਪੁੱਛ ਰਹੇ ਹੁੰਦੇ ਹਨ ਤਾਂ ਇਕ ਮੋਨਾ ਘੋਨਾ ਜਿਹਾ ਬੰਦਾ, ਜਿਹੜਾ ਉਸ ਦੇ ਸ਼ਰੀਕੇ ਵਿਚੋਂ ਹੈ, ਉਹ ਉਹਨਾਂ ਕੋਲੋਂ ਗੁਜਰਦਾ ਹੈ।

"ਕਿਵੇਂ ਕਿਰਲੇ ਵਾਂਗ ਆਕੜ ਕੇ ਚਲਦੈ ਇਹ ਰਾਮ ਪਿਆਰਾ....ਇਹਦਾ ਦਿਮਾਗ ਹਮੇਸ਼ਾ ਸੱਤਵੇਂ ਆਸਮਾਨ ਉਪਰ ਰਹਿੰਦਾ ਹੈ...ਇਸ ਕੋਲ ਮਾਰੂਤੀ ਕਾਰ ਹੁੰਦੀ ਸੀ ਕਿਸੇ ਵੇਲੇ...ਉਸੇ ਦੇ ਸਿਰ 'ਤੇ ਆਪਣੇ ਆਪ ਨੂੰ ਵੱਡਾ ਰਹੀਸ ਸਮਝਦਾ ਸੀ...ਅਜੇ ਵੀ ਉਹੀ ਮਾਰੂਤੀ ਨੂੰ ਲਿਸ਼ਕਾ ਚਮਕਾ ਕੇ ਰਖਦੈ...ਇਹਨੂੰ ਇਹ ਨਹੀ ਪਤਾ ਕਿ ਅੱਜ ਕੱਲ੍ਹ ਤਾਂ ਭਈਏ ਵੀ ਮਾਰੂਤੀ ਨਹੀਂ ਰੱਖਦੇ...ਨੌਕਰੀ ਦੌਰਾਨ ਇਸਨੇ ਆਪਣੇ ਸਰਕਾਰੀ ਮਹਿਕਮੇ ਨੂੰ ਚਾਰ ਚਾਰ ਹੱਥਾਂ ਨਾਲ ਲੁੱਟਿਆ ਸੀ...ਦੋ ਦੋ ਕੋਠੀਆਂ ਬਣਾ ਲਈਆਂ...ਬਸ ਦੋ ਕੁੜੀਆਂ ਹੀ ਨੇ ਇਸ ਦੀਆਂ... ਵੱਡੀ ਚਾਲੀਆਂ ਨੂੰ ਪਾਰ ਕਰ ਗਈ ਹੈ...ਅਜੇ ਵੀ ਅਣਵਿਆਹੀ ਹੈ...ਸਰਕਾਰੀ ਨੌਕਰੀ ਕਰਦੀ ਹੈ...ਉਸਨੂੰ ਅਜੇ ਤਕ ਕੋਈ ਮੁੰਡਾ ਹੀ ਪਸੰਦ ਨਹੀਂ ਆਇਆ ਤੇ ਹੁਣ ਕਿਸੇ ਨੂੰ ਉਹ ਪਸੰਦ ਨਹੀਂ ਆਉਂਦੀ...ਉਸਦੀਆਂ ਕਈ ਸਹੇਲੀਆਂ ਨੇ ਅੱਗੇ ਆਪਣੀਆਂ ਧੀਆਂ ਤਕ ਵਿਆਹ ਲਈਆਂ ਨੇਜਿਹੜੀ ਨਿੱਕੀ ਸੀ ਉਹ ਆਸਟ੍ਰੇਲੀਆ ਗਈ ਸੀ ਪੜ੍ਹਨ ਵਾਸਤੇ ...ਉਸਨੇ ਉਥੇ ਹੀ ਕਿਸੇ ਕਾਲੇ-ਗੋਰੇ ਨਾਲ ਵਿਆਹ ਕਰਵਾ ਲਿਆ...ਉਹ ਕਦੇ ਵਾਪਸ ਹੀ ਨਹੀਂ ਆਈ...ਘਰ ਵਾਲੀ ਨੂੰ ਅਧਰੰਗ ਹੋਇਆ ਪਿਆ ਹੈ...ਉਹ ਮੰਜੀ ਨਾਲ ਮੰਜੀ ਹੋਈ ਪਈ ਹੈ ਤੇ ਆਪ ਇਹ ਇੱਥੇ ਚੌਧਰੀ ਬਣਿਆ ਘੁੰਮਦਾ ਰਹਿੰਦਾ ਹੈ...ਫ਼ੁੱਕਰਾ ਸਾਲਾ....ਮੈਂ ਤਾਂ ਇਸਨੂੰ ਮੂੰਹ ਨਹੀਂ ਲਗਾਉਂਦਾ।"

ਆਪਣੇ ਸ਼ਰੀਕੇ ਉਪਰ ਭੜਾਸ ਕੱਢ ਕੇ ਰਾਮ ਬਾਬੂ ਦੇ ਮਨ ਨੂੰ ਬਹੁਤ ਸਕੂਨ ਮਿਲਦਾ ਹੈ।

ਮੋਹਨ ਬਾਬੂ ਨੂੰ ਇਹ ਵੀ ਪਤਾ ਹੈ ਕਿ ਜਿਵੇਂ ਉਸਨੇ ਲੋਕਾਂ ਦੇ ਨਾਮ ਪਾਏ ਹੋਏ ਹਨ ਉਵੇਂ ਹੀ ਉਸਦਾ ਵੀ ਕਿਸੇ ਨਾ ਕਿਸੇ ਨੇ ਜ਼ਰੂਰ ਕੋਈ ਨਾਮ ਰੱਖਿਆ ਹੋਣਾ ਹੈ ਜਿਵੇਂ ਕਿ ਗੰਜਾ ਭਾਈ।

ਟੇਬਲ ਉਪਰ ਇੰਟਰਨੈੱਟ ਦਾ ਯੰਤਰ ਪਿਆ ਹੈ।ਵਾਈ ਫਾਈ ਵੀ ਲੱਗਾ ਹੋਇਆ ਹੈ।ਕੁੱਝ ਪੁਰਾਣੀਆਂ ਐਲਬਮਾਂ ਵੀ ਪਈਆਂ ਹਨ।ਟੀਵੀ ਤੇ ਏ.ਸੀ. ਰਿਮੋਟ ਕੰਟਰੋਲ ਵੀ ।

ਕੰਪਿਊਟਰ ਟੇਬਲ ਦੇ ਖੱਬੇ ਪਾਸੇ ਹੀ ਇਕ ਛੋਟਾ ਸਟੂਲ ਵੀ ਪਿਆ ਹੈ ਉਸ ਉਪਰ ਵੀਹ ਪੰਝੀ ਕਿਤਾਬਾਂ ਤੇ ਰਸਾਲੇ ਪਏ ਹਨ।

ਉਹਨਾਂ ਉਪਰ ਅਕਸਰ ਘੱਟਾ ਮਿੱਟੀ ਜੰਮਿਆਂ ਰਹਿੰਦਾ ਹੈ।

ਹਫ਼ਤੇ ਕੁ ਬਾਅਦ ਰੱਜੀ ਸਫਾਈ ਕਰ ਦਿੰਦੀ ਹੈ।

"ਯਾਰ ਓਦਾਂ ਤਾਂ ਤੂੰ ਆਪਣੇ ਆਪ ਨੂੰ ਵੱਡਾ ਲੇਖਕ ਕਹਿੰਨੈਂ ਪਰ ਤੇਰੇ ਕੋਲੋਂ ਜ਼ਿਆਦਾ ਗੰਦਗੀ ਪਸੰਦ ਕਰਨ ਵਾਲਾ ਬੰਦਾ ਮੈਂ ਅੱਜ ਤਕ ਨਹੀਂ ਦੇਖਿਆ...ਛੁੱਟੀ ਵਾਲੇ ਦਿਨ ਤੂੰ ਕਦੇ ਨਹਾਉਂਦਾ ਨਹੀਂ...ਜੇ ਨਹਾਉਨੈਂ ਤਾਂ ਸਾਬਣ ਨਹੀਂ ਲਗਾਉਂਦਾ ਤੇ ਲੋਕਾਂ ਨੂੰ ਕਹਿੰਨੈ ਕਿ ਤੈਨੂੰ ਸਾਬਣ ਨਾਲ ਨਹਾਉਣਾ ਬਹੁਤਾ ਪਸੰਦ ਨਹੀਂ ਹੈ...ਉਧਰ ਤੇਰੇ ਕੰਨਾਂ ਵਿਚ ਮੈਲ ਦੇ ਢੇਰ ਜੰਮੇ ਰਹਿੰਦੇ ਨੇ...ਧੁੰਨੀ ਵਿਚ ਵੀ ਕਿੱਲੋ ਕਿੱਲੋ ਰੂੰਅ ਧਸਿਆ ਰਹਿੰਦਾ ਹੈ...ਤੇਰੀਆਂ ਕੱਛਾਂ ਹਮੇਸ਼ਾ ਬਦਬੂ ਮਾਰਦੀਆਂ ਨੇ...ਮੂੰਹ ਵਿਚੋਂ ਤਾਂ ਹਬਾੜ ਕਦੇ ਖ਼ਤਮ ਹੋਈ ਹੀ ਨਹੀਂ ...ਜੇ ਕਾਰ ਧੋਣ ਵਾਲਾ ਗੋਰਖਾ ਮਹੀਨਾ ਭਰ ਨਾ ਆਏ ਤਾਂ ਕਾਰ ਬਦਬੂਅ ਭਾਵੇਂ ਮਾਰਨਾ ਸ਼ੁਰੂ ਕਰ ਦੇਵੇ ਪਰ ਜਨਾਬ ਕਦੇ ਸਾਫ ਨਹੀਂ ਕਰਨਗੇ...ਤੇਰੇ ਬੂਟਾਂ ਨੂੰ ਮੈਂ ਉਸ ਦਿਨ ਹੀ ਚਮਕਦੇ ਦੇਖਦੀਆਂ ਜਿਸ ਦਿਨ ਉਹ ਨਵੇਂ ਨਵੇਂ ਘਰ ਆਉਂਦੇ ਨੇ...ਫਿਰ ਉਸੇ ਪਾਲਸ਼ ਨਾਲ ਹੀ ਸੇਵਾ ਮੁਕਤ ਹੋ ਜਾਂਦੇ ਹਨ...ਹਰ ਸਮੇਂ ਤੂੰ ਗੈਸ ਛਡਦਾ ਰਹਿੰਨੈਂ ...ਤੇਰੇ ਕੋਲੋ ਤਾਂ ਬੰਦਾ ਪੰਜ ਮਿੰਟ ਖੜਾ ਨਹੀਂ ਹੋ ਸਕਦਾ...ਨਾ ਮੌਕਾ ਦੇਖਦੈਂ ਤੇ ਨਾ ਥਾਂ ...ਜੇ ਕੁਝ ਕਹੋ ਤਾਂ ਅੱਗੋ ਕਹਿਨੈਂ- "ਮੇਰੀ ਗੈਸ ਹੈਮੇਰਾ ਜਦੋਂ ਜੀ ਕਰੇਗਾ ਮੈਂ ਛੱਡਾਂਗਾ...ਮੈਂ ਕਿਸੇ ਦੀ ਪਰਵਾਹ ਨਹੀਂ ਕਰਦਾ...।" ਤੇਰੇ ਨੱਕ ਲਾਗੇ ਭਾਵੇਂ ਹਫ਼ਤਾ ਪੁਰਾਣਾ ਚੂਹਾ ਮਰਿਆ ਪਿਆ ਹੋਵੇ ਪਰ ਤੇਰੇ ਨੱਕ ਨੂੰ ਕੋਈ ਅਹਿਸਾਸ ਨਹੀਂ ਹੁੰਦਾ ਪਰ ਫੁੱਲਾਂ ਉਪਰ ਕਵਿਤਾਵਾਂ ਲਿਖੀ ਜਾਨੈਂ...ਸਵੇਰੇ ਉਗਦੇ ਸੂਰਜ ਨੂੰ ਆਪਣੇ ਮੁਬਾਈਲ ਦੇ ਕੈਮਰੇ ਰਾਹੀਂ ਕੈਦ ਕਰਦਾ ਰਹਿਨੈਂ...ਪਾਰਕ ਦੇ ਸਾਰੇ ਫੁੱਲਾਂ ਦੀਆਂ ਤੂੰ ਤਸਵੀਰਾਂ ਖਿਚੀ ਜਾਨੈਂ...ਉਸ ਤੋਂ ਵੱਧ ਆਪਣੀਆਂ ਸੈਲਫੀਆਂ...ਫਿਰ ਉਹੀ ਉਸੇ ਵੇਲੇ ਫੇਸ ਬੁੱਕ ਉਪਰ ਪਾ ਦਿਨੈਂ...ਫਿਰ ਉਡੀਕਣ ਲਗ ਪੈਦੈਂ ਕਿ ਕਿੰਨੇ ਲੋਕਾਂ ਨੇ ਲਾਈਕਸ ਮਾਰੀਆਂ ਨੇ ਤੇ ਕਿੰਨਿਆਂ ਨੇ ਕਮੈਂਟ ਕੀਤੇ ਨੇ...ਉਧਰ ਉਹੋ ਜਿਹੇ ਤੇਰੇ ਫੇਸ ਬੁੱਕੀਏ ਦੋਸਤ ਨੇ...ਮੌਤ ਦੀ ਖ਼ਬਰ ਨੂੰ ਵੀ ਲਾਈਕ ਮਾਰੀ ਜਾਂਦੇ ਨੇ ਤੇ ਜੰਮਨ ਦੀ ਖ਼ਬਰ ਨੂੰ ਵੀ...ਕਈਆਂ ਤਸਵੀਰ ਪਾਈ ਹੁੰਦੀ ਹੈ ਆਪਣੇ ਕਿਸੇ ਹਮੇਸ਼ਾ ਲਈ ਵਿਛੜ ਚੁੱਕੇ ਦੋਸਤ ਜਾਂ ਰਿਸ਼ਤੇਦਾਰ ਦੀ...ਉਸ ਉਪਰ ਵੀ ਲਿਖੀ ਜਾਣਗੇ 'ਗੋਰਜ਼ੀਅਸ'...ਭਾਜੀ ਅੱਤ ਆ...ਵੱਹਟ ਏ ਕਲਿਕ...ਸੱਚ ਤਾਂ ਇਹ ਹੈ ਲੇਖਕ ਸਾਹਬ...ਮੈਨੂੰ ਪਿਛਲੇ ਵਾਈ ਤੇਈ ਸਾਲਾਂ ਤੋਂ ਤੇਰੀ ਕੁਝ ਵੀ ਸਮਝ ਨਹੀਂ ਲੱਗੀ ਕਿ ਤੂੰ ਸ਼ੈਅ ਕੀ ਹੈ...ਹਰ ਜਣਾ ਖਣਾ ਤੈਨੂੰ ਬੁੱਕ ਲਗਾ ਜਾਂਦਾ ਹੈ...ਤੇਰੇ ਪੈਸੇ ਮਾਰ ਜਾਂਦਾ ਹੈ...ਤੇਰੇ ਨਾਲ ਠੱਗੀ ਕਰ ਜਾਂਦਾ ਹੈ...ਤੇਰਾ ਡਰਾਇਵਰ ਤਕ ਤੇਰੇ ਪੈਸੇ ਚੋਰੀ ਕਰਕੇ ਦੌੜ ਜਾਂਦਾ ਹੈ...ਤੂੰ ਫਿਰ ਵੀ ਬੜੇ ਗਰਵ ਨਾਲ ਕਹਿਨੈਂ ਬਈ ਅਸੀਂ ਲੇਖਕ ਹੁੰਨੇ ਹਾਂ...ਬੁਧੀਜੀਵੀ ਹਾਂ... ਮੈਨੂੰ ਤਾਂ ਕੁਝ ਹੋਰ ਹੀ ਲਗਦੈਕੱਲ੍ਹ ਤਾਂ ਮੰਮੀ ਵੀ ਕਹਿ ਰਹੀ ਸੀ ਕਿ ਆਪਣਾ ਮੋਹਨਾ ਇੱਕ ਦਮ ਝੱਲਾ ਹੈਉਪਰੋਂ ਲਾਈਲੱਗ ਵਖਰਾਹਰ ਕੋਈ ਉਸਨੂੰ ਬੁੱਧੂ ਬਣਾ ਜਾਂਦਾ ਹੈ। "

ਕੰਪਿਊਟਰ ਟੇਬਲ ਤੇ ਕਿਤਾਬਾਂ ਦੀ ਸਫਾਈ ਕਰਦੀ ਹੋਈ ਉਸਦੀ ਰੱਜੀ ਅਕਸਰ ਇਹੀ ਕੁਝ ਬੋਲਦੀ ਰਹਿੰਦੀ ਹੈ।

"ਓਹ ਯਾਰ ਪਲੀਜ਼...ਹੁਣ ਤੂੰ ਜਾ ਇਥੋਂ...ਖ਼ਲਾਸੀ ਕਰ...ਮੇਰੀ ਗ਼ੈਰ ਹਾਜ਼ਰੀ ਵਿਚ ਸਫਾਈ ਕਰਿਆ ਕਰ ਤੂੰਮੈਂ ਕੁਝ ਲਿਖਣਾ ਹੈ...ਐਵੇਂ ਪਰਵਚਨ ਨਾ ਸੁਣਾਈ ਜਾ...ਮੈਂ ਅੱਗੇ ਹੀ



ਅੱਕਿਆ ਪਿਆਂ...ਪਿਛਲੇ ਛੇ ਮਹੀਨਿਆਂ ਤੋਂ ਇੱਕ ਅੱਖਰ ਨਹੀਂ ਲਿਖ ਪਾਇਆ ਮੈਂ...ਉਧਰ ਉਹ ਰਾਮਗੜ੍ਹੀਆ ਹਰ ਮਹੀਨੇ ਕਹਾਣੀ ਲਿਖ ਮਾਰਦੈ...।"

ਬੋਲਦਾ ਹੋਇਆ ਮੋਹਨ ਬਾਬੂ ਉਸ ਅੱਗੇ ਹੱਥ ਜੋੜਦਾ ਹੈ।

ਮੋਹਨ ਬਾਬੂ ਅਕਸਰ ਆਪਣਾ ਨਵਾਂ ਮੁਬਾਈਲ ਫੋਨ ਟੇਬਲ ਉਪਰ ਰੱਖਦਾ ਹੈ।

ਟੀਵੀ ਬੈੱਡ ਦੀ ਪੈਂਦ ਵਾਲੇ ਪਾਸੇ ਇੱਕ ਟੇਬਲ ਉਪਰ ਰੱਖਿਆ ਹੋਇਆ ਹੈ।

ਉਹ ਜਦੋਂ ਵੀ ਕੰਪਿਊਟਰ ਦੀ ਪਾਵਰ ਆਨ ਕਰਦਾ ਹੈ।ਇੰਟਰਨੈੱਟ ਦੀਆਂ ਨਿੱਕੀਆਂ ਨਿੱਕੀਆਂ ਰੋਸ਼ਨੀਆਂ ਚਮਕਾਰੇ ਮਾਰਦੀਆਂ ਹਨ।ਕੁਝ ਦੇਰ ਬਾਦ ਕੁਝ ਰੌਸ਼ਨੀਆਂ ਤਾਂ ਸਥਿਰ ਹੋ ਜਾਂਦੀਆਂ ਪਰ ਕੁਝ ਟਿਮਟਮਾਉਣਾ ਸ਼ੁਰੂ ਕਰਦੀਆਂ ਹਨ।ਕੰਪਿਊਟਰ ਦੇ ਸੀ.ਪੀ.ਯੂ. ਦਾ ਬਟਨ ਦਬਾਉਂਦਾ ਹੈ।ਕੁਝ ਦੇਰ ਬਾਅਦ ਇਕ ਵਿਸ਼ੇਸ਼ ਆਵਾਜ਼ ਨਾਲ ਕੰਪਿਊਟਰ ਦਾ ਮੋਨੀਟਰ ਜਿਉਂਦਾ ਹੋ ਜਾਂਦਾ ਹੈ।ਸਭ ਤੋਂ ਪਹਿਲਾਂ ਵਾਇਰਸ ਰੋਕਣ ਵਾਲਾ ਸਾਫਟਵੇਅਰ ਔਨ ਹੁੰਦਾ ਹੈ।ਮੋਨੀਟਰ ਦੀ ਸਕਰੀਨ ਉਪਰ ਕੁਝ ਦੇਰ ਰੰਗੀਲੀ ਹਿਲਜੁਲ ਤੋਂ ਬਾਅਦ ਮੌਨੀਟਰ ਵੀ ਸ਼ਾਂਤ ਹੋ ਕੇ ਮੋਹਨ ਬਾਬੂ ਦੇ ਹੁਕਮ ਦੀ ਉਡੀਕ ਕਰਨ ਲੱਗ ਪੈਂਦਾ ਹੈ।

ਮੋਹਨ ਬਾਬੂ ਨੇ ਕੰਪਿਊਟਰ ਟੇਬਲ ਨੂੰ ਇਸ ਤਰ੍ਹਾਂ ਲਗਾਇਆ ਹੋਇਆ ਹੈ ਕਿ ਉਹ ਕਈ ਵਾਰ ਬੈੱਡ ਉਪਰ ਢਿੱਡ ਭਾਰ ਲੇਟ ਕੇ ਕੀਅ ਬੋਰਡ ਉਪਰ ਉਂਗਲਾਂ ਮਾਰਦਾ ਰਹਿੰਦਾ ਹੈ।ਲੇਟ ਕੇ ਜਾਂ ਬੈਠ ਕੇ ਕਈ ਤਰ੍ਹਾਂ ਦੇ ਪੋਜ ਬਣਾਉਂਦਾ ਰਹਿੰਦਾ ਹੈ।ਜਦੋਂ ਥੱਕ ਜਾਂਦਾ ਹੈ ਤਾਂ ਬੈੱਡ ਨੂੰ ਕੁਰਸੀ ਵਾਂਗ ਵਰਤਣਾ ਸ਼ੁਰੂ ਕਰ ਦਿੰਦਾ ਹੈ।

ਉਹ ਕੰਪਿਊਟਰ ਦੇ ਮੋਨੀਟਰ ਵੱਲ ਵੇਖਦਾ ਹੈ।ਮੋਹਨ ਬਾਬੂ ਨੇ ਬਹੁਤ ਦਿਨਾਂ ਤੋਂ ਕੋਈ ਕਹਾਣੀ ਨਹੀਂ ਲਿਖੀ ਹੈ। ਪਿਛਲੇ ਸਾਲ ਉਸਨੇ ਦੋ ਕਹਾਣੀਆਂ ਲਿਖੀਆ ਸਨ ਉਹ ਦੋਨੋਂ ਵੱਖ ਵੱਖ ਰਸਾਲਿਆਂ ਵਿਚ ਛਪ ਗਈਆਂ ਹਨ।ਕਈ ਸਾਹਿਤਕ ਰਸਾਲਿਆਂ ਦੇ ਸੰਪਾਦਕਾਂ ਦੇ ਸੁਨੇਹੇ ਆ ਰਹੇ ਹਨ ਕਿ ਅਗਲੀ ਕਹਾਣੀ ਉਹਨਾਂ ਨੂੰ ਭੇਜੀ ਜਾਵੇ ਪਰ ਏਨੀ ਗਰਮੀ ਵਿਚ ਮੋਹਨ ਬਾਬੂ ਦਾ ਬਿਲਕੁਲ ਕੁਝ ਲਿਖਣ ਨੂੰ ਦਿਲ ਨਹੀਂ ਕਰਦਾ।ਕਈ ਵਾਰ ਕੋਸ਼ਿਸ਼ ਕਰਦਾ ਕੰਪਿਊਟਰ ਉਪਰ ਕੁਝ ਲਿਖਣ ਦੀ ਪਰ ਥੋੜੀ ਦੇਰ ਬਾਅਦ ਉਸਨੂੰ ਨੀਂਦ ਆਉਣਾ ਸ਼ੁਰੂ ਹੋ ਜਾਂਦੀ ਹੈ ਪਰ ਉਹ ਜਾਣਦਾ ਹੈ ਕਿ ਕੋਈ ਹਰ ਸਮੇਂ ਥੋੜਾ ਲਿਖ ਸਕਦਾ ਹੈ। ਜਿਵੇਂ ਬੂਟਿਆਂ ਨੂੰ ਫੁੱਲ ਹਰ ਸਮੇਂ ਤਾਂ ਨਹੀਂ ਲਗਦੇ। ਬਹਾਰ ਵੀ ਕਦੇ ਕਦੇ ਹੀ ਆਉਂਦੀ ਹੈ।

ਫਿਰ ਉਹ ਕੋਈ ਕਿਤਾਬ ਕਢਦਾ ਹੈ।ਕਿਤਾਬ ਉਪਰ ਵੀ ਉਸਦੀ ਨਜ਼ਰ ਜ਼ਿਆਦਾ ਦੇਰ ਨਹੀਂ ਟਿਕਦੀ।ਕੋਈ ਸਾਹਤਿਕ ਰਸਾਲੇ ਦੇ ਪੰਨੇ ਪਲਟਦਾ ਹੈ ਪਰ ਉਸਨੂੰ ਕੁਝ ਵੀ ਭਾਉਂਦਾ ਨਹੀਂ ਹੈ।

ਉਹ ਫੇਸਬੁਕ ਦੇਖਦਾ ਹੈ।

ਅਚਾਨਕ ਉਸਨੂੰ ਆਪਣੀ ਇੱਕ ਪੁਰਾਣੀ ਸਹੇਲੀ ਦੀ ਤਸਵੀਰ ਉਸਦੇ ਆਪਣੇ ਜਵਾਨ ਬੇਟੇ ਨਾਲ ਵਿਖਾਈ ਦਿੰਦੀ ਹੈ।ਕਾਲਜ ਪੜ੍ਹਦੇ ਸਮੇਂ ਉਹ ਉਸਨੂੰ ਬਹੁਤ ਪਸੰਦ ਕਰਦੀ ਹੁੰਦੀ ਸੀ।ਉਸ ਨਾਲ ਵਿਆਹ ਵੀ ਕਰਵਾਉਣਾ ਚਾਹੁੰਦੀ ਸੀ ਪਰ ਜਾਤਪਾਤ ਦੇ ਚੱਕਰ ਵਿਚ ਉਹ ਅਚਾਨਕ ਇੱਕ ਦੂਸਰੇ ਕੋਲੋਂ ਪਿੱਛੇ ਹਟ ਗਏ ਸਨ ਪਰ ਪੰਝੀ ਕੁ ਸਾਲ ਬਾਦ ਫੇਸ ਬੁੱਕ ਰਾਹੀਂ ਉਹ ਦੋਬਾਰਾ ਇੱਕ ਦੂਸਰੇ ਨੂੰ ਦੇਖਣ ਲੱਗ ਪਏ ਸਨ।ਹੁਣ ਜਦੋਂ ਉਹ ਆਪਣੀ ਸਹੇਲੀ ਦੀ ਬੇਢਬੀ ਤੇ ਡਰਾਵਣੀ ਤਸਵੀਰ ਦੇਖਦਾ ਹੈ ਤਾਂ ਉਸਨੂੰ ਲਗਦਾ ਹੈ ਕਿ ਰੱਬ ਜੋ ਵੀ ਕਰਦਾ ਹੈ,ਹਮੇਸ਼ਾ ਠੀਕ ਕਰਦਾ ਹੈ।

ਮੋਹਨ ਬਾਬੂ ਵਿਆਹ ਵਾਸਤੇ ਪਹਿਲੀ ਵਾਰ ਜਦੋਂ ਰੱਜੀ ਨੂੰ ਦੇਖਣ ਗਿਆ ਸੀ ਤਾਂ ਉਸਨੂੰ ਰੱਜੀ ਕੋਈ ਬਹੁਤੀ ਸੋਹਣੀ ਨਹੀਂ ਲੱਗੀ ਸੀ ਪਰ ਜਦੋਂ ਉਸਦੀ ਬਹੁਤ ਹੀ ਸੁਨੱਖੀ ਸੱਸ ਉਸਦੇ ਸਾਹਮਣੇ ਆਈ ਤਾਂ ਉਸਨੇ ਵਿਆਹ ਵਾਸਤੇ ਹਾਂ ਕਰ ਦਿੱਤੀ ਸੀ ਤਾਂ ਕਿ ਬੁਢਾਪੇ ਵਿਚ ਰੱਜੀ ਆਪਣੀ ਮਾਂ ਦਾ ਰੂਪ ਧਾਰਨ ਕਰ ਹੀ ਲਏਗੀ।ਜੋ ਹੁਣ ਉਸਨੂੰ ਸੱਚ ਵੀ ਲਗਦਾ ਹੈ।ਜਿਉਂ ਜਿਉਂ ਰੱਜੀ ਬੁਢੀ ਹੋ ਰਹੀ ਹੈ ਉਹ ਖ਼ੂਬਸੂਰਤ ਹੁੰਦੀ ਜਾ ਰਹੀ ਹੈ।

ਉਹ ਦੀਵਾਰ ਉਪਰ ਲੱਗੀ ਉਸਦੀ ਤਸਵੀਰ ਦੇਖਦਾ ਹੈ ਤਾਂ ਉਸਦੇ ਚਿਹਰੇ ਉਪਰ ਮੁਸਕਾਣ ਆ ਜਾਂਦੀ ਹੈ।

ਅਚਾਨਕ ਉਸਨੂੰ ਮਿੱਸ ਕਾਲ ਆਉਂਦੀ ਹੈ। ਉਹ ਮੁਬਾਈਲ ਫੋਨ ਚੈੱਕ ਕਰਦਾ ਹੈ ਤਾਂ ਫ਼ੋਨ ਰੱਜੀ ਦਾ ਹੁੰਦੈ। ਉਸ ਫੋਨ ਵਾਪਸ ਮਿਲਾਉਂਦਾ ਹੈ।

" ਥੱਲੇ ਆ ਕੇ ਰੋਟੀ ਖਾ ਲਉ...ਸਾਢੇ ਨੌਂ ਵੱਜਣ ਲੱਗੇ ਨੇ...।"

ਫੋਨ ਬੰਦ।

ਉਹ ਅਜੇ ਸੋਚ ਹੀ ਰਿਹਾ ਸੀ ਕਿ ਕੈਸਾ ਜ਼ਮਾਨਾ ਆ ਗਿਆ ਹੈ ਕਿ ਰੱਜੀ ਘਰੋਂ ਹੀ ਘਰ ਵਿਚ ਫੋਨ ਕਰਕੇ ਕਹਿ ਰਹੀ ਹੈ ਕਿ ਖਾਣਾ ਖਾ ਲਉ ਪਰ ਉਸੇ ਵੇਲੇ ਉਸਨੂੰ ਬੇਟੇ ਦਾ ਫ਼ੋਨ ਆਉਂਦਾ ਹੈ।

"ਹਾਂਜੀ ਬੇਟਾ ਜੀ ਦੱਸੋ...?"

" ਡੈਡੀ...ਮੇਰੇ ਮੁਬਾਈਲ ਵਿਚ ਆਨਲਾਈਨ ਇੰਟਰਨੈੱਟ ਪੈਕੇਜ਼ ਪਵਾ ਦਿਉ ਪਲੀਜ਼...।"

" ਕਦੋਂ ਆਣਾ ਹੈ ਤੂੰ ਘਰ...ਸਾਢੇ ਨੌਂ ਵੱਜਣ ਲੱਗੇ ਨੇ...।"

" ਡੈਡੀ ਆਪਣੇ ਕਮਰੇ ਵਿਚੋਂ ਹੀ ਬੋਲ ਰਿਹਾਂ...ਅੱਜ ਮੈਂ ਜਲਦੀ ਘਰ ਆ ਗਿਆ ਸੀ...।"

ਇਹ ਸੁਣ ਕੇ ਮੋਹਨ ਬਾਬੂ ਆਪਣੇ ਮੁਬਾਈਲ ਵੱਲ ਬੜੀ ਅਜੀਬ ਨਜ਼ਰ ਨਾਲ ਦੇਖਦਾ ਹੈ।

ਉਸਦੇ ਚਿਹਰੇ ਉਪਰ ਕਈ ਸਾਰੇ ਰੰਗ ਇਕੱਠਿਆਂ ਹੀ ਉਭਰਦੇ ਹਨ।

" ਜ਼ਮਾਨਾ ਵਾਕਿਆ ਹੀ ਬਦਲ ਗਿਆ ਹੈ ਮੋਹਨ ਸਿਹਾਂ...ਪੰਜ ਕਦਮਾਂ ਦੀ ਦੂਰੀ ਉਪਰ ਬੈਠੇ ਪੁੱਤਰ ਕੋਲ ਇੰਨਾ ਸਮਾਂ ਨਹੀਂ ਹੈ ਕਿ ਉਹ ਆਪ ਆਕੇ ਬੋਲ ਦਵੇ....ਚੱਲ ਛੱਡ ਪਰਾਂ...ਬਹੁਤਾ ਦਿਲ ਨੂੰ ਨਹੀਂ ਲਾਈਦਾ...ਚੱਲ ਹੇਠਾਂ ਚੱਲ ਕੇ ਰੋਟੀ ਖਾਹ...।"

ਮੋਹਨ ਬਾਬੂ ਹੇਠਾਂ ਜਾਂਦਾ ਹੋਇਆ ਸ਼ੀਸ਼ੇ ਵਿਚ ਆਪਣਾ ਚਿਹਰਾ ਦੇਖਦਾ ਹੈ ਤਾਂ ਇੱਕ ਪੱਲ ਆਪਣੇ ਆਪ ਨੂੰ ਪਹਿਚਾਣ ਨਹੀਂ ਪਾਉਂਦਾ ਹੈ। ਸ਼ੀਸ਼ੇ ਵਿਚ ਜਿਵੇਂ ਉਹ ਆਪ ਨਹੀਂ ਕੋਈ ਹੋਰ ਹੈ......।

(ਮ) 9417173700



## ਕਵਿਤਾਵਾਂ

### ਹੱਲਾ/ਤਰਸੇਮ

ਜਦ ਉਹ ਬਿਰਖ ਸੀ
ਕੋਈ ਵੀ ਬਿਰਖ ਕੱਟਦਾ
ਤਾਂ ਲਹੂ ਉਸਦੇ ਹਰ ਤਣੇ 'ਚੋਂ ਸਿੰਮਦਾ
ਚੀਸ ਉਸ ਦੀਆਂ ਜੜ੍ਹਾਂ 'ਚ ਪੈਂਦੀ
ਬਿਰਖ ਸੀ ਜਦੋਂ ਉਹ...

ਜਦ ਉਹ ਕੁਰਸੀ 'ਚ ਢਲਿਆ
ਤਾਂ ਨਾ ਲਹੂ ਸਿੰਮਿਆ
ਨਾ ਕਿਤੋਂ ਦਰਦ ਉੱਠਿਆ
ਹਾਂ, ਦਰਦ ਹੋਇਆ ਉਹਨਾਂ ਹੱਥਾਂ ਨੂੰ
ਜਿਨ੍ਹਾਂ ਨੇ ਇਹ ਕੁਰਸੀ ਬਣਾਈ
ਜਦ ਉਹ ਹੱਥ ਹੀ ਰੱਖ ਲਏ
ਡਿਕਡੋਲੇ ਖਾਂਦੀ ਕੁਰਸੀ ਨੇ ਆਪਣੀਆਂ ਪੈਰਾਂ ਹੇਠ
ਤਾਂ ਕਹਿੰਦੇ ਨੇ
ਫੇਰ ਉਹਨਾਂ ਹੱਥਾਂ ਨੂੰ ਕੁਰਸੀ ਖਾ ਗਈ

ਇਉਂ ਹੱਥ ਕੁਰਸੀ ਦੇ ਮੂੰਹ ਲੱਗ ਗਏ...

ਹੁਣ ਉਹ ਹੱਥ ਨਹੀਂ
ਸਾਬਤਾ ਬੰਦਾ ਖਾਂਦੀ ਹੈ

ਆਦਮੀ ਨੇ ਕਿਸੇ ਸਭਿਅਤਾ ਵਾਂਗ
ਜਦ ਕੁਰਸੀ ਭਾਲ਼ੀ
ਤਾਂ ਉਹ ਹੈਰਾਨ ਵੀ ਹੋਇਆ ਤੇ ਖੁਸ਼ ਵੀ
ਖੁਸ਼ ਇਸ ਲਈ ਕਿ ਨਵੀਂ ਲੱਭਤ ਹੈ
ਹੈਰਾਨ ਇਸ ਲਈ ਕਿ
ਉਸਦੇ ਪੈਰ ਇਉਂ ਪਸਰੇ
ਕਿ ਸਰਹੱਦਾਂ ਬਣ ਗਈਆਂ
ਦੇਖਦੇ ਹੀ ਦੇਖਦੇ
ਅੱਖਾਂ ਦਾ ਪਾਣੀ ਮਰ ਗਿਆ
ਤੇ ਕੁਰਸੀ ਹੱਲਾ ਹੋ ਗਈ...

# ਨਕਲੀਪੁਣੇ ਦੀ ਵਿਆਕਰਣ/ਤਰਸੇਮ

ਛੋਟੇ ਸ਼ਹਿਰ ਦੀ ਸਭਿਅਤਾ
ਏਨੀ ਕੁ ਤਰੱਕੀ ਕਰ ਗਈ
ਕਿ ਸ਼ਹਿਰ ਨੂੰ ਛੋਟਾ ਕਹਾਉਣ 'ਤੇ ਸ਼ਰਮ ਆਉਣ ਲੱਗੀ

ਸੁਪਨੇ 'ਚ ਮਾਲ ਦੇ ਆਉਣ ਨਾਲ
ਗਲੀ ਵਿਚਲੀਆਂ ਹੱਟਾਂ
ਥੇਹ ਹੋਣ ਲੱਗੀਆਂ
ਤੇ ਬੁੱਤ ਬਣ ਗਏ ਹੱਡ...

ਕਿਸ ਨੇ ਮੰਤਰ ਧੂੜਿਆ
ਦਿਨਾਂ 'ਚ ਹੀ ਸ਼ਹਿਰ ਅਜਨਬੀ ਹੋ ਗਿਆ
ਇਕ ਅਜਬ ਨਕਲੀਪੁਣਾ ਹਵਾ ਰਲ ਗਿਆ

ਛੋਟੇ ਸ਼ਹਿਰ ਦੇ ਵੱਡੇ ਮਾਲ ਕੋਲ ਖੜ੍ਹਾ
ਓਪਰਿਆਂ ਵਾਂਗ ਝਾਕਦੈ ਜਣਾ
ਮਾਲ ਹੇਠ ਦਬੀਆਂ ਹੱਟਾਂ ਨੂੰ
ਜਿਵੇਂ ਦੇ ਰਿਹਾ ਹੋਵੇ ਸ਼ਰਧਾਂਜਲੀ

"ਹੱਟਾਂ ਨਾਲ ਮੋਹ ਤਾਂ
ਹੱਡਾਂ ਨਾਲ ਹੀ ਜਾਊਗਾ..."

ਇਕ ਪੈਰ ਪੁਟਦਾ
ਦੋ ਪਿਛਾਂਹ ਨੂੰ ਖਿਚਦਾ
(ਮਾਮੂੰ ਦੀ ਹੱਟੀ 'ਤੇ ਜਾਣ ਲਈ
ਤਾਂ ਏਨਾ ਕਦੇ ਸੋਚਿਆ ਨਹੀਂ ਸੀ!)
ਮਾਲ 'ਚ ਜਾਣ ਦਾ ਹੀਂਆ
ਉਸਦੀ ਜੇਬ ਕੋਲ ਨਹੀਂ
ਫੇਰ ਇਸ ਵਾਰ ਤਾਂ ਦਰਜ਼ੀ ਨੇ
ਕੱਪੜਿਆਂ ਨੂੰ ਜੇਬ ਹੀ ਨਹੀਂ ਲਾਈ

ਹੋ ਹੋ ਕਰਕੇ ਹੱਸਿਆ
ਚਲੋ ਚੰਗਾ ਹੋਇਆ
ਜੇਬ ਕੱਟੇ ਜਾਣ ਦਾ ਟਲ਼ ਗਿਆ ਖਤਰਾ

ਅੱਖਾਂ 'ਚੋਂ ਆਏ ਹੰਝੂਆਂ ਨੂੰ ਪੂੰਝਦਿਆਂ
ਖੁਦ ਨੂੰ ਕਹਿੰਦਾ
ਯਾਰ ਸੇਮਿਆ! ਹੁਣ ਬੱਚਿਆਂ ਨੂੰ ਰੂੰਗਾ ਕੌਣ ਦੇਊਗਾ?



# ਰਮਨਪ੍ਰੀਤ ਕੌਰ ਦੀਆਂ ਦੋ ਨਜ਼ਮਾਂ

1.
ਨਿੱਤ ਸਵੇਰੇ ਚੜ੍ਹਦਾ ਸੂਰਜ
ਨ੍ਹੇਰਾ ਕਿੱਦਾਂ ਹੂੰਝ ਦੇਵੇ
ਜਦ ਤੱਕ ਅੱਖੋਂ ਵਗਦਾ ਆਪੇ
ਹੰਝੂ ਨਾ ਕੋਈ ਪੂੰਝ ਲਵੇ

ਸੋਚਾਂ ਵਿਚ ਜਦ ਆਤਿਸ਼ ਮੱਚੇ
ਫ਼ਿਕਰਕਪੁਣੇ ਦੀ ਧੂਣੀ ਦੀ
ਕਿੱਦਾਂ ਕੋਈ ਮਹਿਰਮ ਹੋਵੇ
ਭਟਕੀ ਸੋਚ-ਵਿਹੂਣੀ ਦੀ

ਹਾਲਾਤਾਂ ਦੇ ਹੱਥੋਂ ਹਰਕੇ
ਬੇਵਤਨੇ ਪਰਦੇਸੀ ਹੋਣਾ
ਮਨ ਨੇ ਤਾਂ ਉੱਥੇ ਰਹਿ ਜਾਣਾ
ਆਪਣੀ ਮਿੱਟੀ ਦੇ ਲਈ ਰੋਣਾ

ਲਹੂਆਂ ਦੇ ਨਾਲ ਲਿੱਬੜੇ ਪੰਨੇ
ਕਿੱਦਾਂ ਹਨ ਫ਼ਿਰ ਫੋਲੀਦੇ
ਹੱਥਾਂ 'ਚੋਂ ਜਦ ਕਿਰਦੇ ਜਾਵਣ
ਅੱਖਰ ਹੀ ਮਾਂ-ਬੋਲੀ ਦੇ

ਇਨਕਲਾਬ ਦੀ ਉੱਚੀ ਮੰਮਟੀ
ਸਰ ਕਿੰਞ ਉਨਾ ਚਿਰ ਹੋਵੇ
ਕਿਸੇ ਭੀੜ ਦੇ ਮੋਢਿਆਂ ਉੱਤੇ
ਜਦ ਤੀਕਰ ਨਾ ਸਿਰ ਹੋਵੇ

2.

ਮਨ ਨੂੰ ਮਾਂਜਾਂ ਤੇ ਲਿਸ਼ਕਾਵਾਂ
ਕੋਨਾ ਕੋਨਾ ਸਾਫ਼ ਕਰਦਿਆਂ
ਸੱਜਣ ਜਿਹੜੇ ਸ਼ਿਕਵੇ ਦਿੱਤੇ
'ਕੱਲਾ 'ਕੱਲਾ ਮਾਫ਼ ਕਰ ਦਿਆਂ

ਕਿਹੜੇ ਕਿਹੜੇ ਡਰ ਪਾਲ਼ੇ ਤੇ
ਕਿੰਨਾ ਅੰਦਰੋਂ ਥੁੜਿਆ ਹੋਣੈ
ਜੋ ਆਪਣੇ ਆਪੇ ਨਾਲੋਂ ਟੁੱਟਕੇ
ਰਾਹ ਨਫ਼ਰਤ ਦੇ ਮੁੜਿਆ ਹੋਣੈ

ਉਹਦੀ ਦੁਨੀਆ ਅੰਦਰ ਖੌਰੇ
ਕਿੰਨੀ ਸੌੜੀ ਥਾਂ ਹੋਣੀ ਏ
ਸੰਘਣੇ ਰੁੱਖ ਨੂੰ ਲੱਭਦੇ ਦੇ
ਸਿਰ ਡੱਬ-ਖੜੱਬੀ ਛਾਂ ਹੋਣੀ ਏ

ਨਫ਼ਰਤ ਮੇਰਾ ਰਾਹ ਨਹੀਂ ਸੱਜਣ
ਫ਼ਿਰ ਕਿਉਂ ਆਪਣਾ ਵਕਤ ਗਵਾਵਾਂ
ਜੋ ਤੇਰੇ ਅੰਦਰ ਤੂੰ ਦੱਸ ਬੈਠਾ
ਤੇ ਮੈਨੂੰ ਪੁਗਦਾ ਮੈਂ ਜੀਅ ਜਾਵਾਂ

ਜਿਹੜੇ ਮਨ ਵਿਚ ਕਵਿਤਾ ਉਪਜੇ
ਨਫ਼ਰਤ ਉੱਥੇ ਪਲਦੀ ਨਹੀਉਂ
ਜੋ ਮਨ ਦਾ ਚਾਨਣ ਸਾਂਭੀ ਬੈਠੀ
ਇਹ ਚੁੱਪ ਉਦਾਂ ਡਰ ਦੀ ਨਹੀਉਂ

## ਨਜ਼ਮ/ਸ਼ਿਵ ਕੰਡਾ

ਸ਼ਾਮ ਵੇਲਾ
ਦਿਲ ਇਕੱਲਾ
ਆਸ ਮੈਨੂੰ
ਥੋੜ੍ਹੀ-ਥੋੜ੍ਹੀ....

ਰੰਗ ਦੀ ਗੋਰੀ
ਕੀਤੀ ਚੋਰੀ
ਦਿਲ ਮੈਂ ਹਰਿਆ
ਮੱਲੋ ਜ਼ੋਰੀ....

ਰਾਤਾਂ ਗਈ
ਦਿਨ ਚੜ੍ਹਿਆ
ਮੁੱਕੇ ਸੁਪਨੇ
ਠੱਗੀ ਠੋਰੀ.....

ਇਸ਼ਕ ਬਾਤਾਂ
ਕਰਦਾ ਤੌਬਾ
ਮਰਿਆ ਕੀਤਾ
ਹੌਲੀ ਹੌਲੀ....।

## ਸੰਵਾਦ/ਗੁਰਪ੍ਰੀਤ ਅਨੰਦੀ

ਮੈਂ, ਤੇਰੇ ਨਾਲ
ਰੂਹ ਦੀ ਸਾਂਝ
ਪਾਉਣਾ ਚਾਹੁੰਦੀ ਸਾਂ,
ਪਰ ਤੂੰ
ਮੇਰੀ ਚੁੱਪ ਨੂੰ ਨਿੰਦ ਕੇ
ਮੇਰੇ ਤੋਂ ਲਫ਼ਜ਼ ਮੰਗਦਾ ਸੀ।
ਮੈਂ ਤੇਰੀ ਜ਼ਿੰਦਗੀ ਲਈ
ਮਹਿਕ ਇਕੱਠਾ ਕਰਨਾ ਚਾਹੁੰਦੀ ਸੀ
ਪਰ ਤੈਨੂੰ
ਸਿਰਫ਼ ਫੁੱਲਾਂ ਦੀ ਤਾਂਘ ਸੀ।

ਮੈਂ
ਤੇਰੇ ਨਾਲ ਰਲ਼ ਕੇ
ਦੂਰ ਦਿਸਹੱਦੇ ਵੱਲ
ਤੱਕਣਾ ਚਾਹੁੰਦੀ ਸੀ
ਪਰ ਤੂੰ ਚਾਹੁੰਦਾ ਸੀ
ਕਿ ਮੈਂ
ਤੇਰੇ ਵੱਲ ਹੀ ਤੱਕਦੀ ਰਹਾਂ।
ਮੈਂ ਚਾਹੁੰਦੀ ਸੀ
ਕਿ 'ਮੈਂ ਤੇ ਤੂੰ' ਦਾ ਅੰਤਰ ਮਿਟਾ ਕੇ
ਸੰਪੂਰਨ ਬ੍ਰਹਿਮੰਡ ਨਾਲ
ਇਕ-ਮਿਕ ਹੋ ਜਾਈਏ
ਪਰ ਤੂੰ ਲੋਚਦਾ ਸੀ
ਕਿ ਮੈਂ
ਬਾਹਾਂ ਦੇ ਦਾਇਰੇ ਤੱਕ
ਸੀਮਿਤ ਹੋ ਜਾਵਾਂ....।



## ਹੇ ਘੁਮਿਆਰ/ਜਸਵਿੰਦਰ ਸੀਰਤ

ਅੱਜ ਸ਼ਬਦਾਂ ਨੂੰ
ਨਵੇਂ ਆਕਾਰ 'ਚ ਢਾਲਣ 'ਤੇ ਜੀਅ ਕੀਤਾ

ਫਿਰ ਪਤਾ ਨਹੀਂ ਕਿਉਂ
ਕੱਚੀ ਹੋ ਗਈ
ਉਸ ਮਿੱਟੀ ਵਾਂਗ
ਜਿਹੜੀ ਘੁਮਿਆਰ ਦੇ ਚੱਕ 'ਤੇ ਚੜ੍ਹਨ ਤੋਂ
ਇਨਕਾਰ ਕਰ ਦਿੰਦੀ

ਸੋਚਦੀ ਹਾਂ
ਕਿਉਂ ਸਿਰਜਾਂ ਉਹ ਸੰਸਾਰ
ਜੋ ਪਿੱਛੇ ਛੱਡ ਆਈ ਹਾਂ

ਸੰਸਾਰ
ਜੋ ਫੁੱਲ ਦੀ ਚੁੱਪ ਵਾਂਗ
ਪਵਿੱਤਰ ਤੇ ਖ਼ੂਬਸੂਰਤ ਹੈ

ਚੁੱਪ ਜੋ ਖਿੜਦੇ ਫੁੱਲ ਨੂੰ
ਖ਼ੂਬਸੂਰਤ ਬਣਾ ਦਿੰਦੀ

ਮੈਂ ਸਿਮਟ ਜਾਣਾ ਚਾਹੁੰਦੀ ਹਾਂ
ਕੰਢਿਆਂ ਦੀ ਸੁਖਦ ਪੀੜ 'ਚ

ਪਰ
ਸ਼ਬਦਾਂ ਨੂੰ ਹੁਣ
ਆਪਣੇ ਆਕਾਰ 'ਚ ਢਾਲਦਿਆਂ
ਲੂਹੇ ਜਾਂਦੇ ਹੱਥ

ਚੱਕ 'ਤੇ ਚੜ੍ਹਨ ਤੋਂ ਇਨਕਾਰ ਕਰ ਦੇਂਦੀ ਹਾਂ
ਹੇ ਘੁਮਿਆਰ
ਮੇਰੀ ਮਿੱਟੀ ਤਾਂ ਮੁਕਤ ਸੀ
ਹਰ ਸਰਾਪ ਤੋਂ
ਫਿਰ ਕਿਉਂ ਦੇਣਾ ਪਿਆ ਹਿਸਾਬ
ਕੱਚੀਆਂ ਅੱਧ-ਪੱਕੀਆਂ ਚਿਪਰਾਂ ਦਾ

# ਸਵੈ-ਜੀਵਨੀ ਅੰਸ਼ / ਮੇਰੇ ਕਮਰੇ ਵਿਚ ਨੰਗੀ ਗੋਰੀ / ਦਲੀਪ ਕੁਮਾਰ

ਉਸ ਆਰਮੀ ਕਲੱਬ ਵਿਚ ਬ੍ਰਿਟਿਸ਼ ਆਰਮੀ ਦੇ ਫੌਜੀਆਂ ਦੇ ਆਪਸ ਵਿਚ ਬਹੁਤ ਹੀ ਸੁਖਾਵੇਂ ਤੇ ਦੋਸਤਾਨਾ ਸਬੰਧ ਸਨ। ਹਾਲਾਂ ਕਿ ਵੱਡੇ ਅਫਸਰਾਂ ਸ਼ਰੀਫ ਬੰਦਿਆਂ ਵਾਂਗ ਚੁੱਪ ਜਿਹੇ ਤੇ ਆਪਣੇ ਆਪ ਤਕ ਸੀਮਤ ਰਹਿੰਦੇ ਸਨ। ਕਲੱਬ ਦਾ ਮੁੱਖ ਬਾਵਰਚੀ ਕਿਧਰੇ ਬਾਹਰ ਗਿਆ ਹੋਇਆ ਸੀ। ਮੇਜਰ ਜਨਰਲ ਦੇ ਕੁਝ ਮਹਿਮਾਨ ਟੀ-ਪਾਰਟੀ 'ਤੇ ਆ ਰਹੇ ਸਨ। ਮੈਨੇਜਰ ਨੇ ਮੈਨੂੰ ਪੁੱਛਿਆ ਕਿ ਕੀ ਇਸ ਪਾਰਟੀ ਲਈ ਕੁਝ ਵਿਸ਼ੇਸ਼ ਕੀਤਾ ਜਾ ਸਕਦਾ ਹੈ ਜਿਸ ਨਾਲ ਮੇਜਰ ਜਨਰਲ ਦੇ ਮਹਿਮਾਨ ਖੁਸ਼ ਹੋ ਜਾਣ। ਮੈਨੂੰ ਇਕ ਦਮ ਫੁਰਨਾ ਫੁਰਿਆ ਤੇ ਮੈਂ ਕਿਹਾ ਕਿ ਮੈਂ ਸੈਂਡਵਿਚ ਬਹੁਤ ਵਧੀਆ ਬਣਾ ਸਕਦਾ ਹਾਂ। ਉਸ ਨੇ ਕਿਹਾ ਕਿ ਚੱਲ ਬਣਾ। ਨਾਲ ਹੀ ਇਹ ਵੀ ਤਾੜਨਾ ਕਰ ਦਿਤੀ ਕਿ ਡਬਲਰੋਟੀ ਤੇ ਮੱਖਣ ਤਾਜ਼ੇ ਹੋਣੇ ਚਾਹੀਦੇ ਹਨ ਤੇ ਇਸ ਵਿਚ ਪੈਣ ਵਾਲਾ ਹੋਰ ਸਮਾਨ ਵੀ। ਮੈਂ ਉਸ ਨੂੰ ਯਕੀਨ ਦਵਾਇਆ ਕਿ ਕਿਸੇ ਕਿਸਮ ਦਾ ਫਿਕਰ ਨਾ ਕਰੇ, ਸਭ ਕੁਝ ਇਕ ਦਮ ਤਾਜ਼ਾ ਹੋਵੇਗਾ। ਉਸ ਨੂੰ ਮੇਰੇ 'ਤੇ ਯਕੀਨ ਕਰਨਾ ਹੀ ਪੈਣਾ ਸੀ ਕਿਉਂਕਿ ਜਿਹੜੀ ਉਹ ਕਲੱਬ ਦੇ ਮਾਲਕ ਨਾਲ ਹੇਰਾਫੇਰੀ ਕਰਦਾ ਸੀ ਉਸ ਸਭ ਦਾ ਮੈਨੂੰ ਪਤਾ ਸੀ ਤੇ ਇਹ ਗੱਲ ਉਹ ਵੀ ਜਾਣਦਾ ਸੀ।

ਮੇਰੀ ਖੁਸ਼ਕਿਸਮਤੀ ਦੇਖੋ ਕਿ ਮੇਰੇ ਬਣਾਏ ਹੋਏ ਸੈਂਡਵਿਚ ਬਹੁਤ ਹੀ ਪਸੰਦ ਕੀਤੇ ਗਏ। ਮੇਜਰ ਜਨਰਲ ਦੇ ਮਹਿਮਾਨਾਂ ਨੇ ਮੈਨੇਜਰ ਦੀਆਂ ਢੇਰ ਤਾਰੀਫਾਂ ਕੀਤੀਆਂ। ਉਹ ਵੀ ਸਹਿਜੇ ਸਹਿਜੇ ਮੁਸਕਰਾਉਂਦਾ ਆਪਣੀ ਤਾਰੀਫ ਨੂੰ ਕਬੂਲ ਕਰਦਾ ਰਿਹਾ। ਇਥੋਂ ਹੀ ਮੇਰੇ ਮਨ ਵਿਚ ਇਕ ਵਿਚਾਰ ਆਇਆ ਤੇ ਮੈਂ ਉਸ ਨੂੰ ਬੇਨਤੀ ਕੀਤੀ ਕਿ ਕਲੱਬ ਦੇ ਠੇਕੇਦਾਰ ਤੇ ਹੋਰ ਸਬੰਧਤ ਸੰਚਾਲਕਾਂ ਨੂੰ ਕਹਿ ਕੇ ਸ਼ਾਮ ਵੇਲੇ ਕਲੱਬ ਵਿਚ ਮੈਨੂੰ ਸੈਂਡਵਿਚਾਂ ਦਾ ਸਟਾਲ ਲਾਉਣ ਦੀ ਇਜਾਜ਼ਤ ਦੇਵੇ। ਜਦੋਂ ਤੋਂ ਮੈਨੂੰ ਇਸ ਭੇਦ ਦਾ ਪਤਾ ਚਲਿਆ ਸੀ ਕਿ ਉਸ ਦੀ ਸਪਲਾਇਰਾਂ ਨਾਲ ਕਿਹੜੀ ਗਿਟਮਿਟ ਚਲਦੀ ਹੈ, ਉਦੋਂ ਤੋਂ ਉਹ ਮੇਰੇ ਨਾਲ ਬਹੁਤ ਖੁਸ਼ ਰਹਿਣ ਲੱਗਿਆ ਸੀ। ਉਸ ਨੇ ਮੇਰੀ ਇਹ ਬੇਨਤੀ ਆਪਣੀ ਸਿਫਰਾਸ਼ ਸਮੇਤ ਉਪਰਲੇ ਅਫਸਰਾਂ ਨੂੰ ਭੇਜ ਦਿਤੀ ਤੇ ਮੈਨੂੰ ਸਟਾਲ ਲਾਉਣ ਦੀ ਇਜਾਜ਼ਤ ਮਿਲ ਗਈ।

ਮੇਰਾ ਸੈਂਡਵਿਚਾਂ ਦਾ ਕਾਰੋਬਾਰ ਪੂਰੀ ਕਾਮਯਾਬੀ ਨਾਲ ਚੱਲ ਨਿਕਲਿਆ। ਪਹਿਲੇ ਹੀ ਦਿਨ ਸਾਰੇ ਦੇ ਸਾਰੇ ਸੈਂਡਵਿਚ ਵਿਕ ਗਏ। ਲੇਟ ਹੋਣ ਵਾਲਿਆਂ ਨੂੰ ਨਿਰਾਸ਼ਾ ਦਾ ਮੂੰਹ ਦੇਖਣਾ ਪਿਆ। ਤੇ ਜਦ ਉਹਨਾਂ ਨੂੰ ਪਤਾ ਲੱਗਾ ਕਿ ਸੈਂਡਵਿਚ ਬਹੁਤ ਸਵਾਦੀ ਸਨ ਤਾਂ ਉਹ ਹੋਰ ਵੀ ਪਛਤਾਉਣ ਲੱਗੇ। ਦੂਜੇ ਦਿਨ ਮੈਂ ਸਟਾਲ ਵੱਡੇ ਮੇਜ਼ 'ਤੇ ਲਗਾਇਆ। ਮੇਜ਼ ਉਪਰ ਚਿੱਟਾ ਕਪੜਾ ਵਿਛਾਇਆ ਤੇ ਉਪਰ ਤਾਜ਼ੇ ਸੈਂਡਵਿਚ ਸਜਾ ਦਿਤੇ। ਨਾਲ ਹੀ ਤਾਜ਼ੇ ਫਲ਼ ਵੀ ਤੇ ਠੰਡੀ ਸਕੰਜਵੀ ਵੀ। ਦੂਜੇ ਦਿਨ ਮੈਨੂੰ ਪਹਿਲੇ ਦਿਨ ਨਾਲੋਂ ਵੀ ਵੱਡੀ ਕਾਮਯਾਬੀ ਮਿਲੀ। ਹਫਤੇ ਦੇ ਅੰਦਰ ਅੰਦਰ ਹੀ ਮੈਨੂੰ ਆਪਣੀ ਮਿਹਨਤ ਦਾ ਵਾਹਵਾ ਫਲ ਮਿਲ ਗਿਆ।

ਕਲੱਬ ਦੇ ਅਫਸਰ ਮੇਰੇ ਨਾਲ ਮਿੱਤਰਤਾ ਨਾਲ ਪੇਸ਼ ਆਉਣ ਲੱਗੇ। ਉਹ ਮੇਰੇ ਪਰਿਵਾਰ ਬਾਰੇ ਪੁੱਛਦੇ ਰਹਿੰਦੇ। ਜਦ ਉਹਨਾਂ ਨੂੰ ਪਤਾ ਚਲਦਾ ਕਿ ਮੇਰੀ ਅੰਮਾਂ ਦੇ ਅਸੀਂ ਬਾਰਾਂ ਬੱਚੇ ਹਾਂ ਤਾਂ ਉਹ ਬਹੁਤ ਹੈਰਾਨ ਹੁੰਦੇ ਕਿ ਉਹ ਔਰਤ ਹਾਲੇ ਵੀ ਜਿਉਂਦੀ ਹੈ। ਜਦ ਮੈਂ ਸੈਂਡਵਿਚਾਂ ਦੇ ਕਾਰੋਬਾਰ ਵਿਚੋਂ ਵਾਹਵਾ ਕਮਾਈ ਕਰਨ ਲੱਗ ਪਿਆ ਤਾਂ ਮੇਰੇ ਵਿਚ ਹੌਸਲਾ ਆ ਗਿਆ ਤੇ ਮੈਂ ਆਪਣੇ ਭਰਾ ਅਯੂਬ ਸਾਹਬ ਨੂੰ ਤਾਰ ਦੇ ਦਿਤੀ ਕਿ ਅੰਮਾਂ ਨੂੰ ਦੱਸ ਦੇਵੇ ਕਿ ਮੈਂ ਪੂਨੇ ਵਿਚ ਹਾਂ ਤੇ ਬ੍ਰਿਟਿਸ਼ ਆਰਮੀ ਦੀ ਕੰਟੀਨ ਵਿਚ ਕੰਮ ਕਰ ਰਿਹਾ ਹਾਂ। ਮੇਰੀ ਤਾਰ ਨੇ ਮੇਰੀ ਅੰਮਾਂ ਨੂੰ ਤਾਂ ਜ਼ਰੂਰ ਰਾਹਤ ਦਿਤੀ ਹੋਵੇਗੀ।



ਅਗਲੇ ਹਫਤੇ ਹੀ ਅਯੂਬ ਸਾਹਬ ਮੈਨੂੰ ਦੱਸੇ ਬਿਨਾਂ ਇਕ ਨੌਕਰ ਸਮੇਤ ਮੈਨੂੰ ਮਿਲਣ ਆ ਗਏ। ਉਹ ਆਪਣੇ ਨਾਲ ਸੁੱਕੇ ਮੇਵੇ ਤੇ ਅੰਮਾਂ ਦੇ ਹੱਥ ਦਾ ਬਣਿਆਂ ਸੂਜੀ ਦਾ ਹਲਵਾ ਲਿਆਏ ਸਨ। ਉਹ ਆਪਣੇ ਨਾਲ ਮੈਨੂੰ ਦੇਣ ਲਈ ਕੁਝ ਪੈਸੇ ਵੀ ਲਿਆਏ ਜਿਹੜੇ ਅੰਮਾਂ ਨੇ ਘਰ ਦੇ ਖਰਚ ਵਿਚੋਂ ਬਚਾਣੇ ਹੋਣਗੇ। ਮੈਂ ਅਯੂਬ ਸਾਹਬ ਨੂੰ ਮਿਲ ਕੇ ਬਹੁਤ ਖੁਸ਼ ਹੋਇਆ। ਉਹ ਵੀ ਆਪਣੇ ਹੰਝੂ ਛੁਪਾ ਨਹੀਂ ਸਨ ਸਕੇ। ਮੈਂ ਉਹਨਾਂ ਨੂੰ ਦੱਸਿਆ ਕਿ ਮੈਂ ਇਥੇ ਮਜ਼ੇ ਵਿਚ ਹਾਂ ਤੇ ਮੈਨੂੰ ਅੰਮਾਂ ਦੇ ਭੇਜੇ ਪੈਸਿਆਂ ਦੀ ਲੋੜ ਨਹੀਂ। ਉਹਨਾਂ ਆਪ ਵੀ ਦੇਖ ਹੀ ਲਿਆ ਹੋਵੇਗਾ ਕਿ ਮੈਂ ਵਧੀਆ ਖਾ-ਪੀ ਰਿਹਾ ਸਾਂ ਤੇ ਵਧੀਆ ਤਰੀਕੇ ਨਾਲ ਰਹਿ ਰਿਹਾ ਸਾਂ। ਜੇ ਮੇਰੇ ਕੋਲ ਕਮੀ ਸੀ ਤਾਂ ਉਹ ਸੀ ਆਪਣੇ ਪਰਿਵਾਰ ਦੇ ਨੇੜ ਦੀ ਤੇ ਨਿੱਘ ਦੀ।

ਮੈਂ ਤੇ ਅਯੂਬ ਸਾਹਬ ਬਹੁਤ ਨੇੜੇ ਸਾਂ। ਸਾਡੇ ਵਿਚਕਾਰ ਭਰਾਵਾਂ ਵਾਲੀ ਜੁੜਤ ਬਹੁਤ ਮਜ਼ਬੂਤ ਸੀ। ਮੈਂ ਉਹਨਾਂ ਨਾਲ ਆਪਣੇ ਦਿਲ ਦੀ ਹਰ ਗੱਲ ਕਰ ਲਿਆ ਕਰਦਾ ਸਾਂ। ਸ਼ਾਮ ਦੇ ਵਕਤ ਅਸੀਂ ਬੈਂਚ 'ਤੇ ਬੈਠੇ ਸਾਂ। ਸੂਰਜ ਇੰਚ ਇੰਚ ਕਰਕੇ ਹੇਠਾਂ ਜਾ ਰਿਹਾ ਸੀ। ਸਾਰਾ ਅਸਮਾਨ ਸੰਤਰੀ ਤੇ ਸੁਨਿਹਰੀ ਰੰਗ ਦਾ ਹੋਇਆ ਪਿਆ ਸੀ। ਪੰਛੀ ਦਰਖਤਾਂ ਦੀਆਂ ਟਾਹਣੀਆਂ ਵਿਚ ਛੁਪ ਰਹੇ ਸਨ ਤੇ ਲਗਾਤਾਰ ਚਹਿ-ਚਹਾਟ ਪੈਦਾ ਕਰ ਰਹੇ ਸਨ। ਸ਼ਾਇਦ ਸੰਕੇਤ ਦੇ ਰਹੇ ਸਨ ਕਿ ਇਕ ਹੋਰ ਦਿਨ ਖਤਮ ਹੋ ਗਿਆ ਹੈ। ਐਨ ਉਸ ਵੇਲੇ ਮੈਂ ਅਯੂਬ ਸਾਹਬ ਸਾਹਮਣੇ ਆਪਣੇ ਦਿਲ ਖੋਲਹਣ ਲਗਿਆ। ਮੇਰੇ ਘਰ ਛੱਡਣ ਦਾ ਕਾਰਨ ਸੀ ਕਿ ਮੈਂ ਆਗਾ ਜੀ (ਅੱਬਾ ਜਾਨ) ਨੂੰ ਦੱਸਣਾ ਚਾਹੁੰਦਾ ਸਾਂ ਕਿ ਮੈਂ ਉਹਨਾਂ ਦੀ ਮੱਦਦ ਬਿਨਾਂ ਵੀ ਜੀ ਸਕਦਾ ਹਾਂ। ਤੇ ਮੇਰੇ ਚੁਪ-ਚਾਪ ਘਰ ਛੱਡਣ ਦਾ ਮਤਲਬ ਇਹ ਵੀ ਸੀ ਕਿ ਮੈਂ ਆਗਾ ਜੀ ਦੀ ਉਹਨਾਂ ਨੂੰ ਮੌਜੂਦਾ ਸਥਿਤੀ ਵਿਚੋਂ ਕੱਢਣ ਵਿਚ ਸਹਾਇਤਾ ਕਰ ਸਕਾਂ। ਮੇਰੀ ਗਲਤੀ ਇਹ ਸੀ ਕਿ ਮੈਨੂੰ ਅੰਮਾਂ ਨੂੰ ਯਕੀਨ ਵਿਚ ਲੈ ਕੇ ਘਰ ਛੱਡਣਾ ਚਾਹੀਦਾ ਸੀ। ਅਯੂਬ ਸਾਹਬ ਨੇ ਮੇਰੀ ਸਾਰੀ ਗੱਲ ਨੂੰ ਧਿਆਨ ਨਾਲ ਸੁਣਿਆਂ। ਉਹ ਬਹੁਤ ਸੰਵੇਦਨਸ਼ੀਲ ਸਨ, ਸੁਣਦੇ ਬਹੁਤਾ ਤੇ ਬੋਲਦੇ ਘੱਟ ਸਨ।

ਅਗਲੀ ਸਵੇਰ ਉਹ ਵਾਪਸ ਬੰਬਈ ਚਲੇ ਗਏ ਤੇ ਮੈਂ ਉਹਨਾਂ ਨੂੰ ਸਟੇਸ਼ਨ 'ਤੇ ਅਲਵਿਦਾ ਕਰ ਕੇ ਵਾਪਸ ਕੰਮ 'ਤੇ ਆ ਗਿਆ। ਹੁਣ ਮੇਰੇ ਮਨ ਦਾ ਬੋਝ ਕਾਫੀ ਘਟ ਗਿਆ ਸੀ ਤੇ ਹੁਣ ਮੈਂ ਬਹੁਤ ਹੀ ਸਹਿਜ ਮਹਿਸੂਸ ਕਰ ਰਿਹਾ ਸਾਂ। ਵਾਪਸ ਕਲੱਬ ਗਿਆ ਤਾਂ ਇਕ ਸਰਪਰਾਈਜ਼ ਮੇਰੀ ਉਡੀਕ ਕਰ ਰਿਹਾ ਸੀ, ਉਹ ਸੀ ਕਾਰਪੋਰਲ ਮਾਰਲੋ, ਜਿਸ ਨੂੰ ਮੈਂ ਦੇਵਲਾਲੀ ਤੋਂ ਹੀ ਜਾਣਦਾ ਸਾਂ। ਹੁਣ ਉਸ ਦੀ ਬਦਲੀ ਪੂਨੇ ਦੀ ਹੋ ਗਈ ਸੀ। ਮੈਂ ਦੇਖਿਆ ਕਿ ਉਹ ਹੱਥ ਵਿਚ ਬੀਅਰ ਦਾ ਗਲਾਸ ਫੜੀ ਬਾਰ ਵਿਚ ਖੜਾ ਸੀ। ਉਹ ਓਨਾ ਹੀ ਭਿਆਨਕ ਲੱਗ ਰਿਹਾ ਸੀ ਜਿੰਨਾ ਸਦਾ ਲਗਿਆ ਹੀ ਕਰਦਾ ਸੀ। ਪੁਰਾਣੀਆਂ ਯਾਦਾਂ ਦਾ ਇਕ ਬੁੱਲਾ ਜਿਹਾ ਮੇਰੇ ਮਨ ਵਿਚ ਘੁੰਮ ਗਿਆ। ਦੇਵਲਾਲੀ ਵਿਚ ਉਸ ਨੂੰ 'ਡੌਗ ਮੈਨ' ਕਿਹਾ ਜਾਂਦਾ ਸੀ। ਦੇਵਲਾਲੀ ਵਿਚ ਮੈਂ ਤੇ ਮੇਰੇ ਦੋਸਤ ਉਸ ਨੂੰ ਦੇਖਦੇ ਹੀ ਅੱਡੀਆਂ ਨੂੰ ਥੁੱਕ ਲਾ ਕੇ ਦੌੜ ਤੁਰਦੇ ਸਾਂ। ਆਮ ਇਨਸਾਨ ਤਾਂ ਉਹ ਲੱਗਦਾ ਹੀ ਨਹੀਂ ਸੀ, ਨਿਰਾ ਦੈਂਤ ਜਾਪਦਾ। ਸਕੂਲ ਤੋਂ ਮੁੜਦੇ ਜਦ ਉਸ ਦੇ ਵੱਡ ਅਕਾਰੀ ਸਰੀਰ ਨੂੰ ਦੇਖਦੇ ਤਾਂ ਅਸੀਂ ਡਰ ਜਾਂਦੇ। ਦੇਵਲਾਲੀ ਦੀਆਂ ਉਬੜ-ਖਾਬੜ ਸੜਕਾਂ 'ਤੇ ਉਸ ਨੂੰ ਜੀਪ ਦੁੜਾਉਂਦੇ ਦੇਖਦੇ ਤਾਂ ਅਸੀਂ ਅੰਦਰ ਵੜ ਕੇ ਕੁੰਡੀ ਲਾ ਲਿਆ ਕਰਦੇ ਸਾਂ। ਇਸ ਦਾ ਕਾਰਨ ਸੀ ਉਸ ਦੀ ਇਕ ਆਦਤ। ਉਹ ਆਵਾਰਾ ਕੁੱਤੇ ਨੂੰ ਦੇਖਦਿਆਂ ਹੀ ਆਪਣਾ ਰਿਵਾਲਵਰ ਉਸ ਵਲ ਸੇਧ ਲੈਂਦਾ ਤੇ ਗਰੀਬ ਜਾਨਵਰ 'ਤੇ ਗੋਲੀ ਚਲਾ ਦਿੰਦਾ। ਜਦ ਕੁੱਤਾ ਸਾਹ ਲੈਣਾ ਬੰਦ ਕਰਦਾ ਤਾਂ ਉਹ ਆਪਣੀ ਜੀਪ ਦੇ ਪਿਛਲੇ ਪਾਸਿਓਂ ਇਕ ਬੈਗ ਕੱਢਦਾ ਤੇ ਨਾਲ ਹੀ ਇਕ ਚਾਕੂ ਤੇ ਕੁੱਤੇ ਦੀ ਪੂਛ ਕੱਟ ਕੇ ਬੈਗ ਵਿਚ ਪਾ ਦਿੰਦਾ। ਮੈਨੂੰ ਉਸ ਦੇ ਇਸ ਸਾਰੇ ਕੰਮ ਦੀ ਕੋਈ ਤੁਕ ਨਹੀਂ ਸੀ ਜਾਪਦੀ। ਇਹ ਤਾਂ ਮੈਨੂੰ ਉਮਰ ਚਾਚੇ ਨੇ ਸਮਝਾਇਆ ਕਿ

ਆਵਾਰਾ ਕੁੱਤਿਆਂ ਨੂੰ ਕੰਨਟੋਨਮੈਂਟ ਦੇ ਇਲਾਕੇ ਵਿਚ ਨਹੀਂ ਵੜਨ ਦਿਤਾ ਜਾਂਦਾ। ਉਸ ਦੇ ਪੂਛ ਕੱਟਣ ਦਾ ਮਤਲਬ ਸੀ ਕਿ ਉਸ ਨੇ ਚਲਾਈਆਂ ਗੋਲੀਆਂ ਦਾ ਹਿਸਾਬ ਦੇਣਾ ਹੁੰਦਾ ਸੀ। ਇਵੇਂ ਪੂਛਾਂ ਗਿਣ ਕੇ ਹਿਸਾਬ ਰੱਖਣਾ ਸੌਖਾ ਸੀ। ਇਹ ਯਾਦਾਂ ਦੀ ਛੋਟੀ ਜਿਹੀ ਬਦਲੀ ਸੀ ਜਿਸ ਨੂੰ ਛੇਤੀ ਹੀ ਆਪਣੇ ਚੇਤੇ ਵਿਚੋਂ ਖਾਰਜ ਕਰਨ ਵਿਚ ਕਾਮਯਾਬ ਹੋ ਗਿਆ ਸਾਂ। ਜਿਵੇਂ ਮੈਂ ਕੁਝ ਹੋਰ ਵੱਡਾ ਹੋਇਆ ਤਾਂ ਅਸੀਂ ਮੁੜ ਬੰਬਈ ਆ ਗਏ ਸਾਂ।

ਜਦ ਬਾਰਮੈਨ ਨੇ ਮੈਨੂੰ ਬੁਲਾ ਕੇ ਕਾਰਪੋਰਲ ਮਾਰਲੋ ਨਾਲ ਮਿਲਾਉਣਾ ਚਾਹਿਆ ਤਾਂ ਮੇਰੀ ਕੰਗਰੋੜ 'ਤੇ ਬਚਪਨ ਵਾਲੀ ਠੰਡੀ ਜਿਹੀ ਲਹਿਰ ਦੌੜ ਗਈ। ਉਸ ਨੇ ਮੇਰਾ ਐਵੇਂ ਜਿਹਾ ਸਵਾਗਤ ਕੀਤਾ, ਬਿਨਾਂ ਕਿਸੇ ਮੁਸਕ੍ਰਾਹਟ ਤੋਂ ਤੇ ਚਲੇ ਗਿਆ। ਸਾਫ ਸੀ ਕਿ ਮੇਰੇ ਨਾਲ ਮਿਤਰਤਾ ਪਾਉਣ ਦਾ ਉਸ ਦਾ ਕੋਈ ਇਰਾਦਾ ਨਹੀਂ ਸੀ। ਪਰ ਹੌਲੀ ਹੌਲੀ ਉਸ ਨੇ ਦੂਰੋਂ ਹੀ ਅੰਗੂਠਾ ਦਿਖਾ ਕੇ ਹਾਜ਼ਰੀ ਲਗਾਉਣੀ ਸ਼ੁਰੂ ਕਰ ਦਿਤੀ। ਫਿਰ ਜਦ ਉਸ ਨੂੰ ਪਤਾ ਚਲਿਆ ਕਿ ਮੈਂ ਅਫਸਰਾਂ ਵਿਚ ਕਾਫੀ ਹਰਮਨ-ਪਿਆਰਾ ਹਾਂ ਤਾਂ ਸਾਡੇ ਸਬੰਧ ਬਹੁਤ ਸੁਹਾਵਣੇ ਹੋ ਗਏ। ਹਾਂ, ਕੁੱਤੇ ਮਾਰਨ ਦੀ ਉਸ ਦੀ ਖਬਤ ਪੂਨੇ ਆ ਕੇ ਵੀ ਨਹੀਂ ਸੀ ਗਈ। ਇਹ ਗੱਲ ਵੱਖਰੀ ਸੀ ਕਿ ਪੂਨੇ ਵਿਚ ਦੇਵਲਾਲੀ ਜਿੰਨੇ ਆਵਾਰਾ ਕੁੱਤੇ ਨਹੀਂ ਸਨ। ਕੰਨਟੋਨਮੈਂਟ ਨੇੜੇ ਬਹੁਤ ਘੱਟ ਆਵਾਰਾ ਕੁੱਤੇ ਦੇਖਣ ਨੂੰ ਮਿਲਦੇ ਸਨ। ਮੈਂ ਮਾਰਲੋ ਨੂੰ ਏਧਰ-ਓਧਰ ਫਿਰਦਿਆਂ ਅਕਸਰ ਦੇਖਿਆ ਕਰਦਾ। ਕਈ ਵਾਰੀ ਉਸ ਦੇ ਨਾਲ ਉਸ ਦੀ ਖੂਬਸੂਰਤ ਧੀ ਵੀ ਹੁੰਦੀ। ਉਸ ਦੀ ਧੀ ਆਮ ਹੀ ਕਲੱਬ ਵਿਚ ਦਿਸ ਪੈਂਦੀ ਸੀ। ਉਸ ਕੁੜੀ ਦੀ ਕਿਸੇ ਜਵਾਨ ਅਫਸਰ ਨਾਲ ਆਸ਼ਨਾਈ ਚਲਦੀ ਸੀ ਜੋ ਉਸ ਨੂੰ ਕਲੱਬ ਤੋਂ ਬਾਹਰ ਮਿਲਣ ਲਈ ਆਖਦਾ। ਮੈਨੂੰ ਇਸ ਗੱਲ ਦਾ ਪੂਰਾ ਪਤਾ ਸੀ ਪਰ ਮੈਂ ਅਣਗੌਲ ਰੱਖਦਾ।

ਮੇਰਾ ਕਮਰਾ ਕਲੱਬ ਦੇ ਹਾਤੇ ਵਿਚ ਹੀ ਸੀ। ਇਹ ਛੋਟਾ ਤਾਂ ਭਾਵੇਂ ਸੀ ਪਰ ਸੀ ਬਹੁਤ ਅਰਾਮਦੇਹ। ਇਸ ਦੀ ਖਿੜਕੀ ਕਲੱਬ ਦੇ ਹਾਲ-ਕਮਰੇ ਵਲ ਖੁਲ੍ਹਦੀ ਸੀ ਤੇ ਪੂਰੇ ਹਾਲ ਦਾ ਦ੍ਰਿਸ਼ ਸਾਫ ਦਿਖਾਈ ਦਿਆ ਕਰਦਾ ਸੀ। ਇਸ ਹਾਲ ਵਿਚ ਅਫਸਰ ਲੋਕ ਇਕੱਠੇ ਹੁੰਦੇ। ਸ਼ਾਮ ਵੇਲੇ ਕੋਈ ਨਾ ਕੋਈ ਅਫਸਰ ਪਾਰਟੀ ਕਰਦਾ। ਗੀਤ-ਸੰਗੀਤ ਚਲਦਾ ਹੀ ਰਹਿੰਦਾ ਸੀ। ਮੈਂ ਖਿੜਕੀ ਰਾਹੀਂ ਅਫਸਰਾਂ ਤੇ ਉਹਨਾਂ ਦੀਆਂ ਔਰਤਾਂ ਨੂੰ ਡਾਂਸ ਕਰਦਿਆਂ ਦੇਖਦਾ ਰਹਿੰਦਾ। ਅਫਸਰਾਂ ਨੇ ਬਹੁਤ ਹੀ ਵਧੀਆ ਸੂਟ ਪਾਏ ਹੋਏ ਹੁੰਦੇ ਤੇ ਨਾਲ ਹੀ ਭਾਰਤੀ ਰੇਸ਼ਮ ਦੀਆਂ ਟਾਈਆਂ ਲਾਈਆਂ ਹੁੰਦੀਆਂ। ਅਜਿਹੀਆਂ ਟਾਈਆਂ ਆਮ ਦੁਕਾਨਾਂ ਤੋਂ ਨਹੀਂ ਸਨ ਮਿਲਦੀਆਂ। ਮੈਂ ਸੂਟਾਂ ਵਲ ਲਲਚਾਈਆਂ ਅੱਖਾਂ ਨਾਲ ਦੇਖਦਾ, ਸੋਚਦਾ ਕਿ ਕੀ ਕਦੇ ਮੇਰੇ ਕੋਲ ਵੀ ਅਜਿਹਾ ਸੂਟ ਹੋਵੇਗਾ। ਮੈਨੂੰ ਇਹ ਨਹੀਂ ਸੀ ਪਤਾ ਕਿ ਇਕ ਦਿਨ ਮੈਂ ਇਹਨਾਂ ਤੋਂ ਵੀ ਵਧੀਆ ਸੂਟਾਂ ਦਾ ਮਾਲਕ ਹੋਵਾਂਗਾ ਤੇ ਆਪਣੀ ਮਨ ਮਰਜ਼ੀ ਦਾ ਸੂਟ ਚੁਣ ਸਕਾਂਗਾ। ਹੁਣ ਮੇਰੀ ਵਾਰਡਰੋਬ ਵਿਚ ਭਾਂਤ ਭਾਂਤ ਦੇ ਕਪੜੇ ਹਨ ਤੇ ਅਨੇਕਾਂ ਸੂਟ ਹਨ, ਸ਼ਾਇਦ ਮੇਰੀ ਇਹ ਖਾਹਸ਼ ਆਰਮੀ ਕਲੱਬ ਦੇ ਦਿਨਾਂ ਤੋਂ ਹੀ ਹੈ।

ਇਕ ਦਿਨ ਮੈਂ ਆਪਣਾ ਸੈਂਡਵਿਚ ਸਟਾਲ ਬੰਦ ਕੀਤਾ ਤਾਂ ਮੇਰੇ ਦਿਲ ਵਿਚ ਆਇਆ ਕਿ ਕਿਉਂ ਨਾ ਆਪਣੇ ਕਮਰੇ ਵਿਚ ਜਾ ਕੇ ਕੁਝ ਕੁ ਸੁਸਤਾ ਲਵਾਂ। ਮੈਂ ਢਿੱਲੇ ਜਿਹੇ ਕਦਮਾਂ ਨਾਲ ਆਪਣੇ ਕਮਰੇ ਵਲ ਨੂੰ ਤੁਰ ਪਿਆ। ਜਦ ਕਮਰੇ ਦੇ ਨੇੜੇ ਪੁੱਜਾ ਤਾਂ ਕੀ ਦੇਖਦਾ ਹਾਂ ਕਿ ਮੇਰੇ ਕਮਰੇ ਦਾ ਦਰਵਾਜ਼ਾ ਜ਼ਰਾ ਕੁ ਖੁਲ੍ਹਾ ਹੋਇਆ ਹੈ। ਮੈਂ ਹੈਰਾਨ-ਪਰੇਸ਼ਾਨ ਹੋ ਗਿਆ ਕਿਉਂਕਿ ਦੋ ਕੁ ਦਿਨ ਪਹਿਲਾਂ ਹੀ ਸਾਡੇ ਗਵਾਂਢ ਵਿਚ ਚੋਰੀ ਹੋਈ ਸੀ। ਚੋਰੀ ਵੀ ਅਜਿਹੀ ਕਿ ਪੁਲੀਸ ਸੱਦਣੀ ਪਈ ਸੀ। ਇਸ ਘਟਨਾ ਨੇ ਆਲੇ ਦੁਆਲੇ ਇਕ ਸਹਿਮ ਜਿਹਾ ਪੈਦਾ ਕਰ ਦਿਤਾ ਹੋਇਆ ਸੀ। ਮੇਰਾ ਡਰ ਸੀ ਕਿ ਮੇਰੇ ਕਮਰੇ ਵਿਚ ਵੀ ਉਹੀ ਚੋਰ ਫਿਰ ਗਿਆ ਹੋਵੇਗਾ। ਮੇਰੀ ਹੱਕ ਹਲਾਲ ਦੀ ਸਾਰੀ ਕਮਾਈ, ਜਮ੍ਹਾਂ-ਪੂੰਜੀ ਕਮਰੇ ਵਿਚ ਹੀ ਪਈ ਸੀ। ਮੈਂ ਆਪਣੇ ਕਮਰੇ ਵਲ ਭੱਜ ਪਿਆ। ਜਦ ਦਰਵਾਜ਼ੇ ਵਿਚ ਪੁੱਜਾ



ਤਾਂ ਅੰਦਰਲਾ ਨਜ਼ਾਰਾ ਮੇਰੀ ਕਲਪਣਾ ਤੋਂ ਬਹੁਤ ਦੂਰ ਦਾ ਸੀ। ਉਸੇ ਅੰਗਰੇਜ਼ ਫੌਜੀ ਦੀ ਧੀ, ਜਿਸ ਨੂੰ ਮੈਂ ਅਕਸਰ ਦੇਖਦਾ ਸਾਂ, ਮੇਰੇ ਬਿਸਤਰ 'ਤੇ ਨੰਗੀ ਪਈ ਸੀ, ਅਲਫ ਨੰਗੀ। ਮੈਂ ਤਾਂ ਥਾਵੇਂ ਹੀ ਬੁੱਤ ਬਣ ਗਿਆ। ਉਹ ਮੇਰੇ ਬਿਸਤਰ 'ਤੇ ਪਸਰੀ ਪਈ ਸੀ ਤੇ ਉਹ ਜਾਣ ਬੁੱਝ ਕੇ ਮੇਰੇ ਵਲ ਨੂੰ ਸੱਦਾ ਦਿੰਦੀਆਂ ਅਦਾਵਾਂ ਕਰਨ ਲੱਗੀ। ਸਾਡੀਆਂ ਅੱਖਾਂ ਮਿਲੀਆਂ, ਮੈਂ ਉਸੇ ਵੇਲੇ ਪਿਛਾਂਹ ਮੁੜ ਪਿਆ ਤੇ ਮੈਨੇਜਰ ਦੀ ਕੈਬਨ ਵਲ ਦੌੜ ਤੁਰਿਆ। ਗੁੱਸੇ, ਸ਼ਰਮ ਤੇ ਡਰ ਨਾਲ ਮੇਰਾ ਦਿਲ ਜ਼ੋਰ ਜ਼ੋਰ ਨਾਲ ਧੜਕ ਰਿਹਾ ਸੀ, ਜਾਪਦਾ ਸੀ ਕਿ ਇਹ ਹੁਣੇ ਹੀ ਫਟ ਜਾਵੇਗਾ। ਮੈਂ ਸਾਰੀ ਗੱਲ ਮੈਨੇਜਰ ਨੂੰ ਦੱਸੀ। ਉਹ ਉਸੇ ਵੇਲੇ ਮੇਰੇ ਨਾਲ ਮੇਰੇ ਕਮਰੇ ਵਲ ਨੂੰ ਚਲ ਪਿਆ। ਉਸ ਨੂੰ ਵੀ ਕੁੜੀ ਦੇ ਇਵੇਂ ਕਰਨ ਉਪਰ ਬਹੁਤ ਗੁੱਸਾ ਆ ਰਿਹਾ ਸੀ। ਜਦ ਤਕ ਅਸੀਂ ਕਮਰੇ ਵਿਚ ਪੁੱਜੇ ਤਾਂ ਕੁੜੀ ਜਾ ਚੁੱਕੀ ਸੀ। ਮੈਨੇਜਰ ਨੇ ਅੱਖਾਂ ਦੇ ਭਰਵੱਟੇ ਉਤਾਂਹ ਚੁੱਕੇ ਤੇ ਸਵਾਲੀਆ ਨਜ਼ਰਾਂ ਨਾਲ ਮੇਰੇ ਵਲ ਦੇਖਣ ਲਗਿਆ। ਇਹ ਨਹੀਂ ਕਿ ਉਸ ਨੂੰ ਮੇਰੇ ਬੋਲਾਂ ਉਪਰ ਯਕੀਨ ਨਹੀਂ ਸੀ। ਮੈਂ ਉਸ ਨੂੰ ਬਾਹੋਂ ਫੜਿਆ ਤੇ ਤੈਰਨ-ਤਲਾਬ ਵਲ ਨੂੰ ਲੈ ਤੁਰਿਆ। ਮੇਰੇ ਮਨ ਵਿਚ ਇਕ ਭਾਵਨਾ ਉਠੀ ਕਿ ਉਹ ਜ਼ਰੂਰ ਤਲਾਬ ਵਲ ਹੀ ਗਈ ਹੋਵੇਗੀ। ਅਸੀਂ ਓਥੇ ਗਏ ਤਾਂ ਉਹ ਉਥੇ ਹੀ ਸੀ। ਉਹ ਤਲਾਬ ਦੇ ਬਣੇ ਉਸ ਸਪਰਿੰਗ-ਬੋਰਡ 'ਤੇ ਖੜੀ ਸੀ ਜਿਥੇ ਚੜ ਕੇ ਲੋਕ ਤਲਾਬ ਵਿਚ ਛਾਲ਼ਾਂ ਮਾਰਿਆ ਕਰਦੇ ਹਨ। ਉਵੇਂ ਹੀ ਅਲਫ ਨੰਗੀ। ਉਸ ਦੇ ਵਾਲ ਹਵਾ ਵਿਚ ਉਡ ਰਹੇ ਸਨ ਤੇ ਉਹ ਉਵੇਂ ਹੀ ਝੂਮ ਰਹੀ ਸੀ ਜਿਵੇਂ ਡਾਂਸ ਫਲੋਰ 'ਤੇ ਨਚਦੀ ਹੋਈ ਝੂਮਿਆਂ ਕਰਦੀ ਸੀ। । ਉਹ ਸਪਰਿੰਗ-ਬੋਰਡ ਦੇ ਬਿਲਕੁਲ ਅਖੀਰ ਵਿਚ ਖੜੀ ਸੀ। ਇਸ ਦ੍ਰਿਸ਼ ਨੇ ਮੇਰੇ ਨਾਲ ਨਾਲ ਮੇਰੇ ਮੈਨੇਜਰ ਨੂੰ ਵੀ ਡਰਾ ਦਿਤਾ ਕਿ ਜੇ ਉਹ ਤਲਾਬ ਵਿਚ ਡਿਗ ਪਈ ਤਾਂ ਹੋਰ ਹੰਗਾਮਾ ਖੜਾ ਹੋ ਸਕਦਾ ਸੀ। ਅਜਿਹਾ ਕੁਝ ਵੀ ਹੋ ਸਕਦਾ ਸੀ ਕਿ ਇਸ ਕਲੱਬ ਦੀ ਹੇਠੀ ਹੋ ਜਾਂਦੀ। ਜਵਾਨੀ ਵਿਚ ਪੈਰ ਧਰਦੇ ਇਕ ਮੁੰਡੇ ਦੇ ਮੁਕਾਬਲੇ ਮੈਂ ਕਾਫੀ ਪੁਖਤਾ ਸੋਚ ਦਾ ਮਾਲਕ ਸਾਂ। ਮੈਂ ਸ਼ਾਂਤ ਰਹਿੰਦਿਆਂ ਆਪਣੇ ਮੈਨੇਜਰ ਨੂੰ ਕਿਹਾ ਕਿ ਕੁੜੀ ਨੂੰ ਉਸ ਫੱਟੇ ਤੋਂ ਲਾਹੁਣ ਲਈ ਕੁਝ ਕਰੇ। ਮੇਰਾ ਪਾਲਣ-ਪੋਸਣ ਅੱਲਾ ਤੋਂ ਡਰਨ ਵਾਲੇ ਪਠਾਣ ਮਾਂ-ਪਿਓ ਤੇ ਬਾਬਾ-ਦਾਦੀ ਵਲੋਂ ਹੋਇਆ ਸੀ ਤੇ ਜਿਹੜੀਆਂ ਔਰਤਾਂ ਮੈਂ ਨਾਲ ਮੇਰਾ ਵਾਹ ਪਿਆ ਸੀ ਉਹ ਸਨ ਮੇਰੀ ਦਾਦੀ, ਅੰਮਾਂ, ਭੈਣਾਂ, ਭੂਆਂ-ਮਾਸੀਆਂ, ਚਾਚੀਆਂ-ਤਾਈਆਂ ਤੇ ਮੇਰੀਆਂ ਕਜ਼ਨਜ਼। ਤੇ ਇਹ ਔਰਤਾਂ ਪੈਰਾਂ ਤੋਂ ਲੈ ਕੇ ਸਿਰ ਤਕ ਹਰ ਵੇਲੇ ਕਪੜਿਆਂ ਨਾਲ ਢਕੀਆਂ ਰਹਿੰਦੀਆਂ ਸਨ। ਨੌਰਥ-ਵੈਸਟ ਫਰੰਟੀਅਰ ਦੀਆਂ ਸਾਰੀਆਂ ਔਰਤਾਂ ਸਾਰਾ ਦਿਨ ਅਜਿਹੇ ਹੀ ਪੂਰੇ ਕਪੜੇ ਪਹਿਨੀ ਰੱਖਦੀਆਂ ਸਨ। ਇਥੇ ਹੁਣ ਮੈਂ ਜਵਾਨੀ ਦੇ ਨਸ਼ੇ ਵਿਚ ਚੂਰ ਨੰਗੀ ਕੁੜੀ ਦੇਖਦਾ ਜਾ ਰਿਹਾ ਸਾਂ। ਇਹ ਵੀ ਨਹੀਂ ਸੀ ਕਿ ਇਹ ਸਭ ਦੇਖ ਕੇ ਮੇਰੀ ਉਮਰ ਦੇ ਹੋਰ ਮੁੰਡਿਆਂ ਵਾਂਗ ਮੇਰੇ ਅੰਦਰ ਕਾਮੁਕ ਖੋਹ ਨਹੀਂ ਸੀ ਪੈ ਰਹੀ। ਸੱਚੀ ਗੱਲ ਇਹ ਸੀ ਕਿ ਇਹ ਸਾਰੀ ਘਟਨਾ ਮੈਨੂੰ ਪਰੇਸ਼ਾਨ ਕਰ ਰਹੀ ਸੀ ਤੇ ਮੇਰੀ ਉਮਰ ਦੇ ਜਵਾਨ ਹੋ ਰਹੇ ਹੋਰ ਮੁੰਡਿਆਂ ਨਾਲੋਂ ਮੈਨੂੰ ਜ਼ਿਆਦਾ ਸਕਤੇ ਵਿਚ ਲਿਆ ਰਹੀ ਸੀ।

ਮੈਨੇਜਰ ਬਹੁਤ ਹਾਜ਼ਰ-ਦਿਮਾਗੀ ਨਿਕਲਿਆ। ਉਸ ਨੇ ਕਲੱਬ ਵਿਚ ਸਫਾਈ ਕਰਦੀਆਂ ਦੋ ਔਰਤਾਂ ਨੂੰ ਕਿਹਾ ਕਿ ਜਾਓ ਤੇ ਕੁੜੀ ਦੇ ਦੁਆਲੇ ਕੰਬਲ ਲਪੇਟ ਕੇ ਉਸ ਨੂੰ ਹੇਠਾਂ ਲੈ ਆਓ। ਉਹ ਕੁੜੀ ਜਿਵੇਂ ਆਲੇ-ਦੁਆਲੇ ਤੋਂ ਬੇਖਬਰ ਕਿਸੇ ਹੋਰ ਹੀ ਦੁਨੀਆਂ ਵਿਚ ਸੀ। ਉਸ ਨੇ ਆਪਣੇ ਆਪ ਨੂੰ ਬਿਨਾਂ ਕਿਸੇ ਉਜਰ ਦੇ ਉਹਨਾਂ ਦੋਨਾਂ ਔਰਤਾਂ ਦੇ ਹਵਾਲੇ ਕਰ ਦਿਤਾ ਤੇ ਹੇਠਾਂ ਉਤਰ ਆਈ। ਉਹੀ ਸਫਾਈ ਕਰਨ ਵਾਲੀਆਂ ਔਰਤਾਂ ਉਸ ਕੁੜੀ ਨੂੰ ਕਿਧਰੇ ਲੈ ਗਈਆਂ। ਕਿਧਰ ਲੈ ਗਈਆਂ ਤੇ ਇਸ ਘਟਨਾ ਤੋਂ ਬਾਅਦ ਕੀ ਵਾਪਰਿਆ ਮੈਨੂੰ ਕੁਝ ਨਹੀਂ ਪਤਾ। ਮੈਂ ਮੈਨੇਜਰ ਨੂੰ ਕਦੇ ਕੁਝ ਨਹੀਂ ਪੁੱਛਿਆ ਤੇ ਨਾ ਹੀ ਉਸ ਨੇ ਕੁਝ ਦੱਸਿਆ। ਮੈਂ ਸੋਚਣ ਲਗਿਆ ਕਿ ਇਹ ਕਿੱਸਾ ਜਲਦੀ ਹੀ ਖਤਮ ਹੋ ਜਾਵੇ ਤੇ ਮੈਂ ਇਹ ਸਭ ਭੁੱਲ ਭੁਲਾ ਜਾਵਾਂ।

# ਚੱਲ ਉਥੇ ਚੱਲੀਏ/ਦੀਪ ਦੇਵਿੰਦਰ ਸਿੰਘ

ਆਪਣੇ ਪਿੰਡ ਵਾਲੇ ਫ਼ੌਜੀ ਰਤਨ ਸਿਹੁੰ ਦੇ ਮਰਨ ਦੀ ਸਾਰੇ ਪਿੰਡ 'ਚ ਬੜ੍ਹੀ ਚਰਚਾ ਛਿੜੀ ਸੀ। ਸਿਖ਼ਰ ਦੁਪਹਿਰੇ ਉਪਲਾਂ ਦੇ ਮੈਰ੍ਹੇ 'ਚ ਝੋਨਾ ਲਾਉਂਦਿਆਂ ਦਿਮਾਗ਼ ਦੀ ਨਾੜੀ ਫੱਟਣ ਨਾਲ ਮਰਿਆ ਸੀ ਉਹ। ਪਿੰਡ 'ਚ ਜਿਹੜਾ ਵੀ ਸੁਣਦਾ ਯਕੀਨ ਨਾ ਕਰਦਾ। ਸੁਣ ਕੇ ਹੱਕਾ-ਬੱਕਾ ਰਹਿ ਜਾਂਦਾ ਤੇ ਆਪਣੇ ਲਾਗਲੇ ਨੂੰ ਹੈਰਾਨੀ ਜਿਹੀ 'ਚ ਕਹਿੰਦਾ 'ਕਿਤੇ ਲੋਕ ਖੰਭਾਂ ਦੀਆਂ ਡਾਰਾਂ ਤਾਂ ਨਹੀਂ ਬਣਾਈ ਜਾਂਦੇ।' ਫ਼ੌਜੀ ਆਪਣਾ ਤਾਂ ਕੱਲ ਸਾਡੇ ਨਾਲ ਗਿਆ ਸੀ ਟਰੱਕ 'ਚ ਬੈਠ ਕੇ। ਗੁਰੂ ਘਰਾਂ ਦੇ ਦਰਸ਼ਨ ਕਰਨ। ਸਾਰੇ ਰਾਹ ਆਪ ਢੋਲਕੀ ਵਜਾ ਕੇ ਸ਼ਬਦ ਪੜ੍ਹਦਾ ਰਿਹਾ। ਫਿਰ ਰਾਜ਼ੀ ਖ਼ੁਸ਼ੀ ਰਾਤੀਂ ਪਿੰਡ ਆਇਆ। ਇਹ ਕਿੱਦਾਂ ਹੋ ਸਕਦਾ। ਹਰ ਕੋਈ ਸੋਚ ਰਿਹਾ ਸੀ।

ਪਿੰਡ ਦੀ ਲਹਿੰਦੀ ਗੁੱਠੇ, ਛਪੜ ਦੇ ਪਾਰਲੇ ਕੰਢੇ ਕੰਮੀਆਂ ਦੇ ਮਸਾਣਾਂ 'ਚ ਟੀਨ ਦੇ ਸ਼ੈੱਡ ਹੇਠਾਂ ਫ਼ੌਜੀ ਰਤਨ ਸਿਹੁੰ ਦੇ ਲੱਟ-ਲੱਟ ਮੱਚਦੇ ਸਿਵੇ ਨੂੰ ਮੈਂ ਪਰ੍ਹਾਂ ਹਟਵਾਂ ਖਲੋਤਾ ਵੇਖ ਰਿਹਾ ਸਾਂ। ਚਿਖਾ 'ਚੋਂ ਉਠਦਾ ਘਸਮੈਲੇ ਜਿਹੇ ਰੰਗ ਦਾ ਧੂੰਆਂ ਵਿੰਗੇ-ਟੇਢੇ ਰਾਹ ਬਣਾਉਂਦਾ ਦੂਰ ਨੀਲੇ ਅੰਬਰਾਂ ਦੇ ਖੁੱਲ੍ਹੇ ਖਲ੍ਹਾਅ ਜਾ ਕੇ ਖਿੰਡ-ਪੁੰਡ ਰਿਹਾ ਸੀ। ਮੇਰੇ ਆਸ-ਪਾਸ ਖੜ੍ਹੇ ਲੋਕ ਅਜਿਹੇ ਮਾਤਮੀ ਮਾਹੌਲ 'ਚ ਨਿੱਕੀਆਂ-ਨਿੱਕੀਆਂ ਗੱਲਾਂ ਕਰ ਰਹੇ ਸਨ। ਇਹ ਵੀ ਸ਼ੈਅ ਮੇਰੀ ਐ, ਉਹ ਵੀ ਮੇਰੀ ਐ ਕਰਦਾ ਬੰਦਾ ਖਪੀ ਜਾਂਦੈ। ਘਰ ਬਾਹਰ ਨੂੰ ਜੱਫੇ ਮਾਰਦਾ। 'ਇੱਥੇ ਆ ਕੇ ਜਦੋਂ ਸਾਢੇ ਤਿੰਨ ਹੱਥ ਜ਼ਿਮੀ 'ਤੇ ਲੱਗੀ ਲੱਕੜਾਂ ਦੀ ਢੇਰੀ ਤੇ ਆਣ ਪੈਂਦਾ ਤਾਂ ਮੁੱਕ ਜਾਂਦੇ ਸਭ ਕੁੱਝ।'

ਸਭ ਕੁੱਝ ਛਡ-ਛਡਾ ਕੇ ਫ਼ੌਜੀ ਰਤਨ ਸਿਹੁੰ ਵੀ ਚਿੱਟੇ ਕੋਰੇ ਲੱਠੇ 'ਚ ਲਪੇਟਿਆ ਨੌਂ ਮਣ ਲੱਕੜਾਂ ਦੇ ਮੱਚਦੇ ਅੱਗ ਦੇ ਭਾਬੜਾਂ 'ਚ ਘਿਰਿਆ ਮੇਰੇ ਸਾਹਮਣੇ ਸੀ। ਉਸ ਦੀ ਜੀਵਨ-ਜਾਚ ਮੇਰੀਆਂ ਸੋਚਾਂ ਦਾ ਹਿੱਸਾ ਬਣਦੀ ਐ। ਮੈਂ ਸਕੂਲ ਪੜ੍ਹਦਾ ਹੁੰਦਾ ਸੀ ਉਦੋਂ ਜਦੋਂ ਫ਼ੌਜੀ ਪੈਨਸ਼ਨ ਪਾ ਕੇ ਘਰ ਆ ਗਿਆ ਸੀ। ਉਹ ਹੱਟੀਆਂ-ਭੱਠੀਆਂ 'ਤੇ ਬੈਠਾ ਅਕਸਰ ਦੱਸਿਆ ਕਰਦਾ ਸੀ ਕਿ ਮਜਬੀ ਸਿੱਖ ਹੋਣ ਕਰਕੇ ਫ਼ੌਜ ਦੀ ਸਿਖ-ਲਾਈ ਇੰਫੈਂਟਰੀ 'ਚ ਭਰਤੀ ਹੋਇਆ ਸੀ ਤੇ ਆਪਣੀ ਪਲਟਣ ਵੱਲੋਂ ਪੈਂਹਠ ਅਤੇ ਘਹੱਤਰ ਦੀਆਂ ਜੰਗਾਂ 'ਚ ਹਿੱਸਾ ਵੀ ਲਿਆ ਸੀ। ਉਹ ਫ਼ੌਜੀ ਜੀਵਨ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਦੱਸਦਾ ਤੇ ਲੋਕ ਰੀਝ ਨਾਲ ਸੁਣਦੇ। ਹੁਨਾਲ ਹੁੰਦਾ ਜਾਂ ਸਿਆਲ, ਪਿੰਡ ਆਏ ਫ਼ੌਜੀ ਨੂੰ ਜਦੋਂ ਵੀ ਵੇਖੋ ਪੋਚਵੀਂ ਪੱਗ, ਡੋਰੀ ਪਾ ਕੇ ਬੰਨ੍ਹੀ ਦਾੜ੍ਹੀ, ਸੂਟ-ਬੂਟ ਪਾ ਕੇ ਤਿਆਰ-ਬਰ-ਤਿਆਰ ਹੀ ਵਿਖਾਈ ਦਿੰਦਾ ਸੀ।

ਕੁਝ ਸਮਾਂ ਪਿੰਡ ਰਹਿ ਕੇ ਉਹ ਸਾਈਕਲ ਪਿੱਛੇ ਟੋਕਰੀ ਬੰਨ੍ਹ ਕੇ ਸਬਜ਼ੀ ਵੇਚਣ ਲੱਗਿਆ ਸੀ। ਸਾਈਕਲ ਦੇ ਕੈਰੀਅਲ ਹੇਠਾਂ ਉਹ ਚਾਰ ਕੁ ਫੁੱਟ ਪਤਲੀ ਜਿਹੀ ਸੋਟੀ ਅੜਾ ਕੇ ਰੱਖਦਾ ਹੁੰਦਾ ਸੀ। ਪਿੰਡ ਦੀਆਂ ਗਲੀਆਂ ਚ ਘੁੰਮਦਿਆਂ ਜਦ ਕਿਸੇ ਨਾਲੀ 'ਚ ਕੱਖ-ਕਾਨ ਅੜਿਆ ਵੇਖਦਾ ਤਾਂ ਝੱਟ ਆਪਣਾ ਸਾਈਕਲ ਕੰਧ ਨਾਲ ਢੋਅ ਲਾ ਕੇ ਖੜ੍ਹਾ ਕਰਦਾ ਸੀ। ਸਾਈਕਲ 'ਚ ਅੜਾਈ ਸੋਟੀ ਕੱਢ ਕੇ ਨਾਲੀ 'ਚ ਅੜੇ ਕਖ-ਕਾਨ ਨੂੰ ਬਾਹਰ ਕੱਢਦਾ। ਖਲੋਤੇ ਪਾਣੀ ਨੂੰ ਰਵਾਂ ਕਰਦਾ। ਰਸਤੇ ਵਿੱਚ ਪਏ ਇੱਟ ਵੱਟੇ ਜਾਂ ਛਾਪੇ ਢੀਗਰ ਨੂੰ ਚੁੱਕ ਕੇ ਦੂਰ ਖਤਾਨਾ 'ਚ ਵਗਾਹ ਮਾਰਦਾ। ਰਾਹ ਵਿਚਲੇ ਟੋਏ ਟਿੱਬਿਆਂ 'ਚ ਮਿੱਟੀ ਪਾ ਕੇ ਲੋਕਾਂ ਦੇ ਆਉਣ ਜਾਣ ਦਾ ਰਾਹ ਪਧਰਾ ਕਰਦਾ। ਗਲੀਆਂ 'ਚ ਫਿਰਦੇ ਨਿਆਣਿਆਂ ਨੂੰ ਆਪ ਉਨ੍ਹਾਂ ਦੀ ਉਂਗਲ ਫੜ ਕੇ ਪ੍ਰਾਇਮਰੀ ਸਕੂਲ 'ਚ ਪੜ੍ਹਾਉਂਦੇ ਵੱਡੇ ਮਾਸਟਰ ਸਾਹਮਣੇ ਵਿਛੇ ਤੱਪੜ ਉਤੇ ਬਿਠਾ ਕੇ ਆਉਂਦਾ ਹੁੰਦਾ ਸੀ। ਪਿੰਡ 'ਚ ਘਰ ਵਿਆਹ-ਸ਼ਾਦੀ ਹੁੰਦਾ ਜਾਂ ਮਰਨਾ ਪਰਨਾ, ਫ਼ੌਜੀ ਸਾਰੇ ਕੰਮ ਛੱਡ ਅਗਲਿਆਂ ਦੇ ਘਰ ਜਾ ਪਹੁੰਚਦਾ ਸੀ ਕੰਮ-ਧੰਦਾ ਕਰਵਾਉਣ ਲਈ।



ਮੈਨੂੰ ਚੇਤੇ ਐ ਸਿਆਲਾਂ ਦੇ ਠੰਢੇ ਯਖ਼ ਮੌਸਮ 'ਚ ਪ੍ਰਭਾਤ ਫੇਰੀ ਨਿਕਲਦੀ ਤਾਂ ਫ਼ੌਜੀ ਸਾਰੇ ਪਿੰਡ ਦੀ ਅਗਵਾਈ ਕਰਦਾ ਹੁੰਦਾ ਸੀ। ਮੂੰਹ ਹਨੇਰੇ ਗਲ 'ਚ ਢੋਲਕੀ ਪਾ ਕੇ ਸਭ ਤੋਂ ਮੂਹਰੇ ਹੋ ਕੇ ਤੁਰਦਾ। ਤਾਰਿਆਂ ਦੀ ਮੱਠੀ-ਮੱਠੀ ਲੋਅ 'ਚ ਪਿੰਡ ਦੀ ਫਿਰਨੀ ਦੇ ਕੰਢੇ-ਕੰਢੇ ਨੰਗੇ ਪੈਰੀਂ ਤੁਰਦਿਆਂ ਲੈਅ 'ਚ ਆਇਆ ਫ਼ੌਜੀ ਨਿੰਮੀ-ਨਿੰਮੀ ਅਵਾਜ਼ 'ਚ ਸ਼ਬਦ ਪੜ੍ਹਦਾ।

ਮੈਂ ਕਿਥੇ ਗੁਜ਼ਾਰਾਂ ਝੱਟ ਸਾਈਆਂ,<br>ਜਗ ਕਿਸੇ ਗੱਲੇ ਨਾ ਰਾਜ਼ੀ।

ਫ਼ੌਜੀ ਦੀ ਜ਼ਬਾਨ ਤੋਂ ਨਿਕਲਿਆ ਕੱਲਾ-ਕੱਲਾ ਸ਼ਬਦ ਦਿਲ ਤੇ ਦਿਮਾਗ਼ ਨੂੰ ਠੰਢਕ ਪਹੁੰਚਾਉਂਦਾ ਤੇ ਅੰਮ੍ਰਿਤ ਵੇਲੇ ਪਿੰਡ ਦੀ ਫ਼ਿਜ਼ਾ ਹੋਰ ਸੁਹਾਵਣੀ ਤੇ ਨਿਖਰੀ ਨਿਖਰੀ ਲੱਗਦੀ। ਹਰ ਕੋਈ ਐਸਾ ਮੰਤਰ-ਮੁਗਧ ਹੋਇਆ ਹੁੰਦਾ ਕਿ ਉਹਦੇ ਪਿੱਛੇ-ਪਿੱਛੇ ਫਿਰਨੀ ਦੇ ਕੰਢੇ-ਕੰਢੇ ਤੁਰਦਿਆਂ ਪਤਾ ਹੀ ਨਾ ਲੱਗਦਾ ਕਿ ਕਦੋਂ ਅੱਧੇ ਪਿੰਡ ਦਾ ਗੇੜਾ ਲੱਗ ਜਾਂਦਾ ਸੀ।

ਕੋਈ ਨਹੀਂ ਸੀ ਜਾਣਦਾ ਕਿ ਵਾਪਰੀ ਘਟਨਾ ਨਾਲ ਫ਼ੌਜੀ ਟੁੱਟ ਜਾਵੇਗਾ। ਕੱਲ ਰਾਤੀਂ ਮੈਂ ਆਪ ਦੇਖਿਆ ਸੀ ਜਦੋਂ ਵੱਡੇ ਗੁਰਦੁਆਰੇ ਦੇ ਲਾਗੇ ਖਲੋਤੇ ਯਾਤਰਾ ਵਾਲੇ ਟਰੱਕ ਵਿੱਚੋਂ ਉਹ ਹੇਠਾਂ ਉਤਰਿਆ ਸੀ ਤਾਂ ਉਸ ਦੀਆਂ ਦਿਮਾਗ਼ ਦੀਆਂ ਨਸਾਂ ਦਾ ਤਣਾਉ ਸਿਖਰ 'ਤੇ ਲੱਗਦਾ ਸੀ। ਉਹ ਕਦੀ ਆਪਣੇ ਦੋਹਾਂ ਹੱਥਾਂ ਦੇ ਪੋਟਿਆਂ ਨਾਲ ਪੁੜਪੜੀਆਂ ਨੂੰ ਘੁੱਟ ਕੇ ਫੜਦਾ ਤੇ ਫਿਰ ਜ਼ੋਰ-ਜ਼ੋਰ ਝਪਕੀਆਂ ਜਿਹੀਆਂ ਮਾਰ ਕੇ ਸਿਰ ਨੂੰ ਛੰਡਦਾ। ਉਹ ਮੁੜ-ਮੁੜ ਆਪਣੇ ਮੱਥੇ 'ਤੇ ਟਪਕਦੀਆਂ ਪਸੀਨੇ ਦੀਆਂ ਬੂੰਦਾਂ ਨੂੰ ਆਪਣੇ ਗਲ ਪਾਏ ਕਮੀਜ਼ ਦੇ ਕਫ਼ ਨਾਲ ਪੂੰਝਦਾ। ਲੱਤਾਂ ਧੂਹ-ਧੂਹ ਕੇ ਤੁਰਦਾ ਇਉਂ ਲੱਗਦਾ ਸੀ ਜਿਵੇਂ ਕਿਤੇ ਚਿਰ੍ਹਾਂ ਦਾ ਬਿਮਾਰ ਹੋਵੇ। ਉਹ ਬਿਨਾਂ ਕਿਸੇ ਨਾਲ ਬੋਲਿਆਂ ਚਾਲਿਆਂ ਆਪਣੇ ਘਰ ਨੂੰ ਜਾਂਦੀ ਤੰਗ ਗਲੀ ਵਾਲਾ ਮੋੜ ਮੁੜ ਗਿਆ ਸੀ।

ਫ਼ੌਜੀ ਦਾ ਵੱਡਾ ਮੁੰਡਾ ਵੀ ਅਫਸੋਸ ਕਰਨ ਆਇਆਂ ਨੂੰ ਦੱਸਦਾ ਕਿ ਘਰ ਜਾ ਕੇ ਵੀ ਉਹ ਉਖੜਿਆ-ਉਖੜਿਆ ਜਿਹਾ ਰਿਹਾ ਸੀ ਅਤੇ ਰਾਹੀਂ ਚੁੱਪ-ਚਾਪ ਕੋਠੇ ਉਪਰ ਡਿਠੀ ਮੰਜੀ 'ਤੇ ਜਾ ਪਿਆ ਸੀ। ਸਵੇਰੇ ਮੂੰਹ ਹਨੇਰੇ ਉੱਪਲਾਂ ਦੇ ਮੈਰੇ ਨੂੰ ਨਿਕਲ ਗਿਆ ਸੀ। ਜਿੱਥੋਂ ਉਹਨਾਂ ਮਰੇ ਨੂੰ ਮੰਜੇ 'ਤੇ ਪਾ ਕੇ ਘਰ ਲਿਆਂਦਾ ਸੀ।

ਮੈਂ ਸੋਚਿਆ ਕਿ ਉਹ ਤਾਂ ਉਦੋਂ ਹੀ ਮਰ ਗਿਆ ਸੀ ਜਦੋਂ ਨਮੋਸ਼ੀ ਦਾ ਮਰਿਆ ਨਿੰਮੋਝਿਊਣਾ ਮੂੰਹ ਲੈ ਕੇ ਡੇਰੇ ਦੇ ਗੇਟ ਤੋਂ ਬਾਹਰ ਨਿਕਲਿਆ ਸੀ। ਕਿੰਨੇ ਚਾਅ ਤੇ ਸ਼ਰਧਾ ਨਾਲ ਫ਼ੌਜੀ ਘਰੋਂ ਬਾਕੀ ਪਿੰਡ ਵਾਲਿਆਂ ਨਾਲ ਧਾਰਮਿਕ ਸਥਾਨਾਂ ਦੀ ਯਾਤਰਾ ਨੂੰ ਨਿਕਲਿਆ ਸੀ। ਕਿਸੇ ਵੱਡੀ ਨਹਿਰ ਦੇ ਕੰਢੇ 'ਤੇ ਬਣੇ ਆਲੀਸ਼ਾਨ ਸਥਾਨ 'ਤੇ ਰੁਕੇ ਸੀ ਜਾ ਕੇ। ਸੰਗਤ 'ਚ ਬੈਠ ਕੇ ਫ਼ੌਜੀ ਨੇ ਦੂਜਿਆਂ ਨਾਲੋਂ ਉੱਚੇ-ਉੱਚੇ ਹੋ ਕੇ ਸੰਤਾਂ ਦੇ ਪ੍ਰਵਚਨ ਸੁਣੇ। ਲੰਮੇ-ਚੌੜੇ ਭਾਸ਼ਨ ਤੋਂ ਬਾਅਦ ਡੇਰੇ ਦੇ ਮੁੱਖੀ ਨੇ ਆਪਣੀ ਗੱਲ ਸਮੇਟਦਿਆਂ ਕਿਹਾ ਕਿ 'ਭਾਈ ਤੁਸੀਂ ਦੂਰੋਂ ਨੇੜਿਉਂ ਚੱਲ ਕੇ ਆਏ ਜੇ, ਤੁਹਾਡੇ ਆਇਆਂ ਦਾ ਇੱਕ-ਇੱਕ ਕਦਮ ਲੇਖੇ 'ਚ ਲੱਗਿਆ। ਤੁਹਾਡਾ ਆਉਣਾ ਸਫਲ ਹੋਇਆ। ਇੱਕ ਬੇਲਤੀ ਸਾਡੀ ਜਰੂਰ ਮੰਨਿਉ ਜੇ, ਕੋਈ ਵੀ ਮਾਈ ਭਾਈ ਪ੍ਰਸ਼ਾਦਾ ਛਕਣ ਤੋਂ ਬਗੈਰ ਨਾ ਜਾਇਉ। ਹਾਂ, ਇੱਕ ਗੱਲ ਦਾ ਖ਼ਾਸ ਖ਼ਿਆਲ ਰੱਖਿਉ, ਤੁਹਾਡੇ 'ਚ ਕੋਈ ਮਜਬੀ ਸਿੱਖ ਜਾਂ ਕੋਈ ਹੋਰ ਹੇਠਲੀ ਜਾਤੀ ਨਾਲ ਸਬੰਧਤ ਹੋਵੇ ਤਾਂ ਉਨ੍ਹਾਂ ਦਾ ਲੰਗਰ ਬਾਹਰ ਟੀਨ ਤੇ ਸ਼ੈੱਡ ਹੇਠਾਂ ਤਿਆਰ ਹੈ। ਉਥੇ ਹੀ ਬਰਤਨ ਪਏ ਨੇ। ਲੰਗਰ ਛਕ ਕੇ ਆਪੋ-ਆਪਣੇ ਭਾਂਡੇ ਉਥੇ ਹੀ ਧੋ ਕੇ ਮੂਧੇ ਮਾਰ ਜਾਇਉ ਜੇ।'

ਤ੍ਰੇਲਿਉ ਤ੍ਰੇਲੀ ਹੋਇਆ ਫ਼ੌਜੀ ਲੱਕ 'ਤੇ ਹੱਥ ਧਰ ਕੇ ਉਠਿਆ ਸੀ। ਉਹਦੇ ਚਿਹਰੇ 'ਤੇ ਛਾਈ ਪਿਲੱਤਣ ਵੇਖ ਕੇ ਲੱਗਦਾ ਸੀ ਜਿਵੇਂ ਉਹ ਚਾਹੁੰਦਾ ਹੋਵੇ ਕਿ ਧਰਤੀ ਦਾ ਕੜ੍ਹ ਪਾਟ

ਜਾਵੇ ਤੇ ਉਹ ਉਹਦੇ ਵਿੱਚ ਹੀ ਗਰਕ ਹੋ ਜਾਵੇ। ਧੌਣ ਸੁਟੀ ਸਹਿਜ-ਸਹਿਜ ਤੁਰਦਿਆਂ ਉਹਦੇ ਪੈਰ ਮਣ੍ਹਾਂ-ਮੂੰਹੀ ਭਾਰੇ ਹੋ ਗਏ ਜਾਪਦੇ ਸਨ। ਬਿਨਾਂ ਕਿਸੇ ਨੂੰ ਉਡੀਕਿਆਂ ਨੀਵੀਂ ਪਾਈ ਉਹ ਟਰੱਕ ਦੇ ਡਾਲੇ 'ਚ ਲੱਤਾਂ ਲਮਕਾ ਕੇ ਜਾ ਬੈਠਾ ਤੇ ਅੰਦਰੇ ਅੰਦਰ ਖ਼ਿਆਲਾਂ ਦੇ ਯੁੱਧ ਲੜਦਾ ਰਿਹਾ ਸੀ।

ਮੈਂ ਵੇਖਦਾ ਹਾਂ ਕਿ ਫ਼ੌਜੀ ਦੀ ਚਿਖਾ ਅੱਧਿਉਂ ਬਹੁਤੀ ਬਲ ਗਈ ਐ। ਦੋ ਤਿੰਨ ਜਣੇ ਬਾਂਸ ਦੀਆਂ ਲੰਮੀਆਂ ਧੁਖੜੀਆਂ ਨਾਲ ਬਲਦੇ ਚੋਆਂ ਨੂੰ ਉਹਦੇ ਛਾਤੀ ਵਾਲੇ ਹਿੱਸੇ ਲਾਗੇ ਇਕੱਠੇ ਕਰ ਰਹੇ ਹਨ ਤਾਂ ਜੋ ਸਰੀਰ ਦੇ ਬਾਕੀ ਹਿੱਸਿਆਂ ਨਾਲ ਛਾਤੀ ਦਾ ਸਸਕਾਰ ਵੀ ਵੇਲੇ ਸਿਰ ਹੋ ਸਕੇ।

ਲੋਕ ਹੌਲੀ-ਹੌਲੀ ਪਿੰਡ ਵੱਲ ਜਾ ਰਹੇ ਹਨ ਮੈਂ ਵੀ ਮੜ੍ਹੀਆਂ ਦੁਆਲੇ ਹੋਈ ਵਲਗਣ 'ਚੋਂ ਬਾਹਰ ਨਿਕਲ ਕੇ ਪਿੰਡ ਦੀ ਫਿਰਨੀ ਤੇ ਆਣ ਚੜ੍ਹਦਾ ਹਾਂ। ਮੈਨੂੰ ਲੱਗਦੈ ਜਿਵੇਂ 'ਮੈਂ ਕਿਥੇ ਗੁਜ਼ਾਰਾਂ ਝੱਟ ਸਾਈਆਂ' ਦਾ ਹੋਕਾ ਦਿੰਦੀ ਤੇ ਦਿਲ ਨੂੰ ਠੰਢਕ ਪਹੁੰਚਾਉਣ ਵਾਲੀ ਅਵਾਜ਼ ਪਿੰਡ ਦੀ ਫ਼ਿਜ਼ਾ 'ਚੋਂ ਖਾਮੋਸ਼ ਹੋ ਜਾਣ ਨਾਲ ਘੁੱਗ ਵੱਸਦਾ ਪਿੰਡ ਯਤੀਮ ਹੋ ਗਿਆ ਹੋਵੇ।

-98721-65707

---


ਸਵਰਾਜਬੀਰ ਦਾ ਨਵਾਂ ਨਾਟਕ

ਹੱਕ

ਪੰਨੇ : 126 ਮੁੱਲ : 150 ਰੁ:

ਚੇਤਨਾ ਪ੍ਰਕਾਸ਼ਨ, ਲੁਧਿਆਣਾ

---

ਦੋ ਚਰਚਿਤ ਕਹਾਣੀ ਸੰਗ੍ਰਿਹ

ਇਸਮਤ ਚੁਗ਼ਤਾਈ ਦੀਆਂ ਚੋਣਵੀਆਂ ਕਹਾਣੀਆਂ

ਅਨੁਵਾਦ : ਮਹਿੰਦਰ ਬੇਦੀ, ਜੈਤੋ

ਪੰਨੇ : 192 ਮੁੱਲ : 200 ਰੁ:

ਇਕ ਜਾਮ ਲਾਹਰ ਦੇ ਨਾਮ

ਅਨੁਵਾਦ : ਮਹਿੰਦਰ ਬੇਦੀ, ਜੈਤੋ

ਪੰਨੇ : 232 ਮੁੱਲ : 200 ਰੁ:

ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ




## ਵਿਰਲਾ ਕੋਈ ਕੇ- ਜਸਵਿੰਦਰ/ਜਸਪਾਲ ਮਾਨਖੇੜਾ

ਜਸਵਿੰਦਰ ਪੰਜਾਬੀ ਸਾਹਿਤ ਜਗਤ ਦਾ ਦਰਵੇਸ਼, ਭਲਾਮਾਨਸ, ਸ਼ਰੀਫ ਅਤੇ ਸਿਆਣਾ ਸਾਹਿਤਕਾਰ ਹੈ। ਉਸਦਾ ਖ਼ੂਬਸੂਰਤ ਵਿਅਕਤੀਤਵ, ਛੇ ਫੁੱਟ ਸਾਂਭੇ ਹੋਏ ਦਰਸ਼ਨੀ ਸਰੀਰ ਦੇ ਨਾਲ ਉਸ ਦਾ ਦਿਲ ਅਤਿ ਨਰਮ ਅਤੇ ਕੋਮਲ ਭਾਵੀ ਹੈ। ਉਹ ਮੋਹ ਖੋਰਾ, ਮਨ ਮੋਹਣ ਵਾਲਾ ਮਨੁੱਖ ਹੈ। ਉਸਦੇ ਦੋਸਤਾਂ ਦੇ ਘੇਰੇ ਵਿੱਚ ਜਸਵਿੰਦਰ ਹਰੇਕ ਨੂੰ ਆਪਣਾ ਲੱਗਦਾ ਹੈ। ਸਭ ਨੂੰ ਲਗਦਾ ਹੈ ਕਿ ਜਸਵਿੰਦਰ ਸਭ ਤੋਂ ਵੱਧ ਮੇਰਾ ਦੋਸਤ ਹੈ। ਸਭ ਤੋਂ ਵੱਧ ਮੇਰੇ ਨੇੜੇ ਹੈ।

ਮੈਨੂੰ ਵੀ ਇਉਂ ਹੀ ਲੱਗਦਾ ਹੈ..........।

ਇਹ ਸੱਚ ਵੀ ਹੈ। ਜਿਸ ਦੇ ਕਈ ਕਾਰਨ ਹਨ। ਬਹੁਤ ਸਾਰੀਆਂ ਨੇੜਤਾਵਾਂ ਅਤੇ ਨਿੱਘੀਆਂ ਸਾਂਝਾਂ ਉਸ ਨਾਲ ਜੁੜੀਆਂ ਹੋਈਆਂ ਹਨ।

ਅਸੀਂ ਦੋਵੇਂ ਇਕੋ ਇਲਾਕੇ ਦੇ ਹਾਂ.......ਸਾਝੋ ਇਲਾਕੇ ਦੇ। ਉਸਦਾ ਪਿੰਡ ਕਲਾਲਵਾਲਾ ਮੇਰਾ ਪਿੰਡ ਮਾਨਖੇੜਾ, ਨੇੜੇ ਨੇੜੇ ਹਨ। ਸਾਡਾ ਬਚਪਨ ਕਿਸਾਨੀ ਪਰਿਵਾਰਾਂ ਵਿੱਚ ਬੀਤਿਆ ਹੈ। ਨਰਮਾ, ਕਪਾਹ, ਕਣਕਾਂ, ਛੋਲੇ, ਸਰੋਂ ਦੀਆਂ ਫਸਲਾਂ। ਕਿਕਰਾਂ, ਬੇਰੀਆਂ, ਨਿੰਮ, ਤੂਤ ਟਾਹਲੀਆਂ ਦੇ ਦਰਖਤਾਂ ਦੀ ਮਿੱਠੀ ਠੰਡੀ ਛਾਂ। ਬੇਰ, ਪੀਲੂੰ, ਮਤੀਰੇ ਸਾਡੇ ਬਚਪਨ ਦੇ ਫ਼ਲ। ਅਲੇਹਾ, ਭੱਖੜੇ ਦੇ ਕੰਡੇ ਸਾਂਝੇ ਹਨ। ਇਲਾਕੇ ਦੀ ਸਾਂਝ, ਇਕੋ ਜਿਹੇ ਪਰਿਵਾਰਕ ਪਿਛੋਕੜ ਦੀ ਸਾਂਝ, ਰਿਸ਼ਤੇਦਾਰੀਆਂ ਦੀ ਸਾਂਝ, ਸਾਂਝੇ ਦੋਸਤ ਮਿੱਤਰ......। ਸਾਡੀ ਸਭ ਤੋਂ ਵੱਡੀ ਸਾਂਝ ਵਿਚਾਰਾਂ ਦੀ ਹੈ...... ਮਨੁੱਖਤਾ ਦੇ ਭਲੇ ਦੇ ਵਿਚਾਰ ਸਾਡੇ ਸਾਂਝੇ ਅਤੇ ਇਕੋ ਜਿਹੇ ਹਨ।

ਜਸਵਿੰਦਰ ਦਾ ਪਿੰਡ ਕਲਾਲਵਾਲਾ ਹੈ। ਇਸ ਨੂੰ ਨਵਾਂ ਪਿੰਡ ਵੀ ਆਖਦੇ ਹਨ। ਹਰਿਆਣੇ ਦੇ ਬਾਡਰ 'ਤੇ ਕਾਲਿਆਂ ਵਾਲੀ ਦੇ ਇਲਾਕੇ ਨਾਲ ਲੱਗਦਾ ਉਹਦਾ ਪਿੰਡ ਇੱਕ ਅਤਿ ਪਛੜਿਆ ਪਿੰਡ ਸੀ, ਜਦੋਂ ਜਸਵਿੰਦਰ ਦੇ ਜਨਮ ਲਿਆ। ਆਮ ਕਿਸਾਨੀ ਪਰਿਵਾਰਾਂ ਵਾਂਗਾ ਬਚਪਨ ਲੰਘਿਆ। ਦਸਵੀਂ ਪਾਸ ਕੀਤੀ ਤੇ ਰੋਡੇ ਲੰਡੇ ਦੇ ਕਾਲਜ ਵਿੱਚ ਉਵਰਸੀਅਰ ਦਾ ਕੋਰਸ ਕਰਨ ਜਾ ਲਗਿਆ।

ਦਸਵੀਂ ਤੱਕ ਹੀ ਜਸਵਿੰਦਰ ਖੱਬੇ ਪੱਖੀ ਵਿਚਾਰ ਧਾਰਾ ਵਾਲੇ ਲੋਕਾਂ ਦੇ ਸੰਪਰਕ ਵਿੱਚ ਆ ਗਿਆ ਸੀ।

ਸਾਬਕਾ ਵਿਧਾਇਕ ਕਾ. ਮੱਖਣ ਸਿੰਘ ਦਸਦਾ ਹੁੰਦੈ......

"ਮੈਂ ਜਸਵਿੰਦਰ ਦੀਆਂ ਗ਼ਜ਼ਲਾਂ ਪੜੀਆਂ। ਬਹੁਤ ਵਧੀਆ ਸਨ। ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਇੱਕ ਵਾਰ ਕਿਸੇ ਫੰਕਸ਼ਨ 'ਤੇ ਜਸਵਿੰਦਰ ਮਿਲਿਆ। ਮੈਂ ਉਸਦੀਆ ਗ਼ਜ਼ਲਾਂ ਦੀ ਸਿਫਤ ਕੀਤੀ। ਤਾਂ ਜਸਵਿੰਦਰ ਕਹਿਣ ਲੱਗਾ, " ਤੁਹਾਡੇ ਤੋਂ ਪ੍ਰੇਰਨਾ ਲੈ ਕੇ ਹੀ ਇਸ ਰਾਹ 'ਤੇ ਆਇਆਂ ਹਾਂ"

ਮੱਖਣ ਸਿੰਘ ਦੇ ਹੀ ਸ਼ਬਦ ਨੇ," ਮੈਂ ਹੈਰਾਨ ਸਾਂ। ਮੈਂ ਤਾਂ ਉਸਨੂੰ ਪਹਿਲੀ ਵਾਰ ਮਿਲਿਆ ਸਾਂ। ਮੈਥੋ ਕਿਵੇ ਪ੍ਰੇਰਨਾ ਲੈ ਲਈ"

ਮੱਖਣ ਸਿੰਘ ਨੇ ਪੁੱਛਿਆ ਤਾਂ ਜਸਵਿੰਦਰ ਕਹਿਣ ਲੱਗਾ, "ਤੁਸੀਂ ਸਾਡੇ ਪਿੰਡ ਨੌਜਵਾਨ ਸਭਾ ਬਣਾਉਣ ਆਏ ਸੀ। ਸਾਡੇ ਘਰੇ ਰਾਤ ਰਹੇ ਸੀ। ਮੈਂ ਹੀ ਰੋਟੀ, ਚਾਹ ਪਾਣੀ ਛਕਾਈ ਸੀ। ਮੈਂ ਉਦੋਂ ਦਸਵੀਂ ਵਿੱਚ ਪੜਦਾ ਸੀ। ਮੈਂ ਗੁਰਦੀਪ ਦਾ ਛੋਟਾ ਭਰਾ ਹਾਂ ਤਾਂ ਕਲਾਲ ਵਾਲੇ ਤੋਂ....। ਮੈਂ ਤਾ ਉਦੋਂ ਤੋਂ ਈ......।"

ਮੱਖਣ ਸਿੰਘ ਇਹ ਦਸ ਕੇ ਮਾਣ ਨਾਲ ਖ਼ੁਸ਼ ਹੋ ਜਾਂਦਾ ਹੈ........।

ਦਸਵੀਂ ਤੋਂ ਬਾਅਦ ਜਸਵਿੰਦਰ ਜੀ.ਟੀ.ਬੀ. ਪੋਲੋਟੈਕਨਿਕ ਰੋਡੇ ਲੰਡੇ ਕਾਲਜ 'ਚ ਡਿਪਲੋਮਾ ਕਰਨ ਲੱਗਾ। ਇਹ ਪੀ.ਐਸ.ਯੂ. ਦੀ ਚੜ੍ਹਤ ਦਾ ਜਮਾਨਾ ਸੀ। ਪੋਲੈਟੈਕਨਿਕ ਵਿੱਚ ਪੀ.ਐਸ.ਯੂ.

ਬਣਾਉਣ ਵਾਲਿਆ ਵਿੱਚ ਜਸਵਿੰਦਰ ਮੋਹਰੀ ਸੀ। ਉਥੇ ਹੀ ਉਹ ਹੋਰਨਾਂ ਲੋਕ ਪੱਖੀ ਲੋਕਾਂ ਦੇ ਅਤੇ ਲੇਖਕਾਂ ਦੇ ਸੰਪਰਕ ਵਿੱਚ ਆਇਆਂ। ਲੋਕ ਕਵੀ ਸੰਤ ਰਾਮ ਉਦਾਸੀ ਵੀ ਜਸਵਿੰਦਰ ਨੂੰ ਉਥੇ ਹੀ ਮਿਲੀਆ ਸੀ। ਜਿਸ ਨਾਲ ਜਸਵਿੰਦਰ ਦੀ ਬਹੁਤ ਨੇੜਤਾ ਸੀ।

ਜਸਵਿੰਦਰ ਦਸਦਾ ਹੁੰਦੈ। "ਸੰਤ ਰਾਮ ਉਦਾਸੀ ਦੇ ਮੈਂ ਬਹੁਤ ਪ੍ਰੋਗਰਾਮ ਦੇਖੇ ਸੁਣੇ ਹਨ। ਮੈਨੂੰ ਸੰਤ ਰਾਮ ਉਦਾਸੀ ਤੋਂ ਪਹਿਲਾ ਤੇ ਵਿਚਦੀ ਗੀਤ, ਗ਼ਜ਼ਲ ਗਾਉਣ ਦਾ ਮੌਕਾ ਵੀ ਮਿਲ ਜਾਂਦਾ ਸੀ। ਇਵੇ ਹੀ ਮੇਰੀ ਸੰਤ ਰਾਮ ਉਦਾਸੀ ਨਾਲ ਨੇੜਤਾ ਲਿਹਾਜ ਵਿੱਚ ਬਦਲ ਗਈ। ਮੈਂ ਉਸਦੇ ਘਰੇ ਗਏਸਰ ਚਲਾ ਜਾਂਦਾ। ਉਦਾਸੀ ਦੇ ਸਾਰੇ ਜਵਾਕ ਮੈਂ ਗੋਦੀ ਚੱਕ ਕੇ 'ਖਿਡਾਏ ਨੇ.....।'

ਰੋਡੇ ਤੋਂ ਡਿਪਲੋਮਾਂ ਕਰਨ ਉਪਰੰਤ ਜਸਵਿੰਦਰ ਰੋਪੜ ਥਰਮਲ ਪਲਾਂਟ ਵਿੱਚ ਨੌਕਰੀ ਲੱਗ ਗਿਆ।

ਜਸਵਿੰਦਰ ਮੈਨੂੰ ਉਦੋਂ ਮਿਲਿਆ ਜਦੋਂ ਉਹ ਰੋਪੜ ਥਰਮਲ ਪਲਾਂਟ ਵਿ ੱਚ ਨੌਕਰੀ ਕਰਨ ਜਾ ਲੱਗਿਆ ਸੀ। ਮੈਂ ਬਠਿੰਡੇ ਰਹਿਣ ਲੱਗਾ ਸਾਂ! ਸਾਡਾ ਪਹਿਲਾ ਮੇਲ ਤਲਵੰਡੀ ਸਾਬੋ ਜਨਕ ਰਾਜ ਦੀ ਦੁਕਾਨ ' ਤੇ ਹੋਇਆ ਸੀ। ਸਾਡਾ ਮੇਲ-ਮਿਲਾਪ ਵਧਦਾ ਗਿਆ। ਸਾਹਿਤਕ ਸਾਂਝ ਦੋਸਤੀ ਦੀ ਸਾਂਝ ਬਣ ਗਈ। ਅਸੀਂ ਮਾਣ ਨਾਲ ਇੱਕ ਦੂਜੇ ਨੂੰ 'ਬਾਈ' ਕਹਿੰਦੇ ਹਾਂ। ਮੈਂ ਜਸਵਿੰਦਰ ਨੂੰ ਅਤੇ ਜਸਵਿੰਦਰ ਮੈਨੂੰ 'ਬਾਈ' ਆਖਦਾ ਹੈ।

ਇੱਕ ਵਾਰ ਜਸਵਿੰਦਰ ਦਾ ਬਾਪ ਬਠਿੰਡੇ ਦੇ ਆਦੇਸ਼ ਹਸਪਤਾਲ ਵਿੱਚ ਦਾਖ਼ਲ ਸੀ। ਸਾਨੂੰ ਪਤਾ ਲਗਿਆ। ਮੈਂ ਤੇ ਸੁਰਿੰਦਰ ਪ੍ਰੀਤ ਘਣੀਆ ਪਤਾ ਲੈਣ ਭੱਜੇ ਗਏ ਜਸਵਿੰਦਰ ਆਸਵੰਦ ਸੀ ਕਿ ਬਾਪੂ ਤੰਦਰੁਸਤ ਹੋ ਜਾਵੇਗਾ। ਉਨ੍ਹਾਂ ਇਲਾਜ ਵੀ ਸਿਰ ਦਾ ਕਰਾਇਆ ਸੀ......ਪਰ ਬਾਪੂ ਨਾ ਬਚਿਆ......।

ਉਨ੍ਹਾਂ ਬਾਪੂ ਦਾ ਸੰਸਕਾਰ ਨਹੀ ਕੀਤਾ। ਬਾਪੂ ਦੀ ਮ੍ਰਿਤਕ ਦੇਹ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਨੂੰ ਖੋਜ ਅਤੇ ਸਟੱਡੀ ਲਈ ਸੌਂਪ ਦਿੱਤੀ। ਦਸਾਂ ਦਿਨਾਂ ਬਾਅਦ ਪਾਠ ਦਾ ਭੋਗ ਵੀ ਪਾਇਆ। ਸ਼ਰਧਾਂਜਲੀ ਸਮਾਗਮ ਵੀ ਕੀਤਾ ਖ਼ੂਨਦਾਨ ਕੈਂਪ ਵੀ ਲਾਇਆ। ਮੇਰੇ ਬੇਟੇ ਕਮਲਜੀਤ ਨੇ ਉਸ ਕੈਂਪ ਵਿੱਚ ਖ਼ੂਨਦਾਨ ਕੀਤਾ। ਉਸ ਕੈਂਪ 'ਚ ਮਿਲੀ ਯਾਦ ਨਿਸ਼ਾਨੀ ਅਜੇ ਵੀ ਸਾਡੇ ਘਰੇ ਪਈ ਐ।

ਇੱਕ ਦਿਨ ਜਸਵਿੰਦਰ ਦਾ ਫੋਨ ਆਇਆ, "ਬਾਈ ਮਿਸਟਰ ਦੀ ਕਿਤਾਬ ਰਿਲੀਜ਼ ਕਰਨੀ ਐ.....।"

"ਕੋਈ ਗੱਲ ਨੀਂ ਬਾਈ ਕਰਲਾਂਗੇ.......।" ਮੈਂ ਖੁਸ਼ ਹੋ ਕੇ ਕਿਹਾ।

"ਕਿਤਾਬ ਤਾਂ ਚੰਡੀਗੜ੍ਹ, ਪਟਿਆਲੇ ਵੀ ਰਲੀਜ਼ ਹੋ ਸਕਦੀ ਐ। ਪਰ ਕਰਨੀ ਬਠਿੰਡੇ ਦੀ ਸਾਹਿਤ ਸਭਾ ਦੇ ਫਰੰਟ 'ਤੇ ਐ।" ਜਸਵਿੰਦਰ ਨੇ ਦੱਸਿਆ ਸੀ।

ਜਸਵਿੰਦਰ ਨੇ ਆਪਣੀ ਸਿਸਟਰ ਜਗਦੀਪ ਕੌਰ ਬਰਾੜ ਦੀ ਉਸ ਕਾਵਿ-ਪੁਸਤਕ 'ਸੂਰਜ ਦੀ ਚਿੱਪਰ' ਦੀ ਕਹਾਣੀ ਵੀ ਦੱਸੀ। ਜਸਵਿੰਦਰ ਦੀ ਭੈਣ ਮਲੋਟ ਵਿਆਹੀ ਹੋਈ ਐ। ਉਹ ਭੈਣ ਆਪਣੇ ਬਚਪਨ ਤੋਂ ਹੀ ਕਵਿਤਾ ਲਿਖਦੀ ਸੀ। ਕਵਿਤਾ ਲਿਖਣੀ, ਲਿਖ ਕੇ ਰੱਖ ਛੱਡਣੀ ਨਾ ਕਿਤੇ ਛਪਾਉਣੀ ਨਾ ਕਿਸੇ ਨੂੰ ਦੱਸਣੀ। ਕਿਤਾਬ ਛਪਾਉਣ ਦੀ ਗੱਲ ਤਾਂ ਦੂਰ.........। ਕਵਿਤਾਵਾਂ ਜਸਵਿੰਦਰ ਦੇ ਹੱਥ

ਲੱਗ ਗਈਆਂ। ਜਸਵਿੰਦਰ ਨੇ ਪੜ੍ਹੀਆਂ। ਛਾਂਟ ਛਟਾਂਈ ਕੀਤੀ। ਖਰੜਾ ਤਿਆਰ ਕੀਤਾ। ਸਰਜੀਤ ਪਾਤਰ ਤੋਂ ਭੂਮਿਕਾ ਲਿਖਵਾਈ। ਇਹ ਸਾਰਾ ਸ਼ੁਭ ਕਾਰਜ ਭੈਣ ਨੂੰ ਦੱਸੇ ਤੋਂ ਬਗੈਰ ਕੀਤਾ। ਭਾਣਜੇ ਭਾਣਜੀ ਨਾਲ ਰਲਕੇ ਕਿਤਾਬ ਛਪਾ ਲਈ। ਭੈਣ ਨੂੰ ਭਿਣਕ ਨਾ ਪੈਣ ਦਿਤੀ।



ਇਹੀ ਕਿਤਾਬ ਰਿਲੀਜ਼ ਕਰਨ ਦਾ ਪ੍ਰੋਗਰਾਮ 2 ਦਸੰਬਰ 2010 ਨੂੰ ਬਠਿੰਡੇ ਦੇ ਟੀਚਰਜ਼ ਹੋਮ ਵਿੱਚ ਰੱਖ ਲਿਆ।

"ਏਸ ਦਿਨ 2 ਦਸੰਬਰ ਦਾ ਸਿਸਟਰ ਦਾ ਜਨਮ ਦਿਨ ਐ। ਆਪਾਂ ਭੈਣ ਨੂੰ ਉਸਦੇ ਜਨਮ ਦਿਨ 'ਤੇ ਕਿਤਾਬ ਰਿਲੀਜ਼ ਕਰਕੇ ਤੋਹਫਾ ਦੇਣੈ.......।" ਜਸਵਿੰਦਰ ਨੇ ਕਿਹਾ ਸੀ।

ਜਗਦੀਪ ਕੌਰ ਨੇ ਟੀਚਰਜ਼ ਹੋਮ ਵਿੱਚ ਆਪਣੀ ਕਿਤਾਬ 'ਸੂਰਜ ਦੀ ਚਿੱਪਰ' ਰਿਲੀਜ਼ ਕਰਨ ਦੀ ਫਲੈਕਸ ਲੱਗੀ ਵੇਖੀ ਤਾਂ ਸੱਚ ਮੁੱਚ ਰੋ ਪਈ। ਭੈਣ ਦਾ ਪਤੀ, ਬੱਚੇ, ਦੂਜੀਆਂ ਭੈਣਾ ਦਾ ਪਰਿਵਾਰ ਨਾਲ ਸੀ। ਸਾਰਿਆਂ ਨੇ ਮਸਾਂ ਉਸਨੂੰ ਚੁੱਪ ਕਰਾਇਆ, ਵਿਰਾਇਆ।

ਕਿਤਾਬ ਰਿਲੀਜ਼ ਹੋਣ ਤੱਕ ਭੈਣ ਖੁਸ਼ ਹੋ ਗਈ ਸੀ।

ਜਸਵਿੰਦਰ ਦੇ ਚਿਹਰੇ 'ਤੇ ਵੀ ਅਲੌਕਿਕ ਨੂਰ ਚਮਕ ਰਿਹਾ ਸੀ। ਇਸ ਤਰ੍ਹਾਂ ਦਾ ਜਨਮ ਦਿਨ ਗਿਫਟ ਬਹੁਤ ਘੱਟ ਭਰਾ ਭੈਣਾਂ ਨੂੰ ਦਿੰਦੇ ਨੇ। ਜਸਵਿੰਦਰ ਵਿਰਲਾਂ ਕੋਈ ਕੇ ਹੈ।

ਜਸਵਿੰਦਰ ਦਾ ਮੇਰੇ ਨਾਲ ਮੋਹ ਹੀ ਹੈ ਉਹ ਜਦ ਵੀ ਮੇਰੀ ਨਵੀਂ ਛਪੀ ਕਹਾਣੀ ਪੜ੍ਹਦਾ ਹੈ ਤਾਂ ਲੰਬਾ ਚੌੜਾ ਫੋਨ ਕਰਦਾ ਹੈ। ਮੇਰੀਆਂ ਕਹਾਣੀਆਂ ਦੀਆਂ ਸਿਰਫ ਸਿਫਤਾਂ ਹੀ ਨਹੀਂ ਕਰਦਾ, ਵਧੀਆਂ 2 ਸੁਝਾਅ ਵੀ ਦਿੰਦਾ ਹੈ। ਅਜਿਹਾ ਉਹ ਮੇਰੇ ਕੋਲੇ ਹੀ ਨਹੀਂ ਕਰਦਾ ਆਸੇ ਪਾਸੇ ਵੀ ਕਰਦਾ ਹੈ। ਕਨਸੋਆਂ ਮੇਰੇ ਕੋਲ ਪਹੁੰਚ ਜਾਂਦੀਆਂ ਹਨ।

ਮੈਂ ਤਿੰਨ ਵਾਰ ਸਾਹਿਤ ਅਕਾਦਮੀ ਦੀ ਚੋਣ ਲੜੀ ਹੈ। ਜਸਵਿੰਦਰ ਨੇ ਮੇਰੇ ਲਈ ਵੋਟਾਂ ਮੰਗੀਆਂ ਵੀ ਨੇ ਅਤੇ ਪੁਆਈਆਂ ਵੀ ਨੇ......।

ਸਾਲ 2012 ਵਿੱਚ ਆਪਣੀ ਧੀ ਸਰਵਜੋਤ ਦਾ ਰਿਸ਼ਤਾ ਕਰਨ ਲਈ ਅਸੀਂ ਮੋਹਲੀ ਮੁੰਡਾ ਵੇਖਿਆ ਸੀ। ਲੜਕੇ ਦਾ ਬਾਪ ਯੋਧਾ ਸਿੰਘ ਮਾਨ ਨਾਲ ਜਸਵਿੰਦਰ ਕੀ ਰਿਸ਼ਤੇਦਾਰੀ ਰਲਦੀ ਐ। ਜਦ ਮੈਂ ਇਸ ਬਾਰੇ ਜਸਵਿੰਦਰ ਨਾਲ ਗੱਲ ਕੀਤੀ ਤਾਂ ਉਸ ਹਿੱਕ ਠੋਕ ਕੇ ਹਾਮੀ ਭਰੀ, "ਅੱਖਾਂ ਮੀਚ ਕੇ ਰਿਸਤਾ ਕਰਦੇ ਕੁੜੀ ਦਾ.....ਬਹੁਤ ਚੰਗਾ ਪਰਿਵਾਰ ਐ.....ਮੇਰੀ ਜੁੰਮੇਵਾਰੀ ਆਂ ਸਾਰੇ ਕੁੱਛ ਦਾ......।"

ਜਸਵਿੰਦਰ ਦੀਆਂ ਕਹੀਆਂ ਗੱਲਾਂ ਸੋਲਾਂ ਆਨੇ ਸੱਚ ਹੋਈਆਂ। ਕੁੜੀ ਰੰਗੀ, ਵਸਦੀ ਰਸਦੀ ਐ.....।

ਜਸਵਿੰਦਰ ਨੇ ਇਨਾਮਾਂ ਸਨਮਾਨਾਂ ਦੀ ਕਦੇ ਝਾਕ ਨਹੀਂ ਰੱਖੀ। ਉਹ ਇਹਨਾਂ ਦੇ ਪਿੱਛੇ ਭੱਜਿਆ ਨਹੀਂ। ਉਹ ਤਾਂ ਬਾਬੂ ਰਜਬਅਲੀ ਦੇ ਕਥਨ ਮੁਤਾਬਿਕ 'ਦਿਲ ਦਾ ਸਾਫ ਨੀਤ ਦਾ ਪੱਧਰ' ਮਲਵਈ ਐ। ਇਸ ਵਾਰ ਜਦੋਂ ਜਸਵਿੰਦਰ ਦੇ ਗ਼ਜ਼ਲ ਸੰਗ੍ਰਹਿ "ਅਗਰਬੱਤੀ" ਨੂੰ ਭਾਰਤੀ ਸਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ਤਾਂ ਹਰ ਇੱਕ ਨੇ ਇਸ ਤੇ ਸੰਤੁਸ਼ਟੀ, ਸਹਿਮਤੀ, ਸੰਤੋਖ ਪ੍ਰਗਟ ਕੀਤਾ। ਜਿਸਦੇ ਮੂੰਹੋ ਵੀ ਸੁਣਿਆ, ਇਹ ਸੁਣਿਆ, " ਬਹੁਤ ਯੋਗ ਲੇਖਕ ਨੂੰ ਇਨਾਮ ਮਿਲਿਐ.....ਐਵਾਰਡ ਵਾਲੀ ਪੁਸਤਕ ਵੀ ਉਚ ਪਾਏ ਦੀ ਐ।"

ਜਸਵਿੰਦਰ ਦਾ ਸਾਰਾ ਧਿਆਨ ਗ਼ਜ਼ਲ ਲਿਖਣ ਵੱਲ ਹੈ। ਉਸਦੀਆ ਗ਼ਜ਼ਲ, ਪੁਸਤਕਾਂ ਦੀ ਗਿਣਤੀ ਭਾਵੇਂ ਘੱਟ ਹੋਵੇ ਪਰ ਉਸਦੀਆਂ ਲਿਖਤਾਂ ਗੁਣਾਤਮਕ ਪੱਖ ਤੋਂ ਉਚਤਮ ਹਨ। ਉਸ ਦੇ ਤਿੰਨ

ਦੀਵਾਨ-ਏ-ਗ਼ਜ਼ਲ ਹਨ। ਕਾਲੇ ਹਰਫਾਂ ਦੀ ਲੋਅ, ਕੱਕੀ ਰੇਤ ਦੇ ਵਰਕੇ, ਅਗਰਬੱਤੀ। ਉਸਦਾ ਕੱਲਾ-ਕੱਲਾ ਸ਼ਿਅਰ ਕਾਬਲੇ ਗੌਰ ਹੈ।

ਉਸਦੇ ਸ਼ਿਅਰਾਂ ਦੇ ਕੁੱਝ ਨਮੂਨੇ ਹਾਜਰ ਨੇ.......।

ਅੱਜ ਵੀ ਕੱਟ ਸਕਿਆ ਨਾਲ ਮੋਹ ਦਾ ਜਾਲ ਤੇ ਹਰਨਾ ਪਿਆ,
ਅੱਜ ਵੀ ਮੈਨੂੰ ਬੁੱਧ ਹੋਣਾ ਮੁਲਤਵਈ ਕਰਨ ਪਿਆ।

ਜੋ ਕੱਕੀ ਰੇਤ ਦੇ ਵਰਕੇ ਤੇ ਲਿਖਿਆ ਚੀਚ ਵਹੁਟੀ ਨੇ,
ਮੇਰੇ ਕੋਲੋ ਅਜਿਹਾ ਗੀਤ ਨਾ ਲਿਖਿਆ ਗਿਆ ਕੋਈ।

ਜਾਣ ਵੇਲੇ ਮੇਰੇ ਵੱਲ ਬਾਹਾਂ ਉਲਾਰੇ ਬਾਲ ਜੇ,
ਪਰਤ ਕੇ ਵੇਖਾਂ ਹੀ ਏਨਾ ਵੀ ਮੈਂ ਗੌਤਮ ਨਹੀਂ।

ਬਿਰਖ ਦੀ ਜੜ ਨਾ ਨਮੀ ਤੱਕ ਜਾ ਸਕੀ ਤੇ ਸੁੱਕ ਗਿਆ,
ਇਸ ਦਾ ਮਤਲਬ ਇਹ ਨਹੀਂ ਕਿ ਰੇਤ ਹੇਠਾਂ ਜਲ ਨਹੀਂ

ਸਿਰਾਂ ' ਤੇ ਕਿਸ਼ਤੀਆਂ ਧਰ ਕੇ ਮਲਾਹਾਂ ਨੂੰ ਪਿਆ ਮੁੜਨਾ,
ਗਏ ਸੀ, ਟਾਪੂਆਂ ਦੀ ਭਾਲ ਵਿੱਚ ਸਾਗਰ ਗੁਆ ਆਏ।

ਇਹ ਸਰਹੱਦਾਂ ਉਲੰਘੇ ਕਿਉਂ ਬਗਾਨੇ ਖੇਤ ਕਿਉਂ ਸਿੰਜੇ,
ਫੜੋ ਇਹਨੂੰ ਹਕੂਮਤ ਦੀ ਖਿਲਾਫ਼ਤ ਕਰ ਗਿਆ ਪਾਣੀ।

ਜਸਵਿੰਦਰ ਦੀ ਸ਼ਾਇਰੀ ਵਿੱਚ ਮਾਲਵੇ ਦਾ ਰੰਗ ਹੈ। ਮਲਵਈ ਲਕੋਕਤੀਆਂ, ਗਲਵਈ ਸ਼ਬਦ ਉਸਨੇ ਬਾਖੂਬੀ ਪਰੋਏ ਹਨ। ਬਹੁਤ ਸਾਰੇ ਗਜ਼ਲਗੋਆਂ ਤੋਂ ਜਸਵਿੰਦਰ ਵਿੱਚ ਵੱਖਰਾਪਣ ਇਹ ਐ ਕਿ ਉਸਦੀ ਗ਼ਜ਼ਲ ਮਨੋਰਥ-ਭਰਪੂਰ ਹੈ। ਉਹ ਸੁਚਤੇ ਤੌਰ 'ਤੇ ਕਿਰਤੀਆਂ ਬਾਰੇ, ਕਿਰਤ ਦੀ ਲੁੱਟ ਬਾਰੇ, ਕਾਮਿਆਂ ਦੇ ਹੱਕਾਂ ਬਾਰੇ ਲਿਖਦਾ ਹੈ। ਤੇ ਕਿਰਤੀਆਂ ਦੀ ਮੰਦਹਾਲੀ ਦਾ ਹੱਲ ਏਕਾ ਤੇ ਸੰਘਰਸ਼ ਉਲੀਕਦਾ ਹੈ। ਇਤਿਹਾਸ ਮਿਥਿਹਾਸ 'ਚੋ ਹਾਵਲੇ ਲੈ ਕੇ ਲਿਖੀ ਉਸਦੀ ਗ਼ਜ਼ਲ ਦੇ ਸ਼ਿਆਰ ਵੇਖੋ......

ਉੱਚੇ ਟਿੱਬੇ ਤੋਂ ਸੁਰੀਲੀ ਤਾਨ ਸੁਣ ਕੇ
ਵੱਗ ਹੀ ਮੁੜਦੇ ਨੇ ਹੇ ਗੋਪਾਲ ਤੇਰੇ
ਮੁਕਟ ਲਾਹ ਕੇ ਜੇ ਵਜਾਉਂਦਾ ਬੰਸਰੀ ਤੂੰ
ਸਾਰਾ ਜੰਗਲ ਝੂਮਣਾ ਸੀ ਨਾਲ ਤੇਰੇ

ਪੰਛੀਆਂ ਵਰਗਾ ਸੁਦਾਮੇ ਦਾ ਕਬੀਲਾ
ਰਿਜ਼ਕ ਅਪਣਾ ਨਾਮ ਤੇਰੇ ਕਰ ਰਿਹਾ ਹੈ
ਬਹੁਤ ਗੁੰਝਲਦਾਰ ਹੈ ਤੇਰਾ ਤਲਿੱਸਮ
ਬਹੁਤ ਹੀ ਬਾਰੀਕ ਨੇ ਇਹ ਜਾਲ ਤੇਰੇ

ਭਾਰਤੀ ਸਾਹਿਤ ਅਕੈਡਮੀ ਦਾ ਐਵਾਰਡ ਮਿਲਣ ਉਪਰੰਤ ਅਸੀਂ ਪੰਜਾਬੀ ਸਾਹਿਤ ਸਭਾ ਬਠਿੰਡਾ ਵੱਲੋਂ ਜਸਵਿੰਦਰ ਦੇ ਮਾਣ ਸਨਮਾਣ ਲਈ ਮਿਲਣੀ ਤੇ ਸਮਾਗਮ ਰੱਖ ਲਿਆ। ਦਿਨ ਮਿੱਥ ਲਿਆ। ਜਸਵਿੰਦਰ ਨਾਲ ਗੱਲ ਹੋ ਗਈ। ਕਾਰਡ ਛਪ ਗਏ। ਸਬੱਬ ਇਹ ਬਣਿਆ ਕਿ ਇਸ ਸਮਾਗਮ ਦੀ ਡੇਟ ਉਸਦੇ ਕਿਸੇ ਵਿਆਹ ਦੀ ਡੇਟ ਨਾਲ ਟਕਰਾ ਗਈ।



ਜਸਵਿੰਦਰ ਨੇ ਫੋਨ ਕੀਤਾ ਤੇ ਹੱਲ ਵੀ ਦਸ ਦਿੱਤਾ, " ਅਸੀਂ ਮੈਂ ਤੇ ਦਰਸ਼ਨ ਬੁੱਟਰ ਰਾਤ ਨੂੰ ਬਾਰਾਂ ਵਜੇ ਵਿਆਹ ਤੋਂ ਵਿਹਲੇ ਹੋ ਕੇ ਬੱਸ ਫੜਾਂਗੇ ਸੋਡੇ ਕੋਲ 9 ਵਜੇ ਨੂੰ ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਆ ਜਾਵਾਂਗੇ। ਤੁਹਾਡਾ ਪ੍ਰੋਗਰਾਮ ਜ਼ਰੂਰ ਹੋਵੇਗਾ"।

ਅਸੀਂ ਫਿਕਰਮੰਦ ਹੋ ਗਏ। ਦਿਲੀ ਤੋਂ ਸਾਰੇ ਦਿਨ-ਅੱਧੀਰਾਤ ਤੱਕ ਦਾ ਵਿਆਹ। ਬੱਸ-ਗੱਡੀ -ਕਾਰ ਦਾ ਸਫਰ ਔਖਾ ਕੰਮ ਹੈ। ਅਸੀ ਪ੍ਰੋਗਰਾਮ ਪਿੱਛੇ ਪਾਉਣ ਦੀਆਂ ਸਲਾਹਾਂ ਕਰਨ ਲੱਗੇ।

ਸਾਡੇ ਪ੍ਰੋਗਰਾਮ ਤੋਂ ਹਫਤਾ ਪਹਿਲਾਂ ਮਾਨਸਾ ਜਸਵਿੰਦਰ ਦਾ ਰੂਬਰੂ ਤੇ ਸਨਮਾਨ ਸੀ। ਮੈਂ ਉਥੇ ਗਿਆ। ਪ੍ਰੋਗਰਾਮ ਦਾ ਆਨੰਦ ਆਇਆ। ਜਸਵਿੰਦਰ ਖੁਲ੍ਹ ਕੇ ਬੋਲਿਆ ਆਪਣੇ ਇਲਾਕੇ ਆਪਣੇ ਘਰ ਵਿੱਚ ਸਨਮਾਨਿਤ ਹੋ ਕੇ ਉਹ ਖੁਸ਼ ਸੀ।

ਮੈਂ ਦਰਸ਼ਨ ਬੁੱਟਰ ਨਾਲ ਬਠਿੰਡੇ ਵਾਲੇ ਪ੍ਰੋਗਰਾਮ ਦਾ ਫਿਕਰ ਸਾਂਝਾ ਕੀਤਾ।

" ਹਾਂ ਯਾਰ ਮੈਨੂੰ ਵੀ ਫਿਕਰ ਲਗਿਆ ਹੋਇਐ, ਦਿੱਲੀ ਅਸੀਂ ਦੋਵਾਂ ਨੇ ਕਿਸੇ ਸਾਹਿਤਕ ਮਿੱਤਰ ਦੇ ਬੇਟੇ ਦੇ ਵਿਆਹ 'ਤੇ ਜਾਣੈ। ਦਿੱਲੀ ਦੇ ਵੱਡੇ ਲੇਖਕ ਆਉਣਗੇ। ਉਸਨੇ ਵਿਸ਼ੇਸ਼ ਤਾਕੀਦ ਕੀਤੀ ਐ ਆਉਣ ਦੀ । ਜੇ ਨਾ ਗਏ ਤਾਂ ਗੁਸੇ ਹੋਊ। ਸਾਡੇ ਠਰਿਰਨ ਲਈ ਮਹਿੰਗੇ ਹੋਟਲ ਵਿੱਚ ਕਮਰਾ ਬੁੱਕ ਕੀਤੈ। ਉਧਰ ਸੋਡਾ ਪ੍ਰੋਗਰਾਮ ਆਂ ਗਿਆ। ਇਹ ਵੀ ਜ਼ਰੂਰੀ ਐ.....।" ਦਰਸ਼ਨ ਬੁੱਟਰ ਫਿਕਰਮੰਦ ਵੀ ਸੀ ਤੇ ਚਿੰਤਤ ਵੀ। ਕੀ ਕਰੀਏ ਕੀ ਨਾ ਕਰੀਏ ਦੀ ਉਲਝਣ ਵਿੱਚ ਫਸਿਆ ਹੋਇਆ ਸੀ।

"ਐਂ ਕੀ ਐਂ ਬੁੱਟਰ। ਅਸੀਂ ਆਵਦਾਂ ਸਮਾਗਮ ਪਿਛੇ ਪਾ ਲੈਨੇ ਆ। ਕਾਰਡ ਈ ਛਪੇ ਨੇ ਅਜੇ ਹੋਰ ਛਪਵਾ ਲਵਾਂਗੇ। ਜੀਹਨੂੰ ਸੱਦਾ ਪੱਤਰ ਦਿਤੈ ਫੋਨ ਕਰ ਦਿਆਂਗੇ" ਮੈਂ ਉਲਝਣ 'ਚੋ ਨਿਕਲਣ ਲਈ ਸੁਝਾ ਦਿਤਾ। ਬੁੱਟਰ ਖਿੜ ਗਿਆ। ਕਹਿਣ ਲੱਗਾ, "ਫੇਰ ਤਾਂ ਗੱਲ ਈ ਬਣਜੂ.....। ਜਸਵਿੰਦਰ ਨੂੰ ਦਸੀਏ।"

ਜਦੋਂ ਅਸੀਂ ਜਸਵਿੰਦਰ ਨੂੰ ਦੱਸਿਆ ਤਾਂ ਉਹ ਝਟ ਬੋਲ ਪਿਆ, "ਨਹੀਂ ਯਾਰ ਪ੍ਰੋਗਰਾਮ ਪਿੱਛੇ ਨਹੀਂ ਪਾਉਣਾ। ਅਸੀਂ ਕਿੰਨੇ ਵੀ ਔਖੇ ਹੋਈਏ ਆਵਾਂਗੇ। ਵਿਆਹ ਵੀ ਅਟੈਂਡ ਕਰਾਂਗੇ ਤੇ ਸਮਾਗਮ ਵੀ ਹੋਊ।

ਹੋਇਆ ਵੀ ਇਹੋ ਹੀ। ਜਸਵਿੰਦਰ ਸਫਰ ਦਾ ਭੰਨਿਆਂ ਦਿੱਲੀ ਤੋਂ ਬਠਿੰਡੇ ਸਹੀ ਟਾਈਮ ਤੇ ਪੁੱਜ ਗਿਆ। ਘੰਟਾ ਨਹਾ ਧੋ ਕੇਉਹ ਫੁੱਲ ਵਾਂਗ ਖਿੜਿਆ ਸਾਡੇ ਸਾਹਿਤਕ ਸਮਾਗਮ ਵਿੱਚ ਹਾਜ਼ਰ ਸੀ। ਇਸ ਸਮਾਗਮ ਵਿੱਚ ਸਵਾਲਾਂ ਦੇ ਦੌਰ ਵਿੱਚ ਕਿਸੇ ਨੇ ਜਸਵਿੰਦਰ ਨੂੰ ਫੇਸਬੁੱਕ ਤੇ ਵੱਟਸਐਪ ਦੀ ਸਾਰਥਿਕਤਾ, ਉਪਯੋਗਤਾ ਬਾਰੇ ਸਵਾਲ ਕਰ ਦਿੱਤਾ। ਜਸਵਿੰਦਰ ਦਾ ਸਟੀਕ ਜਵਾਬ ਸੀ, " ਇਹ ਆਮ ਬੰਦੇ ਨੂੰ ਅਸਲ ਨਿਸ਼ਾਨੇ ਤੋਂ ਪਾਸੇ ਥਿੜਕਾਉਣ ਦੇ ਯਤਨ ਹਨ। ਆਮ ਮਨੁੱਖ ਨੇ ਸਿਖਿਅਤ ਹੋ ਕੇ, ਜਥੇਬੰਦ ਹੋਣਾ ਤੇ ਸੰਘਰਸ਼ ਕਰਨਾ ਹੈ। ਇਨ੍ਹਾਂ ਐਪਸ ਦਾ ਮੰਤਵ ਹੋਰ ਹੈ, ਲੋਕਾਂ ਨੂੰ ਗੁੰਮਰਾਹ ਕਰਨਾ। ਜਦੋਂ ਇਹਨਾ ਐਪਸ ਦੇ ਰਚਨ ਹਾਰਿਆ ਨੂੰ ਲਗਿਆ ਕਿ ਇਹ ਸੋਸਲ ਮੀਡੀਆ ਲੋਕਾਂ ਨੂੰ ਚੇਤੰਨ ਕਰਦਾ ਹੈ, ਸਾਡੀ ਲੁੱਟ ਦੇ ਵਿਰੁੱਧ ਦਸਦਾ ਹੈ ਤਾਂ ਉਹ ਫੋਰੀ ਤੌਰ ਤੇ ਇਹ ਐਪਸ ਬੰਦ ਕਰ ਦੇਣਗੇ।"

ਇਹੋ ਜਿਹਾ ਹੈ ਜਸਵਿੰਦਰ, ਅਜਿਹੇ ਲੋਕ ਵਿਰਲੇ ਹੀ ਹੁੰਦੇ ਹਨ।

**ਮੋਬਾਇਲ : 97800-42156**

# ਮੈਂ ਲੋਕਾਂ ਦੀ ਗੱਲ ਕਰਦਾਂ ਹਾਂ - ਸਿਮਰਨ ਧਾਲੀਵਾਲ

• ਸ਼ੁਰੂਆਤ ਸ਼ੁਰੂ ਤੋਂ ਹੀ ਕਰਦੇ ਹਾਂ । ਤੁਹਾਡੀ ਲਫ਼ਜ਼ਾਂ ਨਾਲ ਸਾਂਝ ਕਿਵੇਂ ਪਈ ?

– ਇਸ ਸਵਾਲ ਦੇ ਜਵਾਬ ਲਈ ਮੈਂ ਬਹੁਤ ਪਿਛਾਂਹ ਤੀਕ ਤਕਦਾ ਹਾਂ। ਲਫ਼ਜ਼ਾਂ ਨਾਲ ਸਾਂਝ ਤਾਂ ਜਿਵੇਂ ਬਚਪਨ ਵਿੱਚ ਹੀ ਪੈ ਗਈ ਸੀ। ਮੇਰੇ ਬਚਪਨ ਵਿੱਚ ਮੇਰੇ ਹਾਣੀਆਂ ਵਰਗਾ ਬਚਪਨ ਨਹੀਂ ਸੀ ।ਬਚਪਨ ਦੀਆਂ ਸ਼ਰਾਰਤਾਂ ਦੋਸਤੀਆਂ, ਲੜਾਈ–ਝਗੜੇ ਇਸ ਸਾਰੇ ਕਾਸੇ ਤੋਂ ਦੂਰ , ਮੈਂ ਬੜਾ ਸੰਜੀਦਾ ਜਿਹਾ ਬੱਚਾ ਸਾਂ।ਸਕੂਲ ਪੜ੍ਹਦਿਆਂ ਆਪਣੀਆਂ ਕਿਤਾਬਾਂ ਵਿੱਚਲੀਆਂ ਕਹਾਣੀਆਂ, ਕਵਿਤਾਵਾਂ, ਲੇਖ ਅਧਿਆਪਕ ਦੇ ਪੜ੍ਹਾਉਣ ਤੋਂ ਪਹਿਲਾਂ ਹੀ ਪੜ੍ਹ ਲੈਂਦਾ। ਫਿਰ ਆਪਣੀਆਂ ਕਿਤਾਬਾਂ ਮੁਕਾ ਕੇ ਅਗਲੀਆਂ ਜਮਾਤਾਂ ਦੀਆਂ ਕਿਤਾਬਾਂ ਦੂਜੇ ਬੱਚਿਆਂ ਤੋਂ ਲੈ ਕੇ ਪੜ੍ਹਦਾ ਰਹਿੰਦਾ। ਸ਼ਨੀ ਅਤੇ ਐਤਵਾਰ ਅਖਬਾਰਾਂ ਦੇ ਸਾਹਿਤਕ ਪੰਨੇ ਜ਼ਰੂਰ ਪੜ੍ਹਦਾ। ਪਰੀਆਂ– ਪ੍ਰੇਤਾਂ, ਜਾਨਵਰਾਂ ਦੀਆਂ ਕਹਾਣੀਆਂ ਮੈਨੂੰ ਅਜੀਬ ਜਿਹਾ ਅਨੰਦ ਦਿੰਦੀਆਂ। ਆਪਣੀ ਦਾਦੀ ਕੋਲੋਂ ਹਰ ਰੋਜ਼ ਰਾਤ ਨੂੰ ਪੈਣ ਲੱਗਿਆ ਕਹਾਣੀਆਂ ਸੁਣਦਾ । ਇਹ ਸਾਰਾ ਕੁਝ ਜਿਵੇਂ ਮੇਰੇ ਲਈ ਬੀਜ ਰੂਪ ਵਿੱਚ ਕੰਮ ਆਇਆ । ਵੱਡਾ ਹੋ ਕੇ ਮੈਂ ਜਦ ਲਿਖਣ ਵਾਲੇ ਪਾਸੇ ਆਇਆ ਤਾਂ ਮੇਰੀ ਸ਼ੁਰੂਆਤ ਬਾਲ ਕਹਾਣੀਆਂ ਤੋਂ ਹੋਈ । ਦੋ ਤਿੰਨ ਸਾਲ ਮੈਂ ਲਗਾਤਾਰ ਬਾਲ ਸਾਹਿਤ ਲਿਖਿਆ । ਲੋਕ ਸਾਹਿਤ ਮੇਰੇ ਲਈ ਪ੍ਰੇਰਨਾ ਬਣਿਆ । ਪਰੀਆਂ ਜਨੌਰ ਜਿਵੇਂ ਜਾਣੇ ਪਹਿਚਾਣੇ ਲੱਗੇ । 2006 ਵਿੱਚ ਮੈਂ ਪਹਿਲੀ ਕਹਾਣੀ ਲਿਖੀ ਜਿਸ ਨੂੰ ਪ੍ਰੇਮ ਪ੍ਰਕਾਸ਼ ਹੁਣਾ ਲਕੀਰ ਵਿੱਚ ਛਾਪਿਆ। ਇਸ ਤਰ੍ਹਾਂ ਉਦੋਂ ਤੋਂ ਲੈ ਕੇ ਹੁਣ ਤੀਕ ਲਗਾਤਾਰ ਮੈਂ ਸਾਹਿਤ ਨਾਲ ਜੁੜਿਆ ਹੋਇਆ । ਸਭ ਤੋਂ ਪਹਿਲੀ ਕਹਾਣੀਆਂ ਦੀ ਕਿਤਾਬ 'ਆਸ ਅਜੇ ਬਾਕੀ ਹੈ' ਛਪੀ ਸੀ ।

• ਤੁਸੀਂ ਕੋਈ ਕਹਾਣੀ ਕਿਵੇਂ ਫੜ੍ਹਦੇ ਹੋ ? ਮਤਲਬ ਕੋਈ ਵਿਸ਼ਾ ਕਿਵੇਂ ਤੁਹਾਡੇ ਜ਼ਿਹਨ ਵਿੱਚ ਆਉਂਦਾ ਹੈ ? ਤੇ ਫਿਰ ਕਹਾਣੀ ਬਣਦੀ ਹੈ । ਇਹ ਪੂਰਾ ਪੈਂਡਾ ਕਿਵੇਂ ਹੁੰਦਾ ਹੈ ? ਇਸ ਬਾਰੇ ਦੱਸੋ ।

– ਮੇਰੇ ਸਾਹਵੇਂ ਪਹਿਲਾਂ ਕੋਈ ਸਮੱਸਿਆ ਹੁੰਦੀ ਹੈ । ਫਿਰ ਸਮੱਸਿਆ ਦੇ ਕਈ ਸਾਰੇ ਪੱਖ। ਮਸਲਨ ਕੋਈ ਸਮੱਸਿਆ, ਸਾਡੀ ਜ਼ਿੰਦਗੀ, ਮਨ, ਘਰ, ਪਰਿਵਾਰ, ਸਾਡੇ ਰਿਸ਼ਤਿਆਂ' 'ਤੇ ਕੀ ਅਸਰ ਕਰਦੀ ਹੈ ।

ਸਾਰਾ ਕੁਝ ਇੱਕ ਦੂਜੇ ਨਾਲ ਜੁੜਿਆ ਹੋਇਆ ਹੁੰਦਾ ਹੈ । ਬਾਕੀ ਕੁਝ ਕਨਸੀਵ ਕਰਨ ਤੋਂ ਲੈ ਕੇ ਲਿਖਣ ਤੱਕ ਇੱਕ ਲੰਬਾ ਪ੍ਰੋਸੈਸ ਹੈ । ਜਿਸ ਵਿੱਚ ਨਿੱਜੀ ਅਨੁਭਵ । ਦੇਖਿਆ–ਸਮਝਿਆ । ਪਹਿਲਾਂ ਲਿਖਿਆ ਪੜ੍ਹਿਆ ਆਪਣੀ ਆਪਣੀ ਥਾਂ ਅਰਥ ਰੱਖਦਾ ਹੈ । ਕਿਸੇ ਨੁਕਤੇ ਨੂੰ ਕਹਾਣੀ ਬਣਾਉਣ ਵਿੱਚ ਇਹ ਸਾਰੀਆਂ ਗੱਲਾਂ ਹੀ ਸਹਾਈ ਹੁੰਦੀਆਂ ਨੇ । ਸਥਿਤੀਆਂ ਬੰਦੇ ਉਪਰ ਕੀ ਅਸਰ ਕਰਦੀਆਂ ਨੇ ਉਸ ਅਸਰ ਨੂੰ ਪਹਿਚਾਣਦਿਆਂ ਹੀ ਮੇਰੇ ਕੋਲੋਂ ਕਹਾਣੀ ਸਿਰਜ ਹੋ ਜਾਂਦੀ ਹੈ । ਮੇਰੀਆ ਸਮੁੱਚੀਆਂ ਕਹਾਣੀਆਂ ਦਾ ਕਰਮ ਖੇਤਰ 'ਮਨ' ਹੈ।

• ਤੁਹਾਡੀਆਂ ਜ਼ਿਆਦਾਤਰ ਕਹਾਣੀਆਂ ਦੇ ਪਾਤਰ ਉਦਾਸ ਨੇ , ਅਤ੍ਰਿਪਤ ਨੇ , ਟੁੱਟਦੇ – ਖੁਸਦੇ ਨੇ, ਇਸ ਦੀ ਕੀ ਕਾਰਨ ਨੇ ?

– ਇਸਦਾ ਬੜਾ ਸਿੱਧਾ ਜਿਹਾ ਜਵਾਬ ਤਾਂ ਆਹੀ ਏ ਕਿ ਜੋ ਤ੍ਰਿਪਤ ਹੋ ਗਿਆ , ਖੁਸ਼ ਹੋ ਗਿਆ । ਜਿਸ ਨੂੰ ਕੋਈ ਤਕਲੀਫ਼ ਨਹੀਂ ਉਸ ਦੀ ਕਹਾਣੀ ਵੀ ਕਾਹਦੀ ? ਬਾਕੀ ਮੈਂ , ਤੁਸੀਂ, ਅਸੀਂ ਸਾਰੇ ਅਤ੍ਰਿਪਤ ਹਾਂ । ਕੋਈ ਸੰਤੁਸ਼ਟ ਨਹੀਂ ਹੈ ਇੱਥੇ । ਇਹ ਹਕੀਕਤ ਹੈ ਜ਼ਿੰਦਗੀ ਦੀ ਤੇ ਇਹੀ ਹਕੀਕਤ ਮੇਰੇ ਪਾਤਰਾਂ ਤੇ ਮੇਰੀਆਂ ਕਹਾਣੀਆਂ ਦੀ ਹੈ । ਹਰ ਬੰਦਾ ਅੰਦਰੋਂ ਉਦਾਸ ਹੈ ।



ਸਾਡੇ ਕੋਲ ਬਾਹਰਲੀ ਦੁਨੀਆਂ ਨਾਲ ਜੁੜਨ ਦੇ ਹਜ਼ਾਰਾਂ ਵਸੀਲੇ ਨੇ । ਮੋਬਾਇਲ ਹੈ । ਮੋਬਾਇਲ ਵਿੱਚ ਨੈਟੱ ਹੈ ।...... ਤੇ ਨੈਟੱ ਰਾਹੀਂ ਅਸੀਂ ਸਾਰੀ ਦੁਨੀਆਂ ਆਪਣੀ ਮੁੱਠੀ ਵਿੱਚ ਕਰੀ ਬੈਠੀ ਹਾਂ । ਹਜ਼ਾਰਾਂ ਕਿਲੋਮੀਟਰ ਦੂਰ ਬੈਠੇ ਬੰਦਿਆਂ ਨਾਲ ਵਟਸਐਪ 'ਤੇ ਚੈਟੱ ਕਰਦੇ ਹਾਂ ।ਪਰ ਖੁਦ ਕੋਲੋਂ ਦੂਰ ਹੋਈ ਜਾ ਰਹੇ ਹਾਂ । ਇੱਕ ਛੱਤ ਥੱਲੇ ਰਹਿ ਕੇ ਵੀ ਪਰਿਵਾਰ ਇੱਕ ਨਹੀਂ ਰਹੇ ਅੱਜ ਕੱਲ੍ਹ। ਇਹ ਸੱਚ ਕਿਸੇ ਇੱਕ ਦਾ ਨਹੀਂ ਸਮੁੱਚੇ ਸਮਾਜ ਦਾ ਹਾਂ । ਬੰਦੇ ਅੰਦਰੋਂ ਸੰਵੇਦਨਾ ਮੁੱਕ ਰਹੀ ਹੈ। ਇਹ ਕਹਾਣੀਆਂ ਬੰਦੇ ਅੰਦਰ ਮਰ ਰਹੀ ਸੰਵੇਦਨਾ ਦੀ ਗੱਲ ਕਰਦੀਆਂ ਨੇ । ਉਸ ਸਮਾਜ ਦੀ ਗੱਲ ਕਰਦੀਆਂ ਨੇ ਜਿੱਥੇ ਪੜ੍ਹਿਆ ਲਿਖਿਆ ਕੋਲੋਂ ਰੁਜਗਾਰ ਹੈ ਨੀ । ਸਾਧਨਾਂ ਦੀ ਕਾਣੀ ਵੰਡ ਹੈ । ਜਿੱਥੇ ਸੈਕੜੇ ਲੋਕ ਰਾਤ ਨੂੰ ਸੌ ਫਿਕਰ ਸੀਨੇ ਵਿੱਚ ਲੈ ਕੇ ਸੌਂਦੇ ਨੇ ਤੇ ਉਠ ਕੇ ਹਜ਼ਾਰਾ ਫ਼ਿਕਰਾਂ ਨਾਲ ਜੂਝਦੇ ਨੇ । ਮੈਂ ਵੀ ਇਸ ਸਾਰੇ ਕੁਝ ਤੋਂ ਮੁਕਤ ਨਹੀਂ ਹਾਂ । ਐਸੇ ਲੋਕਾਂ ਵਿੱਚ ਰਹਿੰਦਿਆਂ ਮੈਂ ਚੁਟਕਲਿਆਂ ਵਰਗੀਆਂ ਗੱਲਾਂ ਕਿਵੇਂ ਲਿਖ ਸਕਦਾ ਹਾਂ ? ਮੈਨੂੰ ਲੱਗਦਾ ਅਸੀਂ ਸਾਰੇ ਹੀ ਇੱਕਲੇ ਹੋਈ ਜਾਂ ਰਹੇ ਹਾਂ । ਇੱਕ ਉਦਾਸੀ ਦੇ ਦੌਰ ਵਿੱਚੋਂ ਲੰਘ ਰਹੇ ਹਾਂ । ਇਸੇ ਲਈ ਮੈਂ ਜਿਉਂਦੇ –ਜਾਗਦੇ ਐਸੇ ਹੀ ਪਾਤਰ ਆਪਣੀਆਂ ਕਹਾਣੀਆਂ ਵਿੱਚ ਲੈ ਕੇ ਆਉਂਦਾ ਹਾਂ।

• ਤੁਹਾਡੀ ਪਹਿਲੀ ਕਿਤਾਬ 'ਆਸ ਅਜੇ ਬਾਕੀ ਹੈ' ਨੂੰ ਹੁਣੇ – ਹੁਣੇ ਸਾਹਿਤ ਅਕਾਦਮੀ ਵੱਲੋਂ ਯੁਵਾ ਪੁਰਸਕਾਰ ਮਿਲਿਆ ਹੈ । ਇਸ ਬਾਰੇ ਤੁਸੀਂ ਕੀ ਕਹੋਗੇ ?

– ਕੋਈ ਵੀ ਇਨਾਮ ਸਨਮਾਨ ਲੇਖਕ ਨੂੰ ਕੰਮ ਕਰਨ ਦੀ ਪ੍ਰੇਰਨਾ ਅਤੇ ਊਰਜਾ ਦਿੰਦਾ ਹੈ । ਇਹ ਤੁਹਾਡੇ ਕੰਮ ਦੀ ਸ਼ਾਬਾਸ਼ ਵਾਲੀ ਗੱਲ ਹੁੰਦੀ । ਬਾਕੀ ਪਾਠਕਾਂ ਦੀ ਮੁਹੱਬਤ ਵੱਡਾ ਐਵਾਰਡ ਹੁੰਦੀ ਹੈ ਤੇ ਲੇਖਕ ਆਪਣੀ ਮਿਹਨਤ ਨਾਲ ਵੱਡਾ ਬਣਦਾ ਐਵਾਰਡ ਨਾਲ ਨਹੀਂ। ਮੇਰੀ ਪਹਿਲੀ ਕਥਾ ਪੁਸਤਕ 'ਆਸ ਅਜੇ ਬਾਕੀ ਹੈ' ਨੂੰ ਅਕਾਦਮੀ ਦਾ ਪੁਰਸਕਾਰ ਮਿਲਣਾ ਮੇਰੇ ਲਈ ਮਾਨ ਵਾਲੀ ਗੱਲ ਹੈ। ਯਕੀਨਣ ਤੁਹਾਡੀ ਹਰ ਛੋਟੀ ਵੱਡੀ ਪ੍ਰਾਪਤੀ ਤੁਹਾਨੂੰ ਖੁਸ਼ੀ ਦਿੰਦੀ ਹੈ। ਮੈਂ ਵੀ ਖੁਸ਼ ਹਾਂ। ਅੱਗੇ ਹੋਰ ਮਿਹਨਤ ਕਰਨ, ਲਿਖਣ–ਕੰਮ ਕਰਨ ਨੂੰ ਮਨ ਕਰ ਰਿਹਾ ਹੈ ।

• ਤੁਹਾਡੀ ਕਹਾਣੀ 'ਆਸ ਅਜੇ ਬਾਕੀ ਹੈ' ਕਹਾਣੀ ਆਰਥਿਕ ਸੰਕਟ ਨੂੰ ਪੇਸ਼ ਕਰਦੀ ਹੈ। ਇਸ ਵਿੱਚ ਤੁਸੀਂ ਇੱਕ ਬਾਪ ਦੀ ਅਗਲੀ ਪੀੜ੍ਹੀ ਜਾਂ ਆਪਣੇ ਔਲਾਦ 'ਤੇ ਆਸ ਰੱਖਣ ਵਾਲੀ ਭਾਵਨਾ ਨੂੰ ਪੇਸ਼ ਕੀਤਾ ਹੈ । ਇਸ ਨੂੰ ਤੁਸੀਂ ਕਿਵੇਂ ਲਿਆ । ਇਹ ਸਾਡੀ ਵਿਡੰਬਨਾ ਹੈ ਜਾਂ ਕੁਝ ਹੋਰ ?

– ਦੋਨੋਂ ਹੀ ਪੱਖ ਨੇ । ਹਰ ਮਾਂ–ਬਾਪ ਆਸਾਂ ਰੱਖਦਾ ਹੈ । ਪਰ ਦੁਖਾਂਤ ਵੀ ਉਸ ਪਲ ਵਾਪਰਦਾ ਜਦੋਂ ਇਹ ਆਸਾਂ ਪੂਰੀਆਂ ਹੀ ਨਹੀਂ ਹੁੰਦੀਆਂ । ਮਾਂ –ਬਾਪ ਮਿਹਨਤ ਕਰਕੇ ਬੱਚਿਆਂ ਨੂੰ ਪੜ੍ਹਾਉਂਦੇ ਨੇ । ਉਹਨਾਂ ਦੇ ਕੁਝ ਬਣਨ ਦਾ ਦਿਨ ਉਡੀਕਦੇ ਨੇ। ਐਸਾ ਹੀ ਉਸ ਕਹਾਣੀ ਦੇ ਨਾਇਕ ਨਾਲ ਵਾਪਰਦਾ । ਉਹ ਬੇਰੁਜ਼ਗਾਰੀ ਦਾ ਭਾਰ ਢੋਹਦਾ ਜਦੋਂ ਮਾਂ–ਬਾਪ ਲਈ ਕੁਝ ਨਹੀਂ ਕਰ ਪਾਉਂਦਾ ਤਾਂ ਆਖਿਰ ਆਖਦਾ ਹੈ ਕਿ ਮੇਰਾ ਬੇਟਾ ਕਰੇਗਾ ਸਾਰਾ ਕੁਝ .... ਮੇਰੀ ਥਾਂ ਏ ਮੇਰੇ ਹਿੱਸੇ ਦਾ। ਮਾਂ –ਬਾਪ ਦਾ ਕੀ ਦੋਸ਼ ਹੈ ? ਆਸ ਰੱਖਣਾ ਹੱਕ ਹੈ ਉਹਨਾਂ ਦਾ । ਉਹ ਆਸ ਬੱਸ ਇੱਕ ਆਰਥਿਕ ਪੱਖ ਤੋਂ ਹੀ ਨਹੀਂ ਹੁੰਦੀ । ਉਸਦੇ ਹੋਰ ਵੀ ਪੱਖ ਹੋ ਸਕਦੇ ਨੇ । ਉਹੀ ਸਥਿਤੀ ਉਸ ਪਾਤਰ ਦੀ ਹੈ । ਮੈਂ ਉਸ ਨੂੰ ਵਧੇਰੇ ਸਮਝ ਸਕਿਆਂ ਹਾਂ , ਕਿਉਂਕਿ ਆਰਥਿਕ , ਸੰਕਟ, ਬੇਰੁਜ਼ਗਾਰੀ ਦਾ ਦੁਖਾਂਤ ਮੈਂ ਵੀ ਭੋਗਿਆ ਹੈ । ਮਾਂ–ਬਾਪ ਕਿਵੇਂ ਆਸਾਂ ਰੱਖਦੇ ਨੇ ਦੁਆਵਾਂ ਕਰਦੇ ਨੇ ,ਮੈਂ ਇਹੀ ਇਸ ਕਹਾਣੀ 'ਚ ਫੜਨ ਦੀ ਕੋਸ਼ਿਸ਼ ਕੀਤੀ ਸੀ ।

• ਹੁਣੇ ਛਪੇ ਤੁਹਾਡੇ ਕਹਾਣੀ –ਸੰਗ੍ਰਹਿ 'ਉਸ ਪਲ' ਦੀ ਗੱਲ ਕਰਦੇ ਹਾਂ । ਉਸ ਵਿਚਲੀਆਂ ਕਹਾਣੀਆਂ ਦੇ ਕੇਂਦਰੀ ਨੁਕਤੇ ਬੰਦਿਆਂ ਵਾਲੇ ਗੁਣਾਂ ਦੀ ਗੱਲ ਕਰਦੇ ਨੇ ਜਾਂ ਫਿਰ

ਇਸ ਨਵੇਂ ਜੁਗ ਦੀ , ਨਵੀਂ ਜੀਵਨ ਜਾਂਚ ਦੀ । ਜੇ ਦੁਨੀਆਂ ਬਦਲ ਰਹੀ ਹੈ ਜਾਂ ਸਾਰੀ ਦੁਨੀਆਂ ਇੱਕ ਹੋ ਰਹੀ ਹੈ ਤਾਂ ਤੁਹਾਨੂੰ ਜਾਂ ਤੁਹਾਡੇ ਪਾਤਰਾਂ ਨੂੰ ਇਸ ਨਾਲ ਕੀ ਤਕਲੀਫ਼ ਹੈ ?

– ਮੇਰੀ ਤਕਲੀਫ਼ ਬੰਦੇ ਦੇ ਇੱਕਲੇ ਰਹਿਣ ਜਾਣ ਦੀ ਹੈ । ਬੰਦੇ ਅੰਦਰੋਂ ਮੁੱਕ ਰਹੀ ਸੰਵੇਦਨਾ ਦੀ ਹੈ। ਤੁਹਾਡੇ ਗੁਆਂਢ 'ਚ ਕੀ ਹੋ ਰਿਹਾ ਤੁਹਾਨੂੰ ਨਹੀਂ ਪਤਾ ਹੁੰਦਾ । ਬਸ ਤਰੱਕੀ ਕਰ ਜਾਣਾ ਆਹੀ ਹੁੰਦਾ? ਵੱਡੇ ਘਰ ਬਣਾ ਕੇ ਅੰਦਰ ਕੈਦ ਹੋ ਜਾਣਾ । ਕੰਪਿਊਟਰ , ਮੋਬਾਇਲ ਆਹੀ ਇੱਕ ਦੁਨੀਆਂ ਹੈ ਬੱਸ । ਇਨਸਾਨ ਨਾਲ ਇਨਸਾਨ ਦਾ ਨਾਤਾ ਕਿੱਥੇ ਗਿਆ? ਅਸੀਂ ਇੰਨੇ ਪਦਾਰਥਵਾਦੀ ਤੇ ਇੰਨੇ ਮਤਲਬ ਪ੍ਰਸਤ ਹੋ ਗਏ ਹਾਂ ਕਿ ਆਪਣੇ ਹਿੱਤਾਂ ਲਈ ਦੂਜਿਆਂ ਦੀਆਂ ਜੜ੍ਹਾਂ ਵੱਢਣ ਤੀਕ ਜਾਂਦੇ ਹਾਂ । ਇਸ 'ਨਵੇਂ ਜੁੱਗ' ਦੀ ਦੌੜ ਨੇ । ਪੈਸੇ ਕਮਾਉਣ ਸਾਧਨ ਜੋੜਨ ਦੀ ਲਾਲਸਾ ਨੇ ਸਾਡੇ ਅੰਦਰੋਂ ਸਕੂਨ ਖਤਮ ਕੀਤਾ ਹੈ । ਮੈਨੂੰ ਉਸ ਸਕੂਨ ਦਾ ਫਿਕਰ ਹੈ । ਬਾਕੀ ਮੈਂ ਕਿਸੇ ਵੀ ਕਹਾਣੀ 'ਚ ਇਹ ਨਹੀਂ ਕਿਹਾ ਵੱਡੇ ਵੱਡੇ ਮਾਅਲ ਖੋਲ੍ਹਣੇ, ਵੱਡੀ – ਵੱਡੀਆਂ ਫੈਕਟਰੀਆਂ ਲਗਾਉਣੀਆਂ ਬੁਰੀ ਗੱਲ ਹੈ । ਪਰ ਮੈਂ ਇਹ ਜ਼ਰੂਰ ਕਿਹਾ ਕਿ ਮਾਅਲ ਖੁੱਲ੍ਹੇ ਤਾਂ ਛੋਟੇ ਦੁਕਾਨਦਾਰਾਂ 'ਤੇ ਕੀ ਅਸਰ ਪਿਆ । ਮਸ਼ੀਨਾਂ ਆਈਆਂ ਤਾਂ ਹੱਥੀਂ ਕਿਰਤ ਕਰਨ ਵਾਲਿਆਂ 'ਤੇ ਕੀ ਅਸਰ ਪਿਆ । ਮੇਰੀ ਕਹਾਣੀ 'ਲੋਕ ਕਹਾਣੀ ਦਾ ਅੰਤ' ਵਿੱਚ ਬਲਵਿੰਦਰ ਸਿਹੁੰ ਨਾਮੀ ਪਾਤਰ ਹੈ । ਮਿਸਤਰੀ ਹੈ ਜੋ ਹੱਥੀ ਕਿਰਤ ਕਰਨ ਵਾਲਾ । ਪਰ ਹੁਣ ਲੋਕਾਂ ਕੋਲ ਦੁੱਧ ਨਹੀਂ ਬਚੇ ਇਸ ਲਈ ਉਸ ਕੋਲ ਕੋਈ ਮਧਾਣੀ ਬਣਵਾਉਣ ਨਹੀਂ ਆਉਂਦਾ । ਚਕਲਾ– ਵੇਲਣਾਂ ਰੇਡੀਮੇਡ ਸਸਤਾ ਮਿਲਦਾ ਇਸ ਲਈ ਕੋਈ ਉਹਦੇ ਹੱਥ ਦਾ ਬਣਿਆ ਨਹੀਂ ਖ਼ਰੀਦਦਾ । ਉਹ ਪਾਤਰ ਮੇਰੇ ਪਿੰਡ ਬੈਠਾ ਅੱਜ ਵੀ ਵਿਹਲਾ । ਮੈਂ ਉਹਦੀ ਗੱਲ ਕਰਦਾ ਕਹਾਣੀ ਵਿੱਚ । ਮੈਂ ਐਸੇ ਹਜ਼ਾਰਾਂ ਲੋਕਾਂ ਦੀ ਗੱਲ ਕਰਦਾ । ਉਹਨਾਂ ਦੀ ਤਕਲੀਫ਼ ਦੀ ਗੱਲ ਕਰਦਾ।

•ਜਦੋਂ ਆਪਾਂ ਕਹਾਣੀ ਦੇ ਵਿਸ਼ੇ ਦੀ ਗੱਲ ਕਰਦੇ ਹਾਂ ਤਾਂ ਕਾਮ ਸਬੰਧਾਂ ਤੇ ਨਜ਼ਾਇਜ਼ ਰਿਸ਼ਤਿਆਂ 'ਤੇ ਬਹੁਤ ਕਹਾਣੀਆਂ ਸਾਨੂੰ ਮਿਲ ਜਾਂਦੀਆਂ ਨੇ । ਕਹਾਣੀਆਂ ਵਿੱਚ ਇਸਦੀ ਖੁੱਲ੍ਹੀ ਪੇਸ਼ਕਾਰੀ ਕਿਤੇ ਸਵਾਦ – ਮਸਾਲਾਜਿਹਾ ਪੈਦਾ ਕਰਨ ਲਈ ਤਾਂ ਨਹੀਂ ਕੀਤੀ ਜਾ ਰਹੀ ? ਤੁਸੀਂ ਵੀ ਲਿਖਿਆ ਇਸ ਵਿਸ਼ੇ 'ਤੇ ਕੁਝ ?

– ਹਾਂ ! ਮੇਰੀ ਕਹਾਣੀ 'ਮੈਂ ਨਾਟਕ ਤੇ ਜ਼ਿੰਦਗੀ' ਇਸੇ ਵਿਸ਼ੇ ਨਾਲ ਸਬੰਧਿਤ ਹੈ । ਇਹ ਵੀ ਇੱਕ ਵਿਸ਼ਾ ਹੈ ਸਮਾਜ ਦੇ ਬਾਕੀ ਵਿਸ਼ਿਆਂ ਜਾਂ ਮਸਲਿਆਂ ਵਾਂਗ । ਪਰ ਕਲਾਕਾਰੀ ਇਸੇ 'ਚ ਹੈ ਕਿ ਤੁਸੀਂ ਕੋਝੀ ਗੱਲ ਨੂੰ ਵੀ ਕਿੰਨੀ ਖੂਬਸੂਰਤੀ ਨਾਲ ਕਰ ਜਾਂਦੇ ਹੋ । ਦੂਸਰਾ ਕਾਮ ਦਾ ਸਥਾਨ ਕਿੰਨਾ ਹੈ ਸਾਡੀ ਜ਼ਿੰਦਗੀ 'ਚ, ਇਹ ਜ਼ਿੰਦਗੀ ਦਾ ਹਿੱਸਾ ਹੈ ਨਾ ਕਿ ਜ਼ਿੰਦਗੀ ਇਹਦਾ ਹਿੱਸਾ । ਇਸ ਲਈ ਜ਼ਿੰਦਗੀ ਵਿੱਚ ਸੈਕਸ ਦਾ ਜਿੰਨਾ ਹਿੱਸਾ ਹੈ, ਉਨ੍ਹਾਂ ਹੀ ਸਾਹਿਤ ਵਿੱਚ ਆਏ। ਰਚਨਾ ਵਿੱਚ ਮਸਾਲਾ ਭਰਨ ਲਈ ਇਸ ਤਰ੍ਹਾਂ ਦਾ ਜੇਕਰ ਲਿਖੋਗੇ ਤਾਂ ਬਹੁਤੀ ਦੇਰ ਗੱਲ ਨਹੀਂ ਬਣ ਸਕਦੀ । ਜ਼ਿੰਦਗੀ ਵਿੱਚ ਸਮੱਸਿਆਵਾਂ ਹੋਰ ਵੀ ਬਹੁਤ ਨੇ । ਮੈਂ ਸੈਕਸ ਨੂੰ ਇੱਕ ਵਿਸ਼ਾ ਮੰਨ ਕੇ ਲਿਖਿਆ ਤੇ ਲਿਖ ਕੇ ਛੱਡ ਦਿੱਤਾ । ਬੱਸ !

•ਤੁਸੀਂ ਕਿਤੇ ਲਿਖਿਆ ਹੈ ਕਿ ਮੇਰੇ ਪਾਤਰ ਮੇਰੇ ਅੰਦਰ ਬੈਠੇ ਨੇ । ਇਸ ਕਥਨ ਨੂੰ ਜ਼ਰਾ ਸਮਝਾਓ ?

– ਉਹ ਗੱਲ ਆਪਾਂ ਜਿਵੇਂ ਪਹਿਲਾਂ ਵੀ ਕੀਤੀ ਸੀ । ਮੈਂ ਹਮੇਸ਼ਾ ਖੁਦ ਨੂੰ ਆਪਣੇ ਪਾਤਰਾਂ ਦੀ ਥਾਂ ਰੱਖ ਕੇ ਸੋਚਦਾ । ਫਿਰ ਦੇਖਦਾ ਇਸ ਸਮੱਸਿਆ ਨੂੰ ਮੈਂ ਕਿਵੇਂ ਮਹਿਸੂਸ ਕਰ ਰਿਹਾ । ਕੋਈ ਸਥਿਤੀ ਜੇਕਰ ਮੇਰਸਾਹਮਣੇ ਆਉਂਦੀ ਤਾਂ ਮੇਰੇ ਉਤੇ ਉਸਦਾ ਕੀ ਅਸਰ ਹੁੰਦਾ । ਦੂਸਰਾ ਮੈਂ ਪਹਿਲਾਂ ਵੀ ਦੱਸਿਆ ਸੀ ਕਿ ਆਰਥਿਕ ਸੰਕਟਾਂ ਵਰਗੀਆਂ ਚੀਜ਼ਾਂ ਤਾਂ ਖੁਦ ਮੈਂ ਵੀ



ਹੰਢਾਈਆਂ । ਹੰਢਾ ਕੇ ਲਿਖੀ ਸਮੱਸਿਆ ਜ਼ਿਆਦਾ ਸਮਝ ਆਉਂਦੀ ਹੈ । ਇਸ ਤਰ੍ਹਾਂ ਤੁਸੀਂ ਆਪਣੇ ਪਾਤਰ ਦੀ ਮਾਨਸਿਕਤਾ ਨੂੰ ਵਧੇਰੇ ਫੜ੍ਹ ਪਾਉਂਦੇ ਹੋ । ਬਾਕੀ ਮੈਂ ਸੁਭਾਅ ਵਜੋਂ ਵੀ ਐਸਾ ਹਾਂ । ਸੰਵੇਦਨਸ਼ੀਲ । ਉਦਾਸ ਹੋ ਜਾਣ ਵਾਲਾ । ਖੁਸ਼ੀਆਂ ਲੱਭਣ ਵਾਲਾ । ਸੁਪਨੇ ਸਿਰਜਣ ਵਾਲਾ । ਜ਼ਿੰਦਗੀ ਨੂੰ ਰੱਜ ਕੇ ਤੇ ਮਰਜ਼ੀ ਦਾ ਜਿਊਣ ਦੀ ਚਾਹਤ ਰੱਖਣ ਵਾਲਾ । ਇਸੇ ਤਰ੍ਹਾਂ ਦੇ ਮੇਰੇ ਪਾਤਰ ਨੇ । ਮੇਰੇ ਵਰਗੇ ।

•ਤੁਸੀਂ ਜ਼ਿੰਦਗੀ ਜਿਊਣ ਦੀ ਚਾਹਤ ਦੀ ਗੱਲ ਕੀਤੀ ਹੈ । ਅਸਲ ਵਿਚ ਤੁਹਾਡੀ ਨਜ਼ਰ 'ਚ ਜ਼ਿੰਦਗੀ ਹੈ ਕੀ ?

– ਜ਼ਿੰਦਗੀ ਦੀ ਕੋਈ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ ਤੇ ਨਾ ਹੀ ਕੋਈ ਇੱਕ ਪਰਿਭਾਸ਼ਾ ਹਰ ਇੱਕ ਲਈ ਢੁਕਵੀਂ ਹੋ ਸਕਦੀ । ਮੇਰੇ ਲਈ ਜ਼ਿੰਦਗੀ ਕਿਸੇ ਹੋਰ ਰੂਪ ਵਿੱਚ ਹੋ ਸਕਦੀ ਹੈ ਤੁਹਾਡੇ ਲਈ ਕਿਸੇ ਹੋਰ ਰੂਪ 'ਚ । ਕਾਫ਼ੀ ਹੱਦ ਤੱਕ ਤਾਂ 'ਨਜ਼ਰੀਆ' ਵੀ ਅਰਥ ਰੱਖਦਾ ਹੈ ਕਿਸੇ ਚੀਜ਼ ਨੂੰ ਦੇਖਣ ਸਮਝਣ ਵਿੱਚ । ਅਸੀਂ ਸਾਰੇ ਜ਼ਿੰਦਗੀ ਨੂੰ ਜਿਉਂਦੇ ਨਹੀਂ ਭੋਗਦੇ ਹਾਂ । ਜ਼ਿੰਦਗੀ ਜਿਊਣ ਲਈ ਜ਼ਿੰਦਗੀ ਨੂੰ ਹੀ ਮਨਫ਼ੀ ਕਰ ਬੈਠਦੇ ਹਾਂ । ਪੈਸਾ ਬਹੁਤ ਜ਼ਰੂਰੀ ਚੀਜ਼ ਹੈ । ਇਹ ਗੱਲ ਵੱਧ ਉਦੋਂ ਪਤਾ ਲੱਗਦੀ ਹੈ ਜਦੋਂ ਜੇਬ ਖਾਲੀ ਹੋਵੇ । ਪਰ ਇਹ ਵੀ ਗੱਲ ਬਿਲਕੁਲ ਨਾਲ ਹੀ ਹੈ ਕਿ ਤੁਸੀਂ ਜ਼ਿੰਦਗੀ ਜਿਊਣ ਜੋਗੇ ਸਾਧਨ ਕਮਾ ਲਓ ਤੇ ਖੁਸ਼ ਰਹੋ । ਅਗਲੀ ਪੀੜ੍ਹੀ ਲਈ ਜੋੜਨਾ । ਸਾਰਾ ਕੁਝ ਬੱਸ ਮੇਰੀ ਹੋਏ , ਇਸ ਸਭ ਦੀ ਲਾਲਸਾ ਵੱਧ ਖਤਰਨਾਕ ਹੈ। ਬਸ ਜੇਕਰ ਤੁਹਾਨੂੰ ਰੋਟੀ ਮਿਲ ਰਹੀ ਹੈ । ਤੁਹਾਡੀ ਹੋਰ ਸਾਰੀਆਂ ਲੋੜਾਂ ਪੂਰੀਆਂ ਹੋ ਰਹੀਆਂ ਨੇ ਤਾਂ ਖੁਸ਼ ਰਹੋ । ਇਹ ਮੈਂ ਸੋਚਦਾ ।

•ਤੁਸੀਂ ਜਦੋਂ ਕੋਈ ਕਹਾਣੀ ਲਿਖਦੇ ਹੋ , ਉਸਨੂੰ ਕਿੰਨੀ ਕੁ ਵਾਰ ਲਿਖਦੇ ਹੋ ? ਜਾਂ ਮੁੜ ਸੋਧਦੇ ਹੋ ?

– ਵੈਸੇ ਤਾਂ ਹਰੇਕ ਕਹਾਣੀ ਨੂੰ ਮੈਂ ਤਿੰਨ ਚਾਰ ਵਾਰ ਲਿਖਦਾ ਹਾਂ । ਉਸ ਵਿੱਚ ਭਾਸ਼ਾ, ਸ਼ਬਦਾਂ ਦਾ ਸੁਧਾਰ ਕਰਦਾ ਰਹਿੰਦਾ ਹਾਂ । ਕਈ ਵਾਰ ਕੋਈ ਰਚਨਾ ਇਸ ਤੋਂ ਵੀ ਵਧੇਰੇ ਵਾਰ ਲਿਖਣੀ ਪੈਂਦੀ ਹੈ । ਕੋਈ ਰਚਨਾ ਐਸੀ ਵੀ ਹੁੰਦੀ ਹੈ ਜੋ ਆਪਣੇ ਆਪ ਕਾਗਜ਼ ਨੂੰ ਉਪਰ ਉਤਰਦੀ ਜਾਂਦੀ ਹੈ । ਕਈ ਕਹਾਣੀਆਂ ਐਸੀਆਂ ਵੀ ਨੇ ਜੋ ਮੈਂ ਅੱਧ ਵਿਚਕਾਰ ਛੱਡੀਆਂ ਹੋਣਗੀਆਂ ਤੇ ਸਾਲਾਂ ਬਾਅਦ ਪੂਰੀਆਂ ਕਰੀਆਂ ਹੋਣਗੀਆਂ । ਕੁਝ ਰਚਨਾਵਾਂ ਕਦੇ ਪੂਰੀਆਂ ਹੋਈਆਂ ਹੀ ਨਹੀਂ । 'ਹੁਣ ਆਸ ਅਜੇ ਬਾਕੀ ਹੈ' ਦਾ ਦੂਸਰਾ ਐਡੀਸਨ ਛਪ ਰਿਹਾ। ਤਿੰਨ ਸਾਲਾਂ ਦੇ ਵਕਫ਼ੇ ਬਾਅਦ ਮੈਂ ਪੂਰੀ ਕਿਤਾਬ ਸੋਧੀ ਹੈ।

**- ਮੁਲਾਕਾਤ :ਵਿਕਰਮਜੀਤ ਸਿੰਘ ਤਿਹਾੜਾ**

# ਬਸ ਅਜੇ ਏਨਾ ਹੀ/ ਜਤਿੰਦਰ ਹਾਂਸ

-ਡਾ. ਜਸਵਿੰਦਰ ਕੌਰ ਬਿੰਦਰਾ

ਪੰਜਾਬੀ ਦੇ ਜਾਣੇ-ਪਛਾਣੇ ਨੌਜਵਾਨ ਕਹਾਣੀਕਾਰ ਜਤਿੰਦਰ ਹਾਂਸ ਨੇ 'ਬਸ ਅਜੇ ਏਨਾ ਹੀ' ਰਾਹੀਂ ਨਾਵਲ ਦੇ ਖੇਤਰ ਵਿੱਚ ਆਪਣਾ ਪਲੇਠਾ ਕਦਮ ਰੱਖਿਆ ਹੈ। ਨਾਵਲ ਉਸੇ ਸਮਸਿਆ ਨੂੰ ਆਪਣੇ ਕੇਂਦਰ ਵਿੱਚ ਲੈਂਦਾ ਹੈ, ਜੋ ਪਿੱਛਲੇ ਦੋ-ਢਾਈ ਦਹਾਕਿਆਂ ਤੋਂ ਪੰਜਾਬ ਵਿੱਚ ਆਪਣੀ ਜੜ੍ਹ ਜਮਾਈ ਬੈਠਾ ਹੈ, ਮਤਲਬ ਵਿਦੇਸ਼ਾਂ ਵੱਲ ਵਹੀਰਾਂ ਘੱਤਣਾਜ਼ਜਾਇਜ਼-ਨਾਜਾਇਜ਼, ਹਰ ਤਰ੍ਹਾਂ ਦੇ ਤਰੀਕੇ ਵਰਤ ਕੇ, ਬਸ ਕਨੇਡਾ, ਲੰਡਨ ਆਦਿ ਕਈ ਦੇਸਾਂ ਵਿੱਚ ਪਹੁੰਚਣਾ। ਸਮਝ ਨਹੀਂ ਆਉਂਦਾ, ਉਥੇ ਹਰ ਤਰ੍ਹਾਂ ਦੇ ਔਖੇ, ਮਾੜੇ-ਚੰਗੇ ਕੰਮ ਕਰਨ ਵਾਲੇ ਪੰਜਾਬੀਆਂ ਨੂੰ ਆਪਣੇ ਦੇਸ ਵਿੱਚ ਕੋਈ ਵੀ ਕੰਮ ਕਰਦਿਆਂ ਬੜੀ ਸ਼ਰਮ ਆਉਂਦੀ ਹੈ। ਇੱਥੇ ਇਨ੍ਹਾਂ ਦਾ ਜਾਤੀਵਾਦ ਹੀ ਸਿਰੇ ਚੜ੍ਹਿਆ ਰਹਿੰਦਾ। ਇੱਥੇ ਇਹ ਹਰ ਕੰਮ ਵਿੱਚ ਆਪਣੀਆਂ ਫੋਕੀਆਂ ਆਕੜਾਂ ਨੂੰ ਹੀ ਜਾਂਚਦੇ-ਪਰਖਦੇ ਰਹਿੰਦੇ ਹਨ, ਪਰ ਉਸ ਵੇਲੇ ਇਹ ਆਕੜ ਕਿੱਥੇ ਜਾਂਦੀ ਹੈ,ਜਦੋਂ ਸਾਰੇ ਰਿਸ਼ਤਿਆਂ ਨੂੰ ਤਾਕ ਤੇ ਰੱਖ ਕੇ ਇਹ ਲੋਕ ਬਸ ਹਰ ਹੀਲੇ ਵਿਦੇਸ਼ਾਂ ਵਿੱਚ ਪਹੁੰਚਣ ਦੀ ਕਾਹਲ ਕਰਦੇ ਹਨ, ਜਿਵੇਂ ਉਥੇ ਪੌਂਡਾਂ-ਡਾਲਰਾਂ ਦੇ ਢੇਰ ਬਸ ਸਾਡੇ ਹੀ ਲੋਕਾਂ ਨੂੰ ਹੀ ਉਡੀਕਦੇ ਹੁੰਦੇ ਹਨ। ਹਾਲਾਂਕਿ ਇਹ ਵਿਸ਼ਾ ਪੰਜਾਬੀ ਸਾਹਿਤ ਲਈ ਕੋਈ ਨਵਾਂ ਨਹੀਂ ਬਹੁਤ ਸਾਰੀਆਂ ਕਹਾਣੀਆਂ, ਨਾਵਲ, ਸਫ਼ਰਨਾਮੇ ਇਸੇ ਪ੍ਰਵਾਸੀ ਸੋਚ ਤੇ ਗੈਰ-ਕਾਨੂੰਨੀ ਤਰੀਕਿਆਂ ਤੇ ਰਿਸ਼ਤਿਆਂ ਦੇ ਘਾਣ ਨੂੰ ਪ੍ਰਗਟ ਕਰਦੇ ਹੋਏ ਲਿਖੇ ਜਾ ਚੁੱਕੇ ਹਨ।

ਜਤਿੰਦਰ ਹਾਂਸ ਵਲੋਂ ਇਸ ਵਿਸ਼ੇ ਵਿੱਚ ਨਵਾਂਪਨ ਕੀ ਲਿਆਉਂਦਾ ਗਿਆ ਹੈ, ਦੇਖਣ ਵਾਲੀ ਗੱਲ ਇਹ ਹੈ। ਇਸ ਨਾਵਲ ਦਾ ਕੇਂਦਰੀ ਵਿਸ਼ਾ ਇਹ ਪਾਸੇ ਵੱਲ ਜ਼ੋਰ ਦੇਂਦਾ ਹੈ ਕਿ ਉਥੇ ਪਹੁੰਚਣ ਵਾਲਾ ਹਮੇਸ਼ਾ ਸਫ਼ਲ ਹੀ ਹੋਏਗਾ, ਇਸ ਦੀ ਕੋਈ ਗਾਰੰਟੀ ਨਹੀਂ; ਕਿਉਂਕਿ ਪਹਿਲਾਂ ਉਥੇ ਪਹੁੰਚਣਾ ਹੀ ਮਾਇਨੇ ਰੱਖਦਾ ਹੈ। ਗੈਰ-ਕਾਨੂੰਨੀ ਤਰੀਕਿਆਂ ਦੇ ਕਿੰਨੇ ਫੰਦੇ, ਝੂਠ-ਫ਼ਰੇਬ, ਅਮਾਨਵੀ ਢੰਗ ਰਾਹ ਵਿੱਚ ਅੜਚਣ ਬਣੇ ਖਲੋਤੇ ਹੁੰਦੇ ਹਨ, ਇਸ ਦਾ ਅੰਦਾਜ਼ਾ ਕਲਪਨਾ ਰਾਹੀਂ ਵੀ ਸੰਭਵ ਨਹੀਂ ਹੋ ਸਕਦਾ। ਬਹੁਤ ਸਾਰੇ ਲੋਕ, ਨੌਜਵਾਨ ਇਨ੍ਹਾਂ ਵਿੱਚ ਹੀ ਐਨੇ ਹੰਭੇ-ਘੁਟੇ ਜਾਂਦੇ ਹਨ ਕਿ ਕਈ ਵਾਰ ਤੋੜ ਪਹੁੰਚਣ ਤੋਂ ਪਹਿਲਾਂ ਹੀ ਪਰਾਈ ਧਰਤੀ ਤੇ ਦਮ ਤੋੜ ਜਾਂਦੇ ਹਨ, ਖੱਡਾਂ ਵਿ'ਚ ਢਹਿ ਪੈਂਦੇ ਹਨ ਜਾਂ ਵਿਦੇਸ਼ਾਂ ਦੀਆਂ ਜੇਲ੍ਹਾਂ ਵਿੱਚ ਆਪਣੀ ਕਿਸਮਤ ਨੂੰ ਰੋਂਦੇ ਹਨ। ਉਦੋਂ ਉਥੇ ਸੋਚਦੇ ਹਨ ਕਿ ਬਸ, ਕਿਸੇ ਤਰ੍ਹਾਂ ਇਸ ਮਾਹੌਲ ਵਿਚੋਂ ਨਿਕਲ ਕੇ ਆਪਣੇ ਮਾਪਿਆਂ ਕੋਲ ਤੇ ਘਰ ਪਹੁੰਚ ਜਾਣ। ਨਾਵਲ ਦਾ ਵਕਤਾ ਪਾਤਰ ਇਸ ਸਾਰੀ ਹੋਣੀ ਨੂੰ ਆਪ ਇਸ ਸਾਰੇ ਰਸਤੇ ਰਾਹੀ ਭੋਗਦਾ ਹੈ ਤੇ ਧੱਕੇ ਖਾ ਕੇ, ਜੇਲਾਂ ਵਿੱਚ ਰਹਿ ਕੇ ਅਖੀਰ ਆਪਣੇ ਪਿੰਡ, ਆਪਣੇ ਘਰ ਪਰਤ ਆਉਂਦਾ ਹੈ। ਤਦੇ ਥਾਂ-ਥਾਂ ਤੇ ਉਸ ਨੂੰ ਉਹ ਸਿੱਟੇ ਸੁੱਝਦੇ ਹਨ, ਜੋ ਉਸ ਦੇ ਹੱਢੀ-ਭੋਗੇ ਯਥਾਰਥ ਵਿਚੋਂ ਨਿਕਲੇ ਹੁੰਦੇ ਹਨ। 'ਜ਼ਿੰਦਗੀ ਤੋਂ ਵੱਡੀ ਕੋਈ ਕਿਤਾਬ ਨਹੀਂ' ਹੈ ਨਾ! ਲੇਖਕ ਦੇ ਕੱਢੇ ਉਹ ਸਿੱਟੇ ਵੀ ਉਸ ਦੀ ਪਰਪੱਕ ਸੋਚ, ਗੰਭੀਰਤਾ ਤੇ ਜ਼ਿੰਦਗੀ ਨੂੰ ਖੁੱਭ ਕੇ ਦੇਖਣ ਦੀ ਪਛਾਣ ਕਰਵਾਉਂਦੇ ਹਨ।

ਨਾਵਲ ਵਿਚਲਾ ਪਾਤਰ 'ਮਨੀ', ਜੋ ਵਕਤਾ ਪਾਤਰ ਦੇ ਵੱਡੇ ਭਰਾ ਨੇਤਰ ਦੀ ਸਾਲੀ ਤੇ ਉਸ ਦੀ ਮੰਗੇਤਰ ਵੀ ਹੈ। ਕਨੇਡਾ ਜਾਣ ਲਈ ਐਨੀ ਉਤਾਵਲੀ ਕਿ, ਮੰਗੇਤਰ ਦੇ ਬਾਪੂ ਨਾਲ ਵਿਆਹ ਕਰਵਾਉਣ ਤੋਂ ਵੀ ਗੁਰੇਜ਼ ਨਹੀਂ ਕਰਦੀ। ਸਹੁਰੇ ਤੇ ਵਿਆਹੁਣ ਜੋਗੀ ਨੂੰਹ ਦਾ ਵਿਆਹ ਜਿੱਥੇ ਲੋਕਾਂ ਦੀ ਵਿਦੇਸ਼ਾਂ ਦੀ ਲਲਕ ਨੂੰ ਦਰਸਾਉਂਦਾ ਹੈ, ਉਥੇ ਇਹ ਵੀ ਖਟਕਦਾ ਹੈ ਕਿ ਨੇਤਰ ਨੇ ਆਪਣੇ ਸੱਕੇ ਭਰਾ ਤੇ ਸਾਲੀ ਨੂੰ ਵਿਆਹ ਕਰਵਾ ਕੇ ਕਿਉਂ ਨਹੀਂ ਬੁਲਾ ਲਿਆ? ਨਾਵਲ ਵਿੱਚ ਤਾਂ ਥਾਂ-ਥਾਂ ਤੇ ਉਸ ਦੀ ਸਿਆਣਪ ਦੀ ਗੱਲ ਆਉਂਦੀ ਹੈ, ਜਿਸ ਨੇ ਬਾਪੂ ਹੱਥੋਂ ਡੁਬੋਏ ਘਰ ਨੂੰ ਬਾਹਰ ਜਾ ਕੇ ਬਚਾ ਲਿਆ ਸੀ। ਬਾਪੂ, ਮਨੀ, ਨੇਤਰ ਤੇ ਹੋਰ ਬਹੁਤ ਸਾਰੇ ਪਾਤਰ ਆਪਣੀ ਸੋਚ ਮੁਤਾਬਿਕ ਚਲਦੇ ਹੋਏ, ਇਸ ਤੱਥ ਦੀ ਹੀ ਪ੍ਰੋੜ੍ਹਤਾ ਕਰਦੇ ਹਨ ਕਿ ਬੰਦੇ ਲਈ ਸਾਰੇ ਰਿਸ਼ਤੇ-ਨਾਤੇ ਬਾਅਦ ਵਿੱਚ, ਸਭ ਤੋਂ ਪਹਿਲਾਂ ਆਪਣਾ-ਆਪ ਹੀ ਸੰਵਾਰਨਾ ਚਾਹੀਦਾ ਹੈ। ਮਨੀ ਇਸ ਸੱਚਾਈ ਤੋਂ ਭਲੀ-ਭਾਂਤੀ ਵਾਕਿਫ਼ ਹੈ ਕਿ ਉਸ ਦਾ ਮੰਗੇਤਰ ਉਸ ਨੂੰ ਬੇਹੱਦ ਤੇ ਸੱਚਾ ਪਿਆਰ ਕਰਦਾ ਹੈ, ਪਰ ਇਸ ਪਿਆਰ ਦੀ ਕੋਈ ਅਹਿਮੀਅਤ ਨਹੀਂ, ਕਿਉਂਕਿ ਮੰਗੇਤਰ ਖਾਲੀ ਹੱਥ ਹੈ। ਇਸ ਕੌੜੇ ਯਥਾਰਥ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਪਰ ਉਹ ਇਸ ਵਿਆਹ ਕਰਵਾਉਣ ਨੂੰ ਹੀ ਆਪਣਾ ਧੰਦਾ ਬਣਾ ਲੈਂਦੀ ਹੈ।

ਜਤਿੰਦਰ ਨੇ ਨਾਵਲ ਨੂੰ ਕਾਫ਼ੀ ਯਥਾਰਥਕ ਰੰਗ ਰਾਹੀਂ ਹੀ ਬਿਆਨ ਕੀਤਾ ਹੈ। ਉਸ ਦੀ ਲੇਖਣੀ ਥਾਂ-ਥਾਂ ਪਾਠਕ ਨੂੰ ਟੁੰਬਦੀ ਹੈ। ਨਾਵਲ ਵਿੱਚ ਇਕ ਥਾਂ ਤੇ ਉਹ ਲਿਖਦਾ ਹੈ ਕਿ, 'ਹੁਣ ਪਿੰਡ ਦੁੱਧ ਤੋਂ ਵੀ ਖਾਲੀ ਹੁੰਦੇ ਜਾਂਦੇ ਹਨ।' 'ਦੁੱਧ-ਪੁੱਤ' ਪੰਜਾਬੀਅਤ ਦੀ ਬਰਕਤ ਦਾ ਬਹੁਤ ਵੱਡਾ ਪ੍ਰਤੀਕ ਹੈ, ਅਨਜਾਣੇ ਹੀ ਲੇਖਕ ਇਸ ਲੋਕ-ਪਰੰਪਰਾ ਵੱਲ ਇਸ਼ਾਰਾ ਕਰ ਜਾਂਦਾ ਹੈ, ਜੋ ਪੰਜਾਬ ਦੀ ਹੋਣੀ ਦਰਸਾ ਜਾਂਦਾ ਹੈ। ਮਨੀ ਦਾ ਵਿਆਹ ਤੋਂ ਪਹਿਲਾਂ ਹੀ ਆਪਣੇ ਸਹੁਰੇ ਘਰ ਰਹਿਣਾ ਪੰਜਾਬੀਅਤ ਤੇ ਵਿਰਾਸਤ ਨਾਲ ਮੇਲ ਤਾਂ ਨਹੀਂ ਖਾਂਦਾ, ਪਰ ਸਹੁਰੇ ਤੇ ਨੂੰਹ ਦਾ ਵਿਆਹ ਹੀ ਕਿੱਥੇ ਮੇਲ ਖਾਂਦਾ ਹੈ। ਪਰ ਤੂੰ ਇਹ ਸਭ ਕੁਝ ਹੀ ਹੁਣ ਵਾਪਰਦਾ ਜਾ ਰਿਹਾ ਹੈ। ਨਾਵਲ ਅਜਿਹੇ ਕਈ ਪ੍ਰਸ਼ਨ ਚੁੱਕਦਾ ਹੈ ਜੋ ਹੁਣ ਸਾਡੀਆਂ ਬਰੂਹਾਂ ਤੇ ਆਣ ਖਲੋਤੇ ਹਨ, ਜਦੋਂ ਸਾਨੂੰ ਸੋਚਣਾ ਪੈਣਾ ਹੈ ਕਿ ਅਸੀਂ ਆਪਣੀ ਵਿਰਾਸਤ ਨੂੰ ਸੰਭਾਲ ਕੇ ਰੱਖਣ ਯੋਗ ਰਹੇ ਵੀ ਹਾਂ ਕਿ ਨਹੀਂ।

ਨਾਵਲ ਦੀ ਖਾਸੀਅਤ ਇਹ ਹੈ ਕਿ ਇਹ ਆਪਣੇ ਨਾਲ ਤੋਰੀ ਰੱਖਦਾ ਹੈ। ਇਹ ਇਕੋ ਹੀ ਸਮੇਂ ਵਿੱਚ ਪੰਜਾਬ ਦੀਆਂ ਕਈ ਸਮਸਿਆਵਾਂ ਵੱਲ ਇਸ਼ਾਰੇ ਕਰਦਾ ਜਾਂਦਾ ਹੈ। ਲੋਭੀ ਡਾਕਟਰ, ਸੁੱਖਾ..ਪੰਜਾਬੀ ਗਾਇਕ, ਹਰ ਵੇਲੇ ਹੱਸਣ, ਮਸਖਰੀਆਂ ਕਰਨ ਵਾਲਾ, ਆਪਣੀ ਵਿਧਵਾ ਭਾਬੀ ਤੇ ਭਤੀਜੇ ਦਾ ਸਹਾਰਾ ਬਣਨਾ ਲੋਚਦਾ ਹੈ। ਮਨਜੀਤ ਤੇ ਵਕਤਾ ਪਾਤਰ, ਸਿੱਧੇ-ਸਾਦੇ ਨੌਜਵਾਨ, ਜੋ ਆਪਣੇ ਘਰ-ਬਾਰ ਦਾ ਜੀਵਨ-ਪੱਧਰ ਸੰਵਾਰਨ ਬਾਰੇ ਸੋਚਦੇ ਹਨ। ਇਹ ਸਾਰੇ ਪਾਤਰ ਆਪਣੀ-ਆਪਣੀ ਸੋਚ ਦੀ ਪ੍ਰਤਿਨਿਧੱਤਾ ਕਰਦੇ ਹਨ। ਅਸਫ਼ਲਤਾ, ਥੱਕਣ-ਟੁੱਟਣ ਤੇ ਬੈਰੰਗ ਘਰ ਵਾਪਸੀ ਦੇ ਬਾਵਜੂਦ ਨਾਵਲ ਨਾਕਾਮਯਾਬੀ ਤੇ ਰੁਦਨ ਦੀ ਥਾਂਵੇਂ ਮੁੜ ਕੇ ਜੀਉਣ ਤੇ ਫੁੱਲਾਂ ਨੂੰ ਖਿੜਾ ਕੇ ਜੀਵਨ ਦੇ ਨਿਰੰਤਰ ਚਲਦੇ ਰਹਿਣ ਨਾਲ ਖੱਤਮ ਹੁੰਦਾ ਹੈ। ਪਰ ਨਾਵਲ ਦਾ ਸਿਰਲੇਖ, 'ਬਸ ਅਜੇ ਏਨਾ ਹੀ' ਤੋਂ ਝਾਉਲਾ ਇਹ ਪੈਂਦਾ ਹੈ ਕਿ, ਅਜੇ ਇਸ ਤੋਂ ਅੱਗੋਂ ਵੀ ਬਹੁਤ ਕੁਝ ਕਹਿਣ-ਦੱਸਣ ਦੀ ਸੰਭਾਵਨਾ ਬਾਕੀ ਹੈ, ਪਤਾ ਨਹੀਂ, ਦੇਖਦੇ ਹਾਂ.., ਹੁਣ ਜਤਿੰਦਰ ਵਲੋਂ ਕੋਈ ਨਵਾਂ ਨਾਵਲ ਜਲਦੀ ਆਉਂਦਾ ਹੈ ਕਿ ਇਸੇ ਦਾ ਹੀ ਅੱਗਲਾ ਵਿਸਤਾਰ।

# ਪੰਜਾਬੀ ਬੰਦੇ ਦੇ ਅੰਦਰ-ਬਾਹਰ ਗੂੰਜਦੀਆਂ 'ਆਵਾਜ਼ਾਂ' ਦੀ ਦਾਸਤਾਨ

**ਡਾ. ਗੁਰਪਾਲ ਸਿੰਘ ਸੰਧੂ**

'ਆਵਾਜ਼ਾਂ' ਕਹਾਣੀਕਾਰ ਜਿੰਦਰ ਦਾ ਨਵਾਂ ਕਹਾਣੀ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸਦੇ ਪੰਜ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ; ਪਰ, ਇਸ ਸੰਗ੍ਰਹਿ ਦੀਆਂ ਕਹਾਣੀਆਂ ਪਹਿਲੀਆਂ ਕਹਾਣੀਆਂ ਨਾਲੋਂ ਜੇਕਰ ਬਿਰਤਾਂਤਕ ਵਿਉਂਤ ਦੇ ਨਜ਼ਰੀਏ ਤੋਂ ਨਹੀਂ ਤਾਂ ਕਥਾਗਤ ਮਸਲਿਆਂ ਦੇ ਪੱਖ ਤੋਂ ਜ਼ਰੂਰ ਫ਼ਰਕ ਸਿਰਜਣ ਦੀ ਕੋਸ਼ਿਸ਼ ਕਰਦੀਆਂ ਹਨ। ਕਿਤਾਬ ਦਾ ਸਿਰਲੇਖ 'ਆਵਾਜ਼ਾਂ' ਇਸ ਗੱਲ ਦਾ ਸੰਕੇਤ ਕਰਦਾ ਹੈ ਕਿ ਇਸ ਦੀਆਂ ਕਹਾਣੀਆਂ ਵਿਚ ਪੰਜਾਬੀ ਬੰਦੇ ਦੇ ਮਨ ਦੇ ਅੰਦਰ ਅਤੇ ਪੰਜਾਬੀ ਮੁਆਸ਼ਰੇ ਦੇ ਅੱਡ ਅੱਡ ਖੇਤਰਾਂ ਵਿਚ ਗੂੰਜਦੀਆਂ 'ਆਵਾਜ਼ਾਂ' ਦੀ ਤਫ਼ਤੀਸ਼ ਕਰਨ ਦੇ ਨਾਲ-ਨਾਲ ਉਹਨਾਂ ਦੇ ਭਿੰਨ ਭਿੰਨ ਸੰਦਰਭਾਂ ਦੀ ਬਿਰਤਾਂਤਕ ਪੇਸ਼ਕਾਰੀ ਵੀ ਕੀਤੀ ਜਾਵੇਗੀ। ਇਹ ਕਹਾਣੀਆਂ ਇਹਨਾਂ ਦੋਹਾਂ ਪਾਸਾਰਾਂ ਵੱਲ ਅਗਰਸਰ ਹੁੰਦੀਆਂ ਹੋਈਆਂ, ਅਜਿਹੇ ਯਥਾਰਥ ਦੀ ਪੇਸ਼ਕਾਰੀ ਕਰਦੀਆਂ ਹਨ, ਜੋ ਇਕੋ ਸਮੇਂ ਪੰਜਾਬੀ ਬੰਦੇ ਦੇ ਮਨ ਵਿਚ ਵੀ ਘਰ ਕਰੀ ਬੈਠਾ ਅਤੇ ਉਸਦੇ ਚੁਫ਼ੇਰੇ ਪਸਰੇ ਮੁਆਸ਼ਰੇ ਨੂੰ ਵੀ ਨਵੀਂ ਰੂਪ-ਵਿਧੀ ਪ੍ਰਦਾਨ ਕਰ ਰਿਹਾ ਹੈ।

ਨਿਰਸੰਦੇਹ, ਪੰਜਾਬੀ ਰਹਿਤਲ ਦੇ ਸਮਕਾਲ ਦੇ ਯਥਾਰਥ ਦੀ ਤਹਿ ਵਿਚ ਅਜਿਹਾ 'ਖ਼ੌਫ਼' ਬਿਰਾਜਮਾਨ ਹੈ, ਜੋ ਇਕ ਪਾਸੇ ਤਾਂ ਅਤੀਤ ਦੀਆਂ 'ਸਮੂਹਵਾਦੀ ਯਾਦਾਂ ਦੇ 'ਜ਼ਖ਼ੀਰੇ' ਦਾ ਹਿੱਸਾ ਹੈ ਅਤੇ ਦੂਜੇ ਪਾਸੇ ਵਰਤਮਾਨ ਦੇ 'ਵਿਅਕਤੀਗਤ ਮਸਲਿਆਂ' ਦਾ ਕੇਂਦਰ ਹੈ। ਇਹ ਖ਼ੌਫ਼ ਜੋ ਕਦੇ ਸਮਾਜਿਕ ਜਾਂ ਸਮੂਹਿਕ ਹੁੰਦਾ ਹੋਇਆ, ਸਾਡੇ ਵਿਅਕਤੀਪਰਕ ਸਪੇਸ ਵਿਚ ਵਕਤਨ-ਬ-ਵਕਤਨ ਦਾਖ਼ਲਾ ਹੁੰਦਾ ਸੀ, ਹੁਣ ਇਸ ਦਾ ਮਾਲਕ ਬਣ ਬੈਠਾ ਹੈ। ਇਸੇ ਕਰਕੇ ਹੁਣ ਅਸੀਂ ਸਮਾਜਿਕ ਜਾਂ ਸਮੂਹਿਕ ਵਿਵਹਾਰ ਤੋਂ ਇਤਨੇ ਖ਼ੌਫ਼ਜ਼ਦਾ ਨਹੀਂ ਹਾਂ, ਜਿੰਨੇ ਵਿਅਕਤੀਗਤ ਅਤੇ ਨਿੱਜਵਾਦੀ ਮਸਲਿਆਂ ਤੋਂ ਹਾਂ। ਇਸ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਦੀ ਵਿਸ਼ੇਸ਼ਤਾ ਹੀ ਇਹ ਹੈ ਕਿ ਇਸ ਵਿਚਲੀਆਂ ਕਹਾਣੀਆਂ ਜਾਂ ਤਾਂ ਸਾਡੇ 'ਖ਼ੌਫ਼ਮਈ ਅਤੀਤ' ਦੇ ਸਮੂਹਵਾਦੀ ਸੰਤਾਪ ਦੇ ਸਮਕਾਲੀਨ ਮੰਜ਼ਰਾਂ ਦੀ ਪੇਸ਼ਕਾਰੀ ਕਰਦੀਆਂ ਹਨ ਜਾਂ ਫਿਰ ਸਾਡੇ ਮੁਆਸ਼ਰੇ ਵਿਚ ਨਵੇਂ ਜੰਮੇ ਵਿਅਕਤੀਪਰਕ ਸੰਕਟਾਂ ਅਤੇ ਦਬਾਵਾਂ ਦੇ ਡਰ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕਰਦੀਆਂ ਹਨ।

ਜ਼ਾਹਿਰ ਹੈ ਕਿ ਇਹ ਹੀ ਉਹ 'ਆਵਾਜ਼ਾਂ' ਹਨ, ਜਿਨ੍ਹਾਂ ਦੇ ਸਾਕਾਰ ਦ੍ਰਿਸ਼ਾਂ ਨੂੰ ਦਰਿਆਫ਼ਤ ਕਰਨਾ ਇਹਨਾਂ ਕਹਾਣੀਆਂ ਦਾ ਮਸਲਾ ਹੈ। ਇਹ ਮਸਲਾ ਪੰਜਾਬੀ ਕਹਾਣੀ ਦੇ ਹਵਾਲੇ ਨਾਲ ਹੋਰ ਵੀ ਅਹਿਮ ਬਣ ਜਾਂਦਾ ਹੈ। ਅਸਲ ਵਿਚ ਪੰਜਾਬੀ ਕਹਾਣੀ ਦੀ ਰਵਾਇਤ ਇਸ ਮੁਆਸ਼ਰੇ ਦੀ 'ਇਕਹਿਰੀ' ਆਵਾਜ਼ ਦੀ ਤਫ਼ਤੀਸ਼ ਅਤੇ ਤਖ਼ਲੀਕ ਕਰਨ ਦੀ ਹੀ ਰਹੀ ਹੈ। ਭਾਵੇਂ ਕੋਈ ਕਹਾਣੀ ਸੰਗ੍ਰਹਿ ਪ੍ਰਗਤੀਵਾਦੀ ਸਿਰਜਣਧਾਰਾ ਨਾਲ ਜੁੜਿਆ ਹੋਵੇ, ਸਮਾਜਵਾਦੀ ਯਥਾਰਥਵਾਦੀ ਧਾਰਾ ਨਾਲ ਜਾਂ ਫਿਰ ਔਰਤ ਮੁਖੀ ਪਹਿਚਾਣ ਜਾਂ ਮਹਾਂਨਗਰੀ ਸੰਵੇਦਨਾ ਨਾਲ ਰਿਸ਼ਤਾ ਜੋੜ ਕੇ ਬਿਰਤਾਂਤ ਰਚ ਰਿਹਾ ਹੋਵੇ, ਉਹ ਸੰਬੰਧਤ ਧਾਰਾ ਨਾਲ ਜੁੜੀ ਹੋਈ 'ਇਕਹਰੀ ਆਵਾਜ਼' ਦਾ 'ਇਕਤਰਫ਼ਾ ਮੰਜ਼ਰ' ਸਿਰਜਣ ਦੀ ਹੀ ਕੋਸ਼ਿਸ਼ ਕਰਦਾ ਰਿਹਾ ਹੈ। ਇਸ ਦੇ ਉਲਟ, ਇਸ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਇਕੋ ਵੇਲੇ 'ਸਮੂਹਿਕ ਯਾਦਾਂ' ਦੇ ਵੀ ਰੂ-ਬ-ਰੂ ਹਨ ਅਤੇ ਪਰਵਾਸ ਤੇ ਜੜ੍ਹਾਂ ਦੇ ਵੀ । ਇਹ ਸਮਕਾਲੀ ਕਾਰਪੋਰੇਟ ਸਭਿਆਚਾਰ ਦੇ ਅਸਰਾਂ ਨਾਲ ਵੀ ਜੁੜਦੀਆਂ



ਹਨ ਅਤੇ ਵਿਅਕਤੀਪਰਕ ਕਾਮਨਾਵਾਂ ਦੇ ਨਿੱਜਵਾਦੀ ਅਮਲਾਂ ਨਾਲ ਵੀ । ਪਰ, ਇਹਨਾਂ ਕਹਾਣੀਆਂ ਦੇ ਕਥਾ-ਸੰਦਰਭ ਅਤੇ ਬਿਰਤਾਂਤਕ ਪਾਸਾਰਾਂ ਵਿਚ ਕਿਸ ਥਾਂ ਉਤੇ ਵੀ 'ਇਕਹਿਰੀ ਆਵਾਜ਼' ਦੀ ਸਿਰਜਣਾ ਕਰਨ ਦੀ ਅਕਾਂਖਿਆ ਮੌਜੂਦ ਨਹੀਂ ਹੈ। ਸਗੋਂ ਇਹ ਤਾਂ ਸਮਕਾਲੀ ਮੁਆਸ਼ਰੇ ਵਿਚ ਪਸਰੀਆਂ ਹੋਈਆਂ ਵੰਨ-ਸਵੰਨੀਆਂ 'ਆਵਾਜ਼ਾਂ' ਦੇ ਵਿਕੋਲਿਤਰੇ ਦ੍ਰਿਸ਼ਾਂ ਨੂੰ ਰਚਨ ਦੀ ਜਸਤਜੂ ਸਰਗਰਮ ਹੈ।

ਅਸਲ ਵਿਚ ਸਮਕਾਲੀ ਪੰਜਾਬੀ-ਬਿਰਤਾਂਤ ਲਈ ਮੁੱਖ ਚਣੌਤੀ ਦੇਸ਼-ਕੌਮ, ਸਿਆਸੀ-ਭੂਗੋਲ, ਸਮਾਂ, ਸ੍ਵੈ ਅਤੇ ਮਨ ਦੇ ਬੰਧਨਾਂ ਦੇ ਆਰ-ਪਾਰ ਫੈਲੇ ਕਥਾ-ਸੰਦਰਭ ਖ਼ਿਆਲ ਅਤੇ ਜਾਵੀਏ ਪੇਸ਼ ਕਰਨਾ ਹੈ। ਇਸ ਸਥਿਤੀ ਵਿਚ ਪਹਿਲਾ ਮਸਲਾ, ਦੇਸ਼-ਕੌਮ, ਸਿਆਸੀ-ਭੂਗੋਲ ਅਤੇ ਕਾਲ ਦੇ ਦਾਇਰਿਆਂ ਤੋਂ ਆਰ-ਪਾਰ ਜਾਣ ਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਿਛਲੀ ਪੌਣੀ ਸਦੀ ਤੋਂ ਸਾਡਾ ਬਿਰਤਾਂਤ ਇਹਨਾਂ ਤਿੰਨਾਂ ਕੋਟੀਆਂ ਨੂੰ ਭਿੰਨ੍ਹ-ਭਿੰਨ੍ਹ ਕੋਨਾਂ ਤੋਂ ਪੇਸ਼ ਕਰਦਾ ਆ ਰਿਹਾ ਹੈ; ਮਸਲਨ ਦੇਸ-ਕੌਮ ਦੇ ਸੰਦਰਭ ਵਿਚ ਅਸੀਂ ਦੇਸ਼ ਵੰਡ ਤੇ ਵਾਸ-ਪਰਵਾਸ ਦੇ ਮਸਲਿਆਂ ਨੂੰ ਆਪਣੀ ਮਖ਼ਸੂਸ ਸਬਜੈਕਟ ਪੋਜੀਸ਼ਨ ਤੋਂ ਬਿਆਨ ਕਰਦੇ ਰਹੇ ਹਾਂ। ਇਸੇ ਤਰ੍ਹਾਂ ਸਾਡਾ ਬਿਰਤਾਂਤ ਆਪਣੇ ਸਬਜੈਕਟ ਦੇ ਸ੍ਵੈ ਦੇ ਵਿਚਾਰ-ਮੰਡਲਾਂ ਅਤੇ ਮਨ ਦੇ ਭਾਵ-ਮੰਡਲਾਂ ਨੂੰ ਖ਼ਾਸ ਵਿਚਾਰਧਾਰਾ ਜਾਂ ਵ੍ਰਿਤੀਆਤਮਕਤਾ ਨਾਲ ਪਰਿਭਾਸ਼ਤ ਕਰਕੇ ਵੀ ਬਿਰਤਾਂਤ-ਬੱਧ ਕਰਦਾ ਰਿਹਾ ਹੈ। ਇਸੇ ਨਜ਼ਰੀਏ ਤੋਂ ਹੀ ਅਸੀਂ ਸਮਾਜਿਕ ਯਥਾਰਥ ਅਤੇ ਮੁਆਸ਼ਰਤੀ ਹਕੀਕਤਾਂ ਨੂੰ ਬਿਰਤਾਂਤਕਾਰੀ ਦਾ ਹਿੱਸਾ ਬਣਾਉਂਦੇ ਰਹੇ ਹਾਂ। ਇਸ ਸਾਰੀ ਬਿਰਤਾਂਤਕ ਪੇਸ਼ਕਾਰੀ ਦੀ ਮੂਲ ਵਿਸ਼ੇਸ਼ਤਾ ਇਹ ਹੈ ਕਿ ਇਹ ਦੇਸ਼-ਕੌਮ, ਸਿਆਸੀ-ਭੂਗੋਲ, ਸਮਾਂ, ਸ੍ਵੈ ਅਤੇ ਮਨ ਨੂੰ ਨਿਸ਼ਚਤ ਸੀਮਾ-ਰੇਖਾ ਵਿਚ ਬੰਨ੍ਹ ਕੇ ਪੇਸ਼ ਕਰਦੀ ਹੈ, ਇਹ ਇਹਨਾਂ ਵਿਚਲੇ ਦਵੰਦਾਂ ਅਤੇ ਤਣਾਵਾਂ ਦੀ 'ਅੰਤਰ-ਖੇਡ' ਜਾਂ 'ਅੰਤਰ-ਕਿਰਿਆ' ਵਿਚ ਅਗਰਸਰ 'ਇੰਟਰ-ਸ਼ੈਕਸ਼ਨਸ' ਦੇ ਰੂ-ਬ-ਰੂ ਹੋਣ ਦੀ ਕੋਸ਼ਿਸ਼ ਨਹੀਂ ਕਰ ਸਕੀ । ਇਸ ਕਰਕੇ ਇਹ 'ਇਕਹਿਰੀ ਆਵਾਜ਼' ਦਾ ਚਿਤਰਣ ਤਾਂ ਕਰਦੀ ਹੈ ਪਰ ਉਸ ਅੰਦਰ ਚਲਦੀਆਂ 'ਵੰਨ ਸਵੰਨੀਆਂ ਆਵਾਜ਼ਾਂ' ਦੀ ਤਫ਼ਤੀਸ਼ ਅਤੇ ਤਖ਼ਲੀਕ ਕਰਨ ਦੇ ਰਾਹੇ ਨਹੀਂ ਤੁਰ ਸਕੀ ।

'ਆਵਾਜ਼ਾਂ' ਕਹਾਣੀ ਸੰਗ੍ਰਹਿ ਵਿਚ ਸ਼ਾਮਲ ਦਸ ਕਹਾਣੀਆਂ ਪੰਜਾਬੀ ਬਿਰਤਾਂਤ ਦੇ ਦਰਪੇਸ਼ ਇਸੇ ਚਣੌਤੀ ਦੇ ਰੂ-ਬ-ਰੂ ਹੁੰਦੀਆਂ ਹਨ। ਇਹਨਾਂ ਕਹਾਣੀਆਂ ਵਿਚ ਪੇਸ਼ ਕੀਤਾ ਜਾ ਰਿਹਾ ਬਿਰਤਾਂਤਕ ਸਬਜੈਕਟ ਇਕ ਪਾਸੇ ਤਾਂ ਦੇਸ਼-ਕੌਮ, ਸਿਆਸੀ-ਭੂਗੋਲ, ਸਮਾਂ, ਸ੍ਵੈ ਅਤੇ ਮਨ ਦੀਆਂ ਪਰਿਭਾਸ਼ਾਵਾਂ ਤੋਂ ਕੋਫ਼ਤ ਮਹਿਸੂਸ ਕਰ ਰਿਹਾ ਹੈ ਅਤੇ ਦੂਜੇ ਪਾਸੇ ਉਹ ਇਹਨਾਂ ਤੋਂ ਪਾਰ ਜਾਣ ਦੀ ਜੁਸਤਜੂ ਦਾ ਰਾਹਗੀਰ ਹੈ। ਇਸ ਸਬਜੈਕਟ ਲਈ ਪਹਿਲਾ ਮਸਲਾ ਦੇਸ਼-ਕੌਮ, ਸਿਆਸੀ ਭੂਗੋਲ ਅਤੇ ਸਮੇਂ ਦਾ ਹੈ। ਇਸ ਸੰਗ੍ਰਹਿ ਦੀਆਂ ਚਾਰ ਕਹਾਣੀਆਂ ਜਿਵੇਂ 'ਦਰਦ', 'ਹਵੇਲੀ', 'ਜਿੱਤ' ਅਤੇ 'ਤਹਿਜ਼ੀਬ' ਇਹਨਾਂ ਤਿੰਨੇ ਰਚਨਾਤਮਕ ਕੋਟੀਆਂ ਨੂੰ ਵੱਖਰੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕਰਦੀਆਂ ਹਨ। ਇਸੇ ਕਰਕੇ 'ਦਰਦ' ਅਤੇ 'ਹਵੇਲੀ' ਦੋਵਾਂ ਕਹਾਣੀਆਂ ਦਾ ਮੁੱਖ ਸੰਦਰਭ 'ਦੇਸ਼-ਵੰਡ' ਨੂੰ ਬਿਆਨ ਕਰਨਾ ਨਹੀਂ ਸਗੋਂ ਇਸ ਭੂਤ-ਕਾਲੀਨ ਘਟਨਾ ਨੂੰ ਵਰਤਮਾਨ ਤੱਕ ਪਾਸਾਰਨਾ ਹੈ। ਇਸ ਤਰ੍ਹਾਂ ਇਸ ਸਿਲਸਿਲੇ ਨੂੰ ਅਸੀਂ ਵਰਤਮਾਨ ਨੂੰ ਅਤੀਤ ਤੱਕ ਲੈ ਜਾਣ ਦਾ ਕਾਰਜ ਵੀ ਕਹਿ ਸਕਦੇ ਹਾਂ। ਵਿਚਾਰਨ ਯੋਗ ਗੱਲ ਤਾਂ ਇਹ ਹੈ ਕਿ ਇਸ ਪ੍ਰਕਿਰਿਆ ਵਿਚ ਦੇਸ਼-ਕੌਮ, ਸਿਆਸੀ-ਭੂਗੋਲ ਅਤੇ ਸਮਾਂ ਆਪਣੇ ਆਪ ਨੂੰ ਸੀਮਾਵਾਂ ਵਿਚ ਨਹੀਂ ਬੰਨ੍ਹਦੇ ਸਗੋਂ ਸੀਮਾਵਾਂ ਦੇ ਆਰ-ਪਾਰ ਫੈਲਾਉਂਦੇ ਹਨ ;

" ਇਹ ਕਿਹੜੀ ਨਵੀਂ ਗੱਲ ਆ । ਤੁਸੀਂ ਆਪ ਦੱਸਿਆ ਸੀ ਕਿ ਪੰਮੇ ਦੀ ਮੌਤ ਮਗਰੋਂ ਤੁਸੀਂ ਗੁੱਸੇ 'ਚ ਅਨੇਕਾਂ ਪਾਕਿਸਤਾਨੀ ਮਾਰੇ ਸੀ ।"

" ... ਪਰ ਜਮੀਲ ਉਨ੍ਹਾਂ 'ਚੋਂ ਨਹੀਂ ਸੀ ।"

" ਫੇਰ ਉਹ ਕੌਣ ਸੀ ?"

" ਉਹ ਮੇਰਾ ਯਾਰ ਸੀ ... ਛੋਟਾ ਭਰਾ ਸੀ ... ਦੁਸ਼ਮਣ ਸੀ .... ਹੋਰ ਪਤਾ ਨ੍ਹੀ ਕੀ ਕੀ ਸੀ ....।"

(ਜਿੰਦਰ, ਆਵਾਜ਼ਾਂ, ਪੰਨਾ 11)

"ਇਸੇ ਤਰ੍ਹਾਂ ਹੀ; ਲਲਾਰੀਆਂ ਦੀ ਦੁਕਾਨ ਦੀ ਪਛਾੜੀ ਇਕ ਮੰਦਰ ਹੁੰਦਾ ਸੀ । ਅੱਜ ਕੱਲ੍ਹ ਵੀ ਹੋਣਾ ਏ ?"

" ਹਾਂ ਜੀ, ਹੈ"

" ਉਸੇ ਮੰਦਰ 'ਚ ਮੰਗਲਵਾਰ ਵਾਲੇ ਦਿਨ ਉਹ ਮੱਥਾ ਟੇਕਣ ਆਉਂਦੀ ਸੀ ... ਮੈਂ ਪਿਛਾੜੀ ਪੈਂਦੇ ਕੋਠੇ 'ਤੇ ਚੜ੍ਹ ਕੇ ਰੋਸ਼ਨਦਾਨ ਥਾਣੀ ਉਹਨੂੰ ਵੇਖਦਾ ...। "

"ਫੇਰ ਉਹਨੂੰ ਕਿਸੇ ਮਾਰ ਸੁੱਟਿਆ ... ਮੈਂ ਪਿਛਲੇ ਵੀਹ ਸਾਲਾਂ ਤੋਂ ਸੌਣ ਲੱਗਿਆਂ ਉਹਨੂੰ ਯਾਦ ਕਰਦਾਂ ... ਬਈ ਉਹ ਮੇਰੇ ਸੁਪਨੇ 'ਚ ਆਏ ... ਉਸੇ ਰੂਪ 'ਚ ਜਿਹਨੂੰ ਮੈਂ ਮੰਦਰ 'ਚ ਦੇਖਦਾ ਹੁੰਦਾ ਸਾਂ "..........

ਮੈਂ ਹੋਟਲ ਵੱਲ ਜਾਂਦਾ ਹੋਇਆ ਸੋਚ ਰਿਹਾ ਸਾਂ ਕਿ ਜਿਹੜੀਆਂ ਆਵਾਜ਼ਾਂ ਮੇਰੇ ਮਾਂ-ਪਿਉ ਨੇ ਉਸ ਹਵੇਲੀ 'ਚ ਸਿਖਰ ਦੁਪਹਿਰੇ ਸੁਣੀਆਂ ਸਨ, ਕੀ ਉਹ ਆਵਾਜ਼ਾ ਕਮਲੇਸ਼ੋ ਦੀਆਂ ਤਾਂ ਨਹੀਂ ਸਨ।

(ਜਿੰਦਰ, ਆਵਾਜ਼ਾਂ, ਪੰਨਾ 29)

ਇਹ ਕਹਾਣੀਆਂ ਉਪਰੋਕਤ ਸਿਲਸਿਲੇ ਦੇ ਇਕ ਪੱਖ ਨੂੰ ਬਿਆਨ ਨਹੀਂ ਕਰਦੀਆਂ ਹਨ। ਹੁਣ ਮਸਲਾ ਤਾਂ ਇਹ ਹੈ ਕਿ ਆਜ਼ਾਦੀ ਜਾਂ ਦੇਸ਼-ਵੰਡ ਦੇ ਵੇਲੇ ਵੰਡੀ ਗਈ ਜਾਂ ਤਿੜਕੀ ਹੋਈ ਪੰਜਾਬੀ ਪਛਾਣ ਨੂੰ ਅਸੀਂ ਸਮਕਾਲ ਜਾਂ ਇਸਦੇ ਭਵਿੱਖਾਰਥੀ ਸੰਦਰਭਾਂ ਵਿਚ ਕਿਸ ਤਰ੍ਹਾਂ ਗ੍ਰਹਿਣ ਅਤੇ ਪਰਿਭਾਸ਼ਿਤ ਕਰਾਂਗੇ। ਕੀ ਇਸਦਾ ਸਮਕਾਲੀ ਦ੍ਰਿਸ਼ ਸਾਡੇ ਲਈ ਅਤੀਤ ਦੀ ਯਾਦ ਦੇ ਕਰੂਰ ਚੌਖਟੇ ਦਾ ਹੀ ਪੁਨਰ-ਸਿਰਜਣ ਕਰੇਗਾ ਜਾਂ ਅਸੀਂ ਇਸ ਵਿਚੋਂ ਹੁਲਾਸਮਈ ਯਾਦਾਂ ਦੀ ਤਲਾਸ਼ ਕਰਕੇ, ਉਸ ਨੂੰ ਪੁਨਰ -ਰਚਣ ਦੀ ਵੀ ਕੋਸ਼ਿਸ਼ ਕਰਾਂਗੇ । ਜਿੰਦਰ ਦੀਆਂ ਇਹ ਕਹਾਣੀਆਂ ਦੂਜੇ ਪੱਖ ਨੂੰ ਉਭਾਰ ਰਹੀਆਂ ਹਨ। ਇਸੇ ਵਾਸਤੇ ਇਥੇ ਦੇਸ਼-ਕੌਮ, ਸਿਆਸੀ-ਭੂਗੋਲ, ਸਮਾਂ ਅਤੇ ਸਵੈ ਨੂੰ ਆਪਣਾ ਨਵਾਂ ਸੰਦਰਭ ਰਚਦੇ ਵੇਖਿਆ ਜਾ ਸਕਦਾ ਹੈ।

ਇਸ ਨਵੇਂ ਸੰਦਰਭ ਦਾ ਹੀ ਅਗਲਾ ਪੱਖ 'ਜਿੱਤ' ਅਤੇ 'ਤਹਿਜ਼ੀਬ' ਨਾਮੀ ਕਹਾਣੀਆਂ ਦਾ ਮੁੱਖ ਪਾਸਾਰ ਬਣਦਾ ਹੈ। ਇਹ ਦੋਵੇਂ ਕਹਾਣੀਆਂ ਨਵੇਂ ਵਿਸ਼ਵੀਕ੍ਰਿਤ ਮੁਆਸ਼ਰੇ ਦੇ ਦੋ ਪੱਖਾਂ ਨੂੰ ਪੇਸ਼ ਕਰਦੀਆਂ ਹਨ; ਪਹਿਲਾ ਪੱਖ ਅਮਰੀਕਾ ਦੇ ਅੰਤਰ-ਰਾਸ਼ਟਰੀ ਦਮਨ ਦੇ ਕਾਰਜ ਦਾ ਹੈ ਅਤੇ ਦੂਜਾ ਪਰਵਾਸ ਅਤੇ ਜੜ੍ਹਾਂ ਦੇ ਅੰਤਰ-ਸੰਬੰਧ ਦਾ । ਦਿਲਚਸਪ ਗੱਲ ਤਾਂ ਇਹ ਹੈ ਕਿ ਦੋਹਾਂ ਹੀ ਹਾਲਤਾਂ ਵਿਚ ਦੇਸ਼-ਕੌਮ, ਕੌਮੀਅਤ ਅਤੇ ਸ੍ਵੈ ਦੇ ਰਵਾਇਤੀ ਅਸੂਲ ਅਤੇ ਮੰਜਰ ਬਦਲਦੇ ਦਿਖਾਈ ਦਿੰਦੇ ਹਨ;

ਹੈਰੀ, ਮੈਂ ਤੈਨੂੰ ਕਿੰਨੀ ਵਾਰ ਕਹਿ ਚੁੱਕੀ ਆਂ ਕਿ ਪਹਿਲਾਂ ਆਪਣੇ ਅੰਦਰ ਇੰਡੀਅਨ ਨੂੰ ਮਾਰ । ਤੂੰ ਇਸ ਗੱਲ ਨੂੰ ਕਿਉਂ ਭੁੱਲ ਜਾਨਾਂ ਕਿ ਤੂੰ ਹੁਣ ਅਮਰੀਕਨ ਆਰਮੀ ਦਾ ਅਹਿਮ



ਸੋਲਜਰ ਆਂ । ... ਤੂੰ ਸਿਰਫ਼ ਜਿੱਤ ਬਾਰੇ ਸੋਚ ।" ਹੁਣ ਸੁਆਲ ਜਿੱਤ ਤੇ ਹਾਰ ਦਾ ਖੜ੍ਹਾ ਹੋ ਗਿਆ ਸੀ । ਕਿਸਦੀ ਹਾਰ ਹੋਈ ਸੀ । .....................

ਸਾਰਿਆਂ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ ।

ਉੱਥੇ ਬੰਬ ਨਹੀਂ ਸੀ । ਉਹ ਤਾਂ ਉਸਦਾ ਬੁਖ਼ਾਰ ਨਾਲ ਪੀੜਤ ਪੁੱਤ ਸੀ ।

(ਜਿੰਦਰ, ਆਵਾਜ਼ਾਂ, ਪੰਨਾ 43-49)

ਮੈਂ ਬਦਲੀ ਆਂ । ਅਮਰੀਕਾ 'ਚ ਕੰਮ ਕਰਦਿਆਂ ਹੋਇਆਂ ਮੈਨੂੰ ਉਥੋਂ ਦੇ ਅਨੁਸਾਰ ਜਿਉਣਾ ਪੈਂਦਾ ਆ । ਘਰ ਆ ਕੇ ਮੈਂ ਇੰਡੀਅਨ ਬਣ ਜਾਂਦੀ ਆਂ । ਇੰਡੀਆ 'ਚ ਆ ਕੇ ਵੀ ਮੈਂ ਪਹਿਲਾ ਜਿਹੀ ਹੋ ਜਾਂਦੀਆਂ ।

ਜਾਂ ਕਹਿ ਲਉ-ਉਦਾਂ ਦੀ ਹੋ ਗਈ ਆਂ ।" ....

"ਹੁਣ ਸਾਨੂੰ ਸਾਡੇ ਬੱਚਿਆਂ ਦੀ ਬਹੁਤ ਜ਼ਿਆਦਾ ਚਿੰਤਾ ਆ ।"

(ਜਿੰਦਰ, ਆਵਾਜ਼ਾਂ, ਪੰਨਾ 67-71)

ਫ਼ਿਕਰ ਦੀ ਗੱਲ ਤਾਂ ਇਹ ਹੈ ਕਿ ਇਹਨਾਂ ਦੋਹਾਂ ਸੰਦਰਭਾਂ ਵਿਚ ਪੀੜਿਤ ਔਰਤ ਅਤੇ ਬੱਚੇ ਹਨ; ਔਰਤ ਦੀ ਪੀੜਾ ਸ੍ਵੈ ਦੇ ਜਿਸਮਾਨੀ ਸਪੇਸ ਕਰਕੇ ਨਹੀਂ ਸਗੋਂ ਭਾਵਾਤਮਕ ਅਤੇ ਵ੍ਰਿਤੀਆਤਮਕ ਪ੍ਰਸੰਗਾਂ ਕਰਕੇ ਹੈ। ਇਕ ਪਾਸੇ ਤਾਂ 'ਅਮਰੀਕੀ ਮੁਆਸ਼ਰੇ' ਦਾ 'ਜਿੱਤ' ਤੇ 'ਸੋਲਜ਼ਰ' ਦਾ ਸੰਕਲਪ ਇਸਨੂੰ ਅਣਗੌਲਿਆਂ ਕਰ ਰਿਹਾ ਹੈ ਅਤੇ ਨਾਲ ਦੀ ਨਾਲ ਉਸਦਾ 'ਤਹਿਜ਼ੀਬ-ਯਾਫ਼ਤਾ' ਹੋਣ ਦਾ ਸਿਲਸਿਲਾ ਉਸਨੂੰ ਨਿਕਾਰ ਰਿਹਾ ਹੈ। ਜ਼ਾਹਿਰ ਹੈ ਕਿ 'ਸ੍ਵੈ', 'ਕੌਮੀਅਤ' ਅਤੇ 'ਸਿਆਸੀ-ਭੂਗੋਲ' ਤਿੰਨੇ ਰੂਪ ਅੱਜ ਦੇ ਪੰਜਾਬੀ ਬੰਦੇ ਲਈ ਅਜਿਹੇ ਨਵੇਂ ਮਸਲੇ ਪੈਦਾ ਕਰ ਰਹੇ ਹਨ, ਜੋ ਉਸਦੇ ਦਿਲ ਤੇ ਦਿਮਾਗ਼ ਦੀ ਇਕਹਰੀ ਸੁਰ ਨੂੰ ਵੱਖ-ਵੱਖ ਆਵਾਜ਼ਾਂ ਵਿਚ ਬਦਲ ਦਿੰਦੇ ਹਨ।

ਦਿਲ ਤੇ ਦਿਮਾਗ਼, ਨਿੱਜ ਤੇ ਸ੍ਵੈ ਅਤੇ ਰਵਾਇਤ ਤੇ ਸਮਕਾਲ ਵਿਚਲੀ ਦੁਫੇੜ ਦਾ ਇਹ ਮਸਲਾ ਸਿਰਫ਼ ਵਿਸ਼ਵੀਕ੍ਰਿਤ ਮੁਆਸ਼ਰੇ ਦੇ ਸਿੱਧੇ ਮੰਜਰਾਂ ਤੱਕ ਹੀ ਸੀਮਤ ਨਹੀਂ ਸਗੋਂ ਇਹ ਤਾਂ ਘਰ ਅਤੇ ਪਰਿਵਾਰ ਤੱਕ ਵੀ ਫੈਲਿਆ ਹੋਇਆ ਹੈ। ਇਸ ਸੰਗ੍ਰਹਿ ਦੀਆਂ ਭਿੰਨ ਭਿੰਨ ਕਹਾਣੀਆਂ, ਖ਼ਾਸ ਕਰਕੇ, 'ਮੀਤੂ ਜਿੰਦਾਬਾਦ', 'ਆਵਾਜ਼ਾਂ', 'ਡਰ', 'ਕੈਲਕੁਲੇਸ਼ਨ' ਅਤੇ 'ਕਿਤੇ ਕੋਈ ਹੈ' ਆਦਿ ਇਸ ਸੰਦਰਭ ਵਿਚ ਵਿਚਾਰਨਯੋਗ ਭਾਵ-ਪ੍ਰਬੰਧ ਦੀ ਉਸਾਰੀ ਕਰਦੀਆਂ ਹਨ। ਇਹਨਾਂ ਕਹਾਣੀਆਂ ਵਿਚ ਸਮੱਸਿਆਵਾਂ ਦਾ ਇਕੋ ਹੀ ਇਲਾਜ ਸੁਝਾਇਆ ਜਾ ਰਿਹਾ ਹੈ।

ਤਰਸੇਮ ਨੇ ਮੈਨੂੰ ਇਹੀ ਕਿਹਾ ਸੀ, " ਵੀਨਾ, ਮੈਨੂੰ ਐਨਾ ਥਕਾ ਦੇ ਤਾਂ ਕਿ ਮੈਨੂੰ ਨੀਂਦ ਆ ਜਾਵੇ ।"

(ਜਿੰਦਰ, ਆਵਾਜ਼ਾ, ਪੰਨਾਂ 50)

ਹਸਪਤਾਲ ਕੋਲ ਆਉਂਦਿਆਂ-ਆਉਂਦਿਆਂ ਉਸ (ਸਤਨਾਮ) ਨੇ ਮੇਰਾ ਹੱਥ ਫੜ੍ਹ ਕੇ ਕਿਹਾ ਸੀ, " ਮੈਨੂੰ ਕੋਈ ਐਨਾ ਥਕਾਵੇ ਕਿ ਮੈਂ ਰੱਜ ਕੇ ਸੌਂ ਜਾਵਾਂ ।" (ਉਹੀ, ਪੰਨਾ 104)

ਬੇਚੈਨੀ ਅਤੇ ਨੀਂਦ ਨਾ ਆਉਣ ਦਾ ਮਸਲਾ ਸਿਰਫ਼ ਦੋ ਕਹਾਣੀਆਂ 'ਕੈਲਕੂਲੇਸ਼ਨ', ਜਾਂ 'ਕਿਤੇ ਕੋਈ ਹੈ' ਦਾ ਹੀ ਨਹੀਂ ਸਗੋਂ ਹਰ ਇਹ ਪ੍ਰਤੀਕਾਤਮਕ ਰੂਪ ਵਿਚ 'ਆਵਾਜ਼ਾਂ', 'ਮੀਤੂ ਜਿੰਦਾਬਾਦ', 'ਅਤੇ 'ਡਰ' ਆਦਿ ਦੇ ਕੇਂਦਰ ਵਿਚ ਵੀ ਛਾਇਆ ਹੋਇਆ ਹੈ । ਅਸਲ ਸਮੱਸਿਆ ਤਾਂ ਆਪਣੇ ਹੀ ਘਰ ਵਿਚ ਬੇਮਾਇਨਾ ਹੋ ਕੇ ਨਿਆਂਸ਼ੀਲਤਾ ਗੁਆਉਣਾ ਹੈ। ਇਹ ਗੱਲ

ਇਤਿਹਾਸ ਦੇ ਪਰਿਪੇਖ ਵਿਚ ਵੀ ਵਾਪਰ ਰਹੀ (ਆਵਾਜ਼ਾਂ), ਘਰ ਦੇ ਵਿਚ ਵੀ (ਕੈਲਕੂਲੇਸ਼ਨ) ਮਨ ਵਿਚ ਵੀ (ਮੀਤੂ ਜਿੰਦਾਬਾਦ) ਅਤੇ ਤਸੱਵਰ ਵਿਚ ਵੀ (ਇਹ ਤਾਂ ਮੈਥੋਂ ਨਹੀਂ ਹੁੰਦਾ) । ਇਹ ਹੀ ਉਹ ਦੁਫੇੜ ਹੈ, ਜੋ ਵੱਖਰੀ ਵੱਖਰੀ ਆਵਾਜ਼ ਬਣਕੇ ਸਾਡੇ ਮਨ-ਮੰਡਲਾਂ ਵਿਚ ਵੀ ਗੂੰਜਦੀ ਹੈ ਅਤੇ ਮੁਆਸ਼ਰੇ ਦੇ ਵੰਨ-ਸੁਵੰਨੇ ਘੇਰਿਆਂ ਵਿਚ ਵੀ ।

ਮਨ ਤੋਂ ਲੈ ਕੇ ਮੁਆਸ਼ਰੇ ਦੇ ਵੱਖੋ-ਵੱਖ ਘੇਰਿਆਂ ਵਿਚ ਗੂੰਜਦੀਆਂ ਇਹਨਾਂ ਆਵਾਜ਼ਾਂ ਦਾ ਸਮੁੱਚ ਹੀ ਅੱਜ ਦਾ ਯਥਾਰਥ ਹੈ। ਇਹਨਾਂ ਕਹਾਣੀਆਂ ਵਿਚ ਆਵਾਜ਼ਾਂ ਦੇ ਆਪਣੇ ਆਪਣੇ ਸੰਦਰਭ ਵੀ ਮੌਜੂਦ ਹੈ ਅਤੇ ਇਹਨਾਂ ਦਾ ਅੰਤਰ-ਸੰਬੰਧਤ ਤਾਣਾ-ਪੇਟਾ ਵੀ ਹੈ। ਇਸੇ ਵਾਸਤੇ ਸਮਕਾਲੀ ਯਥਾਰਥ ਦੇ ਰੂ-ਬ-ਰੂ ਹੋਣ ਦਾ ਮਸਲਾ ਇਕ ਗੁੰਝਲਦਾਰ ਸਿਲਸਿਲਾ ਬਣ ਜਾਂਦਾ ਹੈ। ਇਹ ਕਾਰਜ ਕਿਸੇ ਇਕ ਸਿਧਾਂਤ, ਵਿਚਾਰਧਾਰਾ ਅਤੇ ਭਾਵ-ਮੰਡਲ ਦੇ ਅਨੁਰੂਪ ਸਿਰਜਣਾਤਮਕ ਪ੍ਰਸੰਗ ਜਾਂ ਬਿਰਤਾਂਤ ਰਚਣਾ ਨਹੀਂ, ਸਗੋਂ ਇਹਨਾਂ ਦੀ 'ਅੰਤਰ-ਕਿਰਿਆ' ਅਤੇ 'ਅੰਤਰ-ਖੇਡ' ਨੂੰ ਰੂਪਮਾਨ ਕਰਦਾ ਹੈ। ਇਸ ਤੋਂ ਵੀ ਜ਼ਰੂਰੀ ਇਹ ਹੈ ਕਿ ਅਸੀਂ ਸਾਡੇ ਮਨ ਅਤੇ ਮੁਆਸ਼ਰੇ ਦੇ ਭਿੰਨ ਭਿੰਨ ਘੇਰਿਆਂ ਦੀ ਤੋਰ ਨੂੰ ਦਰਿਆਫ਼ਤੀ ਕਰਨ ਦੇ ਨਾਲ ਨਾਲ ਇਹਨਾਂ ਦੇ 'ਇੰਟਰ-ਸੈਕਸ਼ਨਾਂ' ਦੀ ਤਾਸੀਰ ਨੂੰ ਫੜਣ ਦੀ ਕੋਸ਼ਿਸ਼ ਕਰੀਏ । ਜ਼ਾਹਿਰ ਹੈ ਕਿ ਸਮਕਾਲੀ ਯਥਾਰਥ ਦੇ ਰੂ-ਬ-ਰੂ ਹੋਣ ਦਾ ਭਾਵ ਇਹਨਾਂ ਆਵਾਜ਼ਾਂ ਦੀ ਸਿਰਫ਼ ਤਸਵੀਰਕਸ਼ੀ ਕਰਨਾ ਨਹੀਂ ਸਗੋਂ ਇਹਨਾਂ ਦੇ ਅੰਤਰ-ਸੰਵਾਦ ਦਾ ਚਿਤਰਣ ਅਤੇ ਪੇਸ਼ਕਾਰੀ ਕਰਨਾ ਹੈ।

'ਆਵਾਜ਼ਾਂ' ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਦੀ ਵਿਸ਼ੇਸ਼ਤਾ ਇਸ ਅੰਤਰ-ਸੰਵਾਦ ਦੀ ਤਫ਼ਤੀਸ਼ ਅਤੇ ਤਖ਼ਲੀਕ ਦੀ ਬਿਰਤਾਂਤਕਾਰ ਨੂੰ ਮੰਨਿਆ ਜਾ ਸਕਦਾ ਹੈ। ਇਹ ਬਿਰਤਾਂਤਕਾਰੀ ਇਕ ਪਾਸੇ ਤਾਂ ਆਪਣੀਆਂ ਰਵਾਇਤੀ ਜੁਗਤਾਂ ਤੋਂ ਪਾਸੇ ਜਾਣ ਦੀ ਕੋਸ਼ਿਸ਼ ਕਰਦੀ ਹੈ ਅਤੇ ਨਾਲ ਹੀ ਨਾਲ ਪੰਜਾਬੀ ਬੰਦੇ ਦੇ ਨਿਵੇਕਲੇ ਮਨੋ-ਯਥਾਰਥ, ਸਮਾਜਿਕ ਸਪੇਸ ਅਤੇ ਮੁਆਸ਼ਰਾਤੀ ਅਮਲਾਂ ਦੀ ਤਸ਼ਵੀਰਕਸ਼ੀ ਵੀ ਕਰਦੀ ਹੈ। ਇਸੇ ਕਰਕੇ ਇਸ ਵਿਚ ਪੰਜਾਬੀ ਬੰਦਾ ਵੱਖਰੇ ਖ਼ਿਆਲਾਂ, ਪ੍ਰਤੀਬੱਧਤਾ ਅਤੇ ਵਿਵਹਾਰਕ ਸੰਦਰਭਾਂ ਦੇ ਸਰੋਕਾਰਾਂ ਨਾਲ ਪੇਸ਼ ਹੁੰਦਾ ਹੈ।

ਪਰ, ਪੰਜਾਬੀ ਬੰਦੇ ਦੀ ਹੋਂਦ ਅਤੇ ਹਸਤੀ ਦਾ ਮੂਲ ਮਸਲਾ ਤਾਂ ਮਨ ਤੋਂ ਲੈ ਕੇ ਮੁਆਸ਼ਰੇ ਤੱਕ ਪਸਰੇ ਚੌਗਿਰਦੇ ਦੀ ਵੰਨ-ਸਵੰਨਤਾ ਵਿਚ ਰਵ੍ਹਾਂ ਨਾ ਹੋ ਸਕਨਾ ਹੈ। ਇਸ ਤੋਂ ਵੱਧ, ਉਸ ਕੋਲ ਅਜਿਹੇ ਸੁਪਨੇ ਦੀ ਅਣਹੋਂਦ ਹੈ ਜਿਸ ਰਾਹੀਂ ਉਹ ਆਪਣੇ ਚੌਗਿਰਦੇ ਵਿਚ ਆਪਣੀ ਥਾਂ ਬਣਾਉਣ ਦੀ ਚਾਰਾਜੋਈ ਕਰ ਸਕੇ । ਉਹ ਨਾਂ ਤਾਂ ਸੰਘਰਸ਼ਸ਼ੀਲ ਕਾਮਾ ਹੈ, ਨਾ ਹੀ ਇਨਕਲਾਬੀ ਯੋਧਾ ਅਤੇ ਜ਼ਿੰਦਗੀ ਦੇ ਯੁੱਧ-ਖੇਤਰ ਦਾ ਸੂਰਬੀਰ ਸਿਪਾਹੀ, ਪਰ ਫਿਰ ਵੀ ਉਹ ਆਪਣੀ ਆਵਾਜ਼ ਨੂੰ ਬੁਲੰਦ ਕਰਨ ਵਾਲਾ ਅਤੇ ਹਾਲਾਤ ਦੀ ਗਰਿਫ਼ਤ ਵਿਚ ਫਸੇ ਹੋਏ 'ਨਿੱਜ' ਨੂੰ ਨਿਆਂਇਸ਼ੀਲ ਬਣਾਉਣ ਲਈ ਸਰਗਰਮ 'ਨੈਗੋਸ਼ੀਏਟਰੀ' ਮਨੁੱਖ ਜ਼ਰੂਰ ਹੈ। ਇਸੇ ਕਰਕੇ ਉਹ ਏਨਾ ਥੱਕ ਜਾਣਾ ਚਾਹ ਰਿਹਾ ਹੈ ਕਿ ਉਸਨੂੰ ਨੀਂਦ ਆ ਸਕੇ । ਦੂਜੇ ਸ਼ਬਦਾਂ ਵਿਚ ਉਹ 'ਤਲਿਸਮ-ਪੂਜਕ' ਸਬਜੈਕਟ ਦੇ ਸਾਰੇ ਭਰਮਾਂ ਤੋਂ ਮੁਕਤ ਹੋ ਕੇ 'ਯਥਾਰਥ ਦੇ ਸਨਮੁੱਖ' ਖੜ੍ਹਾ ਹੋਣ ਵਾਲਾ ਮਨੁੱਖ ਬਣਕੇ ਪੇਸ਼ ਹੁੰਦਾ ਹੈ। ਸ਼ਾਇਦ ਇਹ ਹੀ ਵਜ੍ਹਾ ਹੈ ਕਿ ਇਹਨਾਂ ਕਹਾਣੀਆਂ ਦਾ ਬਿਰਤਾਂਤ 'ਆਵਾਜ਼ਾਂ' ਦੀ ਦਾਸਤਾਨ ਤਾਂ ਬਣ ਜਾਂਦਾ ਹੈ ਪਰ ਆਵਾਜ਼ਾਂ ਦੀ 'ਸੁਰ' ਦੀ ਦਾਸਤਾਨ ਇਹਨਾਂ ਤੋਂ ਅਗਲੇਰੀ ਅਤੇ ਅਛੋਹ ਕੜੀ ਬਣ ਕੇ ਰਹਿ ਜਾਂਦੀ ਹੈ। ਬਹਿਰਿਤਾਲ, ਆਵਾਜ਼ਾਂ ਦੀ ਦਾਸਤਾਗੋਈ ਇਸ ਕਹਾਣੀ ਸੰਗ੍ਰਹਿ ਦੀ ਅਜਿਹੀ ਪ੍ਰਾਪਤੀ ਹੈ, ਜੋ ਇਸ ਨੂੰ ਸਮਕਾਲੀ ਪੰਜਾਬੀ ਕਹਾਣੀ ਵਿਚ ਨਿਵੇਕਲਾ ਸਥਾਨ ਪ੍ਰਦਾਨ ਦਿੰਦੀ ਹੈ। ਆਸ ਹੈ ਭਵਿੱਖ ਵਿਚ ਜਿੰਦਰ ਦੀਆਂ ਕਹਾਣੀਆਂ ਇਹਨਾਂ 'ਆਵਾਜ਼ਾਂ' ਦੀ ਸੁਰ ਦੇ ਆਕਾਰਾਂ ਵੱਲ ਵੀ ਸੰਕੇਤ ਕਰਨਗੀਆਂ ।



## 'ਬੰਟੀ ਬਾਜ਼ਾਰ' : ਮਨ ਦੀ ਭਾਸ਼ਿਕ ਦ੍ਰਿਸ਼ਕਾਰੀ/ ਮਨਮੋਹਨ

ਗੁਲ ਚੌਹਾਨ ਪੰਜਾਬੀ ਕਹਾਣੀ ਜਗਤ ਦਾ ਸ਼ਾਇਦ ਸੱਭ ਤੋਂ ਘੱਟ ਗੌਲ਼ਿਆ ਕਹਾਣੀਕਾਰ ਹੈ । ਅਜੋਕੇ ਸਮਿਆਂ 'ਚ ਅਣਦੇਖੀ ਕਰਨਾ ਪੰਜਾਬੀ ਆਲੋਚਨਾ ਖੇਤਰ ਦਾ ਮਾਰੂ ਸੰਦ ਹੈ ਜੋ ਆਪਣਾ ਕਾਰਜ ਬੇਹਰਕਤ ਸਾਧਦਾ ਰਹਿੰਦਾ ਹੈ । ਇਸ ਪਿਛੇ ਨਿੱਜੀ ਕਾਰਨ ਨਾ ਵੀ ਹੋਣ ਪਰ ਇਕ ਗੱਲ ਸਾਫ਼ ਹੋ ਨਿੱਤਰਦੀ ਹੈ ਕਿ ਪੰਜਾਬੀ ਆਲੋਚਨਾ ਇਕ ਵਿਸ਼ੇਸ਼ ਪੜ੍ਹਨ ਪੱਧਤੀ ਤੋਂ ਪ੍ਰਭਾਵਿਤ ਹੈ ਜਿਸ ਕਾਰਣ ਕਿਸੇ ਪਾਠ ਦੀ ਬਹੁਵੰਦਤਾ ਅਣਡਿੱਠ ਰਹਿ ਜਾਂਦੀ ਹੈ । ਪਰ ਫਿਰ ਵੀ ਗੌਲਣਯੋਗ ਲਿਖਤਾਂ ਆਪਣੀ ਪੜ੍ਹਨਯੋਗਤਾ ਤੇ ਯਥਾਰਥ ਨੂੰ ਸਮਝਣ ਦੀ ਨਵ-ਨੀਝ ਕਾਰਣ ਪਾਠਕਾਂ 'ਚ ਹਾਜ਼ਰੀ ਲਵਾ ਜਾਂਦੀਆਂ ਨੇ । 'ਬੰਟੀ ਬਾਜ਼ਾਰ' ਅਜਿਹੀ ਹੀ ਲਿਖਤ ਹੈ ਜਿਸਨੇ ਅਨੁਭਵ ਦੇ ਨਵੇਂ ਅਯਾਮ ਤੇ ਇਸ 'ਚੋਂ ਪੈਦਾ ਹੋਈ ਕਮਾਲ ਦੀ ਭਾਸ਼ਾਕਾਰੀ ਰਾਹੀਂ ਆਪਣਾ ਮਖ਼ਸੂਸ ਪਾਠਕ ਵਰਗ ਤਿਆਰ ਕੀਤਾ ਹੈ । ਇਸ ਤਿਆਰੀ ਦੇ ਪਿੱਛੇ ਗੁਲ ਚੌਹਾਨ ਦੇ ਪਹਿਲੇ ਕਹਾਣੀ ਸੰਗ੍ਰਹਿਾਂ ਜਿਵੇਂ 'ਸਾਇਡਪੋਜ਼' (1977), 'ਰੇਸ਼ਮਾ ਦਾ ਪੰਜਵਾਂ ਚਿਰਾਗ਼' (1980), 'ਡਾਚੀਆਂ ਦੇ ਜਾਣ ਪਿਛੋਂ' (1982), 'ਇਕ ਚੌਰਸ ਤਕਲੀਫ਼' (1986) ਅਤੇ 'ਬੇਬੀਘਰ' (2006) ਸ਼ਾਮਿਲ ਹਨ ।

'ਬੰਟੀ ਬਾਜ਼ਾਰ' 'ਚ ਗੁਲ ਚੌਹਾਨ ਅਜਿਹੇ ਅਦਭੁੱਤ ਦੀ ਤਲਾਸ਼ ਰਾਹੀਂ ਮਾਨਵੀ ਯਥਾਰਥ ਦੇ ਓਸ ਅਮੂਰਤਨ ਨੂੰ ਪੜ੍ਹਦਾ ਹੈ ਜੋ ਨੰਗੀ ਅੱਖ ਨਾਲ ਸਮਝ ਨਹੀਂ ਆਉਂਦਾ । ਇਹ ਪਾਠ ਮਨ ਦੀ ਭਾਸ਼ਾ ਰਾਹੀਂ ਬੰਦੇ ਦੇ ਗਿਰਦ ਪਸਰੇ ਸੱਚਾਂ ਤੇ ਝੂਠਾਂ, ਭਰਮਾਂ ਤੇ ਫਰੇਬਾਂ, ਪਰਦੇਦਾਰੀਆਂ ਤੇ ਨਿਕੱਜਾਂ, ਕਮਤਰੀਆਂ ਤੇ ਅੰਹਾਂ ਨੂੰ ਉਸਦੀਆਂ ਵਿਡੰਬਨਾਵਾਂ ਤੇ ਕਹੁਜਾਂ 'ਚੋਂ ਫੜ੍ਹਕੇ ਮਾਨਵੀ ਮਨ ਦੇ ਅਜਿਹੇ ਭਾਸ਼ਕ ਦ੍ਰਿਸ਼ ਸਾਕਾਰ ਕਰਦਾ ਹੈ ਜਿਸ ਨਾਲ ਬੰਦੇ ਦੀ ਹੋਂਦ ਦੀਆਂ ਟੇਢਾਂ ਤੇ ਟੇਕਾਂ, ਖਾਲੀਪਨ ਤੇ ਭਰੱਪਣ, ਵਿੰਗ ਤੇ ਸੇਧਾਂ ਸਾਫ਼ ਸਾਫ਼ ਦਿੱਸਣ ਲਗ ਜਾਂਦੀਆਂ ਨੇ । ਆਪਣੇ ਬਹੁਤ ਨੇੜੇ ਦੇ ਨਿੱਜੀ ਅਨੁਭਵਾਂ ਦੀ ਅਦਭੁੱਤਤਾ ਨੂੰ ਫੜ੍ਹਕੇ ਨਸ਼ਰ ਕਰਨ ਦੀ ਇਸ ਮਨੋਵਿਗਿਆਨਕ ਜੁਗਤ ਕਾਰਣ ਭਾਸ਼ਾ ਦੀ ਚਮਤਕਾਰੀ ਆਪਣੇ ਸਿਖਰ ਛੂਹਣ ਲੱਗਦੀ ਹੈ । ਨਿੱਜ ਭਾਸ਼ਿਕ ਦ੍ਰਿਸ਼ਾਂ ਰਾਹੀਂ ਪਰ ਤੱਕ ਦਾ ਸਫ਼ਰ ਕਰਕੇ ਪਾਠ ਨੂੰ ਇਕ ਖ਼ਾਸ ਤਰ੍ਹਾਂ ਦਾ ਓਪਰਾਪਨ ਪ੍ਰਦਾਨ ਕਰਦਾ ਹੈ । ਇਸਦਾ ਪ੍ਰਤੌਅ ਇਸ ਸੰਗ੍ਰਹਿ ਦੀਆਂ ਕਹਾਣੀਆਂ ਦੇ ਨਾਵਾਂ ਤੋਂ ਸਹਿਜ ਹੀ ਝਲਕਦਾ ਹੈ ਜਿਵੇਂ; ਬੇਬੀਘਰ, ਦੁੱਲਾ ਅਤੇ ਟਾਪ ਫਲੋਰ, ਘਰ ਨੀਲਾਮ ਘਰ, ਬਹੁਤ ਸਾਰੇ ਪਿਤਾ ਜੀ, ਕੈਪਰੀਕਾਰਨ, ਸਾਇਡ ਬਿਜ਼ਨਸ, ਰਾਰਾ ਰੋਮਿੰਗ, ਕਬਾੜੀ ਬਾਜ਼ਾਰ, ਆਂਟੀ ਪ੍ਰਾਬਲਮ, ਲਵ ਇਨ ਟੋਕੀਓ, ਉਰਫ਼ ਜਾਨੀ ਚੋਰ ਆਦਿ । ਦ੍ਰਿਸ਼ਕਾਰੀ ਦਾ ਇਹ ਚਮਤਕਾਰ ਸਿਰਫ਼ ਭਾਸ਼ਾਕਾਰੀ 'ਚ ਹੀ ਨਹੀਂ ਸਗੋਂ ਕਹਾਣੀ ਪਾਠ ਦੇ ਗਠਨ ਦੀਆਂ ਨਵੀਆਂ ਜੁਗਤਾਂ 'ਚ ਵੀ ਦਿੱਸਦਾ ਹੈ । ਕਹਾਣੀ ਬਣਤਰ ਦੇ ਇਨ੍ਹਾਂ ਨਵੇਂ ਪਾਸਾਰਾਂ ਕਾਰਣ ਗੁਲ ਚੌਹਾਨ ਦੀਆਂ ਕਹਾਣੀਆਂ ਵਿਸ਼ੇਸ਼ ਪੜ੍ਹਨਯੋਗਤਾ ਦਾ ਦਾਅਵਾ ਕਰਦੀਆਂ ਦਿਖਾਈ ਦਿੰਦੀਆਂ ਹਨ । ਸੂਖ਼ਮ ਅਨੁਭਵ ਨਾਲ ਸਹਿਜ ਭਾਅ ਆਈਆਂ ਇਨ੍ਹਾਂ ਬਿਰਤਾਂਤਕ ਸੰਰਚਨਾਵਾਂ ਦੀ ਇਹ ਵਿਸ਼ੇਸ਼ਤਾ ਹੀ ਇਨ੍ਹਾਂ ਕਹਾਣੀਆਂ ਦੇ ਸਥਾਪਿਤ ਪੱਧਤੀ ਤੋਂ ਪਰ੍ਹੇ ਦੇ ਵਿਸ਼ਲੇਸ਼ਣ ਦੀ ਮੰਗ ਕਰਦੀ ਹੈ ।

'ਬੇਬੀਘਰ' ਮੈਟਰੋ ਸ਼ਹਿਰ 'ਚ ਮਲਟੀਨੇਸ਼ਨਲਜ਼ 'ਚ ਕੰਮ ਕਰਦੇ ਜੋੜੇ ਦੇ ਘਰ ਦੀ ਸਾਂਭ ਸੰਭਾਲ ਤੇ ਬੱਚਿਆਂ ਦੀ ਦੇਖਭਾਲ ਕਰਨ ਲਈ ਆਈ ਕਸਬਾਈ ਪਿਛੋਕੜ ਵਾਲੀ ਵਿਧਵਾ ਮਾਂ ਦੀ ਮਨੋਸਥਿਤੀ ਨੂੰ ਸਵੈ-ਸੰਵਾਦ ਦੀ ਜੁਗਤ 'ਚ ਘੜ੍ਹਿਆ ਬਿਰਤਾਂਤ ਹੈ । ਇਸ ਬਿਰਤਾਂਤ 'ਚ ਪਤੀ ਦੇ ਹੇਰਵੇ ਨੂੰ ਹੰਢਾਉਂਦਿਆਂ ਤੇ ਪੁੱਤ ਦੇ ਪਰਿਵਾਰ 'ਚ ਸਾਰੇ ਕਾਰਜ ਸਿਰੇ ਚੜ੍ਹਾਉਂਦਿਆਂ ਵੀ

ਮਾਂ ਦੀ ਇਕ ਬਾਹਰੀ ਤੇ ਵਾਧੂ ਹੋਣ ਦੀ ਮਾਨਸਿਕਤਾ ਇਸ ਕਹਾਣੀ ਦਾ ਮਰਮ ਹੈ ।ਮਾਂ ਦੀ ਸ਼ਰਾਧਾਂ ਦੇ ਦਿਨਾਂ 'ਚ ਪਤੀ ਦੀ ਯਾਦ 'ਚ ਗੁਰਦੁਆਰੇ ਜਾਣ ਦੀ ਖ਼ਵਾਹਿਸ਼ ਨੂੰ ਪੁੱਤ ਵੱਲੋਂ ਆਪਣੇ ਬੌਸ ਦੇ ਬੱਚੇ ਦੇ ਸੈਂਡਲ ਵਾਪਿਸ ਕਰਨ ਜਾਣ ਦੇ ਮੌਕੇ ਨਾਲ ਜੋੜ ਕੇ ਮਾਂ ਨੂੰ ਗੁਰਦੁਆਰੇ ਲੈ ਜਾਣ ਦਾ ਸੱਦਾ ਤੇ ਮਾਂ ਵੱਲੋਂ ਚੁੱਪਚਾਪ ਪਰਸ ਚੁੱਕ, ਸਿਰ 'ਤੇ ਚੁੰਨੀ ਲੈ ਪੁੱਤ ਦੀ ਗੱਡੀ 'ਚ ਜਾ ਬੈਠਣ ਦਾ ਬਿਰਤਾਂਤ ਦਰਅਸਲ ਮਾਂ ਦੇ ਮਨੋਵਿਸ਼ਵਾਸ ਦੇ ਤਿੜਕ ਜਾਣ ਦੀ ਭਾਸ਼ਿਕ ਦ੍ਰਿਸ਼ਕਾਰੀ ਹੈ ।

'ਦੁੱਲਾ ਅਤੇ ਟਾਪ ਫਲੋਰ' ਕੌਸਮੋਪੋਲੀਟਨ ਸ਼ਹਿਰ 'ਚ ਮੱਧਵਰਗੀ ਕਲੋਨੀ 'ਚ ਵੱਸਦੇ ਭਿੰਨ ਭਿੰਨ ਪਿਛੋਕੜਾਂ, ਜਾਤਾਂ, ਕਸਬਾਂ ਤੇ ਰੁਤਬਿਆਂ ਦੇ ਪਰਿਵਾਰਾਂ ਦੀ ਰੋਜ਼ਮੱਰਾ ਦੀ ਜ਼ਿੰਦਗੀ ਦੇ ਆਮ ਫ਼ਹਿਮ ਵਿਵਹਾਰ, ਆਪਸੀ ਮੇਲ ਜੋਲ ਤੇ ਬਾਤਚੀਤ ਦੇ ਅਮੂਰਤਨ 'ਚ ਕਾਰਜਸ਼ੀਲ ਮਾਨਸਿਕਤਾ ਨੂੰ ਦ੍ਰਿਸ਼ਾਂ ਅੰਦਰ ਇਕ ਤਰ੍ਹਾਂ ਦੇ ਭਾਸ਼ਿਕ ਮੌਂਤਾਜ 'ਚ ਪੇਸ਼ ਕੀਤਾ ਗਿਆ ਹੈ ।ਦੁੱਲਾ ਤੇ ਟਾਪ ਫਲੋਰ 'ਤੇ ਰਹਿੰਦਾ ਲੇਖਕ ਇਸ ਬਿਰਤਾਂਤ ਦੇ ਕੇਂਦਰ 'ਚ ਹਨ ਤੇ ਬਾਕੀ ਹਾਜ਼ਿਰ ਗ਼ੈਰਹਾਜ਼ਿਰ ਮਰਦ ਔਰਤ ਪਾਤਰ ਇਸ ਦੇ ਵਿਕੇਂਦਰ 'ਚ ਪਰ ਲੇਖਕ ਇਨ੍ਹਾਂ ਦੀਆਂ ਮਨੋਸਥਿਤੀਆਂ 'ਚ ਕੰਮ ਕਰਦੇ ਕੰਪਲੈਕਸਾਂ ਨੂੰ ਲਗਾਤਾਰ ਬਣਦੇ ਟੁੱਟਦੇ ਬਿਰਤਾਂਤਕ ਦ੍ਰਿਸ਼ਾਂ 'ਚ ਸਾਕਾਰ ਕਰਦਿਆਂ ਕਹਾਣੀ ਦਾ ਅੰਤ ਵੀ ਇਕ ਸਫ਼ੋਟੀ ਦ੍ਰਿਸ਼ 'ਤੇ ਕਰਦਿਆਂ ਫ਼ੈਸਲਾ ਪਾਠਕ 'ਤੇ ਇੰਞ ਸੁੱਟ ਦਿੰਦਾ ਹੈ ਜਿਵੇਂ ਕਿਸੇ ਆਰਟ ਗੈਲਰੀ 'ਚ ਪੇਂਟਰ ਬੇਸਿਰਲੇਖੀ ਪੇਂਟਿੰਗ ਦੇ ਅਰਥਾਂ ਦੇ ਪ੍ਰਤੱਖਣ ਨੂੰ ਦੇਖਣ ਵਾਲੇ ਦੀ ਨੀਝ 'ਤੇ ਛੱਡ ਦਿੰਦਾ ਹੈ ।

'ਘਰ ਨੀਲਾਮ ਘਰ' ਪੇਂਡੂ ਸਕੂਲ 'ਚ ਪੜ੍ਹਾਉਂਦੇ ਤੇ ਉਥੇ ਹੀ ਅਸਥਾਈ ਠਾਹਰ ਰੱਖਦੇ ਅਤੇ ਸ਼ਹਿਰ 'ਚ ਪਿੱਛੇ ਆਪਣੇ ਪਰਿਵਾਰ ਦੀ ਪੱਕੀ ਰਿਹਾਇਸ਼ ਦਰਮਿਆਨ ਆਉਣ ਜਾਣ ਕਰਦੇ ਮਾਸਟਰ ਦੇ ਸਕੂਲੀ ਜੀਵਨ ਤੇ ਸ਼ਹਿਰ 'ਚ ਪਰਿਵਾਰਕ ਜੀਵਨ ਦੇ ਕਾਰਵਿਹਾਰ 'ਚੋਂ ਪੈਦਾ ਹੋਈਆਂ ਮਨੋਸਥਿਤੀਆਂ ਨੂੰ ਸੰਵਾਦਾਂ ਦੀ ਦ੍ਰਿਸ਼ਕਾਰੀ ਤੇ ਦ੍ਰਿਸ਼ਾਂ ਦੇ ਸੰਵਾਦਾਂ 'ਚੋਂ ਪੈਦਾ ਹੋਏ ਬਿਰਤਾਂਤ ਰਾਹੀਂ ਪੇਸ਼ ਕੀਤਾ ਗਿਆ ਹੈ ਜਿਸ 'ਚ ਮਾਨਵੀ ਮਨ ਦੀਆਂ ਕਾਮੁਕ ਤੇ ਅਤ੍ਰਿਪਤ ਖ਼ਵਾਹਿਸ਼ਾਂ ਤੇ ਉਮੰਗਾਂ ਅਤੇ ਸ਼ੱਕਾਂ ਤੇ ਵਿਸ਼ਵਾਸਾਂ ਦੀਆਂ ਵਿਡੰਬਨਾਵਾਂ ਨੂੰ ਯਥਾਰਥ ਦੀਆਂ ਕਰੂਰਤਾਵਾਂ ਦੇ ਚਿੱਤਰਨ ਦੁਆਰਾ ਪੈਦਾ ਹੋਏ ਤਣਾਓ ਨੂੰ ਓਸ ਅਣਕਿਆਸੇ ਰੂਪਕੀ ਅੰਤ 'ਚ ਖ਼ਲਾਸ ਕੀਤਾ ਗਿਆ ਹੈ ਜਿਥੇ ਬੰਦੇ ਦਾ ਅਵਿਸ਼ਵਾਸ ਯਕੀਨ 'ਚ ਬਦਲਣ ਲਗਦਾ ਹੈ ਤੇ ਉਹ ਆਪਣੇ ਅੰਦਰਲੀਆਂ ਸੋਚਾਂ ਨੂੰ ਭੁੱਲ ਬਾਹਰੀ ਅਜਨਬੀ ਸੱਚਾਂ ਨਾਲ ਰੀਲੇਟ ਕਰਨ ਲਗ ਪੈਂਦਾ ਹੈ ।

'ਬਬਲੀ' ਵਿਆਹ ਬਾਹਰੇ ਸਬੰਧਾਂ ਨੂੰ ਕਾਮੁਕ ਇੱਛਾਵਾਂ ਤੇ ਪਿਤਰਕੀ ਗ਼ਲਬੇ ਦੇ ਟਕਰਾਅ 'ਚੋਂ ਪੈਦਾ ਹੋਏ ਤਣਾਓ ਦੇ ਸਿਖਰ 'ਤੇ ਪਹੁੰਚ ਕੇ ਬਿਖਰਾਓ ਦਾ ਬਿਰਤਾਂਤ ਹੈ ਜਿਸ 'ਚ ਨਾਰੀ ਦੀ ਕਾਮੁਕਤਾ ਅੱਗੇ ਪਿਤਰਕੀ ਸੱਤਾ ਢਹਿ ਢੇਰੀ ਹੋਣ ਦੀ ਮਾਨਸਿਕਤਾ ਹੰਢਾਉਂਦੀ ਹੈ । ਇਸ ਬਿਰਤਾਂਤ 'ਚ ਭਾਸ਼ਾ ਰਾਹੀਂ ਮਨੁੱਖੀ ਮਨ ਦੇ ਕਾਮਨਾ ਤੇ ਪ੍ਰਾਪਤੀ ਅਤੇ ਗੁਨਾਹ ਤੇ ਲੱਜ਼ਤ ਦੇ ਵਿਰੋਧਾਂ ਦਾ ਬਾਕਮਾਲ ਚਿਤਰਣ ਹੈ। ਬਬਲੀ ਆਪਣੇ ਸਹਿਕਰਮੀ ਜਾਦੂ ਨਾਲ ਵਿਆਹ ਬਾਹਰੀ ਸਬੰਧਾਂ 'ਚ ਹੈ ਅਤੇ ਪਤੀ ਦੇ ਗ਼ਾਲਿਬ ਵਿਵਹਾਰ ਮੂਹਰੇ ਸਦਾ ਨਿੰਵ ਕੇ ਰਹਿੰਦੀ ਹੈ ਪਰ ਜਦੋਂ ਪਤੀ ਨੂੰ ਆਪਣੀ ਛੋਟੀ ਉਮਰ ਦੀ ਮਾਮੀ ਨਾਲ ਸਮਝੌਤਾਪੂਰਣ ਸਥਿਤੀ 'ਚ ਰੰਗੇ ਹੱਥੀਂ ਫੜ੍ਹ ਲੈਂਦੀ ਹੈ ਤਾਂ ਪਤੀ ਦੇ ਪਿਤਰਕੀ ਵਿਵਹਾਰ ਕੋਲ ਉਸਦੇ ਇਸ ਸਵਾਲ ਲਈ ਕੋਈ ਜਵਾਬ ਨਹੀਂ ਹੁੰਦਾ ਜਦੋਂ ਬਬਲੀ ਪੁੱਛਦੀ ਹੈ, 'ਜੇ ਤੂੰ ਮੈਨੂੰ ਇਸ ਤਰ੍ਹਾਂ ਉਤੋਂ ਫੜ੍ਹਿਆ ਹੁੰਦਾ ਦਰਸ਼ਨ ਮਾਮੇ ਨਾਲ.ਖੜ੍ਹੀ ਖਲੋਤੀ ਨੂੰ ਗੋਲੀ ਨਾ ਮਾਰ ਦਿੱਤੀ ਹੁੰਦੀ'।

'ਬਹੁਤ ਸਾਰੇ ਪਿਤਾ ਜੀ' ਪਿਤਾ ਦੀ ਮੌਤ ਦੇ ਮੌਕੇ 'ਤੇ, ਪਿਤਾ, ਪੁੱਤ ਤੇ ਪੋਤਰੇ ਦੀ ਰਿਸ਼ਤਗੀ ਦੇ ਅਮੂਰਤਨ 'ਚ ਕਾਰਜਸ਼ੀਲ ਮਨੋਵੇਗਾਂ ਦੀ ਪੁੱਤ ਦੇ ਮਨੋਸੰਵਾਦਾਂ 'ਚ ਉਭਰੀਆਂ



ਸਿਮਰਤੀਆਂ ਦੀ ਬਿਰਤਾਂਤਕ ਦ੍ਰਿਸ਼ਕਾਰੀ ਹੈ ।ਪਿਤਾ ਪੁੱਤ ਲਈ ਮਹਿਜ਼ ਇਕ ਰਿਸ਼ਤਾ ਹੀ ਨਹੀਂ ਬਲਕਿ ਇਕ ਵਰਤਾਰਾ ਹੈ ਜੋ ਪੁੱਤ ਦੇ ਜੀਵਨ ਅਨੁਭਵਾਂ ਤੇ ਸਮਝਾਂ ਨੂੰ ਸਿਰਜਣ ਦਾ ਵੱਡਾ ਸਬੱਬ ਹੈ ।ਪਿਤਾ ਦੀ ਮੌਤ ਇਸ ਕਾਰਣ ਦੇ ਖ਼ੁੱਸ ਜਾਣ ਦਾ ਵਿਗੋਚਾ ਹੈ ਜਿਸ ਨੂੰ ਪੁੱਤ ਸਵਿਕਾਰ ਕਰਣ ਦਾ ਸਾਹਸ ਨਹੀਂ ਕਰ ਪਾ ਰਿਹਾ ।ਇੰਞ 'ਬਹੁਤ ਸਾਰੇ ਪਿਤਾ ਜੀ' ਦਾ ਬਿਰਤਾਂਤ ਪੈਤਰਿਕ ਰਿਸ਼ਤਿਆਂ ਦੇ ਮਨੋਵਿਗਿਆਨ ਦੀ ਸ਼ਿਦਤ ਕਾਰਣ ਭਾਸ਼ਾ ਦੀ ਮਾਰਮਿਕਤਾ ਆਪਣਾ ਸਿਖਰ ਹੰਢਾਉਂਦਾ ਦਿਖਾਈ ਦਿੰਦਾ ਹੈ ।

'ਕੈਪਰੀਕਾਰਨ' ਪਿਤਰਕੀ ਅੰਹ ਮੂਹਰੇ ਨਾਰੀ ਦੀ ਨਾਬਰੀ ਦੇ ਮਨੋਵੇਗ ਨੂੰ ਬਿਰਤਾਂਤਕ ਦ੍ਰਿਸ਼ਾਂ 'ਚ ਚਿਤਰਦੀ ਪੇਸ਼ਕਾਰੀ ਹੈ ।ਨੌਂਕਰਰਾਣੀ ਲਾਲੀ ਆਪਣੇ ਮਾਲਿਕ ਕੁਲਵੰਤ ਲਈ ਵਫ਼ਾਦਾਰ ਹੈ, ਆਪਣੇ ਕੰਮ ਦੀ ਮਾਹਿਰ ਹੈ, ਉਸਦੀ ਹਰ ਜਾਇਜ਼ ਨਾਜਾਇਜ਼ ਹਰਕਤ ਸਹਿਣ, ਹਰ ਸਮਝੌਤਾ ਕਰਨ ਨੂੰ ਤਿਆਰ ਹੈ ਪਰ ਆਪਣੇ ਭੋਗੇ ਜਾਣ ਬਾਅਦ ਇਸ ਗੱਲ ਲਈ ਤਿਆਰ ਨਹੀਂ ਕਿ ਮਾਲਿਕ ਉਸਨੂੰ ਬਿਸਤਰ ਤੋਂ ਉਠਾ ਕੇ ਹੇਠਾਂ ਚਟਾਈ ਵਿਛਾ ਕੇ ਪੈ ਜਾਣ ਲਈ ਕਹੇ ।'ਸਾਇਡ ਬਿਜਨਸ' ਬੰਦੇ ਦੀ ਵੁਕਤ ਤੋਂ ਵੱਧ ਕਾਮੁਕਤਾ ਤੇ ਕੁੱਵਤ ਤੋਂ ਪਰ੍ਹਾਂ ਦੀ ਪੈਸੇ ਦੀ ਹਵਸ ਕਾਰਣ ਹਰ ਸਰੋਕਾਰ ਨੂੰ ਸਾਇਡ ਬਿਜਨਸ ਸਮਝਣ ਵਾਲੇ ਕਿਰਦਾਰ 'ਚੋਂ ਪੈਦਾ ਹੋਈਆਂ ਉਨ੍ਹਾਂ ਵਿਡੰਬਨਾਵਾਂ ਦੀਆਂ ਕਰੂਰਤਾਵਾਂ ਦਾ ਬਿਰਤਾਂਤ ਹੈ ਜਿਨ੍ਹਾਂ ਕਾਰਣ ਬੰਦਾ ਆਪਣੀ ਹੋਂਦ ਦੀ ਜ਼ਮੀਨ ਗੁਆ ਬਹਿੰਦਾ ਹੈ ਤੇ ਫਿਰ ਹਰ ਸਮਾਜਿਕ ਸਰੋਕਾਰ ਲਈ ਅਪ੍ਰਸੰਗਿਕ ਹੋ ਜਾਂਦਾ ਹੈ । 'ਰਾਰਾ ਰੋਮਿੰਗ' ਬਾਜ਼ਾਰ ਦੇ ਸੱਭਿਆਚਾਰ 'ਚ ਔਰਤ ਕਿਵੇਂ ਆਪਣੀ ਕਾਮੁਕਤਾ ਦੀ ਸੱਤਾ ਨਾਲ ਆਰਥਿਕਤਾ ਦੇ ਖੜ੍ਹੇਦਾਅ ਪਾਉੜੀ ਪ੍ਰਬੰਧ 'ਚ ਸਿਖਰ 'ਤੇ ਜਾਅ ਪਹੁੰਚਦੀ ਹੈ, ਉਸ ਕਾਰਣ ਪੈਦਾ ਹੋਈ ਹੈਰਾਨੀ ਨੂੰ ਪ੍ਰਗਟਾਉਂਦਾ ਬਿਰਤਾਂਤ ਹੈ ।ਇਸ 'ਚ ਇਹ ਦ੍ਰਿਸ਼ਾਇਆ ਗਿਆ ਹੈ ਕਿ ਕਸਬੀ ਔਰਤ ਨੂੰ ਪਤਾ ਹੈ ਕਿ ਕਿਵੇਂ ਮਰਦ ਦੀਆਂ ਕੰਮਜ਼ੋਰੀਆਂ ਨੂੰ ਆਪਣੀ ਕਾਮੁਕ ਸੱਤਾ ਨਾਲ ਭਨਾਉਣਾ ਹੈ ।

'ਕਬਾੜੀ ਬਾਜ਼ਾਰ' ਸਾਹਿਤ ਪ੍ਰਕਾਸ਼ਨ ਤੇ ਸਾਹਿਤ ਦੀ ਰਾਜਨੀਤੀ ਦੇ ਵਰਤਮਾਨ ਦ੍ਰਿਸ਼ 'ਚ ਸਿਰਜਣਕਾਰੀ ਕਿਵੇਂ ਆਪਣਾ ਮਹੱਤਵ ਤੇ ਮੁੱਲ ਗਵਾ ਰਹੀ ਹੈ ਤੇ ਉਸਦੀ ਥਾਂ ਕਿਵੇਂ ਪੈਸਾ ਕੀਮਤਾਂ ਤੇ ਸੱਤਾ ਨੇ ਸਿਰਜਣਕਾਰੀ ਨੂੰ ਹਾਸ਼ੀਆਕ੍ਰਿਤ ਕੀਤਾ ਹੈ, ਉਸ ਵਿਸ਼ਾਦ ਨੂੰ ਬੜੀ ਮਾਰਮਿਕ ਦ੍ਰਿਸ਼ਕਾਰੀ ਰਾਹੀਂ ਪੇਸ਼ ਕਰਦੀ ਹੈ ।'ਲਵ ਇਨ ਟੋਕੀਓ' 'ਚ ਚਿੱਤਰ ਕਲਾ ਦੀ ਮੰਡੀ 'ਚ ਕਲਾ ਤੇ ਕਲਾਕਾਰ ਦੇ ਸ਼ੋਸ਼ਣ ਦੇ ਨਾਲ ਨਾਲ ਕਲਾ ਦੇ ਵਿਓਪਾਰੀ ਤੇ ਕਲਾਕਾਰ ਦੇ ਸਬੰਧਾਂ ਦੀ ਮਾਨਸਿਕਤਾ ਨੂੰ ਪੇਸ਼ ਕੀਤਾ ਗਿਆ ਹੈ ਅਤੇ ਇਹ ਦਿਖਾਇਆ ਗਿਆ ਹੈ ਕਿ ਇਸ ਵਰਤਾਰੇ 'ਚ ਕਲਾਕਾਰ ਦੀ ਕਲਾ ਦਾ ਕਿਵੇਂ ਹਰਣ ਹੁੰਦਾ ਹੈ ਤੇ ਕਿਵੇਂ ਕਲਾਕਾਰ ਆਪਣੀ ਕਲਾਕਾਰੀ ਤੇ ਕਲਾ ਤੋਂ ਵਿਛੁੰਨਿਆ ਜਾਂਦਾ ਹੈ ।

'ਆਂਟੀ ਪ੍ਰਾਬਲਮ' 'ਚ ਔਰਤ ਦੇ ਕਿਰਦਾਰ 'ਚ ਸਮਾਜਿਕਤਾ ਦੀ ਕਰੂਰਤਾ ਕਾਰਣ ਪੈਦਾ ਹੋਈ ਕੁਰੱਖ਼ਤਗੀ ਦੇ ਹੇਠਾਂ ਕਿਸੇ ਮਾਨਵੀ ਅਹਿਸਾਸ ਤੇ ਸੁਹਿਰਦਤਾ ਦੇ ਪਏ ਹੋਣ ਦੇ ਵਿਰੋਧਾਭਾਸ ਨੂੰ ਬਿਰਤਾਂਤਕ ਦ੍ਰਿਸ਼ਕਾਰੀ ਪ੍ਰਦਾਨ ਕੀਤੀ ਗਈ ਹੈ ।

'ਉਰਫ਼ ਜਾਨੀ ਚੋਰ' ਵੀ ਔਰਤ ਦੇ ਬਾਹਰੀ ਕਿਰਦਾਰ ਤੇ ਉਸਦੀ ਗ਼ਹਿਨ ਹੋਂਦ 'ਚ ਬੈਠੇ ਸੂਖ਼ਮ ਪੱਖਾਂ ਦੇ ਵਿਰੋਧਾਭਾਵ ਨੂੰ ਪੇਸ਼ ਕੀਤਾ ਗਿਆ ਹੈ ।'ਘੁਸਮੁਸਾ' ਵੀ ਔਰਤ ਦੇ ਔਰਤਪਨ ਦੀ ਤਹਿਾਂ ਨੂੰ ਫਰੋਲਦਾ ਬਿਰਤਾਂਤ ਹੈ । 'ਦੁੱਧ ਪੁੱਤ' ਇਲੈਕਟਰਾ ਕੰਪਲੈਕਸ ਦੇ ਬਿਰਤਾਂਤ ਦਾ ਪਾਠ ਹੈ ਜਿਸ 'ਚ ਇਕ ਵਿਧਵਾ ਆਪਣੇ ਗੋਦ ਲਏ ਪੁੱਤ 'ਚੋਂ ਪਤੀ ਦੀ ਸੁਰੱਖਿਅਤਾ ਦੀ ਕਾਮਨਾ ਪਾਲਦੀ ਹੋਈ ਵਿਸ਼ਾਦ ਤੇ ਉਦਾਸੀਨਤਾ ਦੀ ਮਨੋਸਥਿਤੀ 'ਚ ਪਹੁੰਚ ਜਾਂਦੀ ਹੈ ।'ਪਾਲੋ ਘੜਾਲੋ' ਕਿੰਸ਼ਰ

ਅਵੱਸਥਾ 'ਚ ਵਿਰੋਧੀ ਸੈਕਸ ਪ੍ਰਤਿ ਪੈਦਾ ਹੋਏ ਸੰਮੋਹਨ ਤੇ ਕਬਜ਼ੇ ਦੀ ਭਾਵਨਾ ਦੇ ਤਣਾਓ ਦੀ ਮਾਨਸਿਕਤਾ ਨੂੰ ਜਵਾਨ ਮਨ ਦੀ ਮਨੋਸਥਿਤੀ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦੀ ਹੈ ।

ਇੰਝ 'ਬੰਟੀ ਬਾਜ਼ਾਰ' ਦੀ ਕਥਾਕਾਰੀ ਮਨ ਦੀ ਭਾਸ਼ਿਕ ਦ੍ਰਿਸ਼ਕਾਰੀ ਕਹੀ ਜਾ ਸਕਦੀ ਹੈ ਜਿਸਨੂੰ ਸਥਾਪਿਤ ਪੜ੍ਹਨ ਪੱਧਤੀ ਤੋਂ ਹੱਟ ਕੇ ਪੜ੍ਹਨਾ ਦਰਕਾਰ ਹੈ । ਗੁਲ ਚੌਹਾਨ ਬੰਦੇ ਦੇ ਮਨ ਨੂੰ ਉਸਦੀਆਂ ਸਾਰੀਆਂ ਵਿਡੰਬਨਾਵਾਂ, ਵਿਰੋਧਾਭਾਵਾਂ ਤੇ ਵਿਰੋਧਾਭਾਸਾਂ ਨੂੰ ਦ੍ਰਿਸ਼ਕਾਰੀ ਦੀ ਭਾਸ਼ਾ ਰਾਹੀਂ ਬਿਆਨ ਕਰਦਾ ਹੈ । ਉਸਨੇ ਇਸ ਕਥਾਕਾਰੀ 'ਚ ਯਥਾਰਥ ਨੂੰ ਆਪਣੇ ਨਿੱਜਤਵ ਦੇ ਅਨੁਭਵੀ ਜਗਤ 'ਚੋਂ ਕਸ਼ੀਦ ਕੇ ਅਜਿਹੇ ਮਖ਼ਸੂਸ ਲਹਿਜੇ 'ਚ ਬਿਆਨਿਆ ਹੈ ਜਿਸ ਕਾਰਣ ਇਸਦੀ ਭਾਸ਼ਾ ਦਾ ਆਪਣੀ ਤਰ੍ਹਾਂ ਦਾ ਸਹਿਜ ਸਮੂਰਤਨ ਹੋਇਆ ਹੈ ਜੋ ਪੰਜਾਬੀ ਕਹਾਣੀ ਦੇ ਖੇਤਰ 'ਚ ਆਪਣੀ ਤਰ੍ਹਾਂ ਦਾ ਤੇ ਨਿਵੇਕਲਾ ਹੈ । ਅਨੁਭਵ ਦੀ ਨਿੱਜਤਾ ਕਾਰਣ ਕਥਾ ਦਾ ਰੂਪ, ਬਣਤਰ ਤੇ ਬੁਣਾਵਟ ਵੀ ਵਿਲੱਖਣ ਹੈ । ਇਸ ਤਰ੍ਹਾਂ ਦੀ ਸ਼ਕਤੀਸ਼ਾਲੀ ਬਿਰਤਾਂਤਕਤਾ ਪੱਛਮੀ ਕਹਾਣੀ 'ਚ ਜਾਂ ਓ ਹੈਨਰੀ ਕੋਲ ਹੈ ਜਾਂ ਉਰਦੂ ਕਹਾਣੀ 'ਚ ਮੰਟੋ ਕੋਲ । ਓ ਹੈਨਰੀ ਬੰਦੇ ਦੇ ਮਨ ਦੀ ਸੂਖ਼ਮਤਾ ਨੂੰ ਸੂਖ਼ਮ ਭਾਸ਼ਾ 'ਚ ਪੇਸ਼ ਕਰਦਾ ਹੈ ਜਦਕਿ ਮੰਟੋ ਬੰਦੇ ਦੀ ਮਾਨਸਿਕਤਾ ਨੂੰ ਮਨ ਦੀਆਂ ਸੂਖ਼ਮਤਾਵਾਂ ਤੇ ਸਮਾਜ ਦੀਆਂ ਕਰੂਰਤਾਵਾਂ ਦੇ ਸਮੀਕਰਣ 'ਚ ਪੇਸ਼ ਕਰਦਾ ਹੈ । ਉਮੀਦ ਹੈ 'ਬੰਟੀ ਬਾਜ਼ਾਰ' ਦੇ ਇਸ ਵਿਸ਼ਲੇਸ਼ਣ ਤੇ ਮੁਲਾਂਕਣ ਨਾਲ ਪੰਜਾਬੀ ਕਹਾਣੀ ਆਲੋਚਨਾ ਕੋਲੋਂ ਗੁਲ ਚੌਹਾਨ ਦੀ ਕੀਤੀ ਗਈ ਅਣਦੇਖੀ ਕਾਰਣ ਪੈਦਾ ਹੋਇਆ ਖੱਪਾ ਕਿਸੇ ਹੱਦ ਤੱਕ ਪੂਰਿਆ ਜਾ ਸਕੇਗਾ ।


## ਨਵਯੁਗ ਪਬਲਿਸ਼ਰਜ਼ ਦੀਆਂ ਛਪੀਆਂ ਪੁਸਤਕਾਂ

**ਚੋਣਵੀਆਂ ਅਫ਼ਰੀਕੀ ਕਹਾਣੀਆਂ**
**ਅਨੁਵਾਦਕ ਤੇ ਸੰਪਾਦਕ : ਬਲਬੀਰ ਮਾਧੋਪੁਰੀ**
ਪੰਨੇ : 160 ਮੁੱਲ : 250 ਰੁ:

**ਜੀਵਨ ਜੀਵਨ**
**ਰਤਨ ਸਿੰਘ**
ਪੰਨੇ :120 ਮੁੱਲ : 200 ਰੁ:

**ਦੋ ਕਾਵਿ ਸੰਗ੍ਰਹਿ**
**ਮੁੱਠੀ 'ਚੋਂ ਕਿਰਦੀ ਰੇਤ**
**ਸੁਰਿੰਦਰ ਢਿੱਲੋਂ**
ਪੰਨੇ : 120 ਮੁੱਲ : 150 ਰੁ:

**ਨਦੀ ਜ਼ਿੰਦਗੀ ਦੀ**
**ਗੁਰਪ੍ਰੀਤ ਅਨੰਦੀ**
ਪੰਨੇ :100 ਮੁੱਲ : 175 ਰੁ:
ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ




## ਉਸ ਪਲ/ ਸਿਮਰਨ ਧਾਲੀਵਾਲ
**ਸੰਗਮ ਪਬਲੀਕੇਸ਼ਨ; 2015, ਮੁੱਲ: 150/-, ਪੰਨੇ:96**

ਸਿਮਰਨ ਧਾਲੀਵਾਲ ਦਾ ਦੂਜਾ ਕਹਾਣੀ-ਸੰਗ੍ਰਹਿ ਹੈ, 'ਉਸ ਪਲ'। ਇਸ ਤੋਂ ਪਹਿਲਾਂ 'ਆਸ ਅਜੇ ਬਾਕੀ ਹੈ' ਕਹਾਣੀ-ਸੰਗ੍ਰਹਿ ਨਾਲ ਉਸ ਨੇ ਕਹਾਣੀ ਖੇਤਰ ਵਿੱਚ ਪੈਰ ਪਾਇਆ ਸੀ। ਇਸ ਸੰਗ੍ਰਹਿ ਵਿੱਚ ਕੁੱਲ ਨੌਂ ਕਹਾਣੀਆਂ ਹਨ। ਜਿਨ੍ਹਾਂ ਵਿਚੋਂ ਸਿਰਲੇਖ ਵਾਲੀ ਕਹਾਣੀ 'ਉਸ ਪਲ' ਦੇ ਦੋ ਭਾਗ ਹਨ। ਆਪਣੀਆਂ ਸਾਰੀਆਂ ਕਹਾਣੀਆਂ ਵਿੱਚ ਸਿਮਰਨ ਧਾਲੀਵਾਲ ਅਜਿਹੇ ਮਨੁੱਖ ਨੂੰ ਕੇਂਦਰ ਵਿੱਚ ਰੱਖਦਾ ਹੈ,ਜੋ ਆਪਣੇ-ਆਪ ਦੇ ਹੀ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਉਸ ਦਾ ਇਕ ਹਿੱਸਾ ਉਸ ਦੇ ਕਹੇ ਅਨੁਸਾਰ ਚਲਦਾ ਹੈ ਤੇ ਦੂਜਾ ਹਿੱਸਾ, ਉਸ ਨੂੰ ਆਪਣੇ ਕਹੇ ਅਨੁਸਾਰ ਚਲਾਉਂਦਾ ਹੈ, ਭਾਵੇਂ ਉਸ ਚਲਣ ਵਿੱਚ ਦੀ ਮਰਜ਼ੀ ਸ਼ਾਮਿਲ ਹੋਵੇ ਭਾਵੇਂ ਨਾ ਹੋਵੇ,ਪਰ ਉਸ ਨੂੰ ਚਲਣ ਲਈ ਮਜ਼ਬੂਰ ਹੋਣਾ ਹੀ ਪੈਂਦਾ ਹੈ, ਕਿਉਂਕਿ ਵਕਤ ਦਾ ਤਕਾਜ਼ਾ ਹੀ ਅਜਿਹਾ ਹੈ। ਇਸ ਲਿਹਾਜ਼ ਨਾਲ ਲੇਖਕ ਸਮੇਂ ਦੀ ਉਸ ਨਬਜ਼ ਨੂੰ ਫੜਦਾ ਹੈ; ਜਿੱਥੇ ਮਨੁੱਖ ਦਾ ਅਸਤਿਤਵ ਖੇਰੂ-ਖੇਰੂ ਹੋ ਰਿਹਾ ਹੈ। ਇਹ ਤੱਥ ਉਸ ਦੀਆਂ ਸਾਰੀਆਂ ਹੀ ਕਹਾਣੀਆਂ ਵਿਚੋਂ ਉਭਰ ਕੇ ਸਾਹਮਣੇ ਆਉਂਦਾ ਹੈ।

'ਲਕੀਰ ਦੇ ਉਸ ਪਾਰ' ਦੀ ਕੀਰਤੀ ਆਪਣੇ ਸੁਫ਼ਨਿਆਂ ਦੇ ਵਿਸਤਾਰ ਲਈ ਆਪਣੇ ਛੋਟੇ ਸ਼ਹਿਰ ਤੋਂ ਨਿਕਲ ਕੇ ਵੱਡੇ ਸ਼ਹਿਰ ਆ ਪਹੁੰਚੀ। ਇੱਥੇ ਉਸ ਦੇ ਸੁਫ਼ਨੇ ਤਾਂ ਕਿਸੇ ਹੱਦ ਤਕ ਪੂਰੇ ਹੋ ਗਏ, ਪਰ ਉਸ ਦੀ ਬਹੁਤ ਵੱਡੀ ਕੀਮਤ ਉਸ ਨੂੰ ਚੁਕਾਉਣੀ ਪਈ। ਕਿਸੇ ਨਾਲ ਲਿਵ ਇਨ ਵਿੱਚ ਰਹਿੰਦੇ ਹੋਏ ਉਹ ਬੀਵੀ ਤਾਂ ਨਾ ਬਣੀ, ਸਗੋਂ 'ਗਰਲ ਫ੍ਰੈਂਡ' ਵੀ ਨਾ ਰਹੀ। 'ਭੀੜ ਵਿੱਚ ਗੁਆਚਿਆ ਚਿਹਰਾ' ਵਾਲਾ ਇੰਦਰ ਤੇ ਆਈ.ਪੀ.ਐਸ ਸੰਘਾ ਵੀ ਦੂਹਰੇ ਵਿਅਕਤੀਤਵ ਵਿੱਚ ਉਲਝਿਆ ਪਾਤਰ ਹੈ। ਕਦੇ ਲੋਕਾਂ ਪ੍ਰਤੀ ਹਿਮਾਇਤੀ ਸੋਚ ਰੱਖਣ ਵਾਲਾ ਇੰਦਰ ਅੱਜ ਪ੍ਰਾਪਟੀਡੀਲਰ ਬਣ ਕੇ ਆਪਣੇ ਅੰਦਰਲੇ ਇੰਦਰ ਦੀ ਸੰਘੀ ਘੁੱਟ ਦੇਣਾ ਚਾਹੁੰਦਾ ਹੈ। ਇਸੇ ਦੂਹਰੇ ਵਿਅਕਤੀਤਵ ਨਾਲ ਜੂਝਦੀ ਹੈ, ਉਸ ਪਲ ਕਹਾਣੀ ਦੀ ਮੈਡਮ ਰਾਵੀ ਤੇ ਕਵਿਤਾ ਵਿਚਕਾਰ ਤਨਾਓ ਚਲਦਾ ਹੈ, ਜਿਸ ਨਾਲ ਉਸ ਦਾ ਮਾਨਸਕ ਸਤੁੰਲਨ ਹੀ ਵਿਗੜਣ ਲੱਗ ਪੈਂਦਾ ਹੈ। ਇਹ ਕਹਾਣੀ ਵਿਆਹ ਬਾਹਰੇ ਰਿਸ਼ਤੇ ਦੇ ਦਵੰਦ ਨੂੰ ਸਿਰਜਦੀ ਹੈ।

'ਹੁਣ ਮੈਂ ਝੂਠ ਨਹੀਂ ਬੋਲਦਾ', 'ਜਿੰਨ੍ਹਾਂ ਦਾ ਕੋਈ ਘਰ ਨਹੀਂ ਹੁੰਦਾ' ਕਹਾਣੀਆਂ ਉਨ੍ਹਾਂ ਨੌਜਵਾਨਾਂ ਦੀ ਬਾਤ ਕਰਦੀਆਂ ਹਨ, ਜੋ ਬਹੁਤ ਕੁਝ ਕਰਨ ਦੇ ਸੁਫ਼ਨੇ ਤਾਂ ਜ਼ਰੂਰ ਦੇਖਦੇ ਹਨ ਪਰ ਸਮਾਜ ਦੀ ਚਾਲ ਉਨ੍ਹਾਂ ਦੇ ਵੱਸ ਦੀ ਨਹੀਂ ਹੁੰਦੀ, ਇਸ ਕਰ ਕੇ ਉਹ ਜਾਤਾਂ ਦੀ ਪੀੜਾ ਵੀ ਝੱਲਦੇ ਹਨ ਤੇ ਗਰੀਬੀ ਦੀ ਮਾਰ ਵੀ ਸਹਿੰਦੇ ਹਨ। 'ਸਟਾਰਟਿੰਗ ਪੁਆਇੰਟ' ਨਾਮਕ ਕਹਾਣੀ ਵਿੱਚ ਸਮਾਜ ਤੇ ਮਨ ਦੀਆਂ ਉਲਝਣਾਂ ਤਾਂ ਬਹੁਤ ਦਿੱਸਦੀਆਂ ਹਨ, ਪਰ ਕਹਾਣੀ-ਪੱਖ ਵਿਚੋਂ ਮਨਫ਼ੀ ਨਜ਼ਰ ਆਉਂਦਾ ਹੈ 'ਲੋਕ ਕਹਾਣੀ ਦਾ ਅੰਤ' ਇਕ ਚੰਗੀ ਕਹਾਣੀ ਹੈ,ਜੋ ਬਦਲਦੇ ਸਮੇਂ ਵਿੱਚ ਪੀੜ੍ਹੀਆਂ ਵਿੱਚ ਆਉਂਦੇ ਬਦਲਾਵ ਨੂੰ ਬਿਆਨ ਕਰਦੀ ਹੈ। ਕੁਲ ਮਿਲਾ ਕੇ, ਕਿਹਾ ਜਾ ਸਕਦਾ ਹੈ ਕਿ, ਸਿਮਰਨ ਜਿਹੇ ਨੌਜਵਾਨ ਵਿੱਚ ਕਹਾਣੀ ਕਹਿਣ ਦੀਆਂ ਸੰਭਾਵਨਾਵਾਂ ਦਿੱਸਦੀਆਂ ਹਨ।

**-ਜਸਵਿੰਦਰ ਕੌਰ ਬਿੰਦਰਾ**

## ਪਾਣੀ ਨੂੰ ਲੱਗੀ ਅੱਗ ਵੇ !/ਰਤਨ ਸਿੰਘ
## ਨਵਯੁਗ ਪਬਲਿਸ਼ਰਜ਼, 2015, ਪੰਨੇ:160, ਮੁੱਲ:300/-

ਪਿੱਛਲੇ ਕੁਝ ਅਰਸੇ ਤੋਂ ਰਤਨ ਸਿੰਘ ਦੀਆਂ ਪੰਜਾਬੀ ਵਿੱਚ ਲਗਾਤਾਰ ਕਵਿਤਾਵਾਂ ਤੇ ਕਹਾਣੀਆਂ ਛਪ ਰਹੀਆਂ ਹਨ। 'ਬਾਤ' ਤੇ 'ਕਿਣਮਿਣ ਕਣੀਆਂ' ਮਗਰੋਂ ਛੇਤੀ ਹੀ ਉਨ੍ਹਾਂ ਦਾ ਇਹ ਤੀਜਾ ਕਹਾਣੀ-ਸੰਗ੍ਰਹਿ 'ਪਾਣੀ ਨੂੰ ਲੱਗੀ ਅੱਗ ਵੇ! 'ਸਾਡੇ ਸਾਹਮਣੇ ਹਾਜ਼ਿਰ ਹੈ। ਇਸ ਸੰਗ੍ਰਹਿ ਵਿੱਚ ਕਰੀਬ 32 ਕਹਾਣੀਆਂ ਹਨ। ਸਾਰੀਆਂ ਹੀ ਕਹਾਣੀਆਂ ਜੀਵਨ ਦੀ ਖ਼ੂਬਸੂਰਤੀ ਤੇ ਜੀਵਨ-ਤੱਥਾਂ, ਪ੍ਰਕ੍ਰਿਤਕ ਸੁੰਦਰਤਾ ਤੇ ਪਿਆਰ ਭਰੇ ਸੰਦੇਸ਼ ਦੇਂਦੀਆਂ ਹਨ।

ਸੰਗ੍ਰਹਿ ਦੀ ਸਿਰਲੇਖ ਵਾਲੀ ਕਹਾਣੀ 'ਪਾਣੀ ਨੂੰ ਲੱਗੀ ਅੱਗ ਵੇ!' ਵੰਡ ਦੇ 67 ਵਰ੍ਹਿਆਂ ਮਗਰੋਂ ਜਦੋਂ ਤੀਜੀ-ਚੌਥੀ ਪੀੜੀ ਜਵਾਨ ਹੋ ਚੁੱਕੀ ਹੈ, ਇਹ ਕਹਾਣੀ ਵੰਡ ਦੇ ਉਸ ਹਾਦਸੇ ਤੇ ਵਰਤਾਰੇ ਦਾ ਬਦਲਾ ਲੈਂਦੀ ਹੈ। ਕਹਾਣੀ ਕਿਸੇ ਧਰਮ-ਜਾਤ ਦਾ ਜ਼ਿਕਰ ਨਹੀਂ ਕਰਦੀ, ਬਸ ਔਰਤ ਨਾਲ ਕੀਤੀ ਜ਼ਬਰਦਸਤੀ ਦਾ ਬੜੇ ਸੰਜਮ ਤੇ ਡਾਢੇਪਨ ਨਾਲ ਹੋਈ ਜ਼ਿਆਦਤੀ ਦਾ ਬਦਲਾ ਲੈਂਦੀ ਹੈ। ਕਰਮੋ ਨੇ ਖੱਦਰ ਉਤੇ ਕਢਾਈ ਕੀ ਕੀਤੀ, ਬਸ ਉਸ ਨੂੰ ਆਪਣੇ ਪੋਟਿਆਂ ਨਾਲ ਸੁਹਣੇ ਬਾਗ ਵਿੱਚ ਬਦਲ ਦਿੱਤਾ। ਕਈਆਂ ਨੇ ਪ੍ਰਸੰਸਾ ਕੀਤੀ ਤੇ ਕਈਆਂ ਨੇ ਉਸ ਉਤੇ ਹੱਕ ਜਮਾਉਣ ਦੀ ਕੋਸ਼ਿਸ਼ ਕੀਤੀ ਤੇ ਉਸ ਕੱਢੇ ਹੋਏ ਬਾਗ ਨੂੰ ਫੂਕ ਦਿੱਤਾ। ਆਖਿਰ ਇਹੋ ਤਾਂ 'ਸੋਚਣ ਵਾਲੀ ਗੱਲ' ਹੈ। ਉਤਸਾਹ ਨਾਲ ਆਪਣੇ ਜੀਵਨ ਦੀ ਸਰਦਾਰੀ ਕਰਦਾ ਬੰਦਾ 'ਨਿੱਕਾ ਜਿਹਾ ਰੱਬ' ਹੀ ਹੁੰਦਾ ਹੈ, ਕੋਈ ਜਮਦੂਤ ਸੌਖਿਆਂ ਹੀ ਹੱਥ ਨਹੀਂ ਪਾ ਸਕਦਾ। ਲੰਮੀ ਉਮਰ ਵਿੱਚ ਇੱਕਲਤਾ ਇਕ ਰੋਗ ਬਣ ਜਾਂਦੀ ਹੈ, ਉਸ ਵਿੱਚ ਪ੍ਰੋ. ਕੁਲਕਰਨੀ ਆਪਣੇ ਰੋਜ਼ ਦੇ ਝੱਸ ਨੂੰ ਪੂਰਾ ਕਰਨ ਲਈ ਡਰਾਇੰਗ-ਰੂਮ ਨੂੰ ਹੀ ਕਦੇ ਕਾਫੀ-ਹਾਊਸ ਤੇ ਕਦੇ ਬਾਰ ਬਣਾ ਲੈਂਦਾ ਹੈ। ਉਦਾਸੀ ਵਿੱਚ ਆਪਣੇ ਇਕ ਈਰਖਾਲੂ ਦੋਸਤ ਨੂੰ ਲੰਮੀ ਉਮਰ ਦਾ ਵਰ ਦੇ ਕਰ ਇਕ ਤਰ੍ਹਾਂ ਨਾਲ ਬਦਲਾ ਲੈਂਦਾ ਹੈ। ਖਿੜੀ 'ਨਵੀਂ ਕੋਂਪਲ' ਦੋਵਾਂ ਮੀਆਂ-ਬੀਵੀ ਨੂੰ ਖ਼ੁਸ਼ ਹੋ ਕੇ ਜੀਵਨ ਜਿਊਣ ਦਾ ਸੰਦੇਸ਼ ਦੇ ਜਾਂਦੀ ਹੈ।

ਸੇਠਾਂ ਲਈ 'ਧਰਮ ਦਾ ਧੰਦਾ' ਕਾਫੀ ਫਾਇਦੇਮੰਦ ਸਾਬਿਤ ਹੁੰਦਾ ਹੈ, ਨਾਲੇ ਪੁੰਨ ਨਾਲੇ ਫਲੀਆਂ ਸਦੀਆਂ ਮਗਰੋਂ ਵੀ ਹੀਰ ਰਾਂਝੇ ਨੂੰ ਇੱਕਲੇ ਛੱਡ ਕੇ ਫਰਿਸ਼ਤੇ ਦੇ ਬੁਲਾਵੇ ਤੇ ਰੱਬ ਕੋਲ ਜਾਣਾ ਵੀ ਸਵੀਕਾਰ ਨਹੀਂ ਕਰਦੀ, ਜਦਕਿ ਪੁਲਿਸ ਦੇ ਕਹਿਣ ਤੇ ਖ਼ੁਸ਼ੀ ਨਾਲ ਚੱਲਣ ਲਈ ਤਿਆਰ ਹੋ ਜਾਂਦੀ ਹੈ, ਕਿਉਂਕਿ ਉਥੇ ਰਾਂਝਾ ਉਸ ਦੇ ਨਾਲ ਹੀ ਹੋਏਗਾ। ਇਹ 'ਪਿਆਰ ਦੀ ਲੀਕਾਂ' ਸਦੀਆਂ ਮਗਰੋਂ ਵੀ ਨਹੀਂ ਮਿੱਟਣੀਆਂ। ਭਾਰਤ-ਪਾਕ ਦੋਵਾਂ ਥਾਵਾਂ ਤੇ ਭਗਤ ਸਿੰਘ ਤੇ ਉਸ ਜਿਹੇ ਸ਼ਹੀਦਾਂ ਲਈ ਇਕੋ ਜਿਹਾ ਹੀ ਪਿਆਰ ਤੇ ਸ਼ਰਧਾ ਮੌਜੂਦ ਹੈ, ਪਰ ਉਨ੍ਹਾਂ 'ਸ਼ਹੀਦਾਂ ਦੇ ਬੋਲਦੇ ਬੁੱਤ' ਦੋਵੇਂ ਥਾਂ ਹੀ ਰੋਂਦੇ ਹਨ, ਕਿਉਂਕਿ ਵਿਦੇਸ਼ੀ ਹਾਕਮਾਂ ਦੀ ਬਜਾਏ ਆਪਣਿਆਂ ਨੇ ਆਜ਼ਾਦੀ ਦੇ ਪੁੱਠੇ ਹੀ ਅਰਥ ਕੱਢ ਲਏ ਹਨ। ਬੰਦਾ ਆਪਣੇ ਕਦ-ਬੁੱਤ ਨਾਲ 'ਬੌਣਾ' ਨਹੀਂ ਹੁੰਦਾ, ਸੋਚ ਤੇ ਨੀਅਤ ਨਾਲ ਹੁੰਦਾ ਹੈ।

ਰਤਨ ਸਿੰਘ ਦੀ ਹਰ ਕਹਾਣੀ ਇਕ ਨਵਾਂ ਸੰਦੇਸ਼ ਤੇ ਸੇਧ ਦੇਂਦੀ ਹੈ, ਜਿਸ ਵਿਚੋਂ ਆਸਾ ਤੇ ਸਕਾਰਾਤਮਕ ਪੱਖ ਕਿਤੇ ਵੀ ਮਨਫ਼ੀ ਨਹੀਂ ਹੁੰਦਾ। ਭਾਰਤ-ਪਾਕ ਵੰਡ ਦਾ ਦਰਦ ਅਜੇ ਵੀ ਉਸ ਨੂੰ ਸਾਲਦਾ ਹੈ, ਜ਼ਿੰਦਗੀ ਦੀ ਛੋਟੀਆਂ-ਛੋਟੀਆਂ ਖੁਸ਼ੀਆਂ ਨੂੰ ਉਹ ਅਹਿਮੀਅਤ ਦੇਂਦਾ ਹੈ ਤੇ ਗਰੀਬੀ ਤੇ ਅਨਿਆਂ ਉਸ ਨੂੰ ਤਕਲੀਫ਼ ਦੇਂਦੇ ਹਨ ਤਾਂ ਹੀ 'ਯਾਰਾਂ ਵੱਜਣ ਵਿੱਚ ਸਤਾਰਾਂ ਮਿੰਟ' ਦੀ ਉਹ ਅਜੇ ਵੀ ਉਡੀਕ ਕਰ ਰਿਹਾ ਹਾਂ ਤਾਂ ਕਿ ਦੁਨੀਆ ਦੇ ਬਾਸ਼ਿੰਦਿਆਂ ਦੀ ਜ਼ਿੰਦਗੀ ਸੰਵਰ ਸਕੇ। ਉਸ ਦੀ ਕਹਾਣੀ ਦੀ ਇਕ ਵੀ ਸਤਰ ਫਾਲਤੂ ਨਹੀਂ, ਜਿਸ ਨੂੰ ਕੱਟਿਆ ਜਾ ਸਕੇ। ਕਹਾਣੀ ਦੀ ਘੜਨ ਐਨੀ ਸੁਘੜ ਹੈ ਕਿ ਬੇਵਾਫੀਆਂ ਲਈ ਕਿੱਧਰੇ ਕੋਈ ਥਾਂ ਨਹੀਂ। ਇਸ ਸੰਗ੍ਰਹਿ ਨੂੰ ਪੜ੍ਹਣ ਦੇ ਨਾਲ- ਨਾਲ ਇਸ ਤੋਂ ਸਿੱਖਣ ਦੀ ਵੀ ਬਹੁਤ ਲੋੜ ਹੈ।

**ਡਾ. ਜਸਵਿੰਦਰ ਕੌਰ ਬਿੰਦਰਾ**

## ਬਾਤਾਂ ਸ਼ਾਤਾਂ , ਲੇਖਕ : ਮੁਸ਼ਤਾਕ

ਇੰਗਲੈਂਡ-ਵਾਸੀ ਮੁਸ਼ਤਾਕ ਪੰਜਾਬੀ,ਉਰਦੂ ਤੇ ਹਿੰਦੀ ਦਾ ਲੇਖਕ ਹੈ; ਜਿਸ ਨੇ ਸ਼ਾਇਰੀ ਦੇ ਨਾਲ਼ ਕਹਾਣੀਆਂ ਤੇ ਲੇਖ ਵੀ ਲਿਖੇ ਹਨ। ਬਾਤਾਂ ਸ਼ਾਤਾਂ ਪੰਜਾਬੀ ਦੀ ਦਸਵੀਂ ਕਾਵਿ-ਪੁਸਤਕ ਹੈ। ਸਵੀ ਨੇ ਇਸ ਨੂੰ ਰੀਝ ਨਾਲ਼ ਫੁਲਾਂ ਦਾ ਬਾਰਡਰ ਲਾ ਕੇ ਪ੍ਰਕਾਸ਼ਿਤ ਕੀਤਾ ਹੈ। 'ਇਕ ਬਚੇ ਦੀ ਪੁਕਾਰ' ਦੇ ਪਹਿਲੇ ਪੈਰੇ 'ਚ ਇਸ ਕਿਤਾਬ ਦੀ ਖ਼ੂਬੀ-ਖਾਮੀ ਨੂੰ ਦੇਖਿਆ ਜਾ ਸਕਦਾ ਹੈ:

ਮੈਨੂੰ ਉਸ ਘਰ 'ਚ ਨਾ ਭੇਜੀਂ
ਜਿਥੇ ਬਚੀ ਦੇ ਜਨਮ 'ਤੇ ਨਮੋਸ਼ੀ
ਪਰ ਲੜਕੇ ਦੇ ਜਨਮ 'ਤੇ
ਗਲੀ ਮਹੁਲੇ 'ਚ
ਦਿਨ ਰਾਤ ਪਾਰਟੀਆਂ ਹੁੰਦੀਆਂ ਹਨ
ਬੋਤਲਾਂ ਹਵਾ 'ਚ ਉੜਦੀਆਂ ਹਨ।

ਮੁਸ਼ਤਾਕ ਦੀ 'ਬਾਤਾਂ ਸ਼ਾਤਾਂ' ਦੀਆਂ ਆਪਣੀਆਂ ਬਾਤਾਂ ਹਨ ਜਿਸ ਵਿਚ ਪਿੰਡ ਦਾ ਬੋਹੜ ਵੀ ਹੈ ਤੇ ਖਾਲੀ ਬਾਟਾ ਵੀ। ਤੁਸੀਂ ਇਹਦੀ ਛਾਂ 'ਚ ਬਹਿ ਸਕਦੇ ਹੋ ਤੇ ਖਾਲੀ ਬਾਟੇ 'ਚ ਮਨ-ਮਰਜ਼ੀ ਦਾ ਪਾ ਕੇ ਪੀ ਸਕਦੇ ਹੋ।

## ਮਲਾਹਾਂ ਤੋਂ ਬਿਨਾਂ
## ਕਵੀ : ਦੀਪਕ ਧਲੇਵਾਂ

ਦੀਪਕ ਨੇ ਆਪਣਾ ਸਹਿਤਕ ਸਫਰ 'ਨਦੀ ਕਲਾਵੇ ਰੇਤ' ਨਾਲ਼ 2010 ਵਿਚ ਸ਼ੁਰੂ ਕੀਤਾ। ਇਸ ਕਿਤਾਬ ਦੀ ਭੂਮਿਕਾ ਡਾ. ਜਗਤਾਰ ਨੇ ਲਿਖੀ। 'ਮਲਾਹਾਂ ਤੋਂ ਬਿਨਾਂ' ਦੀਪਕ ਦੀ ਨਵਾਂ ਗ਼ਜ਼ਲ-ਸੰਗ੍ਰਹਿ ਹੈ, ਜਿਸ ਦੀ ਭੂਮਿਕਾ 'ਮੌਲਿਕ ਦਰਦ ਦੀ ਰੰਗਸ਼ਾਜ਼ੀ' ਉੱਘੇ ਗ਼ਜ਼ਲਕਾਰ ਜਸਵਿੰਦਰ ਨੇ ਲਿਖਦਿਆਂ ਕਿਹਾ ਹੈ ਕਿ ਇਸ ਪੁਸਤਕ ਵਿਚ ਸ਼ਾਇਰ ਦੀ ਉਮਰ ਤੋਂ ਤਜ਼ਰਬੇ ਤੋਂ ਵੱਡੇ ਸ਼ਿਅਰ ਪੜ੍ਹ ਕੇ ਹੈਰਾਨੀ ਹੁੰਦੀ ਹੈ। ਇਹੋ ਹੈਰਾਨੀ ਦੀਪਕ ਦੀ ਸ਼ਾਇਰੀ ਦੀ ਜਾਨ ਹੈ । ਤਾਂ ਕਿ ਤੁਸੀਂ ਪੂਰੀ ਕਿਤਾਬ ਪੜ੍ਹਨ ਲਈ ਉਤਾਵਲੇ ਹੋਵੋਂ , ਦੇਖੋ ਕੁਝ ਸ਼ਿਅਰ :

ਦਰਦ ਦੇ ਮੰਜ਼ਰ 'ਤੇ ਆਪਣਾ ਨਾਮ ਲਿਖਿਆ ਰਹਿਣ ਦੇ
ਮੇਰੇ ਸੀਨੇ ਵਿਚ ਕੋਈ ਤੂਫਾਨ ਟਿਕਿਆ ਰਹਿਣ ਦੇ
ਇਕੱਲੇ ਬੈਠ ਕੇ ਖਾਬਾਂ ਦੀ ਥੇਹ ਫੋਲਣ ਤੋਂ ਚੰਗਾ ਸੀ,
ਤੂੰ ਮੇਰੇ ਤੋਂ ਸ਼ੁਰੂ ਹੁੰਦਾ ਮੈਂ ਤੇਰੇ ਤੋਂ ਸ਼ੁਰੂ ਹੁੰਦਾ।
ਬੜਾ ਕੁਝ ਮਹਿਕ ਵਰਗਾ ਬੀਜਿਆ ਰਾਧਾ ਨੇ ਇਕ ਉਮਰੇ,
ਜਦੋਂ ਫੁਲਾਂ ਦੀ ਰੁਤ ਆਈ ਤਾਂ ਆਈ ਰੁਕਮਣੀ ਉਤੇ।

ਦੀਪਕ ਦੇ ਖਿਆਲ ਸਾਨੂੰ ਕਿਥੋਂ ਤੋਂ ਕਿਥੇ ਲੈ ਜਾਂਦੇ ਹਨ। ਨੌਜਵਾਨ ਸ਼ਾਇਰ ਦਾ ਸੁਆਗਤ ਹੈ।

-ਗੁਰਪ੍ਰੀਤ

# ਸੜਦੇ ਸਾਜ਼ ਦੀ ਸਰਗਮ : ਚੇਤਿਆਂ ਦੇ ਸੁਰ ਤਾਲ

ਗੁਰਬੀਰ ਸਿੰਘ ਬਰਾੜ (ਡਾ.)

ਪਰਵਾਸੀ ਪੰਜਾਬੀ ਸਾਹਿਤ ਵਿਚ ਸਵੈ-ਜੀਵਨੀਆਂ ਉਂਗਲਾਂ ਤੇ ਗਿਣਨ ਜੋਗੀਆਂ ਹੀ ਹਨ ।ਸਵੈ-ਜੀਵਨੀ ਅਸਲ ਵਿਚ ਸਵੈ-ਇਤਿਹਾਸਕਾਰੀ ਹੀ ਹੁੰਦੀ ਹੈ।ਇਸ ਵਿਚ ਚਿਤ ਵੀ ਲੇਖਕ ਦਾ ਤੇ ਪੱਟ ਵੀ ਲੇਖਕ ਦਾ ।ਏਥੇ ਲੇਖਕ ਨਿਰੰਕੁਸ਼ ਹੁੰਦਾ ਹੈ।ਉਹ ਚਾਹੇ ਆਪਣੇ ਬਿੰਬ ਦਾ ਸੁਨਹਿਰੀਕਰਣ ਕਰ ਦੇਵੇ ਜਾਂ ਯਥਾਰਥ ਦੀ ਜ਼ਮੀਨ ਉੱਤੇ ਆਪਣਾ ਅੱਧ ਘੜ ਪੱਥਰ ਦਾ ਬੁੱਤ ਬਣਾਵੇ ।ਉਹ ਸਾਧਾਰਣ ਹਾਲਾਤਾਂ ਨਾਲ ਜੂਝਦਾ ਬੰਦਾ ਵੀ ਬਣ ਸਕਦਾ ਹੈ ਤੇ ਆਦਰਸ਼ ਕਿਸਮ ਦਾ ਨਾਇਕ ਵੀ ।ਸੋਨੇ ਵਿਚ ਮਿਲਾਵਟ ਤਾਂ ਹੁੰਦੀ ਹੀ ਹੈ ਪਰ ਲੇਖਕ ਚਾਹੁੰਦਾ ਹੋਇਆ ਵੀ ਸੋਨੇ ਵਿਚ ਲੋੜੋਂ ਵੱਧ ਤਾਂਬਾ ਨਹੀਂ ਪਾ ਸਕਦਾ ।ਇਹ ਇਸ ਲਈ ਕਿ ਲੇਖਕ ਆਪਣੇ ਬੀਤੇ ਦੇ ਮੋਹ ਤੇ ਰੁਮਾਂਸ ਤੋਂ ਮੁਕਤ ਨਹੀਂ ਹੋ ਸਕਦਾ । ਉਹ ਆਪਣੀ ਤੁਲਨਾਤਮਕ ਬਿਰਤੀ ਦੇ ਅੰਤਰਗਤ ਬੀਤੇ ਤੇ ਵਰਤਮਾਨ ਨੂੰ ਜਦੋਂ ਤਰਾਜ਼ੂ ਵਿਚ ਪਾਉਂਦਾ ਹੈ ਤਾਂ ਸਹਿਵਨ ਹੀ ਉਸ ਦੀ ਜੀਵਨ ਯਾਤਰਾ ਵਿਰੋਧੀ ਜੁੱਟ ਵਿਚ ਆ ਖਲੋਂਦੀ ਹੈ।

ਸੜਦੇ ਸਾਜ਼ ਦੀ ਸਰਗਮ ਇਕਬਾਲ ਰਾਮੂਵਾਲੀਏ ਦੀ ਸਵੈ-ਜੀਵਨੀ ਦਾ ਪਹਿਲਾ ਹਿੱਸਾ ਹੈ ਜਿਸ ਦਾ ਸੰਬੰਧ ਉਸ ਦੇ ਬਚਪਨ ਤੇ ਜਵਾਨੀ ਨਾਲ ਹੈ।ਉਸ ਨੇ ਦੂਜਾ ਭਾਗ ਵੀ ਤਿਆਰ ਕਰ ਲਿਆ ਹੈ ਜਿਸ ਦਾ ਸਿਰਲੇਖ 'ਬਰ- ਵਿਚ ਉੱਗਦਿਆਂ' ਹੈ।ਇਸ ਸਿਰਲੇਖ ਤੋਂ ਲੱਗਦਾ ਹੈ ਕਿ ਇਸ ਦਾ ਸੰਬੰਧ ਜ਼ਰੂਰ ਪਰਵਾਸ ਨਾਲ ਹੋਵੇਗਾ ।'ਸੜਦੇ ਸਾਜ਼ ਦੀ ਸਰਗਮ' ਨਾਂ ਹੀ ਆਪਣੇ ਆਪ ਵਿਚ ਬਹੁ-ਪਰਤੀ ਤੇ ਬਹੁ-ਪਾਸਾਰੀ ਹੈ।ਕੀ ਸੜਦਾ ਹੋਇਆ ਸਾਜ਼ ਲੇਖਕ ਆਪ ਹੈ ? ਕੀ ਸੜਦਾ ਹੋਇਆ ਸਾਜ਼ ਉਸ ਦੇ ਜੀਵਨ ਦੀਆਂ ਯਾਦਾਂ ਹਨ ? ਕੀ ਸੜਦਾ ਹੋਇਆ ਸਾਜ਼ ਉਸਦੀ ਗਾਇਕੀ ਦਾ ਇਤਿਹਾਸ ਹੈ ? ਕੀ ਸੜਦਾ ਹੋਇਆ ਸਾਜ਼ ਉਸ ਦੀ ਰੂਹ ਦਾ ਕੋਈ ਦੁੱਖ ਹੈ ? ਇਕ ਪਰਤ ਇਹ ਵੀ ਹੈ ਕਿ ਪਿਤਾ ਕਰਨੈਲ ਸਿੰਘ ਪਾਰਸ ਨੂੰ ਇਕ ਸੜਦੇ ਸਾਜ਼ ਨਾਲ ਤਸ਼ਬੀਹ ਦਿੱਤੀ ਜਾ ਸਕਦੀ ਹੈ ? ਪਾਰਸ ਜੇ ਸੜਦਾ ਹੋਇਆ ਸਾਜ਼ ਹੈ ਤਾਂ ਉਸ ਦੀ ਔਲਾਦ ਸਰਗਮ ਦੇ ਰੂਪ ਵਿਚ ਰੂਪਮਾਨ ਹੁੰਦੀ ਹੈ।ਸਰਗਮ ਸੱਤਾਂ ਸੁਰਾਂ 'ਤੇ ਅਧਾਰਿਤ ਹੁੰਦੀ ਹੈ।ਸੱਤ ਸੁਰਾਂ ਨਾਲ ਸੰਗੀਤ ਬਣਦਾ ਹੈ।ਸੰਗੀਤ ਲਈ ਸਾਜ਼ ਲੋੜੀਂਦਾ ਹੈ।ਇੰਝ ਇਕਬਾਲ ਰਾਮੂਵਾਲੀਆ ਜ਼ਿੰਦਗੀ ਦੇ ਕਲਾ ਪ੍ਰਦਰਸ਼ਨ, ਪੈਸਾ, ਭਵਿੱਖ, ਦੇਵਨੇਤ ਦੀਆਂ ਜੁਗਤਾਂ ਨੂੰ ਆਪਣੀ ਜੀਵਨ ਦੀ ਕਹਾਣੀ ਵਿਚ ਢਾਲ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ।

ਉਸ ਦੀ ਕਹਾਣੀ ਪੜ੍ਹ ਕੇ ਪਾਠਕ ਨੂੰ ਯਕੀਨ ਜਿਹਾ ਆ ਜਾਂਦਾ ਹੈ ਕਿ ਲੇਖਕ ਸੱਚੀਆਂ ਗੱਲਾਂ ਕਰਦਾ ਹੈ।ਉਸ ਦੇ ਬਿਰਤਾਂਤ ਤੇ ਸ਼ੈਲੀ ਵਿਚ ਕਮਾਲ ਦੀ ਸਹਿਜਤਾ ਤੇ ਰੌਚਿਕਤਾ ਹੈ।ਇਸੇ ਲਈ ਉਸ ਦੀਆਂ ਗੱਲਾਂ ਦਾ ਤਾਣਾ-ਬਾਣਾ ਮਨ ਨੂੰ ਮੋਹ ਲੈਂਦਾ ਹੈ।ਇਸ ਸਵੈ-ਜੀਵਨੀ ਵਿਚ ਕੋਈ ਜੱਗੋਂ ਬਾਹਰੀ ਗੱਲ ਨਹੀਂ ।ਆਜ਼ਾਦੀ ਦੇ ਨੇੜੇ-ਤੇੜੇ ਜੰਮਿਆਂ ਦੀ ਇਕੋ ਜਿਹੀ ਕਿਸਮਤ ਰਹੀ ਹੈ ਤੇ ਇਨ੍ਹਾਂ ਸਾਰਿਆਂ ਨੇ ਜ਼ਿੰਦਗੀ ਵਿਚ ਸੰਘਰਸ਼ ਤੇ ਜਦੋ-ਜਹਿਦ ਕਰਕੇ ਆਪੋ ਆਪਣੀ ਥਾਂ ਬਣਾਈ ਹੈ।ਅਜਿਹੇ ਬੰਦੇ ਵੀ ਹਨ ਜਿਹੜੇ ਰੇਲਵੇ ਸਟੇਸ਼ਨਾਂ, ਫੁੱਟਪਾਥਾਂ, ਗੁਰਦੁਆਰਿਆਂ, ਮੰਡੀਆਂ, ਚੌਰਾਹਿਆਂ ਤੇ ਉਜਾੜਾਂ ਵਿਚ ਭੁੱਖੇ-ਭਾਣੇ ਸੌਂ ਕੇ ਜ਼ਿੰਦਗੀ ਦੇ ਨਕਸ਼ ਤਾਲਾਸ਼ ਕਰਦੇ ਰਹੇ ।ਇਕਬਾਲ ਰਾਮੂਵਾਲੀਏ ਦੇ ਪਰਿਵਾਰ ਨਾਲੋਂ ਲੋਕਾਂ ਨੇ ਸੈਂਕੜੇ ਗੁਣਾਂ ਜ਼ਿਆਦਾ ਸੰਘਰਸ਼ ਕੀਤਾ ਹੋਵੇਗਾ ਪਰ ਇਸ ਸਵੈ-ਜੀਵਨੀ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਸ ਦਾ ਬਿਰਤਾਂਤ ਏਨਾ ਦਿਲਚਸਪ ਤੇ ਈਮਾਨਦਾਰ ਹੈ ਕਿ ਹਰ ਬੰਦੇ ਨੂੰ ਆਪਣੇ ਦੁੱਖ ਤੇ ਮਿਹਨਤ ਦੇ ਨਕਸ਼, ਇਸ ਵਿਚੋਂ ਨਜ਼ਰ ਆਉਂਦੇ ਹਨ ।ਇਸ ਸਵੈ-ਜੀਵਨੀ ਦਾ ਕਮਾਲ ਇਸ ਦੇ ਬਿਆਨ ਵਿਚ ਹੈ; ਘਟਨਾਵਾਂ ਦੀ ਸੰਗਲੀ ਤੇ ਇਸ ਸੰਗਲੀ ਦੀ ਰੌਚਿਕ ਪੇਸ਼ਕਾਰੀ ਵਿਚ ਵੀ ।ਅਸੀਂ ਸਮਝਦੇ ਹਾਂ ਕਿ ਇਕ ਕਵੀਸ਼ਰ ਬਾਪ ਦੇ ਪੁੱਤਰ ਕਵੀਸ਼ਰੀ ਦੀ ਓਟ ਵਿਚ



ਘਰ ਦਾ ਕਰਜ਼ਾ ਹੀ ਖ਼ਤਮ ਨਹੀਂ ਕਰਦੇ ਸਗੋਂ ਪਿਉ ਨੂੰ ਉਹਨਾਂ ਸਾਰੇ ਸੁੱਖਾਂ ਦਾ ਆਨੰਦ ਮਾਨਣ ਦਾ ਅਵਸਰ ਵੀ ਦਿੰਦੇ ਹਨ ਜਿਹੜੇ ਕਦੇ ਉਸ ਦੀ ਕਲਪਨਾ ਦਾ ਹਿੱਸਾ ਸਨ ।ਕੱਚੇ ਤੋਂ ਪੱਕਾ ਘਰ ਬਣਾਇਆ, ਖ਼ਰਚ ਲਈ ਹੱਥਾਂ ਵਿਚ ਪੈਸੇ ਰਹਿਣ ਲੱਗੇ, ਬਾਪੂ ਖਾ ਤੇ ਪੀ ਸਕਦਾ ਸੀ, ਬੇਬੇ ਹੁਣ ਆਪਣੇ ਪੁੱਤਰਾਂ ਤੇ ਮਾਣ ਕਰ ਸਕਦੀ ਸੀ ।ਇਕਬਾਲ ਰਾਮੂਵਾਲੀਏ ਅਤੇ ਉਸਦੇ ਭਰਾਵਾਂ ਨੇ ਜਿੰਨੀ ਮਰਜ਼ੀ ਤਰੱਕੀ ਕੀਤੀ, ਜੋ ਮਰਜ਼ੀ ਬਣ ਗਏ ਪਰ ਪਹਿਚਾਣ ਇਹਨਾਂ ਦੀ ਅੱਜ ਵੀ ਗਿਆਨੀ ਕਰਨੈਲ ਸਿੰਘ ਪਾਰਸ ਦੇ ਪੁੱਤਰਾਂ ਕਰਕੇ ਹੈ ਕਿਉਂਕਿ ਬਾਪੂ ਕਰਨੈਲ ਸਿੰਘ ਪਾਰਸ ਅਜੇ ਵੀ ਦੋਹਾਂ ਪੀੜ੍ਹੀਆਂ ਵਿਚ ਚਰਚਿਤ ਕਿਰਦਾਰ ਹੈ।

ਸਵੈ-ਜੀਵਨੀ ਵਿਚ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਹਨ ਜਿਥੇ ਪਾਠਕ ਦੀ ਅੱਖ ਭਰ ਸਕਦੀ ਹੈ।ਪਰ ਸਭ ਤੋਂ ਮਹੱਤਵਪੂਰਨ ਗੱਲ ਜਿਹੜੀ ਮੈਨੂੰ ਲੱਗਦੀ ਹੈ ਕਿ ਇਕ ਮੁਸਲਮਾਨ ਪਰਿਵਾਰ ਦੀ ਗੁੱਜ਼ਰ ਔਰਤ ਸੀ ਜਿਸਨੇ ਆਪਣੇ ਦੁੱਧ ਨਾਲ ਇਕਬਾਲ ਰਾਮੂਵਾਲੀਏ ਨੂੰ ਪਾਲਿਆ ਸੀ, ਜਿਵੇਂ ਦੁੱਲੇ ਭੱਟੀ ਦੀ ਮਾਂ ਲੱਧੀ ਨੇ ਆਪਣੇ ਦੁੱਧ ਨਾਲ ਅਕਬਰ ਨੂੰ ।'ਗੁਜ਼ਰੀ', ਮੁਸਲਮਾਨ ਔਰਤ ਹੋਣ ਕਰਕੇ ਜਦੋਂ ਦੇਸ਼ ਵੰਡ ਵੇਲੇ ਔਰਤਾਂ ਦਾ ਅਦਾਨ-ਪ੍ਰਦਾਨ ਹੋ ਰਿਹਾ ਸੀ, ਉਸ ਸਮੇਂ ਗੁਜ਼ਰੀ ਨੂੰ ਵੀ ਜਬਰਦਸਤੀ ਪੁਲਿਸ ਦੀ ਜੀਪ ਵਿਚ ਪਾ ਕੇ ਪਾਕਿਸਤਾਨ ਭੇਜਣ ਦੀ ਕੋਸ਼ਿਸ਼ ਕੀਤੀ ਗਈ ਪਰ ਗੁਜ਼ਰੀ ਦੀ ਰੂਹ ਰਾਮੂਵਾਲੀਏ ਪਿੰਡ ਵਿਚ ਸੀ ।ਉਸ ਨੂੰ ਇਸ ਪਿੰਡ ਦੀ ਮਿੱਟੀ ਨਾਲ ਮੋਹ ਸੀ ।ਸਭ ਤੋਂ ਵੱਧ ਉਹ ਇਕਬਾਲ ਰਾਮੂਵਾਲੀਏ ਦੀ ਪਾਲਕ ਮਾਂ ਸੀ । ਇਹਨਾਂ ਪ੍ਰਸਥਿਤੀਆਂ ਦੇ ਅੰਤਰਗਤ ਉਹ ਪਾਕਿਸਤਾਨ ਕਿਸ ਤਰ੍ਹਾਂ ਜਾ ਸਕਦੀ ਸੀ ।ਉਸਨੇ ਪਿੰਡੋਂ ਬਾਹਰ ਪੁਲਿਸ ਦੀ ਜੀਪ ਵਿਚ ਹੀ ਪ੍ਰਾਣ ਤਿਆਗ ਦਿੱਤੇ ।ਅਜਿਹੀਆਂ ਘਟਨਾਵਾਂ ਮਨੁੱਖ ਦੀ ਸਿਮਰਤੀ ਵਿਚ ਜ਼ਖ਼ਮ ਵਾਂਗ ਟਿਕ ਜਾਂਦੀਆਂ ਹਨ ।ਬੰਦਾ ਚਾਹ ਕੇ ਵੀ ਇਹਨਾਂ ਤੋਂ ਮੁਕਤ ਨਹੀਂ ਹੋ ਸਕਦਾ ।ਉਹ ਆਪ ਆਪਣੀ ਪਾਲਕ ਮਾਂ ਗੁਜ਼ਰੀ ਬਾਰੇ ਲਿਖਦਾ ਹੈ: ਮੈਂ ਕਾਲਜਾਂ 'ਚ ਪੜ੍ਹਿਆ-ਪੜ੍ਹਾਇਆ ; ਦੇਸ-ਬਦੇਸ ਘੁੰਮਿਆ, ਅਣਗਿਣਤ ਦੁਸ਼ਵਾਰੀਆਂ ਨਾਲ ਗੁੱਥਮਗੁੱਥਾ ਹੋਇਆ, ਪਰ ਜਦੋਂ ਵੀ ਆਪਣੇ-ਆਪ ਨਾਲ ਗੁਫਤਗੂ ਕਰ ਰਿਹਾ ਹੁੰਨਾਂ ਤਾਂ ਗੁਜ਼ਰੀ ਦਾ ਅਣਦੇਖਿਆ ਚਿਹਰਾ ਮੇਰੀ ਸੁਰਤੀ 'ਚ ਤਰਨ ਤੋਂ ਨਹੀਂ ਰੁਕਦਾ ।ਮੈਂ ਉਸ ਦੀਆਂ ਬਾਹਾਂ, ਉਸ ਦੀਆਂ ਉਂਗਲਾਂ ਤੇ ਉਸ ਦੀਆਂ ਦੁੱਧੀਆਂ ਨੂੰ ਚਿਤਵਦਾ ਆ ਰਿਹਾ ਹਾਂ ।ਮੈਂ ਉਦ੍ਹੇ ਗਲ਼ 'ਚ ਲਮਕਦੀ ਤਵੀਤੀ ਨੂੰ ਆਪਣੀਆਂ ਨਿੱਕੀਆਂ-ਨਿੱਕੀਆਂ ਉਂਗਲਾਂ ਨਾਲ ਫੜ ਕੇ ਖਿੱਚਦਾ ਹਾਂ...ਜਿਵੇਂ ਮੈਂ ਉਸਦੇ ਗਲ ਉਦਾਲਿਓ ਪਾਕਿਸਤਾਨ ਨੂੰ ਤੋੜ ਰਿਹਾ ਹੋਵਾਂ ।ਉਹ ਕਹਿੰਦੀ ਹੈ: ਛੱਡ ਏਹਨੂੰ ਸ਼ਰਾਰਤੀਆਂ !ਮੈਂ ਆਪਣੇ ਬੁੱਲ੍ਹਾਂ ਨੂੰ ਮਰੋੜ ਕੇ ਆਪਣੇ ਨਿੱਕੇ-ਨਿੱਕੇ ਭਰਵੱਟਿਆਂ ਨੂੰ ਸੰਗੋੜ ਲੈਂਦਾ ਹਾਂ ।ਉਹ ਆਪਣੀ ਪਹਿਲੀ ਉਂਗਲੀ ਮੇਰੇ ਹੇਠਲੇ ਬੁੱਲ੍ਹ 'ਤੇ ਟਿਕਾਅ ਕੇ ਦਬਾਉਂਦੀ ਹੈ ਤੇ ਨਾਲ ਨਾਲ ਚਿਹਰੇ ਨੂੰ ਮੇਰੇ ਵੱਲ ਝੁਕਾਅ ਕੇ ਬੋਲਦੀ ਹੈ: 'ਗੁੱਛੇ' ਹੋਣਾ ਬੀ ਆ ਗਿਆ 'ਛਾਡਾ' ਕਾਲੂ-ਮਾਲੂ ? ਕਾਅ੍ਹਤੋਂ 'ਗੁੱਛੇ' ਹੋ ਗਿਆ 'ਛਾਡਾ' ਲੱਡੂ-ਮੱਡੂ !'ਗੁੱਛੇ' ਹੋਣਾ ਬੀ ਆ ਗਿਆ, 'ਛਾਡੇ' ਭੂੰਡ-ਪਟਾਕੇ ਨੂੰ ? ਮਾਂ 'ਛਦਕੇਅਅ' !ਨੀ ਮੈਂ 'ਬਾਰੀ' ਜਾਮਾ ਮੇਰੇ ਖੰਡ- 'ਪਤਾਛੇ' ਤੋਂ !(ਪੰਨਾ - 24) ਇਕਬਾਲ ਰਾਮੂਵਾਲੀਆ ਅਤੀਤ ਦੀਆਂ ਯਾਦਾਂ ਨੂੰ ਰਿਸ਼ਤਿਆਂ ਦੇ ਪ੍ਰਸੰਗ ਵਿਚ ਭਾਸ਼ਾ ਦੀ ਸਹਾਇਤਾ ਨਾਲ ਪੁਨਰ ਸਿਰਜਣਾ ਦਾ ਪਾਤਰ ਬਣਾਉਂਦਾ ਹੈ ਅਤੇ ਬਿਆਨ ਕਰਦਾ ਹੈ ਜ਼ਿੰਦਗੀ, ਜਿੰਨੀ ਹਸੀਨ ਹੈ ਓਨੀ ਜ਼ਾਲਮ ਵੀ ਹੈ।ਏਹੀ ਕਾਰਨ ਹੈ ਕਿ ਜ਼ਿੰਦਗੀ ਵਿਚ ਦੁੱਖ-ਸੁੱਖ ਮਨੁੱਖ ਦੇ ਨਾਲ-ਨਾਲ ਹੀ ਯਾਤਰਾਵਾਂ ਕਰਦੇ ਹਨ ।

ਇਸ ਸਵੈ-ਜੀਵਨੀ ਵਿਚ ਬਹੁਤ ਸਾਰੇ ਛੋਟੇ-ਛੋਟੇ ਬਿਰਤਾਂਤ ਹਨ ਜੋ ਪਾਠਕ ਨੂੰ ਕਦੇ ਚਕਾਚੌਂਦ ਕਰਦੇ ਹਨ, ਕਦੇ ਸੋਚਣ ਲਈ ਮਜ਼ਬੂਰ ਕਰਦੇ ਹਨ ਤੇ ਕਦੇ ਗੁਰਬਤ ਭਰੀ ਜ਼ਿੰਦਗੀ ਨੂੰ ਵੀ ਸ਼ਿੰਗਾਰ ਸਮਝਣ ਲੱਗਦੇ ਹਨ ।ਇਸ ਪੁਸਤਕ ਵਿਚ ਲਾਲ ਮੌਜੇ ਦਾ ਦਿਲਚਸਪ ਅਤੇ ਯਥਾਰਥਵਾਦੀ ਬਿਰਤਾਂਤ

ਕਿਰਸਾਨੀ ਜੀਵਨ ਦੀਆਂ ਸਰਬਸਾਂਝੀਆਂ ਔਕੜਾਂ ਦੀ ਤਰਜ਼ਮਾਨੀ ਕਰਦਾ ਹੈ।ਸਰਾਭੇ ਦੇ ਪੁੱਤਰ ਬੂਟੇ ਦੀ ਲਾਲ ਮੌਜੇ ਖਰੀਦਣ ਦੀ ਰੀਝ ਦਿਲ ਵਿਚ ਹੀ ਰਹਿ ਜਾਂਦੀ ਹੈ।ਫਸਲ ਤਬਾਹ ਹੋ ਜਾਂਦੀ ਹੈ।ਚਾਵਾਂ ਨਾਲ ਪਾਲੀ ਝੋਟੀ ਸ਼ਾਹੂਕਾਰ ਆਪਣੇ ਲੈਣੇ-ਦੈਣੇ ਵਿਚ ਲੈ ਜਾਂਦਾ ਹੈ।ਬੂਟੇ ਦੇ ਪੈਰਾਂ ਦੀਆਂ ਪਾਟੀਆਂ ਬਿਆਈਆਂ ਉਸਦੀ ਗੁਰਬਤ ਦਾ ਪ੍ਰਤੀਕ ਬਣ ਜਾਂਦੀਆਂ ਹਨ ।ਇਕਬਾਲ ਰਾਮੂਵਾਲੀਆ ਇਸ ਲਘੂ ਬਿਰਤਾਂਤ ਨੂੰ ਬੜੇ ਕਰੁਣਾਮਈ ਢੰਗ ਨਾਲ ਪੇਸ਼ ਕਰਦਾ ਹੋਇਆ ਛੋਟੀ ਕਿਰਸਾਨੀ ਦੇ ਦੁਖਾਂਤ ਨੂੰ ਬੜੀ ਕਲਾਤਮਿਕਤਾ ਨਾਲ ਪੇਸ਼ ਹੀ ਨਹੀਂ ਕਰਦਾ ਸਗੋਂ ਇਸਨੂੰ ਇਮਾਨਦਾਰੀ ਨਾਲ ਸੰਭਾਲਦਾ ਵੀ ਹੈ। ਛੋਟੀ ਕਿਰਸਾਨੀ ਦੀ ਇਸ ਤ੍ਰੈਕਾਲੀ ਸਮੱਸਿਆ ਨੂੰ ਰੂਪਮਾਨ ਕਰਨ ਲਈ ਇਹ ਘਟਨਾ ਨੂੰ ਵਰਤਮਾਨ ਯਥਾਰਥ ਤੇ ਸੁਪਨ ਯਥਾਰਥ ਦੇ ਆਪਸੀ ਸੰਘਰਸ਼ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ ਸਿੱਟੇ ਵਜੋਂ ਲਾਲ ਮੌਜੇ 13, 14 ਸਾਲਾ ਦੇ ਬੱਚੇ (ਬੂਟੇ) ਦਾ ਹੀ ਨਹੀਂ ਸਮੁੱਚੀ ਕਿਰਸਾਨੀ ਦਾ ਸੰਕਟ ਬਣ ਕੇ ਰੂਪਮਾਨ ਹੁੰਦਾ ਹੈ।

ਇਕਬਾਲ ਰਾਮੂਵਾਲੀਆ ਆਪਣੇ ਵੱਡੇ ਭਰਾ ਬਲਵੰਤ ਰਾਮੂਵਾਲੀਆ, ਛੋਟੇ ਭਰਾ ਰਛਪਾਲ ਰਾਮੂਵਾਲੀਏ ਤੇ ਆਪਣੇ ਬਾਰੇ ਬੜੇ ਦਿਲਚਸਪ ਵੇਰਵੇ ਪੇਸ਼ ਕਰਦਾ ਹੈ।ਤਿੰਨਾਂ ਭਰਾਵਾਂ ਕੋਲ ਇਕ ਹੀ ਸਾਈਕਲ ਸੀ ।ਇਸ ਸਾਈਕਲ ਨੂੰ ਉਹ ਲਾਡ, ਪਿਆਰ ਨਾਲ ਲੋਹੇ ਦੀ ਬੱਕੀ ਕਹਿੰਦੇ ਸਨ ।ਬੱਕੀ ਭਾਵੇਂ ਮਿਰਜ਼ੇ ਆਸ਼ਕ ਦੀ ਸੀ ਇਹ ਤਿੰਨੇ ਭਰਾ ਆਸ਼ਕੀ ਨਹੀਂ ਸਨ ਕਰਦੇ ਸਗੋਂ ਇਸ ਬੱਕੀ ਦੀ ਸਵਾਰੀ ਰਾਹੀਂ ਜ਼ਿੰਦਗੀ ਦੀਆਂ ਕਠਨ ਔਕੜਾਂ ਨਾਲ ਨਿਰੰਤਰ ਜੂਝ ਕਰ ਰਹੇ ਸਨ ।ਬਲਵੰਤ ਵੱਡਾ ਹੋਣ ਕਰਕੇ ਦੋਹਾ ਭਰਾਵਾਂ ਦਾ ਸਾਰਥੀ ਸੀ ।ਇਹ ਲੋਹੇ ਦੀ ਬੱਕੀ ਉਹਨਾਂ ਲਈ ਧਰਤੀ ਦਾ ਜਹਾਜ਼ ਸੀ ਜਿਸ ਦੇ ਹਵਾਲੇ ਨਾਲ ਕਵੀਸ਼ਰੀ ਕੀਤੀ, ਪੜ੍ਹਾਈ ਕੀਤੀ, ਪੈਸੇ ਕਮਾਏ ਅਤੇ ਸਕੂਲਾਂ ਕਾਲਜਾਂ ਵਿਚ ਦਾਖ਼ਲੇ ਲੈਣ ਲਈ ਜੁਗਤਾਂ ਵਰਤੀਆਂ ।ਇਹ ਲੋਹੇ ਦੀ ਬੱਕੀ ਲੰਮਾਂ ਸਮਾਂ ਰਾਮੂਵਾਲੀਏ ਭਰਾਵਾਂ ਦੀ ਜ਼ਿੰਦਗੀ ਦਾ ਮਰਕਜ਼ ਬਣੀ ਰਹੀ ।ਕਈ ਵਾਰ ਬੱਕੀ ਨਾਰਾਜ਼ ਵੀ ਹੋ ਜਾਂਦੀ ਤਾਂ ਇਸ ਨੂੰ ਮੋਢਿਆਂ ਤੇ ਵੀ ਚੁੱਕਣਾ ਪੈਂਦਾ ਸੀ ।ਇਕਬਾਲ ਲਿਖਦਾ ਹੈ: 34-35 ਵਰ੍ਹੇ ਕੈਨੇਡਾ 'ਚ ਰਹਿੰਦੀਆਂ ਮੇਰੇ ਪੈਰਾਂ ਲਈ ਸਾਈਕਲ ਦੇ ਪੈਡਲਾਂ 'ਤੇ ਟਿਕਣ ਦਾ ਸਬੱਬ ਕਦੇ ਵੀ ਨਹੀਂ ਬਣਿਆ, ਮਗਰ ਮੇਰੀ ਨੀਂਦਰ, ਸਾਈਕਲਾਂ ਦੇ ਸੁਪਨਿਆਂ ਦੀ ਸਵਾਰੀ, ਅੱਜ ਵੀ ਕਰਦੀ ਰਹਿੰਦੀ ਹੈ।ਕਦੀ ਮੈਂ ਆਪਣੇ ਵੱਡੇ ਭਰਾ ਬਲਵੰਤ ਦੇ ਸਾਈਕਲ ਦੇ ਪਿੱਛੇ ਬੈਠਾ ਹੁੰਦਾ ਹਾਂ, ਤੇ ਕਦੇ ਪੰਕਚਰ ਹੋਏ ਚੱਕਿਆਂ ਲਈ ਮੈਂ ਸਾਈਕਲ ਮੁਰੰਮਤੀ ਦੁਕਾਨਾਂ ਲਭਦਾ ਫਿਰਦਾ ਹਾਂ ।ਕਦੇ ਮੇਰੇ ਸਾਈਕਲ ਦੀ ਚੇਨ ਸੱਪ ਵਾਂਗ ਧਰਤੀ 'ਤੇ ਵਿਛ ਜਾਂਦੀ ਹੈ ਤੇ ਕਦੇ ਕਿਸੇ ਸਾਈਕਲ-ਸਟੈਂਡ 'ਤੇ ਖਲ੍ਹਿਆਰਿਆ ਮੇਰਾ ਸਾਈਕਲ, ਮੈਨੂੰ ਲੱਭਦਾ ਹੀ ਨਹੀਂ ।ਚੱਕਿਆਂ ਦੀਆਂ ਤਾਰਾਂ ਦਾ ਟੁੱਟਣਾ ਤਾਂ ਮੇਰੇ ਸੁਪਨਿਆਂ 'ਚ ਵਾਰ-ਵਾਰ ਵਾਪਰਨ ਵਾਲਾ ਥੀਮ ਬਣ ਜਾਂਦਾ ਹੈ।(ਪੰਨਾ - 81) ਇਕਬਾਲ ਏਥੇ ਆਪਣੇ ਬੀਤੇ ਸਮੇਂ ਨੂੰ ਜਗਾਉਂਦਾ ਹੈ ਮੋਏ ਹੋਏ ਕੱਲ੍ਹ ਨੂੰ ਤੇ ਆਪਣੇ ਸ਼ਖ਼ਸੀ ਇਤਿਹਾਸ ਨੂੰ ਪੂਨਰ ਜੀਵੰਤ ਕਰਨ ਦੇ ਅਮਲ ਨਾਲ ਜੋੜਦਾ ਹੈ।ਅਜਿਹਾ ਕਰਦੇ ਸਮੇਂ ਉਹ ਭਾਸ਼ਾ ਨੂੰ ਮਾਧਿਅਮ ਬਣਾਉਂਦਾ ਹੈ ਤਾਂ ਹੀ ਤਾਂ ਵਰਿਆਮ ਸੰਧੂ ਆਖਦਾ ਹੈ ਇਕਬਾਲ ਪੰਜਾਬ ਦੀ ਮਿੱਟੀ ਵਿਚ ਘੁਲ-ਮਿਲ ਗਏ ਸ਼ਬਦਾਂ ਨੂੰ ਜੌਹਰੀ ਦੀ ਨਜ਼ਰ ਨਾਲ ਤਲਾਸ਼ਦਾ ਹੈ ਉਨ੍ਹਾਂ ਨਾਲ ਜੰਮਿਆ ਧੂੜ ਤੇ ਘੱਟਾ ਸਾ- ਕਰਦਾ ਹੈ।'ਕੱਲੇ 'ਕੱਲੇ ਸ਼ਬਦ ਨਾਲ ਲਾਡ ਲਡਾਉਂਦਾ ਹੈ।ਕਦੀ ਨਜ਼ਰਾਂ ਦੇ ਨੇੜੇ ਕਰਕੇ ਵੇਖਦਾ ਹੈ ਕਿਸੇ ਨੂੰ ਦੂਰ ਕਰਕੇ ਉਹਦੀ ਕੀਮਤ ਜਾਚਦਾ ਹੈ ਤੇ ਫਿਰ ਉਸ ਨੂੰ ਏਨੀ ਸੁਚੇਜਤਾ ਨਾਲ ਵਾਕ ਵਿਚ ਜੋੜਦਾ ਤੇ ਬੀੜਦਾ ਹੈ ਕਿ ਸੁੱਤੇ ਹੋਏ ਹਰ- ਜਾਗ ਪੈਂਦੇ ਹਨ ।ਇਕਬਾਲ ਦੇ ਆਖੇ ਲੱਗ ਕੇ ਕਦੀ ਹੱਸਣ ਲੱਗਦੇ ਹਨ ਤੇ ਕਦੇ ਰੋਣ ਲੱਗਦੇ ਹਨ ।ਮੇਰੇ ਵਿਚਾਰ ਅਨੁਸਾਰ ਭਾਸ਼ਾ ਨੂੰ ਹਥਿਆਰ ਵਾਂਗ ਵਰਤਣਾ ਇਕਬਾਲ ਰਾਮੂਵਾਲੀਏ ਦੀ ਸਿਰਖ਼ੂਬੀ ਹੈ।



ਰਾਮੂਵਾਲੀਏ ਭਰਾਵਾਂ ਦੇ ਕਵੀਸ਼ਰੀ ਜੱਥੇ ਨੇ ਬਾਪੂ ਨਾਲੋਂ ਵੀ ਆਪਣੇ ਇਲਾਕੇ ਵਿਚ ਵੱਧ ਨਾਂ ਕਮਾਇਆ ਪਰ ਅੱਜ ਵੀ ਇਹਨਾਂ ਦੀ ਹੋਂਦ, ਹਸਤੀ ਬਾਪੂ ਕਰਨੈਲ ਸਿੰਘ ਪਾਰਸ ਦੇ ਪੁੱਤਰਾਂ ਕਰਕੇ ਹੈ। ਉਹ ਇਸ ਪੁਸਤਕ ਵਿਚ ਅਸਿੱਧੇ ਰੂਪ ਵਿਚ ਲਿਖਦਾ ਹੈ ਕਿ ਬਾਪੂ ਦਾ ਤਖ਼ੱਲਸ ਹੀ ਪਾਰਸ ਨਹੀਂ ਸੀ ਬਾਪੂ ਅਸਲ ਵਿਚ ਪਾਰਸ ਸੀ ।ਉਸ ਨੇ ਆਪਣੀ ਜ਼ਿੰਦਗੀ ਦੇ ਤਜ਼ਰਬੇ ਨੂੰ ਪਾਰਸ ਵਾਂਗ ਵਰਤਿਆ, ਅਸੀਂ ਬਾਪੂ ਦੀਆਂ ਕਹੀਆਂ ਗੱਲਾਂ ਨੂੰ ਪਾਰਸ ਸਮਝ ਕੇ ਅਪਣਾਇਆ ਸਿੱਟੇ ਵਜੋਂ ਸਾਡਾ ਬਾਪੂ ਸੱਚੀ ਮੁੱਚੀ ਪਾਰਸ ਸੀ ।ਆਪਣੇ ਸਮੇਂ ਵਿਚ ਬਾਪੂ ਦੀ ਕਵੀਸ਼ਰੀ ਦੀ ਧਾਕ ਕੰਨਿਆ ਕੁਆਰੀ ਤੋਂ ਲੈ ਕੇ ਕਸ਼ਮੀਰ ਤੱਕ ਸੀ ।

ਇਕਬਾਲ ਰਾਮੂਵਾਲੀਆ ਇਕ ਬੜੀ ਦਿਲਚਸਪ ਘਟਨਾ ਪੇਸ਼ ਕਰਦਾ ਲਿਖਦਾ ਹੈ ਕਿ ਐਮ.ਏ. ਅੰਗਰੇਜ਼ੀ ਕਰਦਿਆਂ ਲੁਧਿਆਣੇ ਉਸ ਦੀ ਮੁਲਾਕਾਤ ਸੁਖਸਾਗਰ ਨਾਲ ਹੋਈ ਤੇ ਫਿਰ ਇਕਬਾਲ ਨੇ ਸਦਾ ਲਈ ਸੁਖਸਾਗਰ ਨੂੰ ਆਪਣੀ ਜ਼ਿੰਦਗੀ ਦਾ ਹਾਸਿਲ ਬਣਾ ਲਿਆ ।ਇਕਬਾਲ, ਸੁਖਸਾਗਰ ਦੇ ਮਾਤਾ ਪਿਤਾ ਦਾ ਧੰਨਵਾਦ ਕਰਦਿਆਂ ਆਖਦਾ ਹੈ ਕਿ ਸੁਖਸਾਗਰ ਵਰਗਾ ਖ਼ੁਸ਼ਬੂਦਾਰ ਤੋਹਫਾ ਦੇਣ ਵਾਲੇ ਬੀਜੀ ਮੁਖਤਿਆਰ ਕੌਰ ਤੇ ਬਾਪੂ ਜੀ ਰਣਧੀਰ ਸਿੰਘ, ਜਿਨ੍ਹਾਂ ਦੀ ਸਿਰਜਣਾ ਨੇ ਮੇਰੀ ਜ਼ਿੰਦਗੀ ਨੂੰ ਸੁਖਾਂ ਦੇ ਸਾਗਰ ਨਾਲ ਸਿਰਜਿਆ ।

ਇਕਬਾਲ ਰਾਮੂਵਾਲੀਆ ਲਿਖਦਾ ਹੈ ਕਿ ਬੀ.ਏ. ਵਿਚੋਂ ਸੈਕਿੰਡ ਡਵੀਜ਼ਨ ਸੀ, ਦਿਹਾਤੀ ਹੋਣ ਕਰਕੇ ਅੰਗਰੇਜ਼ੀ ਕਮਜ਼ੋਰ ਸੀ ਪਰ ਬਲਵੰਤ ਦੀ ਇੱਛਾ ਸੀ, ਕਿ ਮੈਂ ਅੰਗਰੇਜ਼ੀ ਦੀ ਐਮ.ਏ. ਕਰਾਂ ।ਇਕਬਾਲ ਅੰਗਰੇਜ਼ੀ ਵਿਚ ਆਪਣੇ ਆਪ ਨੂੰ, ਸਮਰੱਥ ਨਹੀਂ ਸੀ ਸਮਝਦਾ ਪਰ ਬਲਵੰਤ ਨੇ ਜੁਗਾੜ ਲਵਾ ਕੇ ਐਮ.ਏ. ਅੰਗਰੇਜ਼ੀ ਵਿਚ ਦਾਖ਼ਲਾ ਦਿਵਾ ਦਿਤਾ ।ਕਾਲਜ ਵਿਚ ਦੇਸੀ ਪੇਂਡੂ ਜੱਟ, ਸ਼ਹਿਰੀਆਂ ਕੋਲੋਂ ਝੇਂਪਦੇ ਹੋਏ ਪਿੱਛੇ ਬੈਠਦੇ ਅਤੇ ਸੀਮਿਤ ਕੱਪੜਿਆਂ ਤੇ ਗਰਮੀ ਕਾਰਨ ਪਸੀਨੇ ਦੀ ਬੋਅ ਵੀ ਆਉਂਦੀ ।ਇਕਬਾਲ ਤੇ ਉਸ ਦਾ ਸਾਥੀ ਅੰਦਰੋਂ-ਅੰਦਰੀਂ ਅੰਗਰੇਜ਼ੀ ਦੀ ਪੜ੍ਹਾਈ ਕਰਦੇ ਡਰਦੇ ਰਹਿੰਦੇ ਕਿ ਪਾਸ ਵੀ ਹੋਵਾਂਗੇ ਕਿ ਨਹੀਂ ।ਇਕਬਾਲ ਨੇ ਜੀਅ ਤੋੜਵੀਂ ਮਿਹਨਤ ਕੀਤੀ, ਦਿਨ ਰਾਤ ਇਕ ਕਰਕੇ ਜਾਨ ਮਾਰ ਕੇ ਪੇਪਰ ਦਿੱਤੇ, ਜਦੋਂ ਨਤੀਜਾ ਆਇਆ ਉਦੋਂ ਸੈਕਿੰਡ ਡਵੀਜ਼ਨ ਵਿਚ ਪਾਸ ਹੋਇਆ ।ਉਹਨਾਂ ਦਿਨਾਂ ਵਿਚ ਅੰਗਰੇਜ਼ੀ ਐਮ.ਏ. ਵਿਚੋਂ ਸੈਕਿੰਡ ਡਵੀਜ਼ਨ ਲੈਣੀ ਬੜੇ ਵੱਡੇ ਮਾਅਰਕੇ ਦੀ ਗੱਲ ਸੀ ।ਉਹ ਸਾਰੇ ਸੋਹਣ-ਕੱਪੜੀਏ ਸ਼ਹਿਰੀ, ਜਿਨ੍ਹਾਂ ਤੋਂ ਪੇਂਡੂ ਇਕਬਾਲ ਹੋਰੀਂ ਡਰਦੇ ਰਹੇ ਸਨ, ਰਿਜ਼ਲਟ ਦੇ ਹਿਸਾਬ ਨਾਲ ਕਿਧਰੇ ਵੀ ਨਾ ਲੱਭੇ ।ਏਸੇ ਅੰਗਰੇਜ਼ੀ ਦੀ ਐਮ.ਏ. ਦੀ ਪੜ੍ਹਾਈ ਕਰਕੇ ਇਕਬਾਲ ਗੁਰੂਸਰ ਸੁਧਾਰ ਕਾਲਜ ਵਿਚ ਪ੍ਰੋਫੈਸਰ ਬਣਿਆ ਤੇ ਫਿਰ ਜਹਾਜ਼ ਦੀ ਟਿਕਟ ਲੈ ਕੇ ਕੈਨੇਡਾ ਚਲਾ ਗਿਆ ਤੇ ਪਰਵਾਸੀ ਬਣ ਗਿਆ ।ਇਹ ਔਖੇ ਦਿਨ ਸਨ ਜਦੋਂ ਵਸੀਲੇ ਸੀਮਿਤ ਸਨ, ਪੈਸਿਆਂ ਦੀ ਥੋੜ੍ਹ ਸੀ ਪਰ ਜ਼ਿੰਦਗੀ ਨਾਲ ਲੜਨ ਦੀ ਸਮਰੱਥਾ ਬਹੁਤ ਸੀ ।ਇਕਬਾਲ ਦੀ ਜ਼ਿੰਦਗੀ ਵਿਚ ਬਲਵੰਤ ਦੀ ਬਹੁਤ ਵਧੀਆ ਭੂਮਿਕਾ ਹੈ।ਸਾਰੀਆਂ ਨਰਾਜ਼ਗੀਆਂ ਦੇ ਬਾਵਜੂਦ ਵੀ ਇਕਬਾਲ ਦੇ ਮਨ ਵਿਚ ਉਸ ਲਈ ਬਹੁਤ ਸਤਿਕਾਰ ਹੈ।

ਡਾ. ਹਰਚੰਦ ਸਿੰਘ ਬੇਦੀ ਨੇ ਇਕ ਥਾਂ ਲਿਖਿਆ ਹੈ ਕਿ ਸਵੈ-ਜੀਵਨੀ ਲਿਖਣ ਦਾ ਮੂਲ ਮਨੋਰਥ ਕੀ ਹੈ ? ਕੀ ਮਨੁੱਖ ਸਵੈ-ਜੀਵਨੀ ਰਾਹੀਂ ਆਤਮ ਮੁਲਾਂਕਣ ਕਰਨਾ ਚਾਹੁੰਦਾ ਹੈ ਜਾਂ ਸਵੈ ਬੋਧ ਨਾਲ ਆਪਣੇ ਸਵੈ-ਸਿਰਜੇ ਬਿੰਬ ਦਾ ਸੁਨਹਿਰੀਕਰਣ ਕਰਨਾ ਚਾਹੁੰਦਾ ਹੈ ? ਕੀ ਮਨੁੱਖ ਆਪਣੇ ਆਪ ਨੂੰ ਵੱਡਾ ਆਦਮੀ ਸਮਝਦਾ ਹੈ ਤੇ ਆਪ ਹੀ ਆਪਣੀ ਸਵੈ-ਇਤਿਹਾਸਕਾਰੀ ਕਰਨਾ ਚਾਹੁੰਦਾ ਹੈ ? ਕੀ ਸਵੈ-ਜੀਵਨੀ ਰਾਹੀਂ ਲੇਖਕ ਆਪਣੇ ਵਿਕਾਸ ਦਾ ਗਰਾਫ ਬਣਾਉਣਾ ਚਾਹੁੰਦਾ ਹੈ ? ਜਾਂ ਲੇਖਕ ਸਵੈ-ਜੀਵਨੀ ਰਾਹੀਂ ਆਪਣੀ ਇਕ ਪ੍ਰਮਾਣਿਕ ਪਹਿਚਾਣ ਬਣਾਉਣ ਦਾ ਇੱਛਕ ਹੈ ? ਅਸੀਂ ਸਮਝਦੇ ਹਾਂ ਕਿ ਲੇਖਕ ਸਮਾਜਿਕ ਪੈਦਾਵਾਰ ਹੈ।ਇਸ ਕਰਕੇ ਉਸ ਦੀ ਉਸਾਰੀ ਸਮਾਜ ਸਭਿਆਚਾਰਕ ਜ਼ਮੀਨ ਵਿਚੋਂ

ਹੋਈ ਹੈ। ਲੇਖਕ, ਉਹ ਕੁਝ ਹੀ ਸਮਾਜ ਨੂੰ ਦੇਵੇਗਾ ਜੋ ਕੁਝ ਉਸ ਨੇ ਪ੍ਰਾਪਤ ਕੀਤਾ ਹੈ। ਜਿਹੜੇ ਪ੍ਰਸ਼ਨ ਅਸੀਂ ਉਪਰ ਪੈਦਾ ਕੀਤੇ ਹਨ, ਉਨ੍ਹਾਂ ਬਾਰੇ ਇਮਾਨਦਾਰ ਸਵੈ-ਜੀਵਨੀ ਲੇਖਕ, ਕਲਾਤਮਿਕ ਤੇ ਸਿਰਜਣਾਤਮਕ ਪੱਧਰ ਤੇ ਇਨ੍ਹਾਂ ਸਵਾਲਾਂ ਨਾਲ ਜੂਝਦਾ ਰਹਿੰਦਾ ਹੈ। ਮੈਂ ਸਮਝਦਾ ਹਾਂ ਕਿ ਉਪਰ ਉਠਾਏ ਗਏ ਪ੍ਰਸ਼ਨ ਪ੍ਰਸੰਗਕ ਤੇ ਚੁਣੌਤੀ ਹੋ ਸਕਦੇ ਹਨ । ਇਕਬਾਲ ਰਾਮੂਵਾਈਏ ਦੀ ਸਵੈ-ਜੀਵਨੀ ਵੀ ਇਨ੍ਹਾਂ ਸਵਾਲਾਂ ਦੇ ਘੇਰੇ ਵਿਚ ਹੀ ਹੈ।

ਸਵੈ-ਜੀਵਨੀ ਲੇਖਨ ਦੇ ਪ੍ਰਸੰਗ ਦੀ ਰੋਸ਼ਨੀ ਵਿਚ ਇਸ ਸਵੈ-ਜੀਵਨੀ ਦੇ ਲਘੂ ਬਿਰਤਾਂਤ ਕਿਸੇ ਵਿਅਕਤੀ ਦੇ ਸੰਘਰਸ਼ ਦੀ ਸ਼ਾਬਦਿਕ ਚਿੱਤਰਕਾਰੀ ਹੈ। ਇਸ ਵਿਚ ਆਪਣੇ-ਆਪ ਦਾ ਸੁਨਹਿਰੀਕਰਣ ਕਰਨ ਦੀ ਗੁੰਜਾਇਸ਼ ਹੀ ਨਹੀਂ, ਇਸ ਲਈ ਇਸ ਸਵੈ-ਜੀਵਨੀ ਨੂੰ ਪੰਜਾਬੀਆਂ ਦੀਆਂ ਚੰਗੀਆਂ ਸਵੈ-ਜੀਵਨੀਆਂ ਵਿਚ ਸ਼ੁਮਾਰ ਕਰਨਾ ਚਾਹੁੰਦਾ ਹੈ। ਵੈਸੇ ਤਾਂ ਕਿਸੇ ਰਚਨਾ ਬਾਰੇ ਦੋ ਟੁੱਕ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ ਪਰ ਇਕਬਾਲ ਰਾਮੂਵਾਲੀਏ ਦੀ ਇਹ ਸਵੈ-ਜੀਵਨੀ ਪੜ੍ਹ ਕੇ ਪ੍ਰੇਰਨਾ ਦਾ ਚਸ਼ਮਾ ਜ਼ਰੂਰ ਫੁੱਟਦਾ ਹੈ ਤੇ ਇਹ ਵੀ ਅਹਿਸਾਸ ਹੁੰਦਾ ਹੈ ਕਿ ਬੰਦੇ ਅੰਦਰ ਕੁਝ ਕਰ ਗੁਜਰਨ ਦੀ ਇੱਛਾ ਤੇ ਲਲਕ ਹੋਣੀ ਚਾਹੁੰਦੀ ਹੈ। ਜ਼ਿੰਦਗੀ ਵਿਚ ਕਿਸੇ ਵੀ ਘੜੀ ਕੁਝ ਵੀ ਹੋ ਸਕਦਾ ਹੈ ਅਤੇ ਕੋਈ ਦਿਨ ਤੁਹਾਡੀ ਜ਼ਿੰਦਗੀ ਦਾ ਰੁਖ਼ ਵੀ ਬਦਲ ਸਕਦਾ ਹੈ। 'ਸੜਦੇ ਸਾਜ਼ ਦੀ ਸਰਗਮ' ਸਵੈ-ਜੀਵਨੀ ਜਿੱਥੇ ਜ਼ਿੰਦਗੀ ਦੀਆਂ ਸੱਚਾਈਆਂ ਨੂੰ ਸੰਘਰਸ਼ ਦੇ ਰੂਪ ਵਿਚ ਪ੍ਰਸਤੁਤ ਕਰਦੀ ਹੈ ਉੱਥੇ ਇਹ ਸਵੈ-ਜੀਵਨੀ ਮਾਲਵੇ ਦੇ ਇਸ ਦੌਰ ਦਾ ਸਮਾਜ ਸਭਿਆਚਾਰਕ ਇਤਿਹਾਸ ਵੀ ਕਹੀ ਜਾ ਸਕਦੀ ਹੈ।

ਮੋ : 98150-73801

**ਬਾਕੀ ਪੰਨਾ ਨੰ. 163 ਦਾ**

'ਮਹਿਕ ਫੁੱਲਾਂ' ਦੀ ਕਹਾਣੀ ਵਿਚ ਕਹਾਣੀਕਾਰ ਨੇ ਮਾਨਵੀ ਰਿਸ਼ਤਿਆਂ ਦੀ ਮਹਿਕ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। 'ਵਿਆਹ' ਕਹਾਣੀ ਵਿਚ ਮੁੱਖ ਪਾਤਰ ਜੱਗੇ ਅਤੇ ਰਾਣੀ ਦੇ ਪਾਤਰਾਂ ਰਾਹੀਂ ਵਿਆਹ ਤੇ ਹੁੰਦੀ ਫਜ਼ੂਲ ਖਰਚੀ ਨੂੰ ਕੇਂਦਰ ਵਿਚ ਰੱਖਿਆ ਗਿਆ ਹੈ।

ਸੋ ਕਿਹਾ ਜਾ ਸਕਦਾ ਹੈ ਕਿ ਹਰਪ੍ਰੀਤ ਸੇਖਾ ਦੀਆਂ ਕਹਾਣੀਆਂ ਮਨੁੱਖ ਦੇ ਅਸਤਿਤਵੀ ਸੰਕਟਾਂ ਨਾਲ ਜੁੜੀਆਂ ਹੋਈਆਂ ਹਨ। ਹਰਪ੍ਰੀਤ ਸੇਖਾ ਇਸ ਕਹਾਣੀ ਸੰਗ੍ਰਹਿ ਰਾਹੀਂ ਇਕ ਗਹਿਰ ਗੰਭੀਰ ਅਤੇ ਸੰਵੇਦਨਸ਼ੀਲ ਕਹਾਣੀਕਾਰ ਦੇ ਤੌਰ 'ਤੇ ਉਭਰਦਾ ਹੈ। ਉਸ ਦੀਆਂ ਕਹਾਣੀਆਂ ਵਿਚ ਸੋਹਜ ਵੀ ਹੈ ਅਤੇ ਸਹਿਜ ਵੀ। ਇਹ ਕਹਾਣੀਆਂ ਪ੍ਰਵਾਸੀ ਪੰਜਾਬੀਆਂ ਦੀ ਮਾਨਸਿਕਤਾ ਦੀ ਬਹੁਪਰਤੀ ਤਸਵੀਰ ਪੇਸ਼ ਕਰਦੀਆਂ ਹਨ।



# ਬਾਰਾਂ ਬੂਹੇ: ਅਸਤਿਤਵੀ ਮਸਲਿਆਂ ਨਾਲ ਜੁੜੀਆਂ ਕਹਾਣੀਆਂ

**ਡਾ. ਰਜਿੰਦਰ ਸਿੰਘ**

ਪਰਵਾਸੀ ਪੰਜਾਬੀ ਕਹਾਣੀ ਵਿਚ ਹਰਪ੍ਰੀਤ ਸੇਖਾ ਦਾ ਨਾਂ ਬੜਾ ਮਹੱਤਵਪੂਰਨ ਹੈ। ਉਸ ਦੀਆਂ ਤਿੰਨ ਪੁਸਤਕਾਂ ਬੀਜੀ ਮੁਸਕਰਾ ਪਏ (2006), ਟੈਕਸੀਨਾਮਾ (2012) ਅਤੇ ਬਾਰ੍ਹਾਂ ਬੂਹੇ (2013) ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਨ੍ਹਾਂ ਵਿਚੋਂ ਬੀਜੀ ਮੁਸਕਰਾ ਪਏ ਅਤੇ ਬਾਰਾਂ ਬੂਹੇ ਉਸਦੇ ਕਹਾਣੀ ਸੰਗ੍ਰਹਿ ਹਨ। ਹਰਪ੍ਰੀਤ ਸੇਖਾ ਦੇ ਕਹਾਣੀ ਸੰਗ੍ਰਹਿ ਬੀਜੀ ਮੁਸਕਰਾ ਪਏ ਦਾ ਪ੍ਰਕਾਸ਼ਨ 2006 ਵਿਚ ਹੁੰਦਾ ਹੈ ਅਤੇ ਉਸਦੀਆਂ ਕਹਾਣੀਆਂ ਦੀ ਦੂਸਰੀ ਪੁਸਤਕ ਬਾਰਾਂ ਬੂਹੇ ਲਗਭਗ 7 ਸਾਲ ਬਾਅਦ ਪ੍ਰਕਾਸ਼ਿਤ ਹੁੰਦੀ ਹੈ। ਇਸ ਸਮੇਂ ਦੌਰਾਨ ਉਸਦੀਆਂ ਕਹਾਣੀਆਂ ਪੰਜਾਬੀ ਦੇ ਵੱਖ-ਵੱਖ ਸਾਹਿਤਕ ਰਸਾਲਿਆਂ ਵਿਚ ਛਪਦੀਆਂ ਰਹੀਆਂ ਹਨ। ਬਾਰਾਂ ਬੂਹੇ ਕਹਾਣੀ ਸੰਗ੍ਰਹਿ ਵਿਚ ਸ਼ਾਮਿਲ ਕਹਾਣੀਆਂ ਵਿਚ 'ਪਰਛਾਵੇਂ' ਕਹਾਣੀ 'ਪਰਛਾਈਆਂ' ਸਿਰਲੇਖ ਹੇਠ ਅਤੇ 'ਸ਼ਨੁੱਕ' ਕਹਾਣੀ 'ਬਰਫਾਂ ਖਾਣੀ ਹਵਾ' ਦੇ ਸਿਰਲੇਖ ਹੇਠ ਸਿਰਜਣਾ ਸਾਹਿਤਕ ਰਸਾਲੇ ਵਿਚ ਛਪ ਚੁੱਕੀ ਹੈ। 'ਮੈਂ ਕੋਈ ਧਰਤੀ ਹੇਠਲਾ ਧੌਲ ਨਹੀਂ' ਕਹਾਣੀ ਹੁਣ ਰਸਾਲੇ ਵਿਚ 'ਵਿਡੰਬਨਾ' ਨਾਂ ਦੇ ਸਿਰਲੇਖ ਹੇਠ ਛਪ ਚੁੱਕੀ ਹੈ। ਹਰਪ੍ਰੀਤ ਸੇਖਾ ਦੀਆਂ ਕਹਾਣੀਆਂ ਦਾ ਮਰਕਜ਼ ਪਰਵਾਸੀ ਪੰਜਾਬੀਆਂ ਦੇ ਅੰਤਰ-ਦਵੰਦ ਦੀ ਪੇਸ਼ਕਾਰੀ ਹੈ। ਉਹ ਭੂ-ਹੇਰਵਾ, ਨਸਲੀ ਵਿਕਤਰਾ, ਸੱਭਿਆਚਾਰ ਤਨਾਉ ਅਤੇ ਪੀੜ੍ਹੀ ਪਾੜੇ ਵਰਗੇ ਪਰਵਾਸੀ ਸਰੋਕਾਰਾਂ ਤੇ ਬਹੁਤ ਘੱਟ ਧਿਆਨ ਕੇਂਦਰਤ ਕਰਦਿਆਂ ਪਰਵਾਸੀ ਪੰਜਾਬੀਆਂ ਦੀਆਂ ਹੋਂਦ ਮੂਲਕ ਸਮੱਸਿਆਵਾਂ ਨੂੰ ਮੁਖਾਤਿਬ ਹੁੰਦਾ ਹੈ। ਬਾਰਾਂ ਬੂਹੇ ਕਹਾਣੀ ਸੰਗ੍ਰਹਿ ਦੀਆਂ ਬਹੁਤ ਸਾਰੀਆਂ ਕਹਾਣੀਆਂ ਨੂੰ ਸਿੱਧੇ ਤੌਰ 'ਤੇ ਹੀ ਪਰਵਾਸੀ ਸਰੋਕਾਰਾਂ ਨਾਲ ਨਹੀਂ ਜੋੜਿਆ ਜਾ ਸਕਦਾ। ਬਾਰਾਂ ਬੂਹੇ ਕਹਾਣੀ ਸੰਗ੍ਰਹਿ ਦਾ ਸਿਰਲੇਖ ਬੜਾ ਮਹੱਤਵਪੂਰਨ ਹੈ। ਇਸ ਕਹਾਣੀ ਸੰਗ੍ਰਹਿ ਵਿਚ ਬਾਰਾਂ ਬੂਹੇ ਨਾਂ ਦੀ ਕੋਈ ਕਹਾਣੀ ਦਰਜ ਨਹੀਂ, ਅਕਸਰ ਲੇਖਕ ਜਦੋਂ ਆਪਣੇ ਕਿਸੇ ਕਹਾਣੀ ਸੰਗ੍ਰਹਿ ਦਾ ਸਿਰਲੇਖ ਰੱਖਦੇ ਹਨ ਤਾਂ ਉਹ ਉਸ ਕਹਾਣੀ ਸੰਗ੍ਰਹਿ ਦੀ ਮਹੱਤਵਪੂਰਨ ਕਹਾਣੀ ਨੂੰ ਆਧਾਰ ਬਣਾਉਂਦੇ ਹਨ। ਹਰਪ੍ਰੀਤ ਸੇਖਾ ਦੇ ਕਹਾਣੀ ਸੰਗ੍ਰਹਿ ਬਾਰਾਂ ਬੂਹੇ ਦਾ ਸਿਰਲੇਖ ਪਹਿਲੀ ਨਜ਼ਰੇ ਹੀ ਪਾਠਕ ਨੂੰ ਆਕਰਸ਼ਿਤ ਕਰਦਾ ਹੈ, ਅਸਲ ਵਿਚ ਇਸ ਕਹਾਣੀ ਸੰਗ੍ਰਹਿ ਵਿਚ ਸੇਖਾ ਦੀਆਂ ਬਾਰਾਂ ਕਹਾਣੀਆਂ ਕਰਜ ਹਨ। ਅਸਲ ਵਿਚ ਇਹ ਬਾਰਾਂ ਕਹਾਣੀਆਂ ਬਾਰਾਂ ਬੂਹੇ ਸਿਰਲੇਖ ਨੂੰ ਚਿਹਨਿਤ ਕਰਦੀਆਂ ਹਨ। ਇਹ ਬਾਰਾਂ ਬੂਹੇ ਮਨੁੱਖ ਦੇ ਹੋਂਦ ਮੂਲਕ ਸਰੋਕਾਰਾਂ ਨਾਲ ਜੁੜੇ ਹੋਏ ਹਨ।

ਹਰਪ੍ਰੀਤ ਸੇਖਾ ਦੇ ਬਾਰਾਂ ਬੂਹੇ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ 'ਛੱਪੜ' ਹੈ। ਇਸ ਕਹਾਣੀ ਦਾ ਕੇਂਦਰੀ ਚਿਹਨ ਇਸ ਕਹਾਣੀ ਦਾ ਸਿਰਲੇਖ ਹੈ। ਅਸਲ ਵਿਚ ਜਦੋਂ ਪੰਜਾਬੀ ਪਰਾਈਆਂ ਧਰਤੀਆਂ ਤੇ ਵਧੇਰੇ ਆਰਥਿਕ ਵਸੀਲਿਆਂ ਦੀ ਤਲਾਸ਼ ਵਿਚ ਜਾਂਦੇ ਹਨ ਤਾਂ ਉਹ ਅਸਲੋਂ ਹੀ ਇਕ ਨਵੀਂ ਸਮਾਜ ਸੱਭਿਆਚਾਰ ਵਿਵਸਥਾ ਵਿਚ ਪਰਵੇਸ਼ ਕਰਦੇ ਹਨ। ਇਸ ਵਿਵਸਥਾ ਵਿਚ ਪ੍ਰਵੇਸ਼ ਕਰਦੇ ਹੋਏ ਉਹ ਆਪਣੇ ਜਗੀਰਦਾਰੀ ਸੁਭਾਅ ਜੋ ਕਿ ਉਹਨਾਂ ਦੇ ਅਵਚੇਤਨ ਵਿਚ ਪਿਆ ਹੋਇਆ ਹੈ ਨੂੰ ਨਾਲ ਲੈ ਕੇ ਜਾਂਦੇ ਹਨ। 'ਤੂੰ' ਪਾਤਰ ਦੇ ਸੰਦਰਭ ਵਿਚ ਕਹਾਣੀਕਾਰ ਇਹ ਵਿਚਾਰ ਪ੍ਰਗਟ ਕਰਦਾ ਹੈ ਕਿ ਇਹ ਪਾਤਰ ਜਗੀਰੂ ਮਾਨਸਿਕਤਾ ਨਾਲ ਇਨਾ ਪਰਨਾਇਆ ਹੋਇਆ ਹੈ ਕਿ ਜਦੋਂ ਇਸਨੂੰ ਪਤਾ ਲੱਗਦਾ ਹੈ ਇਸ ਦੀ ਸੁਪਰਵਾਈਜ਼ਰ ਇਸ ਦੇ ਪਿੰਡ ਦੇ ਮਜ਼ਬੀਆ ਦੇ ਮੁੰਡੇ ਨਾਲ ਵਿਆਹੀ ਗਈ ਹੈ ਤਾਂ ਇਸ ਲਈ ਮਜ਼ਬੀਆਂ ਦੀ ਨੂੰਹ ਹੇਠਾਂ ਕੰਮ ਕਰਨਾ

ਔਖਾ ਮਹਿਸੂਸ ਹੁੰਦਾ ਹੈ। ਕਿਉਂਕਿ ਇਨ੍ਹਾਂ ਮਜ਼ਬੀਆਂ ਦੇ ਮੁੰਡੇ ਦਾ ਪਿਉ 'ਚੜ੍ਹਤਾ' ਸਾਰੀ ਉਮਰ 'ਤੂੰ' ਪਾਤਰ ਦਾ ਸੀਰੀ ਰਿਹਾ ਹੁੰਦਾ ਹੈ। ਪਰੰਤੂ 'ਤੂੰ' ਪਾਤਰ ਦੀ ਔਲਾਦ ਸਮਾਂ ਵਿਹਾਅ ਚੁੱਕੀਆਂ ਕਦਰਾਂ-ਕੀਮਤਾਂ ਨੂੰ ਨਕਾਰ ਦਿੰਦੀ ਹੈ। ਜਦੋਂ ਤੂੰ ਪਾਤਰ ਕਹਿੰਦਾ ਹੈ ਕਿ 'ਚੜ੍ਹਤਾ' ਸਾਰੀ ਉਮਰ ਸਾਡਾ ਸੀਰੀ ਰਿਹਾ ਹੈ ਤਾਂ ਉਸਦਾ ਪੁੱਤਰ ਜਵਾਬ ਦਿੰਦਾ ਹੈ ਕਿ 'ਸੋ ਵਾਹਟ'। ਕਿ ਫਿਰ ਕੀ ਹੋਇਆ। ਇਸ ਕਹਾਣੀ ਵਿਚ 'ਤੂੰ' ਪਾਤਰ ਮਾਨਸਿਕ ਦਵੰਦ ਦਾ ਸ਼ਿਕਾਰ ਹੈ। ਇਕ ਪਾਸੇ ਤਾਂ ਇਹ ਮਜ਼ਬੀਆਂ ਦੀ ਨੂੰਹ ਹੇਠ ਕੰਮ ਨਹੀਂ ਕਰਨਾ ਚਾਹੁੰਦਾ ਅਤੇ ਦੂਸਰੇ ਪਾਸੇ ਉਸ ਨੂੰ ਇਹ ਵੀ ਪਤਾ ਹੈ ਕਿ ਕੰਮ ਕਰਨ ਤੋਂ ਬਗੈਰ ਗੁਜ਼ਾਰਾ ਵੀ ਨਹੀਂ ਹੋਣਾ। ਜੀਪ ਪਿੱਛੇ ਜੈਲਦਾਰ ਲਿਖਾਉਣਾ ਆਪਣੀ ਪਤਨੀ ਨੂੰ ਜੈਲਦਾਰਨੀ ਕਹਿਣਾ, ਆਪਣੇ ਬਾਪੂ ਦੇ ਜੈਲਦਾਰ ਹੋਣ ਤੇ ਫਖਰ ਕਰਨਾ ਅਜਿਹੇ ਕਈ ਕੇਂਦਰੀ ਚਿਹਨ ਹਨ ਜਿਨ੍ਹਾਂ ਦੀ ਵਰਤੋਂ ਕਹਾਣੀਕਾਰ ਨੇ ਜਗੀਰੂ ਮਾਨਸਿਕਤਾ ਨੂੰ ਪੇਸ਼ ਕਰਨ ਲਈ ਕੀਤੀ ਹੈ। 'ਛੱਪੜ' ਉਹਨਾਂ ਫੋਕੀਆਂ ਕਦਰਾਂ-ਕੀਮਤਾਂ ਦਾ ਚਿਹਨਾਂ ਹੈ ਜਿਨ੍ਹਾਂ ਵਿਚ 'ਤੂੰ' ਪਾਤਰ ਫਸਿਆ ਹੋਇਆ ਹੈ। ਸਵੀਮਿੰਗ ਪੂਲ ਦਾ ਛੱਪੜ ਬਣ ਜਾਣਾ ਅਸਲ ਵਿਚ 'ਤੂੰ' ਪਾਤਰ ਦਾ ਕੇਨੇਡਾ ਵਿਚ ਆ ਕੇ ਵੀ ਜਗੀਰਦਾਰੀ ਕਦਰਾਂ-ਕੀਮਤਾਂ ਨਾਲ ਜੁੜੇ ਰਹਿਣਾ ਹੈ। ਤੂੰ ਪਾਤਰ ਦੇ ਮੁੰਡੇ ਦਾ ਇਹ ਕਹਿਣਾ ਕਿ "ਡੈਡ ਤੁਹਾਨੂੰ ਅੱਗੇ ਦੇਖ ਕੇ ਚੱਲਣਾ ਚਾਹੀਦਾ ਹੈ" ਸਮੇਂ ਦੇ ਨਾਲ ਆ ਰਹੇ ਬਦਲਾਅ ਨੂੰ ਚਿਹਨਤ ਕਰਦਾ ਹੈ। ਇਸ ਤਰ੍ਹਾਂ ਇਹ ਕਹਾਣੀ ਬਾਰਾਂ ਬੂਹੇ ਕਹਾਣੀ ਸੰਗ੍ਰਹਿ ਦੀ ਇਕ ਮਹੱਤਵਪੂਰਨ ਕਹਾਣੀ ਬਣ ਜਾਂਦੀ ਹੈ। ਅਸਲ ਵਿਚ ਇਹ ਸਮੱਸਿਆ ਪਰਵਾਸੀ ਪੰਜਾਬੀ ਸਾਹਿਤ ਦੀ ਕਾਮਨ ਸਮੱਸਿਆ ਹੈ। ਆਪਣੇ ਆਪ ਨੂੰ ਮਾਨਸਿਕ ਬੁਲੰਦੀ ਦੇਣ ਲਈ ਪਰਵਾਸੀਆਂ ਦੁਆਰਾ ਬਹੁਤ ਸਾਰੇ ਜ਼ੋਕ ਵੀ ਬਣਾਏ ਗਏ ਹਨ, "ਕਹਿੰਦੇ ਜਦੋਂ ਰੱਬ ਬੰਦੇ ਬਣਾਉਣ ਲੱਗਾ ਤਾਂ ਸਾਰਿਆਂ ਤੋਂ ਪਹਿਲਾਂ ਉਸਨੇ ਗੋਰੇ ਬਣਾਏ ਡਰਦੇ ਡਰਦੇ ਬਣਾਏ ਹੋਣ ਕਰਕੇ ਉਹਨਾਂ ਨੂੰ ਸੇਕ ਘੱਟ ਲੱਗਿਆ ਇਸ ਕਰਕੇ ਕੱਚੇ ਪਿੱਲੇ ਰਹਿ ਗੇ। ਅਗਲੀ ਵਾਰੀ ਰੱਬ ਨੇ ਸੇਕ ਕੁੱਛ ਜ਼ਿਆਦਾ ਲਵਾ ਤਾ ਤਾਂ ਉਹ ਮੱਚ ਗਏ ਉਹ ਕਾਲੇ ਬਣ ਗਏ। ਤੀਜੀ ਵਾਰ ਰੱਬ ਨੇ ਪੂਰਾ ਕੇਅਰ ਫੁੱਲ ਹੋ ਕੇ ਬਣਾਏ ਤਾਂ ਫਿਰ ਕਿਤੇ ਜਾ ਕੇ ਆਪਣੇ ਵਰਗੇ ਵੈੱਲਡਨ ਲੋਕ ਬਣੇ।"

ਹਰਪ੍ਰੀਤ ਸੇਖਾ ਦੀ ਦੂਸਰੀ ਕਹਾਣੀ 'ਸੂਰਾ ਸੋ ਪਹਿਚਾਨੀਐ' ਹੈ। ਇਹ ਕਹਾਣੀ ਪੂੰਜੀਵਾਦੀ ਸਮਾਜ ਦੇ ਉਸ ਚੱਕਰਵਿਊ ਦੀ ਕਹਾਣੀ ਹੈ ਜਿਸ ਵਿਚ ਆਮ ਵਿਅਕਤੀ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਕਹਾਣੀ ਦਾ ਕੇਂਦਰੀ ਪਾਤਰ ਗੁਰਜੀਵਨ ਵੈਨਕੂਵਰ ਕਨੱਕਸ ਦੀ ਟੀਮ ਦਾ ਪ੍ਰਸੰਸਕ ਹੈ। ਸਰਕਾਰਾਂ ਦੁਆਰਾ ਆਮ ਲੋਕਾਂ ਨੂੰ ਭਰਮਾ ਕੇ ਉਹਨਾਂ ਦੀਆਂ ਭਾਵਨਾਵਾਂ ਦਾ ਗਲਤ ਫਾਇਦਾ ਉਠਾਇਆ ਜਾਂਦਾ ਹੈ। ਗੁਰਜੀਵਨ ਸਟੈਨਿਲੀ ਕੱਪ ਦਾ ਫਾਈਨਲ ਦੇਖਣ ਲਈ ਪੰਜ ਸੌ ਡਾਲਰ ਦੀ ਟਿਕਟ ਖ੍ਰੀਦਦਾ ਹੈ। ਢਾਈ ਸੌ ਡਾਲਰ ਦੀ ਟੀ-ਸ਼ਰਟ ਪਾਉਂਦਾ ਹੈ, ਸੋਲਾਂ ਘੰਟੇ ਡਰਾਈਵ ਕਰਕੇ ਮੈਚ ਦੇਖਣ ਜਾਂਦਾ ਹੈ ਇਹ ਅਜਿਹੇ ਚਿਹਨ ਹਨ ਜਿਹੜੇ ਦੱਸਦੇ ਹਨ ਕਿ ਸਰਮਾਏਦਾਰੀ ਨਿਜਾਮ ਨੇ ਕਿਸ ਤਰ੍ਹਾਂ ਆਮ ਵਿਅਕਤੀ ਨੂੰ ਫਸਾਇਆ ਹੋਇਆ ਹੈ। ਆਈ ਪੈਡ ਖ੍ਰੀਦਣ ਲਈ ਲੋਕਾਂ ਦੁਆਰਾ ਲੰਮੀਆਂ-ਲੰਮੀਆਂ ਕਤਾਰਾਂ ਲਗਾਈਆਂ ਜਾਂਦੀਆਂ ਹਨ ਭਾਵ ਲੋਕਾਂ ਦਾ ਧਿਆਨ ਮੂਲ ਮੁਦਿਆਂ ਤੋਂ ਭਟਕਾਇਆ ਜਾਂਦਾ ਹੈ। ਇਸ ਸਭ ਦੀ ਆੜ ਵਿਚ ਸਰਕਾਰ ਟੈਕਸਾਂ ਵਿਚ ਲਗਾਤਾਰ ਵਾਧਾ ਕਰਦੀ ਜਾ ਰਹੀ ਹੈ। ਸੁੱਖ ਵਰਗੇ ਪਾਤਰ ਸਰਕਾਰ ਦੇ ਕਿਰਦਾਰ ਤੋਂ ਪੂਰੀ ਤਰ੍ਹਾਂ ਸੁਚੇਤ ਹਨ। ਉਹਨਾਂ ਨੂੰ ਪਤਾ ਹੈ ਕਿ ਲੋਕਾਂ ਨੂੰ ਸਰਕਾਰ ਨੇ ਕਿਸ ਤਰ੍ਹਾਂ ਭਰਮ ਜਾਲ ਵਿਚ ਫਸਾਇਆ ਹੋਇਆ ਹੈ। ਸੁੱਖ ਇਕ ਅਜਿਹੇ ਕਿਰਦਾਰ ਦੀ ਪ੍ਰਤੀਨਿਧਤਾ ਕਰਦਾ ਹੈ ਜਿਹੜਾ ਮਲਟੀਨੈਸ਼ਨਲ ਕੰਪਨੀਆਂ ਦੇ ਤਾਣੇ-ਬਾਣੇ ਤੋਂ ਪੂਰੀ ਤਰ੍ਹਾਂ ਜਾਣੂ ਹੈ। ਇਹ ਕੰਪਨੀਆ ਆਪਣੇ ਕਾਮਿਆਂ ਦਾ ਸ਼ੋਸ਼ਣ ਕਰਦੀਆਂ ਹਨ ਅਤੇ ਉਹਨਾਂ ਦੀਆਂ ਯੂਨੀਅਨਾ ਤੱਕ ਨਹੀਂ ਬਣਨ ਦਿੰਦੀਆਂ।



ਇਸ ਸੰਬੰਧੀ ਇਕ ਮਹੱਤਵਪੂਰਨ ਤੱਥ ਇਹ ਹੈ ਕਿ ਮੀਡੀਆ ਵੀ ਇਨ੍ਹਾਂ ਨਾਲ ਰਲ਼ਿਆ ਹੋਇਆ ਹੈ। ਮੀਡੀਆ ਦੁਆਰਾ ਵੀ ਸੈਟੇਨਿਲੀ ਕੱਪ ਦੀਆ ਖਬਰਾਂ ਨੂੰ ਹੀ ਕੇਂਦਰੀ ਮਹੱਤਤਾ ਦਿੱਤੀ ਜਾ ਰਹੀ ਹੈ ਜਦੋਂ ਕਿ ਕੇਂਦਰੀ ਮੁੱਦਿਆਂ ਨੂੰ ਦੂਜੈਲਾ ਸਥਾਨ ਦਿੱਤਾ ਜਾ ਰਿਹਾ ਹੈ। "ਇਹ ਸਰਮਾਏਦਾਰਾਂ ਵੱਲੋਂ ਦਿਖਾਈ ਜਾਂਦੀ ਸਰਕਸ ਆ। ਸਰਮਾਏਦਾਰੀ ਨਿਜ਼ਾਮ ਦਾ ਮੰਨਣਾ ਹੈ ਕਿ ਲੋਕਾਂ ਨੂੰ ਖਾਣ ਲਈ ਰੋਟੀ ਮਿਲਦੀ ਰਹੇ ਤੇ ਉਹ ਸਰਕਸ ਵਿਚ ਉਲਝੇ ਰਹਿਣ ਤਾਂ ਉਨ੍ਹਾਂ ਦੀ ਜਿਵੇਂ ਮਰਜ਼ੀ ਲੁੱਟ ਕਰੀ ਚੱਲੋ।" "ਕਨੱਕਸ ਦੀ ਟੀਮ ਗੇਮ ਕੰਟਰੋਲ ਨਹੀਂ ਕਰਦੀ ਸਗੋਂ ਤੈਨੂੰ ਕੰਟਰੋਲ ਕਰਦੀ ਹੈ। ਤੁਹਾਡੀਆਂ ਇਨ੍ਹਾਂ ਭਾਵਨਾਵਾਂ ਦਾ ਲਾਭ ਉਠਾ ਕੇ ਸਰਮਾਏਦਾਰ ਵਪਾਰ ਕਰਦੇ ਹਨ ਅਤੇ ਤੁਹਾਡੀਆਂ ਜੇਬਾਂ ਖਾਲੀ ਕਰਦੇ ਆ।" ਇਸ ਕਹਾਣੀ ਸੰਗ੍ਰਹਿ ਦੀ ਇਕ ਹੋਰ ਮਹੱਤਵਪੂਰਨ ਕਹਾਣੀ 'ਪਰਛਾਵੇਂ' ਬਹੁਪਰਤੀ ਅਤੇ ਬਹੁਪਾਸਾਰੀ ਆਯਾਮ ਸਿਰਜਣ ਵਾਲੀ ਕਹਾਣੀ ਹੈ। ਇਸ ਕਹਾਣੀ ਦਾ ਆਰੰਭ ਨੈਨਟਿੰਡੋ ਗੇਮ ਨਾਲ ਹੁੰਦਾ ਹੈ। ਕਹਾਣੀ ਦਾ ਪਹਿਲਾ ਵਾਕ ਹੀ ਬੜਾ ਮਹੱਤਵਪੂਰਨ ਹੈ। "ਚੀਜ਼ ਵਧੀਆ ਹੈ ਇਹ ਨੈਨਟਿੰਡੋ ਵੇਅ। ਕਿਸੇ ਹੋਰ ਦੀ ਲੋੜ ਹੀ ਨਹੀਂ। ਆਪੇ ਬੰਦਾ ਖੇਡੀ ਜਾਵੇ। ਮੈਂ ਹੁਣੇ ਸਚਿਨ ਦੀ ਮਾਂ ਨਾਲ ਟੈਨਿਸ ਖੇਡ ਕੇ ਹਟਿਆ ਹਾਂ। ਚਿੱਤ ਖੁਸ਼ ਹੋ ਗਿਆ। ਪਹਿਲਾਂ ਉਸ ਦੀ ਸੜੀ ਮਚੀ ਹੋਈ ਸ਼ਕਲ ਬਣਾਈ- ਹੁਣ ਵੀ ਟੈਨਿਸ ਖੇਡਦਿਆਂ ਬੜਾ ਭਜਾਇਆ ਉਸਨੂੰ।" ਇਸ ਤਰ੍ਹਾਂ ਸਮੁੱਚੀ ਕਹਾਣੀ ਦਾ ਬਿਰਤਾਂਤ ਮੈਂ ਪਾਤਰ ਦੀ ਮਾਨਸਿਕ ਤ੍ਰਾਸਦੀ ਨੂੰ ਅਗ੍ਰਭੂਮਿਤ ਕਰਦਾ ਹੈ। ਪਰਵਾਸੀ ਮਨੁੱਖ ਦੀ ਹੋਂਦ ਨਾਲ ਜੁੜੇ ਹੋਏ ਗੰਭੀਰ ਸੰਕਟਾਂ ਤੇ ਤ੍ਰਾਸਦੀਆਂ ਨੂੰ ਮੈਂ ਪਾਤਰ ਦੀ ਜੁਗਤ ਨਾਲ ਅਰਥਾਂ ਦੀ ਸਿਰਜਨਾ ਵਿਚ ਪਾਇਆ ਗਿਆ ਹੈ। ਮੈਂ ਪਾਤਰ ਦਾ ਵਿਹਾਰ ਬੜਾ ਮਾੜਾ ਹੈ। ਇਸ ਕਰਕੇ ਉਸ ਦਾ ਵਿਆਹ ਟੁੱਟ ਜਾਂਦਾ ਹੈ। ਫਿਰ ਉਹ ਦੂਸਰਾ ਵਿਆਹ ਕਰਵਾ ਲੈਂਦਾ ਹੈ, ਉਹ ਵੀ ਟੁੱਟ ਜਾਂਦਾ ਹੈ। ਮੈਂ ਪਾਤਰ ਮਾਨਸਿਕ ਦੁਬਿਧਾ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਸਭ ਕੁਝ ਦਾ ਕਥਾਰਸਿਸ ਕਰਨ ਲਈ ਮੈਂ ਪਾਤਰ ਇੰਟਰਨੈਟ ਦੀ ਵਰਤੋਂ ਕਰਦਾ ਹੈ, ਅਸਲ ਵਿਚ ਇਹ ਪਾਤਰ ਆਪਣੀ ਬੇਗਾਨਗੀ ਅਤੇ ਭਟਕਣ ਨੂੰ ਦੂਰ ਕਰਨ ਲਈ ਇੰਟਰਨੈੱਟ ਦੀ ਵਰਤੋਂ ਕਰਦਾ ਹੈ। ਪ੍ਰੰਤੂ ਇਹ ਮਸਨੂਈ ਹੈ। ਇਸ ਕਹਾਣੀ ਸੰਗ੍ਰਹਿ ਦੀ ਇਕ ਹੋਰ ਕਹਾਣੀ 'ਫੇਸਬੁੱਕ' ਹੈ। ਇਸ ਕਹਾਣੀ ਵਿਚ ਕਹਾਣੀਕਾਰ ਨੇ ਬਲਰਾਮ ਅਤੇ ਰੂਪ ਦੇ ਪਾਤਰਾਂ ਰਾਹੀਂ ਫੇਸਬੁੱਕ ਤੇ ਖੁਸ਼ੀ ਭਾਲਦੇ ਦੋ ਕਿਰਦਾਰਾਂ ਨੂੰ ਪੇਸ਼ ਕੀਤਾ ਹੈ। ਪ੍ਰੰਤੂ ਇਹ ਖੁਸ਼ੀ ਮਨਸੂਈ ਹੈ। ਬਲਰਾਮ ਟ੍ਰਕ ਚਲਾਉਂਦਾ ਹੈ। ਜਿਸ ਕਰਕੇ ਉਹ ਕਈ ਕਈ ਦਿਨ ਘਰ ਤੋਂ ਬਾਹਰ ਰਹਿੰਦਾ ਹੈ। ਉਸ ਦੀ ਪਤਨੀ ਰੂਪ ਫੇਸਬੁੱਕ ਤੇ ਆਪਣਾ ਅਕਾਉਂਟ ਬਣਾ ਕੇ ਦੋਸਤਾਂ ਦੁਆਰਾ ਮਿਲੇ ਕਮੈਂਟਾਂ ਤੋਂ ਖੁਸ਼ ਹੁੰਦੀ ਹੈ। ਇਸ ਤਰ੍ਹਾਂ ਇਹ ਪਾਤਰ ਫੇਸਬੁੱਕ ਤੇ ਖੁਸ਼ੀ ਭਾਲਦੇ ਹਨ ਕਿਉਂਕਿ ਇਹਨਾਂ ਦੀ ਜ਼ਿੰਦਗੀ ਵਿਚੋਂ ਖੁਸ਼ੀ ਗਾਇਬ ਹੈ। ਇਸ ਕਹਾਣੀ ਵਿਚ ਕਹਾਣੀਕਾਰ ਤਨਜ਼ੀਆ ਲਹਿਜ਼ੇ ਵਿਚ ਸੋਸ਼ਲ ਮੀਡੀਆ ਦੀ ਅਸਲੀਅਤ ਤੋਂ ਜਾਣੂ ਕਰਵਾਉਂਦਾ ਹੈ। 'ਕਵਿਤਾ ਦੇ ਆਰ ਪਾਰ' ਕਹਾਣੀ ਵਿਚ ਚਾਚਾ ਜੀ ਦੇ ਪਾਤਰ ਰਾਹੀਂ ਫੋਕੀਆਂ ਕਦਰਾਂ ਕੀਮਤਾਂ ਦੀ ਹਮਾਇਤ ਕਰਨ ਵਾਲੇ ਲੋਕਾਂ ਦੇ ਕਿਰਦਾਰ ਨੂੰ ਨੰਗਿਆਂ ਕੀਤਾ ਗਿਆ ਹੈ। ਇਸ ਤਰ੍ਹਾਂ ਦੇ ਲੋਕ ਦੋਹਰੀ ਜ਼ਿੰਦਗੀ ਜੀਉਂਦੇ ਹਨ। ਵਿਦੇਸ਼ਾਂ ਵਿਚ ਜਾ ਕੇ ਵੀ ਪੰਜਾਬੀ ਆਪਣੀ ਮਾਨਸਿਕਤਾ ਨੂੰ ਨਹੀਂ ਬਦਲਦੇ, ਉਹ ਇਹ ਚਾਹੁੰਦੇ ਹਨ ਕਿ ਉਹਨਾਂ ਦੇ ਬੱਚੇ ਆਪਣੀ ਮਰਜ਼ੀ ਨਾਲ ਵਿਆਹ ਕਰਵਾਉਣ। "ਇਥੋਂ ਦਾ ਪੰਜਾਬੀ ਸਮਾਜ ਵੀ ਜਲੰਧਰ-ਮੋਗੇ ਤੋਂ ਵਖਰਾ ਨਹੀਂ। ਪੇਰੈਂਟਸ ਇਥੇ ਵੀ ਧਰਮਾਂ-ਜਾਤਾਂ ਦੇ ਡਿਫਰੈਂਸ ਦੀ ਗਲ ਕਰਕੇ ਬੱਚਿਆਂ ਨੂੰ ਆਪਣੀ ਪਸੰਦ ਦਾ ਲਾਈਫ ਪਾਰਟਨਰ ਚੁਨਣ ਤੋਂ ਰੋਕਦੇ ਆ।" ਕਹਾਣੀ 'ਅਗਨੀ ਪ੍ਰੀਖਿਆ' ਵਿਚ ਲੇਖਕ ਇਹ ਵਿਚਾਰ ਪ੍ਰਗਟ ਕਰਦਾ ਹੈ ਕਿ ਹਰ ਦੌਰ ਵਿਚ ਅਗਨੀ ਪ੍ਰੀਖਿਆ ਔਰਤ ਨੂੰ ਹੀ ਦੇਣੀ ਪੈਂਦੀ ਹੈ। ਇਸ ਕਹਾਣੀ ਦੀ ਮੁੱਖ ਪਾਤਰ ਸੀਮਾ ਦਾ ਪਤੀ ਉਸ ਤੇ

ਸ਼ੱਕ ਕਰਦਾ ਹੈ। ਉਸ ਨੂੰ ਮਾਰਦਾ ਹੈ। ਇਕ ਦਿਨ ਉਸ ਦੇ ਪਤੀ ਦਾ ਐਕਸੀਡੈਂਟ ਹੋ ਜਾਂਦਾ ਹੈ ਅਤੇ ਉਹ ਕੌਮਾ ਵਿਚ ਚਲਾ ਜਾਂਦਾ ਹੈ। ਸੀਮਾ ਦੀ ਜ਼ਿੰਦਗੀ ਵਿਚ ਨਵਦੀਪ ਆਉਂਦਾ ਹੈ। ਪ੍ਰੰਤੂ ਸੀਮਾ ਫਿਰ ਵੀ ਆਪਣੇ ਕੌਮਾ ਵਿਚ ਪਏ ਪਤੀ ਨੂੰ ਛੱਡਦੀ ਨਹੀਂ। 'ਲਾਵਾ' ਕਹਾਣੀ ਵਿਚ ਜੌਰਜ ਅਤੇ ਵਾਡਾਂ ਦੇ ਪਾਤਰਾਂ ਰਾਹੀਂ ਅਮਰੀਕਾ ਦੇ ਰਾਸ਼ਟਰਪਤੀ ਬੁਸ਼ ਦੀ ਇਰਾਕ ਵਿਚ ਫੌਜਾਂ ਭੇਜਣ ਦੀ ਨੀਤੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਪਹਿਲੀ ਨਜ਼ਰੇ ਇਹ ਕਹਾਣੀ ਜੌਰਜ ਅਤੇ ਵਾਡਾਂ ਦੀ ਲਗਦੀ ਹੈ ਜਿਨ੍ਹਾਂ ਦੇ ਗੁਆਂਢ ਵਿਚ ਆ ਕੇ ਇੱਡ ਬੁਜ਼ਕੈਨ (ਉਹ ਥਾਂ, ਜਿਥੇ ਗੈਰ ਕਾਨੂੰਨੀ ਤੌਰ 'ਤੇ ਸ਼ਰਾਬ ਵਰਤਾਈ ਜਾਂਦੀ ਹੋਵੇ) ਖੋਲ੍ਹ ਲੈਂਦਾ ਹੈ। ਇਡ ਜੌਰਜ ਅਤੇ ਵਾਡਾ ਨੂੰ ਧਮਕੀ ਵੀ ਦਿੰਦਾ ਹੈ। ਜੌਰਜ ਨੂੰ ਇਡ ਬਿਲੁਕਲ ਜਾਰਜ ਬੁਸ਼ ਲਗਦਾ ਹੈ। ਜਿਸ ਨੇ ਕਿ ਇਰਾਕ ਤੇ ਹਮਲਾ ਕਰ ਦਿੱਤਾ ਸੀ। "ਅਮਰੀਕੀ ਰਾਸ਼ਟਰਪਤੀ ਜੌਰਜ ਡਬਇਊ ਬੁਸ਼ ਦੇ ਦਿਉ-ਕੱਦ ਕਾਰਟੂਨ ਤੇ ਆਪ ਮੁਹਾਰੇ ਹੀ ਮਾਉਸ ਅਟਕ ਗਿਆ। ਇਹ ਕਾਰਟੂਨ ਉਸ ਨੇ ਕਈ ਵਾਰ ਵੇਖਿਆ ਸੀ। ਭਲਵਾਨਾਂ ਵਾਲੇ ਤਰੀਕੇ ਨਾਲ ਆਪਣੇ ਸੱਜੇ ਡੌਲੇ ਦਾ ਪ੍ਰਦਰਸ਼ਨ ਕਰਦੇ ਬੁੱਸ਼ ਦੇ ਮੱਥੇ ਉਪਰ ਤਿਉੜੀ ਅਤੇ ਅੱਖਾਂ ਸਕੌੜੀਆਂ ਹੋਈਆਂ ਦਿਖਾਈਆਂ ਗਈਆਂ ਸਨ ਜਿਵੇਂ ਆਖ ਰਿਹਾ ਹੋਵੇ "ਹੈ ਕਿਸੇ 'ਚ ਹਿੰਮਤ ਆਢਾ ਲਾਉਣ ਦੀ।"

'ਮੈਂ ਕੋਈ ਧਰਤੀ ਹੇਠਲਾ ਬੌਲਦ ਨਹੀਂ' ਕਹਾਣੀ ਦਾ ਪਾਠ ਕਰਦਿਆਂ ਪਹਿਲਾਂ ਤਾਂ ਧਰਤੀ ਹੇਠਲਾ ਬੌਲਦ ਦੀ ਮਿੱਥ ਚੇਤੇ ਆਉਂਦੀ ਹੈ, ਬਾਅਦ ਵਿਚ ਕੁਲਵੰਤ ਸਿੰਘ ਵਿਰਕ ਦੁਆਰਾ ਲਿਖੀ ਗਈ ਕਹਾਣੀ 'ਧਰਤੀ ਹੇਠਲਾ ਬੌਲਦ'। ਇਸ ਤਰ੍ਹਾਂ ਇਹ ਕਹਾਣੀ ਆਪਣੇ ਤੋਂ ਪੂਰਵਲੀਆਂ ਪਰੰਪਰਾਵਾਂ ਨਾਲ ਸੰਵਾਦ ਰਚਾਉਂਦੀ ਹੈ। ਇਸ ਸੰਵਾਦ ਵਿਚੋਂ ਹੀ ਇਹ ਕਹਾਣੀ ਆਪਣੇ ਅਰਥ ਗ੍ਰਹਿਣ ਕਰਦੀ ਹੈ। ਇਸ ਕਹਾਣੀ ਵਿਚ ਮੈਂ ਪਾਤਰ ਪੁੱਤਰ ਦੀ ਮੌਤ ਸਹਾਰ ਨਹੀਂ ਸਕਦਾ। ਇਸ ਤਰ੍ਹਾਂ ਇਹ ਕਹਾਣੀ 'ਧਰਤੀ ਹੇਠਲਾ ਬੌਲਦ' ਕਹਾਣੀ ਦੇ ਸਮਵਿਥ ਇਕ ਨਵੀਂ ਟੈਕਸਟ ਦਾ ਨਿਰਮਾਣ ਕਰਦੀ ਹੈ। 'ਤੂੰ ਹੀ ਬੋਲ' ਕਹਾਣੀ ਵਿਚ ਲੇਖਕ ਨੇ ਵਿਚਾਰ ਪ੍ਰਗਟ ਕੀਤਾ ਹੈ ਕਿ ਕਿਸ ਤਰ੍ਹਾਂ ਪਰਵਾਸੀ ਆਪਣੇ ਬੱਚਿਆਂ ਦਾ ਵਿਆਹ ਆਪਣੀ ਮਰਜ਼ੀ ਨਾਲ ਕਰਨਾ ਚਾਹੁੰਦੇ ਹਨ। ਪ੍ਰੰਤੂ, ਕੈਨੇਡਾ ਵਰਗੇ ਦੇਸ਼ ਵਿਚ ਜੰਮੇ ਪਲੇ ਬੱਚੇ ਆਪਣੇ ਹੱਕਾਂ ਤੋਂ ਪੂਰੀ ਤਰ੍ਹਾਂ ਜਾਣੂ ਹਨ। ਉਹ ਆਪਣੀ ਮਰਜੀ ਨਾਲ ਵਿਆਹ ਕਰਵਾਉਣਾ ਚਾਹੁੰਦੇ ਹਨ। ਇਸ ਕਹਾਣੀ ਵਿਚ ਜੀਤ ਮਾਮੇ ਦਾ ਕਿਰਦਾਰ ਉਹਨਾਂ ਪਰਵਾਸੀਆਂ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਕੈਨੇਡਾ ਵਰਗੇ ਦੇਸ਼ ਵਿਚ ਆ ਕੇ ਸਮੇਂ ਦੇ ਨਾਲ ਆਪਣੇ ਵਿਚਾਰਾਂ ਵਿਚ ਤਬਦੀਲੀ ਲੈ ਕੇ ਆਉਂਦੇ ਹਨ। ਜੀਤ ਮਾਮੇ ਦੀਆਂ ਦੋਵੇਂ ਕੁੜੀਆ ਡਾਕਟਰ ਹਨ ਅਤੇ ਆਪਣੀ ਮਰਜ਼ੀ ਨਾਲ ਵਿਆਹ ਕਰਵਾਉਂਦੀਆਂ ਹਨ। ਪ੍ਰੰਤੂ ਦੂਜੇ ਪਾਸੇ ਇਕ ਪੰਜਾਬੀ ਅਣਖ ਦੀ ਖਾਤਰ ਆਪਣੀ ਧੀ ਦਾ ਕਤਲ ਕਰ ਦਿੰਦਾ ਹੈ। ਕਹਾਣੀ ਦਾ ਮੁੱਖ ਪਾਤਰ ਤਰਸੇਮ ਦੁਚਿੱਤੀ ਵਿਚ ਹੈ। ਵਿਡੰਬਨਾ ਇਹ ਹੈ ਕਿ ਉਹ ਨਾ ਤਾਂ ਜੀਤ ਮਾਮੇ ਵਰਗਾ ਬਣ ਸਕਦਾ ਹੈ ਅਤੇ ਨਾ ਹੀ ਆਪਣੀਆਂ ਜਗੀਰਦਾਰੀ ਕਦਰਾਂ ਕੀਮਤਾਂ ਨੂੰ ਛੱਡ ਸਕਦਾ ਹੈ। ਇਸ ਤਰ੍ਹਾਂ ਉਸ ਦੀ ਸਥਿਤੀ ਤ੍ਰਿਸ਼ੰਕੂ ਵਰਗੀ ਹੈ।

**ਦੇਖੋ ਬਾਕੀ ਪੰਨਾ ਨੰ. 159 'ਤੇ**







**ਸੰਗਮ ਪਬਲੀਕੇਸ਼ਨਜ਼, ਪਟਿਆਲਾ**
ਐੱਸ. ਸੀ. ਓ. 94-95 (ਬੇਸਮੈਂਟ)
ਨਿਊ ਲੀਲਾ ਭਵਨ, ਪਟਿਆਲਾ-147001
ਫੋਨ ਨੰਬਰ : 0175-2305347, 99151-03490, 98152-43917
**Email :** sangam541@gmail.com
Web: www.sangampublications.com